

ਜੰਮੂ ਕਸ਼ਮੀਰ ਦੇ ਸਿੱਖਾਂ ਦਾ ਸ਼ਹੀਦੀ ਸਫ਼ਰ
1700 ਈ. ਤੋਂ 2001.....
ਸਫ਼ਰ-ਏ-ਸ਼ਹਾਦਤ
ਮਨਮੋਹਨ ਸਿੰਘ ਜੰਮੂ

ਸਫ਼ਰ-ਏ- ਸ਼ਹਾਦਤ

Safar-E-Shadat

Manmohan Singh Jammu (NIHANG)

Digiana National Highway, Jammu (J& K

ਲੇਖਕ : ਮਨਮੋਹਨ ਸਿੰਘ ਜੰਮੂ (ਨਿਹੰਗ)

ਨੇੜੇ ਸੰਤ ਮੇਲਾ ਸਿੰਘ ਟੈਕਨੀਕਲ ਆਸ਼ਰਮ, ਡਿਗਿਆਨਾ ਨੈਸ਼ਨਲ ਹਾਈਵੇ

ਡਾਕ : ਗੰਗਿਆਲ, ਜੰਮੂ (ਜੰਮੂ-ਕਸ਼ਮੀਰ)-180010

094196-46176 (ਮੋਬਾਇਲ), 099062-50551 (ਘਰ)

Email : smsjammu78@yahoo.in.

ਵਿਸ਼ੇਸ਼ ਧੰਨਵਾਦ- ਅਕਾਲ ਪੁਰਖ

ਪ੍ਰਕਾਸ਼ਕ - ਨਾਨਕਸ਼ਾਹੀ ਪਬਲੀਕੇਸ਼ਨ (ਜੰਮੂ-ਕਸ਼ਮੀਰ)

ਪਹਿਲੀ ਵਾਰ - ਜੁਲਾਈ 2009

ਜੰਮੂ-ਕਸ਼ਮੀਰ 'ਚ ਮਿਲਣ ਦਾ ਪਤਾ

ਸ਼ਾਨ-ਏ-ਖ਼ਾਲਸਾ ਦਸਤਾਰ ਹਾਊਸ

ਡਿਗਿਆਨਾ, ਜੰਮੂ

ਭੇਟਾ 250/-

ਜੋ ਆਖਿਆਂ ਤੂੰ – 9
ਕਸ਼ਮੀ ਸਫਰ – 10
[illegible] – 12
[illegible] – 13

ਤਤਕਰਾ

ਧੰਨਵਾਦ – 14

1. ਕਸ਼ਮੀਰ ਦੇ ਹਾਕਮ, ਅਵਾਮ ਅਤੇ ਸਿੱਖ – 17
2. ਰਿਆਸਤ ਅੰਦਰ ਸਿੱਖੀ ਦਾ ਅਗਾਜ਼ – 23
3. ਗੁਰੂ ਕਾਲ ਦੇ ਸ਼ਹੀਦ : – 31
   * ਭਾਈ ਰਾਮ ਸਿੰਘ – 31
   * ਭਾਈ ਜਵੰਦ ਸਿੰਘ – 32
   * ਭਾਈ ਮਾਹੀ ਸਿੰਘ – 32
   * ਭਾਈ ਦਰਗਾਹੀ ਸਿੰਘ – 32
   * ਭਾਈ ਇੰਦਰ ਸਿੰਘ – 32
   * ਭਾਈ ਭੀਮ ਸਿੰਘ – 32
   * ਭਾਈ ਮਹਿਰ ਸਿੰਘ – 32
   * ਮੀਤ ਸਿੰਘ
   * ਭਾਈ ਕੁਸ਼ਾਲ ਸਿੰਘ – 34
4. ਬਾਬਾ ਗੁਰਬਖਸ਼ ਸਿੰਘ ਉਰਫ਼ ਬੰਦਾ ਸਿੰਘ ਬਹਾਦਰ। – 36
5. ਕਤਲੇਆਮ 1947 ਜੰਮੂ ਕਸ਼ਮੀਰ। – 45
6. ਸ਼ਹੀਦ ਕਪੂਰ ਸਿੰਘ ਜਥੇਦਾਰ – 54
7. ਸ਼ਹੀਦ ਦੇਵਾ ਸਿੰਘ – 67
8. ਸ਼ਹੀਦ ਘਨੱਈਆ ਸਿੰਘ – 70
9. ਜੰਮੂ ਦੀ ਖਾੜਕੂ ਲਹਿਰ, ਇਕ ਨਜ਼ਰ। – 77
10. ਜੂਨ 1984 ਸ਼ਹੀਦੀ ਸਾਕਾ ਕਸ਼ਮੀਰ – 84
11. ਨਵੰਬਰ 1984 ਸ਼ਹੀਦੀ ਸਾਕਾ ਰਿਆਸੀ (ਜੰਮੂ) – 89
12. ਜ਼ਿੰਦਾ ਸ਼ਹੀਦ ਹਾਈਜੈਕਰ ਜੰਮੂ। – 93
13. 13 ਜਨਵਰੀ 1989 ਸ਼ਹੀਦੀ ਸਾਕਾ। – 100
14. ਸ. ਅਵਤਾਰ ਸਿੰਘ ਖਾਲਸਾ – 106
15. ਸ. ਗੁਰਦੀਪ ਸਿੰਘ ਨਿਪਾਲੀ – 115
16. ਮਾਸਟਰ ਅਮਰਪਾਲ ਸਿੰਘ। – 120
17. ਡਾ. ਜਸਵੀਰ ਸਿੰਘ। – 131
18. ਭੁਪਿੰਦਰ ਸਿੰਘ ਘੁੱਗੀ। – 125
19. ਮਹਿੰਦਰ ਸਿੰਘ ਫੰਦੀ – 135
20. ਅਵਿਨਾਸ਼ ਸਿੰਘ ਬਿੱਟੂ – 138

21. ਗੁਰਮੇਲ ਸਿੰਘ — 141
22. ਮਹਿੰਦਰ ਸਿੰਘ ਖ਼ਾਲਸਾ — 145
23. ਰਣਜੀਤ ਸਿੰਘ ਬੱਬਲੀ — 149
24. ਗੁਰਬਚਨ ਸਿੰਘ ਡੀ.ਸੀ. — 151
25. ਚਰਨਜੀਤ ਸਿੰਘ ਅਜ਼ਾਦ
26. ਰਾਜਿੰਦਰ ਸਿੰਘ — 153
27. ਸਰਬਜੀਤ ਸਿੰਘ ਸਾਭੀ, — 156
28. ਇੰਦਰਜੀਤ ਸਿੰਘ (ਗੁਮਨਾਮ) — 157
29. ਚਰਨਜੀਤ ਸਿੰਘ (ਗੁਮਨਾਮ)
30. ਪ੍ਰੀਤਮ ਸਿੰਘ (ਗੁਮਨਾਮ)
31. ਅੰਮ੍ਰਿਤਪਾਲ ਸਿੰਘ (ਰੋਮੀ) — 164
32. ਕੁਲਵੀਰ ਸਿੰਘ ਫੌਜੀ — 159
33. ਹਰਪਾਲ ਸਿੰਘ ਜੱਬਲਪੁਰੀਆ — 161
34. ਜਗਜੀਤ ਸਿੰਘ ਬੱਬਰ, — 167
35. ਮਨਜੀਤ ਸਿੰਘ ਬੱਬਰ, — 170
36. ਦਰਸ਼ਨ ਸਿੰਘ ਸਿੰਘੀ — 172
37. ਮਹਿੰਦਰ ਸਿੰਘ ਪੱਪੀ — 174
38. ਸਤਨਾਮ ਸਿੰਘ (ਐਡਵੋਕੇਟ) — 178
39. ਜਸਵੰਤ ਸਿੰਘ (1984) — 181
40. ਰਣਜੀਤ ਸਿੰਘ (ਚੱਕੀਵਾਲਾ) — 185
41. ਅਜੀਤ ਸਿੰਘ ਨਿਪਾਲੀ। — 187
42. ਗੁਰਚਰਨ ਸਿੰਘ ਬਾਰੂ,
43. ਪਰਵਿੰਦਰ ਸਿੰਘ ਹੈਪੀ, — 192, ਭਾਈ ਪਰਵਿੰਦਰ ਸਿੰਘ — 194
44. ਇੰਦਰਜੀਤ ਸਿੰਘ (1984) — 196
45. ਸੁਰਜੀਤ ਸਿੰਘ ਮਿੰਟਾ, — 201
46. ਜਗਜੀਤ ਸਿੰਘ ਜੱਗੀ। — 243
47. ਗੁਰਮੇਜ਼ ਸਿੰਘ ਗੇਜ਼ਾ, — 205
48. ਹਰਭਜਨ ਸਿੰਘ ਫੱਤੋਵਾਲ। — 210
49. ਧਰਮਵੀਰ ਸਿੰਘ (ਐਡਵੋਕੇਟ) — 212
50. ਚਿੱਠੀ ਸਿੰਘਪੁਰਾ ਕਤਲ ਕਾਂਡ (ਕਸ਼ਮੀਰ) — 222
51. ਝੂਠੇ ਪੁਲਿਸ ਮੁਕਾਬਲੇ ਜੰਮੂ — 217
52. ਸਿੱਖ ਪੁਲਿਸ ਤੇ ਫੌਜੀਆਂ ਨਾਲ ਹੋਈ ਨਾ ਇਨਸਾਫ਼ੀ। — 236
ਫੌਜੀਆਂ ਵਲੋਂ ਹੋਏ ਨੁਕਸਾਨ ਦੀ ਗਾਥਾ — 231

ਅਜ਼ਾਦ ਹੋਣ ਦੇ ਗੁਲਾਮ — 236
ਲੇਖਕ ਬਾਰੇ — 245
ਗੁਨਾਹ ਸਾਡਾ — 247

ਬਾਕੀ ਅਗਲੇ ਅੰਕ ਵਿਚ

ਨਿੱਕੀ ਉਮਰ ਵੱਡੀ ਸਫ਼ਲਤਾ

ਇਤਿਹਾਸ ਸਿਰਜਣਾ ਅਤੇ ਇਤਿਹਾਸ ਨੂੰ ਉਸ ਦੇ ਸਚੇ-ਸੁਚੇ ਰੂਪ ਵਿਚ ਸਾਂਭਣਾ ਦੋਵੇਂ ਜ਼ੋਖਮ ਭਰੇ ਕੰਮ ਹਨ ਅਤੇ ਇਸ ਕੰਮ ਲਈ ਬੜੇ ਸਿਰੜ ਅਤੇ ਪਕੇਰੇ ਜੇਰੇ ਦੀ ਲੋੜ ਸੀ। ਵਸੀਲਿਆਂ ਪੱਖੋਂ ਸੱਖਣੇ ਮਨਮੋਹਨ ਸਿੰਘ ਨੇ ਜ਼ੋਖਮ ਭਰੇ ਹੀਲਿਆਂ ਰਾਹੀਂ ਇਤਿਹਾਸ ਦਾ ਉਹ ਸਚ ਸਾਹਮਣੇ ਲਿਆਉਣ ਦਾ ਸਫ਼ਲ ਉਪਰਾਲਾ ਕੀਤਾ ਹੈ ਜੋ ਸ਼ਾਇਦ ਕੁਝ ਸਮਾਂ ਪਾ ਕੇ ਸਮੇਂ ਦੀ ਧੂੜ ਦੀਆਂ ਤੈਹਾਂ ਥਲੇ ਦਬ ਜਾਣਾ ਸੀ। ਇਸ ਗਲ ਦਾ ਮਲਾਲ ਤਾਂ ਹੈ ਕਿ ਪੰਜਾਬ ਦੀ ਧਰਤੀ ਤੇ ਬੈਠੇ ਲਿਖਾਰੀਆਂ ਵੱਲੋਂ ਭਾਵੇਂ ਇਤਿਹਾਸ ਵਿਚ ਜਾਣੇ-ਅਣਜਾਨੇ ਜੰਮੂ ਕਸ਼ਮੀਰ ਸਮੇਤ ਪੰਜਾਬ ਤੋਂ ਬਾਹਰ ਦੇ ਸਿੱਖਾਂ ਵਲੋਂ ਕੌਮੀ ਘਰ ਜਾਂ ਸੰਘਰਸ਼ ਵਿਚ ਪਾਏ ਗਏ ਯੋਗਦਾਨ ਨੂੰ ਸਹੀ ਸਥਾਨ ਨਹੀਂ ਮਿਲ ਸਕਿਆ। ਸ਼ਾਇਦ ਇੰਨੀ ਤੇਜ਼ ਗਤੀ ਨਾਲ ਵਾਪਰਦੀਆਂ ਘਟਨਾਵਾਂ ਨੇ ਸੈਲਾਬ ਵਿਚ ਤਬਾਹੀ ਦੇ ਬਹੁਤ ਸਾਰੇ ਮੰਜਰ ਅਖਾਂ ਸਾਹਮਣੇ ਆਉਣ ਤੋਂ ਰਹਿ ਗਏ ਹੁੰਦੇ ਜੇ ਇਨ੍ਹਾਂ ਨੂੰ ਇਸ ਨੌਜਵਾਨ ਨੇ ਕਲਮਬੰਦ ਕਰਨ ਦਾ ਸਫ਼ਲ ਯਤਨ ਨਾ ਕੀਤਾ ਹੁੰਦਾ।

ਪਹਿਲੀ ਵਾਰ ਜਦੋਂ ਮੈਨੂੰ ਮਨਮੋਹਨ ਦਾ ਆਰਟੀਕਲ ਪੜ੍ਹਨ ਨੂੰ ਮਿਲਿਆ ਜਜ਼ਬਾਤੀ ਰੰਗ ਅਤੇ ਕਾਫ਼ੀ ਸਾਰੀਆਂ ਪਰੂਫ ਦੀਆਂ ਗਲਤੀਆਂ ਸਨ ਪਰ ਲੇਖ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਇਸ ਮਨਮੋਹਨ ਸਿੰਘ ਦੇ ਧੁਰ ਅੰਦਰ ਕਿਤੇ ਕੋਈ ਦੂਜਾ ਮਨਮੋਹਨ ਲੁਕਿਆ ਬੈਠਾ ਹੈ। ਜੋ ਬਾਬਾ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਚਾਨਣ ਵਿਚ ਇਸ ਸਾਰੇ ਦੁਨਿਆਵੀ ਵਰਤਾਰੇ ਨੂੰ ਵੇਖਣ ਦੀ ਸਮਰੱਥਾ ਰੱਖਦਾ ਹੈ। ਥੋੜੇ ਜਿਹੇ ਸਮੇਂ ਵਿਚ ਹੀ ਉਸ ਦੀ ਛਬ੍ਹ ਮੈਨੂੰ ਬਦਲਦੀ ਨਜ਼ਰ ਆਈ।

'ਮੀਡੀਆ ਅਤੇ ਏਜੰਸੀਆਂ ਵੱਲੋਂ ਜਿਸ ਮਨਮੋਹਨ ਸਿੰਘ ਨੂੰ ਖਾੜਕੂ ਵਜੋਂ ਪ੍ਰਚਾਰਿਆ ਜਾ ਰਿਹਾ ਸੀ, ਅਸਲ ਵਿਚ ਉਹ ਮਨਮੋਹਨ ਸਿੰਘ ਮਨੁੱਖਤਾ ਨੂੰ ਕਲਾਵੇ ਵਿਚ ਭਰਨ ਦੀ ਉਮੰਗ ਨਾਲ ਭਰਿਆ ਪਿਆ ਹੈ। ਜ਼ਿੰਦਗੀ ਦੇ ਬੇਹਤਰੀਨ ਅਤੇ ਉਸੀਨਤਰ ਹਿਸੇ ਨੂੰ ਕੌਮੀ ਸੰਘਰਸ਼ ਲਈ ਕੁਰਬਾਨ ਕਰ ਚੁੱਕਿਆ ਮਨਮੋਹਨ ਨਿਰਾਸ਼ ਤਾਂ ਨਹੀਂ, ਪਰ ਚਿੰਤਤ ਜ਼ਰੂਰ ਹੈ।'

ਧਰਮਯੁੱਧ ਦੇ ਨਾਂ ਤੇ ਕੁਰਸੀ ਯੁੱਧ ਲੜਨ ਵਾਲਿਆਂ ਨੇ ਬਾਬਾ ਜਰਨੈਲ ਸਿੰਘ ਜੀ ਵੱਲੋਂ ਤਿਆਰ ਕੀਤੀ ਲੋਕ ਲਹਿਰ ਨੂੰ ਸਮੇਂ ਦੀ ਹਕੂਮਤ ਨਾਲ ਸੌਦੇਬਾਜ਼ੀਆਂ ਰਾਹੀਂ ਨੇਸਤੋ ਨਾਬੂਦ ਕਰ ਦਿੱਤਾ ਅਤੇ ਇਸ ਲਹਿਰ ਦੇ ਬਾਨੀ ਦ੍ਰਿੜ੍ਹ ਸੰਕਲਪ ਅਤੇ ਸਮਰਪਿਤ ਆਗੂ ਤੋਂ ਵੀ ਕੌਮ ਨੂੰ ਵੰਚਿਤ ਕਰ ਦਿੱਤਾ। ਇਸ ਲਹਿਰ ਵਿਚ ਸਾਮਲ ਮੁਫ਼ਾਦਪ੍ਰਸਤ

ਲੋਕਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨਾਂ ਨੂੰ ਆਪਣੇ ਨਿੱਜੀ ਹਿੱਤਾਂ ਕਾਰਣ ਬਲੀ ਦੇ ਬਕਰੇ ਬਣਾਉਂਦੇ ਹੋਏ ਸ਼ਹੀਦ ਕਰਵਾ ਦਿੱਤਾ ਗਿਆ, ਜਿਨ੍ਹਾਂ 'ਚੋਂ ਇਕ ਜ਼ਿੰਦਾ ਸ਼ਹੀਦ ਮਨਮੋਹਨ ਸਿੰਘ ਜੰਮੂ ਲਈ ਚੰਗੀ ਗੱਲ ਇਹ ਹੈ ਕਿ ਉਹ ਇਸ ਸੰਘਰਸ਼ ਵਿਚਲੀਆਂ ਖ਼ਾਮੀਆਂ ਅਤੇ ਕਾਗ਼ਜ਼ੀ ਖਾੜਕੂਆਂ ਤੋਂ ਪੂਰੀ ਤਰ੍ਹਾਂ ਵਾਕਫ਼ ਹੋ ਨਿਬੜਿਆ ਹੈ। ਜਿਸ ਨੇ ਇਸ ਨੂੰ ਆਪਣਾ ਰਸਤਾ ਚੁਣਨ ਵਿਚ ਚੋਖੀ ਮਦਦ ਅਤੇ ਉਸ ਨੂੰ ਸਰਬੱਤ ਦੇ ਭਲੇ ਦੇ ਸਿਧਾਂਤ ਉਤੇ ਹੋਰ ਵੀ ਦ੍ਰਿੜਤਾ ਨਾਲ ਟੁਰਨ ਦਾ ਹਲੂਣਾ ਦਿੱਤਾ ਹੈ।

ਮਨਮੋਹਨ ਨੇ ਇਸ ਦੌਰਾਨ ਬਹੁਤ ਸਾਰੇ ਜਿਊਂਦੇ ਜਾਗਦੇ ਨੌਜਵਾਨਾਂ ਨੂੰ ਸਿਵਿਆਂ ਦਾ ਰੂਪ ਧਾਰਦੇ ਵੇਖਿਆ ਹੈ। ਜਿਨ੍ਹਾਂ ਵਿਚ ਜੰਮੂ-ਕਸ਼ਮੀਰ ਦੇ ਨੌਜਵਾਨ ਵੀ ਸ਼ਾਮਲ ਹਨ। ਮਨਮੋਹਨ ਨੇ ਬੜੀ ਮਿਹਨਤ ਦੌੜ ਅਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ ਸਾਰਿਆਂ ਦਾ ਵੇਰਵਾ ਇਕੱਠਾ ਕੀਤਾ ਅਤੇ ਕੌਮੀ ਸੰਘਰਸ਼ ਵਿਚ ਉਨ੍ਹਾਂ ਵਲੋਂ ਪਾਏ ਗਏ ਯੋਗਦਾਨ ਸਮੇਤ ਉਨ੍ਹਾਂ ਦੀਆਂ ਊਣਤਾਈਆਂ ਦਾ ਵੀ ਜ਼ਿਕਰ ਕਰਦੇ ਹੋਏ ਇਤਿਹਾਸ ਦੇ ਪੰਨਿਆਂ ਵਿਚ ਸੁਨਿਸ਼ਚਿਤ ਕਰਨ ਦਾ ਉਪਰਾਲਾ ਕੀਤਾ ਹੈ, ਜਿਸ ਲਈ, ਮਨਮੋਹਨ ਵਧਾਈ ਦਾ ਪਾਤਰ ਹੈ ਅਤੇ ਇਸ ਵੱਡੀ ਸਫ਼ਲਤਾ ਲਈ ਮਨਮੋਹਨ ਸਿੰਘ ਦਾ ਨਾਂ ਆਉਂਦੀਆਂ ਨਸਲਾਂ ਦੇ ਦਿਲਾਂ ਵਿਚ ਸੁਰੱਖਿਅਤ ਰਹੇਗਾ।

ਪ੍ਰਿ. ਨਰਿੰਦਰ ਸਿੰਘ

ਦੋ ਸ਼ਬਦ

ਸਿੱਖ ਕੌਮ ਦੀ ਬਹਾਦਰੀ ਦਾ ਲੋਹਾ ਤਾਂ ਇਸ ਦੇ ਵਿਰੋਧੀਆਂ ਨੇ ਵੀ ਪੂਰੀ ਤਰ੍ਹਾਂ ਨਾਲ ਮੰਨਿਆ ਹੈ ਅਤੇ ਸਿੱਖ ਕੌਮ ਹਮੇਸ਼ਾ ਇਤਿਹਾਸ ਰਚਦੀ ਰਹੀ ਹੈ। ਪਰ ਇਤਿਹਾਸ ਦੇ ਸਾਂਭਣ ਵਾਲੇ ਪਾਸੇ ਇਸ ਦੀ ਪਹੁੰਚ ਇਕ ਪਾਸੜ ਜਿਹੀ ਰਹੀ ਹੈ। ਸਾਡੇ ਸਮੇਂ ਦੀ ਖੁਸ਼ਕਿਸਮਤੀ ਹੈ ਕਿ ਸਾਡੇ ਵਿਚਕਾਰ ਬੈਠੇ ਇਕ ਖੋਜੀ ਪੱਤਰਕਾਰ ਵੀਰ ਮਨਮੋਹਨ ਸਿੰਘ ਨੇ ਸਖ਼ਤ ਮਿਹਨਤ ਸਦਕਾ ਜੰਮੂ ਕਸ਼ਮੀਰ ਦੇ ਸ਼ਹੀਦਾਂ ਨੂੰ ਅਤੀਤ ਦੀ ਗੁੰਮਨਾਮ ਕਾਲ ਕੋਠੜੀ 'ਚੋਂ ਕੱਢਕੇ ਸਾਡੇ ਸਾਹਮਣੇ ਲਿਆਂਦਾ ਹੈ।

ਅਮਨਜੀਤ ਸਿੰਘ ਅਮਨ, ਸੰਪਾਦਕ ਸ਼ਮਸ਼ੀਰ (ਜੰਮੂ-ਕਸ਼ਮੀਰ)

ਗੁਰਦੀਪ ਸਿੰਘ ਲਵਲੀ, ਦਸ਼ਮੇਸ਼ ਯੂਥ ਆਰਗੇਨਾਈਜੇਸ਼ਨ (ਜੰਮੂ-ਕਸ਼ਮੀਰ)

ਜੰਮੂ-ਕਸ਼ਮੀਰ ਦੇ ਅਣਗੌਲੇ ਸ਼ਹੀਦੀ ਇਤਿਹਾਸ ਤੋਂ ਦੇਸ਼-ਵਿਦੇਸ਼ ਤਕ ਦੀ ਸਿੱਖ ਸੰਗਤ ਨੂੰ ਵਾਕਫ਼ ਕਰਵਾ ਕੇ ਸਾਡੇ ਵੀਰ ਮਨਮੋਹਨ ਸਿੰਘ ਨੇ ਸਾਡਾ ਮਾਣ ਵਧਾਇਆ ਹੈ। ਮਨਮੋਹਨ ਸਿੰਘ ਨੇ ਜੋ ਲਿਖਿਆ ਉਸ ਨੂੰ ਸੀਨੇ ਤੇ ਵੀ ਹੰਢਾਇਆ ਹੈ। ਇਕ ਵਾਰੀ ਤਾਂ ਮੇਰੇ ਮੌਕੇ ਤੇ ਪੁੱਜ ਜਾਣ ਕਰਕੇ ਮਨਮੋਹਨ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਹੋਣ ਤੋਂ ਬਚ ਗਿਆ। ਫਿਰ ਵੀ ਉਹ ਆਪਣੇ ਇਸ ਕਿਤਾਬ ਦੇ ਮਿਸ਼ਨ 'ਚ ਲਗਿਆ ਰਿਹਾ ਅਤੇ ਇਸ ਦੌਰਾਨ ਮਨਮੋਹਨ ਸਿੰਘ ਦਾ ਮੋਟਰ ਸਾਈਕਲ ਚੋਰੀ ਕੀਤਾ ਗਿਆ, ਫਿਰ ਉਸ ਦੀ ਪਗੜੀਆਂ ਦੀ ਦੁਕਾਨ ਲੁੱਟ ਲਈ ਗਈ ਪਰ ਮਨਮੋਹਨ ਸਿੰਘ ਸਰੀਰਕ, ਮਾਨਸਿਕ, ਰਾਜਨੀਤਿਕ, ਆਰਥਿਕ ਹਮਲਿਆਂ ਨੂੰ ਸੀਨੇ ਤੇ ਜਰਦੇ ਹੋਏ ਆਪਣੇ ਮਕਸਦ ਤੋਂ ਮੁਖ ਨਹੀਂ ਮੋੜਿਆਂ ਤੇ ਅਜ ਉਸ ਦਾ ਇਕ ਮਕਸਦ ਪੂਰਾ ਹੋਇਆ ਹੈ।

ਕੁਲਦੀਪ ਸਿੰਘ (ਕਨਵੀਨਰ)

ਯੂਨਾਈਟਿਡ ਸਿਖ ਕੌਂਸਲ ਜੰਮੂ-ਕਸ਼ਮੀਰ

ਸਾਡੇ ਅਜੀਜ਼ ਮਨਮੋਹਨ ਸਿੰਘ (ਨਿਹੰਗ) ਨੇ ਕੌਮੀ ਸੰਘਰਸ਼ ਵਿਚ ਸ਼ਹੀਦ ਹੋਏ ਰਿਆਸਤ-ਏ-ਜੰਮੂ ਕਸ਼ਮੀਰ ਦੇ ਸਿੱਖਾਂ ਵੱਲੋਂ ਪਾਏ ਯੋਗਦਾਨ ਨੂੰ ਸਫ਼ਰ-ਏ-ਸ਼ਹਾਦਤ ਰਾਹੀਂ ਪੇਸ਼ ਕੀਤਾ ਹੈ। ਇਤਿਹਾਸ ਲਿਖਣ ਵੇਲੇ ਕਮੀਆਂ ਰਹਿ ਜਾਣੀਆਂ ਵੱਡੀ ਗੱਲ ਨਹੀਂ, ਪਰ ਤਵਾਰੀਖ ਨੂੰ ਕਲਮਬੰਦ ਕਰਨਾ ਅਤੇ ਨਿਰਪੱਖ ਤੇ ਨਿਧੜਕ ਲਿਖਣਾ ਬਹੁਤ ਵੱਡੀ ਗੱਲ ਹੈ। ਅਸੀਂ ਜੰਮੂ-ਕਸ਼ਮੀਰ ਦੀ ਇਸ ਪਹਿਲੀ ਸ਼ਹੀਦੀ ਡਾਇਰੈਕਟਰੀ (1700 ਤੋਂ 2000) ਅਤੇ ਮਨਮੋਹਨ ਸਿੰਘ ਦੀ ਪਹਿਲੀ ਕਿਤਾਬ ਨੂੰ ਜੀ ਆਇਆਂ ਆਖਦੇ ਹਾਂ।

ਨਿਰਮਲ ਸਿੰਘ, ਨਿੰਮਾਂ, ਅੰਮ੍ਰਿਤਸਰ।

ਇਕ ਇਤਿਹਾਸਕ ਦਸਤਾਵੇਜ਼

ਵੀਹਵੀਂ ਸਦੀਂ ਦੇ ਅੰਤਲੇ ਦਹਾਕਿਆਂ 'ਚ ਪੰਜ ਦਰਿਆਵਾਂ ਦੀ ਧਰਤੀ ਉਪਰ ਗੁਲਾਮੀ ਦਾ ਜੂਲਾ ਸਿਰੋ ਲਾਉਣ ਲਈ ਆਜ਼ਾਦੀ ਦੇ ਮਤਵਾਲਿਆਂ ਨੇ ਜਿਸ ਤਰ੍ਹਾਂ ਆਪਣੀਆਂ ਅਣਗਿਣਤ ਸ਼ਹਾਦਤਾਂ ਦਿੱਤੀਆਂ । ਉਸ ਦਾ ਅਸਰ ਨਾਲ ਲਗਦੇ ਸੂਬੇ ਜੰਮੂ ਕਸ਼ਮੀਰ ਵਿਚ ਵੀ ਦੇਖਣ ਨੂੰ ਮਿਲਿਆ । ਜਿਸ ਦੇ ਚਲਦੇ ਜੰਮੂ ਕਸ਼ਮੀਰ ਦੇ ਨੌਜਵਾਨਾਂ ਨੇ ਆਪਣੇ ਆਜ਼ਾਦ ਘਰ ਦੀ ਤਲਾਸ਼ 'ਚ ਯੋਗਦਾਨ ਦੇਂਦੇ ਹੋਏ ਆਪਣੇ ਘਰ ਦੀ ਨੀਹ 'ਚ ਸਿਰ ਦੇ ਕੇ ਮਜ਼ਬੂਤੀ ਪ੍ਰਦਾਨ ਕੀਤੀ ਵੀਰ ਮਨਮੋਹਨ ਸਿੰਘ ਨੇ ਜਿਸ ਤਨਦੇਹੀ ਨਾਲ ਰਿਆਸਤ ਜੰਮੂ ਕਸ਼ਮੀਰ ਨਾਲ ਸਬੰਧਤ ਸ਼ਹੀਦ ਹੋਏ ਇੰਕਲਾਬੀ ਸਿੱਖ ਨੌਜਵਾਨਾਂ ਦੀ ਜੀਵਨੀ ਦੇ ਨਾਲ ਨਾਲ ਜੰਮੂ ਕਸ਼ਮੀਰ ਵਿਚ ਸਿੱਖਾਂ ਨਾਲ ਵੱਖ ਵੱਖ ਸਰਕਾਰਾਂ ਵੱਲੋਂ ਕੀਤੀ ਗਈ ਨਾ ਇਨਸਾਫੀ, ਨਸਲਕੁਸ਼ੀ, ਧਾਰਮਿਕ ਦਖਲ ਅੰਦਾਜੀ ਨੂੰ ਵਾ ਬਾਖੂਬੀ ਨਾਲ ਬਿਆਨ ਕੀਤਾ ਹੈ । ਮਨਮੋਹਨ ਸਿੰਘ ਵੱਲੋਂ ਇਤਿਹਾਸਕ ਦਸਤਾਵੇਜ ਦੇ ਰੂਪ ਵਿਚ ਪੇਸ਼ ਕੀਤੀ ਗਈ ਇਹ ਸਫ਼ਰ-ਏ-ਸ਼ਹਾਦਤ ਇਕ ਸ਼ਲਾਘਾਯੋਗ ਕਦਮ ਹੈ।

ਕਿਸੇ ਵਕਤ ਆਪਣੇ ਜ਼ਜਬਾਤਾਂ ਨੂੰ ਬੰਦੂਕ ਦੀ ਨਲੀ 'ਚ ਕੱਢਣ ਦੀ ਗੱਲ ਕਰਨ ਵਾਲਾ ਵੀਰ ਮਨਮੋਹਨ ਸਿੰਘ ਜਿਸ ਨੇ ਸਿੱਖ ਸੰਘਰਸ਼ ਨੂੰ ਬਹੁਤ ਹੀ ਨਜ਼ਦੀਕ ਤੋ ਦੇਖਿਆ, ਪਿੰਡੇ ਤੇ ਹੰਡਾਇਆ ਪਰ ਮੰਜਿਲ ਤੋਂ ਥਿੜਕਿਆਂ ਨਹੀਂ ਅਤੇ ਨਾ ਹੀ ਤਸ਼ੱਦਦ ਕੇਂਦਰ ਅਤੇ ਕਾਲ ਕੋਠੜੀਆਂ ਮਨਮੋਹਨ ਸਿੰਘ ਦੀ ਸੰਘਰਸ਼ਸੀਲ ਸੋਚ ਨੂੰ ਬਦਲ ਸਕੀਆਂ । ਬਦਲਿਆਂ ਤਾਂ ਸਿਰਫ ਜ਼ਜਬਾਤ ਨੂੰ ਪੇਸ਼ ਕਰਨ ਦਾ ਤਰੀਕਾ, ਹੁਣ ਮਨਮੋਹਨ ਸਿੰਘ ਆਪਣੇ ਜ਼ਜਬਾਤ ਕਲਮ ਦੀ ਬੰਦੂਕ ਤੋਂ ਅੱਖਰ ਰੂਪੀ ਗੋਲੀਆਂ ਨਾਲ ਕਾਗਜ਼ ਦੀ ਹੱਕ ਤੇ ਉਭਾਰਦਾ ਜਾ ਰਿਹਾ ਹੈ। ਜਿਸ ਦਾ ਸਬੂਤ ਇਹ ਹੱਥਲੀ ਪੁਸਤਕ ਸਫ਼ਰ-ਏ-ਸ਼ਹਾਦਤ ਹੈ ।

ਕੁਝ ਕਹੋ ਕਲਮਾਂ ਵਾਲਿਓ, ਮੌਸਮ ਹੈ ਕਹਿਣ ਦਾ।
ਇਹ ਦੌਰ ਇਹ ਸਮਾਂ ਨਹੀਂ ਹੈ , ਚੁੱਪ ਰਹਿਣ ਦਾ,

ਪੁਸਤਕ ਸਫ਼ਰ-ਏ-ਸ਼ਹਾਦਤ ਰਿਆਸਤ ਜੰਮੂ ਕਸ਼ਮੀਰ ਦੇ ਸਿੱਖ ਇਤਿਹਾਸ ਦੀ ਕਿਰਤ ਹੈ। ਦਾਸ ਆਸ ਕਰਦਾ ਹੈ ਕਿ ਸਿੱਖ ਭਾਈਚਾਰਾਂ ਇਸ ਇਤਿਹਾਸਕ ਦਸਤਾਵੇਜ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਏਗਾ ।

ਸਰਬਜੀਤ ਸਿੰਘ ਕੋਠੀਆ
ਪੱਤਰਕਾਰ,
ਪੰਜਾਬੀ ਟ੍ਰਿਬਿਊਨ

ਸਫ਼ਰ-ਏ ਸ਼ਹਾਦਤ (ਕੈਨੇਡਾ ਵਿੱਚ ਜੀ ਆਇਆਂ)

ਅਜ਼ਾਦੀ ਤੋਂ ਬਾਦ ਸਿੱਖ ਕੌਮ ਉਤੇ ਇਕ ਵੱਡੇ ਘਲੂਘਾਰੇ ਦਾ ਵਾਪਰਨਾ ਅਤੇ ਸਿੱਖ ਪ੍ਰਚਾਰਕਾਂ ਬੁਧੀਜੀਵੀਆਂ ਜਾਂ ਲੀਡਰਾਂ ਵੱਲੋਂ ਅਜ਼ਾਦ ਲੋਕਤੰਤਰ ਵਿੱਚ ਸਿੱਖ ਕੌਮ ਤੇ ਹੋਈ ਅਤਿਆਚਾਰਾਂ ਨੂੰ ਹੌਲੀ ਹੌਲੀ ਭੁੱਲਣ ਦਾ ਅਰਥ ਹੈ ਅਪਣੀ ਅਣਖ ਸਚਾਈ ਅਤੇ ਸਿਧਾਂਤ ਤੋਂ ਮੁਨੱਕਰ ਹੋਣਾ ਜੋ ਆਣ ਵਾਲੀਆਂ ਨਸਲਾਂ ਲਈ ਨਿਸਚਿਤ ਹੀ ਘਾਤਕ ਸਿਧ ਹੋਵੇਗਾ। ਕੌਮ ਦੀ ਜਵਾਨੀ ਜਾਂ ਬਜ਼ੁਰਗਾਂ ਵੱਲੋ ਅਤੀਤ ਵਿੱਚ ਸੀਨਿਆਂ ਤੇ ਹੰਢਾਏ ਘਲੂਘਾਰਿਆਂ ਅਤੇ ਬੇਸ਼ੁਮਾਰ ਸ਼ਹੀਦੀਆਂ ਨੂੰ ਸਾਂਭਣ ਲਈ ਇਤਿਹਾਸ ਲਿਖੇ ਜਾਂ ਰਚੇ ਜਾਂਦੇ ਹਨ। ਤਾਂ ਕੀ ਆਣ ਵਾਲੀਆਂ ਪੀੜ੍ਹੀਆਂ ਇਸ ਤੋਂ ਸੇਧ ਲੈਂਦੀਆਂ ਅਪਣੇ ਜੀਵਨ ਨੂੰ ਸਹੀ ਰਾਹਾਂ ਤੇ ਤੋਰਦੀਆਂ ਅਜਾਈਂ ਜ਼ਾਇਆ ਜਾਣ ਤੋਂ ਬਚਾ ਸਕਣ।

ਇਸੇ ਸਿਲਸਿਲੇ ਦੀ ਇਕ ਮਹੱਤਵ ਪੂਰਨ ਕੜੀ ਦੇ ਰੂਪ ਵਿੱਚ ਮਨਮੋਹਨ ਸਿੰਘ ਦੀ ਇਹ ਪੁਸਤਕ ਸਫ਼ਰ-ਏ-ਸ਼ਹਾਦਤ ਸਾਡੇ ਯਾਨੀ ਪਾਠਕਾਂ ਦੇ ਸਾਹਮਣੇ ਹੈ। ਮਨਮੋਹਨ ਸਿੰਘ ਦੀ ਪੁਸਤਕ ਦਾ ਖਰੜਾ ਪੜ੍ਹਣ ਲੱਗਿਆਂ ਇਹ ਗਲ ਨਿਤਰ ਕੇ ਸਾਹਮਣੇ ਆਉਂਦੀ ਹੈ ਕਿ ਜੰਮੂ ਕਸ਼ਮੀਰ ਵਿੱਚ ਸ਼ਹੀਦ ਹੋਏ ਜਾਂ ਕਤਲ ਕਰ ਦਿੱਤੇ ਗਏ ਸਿੱਖਾਂ ਲਈ ਨਾਂ ਤਾਂ ਸਰਕਾਰ ਪਾਸੋਂ ਕੋਈ ਇਨਸਾਫ਼ ਮਿਲ ਸਕਿਆ ਅਤੇ ਨਾਂ ਹੀ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਮਾਰੇ ਗਿਆਂ ਦੇ ਪਰਿਵਾਰਾਂ ਨਾਲ ਕੋਈ ਹਮਦਰਦੀ ਜਾਹਰ ਕੀਤੀ ਗਈ ਤੇ ਨਾ ਹੀ ਕਿਸੇ ਹੋਰ ਤਰ੍ਹਾਂ ਦੀ ਅਵਾਜ਼ ਜਾਂ ਸਹਾਇਤਾ ਦਿੱਤੀ ਗਈ। ਦੁੱਖ ਉਦੋਂ ਹੋਰ ਵੀ ਕਈ ਗੁਣਾਂ ਵਧ ਜਾਂਦਾ ਹੈ। ਜਦੋਂ ਲੋਕਲ ਸਿੱਖਲੀਡਰ ਤੇ ਸੰਸਥਾਵਾਂ ਵੀ ਗੈਰਾਂ ਵਰਗਾ ਹੀ ਵਰਤਾਵ ਕਰਦੀਆਂ ਹਨ। ਮਨਮੋਹਨ ਸਿੰਘ ਜਿਸ ਨੇ ਇਸ ਕਿਤਾਬ ਨੂੰ ਸਾਡੇ ਸਾਹਮਣੇ ਲਿਆ ਕੇ ਜੰਮੂ ਕਸ਼ਮੀਰ ਦੇ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੌਮੀ ਇਤਿਹਾਸ ਵਿੱਚ ਜੀਊਂਦਾ ਕਰ ਦਿੱਤਾ ਹੈ। ਉਸ ਵੇਲੇ ਖੁਸ਼ੀ ਹੋਰ ਵੀ ਵਧ ਜਾਂਦੀ ਹੈ ਜਦੋਂ ਅਸੀਂ ਇਸ ਮਨਮੋਹਨ ਸਿੰਘ ਨੂੰ ਅਪਣੇ ਗੁਰੂ ਭਾਈ ਹੋਣ ਦੇ ਨਾਲ ਨਾਲ ਅਪਣੇ ਬਚਿਆਂ ਵਾਂਗ ਵੀ ਵੇਖਦੇ ਹਾਂ। ਕਿਉਂ ਕਿ ਅਸੀਂ ਉਸਦਾ ਅਨੰਦ ਕਾਰਜ ਟਰੱਸਟ (ਮੋਹਾਲੀ) ਦੀ ਹੀ ਇਕ ਸ਼ਹੀਦ ਸਿੰਘ ਦੀ ਬੇਟੀ ਨਾਲ ਅਪਣੀ ਹੱਥੀਂ ਕਰਵਾਇਆ ਹੈ। ਗੁਰ ਆਸਰਾ ਫ਼ਾਊਂਡੇਸ਼ਨ ਕਨੇਡਾ ਤੋਂ ਮਨਮੋਹਨ ਸਿੰਘ ਨੂੰ ਮੁਬਾਰਕਵਾਦ ਦੇ ਨਾਲ ਹੀ ਉਸ ਦੀ ਕਿਤਾਬ ਨੂੰ ਵੀ ਜੀ ਆਇਆਂ ਆਖਦੇ ਹਾਂ। ਅਤੇ ਨਾਲੇ ਉਮੀਦ ਕਰਦੇ ਹਾਂ ਕਿ ਮਨਮੋਹਨ ਸਿੰਘ ਤੇ ਉਸ ਵਰਗੇ ਹੋਰ ਨੌਜਵਾਨ ਜੋ ਘਾਲਣਾ ਘਾਲ ਕੇ ਇਤਿਹਾਸ ਸੰਕਲਿਤ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਲੋਕਲ ਸੰਸਥਾਵਾਂ ਵੱਲੋਂ ਮਾਇਕ ਤੇ ਹੋਰ ਸਹਾਇਤਾ ਜ਼ਰੂਰ ਮਿਲਣੀ ਚਾਹਦੀ ਹੈ। ਇਹ ਵਕਰੀ ਗਲ ਹੈ ਕਿ ਇਸ ਫ਼ੱਕੜ ਮਨਮੋਹਨ ਸਿੰਘ ਦੀ ਕਿਤਾਬ ਨੂੰ ਤੁਹਾਡੇ ਤੱਕ ਪੁੱਜਣ ਲਈ ਕਿੰਨੇ ਪਾਪੜ ਬੇਲਣੇ ਪਏ ਹਨ।

ਸੁਰਜੀਤ ਸਿੰਘ (ਵੈਨਕੂਵਰਨ) ਸੇਵਾਦਾਰ ਗੁਰ ਆਸਰਾ ਟਰੱਸਟ ਫ਼ਾਊਂਡੇਸ਼ਨ (ਕੈਨੇਡਾ)

ਮਨਮੋਹਨ ਸਿੰਘ ਦਾ ਕਲਮੀ ਸਫ਼ਰ

ਮੇਰੇ ਹੱਥ 'ਚ ਮਨਮੋਹਨ ਸਿੰਘ ਦੀ ਕਿਤਾਬ ਸਫਰ-ਏ-ਸ਼ਹਾਦਤ ਦਾ ਖਰੜਾ ਹੈ- ਜਿਸ ਨੂੰ ਪਹਿਲਾਂ ਤਾਂ ਮੈਂ ਬਿਲਕੁਲ ਹਲਕੇ ਫੁਲਕੇ ਜਿਹੇ ਅੰਦਾਜ਼ ਵਿਚ ਲੈਂਦਾ ਹਾਂ, ਆਪਣੀ ਆਦਤ ਕਰਕੇ, ਪਰ ਅਚਾਨਕ ਆਖਾਂ ਸਾਹਮਣੇ ਵੱਖਰੀ ਕਿਸਮ ਦੇ ਜਾਣਕਾਰੀ ਭਰਪੂਰ ਦ੍ਰਿਸ਼ ਘੁੰਮਣ ਲਗ ਪੈਂਦੇ ਹਨ ਤੇ ਮੈਂ ਸਰਸਰੀ ਨਜ਼ਰ ਹੇਠੋਂ ਕੱਢੇ ਪਤਰਿਆਂ ਨੂੰ ਮੁੜ ਪੜਨ ਲੱਗ ਪੈਂਦਾ ਹਾਂ।

ਮਨਮੋਹਨ ਨੇ ਜਿਸ ਮਿਹਨਤ ਅਤੇ ਘਾਲਣਾ ਸਦਕਾ ਇਸ ਕਿਤਾਬ ਦੇ ਮਸੌਦੇ ਨੂੰ ਇਕੱਠਾ ਕੀਤਾ ਹੈ ਭਰਪੂਰ ਸ਼ਲਾਘਾ ਦਾ ਪਾਤਰ ਹੈ ਕਿਉਂ ਕਿ ਖਾਕੀ ਵਰਦੀ ਵਲੋਂ ਗੁਮਸ਼ੁਦਾ ਜਾਂ ਕਤਲ ਕਰ ਦਿਤੇ ਜਿਨ੍ਹਾਂ ਨੌਜਵਾਨਾਂ ਬਾਰੇ ਜਦੋਂ ਉਨ੍ਹਾਂ ਦੇ ਮਾਪੇ ਅਤੇ ਦੋਸਤ ਵੀ ਜਾਣਕਾਰੀ ਦੇਣ ਤੋਂ ਗੁਰੇਜ਼ ਕਰਦੇ ਹੋਣ ਉਸ ਵੇਲੇ ਖੋਜ ਕਰਤਾ ਕੋਲ ਇਤਿਹਾਸ ਦੇ ਗਰਭ 'ਚ ਜਾਣ ਤੋਂ ਸਿਵਾਏ ਹੋਰ ਕੋਈ ਚਾਰਾ ਵੀ ਨਹੀਂ ਬਚਦਾ ਅਤੇ ਇਹ ਯਾਤਰਾ, ਫਿਰ ਇਤਿਹਾਸ ਨੂੰ ਜਨਮ ਦਿੰਦੀ ਹੈ- ਲਿਖਤ ਅਤੇ ਪ੍ਰਮਾਣਿਕ "ਇਤਿਹਾਸ ਨੂੰ ਸਵਾਲ ਹੈ ਕਿ ਮਨਮੋਹਨ ਨੇ ਇਹ ਉਪਰਾਲਾ ਕਿਉਂ ਕੀਤਾ- ਜਵਾਬ ਸ਼ਾਇਦ ਨਹੀਂ ਪੱਕਾ-ਪੱਕਾ ਉਸ ਨੇ 1984 ਤੋਂ ਬਾਅਦ ਦੇ ਸਮੇਂ ਨੂੰ ਅਪਨੇ ਮੰਨ ਅਤੇ ਫੇਰ ਤਨ ਉਤੇ ਹੰਡਾਇਆ ਹੈ, ਅਜੇ ਵੀ ਅਦਾਲਤ ਵਿਚ ਪੇਸ਼ੀਆਂ ਅਤੇ ਖਾਕੀ ਵਰਦੀ ਧਾਰੀਆਂ ਵਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਇਨਕੁਆਇਰੀਆਂ ਦੇ ਰੂਪ ਵਿਚ ਹੰਡਾ ਰਿਹਾ ਹੈ। ਇਨ੍ਹਾਂ 11-12 ਸਾਲਾਂ ਨੇ ਉਸ ਤੋਂ ਉਸ ਦਾ ਬਹੁਤ ਕੁਝ (ਜੇ ਸਭ ਕੁਝ ਨਹੀਂ ਤਾਂ) ਖੋਹ ਲਿਆ ਹੈ। ਉਸ ਦਾ ਬਚਪਨ, ਪੜ੍ਹਾਈ, ਪਿਤਾ, ਵੱਡਾ ਭਰਾ ਅਤੇ ਇਹਨਾਂ ਦੋਹਾਂ ਲਈ ਤੜਪਦੀ ਮਾਤਾ ਅਤੇ ਫੇਰ ਜਵਾਨੀ- ਬੇਸ਼ੱਕ ਮਨਮੋਹਨ ਅਜੇ ਬੁੱਢਾ ਨਹੀਂ ਹੋਇਆ ਪਰ ਹਾਲਾਤ ਅਤੇ ਮਾਹੌਲ ਮੁਤਾਬਕ ਉਸ ਨੂੰ ਬਜ਼ੁਰਗਾਂ ਵਾਲਾ ਕਿਰਦਾਰ ਅਦਾ ਕਰਨਾ ਹੀ ਪੈਂਦਾ ਹੈ।

ਉਹ ਛੋਟੇ ਜਿਹੇ ਪਰਿਵਾਰ (ਉਹ ਅਤੇ ਉਸ ਦੀ ਧਰਮ ਸੁਪਤਨੀ ਸਰਬਜੀਤ ਕੌਰ) ਦਾ ਮੁਖੀ ਹੈ ਇਸ ਕਰਕੇ ਉਸ ਨੂੰ ਆਪਣੇ ਪਰਿਵਾਰ ਅਤੇ ਛੋਟੇ ਭਰਾ ਫਿਰ ਜਦੋਂ ਕੋਟਾਂ ਦੇ ਕੇਸ ਚਲਦੇ ਹੋਣ ਕਰਕੇ ਆਪਣੇ ਨਿਜ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ ਜਿਉਂਦੇ ਰਹਿਣ ਲਈ, ਇਹ ਵੱਖਰੀ ਗੱਲ ਹੈ ਕਿ ਉਹ ਆਪਣੇ ਨਿੱਜੀ ਸਮਿਆਂ 'ਚੋਂ ਵੀ ਵਕਤ ਚੋਰੀ ਕਰਕੇ ਸਮਾਜ ਦੇ ਹਿਤ ਵਿਚ ਭੁਗਤਾ ਦਿੰਦਾ ਹੈ। ਉਸ ਵਲੋਂ ਕੀਤੇ ਗਏ ਛੋਟੇ-ਛੋਟੇ ਕੰਮਾਂ ਵਿਚ ਵੀ ਗਜਬ ਦੀ ਨਜ਼ਾਕਤ ਸਿਆਣਪ ਅਤੇ ਕੁਝ ਚੰਗਾ ਕਰਨ ਦੀ ਪ੍ਰਬਲ ਚਾਹਤ ਝਲਕਦੀ ਮਿਲਦੀ ਹੈ- ਮੇਰੀ ਨਿਜੀ ਰਾਏ ਮੁਤਾਬਕ ਉਸ ਨੂੰ ਫੁਲ ਟਾਇਮ ਸਮਾਜਕ ਕਾਰਜ ਕਰਤਾ ਹੋਣਾ ਚਾਹੀਦਾ ਹੈ - ਸੌ ਟਕੇ ਦਾ ਸਵਾਲ ਇਹ ਹੈ ਕਿਵੇਂ? ਮਨਮੋਹਨ ਨੇ ਪਿਛਲੇ 12 ਸਾਲਾਂ ਵਿਚ ਅੱਖਰ

ਅੱਖਰ ਜੋੜ ਕੇ ਇਸ ਕਿਤਾਬ ਨੂੰ ਜਿਲਦ ਦਾ ਰੂਪ ਦਿੱਤਾ ਹੈ- ਉਸ ਨੇ ਇਤਨੇ (250 ਦੇ ਕਰੀਬ) ਸਫਿਆਂ ਵਿਚ ਅਜੋਕੇ ਸਮੇਂ ਤੋਂ ਪਿਛਾਂਹ ਵਲ ਨੂੰ ਜਾਂਦੇ ਹੋਏ ਲੰਮਾ ਸਫ਼ਰ ਕੀਤਾ ਹੈ ਅਤੇ ਇਸ ਸਫ਼ਰ ਵਿਚ ਹੋਈਆਂ ਮੁਖ ਘਟਨਾਵਾਂ ਤੇ ਉਨ੍ਹਾਂ ਨਾਲ ਸਬੰਧਤ ਨਾਇਕਾ ਨੂੰ ਪੇਸ਼ ਕੀਤਾ ਹੈ ਨਾਲ ਹੀ ਕਈ ਅਣਗੌਲੇ ਪਹਿਲੂ ਅਤੇ ਕਿਰਦਾਰ ਵੀ ਸਾਡੇ ਸਾਹਮਣੇ ਲੈ ਆਂਦੇ ਹਨ- ਇਨ੍ਹਾਂ ਨਾਲ ਜੁੜੇ ਕਈ ਹੋਰ ਤੱਥ ਅਤੇ ਘਟਨਾਵਾਂ ਵੀ ਕੜੀਆਂ ਅਤੇ ਲੜੀਆਂ ਵਾਂਗ ਖੁਲਦੇ ਹੋਏ ਸਾਹਮਣੇ ਆ ਜਾਂਦੇ ਹਨ - ਸਿਲਸਿਲੇ ਵਾਰ ਇੰਨੀ ਸਾਰੀ ਸਖ਼ਤ ਮਿਹਨਤ ਦੇ ਬਾਵਜੂਦ ਕੁਝ ਉਕਤਾਈਆਂ ਰਹਿ ਜਾਣੀਆਂ ਸੁਭਾਵਕ ਹਨ। ਖ਼ਾਸ ਕਰਕੇ ਔਖੇ ਸਮਿਆਂ ਦੇ ਬਿਰਤਾਂਤ ਬਾਰੇ ਫਿਰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਸਮਿਆਂ ਅਤੇ ਘਟਨਾਵਾਂ ਬਾਰੇ ਜਿਨ੍ਹਾਂ ਦੀ ਪੜਚੋਲ 60 ਸਾਲ ਬਾਅਦ ਕੀਤੀ ਜਾ ਰਹੀ ਹੋਵੇ- ਮਨਮੋਹਨ ਦਾ ਇਤਿਹਾਸ ਪੜਚੋਲ ਅਤੇ ਲੇਖਣ ਇਕ ਜਨੂੰਨ ਦੇ ਨਾਲ-ਨਾਲ ਸਵਾਦ ਇਸ਼ਕ ਜਾਂ ਨਸ਼ੇ ਵਰਗਾ ਹੈ। ਇਸ ਦੇ ਹਰ ਕੰਮ ਅਤੇ ਲੇਖਣੀ ਵਿਚ ਸਰਬੱਤ ਦਾ ਭਲਾ ਵੇਖਣ ਨੂੰ ਮਿਲਦਾ ਹੈ ਕਲਮ ਦੇ ਇਸ ਨਸ਼ੇੜੀ ਤੋਂ ਅਸੀਂ ਭਵਿੱਖ ਵਿਚ ਵੀ ਜੰਮੂ-ਕਸ਼ਮੀਰ ਸਮੇਤ ਸਿੱਖਾਂ ਦੇ ਅਤੀਤ ਤੇ ਵਰਤਮਾਨ ਬਾਰੇ ਸੂਚਨਾਵਾਂ ਅਤੇ ਹੋਰ ਜਾਣਕਾਰੀ ਹਾਸਿਲ ਕਰਨ ਦੀ ਉਮੀਦ ਤਾਂ ਰਖ ਹੀ ਸਕਦੇ ਹਾਂ। ਜਿਹੜਾ ਨੌਜਵਾਨ ਸਮਾਜ ਲਈ ਵੱਡਾ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ, ਪਰ ਪਰਿਵਾਰ ਲਈ 'ਥੋੜਾ ਬਹੁਤ' ਕਰਨ ਲਈ ਉਸ ਨੂੰ ਵੱਡੀ ਘਾਲਣਾ ਕਰਨੀ ਪੈਂਦੀ ਹੈ। ਹੁਣ ਉਸ ਦੀ ਕਿਤਾਬ ਲਈ ਕੀਤੀ ਗਈ ਵੱਡੀ ਘਾਲਣਾ ਲਈ ਵੀ ਹੋ ਸਕਦਾ ਹੈ ਉਸ ਨੂੰ ਵੱਡੀ ਕੀਮਤ ਚੁੱਕਤਾ ਕਰਨੀ ਪਵੇ। ਪਰ ਉਹ ਹੁਣ ਡਰੇ ਕਿਉਂ, ਹੁਣ ਤਾਂ ਉਸ ਕੋਲ ਕਲਮ ਦਾ ਹਥਿਆਰ ਹੈ। ਜਿਸ ਨੂੰ ਉਹ ਪਿਆਰ ਨਾਲ ਸ਼ੀਰੋ ਵੀ ਕਹਿੰਦਾ ਹੈ। ਮਨਮੋਹਨ ਉਹਨਾਂ ਨੌਜਵਾਨਾਂ 'ਚੋਂ ਇਕ ਹੈ ਜਿਸ ਨੇ ਆਪਣੀ ਅਵਾਜ਼ ਨੂੰ ਜਮਹੂਰੀ ਅਤੇ ਕਲਮੀ ਢੰਗ ਰਾਹੀਂ ਕਹਿਣਾ ਜਾਰੀ ਰੱਖਿਆ ਹੋਇਆ ਹੈ, ਗਰਮੀ ਨਾਲ ਕਹਿਣ ਦੀ ਅਸਫਲ ਕੋਸ਼ਿਸ਼ ਤੋਂ ਬਾਅਦ ਆਪਣੇ ਮਕਸਦ ਸਰਬੱਤ ਦਾ ਭਲਾ ਵਲ ਵਧ ਰਹੇ ਇਸ ਸਮਝ ਤੇ ਚਿੰਤਨ ਭਰੇ ਜਨੂੰਨੀ ਪੱਤਰਕਾਰ ਅਤੇ ਸਮਾਜਕ ਕਾਰਜਕਰਤਾ ਨੂੰ ਜੇ ਅਸੀਂ ਸਹਿਯੋਗ ਦੇ ਸਕੀਏ ਤਾਂ ਇਸ ਤੋਂ ਕਿਤੇ ਵੱਧ ਦੀ ਉਮੀਦ ਕੀਤੀ ਜਾ ਸਕਦੀ ਹੈ। ਪੂਰੀ ਜਵਾਬਦੇਹੀ ਦੇ ਨਾਲ ਕਿਉਂਕਿ।

ਉਹ ਇਮਾਨਦਾਰ ਹੈ
ਉਹ ਥੱਕਦਾ ਨਹੀਂ
ਉਹ ਰੁਕਦਾ ਨਹੀ।
ਇਹ ਉਸ ਨੂੰ ਹਲੂਣਾ ਵੀ ਹੈ।

ਸਵਾਮੀ ਅੰਤਰਨੀਰਵ
ਲੇਖਕ, ਕਵੀ ਅਤੇ ਪੱਤਰਕਾਰ

ਇਕ ਦੋਸਤ ਵੱਲੋਂ

ਮੇਰੀ ਅਤੇ ਭਾਈ ਮਨਮੋਹਨ ਸਿੰਘ ਦੀ ਮੁਲਾਕਾਤ ਜੰਮੂ ਸੈਂਟਰਲ ਜੇਲ ਵਿਚ ਹੋਈ ਅਤੇ ਮੈਂ ਉਸ ਤੋਂ ਗੁਰਬਾਣੀ ਅਤੇ ਸਿਖ ਇਤਿਹਾਸ ਦੀ ਜੇਲ੍ਹ ਵਿਚ ਹੀ ਸੰਥਿਆ ਲਈ ਜੋ ਅਜ ਹੋਰ ਬੱਚਿਆਂ ਦੇ ਕੰਮ ਆ ਰਹੀ ਹੈ।

ਜੇਲ੍ਹ ਵਿਚ ਅਸੀਂ ਅਕਸਰ ਕਿਸੇ ਨਾ ਕਿਸੇ ਜ਼ਿਆਦਤੀ ਖਿਲਾਫ਼ ਬੋਲਣ ਕਰਕੇ, ਸੀ.ਆਰ.ਪੀ. ਜਾਂ ਜੇਲ੍ਹ ਪੁਲਿਸ ਦੀ ਸਖਤੀ ਦਾ ਇਕੱਠੇ ਸ਼ਿਕਾਰ ਹੋ ਜਾਂਦੇ ਰਹੇ ਅਤੇ ਸਾਡੀ ਨੇੜਤਾ ਹੋਰ ਵਧਦੀ ਗਈ ਭਾਵੇਂ ਕਿ ਸਾਡੇ ਕੇਸ ਵੱਖੋ-ਵੱਖ ਸਨ।

ਭਾ. ਮਨਮੋਹਨ ਸਿੰਘ ਮੇਰੇ ਤੋਂ ਕੁਝ ਸਮਾਂ ਬਾਅਦ ਰਿਹਾਅ ਹੋ ਕੇ ਆਇਆ ਅਤੇ ਅਸੀਂ ਉਸ ਨੂੰ ਕੰਮ ਕਾਜ ਕਰਨ ਲਈ ਪੁੱਛਿਆ ਤਾਂ ਉਸ ਦਾ ਜਵਾਬ ਸੀ "ਕਿ ਅਜੇ ਕੁਝ ਫਰਜ਼ ਬਾਕੀ ਹਨ ਜੋ ਕਿਸੇ ਮਕਸਦ ਤੋਂ ਘੱਟ ਨਹੀਂ, ਉਨ੍ਹਾਂ ਨੂੰ ਪੂਰੇ ਕੀਤੇ ਬਿਨਾਂ ਮੇਰਾ ਕਿਸੇ ਕੰਮ ਵਿਚ ਵੀ ਦਿਲ ਨਹੀਂ ਲੱਗਣ ਲੱਗਾ, ਮਨਮੋਹਨ ਸਿੰਘ ਦਾ ਸੁਪਨਾ ਸੀ ਇਕ ਯੂਥ ਜਥੇਬੰਦੀ, ਇਕ ਪੰਥਕ ਰਸਾਲਾ ਅਤੇ ਜੰਮੂ ਕਸ਼ਮੀਰ ਦੇ ਸ਼ਹੀਦਾਂ ਦੀ ਡਾਇਰੈਕਟਰੀ ਤਿਆਰ ਕਰਨੀ। ਅਜ ਉਸ ਦੀ....। ਪਰ ਮੈਂ ਇਹ ਗੱਲ ਦਾਅਵੇ ਨਾਲ ਆਖ ਸਕਦਾ ਕਿ ਭਾਈ ਮਨਮੋਹਨ ਸਿੰਘ ਜੇ ਕੌਮੀ ਸੋਚ ਛੱਡ ਕੇ, ਪੈਸਿਆਂ (ਕਾਰੋਬਾਰ) ਮਗਰ ਬਾਕੀ ਦੇ ਛੁੱਟ ਕੇ ਸਾਥੀਆਂ ਵਾਂਗ ਲਗ ਜਾਂਦਾ ਤਾਂ ਅਜ ਉਹ ਆਪਣੀ ਮਿਹਨਤ ਅਥੱਕ ਕੋਸ਼ਿਸ਼ ਅਤੇ ਵਾਕਫੀਅਤ ਸਦਕਾ ਜੇ ਕਰੋੜਾਂ ਦਾ ਨਹੀਂ ਤਾਂ ਲੱਖਾਂ ਦਾ ਬਿਜਨਸ ਜ਼ਰੂਰ ਕਰ ਰਿਹਾ ਹੁੰਦਾ। ਭਾਵੇਂ ਕਿ ਉਸ ਨੂੰ ਕਈ ਵਾਰ ਸਮਗਰੀ ਇਕੱਠੀ ਕਰਨ ਲਈ ਜਾਣ ਵਾਸਤੇ ਕਿਰਾਏ ਜਾਂ ਸਕੂਟਰ ਦੇ ਤੇਲ ਲਈ ਨਿਰਾਸ਼ਾ ਤੇ ਜਿੱਲਤ ਵੀ ਸਹਿਣੀ ਪਈ ਪਰ ਉਸ ਨੇ ਆਪਣੇ ਨਿਸ਼ਾਨੇ ਤੋਂ ਨਜ਼ਰ ਨਾ ਫੇਰੀ। ਇਕ ਵਾਰ ਮਨਮੋਹਨ ਸਿੰਘ ਮੇਰੇ ਨਾਲ (ਲਿਫਟ) ਲੈ ਕੇ ਜਾ ਰਿਹਾ ਸੀ ਰਾਹ ਵਿਚ ਇਕ ਜੇਲ ਸਾਥੀ (ਅਖੌਤੀ ਆਗੂ) ਸਾਬਕਾ ਖਾੜਕੂ ਮਿਲ ਪਿਆ ਤੇ ਉਸ ਨੇ ਭਾਈ ਸਾਹਿਬ ਤੋਂ ਪੁੱਛਿਆ : ਕੀ ਚਲ ਰਿਹਾ ਹੈ ਅਜ ਕਲ... ਕਿਧਰ ਦੌੜ ਲਾਈ ਜੇ"? ਮਨਮੋਹਨ ਸਿੰਘ ਦਾ ਜਵਾਬ ਸੀ! ਤੁਹਾਡੀਆਂ ਗਲਤੀਆਂ ਨੇ ਜਿਨ੍ਹਾਂ ਨੂੰ ਮਰਵਾਇਆ ਹੈ, ਬਸ ਉਨ੍ਹਾਂ ਨੂੰ ਜਿਊਂਦਾ ਕਰਨ ਦਾ ਯਤਨ ਕਰ ਰਿਹਾ ਹਾਂ।" ਅਜ ਸਾਲਾਂ ਦੀ ਮਿਹਨਤ ਦਾ ਹੀ ਨਤੀਜਾ ਹੈ, ਕਿ ਸਾਡੇ ਦੋਸਤ ਦੇ ਤਿਨੋਂ ਮਕਸਦ ਪੂਰੇ ਹੋ ਗਏ ਹਨ, ਬੇਸ਼ੱਕ ਉਸ ਨੂੰ ਇਸ ਲਈ ਜੇਲ੍ਹ ਤੇ ਥਾਣਿਆਂ ਤੋਂ ਵੱਧ ਮਾਨਸਿਕ ਤੇ ਸਰੀਰਕ ਤਸ਼ੱਦਦ ਬਰਦਾਸ਼ਤ ਕਰਨਾ ਪਿਆ ਹੈ। ਅਜ ਉਸ ਨੇ ਸਚ ਮੁਚ ਸ਼ਹੀਦਾਂ ਦੀ ਜੀਵਨ ਤੋਂ ਸ਼ਹੀਦੀ ਤਕ ਦੀ ਦਾਸਤਾਂ ਛਾਪਕੇ ਉਨ੍ਹਾਂ ਨੂੰ ਹਮੇਸ਼ਾ ਲਈ ਜਿਊਂਦਾ ਕਰ ਦਿੱਤਾ ਹੈ। ਮੇਰੀ ਸਾਥੀ ਨੂੰ ਅਪੀਲ ਹੈ ਕਿ ਉਹ ਮੇਰੇ ਵਲੋਂ ਲਿਖੀਆਂ ਸਾਰੀਆਂ ਗੱਲਾਂ ਹੂ-ਬ-ਹੂ ਛਾਪ ਦੇਵੇ।

ਅਮਰਜੀਤ ਸਿੰਘ ਬੱਬਲੂ (ਦੋਸਤ), ਜੰਮੂ।

ਕੈਨੇਡਾ ਤੋਂ ਹਾਜ਼ਰੀ

ਅਸੀਂ ਅਕਸਰ ਦੇਸ਼-ਵਿਦੇਸ਼ ਦੇ ਪੇਪਰਾਂ, ਮੈਗਜ਼ੀਨਾਂ ਵਿਚ ਵੀਰ ਮਨਮੋਹਨ ਸਿੰਘ ਜੰਮੂ ਦੇ ਲੇਖ ਅਤੇ ਖ਼ਬਰਾਂ, ਸਰਗਰਮੀਆਂ ਬਾਰੇ ਪੜ੍ਹਦੇ ਤੇ ਫਿਰ ਫ਼ੋਨ ਤੇ ਵਧੀਆ ਲੇਖ ਲਿਖਣ ਤੇ ਮੁਬਾਰਕਬਾਦ ਦੇਂਦੇ ਰਹੇ ਹਾਂ, ਕੈਨੇਡਾ ਆਉਣ ਤੋਂ ਪਹਿਲਾਂ ਮੈਂ ਇਕ ਵਾਰ ਵੀਰ ਨੂੰ ਮਿਲਣ ਲਈ ਜੰਮੂ ਵੀ ਗਿਆ ਸੀ, ਪਰ ਉਨ੍ਹਾਂ ਨਾਲ ਮੁਲਾਕਾਤ ਨਾਂ ਹੋ ਸਕੀ, ਪਰ ਵੀਰ ਦੇ ਕਈ ਦੋਸਤਾਂ ਨਾਲ ਮੁਲਾਕਾਤ ਜ਼ਰੂਰ ਹੋਈ ਤੇ ਇਨ੍ਹਾਂ ਦੇ ਪਰਿਵਾਰ ਦੀ ਕੁਰਬਾਨੀ ਜੇਲ, ਥਾਨੇ ਅਤੇ ਅਜੋਕੀ ਸਮਾਜਕ ਤੇ ਪੰਥਕ ਸੇਵਾ ਬਾਰੇ ਪਤਾ ਚਲਿਆ। ਇਸ ਤੋਂ ਪਹਿਲਾਂ ਮੈਂ ਸਾਰਾ ਕੁਝ ਸਪੋਕਸਮੈਨ ਤੇ ਹੋਰ ਰਸਾਲਿਆਂ ਵਿਚ ਵੀ ਪੜ੍ਹ ਚੁਕਿਆ ਸੀ। ਇਕ ਵਾਰ ਇਕ ਹੋਲੀ ਜੇਹੀ ਉਮਰ ਦੇ ਨੌਜਵਾਨ ਤੇ ਉਸ ਦੀ ਸਿੰਘਣੀ ਨਾਲ ਭਾਈ ਸਾਹਿਬ ਨਿਰਮਲ ਸਿੰਘ ਜੀ ਨਿੰਮਾ ਦੇ ਘਰ ਮੁਲਾਕਾਤ ਹੋਈ ਤੇ ਉਹ ਮੇਰੇ ਪਿਤਾ ਜੀ ਸ਼ਹੀਦ ਭਾਈ ਮੋਹਿੰਦਰ ਸਿੰਘ ਜੀ ਫਰੀਦਕੋਟ, ਬਾਰੇ ਪੁੱਛਣ ਲੱਗ ਪਿਆ। ਜਦੋਂ ਮੈਨੂੰ ਭਾਈ ਸਾਹਿਬ ਨਿਰਮਲ ਸਿੰਘ ਜੀ ਦੀ ਸਿੰਘਣੀ ਸਿਰਦਾਰਨੀ ਰਵਿੰਦਰ ਕੌਰ ਨੇ ਦੱਸਿਆ ਕਿ ਇਹ ਮੇਰਾ ਨਿੱਕਾ ਭਰਾ ਮਨਮੋਹਨ ਸਿੰਘ ਜੰਮੂ ਤੋਂ ਆਇਆ ਹੈ ਤਾਂ ਮੇਰੇ ਮੂੰਹੋਂ? ਇਹ ਕਿਧਰੇ ਮਨਮੋਹਨ ਸਿੰਘ ਜੰਮੂ ਤਾਂ ਨਹੀਂ, ਜਿਨ੍ਹਾਂ ਦੇ ਲੇਖ ਅਸੀਂ ਪੜ੍ਹਦੇ ਰਹਿੰਦੇ ਹਾਂ। ਜਵਾਬ ਹਾਂ ਸੀ।

ਮੇਰੀ ਹੈਰਾਨੀ ਦੀ ਹੱਦ ਨਹੀਂ ਸੀ। ਇਕ ਉਮਰ ਮੇਰੇ ਸੋਚਣ ਤੋਂ ਕਾਫ਼ੀ ਘੱਟ, ਫਿਰ ਭਾਈ ਨਿਰਮਲ ਸਿੰਘ ਜੀ ਦੇ ਕਰੀਬੀ ਰਿਸ਼ਤੇਦਾਰ ਅਤੇ ਸਿੰਘਣੀ ਇਕ ਸ਼ਹੀਦ ਭਾਈ ਅਵਤਾਰ ਸਿੰਘ ਦੀ ਬੇਟੀ, ਸਭ ਕੁਝ ਚੌਂਕਾ ਦੇਣ ਵਾਲਾ ਸੀ। ਜੋ ਨੌਜਵਾਨ ਖੁਦ ਕੁਰਬਾਨੀਆਂ ਕਰ ਚੁੱਕਿਆ ਹੋਵੇ ਅਤੇ ਬੇ ਕਦਰੇ ਜਿਹੇ ਸਮਾਜ ਨੂੰ ਹੰਢਾ ਰਿਹਾ ਹੋਵੇ, ਜਿਸ ਦੇ ਦਿਲ ਵਿਚ ਮਨੁੱਖਤਾ ਅਤੇ ਕੌਮ ਲਈ ਅਥਾਹ ਦਰਦ, ਹਮਦਰਦੀ ਅਤੇ ਕੁਝ ਚੰਗਾ ਕਰ ਗੁਜ਼ਰਨ ਦਾ ਜਜ਼ਬਾ ਹੋਵੇ, ਜੋ ਆਪਣੇ ਸਾਧਨਾਂ ਤੋਂ ਵਧ ਕੇ ਕੌਮੀ ਪਰਿਵਾਰਾਂ ਤੇ ਆਗੂਆਂ ਦਾ ਸਤਿਕਾਰ ਕਰਦਾ ਹੋਵੇ। ਫਿਰ ਇਸ ਵੀਰ ਦਾ ਸਤਿਕਾਰ ਅਸੀਂ ਕਿਵੇਂ ਨਾ ਕਰੀਏ? ਜਦੋਂ ਉਸ ਨੇ ਲੰਮੀ ਘਾਲਣਾ ਘਾਲ ਕੇ ਵੱਡੀ ਜ਼ਿੰਮੇਵਾਰੀ ਨਿਭਾ ਕੇ, ਵਾਦੀ-ਏ-ਜੰਮੂ ਕਸ਼ਮੀਰ ਦੇ ਸਿੱਖਾਂ ਦੀ ਸ਼ਹੀਦੀ ਗਾਥਾ ਤੋਂ ਦੇਸ਼-ਵਿਦੇਸ਼ ਦੀ ਸੰਗਤਾਂ ਨੂੰ ਵਾਕਫ਼ ਕਰਵਾਉਣ ਤੋਂ ਇਲਾਵਾ ਇਹ ਦੱਸਣ ਦਾ ਵੀ ਸਫ਼ਲ ਯਤਨ ਕੀਤਾ ਹੈ ਕਿ ਸ਼ਹੀਦਾਂ ਦੀ ਕਤਾਰ ਸਿਰਫ਼ ਪੰਜਾਬ ਦੀ ਸਰਹੱਦ ਤਕ ਸੀਮਿਤ ਨਹੀਂ। ਇਸ ਨਾਲ ਵੀਰ ਮਨਮੋਹਨ ਸਿੰਘ ਜੰਮੂ ਤੇ ਸਾਡਾ ਪਿਆਰ ਨਾਲ ਸੱਦਿਆ ਜਾਂਦਾ ਨਿਹੰਗ ਬਾਬਾ ਦਾ ਸਤਿਕਾਰ ਸਾਡੇ ਸਾਰਿਆਂ ਦੇ ਦਿਲਾਂ ਵਿਚ ਹੋਰ ਵੱਧ ਗਿਆ ਹੈ।

ਕੁਲਜੀਤ ਸਿੰਘ ਕੈਨੇਡਾ

ਲੇਖਕ ਤੇ ਲੇਖਕ ਦੀ ਕਲਮ ਵੱਲੋਂ ਧੰਨਵਾਦ

ਮੈਂ ਮਨਮੋਹਨ ਸਿੰਘ ਦੀ ਕਲਮ ਹਾਂ, ਜਿਸ ਨੂੰ ਉਹ ਪਿਆਰ ਨਾਲ ਸ਼ਮਸੀਰ ਕਹਿੰਦਾ ਹੈ। ਬੇਸ਼ੱਕ ਮੈਂ ਕੋਈ ਵੱਡੀ ਜੁਝਾਰੂ ਦਾਨਿਸ਼ਵਰ ਨਹੀਂ, ਅਤੇ ਮੇਰੇ ਹਰਫ਼ਾਂ 'ਚ ਸੁਹੱਪਣ ਵੀ ਨਹੀਂ ਅਤੇ ਨਾ ਹੀ ਮੈਂ ਸ਼ਬਦਾਂ ਦੀ ਕੋਈ ਜਾਦੂਗਰ ਹਾਂ। ਮੈਂ ਸਿਰਫ਼ ਤੇ ਸਿਰਫ਼ ਮਨਮੋਹਨ ਸਿੰਘ ਦੀ ਸ਼ਮਸ਼ੀਰ ਉਰਫ਼ ਸ਼ੀਰੋਂ ਹਾਂ। ਮਨਮੋਹਨ ਸਿੰਘ ਨੇ ਸ਼ਬਦ ਗੁਰੂ ਤੋਂ ਹੀ ਸੇਧ ਲੈਂਦਿਆਂ ਭਾਵਾਂ, ਵਿਚਾਰਾਂ, ਅਖਰਾਂ, ਦਰਸ਼ਨਾਂ, ਅਤੇ ਦਿਸ਼ਾ ਨੂੰ ਕਾਗਜ ਤੇ ਉਕਰਨ ਦੀ ਮੇਰੀ ਸਮਰੱਥਾ ਨੂੰ ਗੱਲ ਲਾਉਂਦਿਆਂ ਮੇਰੇ ਨਾਲ ਇਕ ਪਿਆਰ ਜਿਹਾ ਪਾ ਲਿਆ ਅਤੇ ਉਹ ਧਾਰ ਤੇ ਤੁਰਦੀਆਂ ਆ ਰਹੀਆਂ ਕਲਮਾਂ ਨੂੰ ਸ਼ਮਸ਼ੀਰਾਂ ਕਹਿੰਦਾ ਹੈ। ਜਿਨ੍ਹਾਂ 'ਚੋਂ ਨਿੱਕੀ ਜਿਹੀ ਸ਼ਮਸ਼ੀਰ ਮੈਂ ਵੀ ਹਾਂ ਅਤੇ ਪੇਸ਼ ਹਨ ਮੇਰੇ ਖ਼ੂਨ ਵਿਚ ਦੌੜਦੇ ਕੁਝ ਦ੍ਰਿਸ਼ ਸਫ਼ਰ-ਏ-ਸ਼ਹਾਦਤ ਦੇ ਰੂਪ ਵਿਚ।

ਇਹ ਸਭ ਵਰਤਾਰਾ ਉਨ੍ਹਾਂ ਲਫ਼ਜ਼ਾਂ (ਸ਼ਬਦ ਗੁਰੂ) ਦੀ ਹੀ ਖੁਸ਼ਬੂ ਹੈ ਜੋ ਸਾਡੇ ਬਾਬਿਆਂ ਨੇ ਦਸ ਜਾਮਿਆਂ 'ਚ ਇਕ ਜੋਤ ਵਰਤਾ ਕੇ ਮਨੁੱਖਤਾ ਲਈ, ਮਨੁੱਖਤਾ ਦੇ ਹਵਾਲੇ ਕਰ ਦਿੱਤੇ ਹਨ, ਪਰ ਮਨੁੱਖਤਾ ਇਸ ਤੋਂ ਅਜੇ ਤਕ ਬੇਖ਼ਬਰ ਹੈ। ਭਾਵੇਂ ਸਾਡੀਆਂ ਸ਼ਮਸ਼ੀਰਾਂ ਨੇ ਇਤਿਹਾਸ ਰਚਨ ਅਤੇ ਸਾਂਭਨ ਦੇ ਉਪਰਾਲੇ ਵੀ ਕੀਤੇ ਹਨ। ਪਰ ਸਾਂਭਨ ਪੱਖੋਂ ਅਸੀਂ ਘੱਟ ਕਾਮਯਾਬ ਕਿਉਂ ਰਹੇ, ਇਹ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ, ਪਰ ਅਜੋਕੀ ਸਦੀ ਵਿਚ ਸ਼ਮਸ਼ੀਰ ਦੇ ਪੰਨਿਆਂ ਦੀ ਕਤਾਰ ਲੰਬੀ ਜ਼ਰੂਰ ਹੋਈ ਹੈ।

ਮੇਰੀ ਮਨਮੋਹਨ ਸਿੰਘ ਨਾਲ ਉਦੋਂ ਕੁਝ ਗਲਾਂ ਕਰਕੇ ਨਰਾਜ਼ਗੀ ਹੋ ਗਈ ਜਦੋਂ, ਉਹ ਜੰਮੂ ਦੀ ਸੈਂਟਰ ਜੇਲ੍ਹ ਬੈਰਕ ਨੰ. 6/ਸੀ ਵਿਚ ਬੈਠਾ ਸਿੱਖ ਸੰਘਰਸ਼ ਦੇ ਸ਼ਹੀਦਾਂ ਦੀ ਲੰਮੀ ਲਿਸਟ ਤਿਆਰ ਕਰ ਰਿਹਾ ਸੀ। ਫਿਰ ਉਸ ਨੇ ਮੈਨੂੰ ਅਚਾਨਕ ਕਾਗਜ਼ ਦੀ ਹਿੱਕ ਤੋਂ ਉਠਾ ਕੇ ਇਕ ਪਾਸੇ ਰੱਖ ਦਿੱਤਾ ਤੇ ਚੌਂਕੜਾ ਮਾਰ ਕੇ ਕੁਝ ਸਮਾਂ ਸ਼ਬਦ ਦੀ ਸੁਰਤ ਵਲ ਧਿਆਨ ਲੈ ਗਿਆ। ਕੁਝ ਦੇਰ ਬਾਅਦ ਜੰਮੂ ਜੇਲ੍ਹ ਦੀ ਲਾਇਬਰੇਰੀ 'ਚੋਂ ਕੁਝ ਕਿਤਾਬਾਂ ਲੈ ਕੇ ਆਇਆ ਅਤੇ ਅੱਖਾਂ ਬੰਦ ਕਰਕੇ ਮਨ ਹੀ ਮਨ ਵਿਚ ਬੁਝ ਬੁਝਾਉਣ ਲਗ ਪਿਆ "ਚਲੋ ਜੇ ਸਾਥੋਂ ਵਧੀਆ ਨਹੀਂ ਲਿਖਿਆ ਜਾ ਸਕਦਾ ਤਾਂ ਘਟੋ ਘੱਟ ਵੇਰਵੇ ਤੇ ਫੋਟੋ ਆਦਿ ਦਸਤਾਵੇਜ਼ ਤਾਂ ਸੰਭਾਲਿਆ ਜਾ ਸਕਦਾ ਹੈ। ਮੈਨੂੰ (ਕਲਮ) ਨੂੰ ਆਪਣੀ ਚੁੱਪੀ ਤੋੜਨੀ ਪਈ ਤੇ ਮੈਂ ਕਿਹਾ, "ਸਿਰਦਾਰ ਜੀ ਕੀ ਗੱਲ ਹੈ, ਜਿਥੇ ਡੋਲਨਾ ਸੀ ਉਥੇ ਡੋਲੇ ਨਹੀਂ ਤੇ ਹੁਣ ਹਿੰਮਤ ਹਾਰ ਕੇ ਮੈਨੂੰ ਇਕ ਪਾਸੇ ਸੁੱਟ ਦਿੱਤਾ ਜੇ, ਤੁਹਾਡੇ ਵਰਗੇ ਸਿਰਦਾਰਾਂ ਦਾ ਕੰਮ ਸ਼ਸਤਰ ਸੁੱਟਣਾ ਨਹੀਂ, ਘੱਟੋ-ਘੱਟ ਉਦੋਂ ਤੱਕ ਜਦੋਂ ਤਕ ਆਰੰਭਿਆ ਸੰਘਰਸ਼ ਫਤਹਿ ਤਕ ਨਹੀਂ ਪੁਜ ਜਾਂਦਾ, ਫਿਰ ਤੁਸੀਂ ਤਾਂ ਮੈਨੂੰ ਸ਼ਮਸ਼ੀਰ ਕਿਹਾ ਹੈ ਅਤੇ ਕਲਮੀ ਸੰਘਰਸ਼ ਆਰੰਭਣਾ ਸੀ।" ਮਨਮੋਹਨ : ਦੇਖ ਸ਼ੀਰੋਂ ਤੇਰੇ 'ਚ ਸੰਤ ਰਾਮ ਉਦਾਸੀ ਜਾਂ ਭਾਈ ਗਜਿੰਦਰ ਸਿੰਘ ਵਰਗੇ ਸ਼ਮਸ਼ੀਰ ਦੇ ਧਨੀਆਂ ਵਰਗੀ

ਸਮਰੱਥਾ ਭਾਵੇਂ ਨਹੀਂ, ਪਰ ਇਨਾ ਕੁ ਜਿਗਰ ਤਾਂ ਚਾਹੀਦਾ ਹੈ ਕਿ ਤੂੰ ਸ਼ਹੀਦਾਂ ਦੀ ਗਾਥਾ ਸ਼ਮਸ਼ੀਰ ਬਣ ਕੇ ਲਿਖ ਸਕੇਂ, ਮੈਂ ਨਹੀਂ ਚਾਹੁੰਦਾ ਤੇਰੇ ਵੱਲੋਂ ਲਿਖੇ ਸ਼ਬਦਾਂ ਦੀ ਗਾਥਾ ਨੂੰ ਗੱਲਾਂ ਨਾਲ ਅਸਮਾਨ ਡੇਗਣ ਵਾਲੇ ਲੋਕ ਹਾਸਿਆਂ ਦਾ ਕਿੱਸਾ ਬਣਾ ਕੇ ਰੱਖ ਦੇਣ। ਬਸ ਏਹੀ ਕੁਝ ਸੋਚ ਕੇ ਤੈਨੂੰ ਹੱਥ 'ਚੋਂ ਦੂਰ ਕੀਤਾ ਹੈ।

ਸ਼ਮਸ਼ੀਰ : 25 ਸਾਲਾਂ ਵਿਚ ਤੁਸੀਂ ਦੱਸੋ ਕਿਸੇ ਦੀ ਵੀ ਕਲਮ ਨੇ ਰਿਆਸਤ ਦੇ ਸ਼ਹੀਦਾਂ ਦੀ ਗੱਲ ਕੀਤੀ ਹੈ? ਜੇ ਫਿਰ ਇਸ ਇਕੱਠੇ ਕੀਤੇ ਤੁਹਾਡੇ ਦਸਤਾਵੇਜ ਨੂੰ ਇਲਾਕਾਪ੍ਰਸਤ ਤੇ ਸੰਗਾਊ ਕਲਮਾਂ ਨੇ ਅਣਗੌਲਿਆਂ ਕਰ ਦਿੱਤਾ ਤਾਂ ਫਿਰ ਕੀ ਹੋਵੇਗਾ?

ਮਨਮੋਹਨ : ਫਿਰ ਤੂੰ ਹੀ ਦਸ ਮੈਂ ਕੀ ਕਰਾਂ?"

ਸ਼ਮਸ਼ੀਰ : ਚਲੋ ਤੁਸੀਂ ਆਪਣਾ ਧਿਆਨ ਅੰਮ੍ਰਿਤਸਰ ਵਿਖੇ ਭਗਤ ਪੂਰਨ ਸਿੰਘ ਜੀ ਦੇ ਪਿੰਗਲਵਾੜੇ ਵਿਚਲੇ ਲੂਲੇ ਲੰਗੜੇ ਤੇ ਅਪਾਹਿਜ਼ ਲੋਕਾਂ ਵੱਲ ਲੈ ਜਾਵੋ ਤੇ ਧਿਆਨ ਨਾਲ ਵੇਖੋ। ਜੋ ਲੋਕ ਲੂਲੇ ਲੰਗੜੇ ਹਨ ਉਹ ਵੀ ਹਿੰਮਤ ਨਹੀਂ ਹਾਰਦੇ। ਤੁਸੀਂ ਵੇਖ ਸਕਦੇ ਹੋ ਲੰਗੜੇ ਡਿਗਣ ਦੇ ਡਰੋਂ ਚਲਨਾ ਬੰਦ ਨਹੀਂ ਕਰ ਦੇਂਦੇ, ਉਹ ਚਲਦੇ ਹਨ ਭਾਵੇਂ ਕਿਸੇ ਦਾ ਸਹਾਰਾ ਲੈਣ, ਹੋਰ ਕੁਝ ਨਹੀਂ ਤਾਂ ਹੱਥਾਂ ਦਾ ਸਹਾਰਾ ਲੈ ਕੇ। ਅੰਨੇ ਵੀ ਪਰਵਾਹ ਨਹੀਂ ਕਰਦੇ ਤੁਰਦੇ ਹਨ, ਭਾਵੇਂ ਲਾਠੀ ਦਾ ਸਹਾਰਾ ਹੀ ਸਹੀ। ਗੂੰਗੇ ਬੋਲਦੇ ਹਨ, ਭਾਵੇਂ ਹੱਥਾਂ ਦੇ ਇਸ਼ਾਰਿਆਂ ਨਾਲ ਹੀ ਸਹੀ। ਪਰ ਜ਼ਿੰਦਗੀ ਦਾ ਸਫ਼ਰ ਨਹੀਂ ਬੰਦ ਕਰਦੇ। ਫਿਰ ਜੇ ਅੱਖਾਂ ਵਾਲਾ ਲੂਲਾ ਲੱਤਾਂ ਵਾਲੇ ਅੰਨੇ ਦੇ ਕਨਾੜੇ ਚੜ ਕੇ ਉਸ ਦੀਆਂ ਅੱਖਾਂ ਬਣ ਜਾਵੇ ਤਾਂ ਸਫ਼ਲ ਸੁਖਾਲਾ ਤੈਅ ਨਹੀਂ ਹੋਵੇਗਾ? ਇਸ ਤਰ੍ਹਾਂ ਮਨਮੋਹਨ ਸਿੰਘ ਨੇ ਹੁਲਾਰ ਵਿਚ ਆ ਕੇ ਮੈਨੂੰ ਹਿੱਕ ਨਾਲ ਲਾ ਲਿਆ।

ਇਸ ਤਰ੍ਹਾਂ ਸ਼ੁਰੂ ਹੋਇਆਂ ਕਿਤਾਬ ਦੀ ਹੋਂਦ ਲਈ ਸੰਘਰਸ਼ ਵਰਗਾ ਸਫ਼ਰ। ਕਈ ਵਾਰ ਇਕੱਠਾ ਕੀਤਾ ਮੈਟਰ ਤੇ ਫੋਟੋ ਸੰਘਰਸ਼ ਦੇ ਵਿਰੋਧੀਆਂ ਹੱਥ ਚੜ ਗਏ, ਕਈ ਵਾਰ ਮਨਮੋਹਨ ਸਿੰਘ ਦੀ ਗ੍ਰਿਫ਼ਤਾਰੀ ਹੋਣ ਕਰਕੇ ਆਪਣਿਆਂ ਨੇ ਹੀ ਖਾਕੀ ਦੇ ਡਰੋਂ ਇਕੱਠੀ ਕੀਤੀ ਸਮਗੱਗਰੀ ਅਗ ਜਾਂ ਪਾਣੀ 'ਚ ਰੋੜ ਦਿੱਤੀ ਜਿਸ ਵਿਚ ਪੰਜਾਬ ਦੇ ਸ਼ਹੀਦਾਂ ਦੇ ਵੀ ਵੱਡੀ ਗਿਣਤੀ ਵਿਚ ਫੋਟੋ ਤੇ ਵੇਰਵੇ ਸ਼ਾਮਲ ਹਨ ਤੇ ਸੰਘਰਸ਼ ਹੋਰ ਲੰਮਾ ਹੋ ਗਿਆ।

ਫਿਰ ਰਿਹਾਈ ਤੇ ਮੁੜ ਉਹੀ ਸਫ਼ਰ। ਜਿਵੇਂ ਅੱਖਾਂ ਤੇ ਪੱਟੀ ਹੋਵੇ ਤੂੜੀ ਦਾ ਢੇਰ ਤੇ ਸੂਈ ਲਭਨ ਦਾ ਯਤਨ। ਸਹਿਯੋਗ ਘੱਟ ਰੁਕਾਵਟਾਂ ਬਹੁਤੀਆਂ, ਫਿਰ ਵੀ ਵਧਦੇ ਗਏ ਕਦਮ, ਕਈ ਵਾਰ ਆਰਥਕ ਤੰਗੀ ਵੱਡੀ ਰੁਕਾਵਟ ਬਣੀ ਜਿਸ ਨੂੰ ਕਈ ਦੋਸਤਾਂ ਨੇ ਸਾਥ ਦੇ ਕੇ ਇਸ ਘਾਟ ਨੂੰ ਪੂਰਿਆਂ ਕਰ ਦਿੱਤਾ, ਕਈ ਵਾਰ ਮਨਮੋਹਨ ਸਿੰਘ ਖੁਦ ਇਸ ਕਿਤਾਬ ਦਾ ਇਕ ਪਾਤਰ ਬਣਦਾ ਝੂਠੇ ਪੁਲਿਸ ਮੁਕਾਬਲੇ ਦੀ ਭੇਟਾਂ ਚੜਨ ਤੋਂ ਅਕਾਲ ਪੁਰਖ ਨੇ ਰਖ ਲਿਆ ਸ਼ਾਇਦ ਇਸ ਸੰਘਰਸ਼/ਕਿਤਾਬ ਦੀ ਸੇਵਾ ਲਈ। ਹੁਣ ਪੁਸਤਕ ਆਪ ਜੀ ਦੇ ਹੱਥਾਂ ਵਿਚ ਹੈ। ਮੇਰਾ ਮਨਮੋਹਨ ਸਿੰਘ ਨਾਲ ਤੇ ਮਨਮੋਹਨ ਸਿੰਘ ਦਾ ਆਪਣੇ ਆਪ ਨਾਲ ਕੀਤਾ ਵਾਅਦਾ ਪੂਰਾ ਹੋਇਆ। ਜਿਸ ਦੀ ਖੁਸ਼ੀ ਵਿਚ ਮਨਮੋਹਨ ਸਿੰਘ ਨੇ ਮੇਰੇ ਨਾਂ ਉਤੇ ਇਕ ਰਸਾਲਾ ਵੀ ਆਰੰਭ ਕੀਤਾ ਹੈ। ਮੈਨੂੰ ਉਮੀਦ ਹੈ ਆਪ ਜੀ ਮੇਰੀਆਂ ਤਰੁੱਟੀਆਂ ਤੋਂ ਮੈਨੂੰ ਵਾਕਫ਼ ਜ਼ਰੂਰ ਕਰਵਾਉਗੇ ਜਿਸ ਲਈ ਅਸੀਂ ਇੰਤਜ਼ਾਰ ਕਰਾਂਗੇ ਆਖਰ ਵਿਚ ਧੰਨਵਾਦ ਕਰਦਾ ਹਾਂ -

ਸਭ ਤੋਂ ਪਹਿਲਾਂ ਉਨ੍ਹਾਂ ਸਾਰੇ ਵੀਰਾਂ-ਭੈਣਾਂ ਅਤੇ ਬਜ਼ੁਰਗਾਂ ਦਾ ਜਿਨਾ ਮੈਨੂੰ ਮੈਟਰ ਸਬੰਧੀ ਸੂਚਨਾਵਾਂ/ਜਾਣਕਾਰੀ ਤੇ ਫੋਟੋ ਆਦਿ ਦਿਤੇ ਜਾਂ ਲੈਣ ਵਿਚ ਸਹਾਇਤਾ ਕੀਤੀ।

ਧੰਨਵਾਦ-ਸਾਬਕਾ ਫੈਡਰੇਸ਼ਨ ਆਗੂ ਪ੍ਰਿ. ਨਰਿੰਦਰ ਸਿੰਘ ਜੀ (ਲੇਖਕ ਤੇ ਕਵੀ) ਜਿਨ੍ਹਾਂ ਮੈਨੂੰ ਸਿਧਾਂਤਕ ਵਿਚਾਰਧਾਰਾ ਦੀ ਸਪੱਸ਼ਟਤਾ ਤੋਂ ਜਾਣੂ ਕਰਵਾਇਆ ਸ. ਮਨਮੀਤ ਸਿੰਘ ਅਮਨ, ਜਿਨ੍ਹਾਂ ਮੈਨੂੰ ਅਕਸਰ ਹੱਲਾ ਸ਼ੇਰੀ ਦਿੱਤੀ, ਇਸੇ ਨਾਲ ਬੀਬੀ ਮਨਜੀਤ ਕੌਰ ਜੀ ਤੇ ਭਾਈ ਜਗਜੀਤ ਸਿੰਘ ਜੀ ਡਾ. ਗੁਰਵਿੰਦਰ ਸਿੰਘ ਜੀ ਲੇਖਕ ਤੇ ਕਵੀ, ਜਿਨ੍ਹਾਂ ਨੇ ਮੈਨੂੰ ਪੱਤਰਕਾਰੀ ਦੇ ਹੁਨਰ ਸਿਖਾਏ ਅਤੇ ਸੇਧ ਦੇਂਦੇ ਰਹੇ ਅਤੇ। ਮੈਟਰ ਪੜ੍ਹਨ ਟਾਈਪ ਕਰਵਾਉਣ ਅਤੇ ਸੁਧਾਈ ਕਰਨ ਲਈ ਧੰਨਵਾਦ ਸ. ਕੁਲਜੀਤ ਸਿੰਘ (ਮੁਕਤਸਰ) ਸ. ਕਮਲਦੀਪ ਸਿੰਘ, ਅਮੀਕ ਸਿੰਘ। ਧੰਨਵਾਦ ਸ. ਸੁਦਰਸ਼ਨ ਸਿੰਘ ਵਕੀਲ ਦਾ ਇਹ ਕਿਤਾਬ ਛਪਕੇ ਇੰਨੀ ਜਲਦੀ ਪ੍ਰਗਟ ਨਾ ਹੁੰਦੀ ਜੇ ਇਸ ਦੀ ਛਪਾਈ ਦਾ ਖਰਚ "ਗੁਰੂ ਆਸਰਾ ਫਾਊਂਡੇਸ਼ਨ ਕੈਨੇਡਾ" ਦੇ ਸ. ਸੁਰਜੀਤ ਸਿੰਘ ਜੀ (ਅੰਕਲ) ਅਤੇ ਬੀਬੀ ਸੁਖਵਿੰਦਰ ਕੌਰ ਜੀ ਨਾ ਉਠਾਉਂਦੇ ਇਸ ਲਈ ਵਿਸ਼ੇਸ਼ ਧੰਨਵਾਦ ਕਰਦਾ ਹਾਂ। ਅਕ੍ਰਿਤਘਣ ਹੋਵਾਂਗਾ ਜੇ ਆਪਣੀ ਜੀਵਨ ਸਾਥਣ ਸਰਬਜੀਤ ਕੌਰ ਦਾ ਜ਼ਿਕਰ ਨਾ ਕਰਾਂ ਤਾਂ, ਜਿਸ ਨੇ ਮੈਨੂੰ ਛੋਟੀਆਂ ਵੱਡੀਆਂ ਸਾਰੀਆਂ ਘਰੇਲੂ ਜ਼ਿੰਮੇਵਾਰੀਆਂ ਤੋਂ ਕਾਫ਼ੀ ਸਮਾਂ ਮੁਕਤ ਕਰੀ ਰੱਖਿਆ।

ਆਪਣੇ ਮਾਤਾ-ਪਿਤਾ ਜੀ ਦਾ ਧੰਨਵਾਦ ਕਰਨ ਵੇਲੇ ਕੁਝ ਗੁਨਾਹਗਾਰ ਜਿਹਾ ਮਹਿਸੂਸ ਕਰ ਰਿਹਾ ਹਾਂ, ਕਿਉਂਕਿ ਜਦੋਂ ਮੈਨੂੰ ਉਨ੍ਹਾਂ ਦੀ ਜ਼ਰੂਰਤ ਸੀ ਉਨ੍ਹਾਂ ਕੋਈ ਘੱਟ ਨਹੀਂ ਕੀਤੀ ਤੇ ਹਰ ਸ਼ੈਅ ਆਪਣੇ ਬੱਚਿਆਂ ਨੂੰ ਲੈ ਕੇ ਦਿੱਤੀ। ਪਰ ਜਦੋਂ ਉਨ੍ਹਾਂ ਨੂੰ ਮੇਰੀ ਲੋੜ ਸੀ ਮੈਂ ਪੰਥ ਲਈ ਸਲਾਖਾਂ ਪਿਛੇ ਹਨੇਰੀ ਅਤੇ ਗੁੰਮਨਾਮ ਜ਼ਿੰਦਗੀ ਜੀ ਰਿਹਾ ਸੀ ਅਤੇ ਇਸੇ ਕਾਰਣ ਵੱਡੇ ਵੀਰ ਸ. ਚਰਨਜੀਤ ਸਿੰਘ ਅਜ਼ਾਦ, ਪੁਲਿਸ ਵੱਲੋਂ ਗੁੰਮ (ਸ਼ਹੀਦ) ਕਰ ਦੇਣ ਤੇ ਕੁਝ ਨਾ ਕਰ ਸਕਿਆ, ਇਸੇ ਕੜੀ ਵਿਚ ਦੂਜੇ ਵੱਡੇ ਭਰਾ ਸ. ਰਣਜੀਤ ਸਿੰਘ ਪਿੰਕੀ, ਕਈ ਵਾਰ ਪੁਲਿਸ ਦੇ ਕਹਿਰ ਦਾ ਸ਼ਿਕਾਰ ਹੁੰਦਾ ਰਿਹਾ ਤੇ ਮੈਂ ਸਲਾਖਾਂ ਪਿਛੇ ਬੰਦ ਕੁਝ ਨਾ ਕਰ ਸਕਿਆ। ਮੈਂ ਬੀਬੀ ਕੁਲਵੀਰ ਕੌਰ ਜੀ ਧਾਮੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਭਾਈ ਬਲਜੀਤ ਸਿੰਘ ਖਾਲਸਾ, ਬਲਵੰਤ ਸਿੰਘ, ਰਾਜਿੰਦਰ ਸਿੰਘ, ਮਨਮੋਹਨ ਸਿੰਘ 'ਭਰਾਤਾ', ਸ਼ਹੀਦ ਅਵਤਾਰ ਸਿੰਘ, ਪੰਜਾਬ ਸਿੰਘ ਸ. ਬਲਦੇਵ ਸਿੰਘ ਦਾ ਵੀ ਧੰਨਵਾਦੀ ਹਾਂ।

ਧੰਨਵਾਦ ਕਰਦਾ ਹਾਂ ਆਪਣੇ ਸਤਿਕਾਰਯੋਗ ਭਾਈ ਸਾਹਿਬ ਨਿਰਮਲ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਰਵਿੰਦਰ ਕੌਰ (ਭੈਣ ਜੀ) ਦਾ ਜੋ ਮੈਨੂੰ ਸਮੇਂ-ਸਮੇਂ ਤੇ ਹੌਂਸਲਾ ਦੇਂਦੇ ਰਹੇ।

ਮੁਕੱਦਰ ਬਣ ਗਇਆ ਤਹਿਰੀਰ ਮੇਰਾ,
ਕਲਮ ਬਨ ਗਇਆ, ਸ਼ਮਸ਼ੀਰ ਮੇਰਾ।''

ਆਪ ਜੀ ਦਾ
ਮਨਮੋਹਨ ਸਿੰਘ ਜੰਮੂ

ਕਸ਼ਮੀਰ ਦੇ ਹਾਕਮ, ਅਵਾਮ ਅਤੇ ਸਿੱਖ

ਕਸ਼ਮੀਰ ਜੋ ਅਜ ਦੁਨੀਆਂ ਭਰ ਵਿਚ ਸਵਰਗ ਵਰਗੀ ਰਿਆਸਤ ਦੀ ਥਾਂ ਤੇ ਭਾਰਤ ਨਾਲ ਅਜ਼ਾਦੀ ਲਈ ਸੰਘਰਸ਼ ਕਰਨ ਵਾਲੀ ਮੁਸਲਮਾਨੀ ਸਟੇਟ ਜਾਂ ਗੜਬੜੀ ਵਾਲੀ ਰਿਆਸਤ ਵਜੋਂ ਜਾਣਿਆ ਜਾਣ ਲੱਗ ਪਿਆ ਹੈ। ਕਸ਼ਮੀਰੀ ਅਵਾਮ ਭਾਵੇਂ ਉਹ ਕਿਸੇ ਵੀ ਧਰਮ 'ਚੋਂ ਹੋਵੇ, ਉਸ ਪ੍ਰਤੀ ਆਮ ਰਾਇ ਦਿੱਤੀ ਜਾਂਦੀ ਹੈ ਕਿ ਇਥੇ ਦੇ ਲੋਕ ਧਰਮ ਪ੍ਰਤੀ ਦ੍ਰਿੜ ਇਰਾਦੇ ਵਾਲੇ, ਪੜ੍ਹੇ ਲਿਖੇ, ਵਿਦਵਾਨ, ਧਾਰਮਿਕ ਵਿਦਿਆ ਅਤੇ ਕੌਮੀ ਸਿਧਾਂਤਾਂ ਦੇ ਪਹਿਰੇਦਾਰ ਹਨ।

ਜਿਵੇਂ ਮੇਰੇ ਦੇਸ਼ ਪੰਜਾਬ ਲਈ ਆਮ ਕਿਹਾ ਜਾਂਦਾ ਹੈ, "ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ" ਉਸੇ ਤਰ੍ਹਾਂ ਕਸ਼ਮੀਰ ਦੇ ਹਾਕਮਾਂ ਦੀ ਨਿਤ ਬਦਲਦੀ ਹਕੂਮਤ ਦਾ ਰਿਵਾਜ਼ ਕਸ਼ਮੀਰ ਵਿਚ ਚਲਦਾ ਆਇਆ ਹੈ ਅਤੇ ਹਾਕਮਾਂ ਦੇ ਨਾਲ ਹੀ ਇਥੇ ਧਰਮ ਬਦਲਣ ਜਾਂ ਬਦਲੀ ਕਰਵਾਉਣ ਦੀ ਵੀ ਪਰੰਪਰਾ ਰਹੀ ਹੈ। ਅੱਜ ਭਾਵੇਂ ਵਕਤ ਕਾਫੀ ਬਦਲ ਚੁਕਿਆ ਹੈ ਪਰ ਵਕਤ ਦੇ ਨਾਲ ਹੀ ਹਾਕਮਾਂ ਦੇ ਤੌਰ ਤਰੀਕੇ ਅਤੇ ਨੀਤੀ ਵਿਚ ਵੀ ਬਦਲਾਵ ਆਇਆ ਹੈ ਅੱਜ ਵੀ ਕਈ ਮੁਸਲਮਾਨ ਮਿਸ਼ਨਰੀ, ਹਿੰਦੂ, ਸਿੱਖ, ਬੋਧੀ, ਈਸਾਈਆਂ ਨੂੰ ਕਿਸੇ ਵੀ ਹੀਲੇ ਵਸੀਲੇ ਰਾਹੀਂ ਇਸਲਾਮ ਕਬੂਲ ਕਰਨ ਲਈ ਪ੍ਰੇਰਿਤ/ਮਜ਼ਬੂਰ ਕਰਦੇ ਵੇਖੇ ਸੁਣੇ ਜਾ ਸਕਦੇ ਹਨ। ਅਜਿਹਾ ਹੀ ਦੱਬਿਆ ਕੁਚਲਿਆ ਸਮਾਜਿਕ ਅਤੇ ਆਰਥਿਕ ਪੱਖੋਂ ਪਛੜਿਆਂ ਨੂੰ ਈਸਾ ਦੇ ਇੱਜੜ ਵਿਚ ਲਿਆਉਣ ਲਈ ਈਸਾਈ ਮਿਸ਼ਨਰੀ ਵੀ ਪਰਦੇ ਪਿਛੇ ਰਹਿੰਦੇ ਹੋਏ ਪੂਰੀ ਤਰ੍ਹਾਂ ਸਰਗਰਮ ਹਨ। ਹਿੰਦੂ ਸਿੱਖ ਭਾਈ-ਭਾਈ ਦਾ ਨਾਹਰਾ ਲਾਉਣ ਵਾਲੇ ਪਰ ਅੰਦਰੋਂ ਕੱਟੜ ਸਨਾਤਨੀ ਲੀਡਰ/ਹਿੰਦੂ ਕੱਟੜ ਪ੍ਰਚਾਰਕ ਸਿਧੇ ਤੌਰ 'ਤੇ ਜੁਰੱਤ ਨਾ ਕਰਦੇ ਹੋਏ ਵੀ ਸਿੱਖਾਂ ਨੂੰ ਹਿੰਦੂਆਂ ਦੀ ਰਖਿਆ ਕਰਨ ਲਈ ਬਣਾਏ ਗਏ ਕੇਸਾਧਾਰੀ ਹਿੰਦੂ ਫੌਜ ਤੋਂ ਵਧ ਕੁਝ ਵੀ ਮੰਨਣ ਨੂੰ ਤਿਆਰ ਨਹੀਂ ਅਤੇ ਦਿਨ ਰਾਤ ਕਦੀ ਆਰ.ਐਸ.ਐਸ. ਦੀ ਰਾਸ਼ਟਰੀ ਸਿੱਖ ਸੰਗਤ ਰਾਹੀਂ, ਕਦੀ ਅਕਾਲੀ ਦਲ ਰਾਹੀਂ ਕਦੀ ਵਿਕਾਊ ਅਖੌਤੀ ਸਿੱਖ ਜਥੇਦਾਰਾਂ ਰਾਹੀਂ ਸਿੱਖਾਂ ਨੂੰ ਹਿੰਦੂ ਮਹਾਂਸਾਗਰ ਵਿਚ ਡੋਬਣ ਲਈ ਤੱਤਪਰ ਹਨ। ਰਿਆਸਤ ਜੰਮੂ ਕਸ਼ਮੀਰ ਦੀ ਸਿੱਖੀ ਦੇ ਪਹਿਰੇਦਾਰ ਵਜੋਂ ਆਪਣੇ ਆਪ ਨੂੰ ਪ੍ਰਚਾਰਨ ਵਾਲੇ ਵੀ ਅੱਜ ਇਨ੍ਹਾਂ ਮਨੁੱਖੀ ਸਿਧਾਂਤਾਂ ਦੇ ਦੁਸ਼ਮਣਾਂ ਅਗੇ ਡੰਡਉਤ ਕਰਦੇ ਵੇਖੇ ਜਾ ਸਕਦੇ ਹਨ।

ਫਿਰ ਸਿੱਖੀ ਦਾ ਰਿਆਸਤ ਵਿਚ ਸੰਭਾਲ ਕਰਨ ਵਾਲਾ ਕਿਸ ਨੂੰ ਕਿਹਾ ਜਾਵੇ?

ਰਿਆਸਤ ਦੀ ਸਿਖੀ ਵੀ ਬਾਕੀ ਦੀ ਸਟੇਟਾਂ ਵਾਂਗ ਆਗੂ ਹੀਨ, ਦਿਸ਼ਾ ਹੀਨ, 'ਗੁਰਮਤਿ ਸਿਧਾਂਤਾਂ ਤੋਂ ਟੁੱਟਦੀ ਜਾ ਰਹੀ ਹੈ। ਜੰਮੂ-ਕਸ਼ਮੀਰ ਦੇ ਬਹੁ ਗਿਣਤੀ ਸਿਖਾਂ ਦੀ ਹਾਲਤ ਉਸ ਖੋਤੇ ਵਰਗੀ ਹੈ, ਜਿਸ ਉਤੇ ਗੁਰੂ ਕਲਗੀਧਰ ਪਾਤਸ਼ਾਹ ਨੇ ਸ਼ੇਰ ਦੀ ਖਲ ਪਾਈ ਸੀ ਅਤੇ ਪੰਜਾਬ ਦੇ ਬਹੁਗਿਣਤੀ ਸਿਖਾਂ ਦੀ ਹਾਲਤ ਇਹ ਹੈ ਕਿ ਉਹ ਅੰਦਰੋਂ ਅਜ ਵੀ ਸ਼ੇਰਦਿਲ ਬਿਰਤੀ ਦੇ ਹਨ ਪਰ ਉਨ੍ਹਾਂ ਦੀ ਸੂਰਤ ਅਤੇ ਸੋਚ ਬ੍ਰਾਹਮਣਾਂ ਵਰਗੀ ਬਣ ਚੁੱਕੀ ਹੈ। ਕੌਮ ਲਈ ਇਹ ਦੋਵੇਂ ਹੀ ਸੂਰਤਾਂ ਬਹੁਤ ਘਾਤਕ ਹਨ। ਇਸ ਮਾਹੌਲ ਵਿਚ ਰਿਆਸਤ ਦਾ ਸਿੱਖ ਪੰਜਾਬ ਦੀ ਰਹਿਨੁਮਾਈ ਵਲ ਉਮੀਦ ਭਰੀ ਨਜ਼ਰ ਨਾਲ ਵੇਖ ਰਿਹਾ ਹੈ ਅਤੇ ਕਈ ਵਾਰ ਕਸ਼ਮੀਰ 'ਚੋਂ ਨਿਕਲ ਜਾਣ ਦੀ ਤਿਆਰੀ ਕਰ ਚੁਕਿਆ ਹੈ। ਪਰ ਓਹ ਇਸ ਕੌੜੇ ਸੱਚ ਤੋਂ ਵੀ ਬੇਖ਼ਬਰ ਨਹੀਂ ਕਿ ਉਹ ਆਖ਼ਰ ਭਾਰਤ ਵਿਚ ਜਾਵੇ ਤਾਂ ਜਾਵੇ ਕਿਥੇ? ਦਿੱਲੀ, ਕਾਨਪੁਰ, ਯੂ.ਪੀ., ਜੰਮੂ, ਕਸ਼ਮੀਰ ਆਦਿ ਹਰ ਥਾਂ ਉਸ ਨੂੰ ਲੁਟਿਆ, ਬੇਪਤ ਅਤੇ ਕਤਲ ਕੀਤਾ ਗਿਆ ਹੈ।

ਪੱਗੜੀਆਂ ਜਲਾ ਦੀ, ਕਤਲ ਕੇਸ ਹੂਏ ਘਰ ਬਾਰ ਹਮਾਰੇ ਜਲਾ ਦੀਏ, ਫਿਰ ਹਮ ਆਏ ਪੰਜਾਬ ਕੀ ਔਰ ਵਹਾਂ ਪਰ ਭੀ ਮੁਕਾਬਲੇ ਬਨਾ ਦੀਏ....'' (ਫ਼ਿਲਮ ਹਵਾਏਂ ਦਾ ਗੀਤ)

ਪਾਕਿਸਤਾਨ, ਅਸਟਰੇਲਿਆ ਤੋਂ ਕੈਨੇਡਾ, ਅਮਰੀਕਾ, ਫਰਾਂਸ ਤਕ ਸਿੱਖ ਅਪਨੀ ਹੋਂਦ ਦੀ ਲੜਾਈ ਲੜ ਰਿਹਾ ਹੈ। ਬੜੇ ਫ਼ਖਰ ਦੀ ਗੱਲ ਹੈ। ਪਰ ਇਥੇ ਹੀ ਸ਼ਰਮਨਾਕ ਗੱਲ ਇਹ ਹੈ ਕਿ ਰਿਆਸਤ ਦੇ ਸਿੱਖਾਂ ਦੇ ਕਿੰਨੀ ਵਾਰੀ ਮੁਕਾਬਲੇ ਅਤੇ ਕਤਲੇਆਮ ਹੋਏ ਹਨ। ਅੱਜ ਤਕ ਕਿਸੇ ਵੀ ਪਾਰਟੀ ਜਾਂ ਲੀਡਰ ਨੇ ਇਨ੍ਹਾਂ ਕਤਲਾਂ ਦੀ ਪੈਰਵੀ ਕਰਨ ਦਾ ਯਤਨ ਨਹੀਂ ਕੀਤਾ। ਹਾਂ ਅਖ਼ਬਾਰਾਂ 'ਚ ਫੋਟੋ ਲਗਵਾਉਣ ਲਈ ਬਿਆਨ ਜਾਂ ਪ੍ਰੈਸ ਕਾਨਫਰੰਸਾਂ ਜ਼ਰੂਰ ਕੀਤੀਆਂ ਹਨ। ਜਿਨ੍ਹਾਂ ਘਰਾਂ ਦੇ ਮੈਂਬਰ ਮਰੇ ਹਨ ਉਨ੍ਹਾਂ ਨੇ ਵੀ ਕਦੀ ਕਾਤਲ ਦੀ ਗ੍ਰਿਫ਼ਤਾਰੀ, ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਦੀ ਥਾਂ ਆਪਣੇ ਨੁਕਸਾਨ ਦੀ ਭਰਪਾਈ ਅਤੇ ਮੱਦਦ ਲਈ ਸਰਕਾਰ ਅੱਗੇ ਝੋਲੀ ਜ਼ਰੂਰ ਅਡੀ ਹੋਵੇਗੀ।

ਇਹ ਜਾਂ ਤਾਂ ਮੁਰਦਾ ਹੋਈ ਜ਼ਮੀਰ ਦੀ ਨਿਸ਼ਾਨੀ ਹੈ ਜਾਂ ਫਿਰ ਇਸ ਗੱਲ ਦਾ ਪ੍ਰਮਾਣ ਕਿ ਸਿੱਖਾਂ ਨੂੰ ਇਥੇ ਭਾਰਤ 'ਚ ਇਨਸਾਫ ਨਹੀਂ ਮਿਲ ਸਕਦਾ। ਇਸ ਲਈ ਆਉ ਭਾਵੇਂ ਮਨ ਕਰਕੇ ਭਾਵੇਂ ਸਮਝਦਾਰੀ ਵਜੋਂ ਗੁਰੂ ਸਾਹਿਬ ਦੇ ਦੱਸੇ ਇਸ ਸਿਧਾਂਤ-

ਪਹਿਲਾ ਮਰਣੁ ਕਬੂਲ ਜੀਵਨ ਕੀ ਛਡ ਆਸ
ਭੈਹ ਕਾਹੂ ਕੋ ਦੇਤ ਨਹਿ ਨ ਭੈ ਮਾਨਤ ਆਨ।

ਅਤੇ ਬਾਬਰ ਨੂੰ ਜਾਬਰ ਤੇ ਮਲਕ ਭਾਗੋ ਨੂੰ ਪਾਪੀ ਜ਼ਾਲਮ ਕਹਿਣ ਦੀ ਜੁਰਅਤ ਪੈਦਾ ਕਰੀਏ ਇਸ ਨਾਲ ਘਟੋ-ਘੱਟ ਮਰਨ ਵੇਲੇ ਇਹ ਅਹਿਸਾਸ ਤਾਂ ਰਹੇਗਾ ਕਿ ਅਸੀਂ ਸ਼ਹੀਦ ਹੋ ਰਹੇ ਹਾਂ। ਵਰਨਾ ਬੁਜ਼ਦਿਲਾਂ ਵਾਂਗ ਮਰਕੇ ਸ਼ਹੀਦ ਵਰਗੇ ਮਹਾਨ ਸ਼ਬਦ ਨੂੰ ਕਦੋਂ ਤਕ ਵਰਤਦੇ ਰਹਾਂਗੇ।

ਆਓ ਹੁਣ ਵਰਤਮਾਨ ਨੂੰ ਪੜਚੋਲਣ ਲਈ ਜੰਮੂ-ਕਸ਼ਮੀਰ ਦੇ ਹਾਕਮਾਂ ਅਤੇ ਅਵਾਮ ਦੇ ਭੂਤਕਾਲ ਉਤੇ ਵੀ ਸਰਸਰੀ ਜਿਹੀ ਝਾਤ ਮਾਰ ਲਈਏ। ਘਾਟੀ ਕਸ਼ਮੀਰ ਉਤੇ 22ਈ. ਤੋਂ 1129 ਈ. ਤਕ ਹਿੰਦੂ ਰਾਜਿਆਂ ਦੀ ਹਕੂਮਤ ਰਹੀ, ਜਿਨ੍ਹਾਂ ਰਾਹੀਂ ਜੰਮੂ-ਕਸ਼ਮੀਰ ਵਿਚ ਹਜ਼ਾਰਾਂ ਮੰਦਰ ਅਤੇ ਹਿੰਦੂ ਧਰਮ ਤੇ ਸੰਸਕ੍ਰਿਤੀ ਵਿਦਿਆ ਦੇ ਪ੍ਰਸਾਰ ਲਈ ਵਿਦਿਆ ਕੇਂਦਰ ਸਥਾਪਤ ਕੀਤੇ ਗਏ। ਭਾਰਤ 'ਚੋਂ ਹਿੰਦੂ ਲੋਕ ਵੇਦਾਂ, ਸ਼ਾਸ਼ਤ੍ਰਾਂ ਦੀ ਵਿਦਿਆ ਹਾਸਲ ਕਰਨ ਲਈ ਵੱਡੀ ਗਿਣਤੀ ਵਿਚ ਆਉਣ ਲੱਗ ਪਏ। ਹਿੰਦੂ ਰਾਜਿਆਂ 'ਚੋਂ ਸਭ ਤੋਂ ਵੱਡਾ ਮਸ਼ਹੂਰ ਰਾਜਾ ਅਸ਼ੋਕ ਸੀ, ਜਿਸ ਨੇ ਮਹਾਤਮਾ ਬੁੱਧ ਦੀ ਵਿਚਾਰਧਾਰਾ ਤੋਂ ਪ੍ਰੇਰਤ ਹੋ ਕੇ ਬੁੱਧ ਧਰਮ ਅਪਨਾ ਲਿਆ ਅਤੇ ਕਸ਼ਮੀਰ ਭਰ 'ਚੋਂ ਹਿੰਦੂ ਮੰਦਰਾਂ ਨੂੰ ਤੋੜ ਕੇ ਬੁੱਧ ਮੱਠਾਂ ਦਾ ਨਿਰਮਾਣ ਕਰਵਾਇਆ। ਪਰ ਅਸ਼ੋਕ ਦਾ ਪੁੱਤਰ ਰਾਜਾ ਜੁਲਕਾ ਸੱਤਾ ਹਾਸਲ ਕਰਨ ਲਈ ਪਿਤਾ ਤੋਂ ਬਾਗੀ ਹੋ ਗਿਆ। ਜਿਸ ਨੇ ਹਿੰਦੂ ਬਹੁ ਗਿਣਤੀ ਤੋਂ ਸਮਰਥਣ ਲੈਣ ਲਈ ਹਿੰਦੂ ਧਰਮ ਅਪਨਾ ਲਿਆ ਅਤੇ ਰਾਜ ਤਖ਼ਤ ਨੂੰ ਅਪਣਾਉਣ ਤੋਂ ਬਾਅਦ ਇਸ ਨੇ ਬੋਧੀਆਂ ਦਾ ਵੱਡੀ ਗਿਣਤੀ ਵਿਚ ਨਸਲਘਾਤ ਕੀਤਾ ਤੇ ਮੱਠਾਂ ਨੂੰ ਢਾਹ ਢੇਰੀ ਕਰ ਦਿੱਤਾ। ਰਿਆਸਤ ਨਾਲ ਸੰਬੰਧੀ ਲਿਖਤਾ ਰਾਜ ਤਰੰਗਨੀ, ਨੀਲ ਮਤ ਪੁਰਾਣ, ਜੰਮੂ ਕਸ਼ਮੀਰ ਦਾ ਇਤਿਹਾਸ ਅਤੇ ਕਸ਼ਮੀਰ ਦੇ ਸਿੱਖ ਆਦਿ ਲਿਖਤਾਂ ਵਲੋਂ ਦਿਤੇ ਗਏ ਹਵਾਲਿਆਂ ਤਹਿਤ ਕਸ਼ਮੀਰ ਵਿਚ ਹਿੰਦੂ ਰਾਜਿਆਂ ਨੇ 300 ਸਾਲ ਤੱਕ ਰਾਜ ਕੀਤਾ ਹੈ। ਕਸ਼ਮੀਰ ਦੇ ਹੁਕਮਰਾਨਾਂ ਬਾਰੇ ਪ੍ਰੋ. ਹਿੰਮਤ ਸਿੰਘ ਲਿਖਦੇ ਹਨ। "ਸ਼ਮਸਦੀਨ ਇਰਾਕੀ ਤੇ ਸ਼ੀਆ ਨੁਮਾ "ਨੂਰਬਖਸ਼ੀ" ਮਤ ਦੇ ਪ੍ਰਚਾਰਕ ਮੂਸਾ ਰੈਣਾ ਨੇ 24 ਹਜ਼ਾਰ ਹਿੰਦੂਆਂ ਨੂੰ ਇਕੋ ਹੀ ਝਟਕੇ ਨਾਲ ਮੁਸਲਮਾਨ (ਸ਼ੀਆ) ਬਣਾ ਲਿਆ ਅਤੇ ਉਸ ਵਲੋਂ ਹਿੰਦੂਆਂ ਦੇ ਮੰਦਰ ਮਿਟੀ ਨਾਲ ਮਿਲਾ ਕੇ ਉਨ੍ਹਾਂ ਦੀਆਂ ਨੀਹਾਂ (ਮੰਦਰਾਂ) ਉਪਰ ਮਸਜਿਦਾਂ ਉਸਾਰ ਦਿੱਤੀਆਂ..... ਕਸ਼ਮੀਰ ਦੇ ਸਿਆਸੀ ਇਤਿਹਾਸ ਵਿਚ 1483 ਤੋਂ 1540 ਪੰਜਾਹ ਵਰੇ ਦੇ ਸਮੇਂ ਨੂੰ ਸਿਆਸੀ ਬੁਰਛਾ ਗਰਦੀ ਦਾ ਸਮਾਂ ਗਰਦਾਨਿਆਂ ਗਿਆ ਹੈ। ਇਨ੍ਹਾਂ ਸਾਰਿਆਂ ਹਾਕਮਾਂ ਵਿਚੋਂ ਸਭ ਤੋਂ ਵਧ ਜ਼ਾਲਮ ਸਮਸੁਦੀਨ ਇਰਾਕੀ, ਮੂਸਾ ਰੈਣਾ ਅਤੇ ਹਮਲਾਵਰ ਮਿਰਜਾ ਤੁਗਲਕ ਕਾਸਗਰੀ ਹੋਏ ਹਨ। ਇਨ੍ਹਾਂ ਦੇ ਸਮੇਂ ਵਿਚ ਨਾ ਸਿਰਫ਼ ਹਿੰਦੂਆਂ ਉਪਰ ਬਲਕਿ ਮੁਸਲਮਾਨਾਂ ਉਤੇ ਵੀ ਜ਼ੁਲਮ ਹੋਏ (ਭਾਵ ਸੁਨੀਆਂ ਦੇ ਸ਼ੀਆ, ਸ਼ੀਆ ਵਲੋਂ ਨੂਰਬਖਸ਼ੀਆਂ, ਅਤੇ ਸੁਨੀਆਂ ਤੇ)" ਇਸ ਕਤਲੋ ਗਾਰਦ ਦਾ ਦੁਖ ਪ੍ਰਗਟ ਕਰਦਿਆਂ ਹਿੰਦੂ ਲੇਖਕ "ਸ਼ੁਕ" ਲਿਖਦਾ ਹੈ ਕਿ ਬਿਨਾਂ ਕਿਸੇ ਧਾਰਮਿਕ ਦੀਖਿਆ ਦਿਤੇ ਹੀ ਸ਼ਮਸੁਦੀਨ ਇਰਾਕੀ ਦੇ ਬਣੇ ਚੇਲੇ ਮੂਸਾ ਚੰਦਰ (ਹਿੰਦੂ) ਤੋਂ ਮੁਸਲਮਾਨ ਬਣੇ ਮੂਸਾ ਰੈਣਾ ਨੇ ਸ਼ੰਕਰ ਸੰਚਾਲਨ (ਮੰਦਰ ਦਾ ਵੱਡਾ ਮਹੰਤ) ਅਤੇ ਹੋਰ ਪੁਜਾਰੀ ਕੈਦ ਕਰ ਦਿਤੇ ਅਤੇ ਕਸ਼ਮੀਰ 'ਚ ਬ੍ਰਾਹਮਣਾਂ/ਹਿੰਦੂਆਂ ਤੋਂ ਉਨ੍ਹਾਂ ਦਾ ਜਾਨ (ਔਰਤਾਂ) ਮਾਲ (ਪੈਸਾ) ਅਤੇ ਜਗੀਰਾਂ, ਮੰਦਰ ਖੋਹ ਲਏ ਗਏ।

ਸ. ਸਵਰਨ ਸਿੰਘ ਲਿਖਦੇ ਹਨ - ਸ਼ਮਾਂ ਦੇਵਾਂ ਰਾਜੇ ਦੇ ਸੈਨਾਪਤੀ ਰਾਜਚੰਦ ਪਾਸ

ਦੋ ਬਦੇਸ਼ੀ ਬੰਦੇ ਠਹਿਰੇ ਹੋਏ ਸਨ ਇਕ ਜਿਸ ਨੂੰ ਲੇਖਕ ਰੰਚਨ ਸ਼ਾਹ ਵਜੋਂ ਲਿਖਦਾ ਹੈ "ਰਿਨ ਛਿਣ" ਤਿਬਤੀ ਜੋ ਤਿਬਤ ਬੋਧੀ ਰਾਜੇ ਦਾ ਪੁੱਤਰ ਸੀ ਅਤੇ ਅਪਨੇ ਪਿਤਾ ਨਾਲ ਲੜਕੇ ਆਇਆ ਹੋਇਆ ਸੀ। ਇਸ ਨਾਲ ਦੂਜਾ ਸੀ ਸ਼ਾਹ ਮਿਰਜਾ। ਸੈਨਾਪਤੀ ਰਾਮ ਚੰਦ ਨੌਂ ਰਿਣਛਿਣ ਨੇ ਧੋਖੇ ਨਾਲ ਬੋਧੀ ਮਿਸ਼ਨਰੀਆਂ ਪਾਸੋਂ ਕਤਲ ਕਰਵਾ ਕੇ 1324 ਈ. ਵਿਚ ਆਪਣੇ ਸਾਥੀ ਸ਼ਾਹ ਮਿਰਜਾ ਨਾਲ ਰਲਕੇ ਕਸ਼ਮੀਰ ਦਾ ਤਖ਼ਤ ਮਲ ਲਿਆ ਅਤੇ ਫਿਰ 'ਰਿਣਛਿਣ' ਨੇ ਸੈਨਾਪਤੀ ਰਾਮਚੰਦ ਦੀ ਲੜਕੀ ਕੋਟਾ ਰਾਣੀ ਨਾਲ ਸ਼ਾਦੀ ਕਰ ਲਈ। ਜਿਸ ਤੋਂ ਬਾਅਦ ਉਹ ਹਿੰਦੂ ਧਰਮ ਅਪਨਾਉਣ ਲਈ ਬ੍ਰਾਹਮਣਾਂ ਪਾਸ ਗਿਆ, ਪਰ ਪੰਡਤਾਂ ਨੇ ਉਸ ਨੂੰ ਨੀਵੀ ਜਾਤ ਦਾ ਦਸ ਕੇ ਮਜ਼ਾਕ ਉਡਾਇਆ ਅਤੇ ਹਿੰਦੂ ਬਨਾਉਣ ਤੋਂ ਨਾਂਹ ਕਰ ਦਿੱਤੀ। ਰਿਣਛਿਣ ਇਕ ਮੁਸਲਿਮ ਫਕੀਰ ਬੁਲਬੁਲਸ਼ਾਹ, ਤੋਂ ਪ੍ਰਭਾਵਤ ਹੋ ਕੇ ਮੁਸਲਮਾਨ "ਸਦਰੋਦੀਨ" ਬਣ ਗਿਆ। ਜਿਸ ਨੇ ਜਾਮਾ ਮਸਜਿਦ ਅਤੇ ਬੁਲਬੁਲ ਸ਼ਾਹ ਦੀ ਜ਼ਿਆਰਤ ਤਿਆਰ ਕਰਵਾਈ ਅਤੇ ਫਿਰ ਹਿੰਦੂਆਂ ਉਤੇ ਇਸ ਦੀ ਨਫ਼ਰਤ ਭਰੀ ਤਲਵਾਰ ਦਾ ਦੌਰ ਚਲਿਆ।

ਕਸ਼ਮੀਰ ਦੇ ਪਹਿਲੇ ਮੁਸਲਿਮ ਬਾਦਸ਼ਾਹ ਸਦਰੋਦੀਨ (ਰਿਣਛਿਣ) ਦੀ ਮੌਤ ਤੋਂ ਬਾਅਦ ਇਸ ਦੇ ਦੋਸਤ, ਸ਼ਾਹ ਮਿਰਜਾ, ਨੇ ਰਾਜ ਦਾ ਪ੍ਰਬੰਧ ਸੰਭਾਲਿਆ। ਉਦਰੋਂ 1327 ਈ. ਵਿਚ ਰਾਜਾਂ ਸ਼ਮਾਂ ਦੇਵਾਂ ਦੇ ਭਰਾ ਉਧਿਆਨ ਦੇਵਾ ਨੇ ਕਸ਼ਮੀਰ ਉਤੇ 1327 ਈ. 'ਚ ਕਬਜਾ ਕਰ ਲਿਆ ਅਤੇ ਸਦਰੋਦੀਨ (ਰਿਣਛਿਣ) ਦੀ ਘਰਵਾਲੀ ਕੋਟਾ ਰਾਣੀ ਨਾਲ ਵਿਆਹ ਕਰ ਲਿਆ। 1336 ਈ. ਵਿਚ ਘਰਵਾ ਨਾਮ ਦੇ ਤੁਰਕ ਨੇ ਕਸ਼ਮੀਰ ਉਤੇ ਹਮਲਾ ਕੀਤਾ ਤਾਂ ਉਧਿਆਨ ਦੇਵਾ ਜੰਗ ਤੋਂ ਡਰਦਾ ਬਚ ਕੇ ਉਥੋਂ ਖਿਸਕ ਗਿਆ ਅਤੇ ਕਸ਼ਮੀਰ ਦੀ ਹਕੂਮਤ ਰਾਣੀ ਕੋਟਾ ਤੇ ਸ਼ਾਹ ਮਿਰਜਾ ਨੇ ਸੰਭਾਲ ਲਈ ਸ਼ਾਹ ਮਿਰਜਾ ਨੇ ਰਾਣੀ ਕੋਟਾ ਨਾਲ ਵਿਆਹ ਕਰਨ ਲਈ ਦਬਾਅ ਪਾਇਆ ਤਾਂ ਉਸ ਨੇ ਆਤਮਦਾਹ ਕਰਕੇ ਜਾਨ ਦੇ ਦਿੱਤੀ ਤੇ ਸ਼ਾਹ ਮਿਰਜ਼ਾ ਵੀ ਇਸਲਾਮ ਧਾਰਨ ਕਰਕੇ "ਸੁਲਤਾਨ ਸਮਸੁਦੀਨ" ਵਜੋਂ 1343 ਈ. ਵਿਚ ਦੂਜਾ ਮੁਸਲਮਾਨ ਹਾਕਮ ਬਣਿਆ, ਏਹੀ ਕੁਝ ਕਾਰਣ ਸਨ ਕਿ ਹਿੰਦੂ ਹਾਕਮਾਂ ਦੇ ਫਿਰਕੂ, ਪੱਖਪਾਤੀ ਅਤੇ ਜ਼ਾਲਮ ਰਵੱਈਏ ਕਾਰਣ ਹੀ ਕਸ਼ਮੀਰ 'ਚੋਂ ਹਿੰਦੂ ਰਾਜਿਆਂ ਦਾ ਸਿਲਸਿਲਾ ਕਾਫੀ ਹਦ ਤੱਕ ਖੁਰਦਾ ਚਲਾ ਗਿਆ ਅਤੇ ਅਜ ਕਸ਼ਮੀਰ ਮੁਸਲਿਮ ਸਟੇਟ ਵਜੋਂ ਜਾਣੀ ਜਾਂਦੀ ਹੈ।

ਕਸ਼ਮੀਰ ਵਿਚ ਦਿਲੀ ਦੇ ਹਾਕਮਾਂ ਨੇ ਵੀ ਲੰਮਾ-ਸਮਾਂ ਰਾਜ ਕੀਤਾ ਅਕਬਰ ਨੇ ਕਸ਼ਮੀਰ ਵਿਚ ਆਪਣੀ ਹਕੂਮਤ ਰਾਹੀਂ 1585 ਤੋਂ 1627 ਤਕ ਰਾਜ ਕੀਤਾ। ਸ਼ਾਹ ਜਹਾਂ ਨੇ 1628 ਤੋਂ 1658 ਈ. ਤਕ ਰਾਜ ਕੀਤਾ। ਔਰੰਗਜ਼ੇਬ ਨੇ 1658 ਈ. ਤੋਂ 1707 ਈ. ਤਕ 14 ਗਵਰਨਰਾਂ ਰਾਹੀਂ ਕਸ਼ਮੀਰ ਤੇ ਰਾਜ਼ ਕੀਤਾ। ਅਹਿਮਦ ਸ਼ਾਹ ਦੁਰਾਨੀ ਦੇ ਸਮੇਂ ਵਿਚ ਕਸ਼ਮੀਰ ਮੁਗਲਾਂ ਤੋਂ ਖੁਸ ਕੇ ਪਠਾਨਾਂ ਦੇ ਹੱਥ ਆ ਗਿਆ ਅਤੇ ਕਾਬਲ ਦਾ ਇਕ ਸੂਬਾ ਬਣਕੇ ਰਹਿ ਗਿਆ। ਇਸੇ ਸਮੇਂ ਦੌਰਾਨ ਕਸ਼ਮੀਰ ਵਿਚ ਪਠਾਨਾਂ

ਨੇ 28 ਗਵਰਨਰਾਂ ਰਾਹੀਂ ਹਕੂਮਤ ਕੀਤੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਅਤੇ ਹੋਰ ਥਾਵਾਂ ਤੋਂ ਸਿੱਖ ਕਸ਼ਮੀਰ ਵਿਚ ਵਪਾਰ ਕਰਨ ਜਾਂ ਪੱਕੇ ਵਸਨੀਕ ਵਜੋਂ ਬਸਨੇ ਆਰੰਭ ਹੋ ਗਏ ਅਤੇ ਜੰਮੂ ਕਸ਼ਮੀਰ ਵਿਚ ਸਿੱਖਾਂ ਦੀ ਗਿਣਤੀ ਵਧਣ ਲੱਗ ਪਈ। ਆਖਰ ਸਿੱਖ ਮਿਸਲਾਂ ਦਾ ਦੌਰ ਆਇਆ ਅਤੇ ਜੰਮੂ-ਕਸ਼ਮੀਰ ਦੇ ਹਿੰਦੂ ਬ੍ਰਾਹਮਣ ਅਤੇ ਡੋਗਰੇ, ਉਸੇ ਤਰ੍ਹਾਂ ਗੁਰੂ ਦੇ ਸਿੱਖਾਂ ਕੋਲ ਆਪਣੀ ਹਿਫ਼ਾਜ਼ਤ ਅਤੇ ਧਰਮ ਦੀ ਹਿਫ਼ਾਜ਼ਤ ਕਰਨ ਦਾ ਵਾਸਤਾ ਪਾਉਣ ਲਈ ਪੁੱਜੇ ਜਿਵੇਂ ਕਦੀ ਨੌਂਵੇਂ ਨਾਨਕ ਸਾਹਿਬ ਕੋਲ ਪੁਜੇ ਸਨ। ਇਨ੍ਹਾਂ ਦੀਆਂ ਅਪੀਲਾਂ ਤੇ ਸਿੱਖ ਜਰਨੈਲਾਂ ਦੇ ਘੋੜਿਆਂ ਦਾ ਰੁੱਖ ਰਿਆਸਤ ਜੰਮੂ-ਕਸ਼ਮੀਰ ਵਲ ਹੋਇਆ, ਨਗਾਰੇ ਤੇ ਚੋਟ ਵਜੀ, ਸਤ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੀ ਖਾਲਸਾ ਫੌਜ ਨੇ ਰਿਆਸਤ ਦੇ ਮੁਗਲਾਂ, ਪਠਾਨਾਂ ਹਾਕਮਾਂ ਨੂੰ ਇਕ-ਇਕ ਕਰਕੇ ਅਧੀਨ ਕੀਤਾ ਅਤੇ ਜੰਮੂ, ਰਾਜੋਰੀ, ਪੁੱਣਛ ਕਸ਼ਮੀਰ ਤਕ ਸਿੱਖ ਰਾਜ ਦੇ ਝੰਡੇ ਗੱਡ ਦਿੱਤੇ ਗਏ ਅਤੇ ਇਨ੍ਹਾਂ ਖਾਲਸਾਈ ਪਰਚਮਾਂ ਦੀ ਛਾਵੇਂ ਹਿੰਦੂ ਡੋਗਰਾ ਸ਼ਾਹੀ ਜੋ ਉਸ ਵੇਲੇ ਪਠਾਨਾਂ ਦੇ ਘੋੜਿਆਂ ਦੇ ਤਬੇਲਿਆਂ 'ਚ ਕੰਮ ਕਰਦੇ ਸਨ। ਅਜ ਆਪਣੇ ਸ਼ੈਤਾਨੀ ਚਿਹਰਿਆਂ ਉਤੇ ਮਜ਼ਬੂਰ ਤੇ ਮਜ਼ਲੂਮ ਦਾ ਨਕਾਬ ਪਾ ਕੇ ਖ਼ਾਲਸਾ ਦਰਬਾਰ 'ਚ ਹਾਜ਼ਰ ਹੋਏ ਜਿਨ੍ਹਾਂ ਉਤੇ ਤਰਸ ਖਾ ਕੇ ਸਿੱਖ ਰਾਜੇ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਵਜੀਰੀਆਂ ਦੇ ਦਿੱਤੀਆਂ ਤੇ ਡੋਗਰਿਆਂ ਨੇ ਰਾਜੇ ਨੂੰ ਵਸ ਵਿਚ ਕਰਨ ਲਈ ਕਈ ਡੋਗਰਾਈਨਾਂ ਨੂੰ ਉਸ ਦੇ ਨਾਲ ਵਿਆਹ ਦਿੱਤਾ, ਇਸ ਤਰ੍ਹਾਂ ਡੋਗਰਾ ਧਿਆਨ ਸਿੰਘ ਸਿੱਖ ਰਾਜ ਦੇ ਖਾਤਮੇ ਅਤੇ ਡੋਗਰਾ ਰਾਜ ਦੀ ਉਸਾਰੀ ਲਈ ਰੰਗ ਮੰਚ ਉਤੇ ਆ ਹਾਜ਼ਰ ਹੋਇਆ। ਰਿਆਸਤ ਵਿਚ ਸਿੱਖਾਂ ਨੇ 10 ਗਵਰਨਰਾਂ ਰਾਹੀਂ ਹਕੂਮਤ ਕੀਤੀ ਅਤੇ ਇਹ ਸਮਾਂ ਕਸ਼ਮੀਰ ਦੀ ਤਰੱਕੀ ਨਵ ਨਿਰਮਾਣ ਅਤੇ ਖੁਸ਼ਹਾਲੀ ਦਾ ਸਮਾਂ ਸੀ। ਦਸ ਗਵਰਨਰਾਂ ਦੇ ਨਾਮ ਇਸ ਪ੍ਰਕਾਰ ਹਨ -

1. ਦੀਵਾਨ ਮੋਤੀ ਰਾਮ-1819 ਤੋਂ 1820
2. ਸਿਰਦਾਰ ਹਰੀ ਸਿੰਘ ਨਲੂਆ-1820 ਤੋਂ 1821
3. ਦੀਵਾਨ ਮੋਤੀ ਰਾਮ (ਦੂਜੀ ਵਾਰ) 1821-1824
4. ਦੀਵਾਨ ਚੂਨੀ ਲਾਲ-1824 ਤੋਂ 1826
5. ਦੀਵਾਨ ਕਿਰਪਾ ਰਾਮ-1826 ਤੋਂ 1830
6. ਸ. ਬਰਮਾ ਸਿੰਘ (ਅਰਦਲੀ)-1830 ਤੋਂ 1831
7. ਕੰਵਰ ਸ਼ੇਰ ਸਿੰਘ - 1831-ਤੋਂ 1834
8. ਸ. ਮੀਆਂ ਸਿੰਘ - 1834 ਤੋਂ 1841
9. ਸ਼ੇਖ ਗੁਲਾਮ ਮਹੀਉਦੀਨ- 1841 ਤੋਂ 1845
10. ਸ਼ੇਖ ਈਮਾਨ ਦੀਨ - 1845 ਤੋਂ 1846

ਸਤਾਈ (27) ਸਾਲ ਰਾਜ ਕੀਤਾ ਇਸ ਤੋਂ ਬਾਅਦ ਡੋਗਰਾ ਖਾਨਦਾਨ ਦੀ ਸਿੱਖਾਂ ਨਾਲ ਕੀਤੀਆਂ ਗਈਆਂ ਗੱਦਾਰੀਆਂ ਦੀ ਲੰਮੀ ਕਹਾਨੀ ਹੈ। ਵਿਸਥਾਰ ਨਾਲ ਜਾਨਣ

ਲਈ ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਪੜ੍ਹਿਆ ਜਾ ਸਕਦਾ ਹੈ। ਸਿੱਖਾਂ ਤੋਂ ਬਾਅਦ ਹਿੰਦੂ ਡੋਗਰਾਰਾਜ ਦਾ ਦੌਰ ਆਇਆ।

1. ਰਾਜਾ ਗੁਲਾਬ ਸਿੰਹ - 1846 ਤੋਂ 1857

2. ਰਣਵੀਰ ਸਿੰਹ - 1857 ਤੋਂ 1885

3. ਪ੍ਰਤਾਪ ਸਿੰਹ -1885 ਤੋਂ 1925

4. ਹਰੀ ਸਿੰਹ 1925 ਤੋਂ 1949

5. ਡਾ. ਕਰਨ ਸਿੰਹੁ 29 ਅਪ੍ਰੈਲ ਤੋਂ 13 ਨਵੰਬਰ 1949 ਇਸ ਤੋਂ ਬਾਅਦ ਭਾਰਤ, ਪਾਕਿਸਤਾਨ ਦੀ ਵੰਡ ਅਤੇ ਕਸ਼ਮੀਰ ਦੀ ਹਕੂਮਤ ਭਾਰਤ ਦੀ ਦਿਲੀ ਰਾਜਧਾਨੀ ਅਧੀਨ ਕਰ ਲਈ ਗਈ, 1949 ਤੋਂ ਅਜ ਤਕ ਜੰਮੂ-ਕਸ਼ਮੀਰ ਦਾ ਮੁੱਖ ਮੰਤਰੀ ਕਸ਼ਮੀਰ ਅਤੇ ਕਸ਼ਮੀਰੀ ਮੁਸਲਮਾਨ ਹੀ ਬਣਦਾ ਆ ਰਿਹਾ ਹੈ ਇਸ ਨੂੰ ਕਸ਼ਮੀਰੀ ਅਤੇ ਪਹਾੜੀ ਲੋਕਾਂ ਦੀ ਰਾਜਨੀਤਕ ਲੜਾਈ ਦੇ ਨਵੇਂ ਰੂਪ ਵਜੋਂ ਵੀ ਵੇਖਿਆ ਜਾਂਦਾ ਹੈ। ਜਿਵੇਂ ਹਿੰਦੂ ਰਾਜਿਆਂ ਵੱਲੋਂ ਮੁਸਲਮਾਨ ਤੇ ਬੋਧੀਆਂ ਨਾਲ ਜਾਨਵਰਾਂ ਵਰਗਾ ਵਰਤਾਉ ਕੀਤਾ ਗਿਆ, ਉਸੇ ਤਰ੍ਹਾਂ ਦਾ ਵਰਤਾਂਉ ਫਿਰ ਬੋਧੀਆਂ ਤੇ ਮੁਸਲਮਾਨ ਹਾਕਮਾਂ ਨੇ ਹਿੰਦੂ ਅਵਾਮ ਨਾਲ ਕੀਤਾ। ਇਸੇ ਤਰ੍ਹਾਂ ਡੋਗਰਾ ਅਤੇ ਬ੍ਰਾਹਮਣ (ਕਸ਼ਮੀਰੀ ਪੰਡਿਤ) ਵੱਲੋਂ ਰਿਆਸਤ ਵਿਚੋਂ ਖਾਲਸਾ ਰਾਜ ਦੀਆਂ ਨਿਸ਼ਾਨੀਆਂ, ਜਗੀਰਾਂ, ਇਤਹਾਸਕ ਧਾਰਮਿਕ ਸਥਾਨ ਗੁਰੂਦੁਆਰੇ ਅਤੇ ਹੋਰ ਕਈ ਵਡਮੁਲੀਆਂ ਇਤਿਹਾਸਕ ਇਮਾਰਤਾਂ ਨੂੰ ਢਾਹ ਕੇ ਹਿੰਦੂ ਜਗੀਰਾਂ 'ਚ ਰਲਾ ਲਿਆ ਗਿਆ। ਇਨ੍ਹਾਂ ਵੱਲੋਂ ਬੀਜੇ ਗਏ ਫਿਰੂਕਵਾਦ ਦਾ ਹੀ ਨਤੀਜਾ ਹੈ ਕਿ ਅਜ ਕਸ਼ਮੀਰ ਵਿਚ ਹਿੰਦੂ ਮੰਦਰ ਵਿਰਾਨ ਪਏ ਹਨ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਜਾਂ ਤਾਂ ਭਾਰਤੀ ਫੌਜ ਕਰ ਰਹੀ ਹੈ ਜਾਂ ਕੁਝ ਨੇਕ ਦਿਲ ਮੁਸਲਮਾਨ। ਰਿਆਸਤ ਸਮੇਤ ਪੂਰੇ ਭਾਰਤ ਵਿਚ ਅਜ ਵੀ ਅਨੇਕਾਂ ਮੂਸਾ ਰੈਣਾਂ, ਤੇ ਡੋਗਰਾ ਸ਼ਾਹੀ ਦੇ ਵਾਰਸ ਦੂਜੀਆਂ ਕੌਮਾਂ ਨੂੰ ਨੇਸਤੋ ਨਾਬੂਦ ਕਰਨ ਦੇ ਨਾਪਾਕ ਇਰਾਦਿਆਂ ਨਾਲ ਵਿਚਰ ਰਹੇ ਹਨ। ਇਸ ਮਾਹੌਲ ਵਿਚ ਸਿੱਖਾਂ ਨੂੰ ਹਰ ਘੜੀ ਹਰ ਮੋੜ ਤੇ ਆਪਣੇ ਭੂਤਕਾਲ ਤੇ ਭਵਿੱਖ ਨੂੰ ਸਾਹਮਣੇ ਰੱਖ ਕੇ ਹੀ ਕੋਈ ਫੈਸਲਾ ਕਰਨਾ ਚਾਹੀਦਾ ਹੈ। ਸਾਨੂੰ ਆਪਣੇ ਗੁਰੂ ਸਾਹਿਬ ਦੇ ਵਿਰਸੇ "ਸਗਲ ਸੰਗ ਹਮ ਕੋ ਬਨ ਆਈ" ਨੂੰ ਹਮੇਸ਼ਾ ਅਪਨੇ ਦਿਮਾਗ ਵਿਚ ਰਖਕੇ ਚਲਨਾ ਚਾਹੀਦਾ ਹੈ ਅਤੇ ਆਪਣੇ ਮੀਰੀ-ਪੀਰੀ ਸਿਧਾਂਤ ਦੇ ਅਨੁਸਾਰੀ ਦੂਰ ਅੰਦੇਸ਼ੀ ਨਾਲ ਕਿਸੇ ਫੈਸਲੇ ਨੂੰ ਅੰਜ਼ਾਮ ਦੇਣਾ ਚਾਹੀਦਾ ਹੈ। ਇਹ ਨਾ ਹੋਵੇ ਸਾਡੇ ਵਲੋਂ ਕੀਤੀ ਗਈ ਛੋਟੀ ਜਿਹੀ ਭੁੱਲ ਪੂਰੀ ਕੌਮ ਜਾਂ ਪੂਰੀ ਦੁਨੀਆਂ 'ਚ ਬੈਠੇ ਸਿੱਖਾਂ ਲਈ ਨੁਕਸਾਨ ਦੇਹ ਸਾਬਤ ਹੋ ਜਾਵੇ। ਇਸ ਵੇਲੇ ਸਿਖ ਸਿਰਫ਼ ਰਿਆਸਤ ਵਿਚ ਹੀ ਨਹੀਂ ਪੂਰੇ ਭਾਰਤ ਵਿਚ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਰਿਹਾ ਹੈ ਇਸ ਲਈ ਖ਼ਾਲਸਾ ਜੀ ! ਹੁਸ਼ਿਆਰ, ਖ਼ਬਰਦਾਰ, ਤਿਆਰਬਰ ਤਿਆਰ, ਚੜਦੀ ਕਲਾ ਰਖੋ ਬਰਕਰਾਰ, ਗੁਰੂ ਰਾਖਾ, ਗੁਰੂ ਫਤਿਹ॥

■ ■ ■

ਫਿਰ ਉਠੀ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖਵਾਬ ਸੇ

ਰਿਆਸਤ ਅੰਦਰ ਸਿੱਖੀ ਦਾ ਅਗਾਜ਼

1517 ਤੋਂ 1984 ਜੰਮੂ ਕਸ਼ਮੀਰ ਦੇ ਸਿੱਖਾਂ ਦਾ ਸਫ਼ਰਨਾਮਾ

ਬਾਬਾ-ਏ-ਕੌਮ ਬਾਬਾ ਨਾਨਕ ਸਾਹਿਬ ਜੀ ਜੰਮੂ ਕਸ਼ਮੀਰ ਨੂੰ ਆਪਣੀ ਉਦਾਸੀ ਦਾ ਹਿੱਸਾ ਬਣਾਉਂਦੇ ਹਨ, ਤਾਂ ਉਨ੍ਹਾਂ ਦਾ ਮਕਸਦ ਕੀ ਸੀ ? ਇਕ ਪਿਤਾ ਏਕਸ ਕੇ ਹਮ ਬਾਰਕ ਦਾ ਪ੍ਰਚਾਰ ਕਰਨਾ ਜਾਂ ਫਿਰ ਜੋ ਕੁਝ ਅੱਜ ਧਰਮ ਦੇ ਨਾਂ ਤੇ ਪੰਥ ਅੰਦਰ ਹੋ ਰਿਹਾ ਹੈ, ਉਸਦਾ ਬੀਜ ਬੀਜਨਾ, ਜ਼ਾਹਿਰ ਹੈ ਬਾਬਾ ਜੀ ਕਿਰਤੀ ਪਹਾੜੀ ਲੋਕਾਂ ਨੂੰ ਨਾਮ ਜਪਣ ਅਤੇ ਵੰਡ ਛੱਕਣ ਦੇ ਇਲਾਹੀ ਸੁਆਦ ਦੀ ਚੇਟਕ ਲਾਉਣ 1517 ਤੋਂ 1518 ਦੇ ਇਨਕਲਾਬੀ ਦੌਰੇ ਦੌਰਾਨ ਆਏ ਸਨ।

ਜਿਸ ਦੇ ਪ੍ਰਮਾਣ ਵਜੋਂ ਜੰਮੂ ਕਸ਼ਮੀਰ ਦੇ ਮੈਦਾਨਾਂ ਤੋਂ ਲੇਹ, ਲਧਾਖ ਦੇ ਦੁਰਗਮ ਪਹਾੜਾਂ ਤੱਕ ਗੂੰਜਦਾ ਬਾਬਾ ਨਾਨਕ ਸਾਹਿਬ ਦਾ ਨਾਂ ਹੈ, ਅਤੇ ਸਭ ਤੋਂ ਵੱਡੀ ਗੱਲ ਕਿ, ਲੇਹ ਲਦਾਖ ਵਿਚ ਬੁੱਧ ਮੱਤ ਨੂੰ ਮੰਨਣ ਵਾਲੇ ਜ਼ਿਆਦਾ ਰਹਿੰਦੇ ਸਨ, ਅਤੇ ਉਨ੍ਹਾਂ ਨੇ ਬਾਬੇ ਨੂੰ ਕੋਈ ਹਿੰਦੂ, ਸਿੱਖ, ਮੁਸਲਿਮ ਨਾ ਮੰਨਕੇ ਬੋਧੀ, ਸੱਤਵ, ਮੰਨਿਆ ਹੈ, ਯਾਨਿ ਜਾਗਿਆ ਹੋਇਆ ਬੁੱਧ ਵਰਗਾ ਚੇਤੰਨ ਬੰਦਾ, ਏਹ ਸਨ, ਬਾਬਾ ਜੀ ਦੀਆਂ ਪ੍ਰਚਾਰਕ ਫੇਰੀਆਂ ਜਿਸ ਨਾਲ ਮਿਲੇ ਉਸਦੇ ਹੋ ਗਏ, ਜਾਂ ਉਸਨੂੰ ਆਪਣਾ ਬਣਾ ਲਿਆ। ਆਪਣਾ ਬਣਾਉਂਦਾ ਇਹ ਸਿਲਸਲਾ ਦਸਮਪਾਤਸ਼ਾਹ ਵੇਲੇ ਅਤੇ ਉਸ ਤੋਂ ਬਾਅਦ ਦੇ ਸਮਿਆਂ ਵਿਚ ਵੀ ਗੁਰੂ ਸਾਹਿਬਾਨ ਦੇ ਅਨੁਯਾਈਆਂ ਵੱਲੋਂ ਦੁਨੀਆਂ ਭਰਦੇ ਮਨੁੱਖਾਂ ਨੂੰ "ਏਕ ਪਿਤਾ ਏਕਸ ਕੇ ਹਮ ਬਾਰਕ" ਦੇ ਦਾਇਰੇ 'ਚ ਲਿਆਉਣ ਲਈ ਚਲਦਾ ਆ ਰਿਹਾ ਹੈ। ਆਓ ਵੇਖੀਏ ਜੰਮੂ ਕਸ਼ਮੀਰ 'ਚ ਪਾਤਸ਼ਾਹੀਆਂ ਅਤੇ ਗੁਰੂ ਕਾਲ ਦੇ ਪ੍ਰਚਾਰਕਾਂ-ਗੁਰਸਿੱਖਾਂ ਬਾਬਤ ਇਤਿਹਾਸਕਾਰ ਕੀ ਲਿਖਦੇ ਹਨ ਗਿ. ਗਿਆਨ ਸਿੰਘ ਜੀ ਕਾਵਿ ਰੂਪ 'ਚ ਬਾਬਾ ਨਾਨਕ ਸਾਹਿਬ ਦੀ ਪ੍ਰਚਾਰਕ ਫੇਰੀ ਬਾਰੇ ਲਿਖਦਿਆਂ ਉਨ੍ਹਾਂ ਰਾਹਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਤੋਂ ਹੁੰਦਿਆਂ ਬਾਬਾ ਜੀ ਨੇ ਜੰਮੂ ਕਸ਼ਮੀਰ ਦਾ ਦੌਰਾ ਕੀਤਾ।

"ਚਲ ਕੇ ਤਹਾਂ ਤੇ ਗੁਰ ਜੰਮੂ ਉਹ ਆਏ, ਢੂਰ ਮਿਲੇ ਸਿਧ ਸੁਰਪੁਰ
ਸੋਨਸਰ (ਅਜੋਕਾ ਮਾਨਸਰ) ਤਾਲ ਹੈ। ਦੇਖਿ ਪ੍ਰਮੰਡਲ ਰਵਾਲਸਰ ਆਦਿ ਨਗਰ ਬਟਾਲਾ ਫਿਰ ਕੀਉ ਆ ਨਿਹਾਲ ਹੈ" (ਪੰਥ ਪ੍ਰਕਾਸ਼)।

ਕੁਝ ਵਿਦਵਾਨਾਂ ਨੇ ਰਘੂਨਾਥ ਬਜ਼ਾਰ ਆਦਿ ਥਾਵਾਂ ਦਾ ਵੀ ਜ਼ਿਕਰ ਕੀਤਾ ਹੈ। "ਤੱਤ ਛਿਨ ਜੰਮੂ ਪੁਰ ਮਹਿ ਆਏ" (ਡਾ. ਸੰਤੋਖ ਸਿੰਘ ਜੀ) ਬਾਬਾ ਨਾਨਕ ਸਾਹਿਬ ਜੀ

ਦੀ ਆਮਦ ਦੀ ਯਾਦ 'ਚ ਅਨੇਕਾਂ ਗੁਰੂ ਘਰ ਕਸ਼ਮੀਰ ਵਿਚ ਵੀ ਸਥਾਪਿਤ ਹਨ। ਜ਼ਿਕਰਯੋਗ ਹੈ ਕਿ, ਬਾਬਾ ਨਾਨਕ ਸਾਹਿਬ ਨੇ ਗੁਰਮਤਿ ਪ੍ਰਚਾਰ ਲਈ ਨਾ ਤਾਂ ਨਗਰ ਕੀਰਤਨ ਕੱਢੇ ਸਨ ਅਤੇ ਨਾ ਹੀ ਕੀਰਤਨ ਦਰਬਾਰ ਕਰਵਾਕੇ ਸੰਗਤ ਇਕੱਠੀ ਕੀਤੀ ਸੀ, ਉਹ ਤਾਂ ਲੋਕਾਂ ਵੱਲੋਂ ਕੀਤੇ ਜਾ ਰਹੇ ਕਰਮ ਕਾਂਡਾਂ ਦੇ ਭਰਮਜਾਲ ਨੂੰ ਚੀਰਨ ਲਈ ਪਖੰਡ ਦੇ ਮੇਲਿਆਂ 'ਚ ਇਕੱਲੇ ਹੀ ਜਾ ਵੜਦੇ ਸਨ ਤੇ ਇਲਾਹੀ ਨਾਦ ਰਾਹੀਂ, ਸਾਰਿਆਂ ਨੂੰ ਆਪਣੇ ਨਵੇਂ ਤੇ ਨਿਰੋਲ ਮਨੁੱਖੀ ਜੀਵਨ ਜੁਗਤ ਦੀ ਸਿੱਖਿਆ ਨਾਲ ਕੀਲ ਕੇ ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ।" ਦੀ ਉਪਾਧੀ ਤੱਕ ਪੁੱਜਾ ਦਿੰਦੇ ਸਨ, ਉਹ ਤਾਂ ਭਾਈ ਲਾਲੋ ਵਰਗੇ ਗਰੀਬ ਦੇ ਘਰ ਠਹਿਰਦੇ ਅਤੇ ਬੁਰੇ ਤੇ ਬਦਨਾਮ ਕਹੇ ਜਾਂਦੇ ਠੱਗ ਨੂੰ ਸੱਜਣ ਬਨਾਉਣ ਲਈ ਉਸਦੇ ਪਿੰਡ ਪੁੱਜਦੇ ਰਹੇ। ਭੂਮੀਏ ਚੋਰ ਵਰਗਿਆਂ ਨੂੰ ਗੁਰਮਤਿ ਦ੍ਰਿੜ ਕਰਵਾ ਕੇ ਸਿੱਖ ਸਿਧਾਤਾਂ ਦਾ ਚੌਕੀਦਾਰ ਬਣਾ ਦਿੱਤਾ। ਸਮਾਜ ਵਿਚ ਜਿੱਸ ਸਖ਼ਸ਼ ਨੂੰ ਛੋਟੀ ਜਾਤ ਦਾ ਨੀਚ ਜਾਂ ਗਰੀਬ ਕਹਿ ਕੇ ਦੁਰਕਾਰਿਆ ਗਿਆ, ਬਾਬਾ ਨਾਨਕ ਜੀ ਨੇ ਬਗੈਰ ਕੋਈ ਜਾਤ-ਪਾਤ ਗਰੀਬੀ-ਧਰਮ, ਵੇਖਿਆ, ਉਸ ਨੂੰ ਸੀਨੇ ਨਾਲ ਲਾਇਆ ਤੇ, ਹਮੇਸ਼ਾ ਲਈ ਉਸਨੂੰ ਅਪਣਾ ਬਣਾ ਲਿਆ। ਇਹ ਗੱਲ ਵੱਖਰੀ ਹੈ, ਅੱਜ ਆਪਣੇ ਆਪ ਨੂੰ ਸਿੱਖਾਂ ਜਾਂ ਸੰਤ ਅਖਵਾਉਣ ਵਾਲਿਆਂ ਬਹੁਤਿਆਂ ਬੰਦਿਆਂ ਨੂੰ ਬਾਬਾ ਨਾਨਕ ਸਾਹਿਬ ਦੇ ਅਲਾਹੀ ਸਿਧਾਂਤ ਦੀ ਸਮਝ ਹੀ ਨਹੀਂ ਤੇ ਉਹ ਆਪਣੇ ਆਪ ਨੂੰ ਸਿੱਖ ਅਖਵਾਉਣ ਦੀ ਥਾਂਵੇਂ, ਜੱਟ, ਮੱਜਬੀ, ਲੁਬਾਣਾ, ਰਾਮਗੜੀਆਂ... ਆਦਿ ਜਾਤਾਂ-ਗੋਤਾਂ ਨਾਲ ਮੁਖਾਤਬ ਹੁੰਦੇ ਹਨ ਅਤੇ ਇਨ੍ਹਾਂ ਸਿੱਖਾਂ ਦਾ ਵੱਸ ਚਲੇ ਤਾਂ ਇਹ ਬਾਬਾ ਨਾਨਕ ਸਾਹਿਬ ਨੂੰ ਵੀ ਭਾਪਾ ਕਹਿ ਕੇ, ਸਿੱਖ ਸਿਧਾਂਤ ਦਾ ਮਜਾਕ ਉਡਾਉਣ ਤੋਂ ਪ੍ਰਹੇਜ ਨਾ ਕਰਨ। ਪਰ ਉਸ ਵੇਲੇ ਬਾਬਾ ਨਾਨਕ ਦੇ ਸਮੇਂ 'ਚ ਇਹ ਹਾਲਤ ਬਣੀ ਹੋਈ ਸੀ ਕਿ ਹਿੰਦੂ ਕਹਿ ਰਹੇ ਸਨ, ਨਾਨਕ ਗੁਰੂ ਸਾਡਾ ਹੈ, ਮੁਸਲਮਾਨ ਕਹਿ ਰਹੇ ਸਨ , ਨਾਨਕ ਸ਼ਾਹ ਪੀਰ ਸਾਡਾ ਹੈ, ਪਿੱਛ ਪੜ ਆਏ ਹਾਂ, ਬੋਧੀ ਕਹਿੰਦੇ ਹਨ, ਨਾਨਕ ਲਾਮਾ ਸਾਡਾ ਹੈ, ਤੇ ਈਸਾਈ ਮਿਸ਼ਨਰੀ ਕਹਿ ਰਹੇ ਹਨ ਜੇ ਨਾਨਕ ਸਾਡੀ ਧਰਤੀ ਤੇ ਪੈਦਾ ਹੋਇਆ ਹੁੰਦਾ ਤਾਂ ਅਸੀਂ ਸਾਰੀ ਦੁਨੀਆਂ ਨੂੰ ਈਸਾਈ ਬਣਾ ਦਿੰਦੇ ....।

ਇਹ ਸੀ ਪਿਆਰ ਇਨਸਾਨੀਅਤ ਤੇ ਇੰਨਸਾਫ ਦਾ ਨਾਨਕ ਮਿਸ਼ਨ। ਇਸੇ ਮਿਸ਼ਨ 'ਚ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਬਾਈ ਸੂਬਿਆਂ 'ਚ ਬਾਈ ਮੰਜੀਆਂ (ਪ੍ਰਚਾਰਕ) ਥਾਪੇ ਜਿਨ੍ਹਾਂ 'ਚ ਭਾਈ ਬ੍ਰਹਮਦਾਸ ਜੀ ਤੇ ਭਾਈ ਅਲਮਸਤ ਜੀ ਨੂੰ ਜੰਮੂ ਕਸ਼ਮੀਰ 'ਚ ਪ੍ਰਚਾਰਕ ਮੰਜੀਦਾਰ ਥਾਪਿਆ ਗਿਆ। ਪਾਤਸ਼ਾਹੀ ਪੰਜਵੀਂ ਨੇ ਭਾਈ ਮਾਧੋ ਜੀ ਨੂੰ ਪੁਣੱਛ ਕਸ਼ਮੀਰ ਪ੍ਰਚਾਰ ਲਈ ਭੇਜਿਆ ਸੀ, ਜਿਸ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ ਮਾਧੋ ਕਸ਼ਮੀਰ ਗੁਰ ਸਿੱਖਾਂ ਦੀ ਚਾਲ ਚਲਾਈ॥ (ਭਾ. ਗੁਰਦਾਸ ਜੀ) ਵਾਰ 11/26) ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ, ਨੇ ਤਿੰਨ ਵਾਰ ਇਸ ਪਹਾੜੀ ਰਿਆਸਤ ਜੰਮੂ ਕਸ਼ਮੀਰ ਨੂੰ ਆਪਣੇ ਪ੍ਰਚਾਰਕ ਦੌਰਿਆਂ ਵਿਚ ਸ਼ਾਮਿਲ ਕੀਤਾ ਹੈ, ਅਤੇ 1614 ਵਿਚ

ਬੀਬੀ ਭਾਗਭਰੀ ਦੇ ਘਰ ਬਾਰਾਂਮੁੱਲਾਂ (ਕਸ਼ਮੀਰ) ਵਿਖੇ ਠਿਕਾਨਾ ਕੀਤਾ, ਇਸੇ ਫੇਰੀ ਦੌਰਾਨ ਮਰਹੱਟਿਆ ਦੇ ਧਾਰਮਿਕ ਗੁਰੂ, ਸਮਰੱਥ ਰਾਮਦਾਸ, ਨਾਲ ਹਰਗੋਬਿੰਦ ਸਾਹਿਬ ਜੀ ਦੀ ਮੁਲਾਕਾਤ ਹੋਈ, ਰਾਮਦਾਸ ਨੇ ਛੇਵੇ ਪਾਤਸ਼ਾਹ ਨੂੰ ਬਾਦਸ਼ਾਹੀ ਪਹਿਰਾਵੇ ਵਿਚ ਦੇਖ ਕੇ ਸ਼ੰਕਾਂ ਕੀਤਾ ਅਤੇ ਸੁਆਲ ਕਰ ਦਿੱਤਾ "ਤੁਸੀਂ ਨਾਨਕ ਸਾਹਿਬ ਦੀ ਗੱਦੀ ਤੇ ਬਿਰਾਜ ਮਾਨ ਹੋ, ਪਰ ਨਾਨਕ ਸਾਹਿਬ ਤਾਂ ਤਿਆਗੀ ਸਾਧੂ ਸਨ ਤੁਸੀਂ ਸ਼ਸਤਰ ਪਹਿਨਦੇ ਹੋ, ਤੁਸੀਂ ਫੌਜਾਂ ਤੇ ਘੋੜੇ ਵੀ ਰੱਖੇ ਹੋਏ ਹਨ, ਤੁਸੀਂ ਕਿਹੋ ਜਿਹ ਸਾਧੂ ਹੋ ?" ਪਾਤਸ਼ਾਹ ਹਰਗੋਬਿੰਦ ਸਾਹਿਬ ਨੇ ਜਵਾਬ ਦਿੱਤਾ ਸੀ . "ਅਸੀਂ ਪਹਿਰਾਵਾ ਬਾਦਸ਼ਾਹਾਂ ਵਾਲਾ ਪਾਇਆ ਹੈ, ਪਰ ਕਰਮ,ਵਿਚਾਰ, ਤੇ ਜੀਵਨ ਫਕੀਰਾਂ ਵਰਗਾ (ਜਿਵੇਂ ਚਿੱਕੜ 'ਚ ਕਮਲ) ਰੱਖਿਆ ਹੈ, ਅਤੇ ਸ਼ਸਤਰ ਮਜ਼ਲੂਮ ਦੀ ਰਾਖੀ ਤੇ ਜਾਲਮ ਦੀ ਸੁਧਾਈ ਲਈ ਉਠਾਏ ਹਨ, ਨਾਲੇ ਬਾਬਾ ਨਾਨਕ ਸਾਹਿਬ ਨੇ ਸੰਸਾਰ ਨਹੀਂ ਸੀ ਤਿਆਗਿਆ, ਮਾਇਆ ਤਿਆਗੀ ਸੀ। ਜੰਮੂ ਕਸ਼ਮੀਰ 'ਚ ਸਿੱਖੀ ਦਾ ਪ੍ਰਚਾਰ ਝਰਨੇ ਵਾਂਗ ਚਲਦਾ ਰੱਖਣ ਲਈ ਭਾਈ ਗੜੀਆ (ਮੰਸਦ), ਭਾਈ ਬੀਰਮ ਸ਼ਾਹ (ਜੋ ਅੱਜਕੱਲ੍ਹ ਆਰ.ਐਸ.ਐਸ. ਦੀ ਹੱਥ ਠੋਕੀ ਗੱਦੀ ਬਣ ਚੁੱਕੀ ਹੈ, ਜਿਸ ਦਾ ਸਿੱਖੀ ਨਾਲ ਹੁਣ ਕੋਈ ਵਾਸਤਾ ਨਹੀਂ) ਭਾਈ ਸਿੱਧੀਆ, ਭਾਈ ਮੁੱਲਾ, ਭਾਈ ਸੇਵਾ ਦਾਸ, ਬੀਬੀ ਭਾਗਭਰੀ ਆਦਿ ਗੁਰਸਿੱਖ ਪ੍ਰਚਾਰ ਕਰਦੇ ਰਹੇ।ਅੱਜ ਜਦੋਂ ਰਿਆਸਤ ਦੀ ਸਿੱਖੀ ਦੇ ਇਕੱਲੇ-ਇਕੱਲੇ ਦਾਵੇਦਾਰ ਪੈਦਾ ਹੋ ਗਏ ਹਨ, ਤਾਂ ਉਨ੍ਹਾਂ ਨੂੰ ਪੜ ਲੈਣਾ ਚਾਹੀਦਾ ਹੈ, ਜੰਮੂ ਕਸ਼ਮੀਰ 'ਚ ਸਿੱਖੀ ਦਾ ਵਿਕਾਸ ਦਸਾਂ ਪਾਤਸ਼ਾਹੀਆਂ ਅਤੇ ਅਨੇਕਾਂ ਸਿੱਖਾਂ, ਜਰਨੈਲਾਂ ਦੀ ਘਾਲਣਾ ਦਾ ਸੱਦਕਾ ਹੈ।

ਸਾਖੀਆਂ ਦਾ ਕਰਤਾ ਪੰਨਾ 40 ਤੇ ਸਤਵੀਂ ਪਾਤਸ਼ਾਹੀ ਦੀ ਰਿਆਸਤ ਫੇਰੀ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ -

"ਗੁਰੂ ਹਰਰਾਇ ਜੀ ਜੰਮੂ ਕਸ਼ਮੀਰ, 1659 ਅਤੇ ਕਸ਼ਮੀਰ ਵਾਪਸ ਆਉਂਦਿਆਂ, 1660 ਈ. ਜੰਮੂ ਵਿਖੇ ਪਧਾਰੇ ਸਨ...। ਕਸ਼ਮੀਰ ਦੇਸ਼ ਕਾ ਦੌਰਾ ਕਰਤੇ ਹੂਏ ਵਾਪਸੀ ਮੇਂ ਅਖਨੂਰ ਆਦਿ ਨਗਰੋਂ ਥੀ ਹੋਤੇ ਹੂਏ ਸ੍ਰੀ ਰਾਮ ਕੇ ਅੰਨਨ ਭਗਤ ਸ੍ਰੀ ਜਾਮਾਵੰਤ ਕੀ ਨਗਰੀ ਜੰਮੂ ਵਿਖੇ ਆਏ ਪ੍ਰਵੇਸ਼ ਕੀਆ, ਗੁਰੂ ਜੀ ਕਾ ਜੰਮੂ ਨਗਰੀ ਮੇਂ ਆਨਾ ਸੁਨ ਭਾਈ ਕਾਨ੍ਹਾ ਇਲਾਕੇ ਕੀ ਸਿੱਖ ਸੰਗਤਾਂ ਕੋ ਨਾਲ ਲੈ ਦਰਸ਼ਨ ਪਾਨੇ ਆਇਆ...। ਰਾਮਗੜ੍ਹ ਖਿਰੜੀ ਸਾਂਬਾ ਆਦਿ ਨਗਰਾਂ ਦੀ ਵਿਚਰਦੇ ਹੋਏ ਪਠਾਨਕੋਟ ... ਉਥੇ ਲਵੇ ਏਕ ਟਿਲੇ ਤੇ ਜਾਇ ਡੇਰਾ ਕੀਆ, ਕੋਈ ਦਿਵਸ ਇਸ ਨਗਰੀ ਮੇਂ ਸਤਿਗੁਰਾਂ ਨਿਵਾਸ ਰਾਖਾ।" ਭਾਈ ਕਾਨ੍ਹਾ ਜੀ ਦੇ ਨਾਮ ਤੋਂ ?? ਕਾਨਾ ਚੱਕ ਪਿੰਡ (ਅਖਨੂਰ ਰੋੜ ਤੇ ਅੰਦਰ ਜਾਕੇ) ਮਸ਼ਹੂਰ ਹੋਇਆ ਦੱਸਿਆ ਜਾਂਦਾ ਹੈ, ਭਾਈ ਕਾਨ੍ਹਾ ਜੀ ਜੰਮੂ 'ਚ ਸਿੱਖੀ ਪ੍ਰਚਾਰ ਕਰਦੇ ਸਨ। ਸਤਵੀਂ ਪਾਤਸ਼ਾਹੀ ਜੀ ਚਰਨ ਛੂਹ ਪ੍ਰਾਪਤ ਯਾਦਗਾਰ ਵਜੋਂ ਕਸ਼ਮੀਰ 'ਚ ਗੁਰਦੁਆਰਾ ਵੀ ਸੀ, (ਜੋ ਡੋਗਰਾ ਰਾਜ ਵੇਲੇ ਸਾੜ ਦਿੱਤਾ ਗਿਆ ਸੀ)।

ਸਤਵੀਂ ਪਾਤਸ਼ਾਹੀ ਹਰਰਾਇ ਜੀ ਜਦ ਜੰਮੂ ਕਸ਼ਮੀਰ ਦੌਰੇ ਤੇ ਆਏ ਤਾਂ ਉਨ੍ਹਾਂ ਦੀ

ਸੰਗਤ ਨੇ ਇਕ ਅਜਿਹੇ ਗੁਰਸਿੱਖ ਨੂੰ ਘੜਿਆ, ਜਿਸ ਦੇ ਨਾਂ ਨਾਲ ਕਈ ਕਿੱਸੇ, ਹਾਸੇ, ਕਹਾਣੀਆਂ, ਜੁੜ ਗਈਆਂ। ਇਸੇ ਸਿੱਖ ਨੇ ਨੌਂਵੇ ਪਾਤਸ਼ਾਹਾਂ ਦੀ ਸ਼ਹਾਦਤ ਤੋਂ ਬਾਅਦ ਦੇ ਬਿਖੜੇ ਸਮੇਂ 'ਚ ਹਕੂਮਤ ਵਿਰੁੱਧ ਜੰਮੂ-ਕਸ਼ਮੀਰ ਤੋਂ ਦਿੱਲੀ ਤੱਕ ਇਨਕਲਾਬੀ ਪ੍ਰਚਾਰ ਕੀਤਾ, ਇਸ ਸਿੱਖ ਨੂੰ ਇਤਿਹਾਸ ਕਾਰ ਪਿਆਰ ਨਾਲ ਭਾਈ ਸੁਧਰਾ ਸ਼ਾਹ ਜੀ (ਸੁੱਥਰਾ) ਕਹਿੰਦੇ ਹਨ, ਜੋ ਬਾਰਾਮੁੱਲਾ ਕਸ਼ਮੀਰ ਦਾ ਰਹਿਣ ਵਾਲਾ ਸੀ, ਇਸੇ ਫੇਰੀ ਵੇਲੇ, ਸਾਹਿਬ ਹਰਰਾਇ ਜੀ, ਦੀ ਸੰਗਤ ਨਾਲ ਚੌਪਾ ਜੀ ਸਿੱਖ ਬਣੇ, ਜੋ ਦਸਮ ਪਾਤਸ਼ਾਹ ਵੇਲੇ ਤੱਕ ਹਜ਼ੂਰੀ ਕਵੀ ਬਣ ਗਏ, ਤੇ ਨਾਮ ਭਾਈ ਚੌਪਾ ਸਿੰਘ ਹੋਇਆ ਭਾਈ ਮੱਖਣ ਸ਼ਾਹ ਜੀ ਵੀ ਮੁਜ਼ੱਫਰਾਬਾਦ ਕਸ਼ਮੀਰ ਦੇ ਸਨ ਜਿਨ੍ਹਾਂ ਦੇ ਪਰਿਵਾਰ ਨੇ ਛੇਵੀਂ ਪਾਤਸ਼ਾਹੀ ਵੇਲੇ ਸਿੱਖੀ ਜੀਵਨ ਧਾਰਨ ਕੀਤਾ। ਸੌ ਸਾਖੀਆਂ ਦਾ ਕਰਤਾ ਪੰਨਾ ੧੧ ਤੇ ਲਿਖਦਾ ਹੈ।

"ਪੁਰ ਮੰਡਲ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਪਧਾਰੇ ਸਨ।" ਹੁਣ ਗੱਲ ਕਰੀਏ ਦਸਮ ਪਾਤਸ਼ਾਹ ਦੀ ਤਾਂ ਗੋਬਿੰਦ ਰਾਏ ਜੀ ਨੂੰ ਸਿੱਖਿਆ ਦੇਣ ਵਾਲੇ ਤਿੰਨ ਅਧਿਆਪਕ ਜੰਮੂ ਕਸ਼ਮੀਰ ਨਾਲ ਸੰਬੰਧਿਤ ਸਨ, ਮੱਟਨ ਕਸ਼ਮੀਰ ਨਿਵਾਸੀ, ਭਾਈ ਬ੍ਰਹਮਦਾਸ ਦੇ ਪੜਪੋਤੇ, ਭਾ. ਕ੍ਰਿਪਾਰਾਮ ਜੀ ਨੇ ਬਾਲ ਗੋਬਿੰਦ ਰਾਇ (ਸਿੰਘ) ਜੀ ਨੂੰ ਸੰਸਕ੍ਰਿਤ ਤੇ ਫਾਰਸੀ, ਆਦਿ ਦੀ ਸਿੱਖਿਆ ਦਿੱਤੀ ਸੀ। ਛਿੱਬਰ ਪਰਿਵਾਰ ਦੇ ਭਾਈ ਹਰਿਜਸ ਜੀ ਨੇ ਖਿਡਾਵੇ ਦੀ ਸੇਵਾ ਅਤੇ ਗੁਰਮੁਖੀ ਪੜ੍ਹਾਉਣ ਦੀ ਸੇਵਾ ਨਿਭਾਈ, ਪਾਤਸ਼ਾਹੀ ਸੱਤਵੀਂ ਵੇਲੇ ਗੁਰੂਘਰ ਆ ਤੇ ਠਹਿਰੇ ਭਾਈ ਚੋਪਾ ਜੀ ਨੇ ਬਾਲ ਗੋਬਿੰਦ ਰਾਇ ਦੇ ਖਿਡਾਵੇਂ ਅਤੇ ਹਜ਼ੂਰੀ ਸਿੱਖ ਦੀ ਸੇਵਾ ਤੇ ਰਹੇ 1699 ਦੀ ਵਿਸਾਖੀ ਤੋਂ ਬਾਅਦ ਖੰਡੇ ਕੀ ਪਾਹੁਲ ਲੈ ਕੇ ਚੋਪਾ ਸਿੰਘ ਸਜੇ ਤੇ ਹਜ਼ੂਰੀ ਕਵੀਆਂ 'ਚ ਸ਼ਾਮਿਲ ਹੋਏ ਅਤੇ ਕਈ ਰਹਿਤਨਾਮੇਂ ਵੀ ਲਿਖੇ।

1699 ਨੂੰ ਵਿਸਾਖੀ ਵਾਲੇ ਦਿਨ ਖੰਡੇ ਕੀ ਪਾਹੁਲ ਦੇ ਕੇ ਸਿੱਖ ਨੂੰ ਸਰਦਾਰੀ ਦੀ ਬਖਸ਼ਿਸ਼ ਕਰਨ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ, ਇਸ ਦੌਰਾਨ ਅਨੰਦਪੁਰ ਸ਼ਹਿਰ ਦੇ ਕੇਸਗੜ੍ਹ ਮੈਦਾਨ 'ਚ ਜੰਮੂ ਕਸ਼ਮੀਰ ਦੇ ਸਿੱਖਾਂ ਨੇ ਵੀ ਹਾਜ਼ਰੀ ਭਰੀ, ਜਿਸ ਬਾਬਤ ਗੁਰਬਿਲਾਸ ਪਾ. 'ਚ ਦਰਜ ਹੈ–

"ਕਸ਼ਮੀਰੀ ਸਿੰਘ ਬੰਨੇ ਅਨੂਪਾ॥ ਜਾਤਿ ਬਿੱਪ੍ਰ ਕੀ ਜਾਨੋ ਰੂਪਾ॥
ਕ੍ਰਿਪਾ ਸਿੰਘ ਇਕ ਕਹੀਅਤੁ ਸੋਈ॥ ਰਾਮ ਸਿੰਘ ਅਤਿ ਹੀ ਮਨਜੋਈ ॥੨੨॥
ਗੁਰਮੁਖਿ ਸਿੰਘ ਤ੍ਰਿੱਤੀਆ ਅਨੁਰਾਗ॥ ਗੁਰਮੁਖ ਸਿੰਘ ਚੌਥੇ ਵੱਡ ਭਾਗਾ॥
ਸ੍ਰੀ ਗੁਰੂ ਕ੍ਰਿਪਾ ਆਪ ਜਬਧਾਰੀ॥ ਦਯਾ ਸਿੰਘ ਪਦਮ ਸੁਖਦਾਰੀ॥
ਪੰਚ ਬ੍ਰਿਪ ਸਿੰਘ ਬਨੇ ਅਨੁਪਾ॥ ਸਾਗੋ ਪਾਰਾ ਸੁਸਤਿ ਅਨੁਪਾ॥
ਬਾਬਾ ਬੜਾ ਜਾਤਿ ਕੋ ਭਾਈ॥ ਬਨਯੋ ਸਿੰਘ ਅਦੱਭੁਤ ਸੋ ਆਈ॥
ਤੀਨ ਸਿੰਘ ਅਰੋੜੇ ਭਾਈ॥ ਤੀਨ ਲੁਬਾਣੇ ਬਣੇ ਸੁਖਦਾਈ॥ ੬੪॥
ਜਾਤਿ ਝੀਵਰੋ ਕੀ ਸੁੱਖਦਾਰਾ॥ ਜੱਗਤ ਸੁਭਏ ਤਾਹਿ ਹੰਕਾਰੀ॥

ਏਕ ਬਚਿਤ੍ਰ ਸਿੰਘ ਜਗ ਨਾਮ॥ ਉਦੈ ਸਿੰਘ ਦਤੀ ਅਭਿਰਾਮ॥
ਇਕ ਬਹਾਦਰ ਔਰ ਵਿਚਾਰਾ॥ ਪੰਚੀ ਮੁਕਿਦੇ ਭਏ ਅਨੂਪਾ॥੯੬॥

(ਕਾਵਿ ਕੋਇਰ ਸਿੰਘ ਜੀ)

ਇਸ ਤਰ੍ਹਾਂ ਝੀਰ, ਲੁਬਾਣੇ, ਕਸ਼ਮੀਰੀ, ਅਰੋੜੇ, ਇਹ ਸਾਰੇ ਜਾਤਾਂ-ਪਾਤਾਂ ਦੇ ਕੋਹੜ 'ਚੋਂ ਨਿਕਲ ਕੇ ਸਿੰਘ ਸਜੇ, ਇਕੋ ਪਰਿਵਾਰ ਖਾਲਸਾ ਪੰਥ ਦੇ ਮੈਂਬਰ ਬਣੇ, ਇਸੇ ਲੜੀ 'ਚ ਭਾਈ ਫੇਰੂ (ਸਿੰਘ) ਜੀ ਭਾਈ ਪੰਜਾਬ (ਸਿੰਘ) ਜੀ, ਭਾਈ ਰੋਚਾ (ਸਿੰਘ) ਜੀ, ਰਿਆਸਤ 'ਚੋਂ ਸਿੰਘ ਸਜੇ ਤੇ ਦਸਮ ਪਾਤਸ਼ਾਹ ਦੇ ਹੁਕਮ ਤੇ ਪਹਾੜਾਂ ਵੱਲ "ਖੰਡਾ ਬਾਟਾ" ਲੈ ਕੇ ਪ੍ਰਚਾਰਕ ਦੌਰਿਆਂ ਉੱਤੇ ਨਿਕਲ ਪਏ। ਪੰਥ ਪ੍ਰਕਾਸ਼ ਦਾ ਕਰਤਾ ਲਿਖਦਾ ਹੈ -

"ਤਬ ਤੇ ਇਹ ਪੰਜਾਬ ਸਿੰਘ ਖੀਊ॥
ਰੋਚਾ ਸਿੰਘ, ਚੇਲਾ ਇਕ ਕੀਊ॥
ਕਸ਼ਮੀਰ ਅਰ ਪੋਠੋਹਾਰ ਰਹਿ॥
ਸੇਵਕ ਲੋਕ ਭਇ ਤਤਿ ਸਾਰਹਿ॥।

ਭਾਈ ਕਾਨ ਸਿੰਘ ਜੀ ਨਾਭਾ, ਮਹਾਨ ਕੋਸ਼ 'ਚ ਲਿਖਦੇ ਹਨ -

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪ੍ਰੇਮੀ ਅਮਿਲ ਸਿੰਘ, ਭਾਈ ਫੇਰੂ ਸਿੰਘ ਨੂੰ ਕਸ਼ਮੀਰ ਦੇ ਇਲਾਕੇ 'ਚ ਸਿੱਖ ਧਰਮ ਦੇ ਪ੍ਰਚਾਰ ਲਈ ਭੇਜਿਆ, ਜਿਸਨੇ ਬਹੁਤ ਸਿੰਘ ਸਜਾਏ, ਅਰ ਗੁਰਮਤਿ ਦੇ ਨਿਯਮ ਦ੍ਰਿੜਾਏ, ਇਨ੍ਹਾਂ ਦੇ ਚਾਟੜਿਆਂ ਨੇ ਵੀ ਉਤਮ ਪ੍ਰਚਾਰ ਕੀਤਾ, ਭਾਈ ਰੋਚਾ ਸਿੰਘ ਜੀ ਦੇ ਚਾਟੜੇ ਭਾਈ ਮੇਲਾ ਸਿੰਘ ਨੇ ਪੁਣਛ ਤੋਂ ਚੜਦੇ ਵੱਲ ਤ੍ਰਿੰਨ ਕੁ ਮੀਲ ਨੰਗਾਲੀ ਪਿੰਡ ਵਿਚ ਡੇਰਾ ਬਣਾ ਕੇ ਕਸ਼ਮੀਰ ਦੇ ਇਲਾਕੇ ਵਿਚ ਗੁਰਮਤਿ ਦੇ ਪ੍ਰਚਾਰ ਦਾ ਕੰਮ ਆਰੰਭਿਆ। ਜਦ ਪਹਿਲੇ ਗੁਰੂਆਂ ਵੇਲੇ ਥਾਪੇ ਗਏ, ਪ੍ਰਚਾਰਕ ਮਸੰਦਾਂ ਦੀ ਸ਼ਿਕਾਇਤਾਂ ਆਉਣੀਆਂ ਆਰੰਭ ਹੋਈਆਂ (ਜਿਵੇਂ ਅੱਜ ਕੱਲ ਸੰਤਾ ਬਾਬਿਆਂ ਪ੍ਰਧਾਨਾਂ ਜਥੇਦਾਰਾਂ ਆਦਿ ਦੀ) ਤਾਂ ਦਸਮ ਪਾਤਸ਼ਾਹ ਜੀ ਨੇ ਮੰਸਦਾਂ ਦੀ ਪਰਖ ਲਈ ਹੁਕਮ ਭੇਜੇ ਜਿਸ ਬਾਬਤ, ਮਹਾਨ ਕੋਸ਼, 'ਚ ਜੰਮੂ ਦੇ ਮਸੰਦਾਂ ਪ੍ਰਚਾਰਕਾਂ ਬਾਰੇ ਲਿਖਿਆ ਹੈ- "ਜਦ ਮਸੰਦਾਂ ਦੀ ਮੰਦ ਕਰਨੀ ਪਰ ਦਸ਼ਮੇਸ਼ ਜੀ ਨੇ ਤਾੜਨਾ ਕੀਤੀ ਤੱਦ ਫੇਰੂ ਜੀ ਨੂੰ ਵੀ ਦਾੜ੍ਹੀ ਤੋਂ ਫੜ੍ਹ ਕੇ ਹਜ਼ੂਰ ਲਿਆਉਣ ਦਾ ਹੁਕਮ ਹੋਇਆ। ਭਾਈ ਫੇਰੂ ਆਪਣੀ ਦਾੜ੍ਹੀ ਆਪਣੇ ਹੱਥ ਫੜ ਕੇ ਵੱਡੀ ਨਿਮਰਤਾ ਨਾਲ ਹਾਜ਼ਰ ਹੋਇਆ, ਜਿਸ ਪਰ ਕਲਗੀਧਰ ਨੇ ਇਸ ਨੂੰ "ਸਚੀ ਦਾੜ੍ਹੀ' ਅਤੇ ਸੰਗਤ ਸਾਹਿਬ ਦਾ ਖਿਤਾਬ ਬਖਸ਼ਿਆ।"

ਭਾਈ ਫੇਰੂ ਜੀ ਜੰਮੂ ਕਸ਼ਮੀਰ 'ਚ ਲੂਣ ਤੇ ਘਿਉ ਆਦਿ ਦੀ ਕੀਰਤ ਕਰਦਿਆਂ ਧਰਮ ਪ੍ਰਚਾਰ 'ਚ ਜੁੱਟੇ ਰਹਿੰਦੇ ਸਨ। ਇਕ ਹੋਰ ਮਸੰਦ ਭਾਈ ਬੱਖਤਮਲ ਜੋ ਜੰਮੂ ਇਲਾਕੇ ਨਾਲ ਸੰਬੰਧਿਤ ਸਨ, ਉਨ੍ਹਾਂ ਬਾਰੇ ਭਾਈ ਕਾਨ ਸਿੰਘ ਜੀ ਨਾਭਾ ਲਿਖਦੇ ਹਨ- ਜਦ ਦਸਮੇਸ਼ ਨੇ ਮਸੰਦਾਂ ਨੂੰ ਤਾੜਨਾ ਕੀਤੀ ਤੱਦ ਇਹ ਇਸਤਰੀ ਦਾ ਭੇਖ ਧਾਰ ਕੇ ਮਾਤਾ ਜੀ ਦੀ ਸ਼ਰਨ ਗਿਆ ਅਰ ਮੁਆਫੀ ਮੰਗੀ ਮਾਤਾ ਦੇ ਕਹਿਣ ਪਰ ਕਲਗੀਧਰ ਨੇ ਇਸ ਨੂੰ

ਮੁਆਫ ਕੀਤਾ ਅਰ ਅੱਗੋਂ ਨੂੰ ਸੁਮਾਰਗ ਚੱਲਣ ਦਾ ਉਪਦੇਸ਼ ਦਿੱਤਾ (ਮਹਾਨ ਕੋਸ਼)। ਇਤਿਹਾਸ 'ਚ ਦਰਜ ਹੈ ਜੋ ਮਸੰਦ ਭੁਲ ਬਖ਼ਸ਼ਾ ਕੇ ਦਰਬਾਰ 'ਚ ਹਾਜ਼ਰ ਹੋਏ ਉਹ ਮੁੜ ਪ੍ਰਚਾਰਕ ਬਣੇ ਤੇ ਜੋ ਹਉਮੈਂ 'ਚ ਡੁੱਬੇ ਫੜ੍ਹਾਂ (ਊਲ ਜਲੂਲ) ਮਾਰਦੇ ਰਹੇ, ਉਨ੍ਹਾਂ ਗੁਰਦੋਖੀਆਂ ਨੂੰ ਤੇਲ ਦੇ ਕੜ੍ਹਾਹੇ 'ਚ ਉਬਾਲ ਕੇ ਸਜ਼ਾ ਦਿੱਤੀ ਗਈ। ਪਾਤਸ਼ਾਹ ਵੱਲੋਂ ਕੀਤੀ ਗਈ ਇਸ ਸਖਤ ਕਾਰਵਾਈ ਤੋਂ ਪ੍ਰੇਰਨਾ ਮਿਲਦੀ ਹੈ, ਕਿ ਕੌਮੀ ਲੀਡਰ, ਸੰਤ, ਬਾਬੇ, ਮਹੰਤ, ਪ੍ਰਧਾਨ, ਜਥੇਦਾਰ ਆਦਿ ਧਾਰਮਿਕ ਲੋਕ, ਕੋਈ ਸਦੀਵੀ ਤੌਰ ਤੇ ਕੌਮ ਦੇ ਆਗੂ ਨਹੀਂ ਹੁੰਦੇ, ਇਹ ਉਦੋਂ ਤੱਕ ਹੀ ਹਨ, ਜਦ ਤੱਕ ਇਨ੍ਹਾਂ ਦੀ ਕਿਰਤ ਧਰਮ ਦੀ, ਕਰਮ ਗੁਰਮਤਿ ਦਾ, ਤੇ ਜੀਵਨ ਉੱਚੇ ਇਖਲਾਕ ਤੇ ਅਣਖ ਵਾਲਾ ਹੈ, ਜੇ ਇਨ੍ਹਾਂ ਦਾ ਜੀਵਨ ਐਸਾ ਨਹੀਂ ਹੈ, ਸਮਾਜ ਤੇ ਕੌਮ ਇਨ੍ਹਾਂ ਤੋਂ ਪ੍ਰੇਸ਼ਾਨ ਹੈ, ਤਾਂ ਇਨ੍ਹਾਂ ਨੂੰ ਗੁਰੂ ਘਰਾਂ (ਕੌਮ ਦੇ ਬਿਹੜੇ) 'ਚੋਂ ਮਸੰਦਾਂ ਵਾਂਗ ਘਸੀਟ ਕੇ ਬਾਹਰ ਸੁੱਟ ਦਿੱਤਾ ਜਾਵੇ। ਪ੍ਰੋ. ਹਿੰਮਤ ਸਿੰਘ ਜੀ ਪਾਤਸ਼ਾਹੀ ਦਸਮੀਂ ਦੀ ਜੰਮੂ ਫੇਰੀ ਦੀ ਗੱਲ ਕਰਦਿਆਂ ਲਿਖਦੇ ਹਨ - "ਦਸਮ ਪਾਤਸ਼ਾਹ 1749 ਬਿ: 16 ਅਸੂ ਭੱਦਰਵਾਹ, ਕੱਸ਼ਤਵਾੜ ਦਾ ਦੌਰਾ ਕਰਨ ਅਤੇ ਪਹਾੜੀਆਂ 'ਚ ਬਸੇ-ਸਜੇ ਸਿੱਖਾਂ ਦੀ ਸਾਰ ਲੈਣ ਦੀ ਗੱਲ ਕਰਦੇ ਹਨ। ਇਸੇ ਦੌਰਾਨ ਦਸ਼ਮੇਸ਼ ਜੀ, ਕੱਸ਼ਤਵਾੜ (ਜੰਮੂ ਦਾ ਪਹਾੜੀ ਖੇਤਰ) ਦੇ ਰਾਜੇ ਤੇਗ ਬਹਾਦਰ ਨੂੰ ਸਿੱਖੀ ਦੀ ਦਾਤ ਬਖਸ਼ਦੇ ਦੇ ਅਤੇ ਜੰਮੂ ਦੇ ਰਾਜਾ ਗੱਜੇ ਦੇਵ ਨੂੰ ਗੱਜੇ ਸਿੰਘ (ਸਿੱਖ) ਬਣਾਕੇ ਵਾਪਸ ਪਰਤੇ, ਇਸੇ ਰਾਜੇ ਗਜੇ ਸਿੰਘ ਨੇ ਪਹਾੜੀ ਰਾਜਿਆਂ ਵਿਰੁੱਧ, ਦਸਮੇਸ਼ ਪਾਤਸ਼ਾਹ ਦੀ ਗੁਲੇਰ ਵਿਖੇ ਹੋਈ ਪਹਾੜੀਆਂ ਨਾਲ ਜੰਗ 'ਚ ਸਾਥ ਦਿੱਤਾ ਤੇ ਪਹਾੜੀ ਰਾਜਿਆਂ ਨਾਲ ਟੱਕਰ ਲਈ।" ਦਸਮ ਪਾਤਸ਼ਾਹ ਵੱਲੋਂ ਬੰਦਾ ਸਿੰਘ ਬਹਾਦਰ ਨੂੰ ਇਕ ਹੀਰੋ ਵਾਂਗ ਸਿੱਖ ਇਤਿਹਾਸ ਦੇ ਪੜਦੇ ਤੇ ਉਤਾਰਨ ਤੋਂ ਬਾਅਦ ਤਾਂ ਜੰਮੂ ਕਸ਼ਮੀਰ ਦਾ ਨਾਂ ਹਮੇਸ਼ਾਂ ਲਈ ਅਮਰ ਹੋ ਗਿਆ। ਜੰਮੂ ਦੇ ਇਸ ਜੰਮਪਲ ਵੱਲੋਂ "ਖਾਲਸਾ ਰਾਜ" ਸਥਾਪਿਤ ਕਰਨ ਤੇ ਜੰਮੂ ਕਸ਼ਮੀਰ 'ਚ ਇਕ ਨਵੀਂ ਫਿਜ਼ਾ ਦਾ ਖਿਲ੍ਹਾ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੀ ਫੌਜ 'ਚ ਜੰਮੂ ਕਸ਼ਮੀਰ ਦੇ ਭਾਈ ਮਹਾਂ ਸਿੰਘ ਤੇ ਹੋਰ ਸੈਂਕੜੇ ਸਿੰਘਾਂ ਨੇ ਸ਼ਾਮਿਲ ਹੋ ਕੇ ਸਿੱਖ ਸ਼ਾਨ ਬਦਲੇ ਸ਼ਹਾਦਤਾਂ ਦਿੱਤੀਆਂ, ਸਰਦਾਰ ਹਰੀ ਸਿੰਘ ਨਲੂਆ, ਜਦੋਂ ਕਸ਼ਮੀਰ ਦੇ ਗਵਰਨਰ ਬਣੇ ਅਤੇ ਉਨ੍ਹਾਂ ਦੇ ਨਾਮ ਦਾ ਸਿੱਕਾ (ਕਰੰਸੀ) ਜਾਰੀ ਹੋਇਆ, ਨਾਨਕਸ਼ਾਹੀ ਸਿੱਕੇ ਨਾਲ ਇਹ ਸਿੱਕਾ ਵੀ ਸਰਕਾਰ ਖਾਲਸਾ ਵੱਲੋਂ ਮਾਨਤਾ ਪ੍ਰਾਪਤ ਸੀ। ਇਸ ਸਮੇਂ 'ਚ ਸਰਦਾਰ ਹਰੀ ਸਿੰਘ ਜੀ ਨੇ ਪੰਜਾਬ 'ਚੋਂ ਸੈਂਕੜਿਆਂ ਦੀ ਗਿਣਤੀ 'ਚ ਸਿੱਖ ਪਰਿਵਾਰਾਂ ਨੂੰ ਜੰਮੂ ਕਸ਼ਮੀਰ 'ਚ ਲਿਆ ਬਸਾਇਆ ਅਤੇ ਜੰਮੂ ਕਸ਼ਮੀਰ ਦੀ ਸਿੱਖੀ ਵੱਲ ਵਿਸ਼ੇਸ਼ ਧਿਆਨ ਦਿੱਤਾ ਤੇ ਇਤਿਹਾਸਕ ਸਥਾਨਾਂ (ਗੁਰਧਾਮਾਂ) ਦੇ ਨਾਂ ਹਜ਼ਾਰਾਂ ਏਕੜ ਜ਼ਮੀਨਾਂ ਦੇ ਪੱਟੇ ਕਰ ਦਿੱਤੇ ....। ਇਕ ਸੁਰਤ ਤੇ ਇਕ ਅਲਾਹੀ ਜੋਤ ਨਾਲ ਜੋੜਨ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ, ਜਿਸ ਦੀ ਰਹਿਬਰੀ ਅੱਗੇ ਚੱਲਕੇ ਭਾਈ ਸਾਹਿਬ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਕੀਤੀ, ਜਿਨ੍ਹਾਂ

ਨੇ ਸਾਹਿਤ ਰਚਨਾ, ਕੁੜੀਆਂ ਤੇ ਮੁੰਡਿਆਂ ਲਈ, ਪਾਠਸ਼ਾਲਾਵਾਂ (ਸਕੂਲ) ਬਣਵਾਏ ਅਤੇ ਕਾਬੁਲ-ਕੰਧਾਰ, ਕਸ਼ਮੀਰ, ਜੰਮੂ, ਪੰਜਾਬ, ਲਾਹੌਰ ਤੱਕ ਚੱਕਰਵੱਤੀ ਪ੍ਰਚਾਰਕ ਦੌਰੇ ਕਰਦੇ ਰਹੇ, ਅਤੇ ਮੀਰੀ-ਪੀਰੀ ਸਿਧਾਂਤ ਦੇ ਪੱਕੇ ਪਹਿਰੇਦਾਰ ਰਹਿ ਕੇ ਕੌਮ ਦੀ ਸੇਵਾ ਕਰਦੇ ਰਹੇ, ਜਦੋਂ ਗੁਰਦੁਆਰਾ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਨੂੰ ਮਹੰਤਾ ਤੇ ਅੰਗਰੇਜ਼ ਹਕੂਮਤ ਤੋਂ ਅਜ਼ਾਦੀ ਦਵਾਉਣ ਖਾਤਰ ਮੋਰਚਾ ਲਗਾਇਆ ਗਿਆ, ਤਾਂ ਅਕਾਲੀ ਕੌਰ ਸਿੰਘ ਜੀ, ਵੱਡੇ-ਵੱਡੇ ਜਥੇ ਲੈ ਕੇ ਜੰਮੂ ਕਸ਼ਮੀਰ ਦੀ ਸੰਗਤਾਂ ਨਾਲ ਮੋਰਚਿਆਂ 'ਚ ਗ੍ਰਿਫਤਾਰੀਆਂ ਤੇ ਸ਼ਹੀਦੀਆਂ ਦੇਣ ਲਈ ਪੁੱਜਦੇ ਰਹੇ। ਅਕਾਲੀ ਜੀ ਮਹਾਰਾਜ ਰਣਜੀਤ ਸਿੰਘ ਦੀ ਫੌਜ ਦੇ ਉੱਘੇ ਜਰਨੈਲ ਭਾਈ ਮਹਾਂ ਸਿੰਘ ਦੇ ਸਪੁੱਤਰ ਸਨ, ਅਤੇ ਅਕਾਲੀ ਜੀ ਦੇ ਵਡੇਰਿਆਂ ਨੇ ਦਸਮ ਪਾਤਸ਼ਾਹ ਤੋਂ ਹੱਥੀ ਖੰਡੇ ਦੀ ਪਾਹੁਲ ਲੈ ਕੇ ਸਰਦਾਰੀ ਹਾਸਿਲ ਕੀਤੀ ਹੋਈ ਸੀ। ਭਾਈ ਸੁੰਦਰ ਸਿੰਘ ਅਲੀਬੇਗ, ਭਾਈ ਗੁਰਬਖਸ਼ ਸਿੰਘ (ਡੰਨੇਵਾਲੇ) ਆਦਿ ਗੁਰਮੁਖਾਂ ਨੇ ਵੀ ਰਿਆਸਤ ਅੰਦਰ ਸਿੱਖੀ ਪ੍ਰਚਾਰ ਵਿਚ ਯੋਗਦਾਨ ਪਾਇਆ।

1947 ਦੇ ਘੱਲੂਘਾਰੇ ਵਿਚ ਰਿਆਸਤ ਦਾ 35 ਹਜ਼ਾਰ ਸਿੱਖ ਭਾਰਤ ਦੀ ਅਖੌਤੀ ਅਜ਼ਾਦੀ ਲਈ, ਅਫ਼ਗਾਨ-ਪਾਕਿ ਦੇ ਕਬਾਈਲੀਆ (ਹਮਲਾਵਰਾਂ) ਦਾ ਮੁਕਾਬਲਾ ਕਰਦਾ ਸ਼ਹੀਦ ਹੋਇਆ, ਅਤੇ ਇਸ ਦਿਲ ਦਹਿਲਾ ਦੇਣਵਾਲੇ ਸਾਕੇ ਤੇ ਸਿੱਖਾਂ ਦੇ ਉਜਾੜੇ ਉੱਪਰ ਕਈ ਵੱਡੀਆਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਘੱਲੂਘਾਰੇ ਤੋਂ ਬਾਅਦ, ਭਾਈ ਅਕਾਲੀ ਕੌਰ ਸਿੰਘ ਜੀ ਅਤੇ ਮਗਰੋਂ ਭਾਈ ਸੰਤ ਸਿੰਘ ਤੇਗ, ਆਦਿ ਆਗੂਆਂ ਨੇ ਰਿਆਸਤ ਅਤੇ ਪੰਜਾਬ ਦੇ ਸਿੱਖਾਂ ਦੇ ਮੁੜ ਵਸੇਵੇ ਲਈ ਵੱਡੇ ਯਤਨ ਕੀਤੇ, ਜਿਨ੍ਹਾਂ ਲਈ ਰਿਆਸਤ ਦੇ ਸਿੱਖ ਉਨ੍ਹਾਂ ਨੂੰ ਹਮੇਸ਼ਾਂ ਯਾਦ ਰੱਖਣਗੇ। 1947 ਤੋਂ ਬਾਅਦ ਦੇ ਸਮੇਂ 'ਚ ਰਿਆਸਤ ਅੰਦਰ, "ਸਿੱਖ ਸਟੂਡੈਂਟ ਫੈਡਰੇਸ਼ਨ " ਤੇ "ਸਿੱਖ ਮਿਸ਼ਨਰੀ ਕਾਲਜ ਲੁਧਿਆਣਾ" ਨੇ ਵੀ ਗੁਰਮਤ ਪ੍ਰਚਾਰ 'ਚ ਪੰਜਾਬੀ ਸਿੱਖਲਾਈ, ਗੁਰਮਤ ਕਲਾਸਾਂ ਤੇ ਕੈਂਪ ਲਾ ਕੇ ਅਹਿਮ ਭੂਮਿਕਾ ਨਿਭਾਈ।

ਸਿੱਖਾਂ ਦੀ ਕੌਮੀ ਤੇ ਮਾਂ ਬੋਲੀ ਪੰਜਾਬੀ ਲਈ, 'ਪੰਜਾਬੀ ਸੂਬਾ ਮੋਰਚਾ' ਲਗਾਇਆ ਗਿਆ, ਜਿਸ ਵਿਚ ਭਾਈ ਸੰਤ ਸਿੰਘ ਤੇਗ, ਭਾਈ ਦਰਸ਼ਨ ਸਿੰਘ ਅਕਾਲੀ (ਪੁਣੱਛ) ਵਰਗੇ ਕਈ ਸਿੱਖ ਤੇ ਬੀਬੀਆਂ ਜੱਥੇ ਲੈ ਕੇ ਰਿਆਸਤ ਵੱਲੋਂ ਗ੍ਰਿਫਤਾਰੀਆਂ ਦੇਣ ਪੱਜਦੇ ਰਹੇ। ਪੰਥ ਖਾਲਸਾ ਵੱਲੋਂ ਜਦੋਂ ਵੀ ਕੋਈ ਮੋਰਚਾ ਜਾਂ ਲਹਿਰ ਦਾ ਅਰਦਾਸਾ ਸੋਧਿਆ ਗਿਆ, ਤਾਂ ਰਿਆਸਤ ਦੇ ਸਿੱਖਾਂ ਨੇ ਉਸ ਵਿਚ ਆਪਣੀ ਸ਼ਮੂਲੀਅਤ ਜ਼ਰੂਰ ਰੱਖੀ। ਅਜੋਕੇ ਵੱਡੇ ਰੋਸਕਾਂਡ, ਨਾਨਾਵਤੀ ਕਮੀਸ਼ਨ ਰਿਪੋਰਟ ਦੇ ਵਿਰੋਧ 'ਚ ਵੱਡਾ ਰੋਸ ਮਾਰਚ (ਜਿਸ ਵਿਚ ਸਾਡੇ ਸਮੇਤ ਕਈ ਸਾਥੀਆਂ ਤੇ ਭਾਰਤੀ ਤਰੰਗਾਂ ਸਾੜਨ ਦਾ ਝੂਠਾ ਕੇਸ ਦਰਜ ਕੀਤਾ ਗਿਆ), ਜੈਪੁਰ, ਕੇਸ ਕਤਲ ਕਾਂਡ ਅਤੇ ਭਖੰਡੀ ਸਾਧ ਰਾਮ ਰਹੀਮ, ਵਿਰੋਧ ਪੂਰੀ ਰਿਆਸਤ, ਜੰਮੂ, ਪੁਣੱਛ, ਕਸ਼ਮੀਰ ਪੂਰਨ ਤੌਰ 'ਤੇ ਬੰਦ ਰੱਖੇ ਗਏ, ਪੰਜਾਬ ਤੋਂ ਬਾਅਦ ਜੰਮੂ ਦੂਜੀ ਸਟੇਟ ਸੀ ਜੋ ਮੁਕੰਮਲ ਬੰਦ ਕੀਤੀ ਗਈ ਸੀ। ਅਸੀਂ ਕਹਿ ਸਕਦੇ

ਹਾਂ ਕਿ ਬਾਬਾ ਨਾਨਕ ਸਾਹਿਬ ਵੱਲੋਂ ਆਰੰਭ ਕੀਤੇ ਗਏ, ਗੁਰਮਤਿ ਇਨਕਲਾਬ ਤੋਂ ਬਾਬਾ ਭਿੰਡਰਾਂਵਾਲਿਆਂ ਵੱਲੋਂ ਆਰੰਭ ਕੀਤੇ ਗਏ ਧਰਮ ਯੁੱਧ ਮੋਰਚੇ ਤੱਕ ਅਤੇ ਉਸ ਤੋਂ ਬਾਅਦ ਅੱਜ ਤੱਕ ਰਿਆਸਤ ਦੇ ਸਿੱਖਾਂ ਦੀ ਅਹਿਮ ਭੂਮਿਕਾ ਰਹੀ ਹੈ। ਪੰਜਾਬੀ ਸੂਬਾ ਮੋਰਚਾ ਚਲ ਰਿਹਾ ਸੀ ਤੇ ਇਸ ਸ਼ਾਂਤਮਈ ਮੋਰਚੇ ਵਿਰੁੱਧ, ਮੰਨੂਵਾਦੀ ਤਾਕਤਾਂ ਜੋ ਸ਼ੁਰੂ ਤੋਂ ਹੀ ਭਾਰਤ ਅਤੇ ਸਮਾਜ-ਮਨੁੱਖਤਾ ਨੂੰ ਵੰਡ ਕੇ ਰੱਖਣਾ ਚਾਹੁੰਦੀਆਂ ਹਨ, ਉਹ ਆਪਣੀ ਨਫਰਤ ਤੇ ਫਿਰਕੂ ਸੋਚ ਦਾ ਇਨ੍ਹਾਂ ਸ਼ਬਦਾਂ 'ਚ ਦਿਵਾਲੀਆ ਕੱਢ ਰਹੀਆਂ ਸਨ- "ਦਿੱਲੀ ਖ਼ਾਲੀ ਕਰਾਂਏਂਗੇ, ਪੰਜਾਬੀ ਸੂਬਾ ਕਾ ਮਜ਼ਾ ਚਖਾਏਂਗੇ।

ਈਂਟ ਸੇ ਈਂਟ ਬਜਾਏਂ ਗੇ, ਗੁਰਦੁਆਰੇ ਜਲਾਏਂਗੇ।

ਵਾਹਗਾ ਪਾਰ ਪਹੁੰਚਾਏਂਗੇ। ਪੰਜਾਬੀ ਸੂਬਾ ਮੁਰਦਾਬਾਦ। ਇਸ ਤੋਂ ਬਾਅਦ 1984 ਵੇਲੇ ਇਹੋ ਜੇ ਕਈਂ ਨਾਰੇ ਲਾਏ ਜਾਂਦੇ ਰਹੇ-

"ਕੱਛ-ਕੜਾ-ਕ੍ਰਿਪਾਨ, ਇੰਨ੍ਹ ਭੇਜੋ ਪਾਕਿਸਤਾਨ"।

"ਨੱਕ ਤੇ ਮੱਖੀ ਬੈਨ ਨੀ ਦੇਨੀ, ਸਿੱਖ ਦੀ ਜੂੜੀ ਰਹਿਨ ਨਹੀਂ ਦੇਨੀ।"

"ਐਸਾ ਸਬਕ ਸਿਖਾਏਂਗੇ, ਯਾਦ ਕਰੇਗਾ ਖਾਲਸਾ॥"

"ਸਿਗਰਟ ਬੀੜੀ ਪੀਏਂਗੇ, ਬੜੀ ਸ਼ਾਨ ਸੇ ਜੀਏਂਗੇ॥"

ਇਨ੍ਹਾਂ ਫਿਰਕੂ (ਹਿੰਦੂ) ਤਾਕਤਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ, ਕਿਉਂਕਿ ਇਹ ਉਹ ਲੋਕ ਸਨ, ਜਿਹੜੇ ਉਸ ਵੇਲੇ ਤੋਂ ਅੱਜ ਤੱਕ ਦੀਆਂ ਸਰਕਾਰਾਂ ਦੇ ਭਵਿੱਖ ਤੈਅ ਕਰਦੇ ਆਏ ਹਨ, ਬਹੁ ਗਿਣਤੀ ਹੋਣ ਕਰਕੇ। ਇਸ ਤੋਂ ਬਾਅਦ 1978 ਦਾ ਖ਼ੂਨੀ ਕਾਂਡ ਵਾਪਰਿਆ, ਜਿਸ ਨੇ ਸਿੱਖਾਂ ਅੱਗੇ ਇਤਿਹਾਸ ਨੂੰ ਦੁਹਰਾਉਣ ਦੀ ਪੇਸ਼ਕਸ਼ ਰੱਖੀ, ਧਰਮ ਯੁੱਧ ਮੋਰਚਾ ਆਰੰਭ ਹੋਇਆ ਹੁਣ ਸਿੱਖਾਂ ਅੱਗ ਮੁਸ਼ਕਲਾਂ ਸਨ ਗੱਦਾਰੀਆਂ ਸਨ, ਹੱਕ ਸੀ, ਜੁਝਾਰੂ ਸਿੰਘ-ਸਿੰਘਣੀਆਂ ਸਨ, ਕੇਂਦਰੀ ਚਾਲਾਂ ਸਨ, ਪੁਲਿਸ ਦੇ ਜਬਰ-ਜੁਲਮ ਸਨ, ਅਤੇ ਹੋਰ ਕੁਝ ਸੀ, ਤਾਂ ਬੱਸ ਸ਼ਹਾਦਤਾਂ ਦੇ ਕਿਸੇ ਅਤੇ ਇਨ੍ਹਾਂ ਕਿੱਸਿਆਂ ਵਿਚ ਰਿਆਸਤ ਦੇ ਜੁਝਾਰੂ ਵੀਰ ਵੀ ਸ਼ਾਮਿਲ ਹਨ।

ਕਦੀ ਕਿਸੇ ਨੇ ਕਿਸੇ ਇਤਿਹਾਸ ਤੋਂ ਪੁੱਛਣਾ ਨਹੀਂ,
ਕਿਹੜੀ ਕੌਮ ਨੇ ਕਿੰਨੇ ਮੁਰੀਦ ਜੰਮੇ।
ਸਗੋਂ ਹਰ ਇਤਿਹਾਸ ਨੇ ਪੁੱਛਣਾ ਹੈ
ਕਿਹੜੀ ਕੌਮ ਨੇ ਕਿੰਨੇ ਸ਼ਹੀਦ ਜੰਮੇ।

■■■

ਗੁਰੂ ਕਾਲ ਅਤੇ 16ਵੀਂ 17ਵੀਂ ਸਦੀ ਦੇ ਕੁਝ ਸ਼ਹੀਦ

1. ਸ਼ਹੀਦ ਭਾਈ ਰਾਮ ਸਿੰਘ ਜੀ, ਕਸ਼ਮੀਰੀ, 25 ਮਈ 1675 ਨੂੰ ਗੁਰੂ ਤੇਗ ਬਹਾਦਰ ਜੀ ਪਾਸ ਜੋ ਕਿਰਪਾ ਰਾਮ ਦੱਤ (ਪੰਡਤ) ਦੀ ਰਹਿਨੁਮਾਈ ਹੇਠ 16 ਕਸ਼ਮੀਰੀ ਬ੍ਰਾਹਮਣਾਂ ਦਾ ਜਥਾ ਅਨੰਦਪੁਰ ਸਾਹਿਬ ਫਰਿਆਦ ਕਰਨ ਪੁੱਜਾ ਸੀ, ਉਨ੍ਹਾਂ 'ਚੋਂ ਇਕ ਸਨ, ਭਾਈ ਦੂਨੀ ਚੰਦ ਜੋ ਗੁਰੂ ਦਰਬਾਰ ਦਾ ਮੁਰੀਦ ਬਣ ਗਿਆ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਵੀ ਗੁਰੂ ਦਰਬਾਰ ਵਿਚ ਹਾਜ਼ਰੀ ਭਰਕੇ ਸੇਵਾ ਕਰਦਾ ਰਿਹਾ। ਜਿਸ ਵੇਲੇ 1699 ਦੀ ਵਿਸਾਖੀ ਨੂੰ ਖੰਡੇ ਕੀ ਪਾਉਲ ਦਿੱਤੀ ਗਈ, ਉਸ ਵੇਲੇ ਭਾਈ ਦੂਨੀ ਚੰਦ ਜੀ ਦਾ ਬੇਟਾ ਰਾਮ ਚੰਦ ਪਾਹੁਲ ਲੈ ਕੇ, ਭਾਈ ਰਾਮ ਸਿੰਘ ਬਣਿਆ ਤੇ ਉਨ੍ਹਾਂ ਨੂੰ ਗੁਰੂ ਸਾਹਿਬ ਤੇ ਬਾਕੀ ਸਿਖ ਪਿਆਰ ਨਾਲ ਭਾਈ ਰਾਮ ਸਿੰਘ ਕਸ਼ਮੀਰੀ ਕਹਿਕੇ ਬੁਲਾਉਂਦੇ ਕਿਉਂਕਿ ਹੋਰ ਵੀ ਕਈ ਰਾਮ ਸਿੰਘ ਨਾਂ ਦੇ ਸਿਖ ਸਨ। ਸੋ ਆਪ ਜੀ ਨਾਲ ਕਸ਼ਮੀਰੀ ਲੱਕਬ ਲੱਗ ਗਿਆ।

4 ਅਕਤੂਬਰ 1700 ਦੇ ਦਿਨ ਪਹਾੜੀ ਰਾਜਿਆਂ ਦੀ ਬੇਨਤੀ ਮੰਨ ਕੇ ਗੁਰੂ ਗੋਬਿੰਦ ਸਿੰਘ ਜੀ, ਨਿਰਮੋਹਗੜ੍ਹ, ਚਲੇ ਗਏ, ਪਰ ਪਹਾੜੀ ਰਾਜਿਆਂ ਨੇ ਧੋਖਾ ਕਰ ਕੇ ਹਮਲਾ ਕਰ ਦਿੱਤਾ, ਸਿੱਖਾਂ ਵੱਲੋਂ ਵੀ ਕਰੜਾ ਜਵਾਬ ਦਿੱਤਾ ਗਿਆ, ਇਸ ਜੰਗ ਵਿਚ ਪਹਾੜੀ ਹਿੰਦੂ ਰਾਜਿਆਂ ਦਾ ਭਾਰੀ ਨੁਕਸਾਨ ਹੋਇਆ, ਇਸ ਜੰਗ ਵਿਚ ਭਾਈ ਰਾਮ ਸਿੰਘ ਜੀ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ, ਇਸ ਤੋਂ ਬਾਅਦ ਰਾਜਾ ਅਜਮੇਰ ਚੰਦ ਸਰਹੰਦ ਦੇ ਨਵਾਬ ਕੋਲ ਜਾ ਝੋਲੀ ਅੱਡੀ ਅਤੇ ਗੁਰੂ ਜੀ ਉਤੇ ਹਮਲਾ ਕਰਨ ਵਿਚ ਮੱਦਦ ਮੰਗੀ ਤਾਂ ਨਵਾਬ ਵੱਲੋਂ ਰੁਸਤਮ ਖਾਨ ਤੇ ਨਾਸਿਰ ਖਾਨ ਦੀ ਕਮਾਨ ਹੇਠਾਂ ਫੌਜਾਂ ਨਿਰਮੋਹਗੜ੍ਹ ਵਿਚ ਭੇਜੀਆਂ ਗਈਆਂ, ਹਮਲੇ ਦੀ ਤਿਆਰੀ ਦੇ ਜਵਾਬ ਵਿਚ ਸਿੱਖਾਂ ਨੇ ਵੀ ਕਮਰ ਕੱਸੇ ਕਰ ਲਏ, 13 ਅਕਤੂਬਰ 1700 ਨੂੰ ਮੁਗਲ ਫੌਜਾਂ ਦੇ ਰੁਸਤਮ ਖਾਨ ਵੱਲੋਂ ਇਕ ਉਚੀ ਪਹਾੜੀ ਉਤੋਂ ਗੁਰੂ ਜੀ ਦਾ ਨਿਸ਼ਾਨਾ ਲਾ ਕੇ ਤੋਪ ਦਾ ਗੋਲਾ ਦਾਗਿਆ ਗਿਆ ਜੋ ਗੁਰੂ ਜੀ ਦੀ ਥਾਂ ਭਾਈ ਰਾਮ ਸਿੰਘ ਜੀ ਕਸ਼ਮੀਰੀ ਨੂੰ ਲੱਗਾ ਤੇ ਉਹ ਮੌਕੇ ਤੇ ਸ਼ਹੀਦ ਹੋ ਗਏ, ਗੁਰੂ ਜੀ ਨੇ ਉਸੇ ਪਲ ਇਕ ਤੀਰ ਚਲਾਇਆ ਤੇ ਨਾਸਿਰ ਖਾਨ ਨੂੰ ਉਥੇ ਹੀ ਢੇਰ ਕਰ ਦਿੱਤਾ, ਇਕ ਹੋਰ ਤੀਰ ਭਾਈ ਉਦੇ ਸਿੰਘ ਵੱਲੋਂ ਦਾਗਿਆ ਗਿਆ ਤੇ ਰੁਸਤਮ ਖਾਨ ਵੀ ਪਾਰ ਬੁਲਾ ਦਿੱਤਾ ਗਿਆ। (ਇੰਝ ਇਸ ਸਿੱਖ ਨੇ ਸ਼ਹਾਦਤ ਪਾ ਕੇ ਜੰਮੂ ਕਸ਼ਮੀਰ ਦਾ ਨਾਂ ਰੌਸ਼ਨ ਕਰ ਦਿੱਤਾ)

(ਧੰਨਵਾਦ ਸਹਿਤ ਗੁਰੂ ਕੇ ਸ਼ੇਰ, ਵਿਚੋਂ)

ਕੁਝ ਸ਼ਹੀਦਾਂ ਤੇ ਇਤਿਹਾਸਕਾਰਾਂ ਦੀ ਵੱਖੋ-ਵੱਖ ਵਿਚਾਰਾਂ ਤੇ ਖੋਜ ਕਾਰਣ ਸਪੱਸ਼ਟ ਨਹੀਂ ਹੋ ਪਾ ਰਿਹਾ, ਕਿ ਉਨ੍ਹਾਂ ਦਾ ਪਿਛੋਕੜ ਕੀ ਹੈ, ਗਿਆਨੀ ਖੇਮ ਸਿੰਘ ਚਕਾਰਵੀ, ਪਟਿਆਲਾ ਆਪਣੀ ਵੱਖੋ-ਵੱਖ ਲਿਖਤਾਂ "ਕਸ਼ਮੀਰ ਦੇ ਸ਼ਰਨਾਰਥੀ" ਅਤੇ ਅਚੇਤ ਸਮਾਂ, ਵਿਚ ਤਿੰਨ ਭਰਾਵਾਂ ਭਾਈ ਅਜੀਤ ਸਿੰਘ, ਭਾਈ ਅਨਿਕ ਸਿੰਘ, ਭਾਈ ਅਜੇਬ ਸਿੰਘ ਨੂੰ ਆੜੂ ਰਾਮ, ਮੱਟਨ ਕਸ਼ਮੀਰ ਦੇ ਪੁੱਤਰ ਦਸਦਿਆਂ ਚਮਕੌਰ ਵਿਚ ਸ਼ਹੀਦੀ ਦੀ ਗਲ ਕਰਦੇ ਹਨ ਤੇ ਡਾ. ਹਰਜਿੰਦਰ ਸਿੰਘ ਜੀ ਦਿਲਗੀਰ, ਗੁਰੂ ਕੇ ਸ਼ੇਰ ਵਿਚ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਬੇਟੇ ਤੇ ਚਮਕੌਰ ਦੇ ਸ਼ਹੀਦ ਦਸਦੇ ਹਨ, ਇਥੇ ਜ਼ਿਕਰਯੋਗ ਹੈ ਕਿ ਡਾ. ਦਿਲਗੀਰ ਦੀ ਲਿਖਤ ਵਿਚ ਪੁਖਤਾ ਹਵਾਲੇ ਦਿਤੇ ਗਏ ਹਨ, ਫਿਰ ਵੀ ਇਸ ਤੇ ਆਖਰੀ ਫੈਸਲਾ ਪੰਥਕ ਵਿਦਵਾਨ ਰਲ ਕੇ ਕਰ ਸਕਦੇ ਹਨ। (ਸਮਾਪਤ)

2. ਸ਼ਹੀਦ ਭਾਈ ਜਵੰਦ ਸਿੰਘ ਜੀ (ਕਸ਼ਮੀਰ)

ਭਾਈ ਜਵੰਦ ਸਿੰਘ ਜੀ ਦਾ ਜਨਮ ਭਾਈ ਦਾਸ ਸ਼ਾਹ ਕੇਲੀਆ, ਟਾਂਡਾ ਬੋਹਥਾ ਗਲੀਸ਼ੇਰੀ (ਕਸ਼ਮੀਰ) ਦੇ ਘਰ ਹੋਇਆ ਅਤੇ ਆਪ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਹੇਠਾਂ 13 ਪੋਹ 1762 ਬਿ. ਬੁੱਧਵਾਰ ਨੂੰ ਚਮਕੌਰ ਦੀ ਜੰਗ ਵਿਚ ਦੁਸ਼ਮਣਾਂ ਨਾਲ ਭਿੜਦੇ ਹੋਏ ਜਾਮੇ ਸ਼ਹਾਦਤ ਪੀ ਗਏ। (ਧੰਨਵਾਦ ਸਹਿਤ "ਕਸ਼ਮੀਰ ਦੇ ਸ਼ਰਨਾਰਥੀ)

3. ਸ਼ਹੀਦ ਭਾਈ ਮਾਹੀਂ ਸਿੰਘ, ਭਾਈ ਦਰਗਾਹੀ ਸਿੰਘ

ਭਾਈ ਮਾਹੀ ਸਿੰਘ, ਭਾਈ ਦਰਗਾਹੀ ਸਿੰਘ, ਜੰਮੂ ਸਾਂਬਾ ਇਲਾਕੇ ਦੇ ਭਾਈ ਭੀਖਾ, ਰਾਠੌਰ, (ਸਾਂਬਾ) ਦੇ ਬੇਟੇ ਸਨ, 10 ਦਸੰਬਰ 1710 ਦੇ ਦਿਨ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਸਿੱਖਾਂ ਦਾ ਕਤਲੇਆਮ ਕਰਨ ਵਾਸਤੇ ਹੁਕਮ ਯਾਰੀ ਕੀਤੇ ਗਏ, ਹੁਕਮ ਤੇ ਅਮਲ ਕਰਦਿਆਂ, ਇਨਾਮ ਲੈਣ ਵਾਸਤੇ ਸਿੱਖਾਂ ਦੀ ਭਾਲ ਵਿਚ ਮੁਗਲ ਫੌਜੀਆਂ ਦੀਆਂ ਟੁਕੜੀਆਂ ਨਿਕਲ ਪਈਆਂ, ਇਸ ਮੁਹਿਮ ਵਿਚ ਸਾਂਬਾ ਦੇ ਇਕ ਥਾਨੇਦਾਰ ਨੇ ਭਾਈ ਭੀਖਾ ਦੇ ਦੋਵੇਂ ਪੁੱਤਰਾਂ ਨੂੰ ਜੋ ਗੁਰ ਕੇ ਸਿੰਘ ਸਜੇ ਹੋਏ ਸਨ ਗ੍ਰਿਫਤਾਰ ਕਰ ਲਿਆ ਤੇ ਕਾਜੀ (ਕਾਜ਼ੀ) ਸਾਹਮਣੇ ਪੇਸ਼ ਕੀਤਾ ਗਿਆ, ਹਕੂਮਤ ਵਲੋਂ ਸਿੰਘਾਂ ਨੂੰ ਇਸਲਾਮ ਜਾਂ ਮੌਤ ਵਿਚੋਂ ਇਕ ਨੂੰ ਚੁਣਨ ਵਾਸਤੇ ਆਖਿਆ ਗਿਆ ਤਾਂ ਦੋਵੇਂ ਸਿੰਘਾਂ ਨੇ ਸਿੱਖੀ ਸਿਦਕ ਤੇ ਕਾਇਮ ਰਹਿੰਦਿਆਂ ਇਸਲਾਮ ਕਬੂਲਣ ਤੋਂ ਇਨਕਾਰ ਕਰ ਦਿੱਤਾ ਤਾਂ ਮੁਗਲੀਆ ਹਕੂਮਤ ਨੇ ਸਿੰਘਾਂ ਨੂੰ ਜਿਉਂਦਿਆਂ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਦਿੱਤੀ ਗਈ (ਚਾਂਦਨੀ ਚੌਂਕ ਦੀਆਂ ਯਾਦਾਂ ਫਿਰ ਇਕ ਵਾਰ ਤਾਜ਼ਾ ਹੋ ਗਈਆਂ, ਪਰ ਜੰਮੂ ਦੇ ਸਾਂਬਾ ਇਲਾਕੇ ਵਿਚ ਅੱਗ ਦੀਆਂ ਲਪਟਾਂ ਵਿਚ ਸੜ ਕੇ ਸ਼ਹੀਦ ਕੀਤੇ ਗਏ ਇਨ੍ਹਾਂ ਵੀਰਾਂ ਦੀ ਕੋਈ ਯਾਦਗਾਰ ਜੰਮੂ 'ਚ ਨਾ ਬਣਾਈ ਜਾ ਸਕੀ। (ਧੰਨਵਾਦ ਸਹਿਤ ਗੁਰੂ ਕੇ ਸ਼ੇਰ ਵਿਚੋਂ)

4. ਸ਼ਹੀਦ ਭਾਈ ਇੰਦਰ ਸਿੰਘ, ਮਿਤ ਸਿੰਘ, ਭੀਮ ਸਿੰਘ, ਮਹਿਰ ਸਿੰਘ।

30 ਅਪ੍ਰੈਲ 1746 ਨੂੰ ਜੰਮੂ ਦੇ ਕਠੂਆ ਡਿਸਟ੍ਰਿਕ ਵਿਚ ਭਾਈ ਇੰਦਰ ਸਿੰਘ ਭਾਈ ਮਿਤ ਸਿੰਘ, ਭਾਈ ਭੀਮ ਸਿੰਘ, ਭਾਈ ਮਹਿਰ ਸਿੰਘ ਨੂੰ ਮੁਗਲ ਹਕੂਮਤ ਵੱਲੋਂ

ਕਿਵੇਂ ਤੇ ਕਿਥੇ ਸ਼ਹੀਦੀ ਕੀਤਾ ਗਿਆ, ਇਸ ਦਾ ਜ਼ਿਕਰ ਤਾਂ ਡਾ. ਹਰਜਿੰਦਰ ਸਿੰਘ ਜੀ ਦਿਲਗੀਰ ਦੀ ਕਿਤਾਬ ਗੁਰੂ ਕੇ ਸ਼ੇਰ ਵਿਚ ਨਹੀਂ ਪਰ ਸ਼ਾਇਦ ਸਾਂਭਾ ਵਾਲੇ ਸ਼ਹੀਦੀ ਕਾਂਡ ਵਾਂਗ ਹੀ ਇਨ੍ਹਾਂ ਸਿੰਘਾਂ ਨੂੰ ਵੀ ਸ਼ਹੀਦ ਕੀਤਾ ਗਿਆ ਹੋਵੇਗਾ।(ਇਸ ਦੇ ਨਾਲ ਇਹ ਦਸ ਦਈਏ ਕਿ ਜੰਮੂ-ਕਸ਼ਮੀਰ ਦੇ ਬਾਬਾ ਨਾਨਕ ਸਿੰਘ ਜੀ ਤੋਂ ਧਰਮਯੁੱਧ ਮੋਰਚੇ (ਬਾਬਾ ਭਿੰਡਰਾਂਵਾਲਿਆਂ) ਤਕ ਅਜੇ ਬਹੁਤ ਸਾਰੇ ਸ਼ਹੀਦ ਅਜੇ ਵੀ ਅਣਗੌਲੇ ਹਨ, ਜਿਨ੍ਹਾਂ ਦੀ ਖੋਜ ਲਈ ਡਾ. ਹਰਜਿੰਦਰ ਸਿੰਘ ਜੀ, ਡਾ. ਸੰਗਤ ਸਿੰਘ ਜੀ ਵਰਗੇ ਵਿਦਵਾਨ ਹੀ ਹੀਆ ਕਰ ਸਕਦੇ ਹਨ, ਮੇਰੇ ਕੋਲ ਹੋਰ ਵੀ ਕੁਝ ਪੁਰਾਣੀਆਂ ਲਿਖਤਾਂ ਤੇ ਕਿਤਾਬਚੇ ਸਨ, ਜਿਨ੍ਹਾਂ 'ਚੋਂ ਕਾਫ਼ੀ ਮਹੱਤਵਪੂਰਨ ਵੇਰਵੇ ਤੇ ਸ਼ਹੀਦਾਂ ਦੀ ਜਾਣਕਾਰੀ ਮਿਲ ਸਕਦੀ ਸੀ, ਪਰ 1997 'ਚ ਸਾਡੇ ਘਰ ਪੁਲਿਸ ਦੇ ਛਾਪੇ ਪੈਣੇ ਸ਼ੁਰੂ ਹੋਏ, ਮੈਂ ਜਲਦਬਾਜ਼ੀ 'ਚ ਫਾਈਲਾਂ ਸਾਂਭਣੀਆਂ ਭੁੱਲ ਗਿਆ ਤੇ ਉਹ ਸਾਰੀਆਂ ਹੀ ਗੁੰਮ ਕਰ ਦਿੱਤੀਆਂ ਗਈਆਂ, ਜਿਸ ਲਈ ਹਮੇਸ਼ਾ ਦੁਖ ਰਹੇਗਾ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ
ਜਿਹੜੀਆਂ ਸੂਲਾਂ ਨੇ ਦਿੱਤਾ ਨਾ ਸੌਣ ਸਾਨੂੰ
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਭਾਈ ਕੁਸ਼ਾਲ ਸਿੰਘ ਜੀ

ਰਿਆਸਤ ਜੰਮੂ ਕਸ਼ਮੀਰ ਦੇ ਜੰਮਪਲ ਗੁਰੂ ਕਾਲ ਦੇ ਸ਼ਹੀਦਾਂ ਬਾਰੇ ਵਿਦਵਾਨਾਂ ਦੀ ਵੱਖ ਵੱਖ ਰਾਇ ਹੈ। ਕਈ ਸ਼ਹੀਦਾਂ ਦੀ ਜੋ ਪੁਸ਼ਟੀ ਜੰਮੂ ਕਸ਼ਮੀਰ ਨਾਲ ਸਬੰਧੀ ਕੀਤੀ ਗਈ ਹੈ ਤਾਂ ਉਸੇ ਸ਼ਹੀਦ ਦਾ ਪਿਛੋਕੜ ਕਿਸੇ ਹੋਰ ਥਾਂ ਦਾ ਦਸਿਆ ਗਿਆ ਹੈ।

ਮੇਰੀ ਹੈਰਾਨਗਰੀ ਦੀ ਹਦ ਉਦੋਂ ਹੋਰ ਵੀ ਵਧ ਗਈ ਜਦੋਂ ਜੂਨ 1984 ਜੰਮੂ ਕਸ਼ਮੀਰ ਦੇ ਇਕ ਸ਼ਹੀਦ ਭਾਈ ਇੰਦਰਜੀਤ ਸਿੰਘ ਜੰਮੂ ਨੂੰ ਭਾਈ ਸ਼ਾਮ ਸਿਘ ਮਕੂਦਤਾਂ ਦੇ ਨਾਂ ਹੇਠ ਯੂਕੇ ਦੀ ਇਕ ਕਿਤਾਬ ਵਿੱਚ ਫ਼ੋਟੋ ਪ੍ਰਕਾਸ਼ਿਤ ਕੀਤਾ ਗਿਆ। ਪਰ ਉਸ ਦੇ ਜੀਵਨ ਤੇ ਪਰਿਵਾਰ ਦੀ ਕੋਈ ਜਾਣਕਾਰੀ ਨਾਂ ਛਾਪੀ ਗਈ, ਇਸੇ ਤਰ੍ਹਾਂ ਇਕ ਟਕਸਾਲੀ ਸਿੰਘ ਨੇ ਵੀ ਮੈਨੂੰ ਦਸਿਆ ਕਿ ਇਹ ਸਿੰਘ ਸ਼ਾਮ ਸਿੰਘ ਤੇ ਇੰਦਰਜੀਤ ਸਿੰਘ ਨਹੀਂ ਕੋਈ ਹੋਰ ਹੈ, ਪਰ ਕੌਣ। ਜਾਣਕਾਰੀ ਉਸ ਕੋਲ ਵੀ ਕੋਈ ਨਹੀਂ ਸੀ। ਮੈਨੂੰ ਮਜ਼ਬੂਰਨ ਸਫ਼ਰ-ਏ-ਸ਼ਹਾਦਤ ਦੇ ਇਸ ਸ਼ਹੀਦ ਦੀ ਸ਼ਹੀਦੀ ਗਾਥਾ, ਬਚਪਨ ਦੇ ਫ਼ੋਟੋ ਐਡਰੈਸ ਤੇ ਪੂਰੀ ਜਾਣਕਾਰੀ ਕਈ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਕਰਨੀ ਪਈ। ਜਿਸ ਤੋਂ ਬਾਅਦ ਕਿਸੇ ਨੇ ਕੋਈ ਸੁਆਲ ਨਾ ਕੀਤਾ। ਇਸੇ ਤਰ੍ਹਾਂ ਜੰਮੂ ਦੇ ਖਾੜਕੂ ਸੰਘਰਸ਼ ਨਾਲ ਸਬੰਧੀ ਸ਼ਹੀਦਾਂ ਦੇ ਫ਼ੋਟੋ ਪੰਜਾਬ ਦੇ ਨਕਸ਼ੇ ਵਿੱਚ, ਕਈ ਮੈਗਜ਼ੀਨਾਂ ਦੇ ਫ਼ਰੰਟ ਪੇਜ਼ ਉਤੇ ਛਾਪੇ ਗਏ ਕਈ ਕਿਤਾਬਾਂ 'ਚ ਉਹ ਫ਼ੋਟੋ ਦਿੱਤੇ ਗਏ, ਪਰ ਇਨ੍ਹਾਂ ਦੇ ਨਾਮ-ਜਾਣਕਾਰੀ ਕੋਈ ਨਾ ਦਿੱਤੀ ਗਈ। ਭਾਈ ਇੰਦਰਜੀਤ ਸਿੰਘ (84) ਦੀ ਫ਼ੋਟੋ ਤੇ ਵੇਰਵਾ ਮੈਨੂੰ ਬਿਨਾ ਦਸਿਆਂ ਦਲ

ਖਾਲਸਾ ਨੇ ਅਪਣੇ ਵੱਲੋਂ ਤਿਆਰ ਕੀਤੀ ਗਈ ਡਾਇਰੈਕਟਰੀ ਸ਼ਹੀਦ 84 ਵਿੱਚ ਛਾਪ ਦਿੱਤੀ ਗਈ। ਇਸੇ ਤਰ੍ਹਾਂ 1984 ਜੰਮੂ ਕਸ਼ਮੀਰ ਦੇ ਇਕ ਸ਼ਹੀਦ ਜਸਵੰਤ ਸਿੰਘ ਬਾਰੇ ਅੱਜ ਤਕ ਕਿਸੇ ਨੇ ਵੀ ਕੋਈ ਜਾਣਕਾਰੀ ਜਾਂ ਫ਼ੋਟੋ ਪ੍ਰਕਾਸ਼ਿਤ ਨਹੀਂ ਕੀਤਾ। ਜੇ 1984, 25 ਸਾਲ ਪਹਿਲੇ ਸ਼ਹੀਦਾਂ ਬਾਰੇ ਇੰਨੀ ਬੇਰੁਖੀ ਅਤੇ ਗੈਰਜ਼ੁੰਮੇਵਾਰ ਰਵਈਅਸ਼ਾ ਵੇਖਣ ਨੂੰ ਮਿਲ ਰਿਹਾ ਹੈ ਤਾਂ ਗੁਰੂ ਕਾਲ ਦੇ ਸ਼ਹੀਦਾਂ ਬਾਰੇ ਜਾਣਕਾਰੀ ਹਾਸਿਲ ਕਰਨੀ ਮਾਰੂਥਲ ਵਿੱਚ ਪੱਗਵੀ ਦੀ ਪਿੰਨ ਨੂੰ ਲੱਭਣ ਵਰਗਾ ਕਹਿਆ ਜਾ ਸਕਦਾ ਹੈ। ਧੰਨਵਾਦ ਡਾ: ਹਰਜਿੰਦਰ ਸਿੰਘ ਜੀ ਦਿਲਗੀਰ ਜੀਂ ਦਾ ਜਿਨ੍ਹਾਂ ਨੇ ਗੁਰੂ ਕਾਲ ਸੈਂਕੜੇ ਸ਼ਹੀਦਾਂ ਦੇ ਜੀਵਨ ਤੇ ਸ਼ਹੀਦੀ ਵੇਰਵੇ ਇਕੱਤਰ ਕਰਕੇ ਕੌਮ ਨੂੰ ਭੇਟਾ ਕੀਤੇ ਅੱਜ ਵੀ ਜੰਮੂ ਕਸ਼ਮੀਰ ਨਾਲ ਸਬੰਧੀ ਕਈ ਸ਼ਹੀਦਾਂ, ਜਿਵੇਂ ਭਾਈ ਚੌਪਾ ਸਿੰਘ, ਭਾਈ ਧਰਮ ਸਿੰਘ, ਆਦਿ ਦੇ ਵੇਰਵੇ ਇਕੱਠੇ ਕਰਨੇ ਬਾਕੀ ਹਨ। ਇਨ੍ਹਾਂ ਸ਼ਹੀਦਾਂ ਚੋਂ ਹੀ ਇਕ ਧੰਨਵਾਦ ਸਹਿਤ ਡਾ: ਹਰਜਿੰਦਰ ਸਿੰਘ ਜੀ ਦਿਲਗੀਰ, ਤੋਂ ਭਾਈ ਕੁਸ਼ਾਲ ਸਿੰਘ ਜੀ ਸ਼ਹੀਦ ਦਾ ਜੀਵਨ ਪ੍ਰਾਪਤ ਹੋਇਆ ਹੈ।

ਸ਼ਹੀਦ ਭਾਈ ਕੁਸ਼ਾਲ ਸਿੰਘ ਪਹਿਲੀ ਦਸੰਬਰ 1700 ਈ: ਦੇ ਦਿਨ ਕ੍ਰਿ ਲੋਹਗੜ੍ਹ ਦੇ ਬਾਹਰ ਚਰਨਗੰਗਾ ਦੇ ਮੈਦਾਨ ਵਿੱਚ ਸ਼ਹੀਦ ਹੋਏ ਸਨ ਜਿਨ੍ਹਾਂ ਦਾ ਅੰਤਮ ਸੰਸਕਾਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਕੀਤਾ ਸੀ।

ਸ਼ਹਦਿ ਭਾਈ ਕੁਸ਼ਾਲ (ਖੁਸ਼ਹਾਲ) ਸਿੰਘ ਭਾਈ ਮੱਖਣ ਸ਼ਾਹ ਵਣਜਾਰੇ ਦੇ ਪੁੱਤਰ ਤੇ ਭਾਈ ਦਾਸਾ ਦੇ ਪੋਤੇ ਅਤੇ ਭਾਈ ਅਰਥਾ ਦੇ ਪੜਪੋਤੇ ਸਨ। ਆਪ ਪੈਲੀਆਂ ਲੁਬਾਣਾ ਖਾਨਦਾਨ ਨਾਲ ਸਬੰਧ ਰਕਦੇ ਸਨ। ਆਪ ਦਾ ਪਰਿਵਾਰ ਗੁਰੂ ਹਰਿਰਾਇ ਜੀ ਦੇ ਵੇਲੇ ਤੋਂ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ। 1660 ਈ: ਵਿੱਚ ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਦੇ ਵੇਲੇ ਤੋਂ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ। 1660 ਈ: ਵਿੱਚ ਜਦੋਂ ਗੁਰੂ ਹਰਿਰਾਇ ਜੀ ਕਸ਼ਮੀਰ ਗਏ ਤਾਂ ਭਾਈ ਮੱਖਣਸ਼ਾਹ ਦੇ ਕਾਫ਼ਲੇ ਦੇ ਨਾਲ.ਹੀ ਗਏ ਸਨ। ਉਦੋਂ ਉਹ ਭਾਈ ਮੱਖਣਸ਼ਾਹ ਦੇ ਪਿੰਡ ਮੋਟਾ ਟਾਂਡਾ ਜਿਸ ਨੂੰ ਮਗਰੋਂ ਟਾਂਡਾ ਲੁਬਾਣਾ ਆਖਣ ਲਗ ਪਏ ਸਨ ਵਿਖੇ ਵੀ ਠਹਿਰੇ ਸਨ। ਮਗਰੋਂ 1664 ਵਿੱਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਪ੍ਰਗਟ ਕਰਨ ਦਾ ਐਲਾਨਗੁਰੂ ਲਾਧੋ ਰੇ ਵੀ ਉਨ੍ਹਾਂ ਨੇ ਹੀ ਕੀਤਾ ਸੀ। ਇਸ ਮਗਰੋਂ ਉਹ ਗੁਰੂ ਸਾਹਿਬ ਦੇ ਨਾਲ ਅੰਮ੍ਰਿਤਸਰ ਅਤੇ ਹੋਰ ਕਈ ਜਗ੍ਹਾ ਤੇ ਵੀ ਗਏ ਸਨ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪ੍ਰਗਟ ਕੀਤਾ ਤਾਂ ਭਾਈ ਮੱਖਣਸ਼ਾਹ ਦੇ ਤਿਨਾਂ ਪੁੱਤਰਾਂ ਚੰਦਾ ਸਿੰਘ, ਲਾਲ ਸਿੰਘ ਤੇ ਕੁਸ਼ਾਲ ਸਿੰਘ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ। ਭਾਈ ਕੁਸ਼ਾਲ ਸਿੰਘ ਤਾਂ ਗੁਰੂ ਸਾਹਿਬ ਦੀ ਫ਼ੌਜ ਵਿੱਚ ਵੀ ਸ਼ਾਮਿਲ ਹੋਇਆ ਸੀ। ਉਹ ਬੜਾ ਦਲੇਰ ਤੇ ਜੰਗਜੂ ਨੌਜਵਾਨ ਸੀ। ਉਹ ਕਾਫ਼ੀ ਸਮਾਂ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਸਾਹਿਬ ਵਿੱਚ ਵੀ ਰਿਹਾ ਸੀ। ਪਹਿਲੀ ਸਤੰਬਰ 1700 ਈ: ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ ਦੇ ਕਿਲੇ ਲੋਹਗੜ੍ਹ

ਤੇ ਹਮਲਾ ਕਰ ਦਿੱਤਾ ਤਾਂ ਭਾਈ ਕੁਸ਼ਾਲ ਸਿੰਘ ਵੀ ਕਿਲ੍ਹੇ ਦੇ ਅੰਦਰ ਹੀ ਸੀ। ਇਸ ਮੌਕੇ ਤੇ ਹੋਈ ਲੜਾਈ ਵਿੱਚ ਭਾਈ ਮਨੀ ਸਿੰਘ, ਭਾਈ ਬਚਿੱਤਰ ਸਿੰਘ, ਭਾਈ ਉਦੇ ਸਿੰਘ, ਭਾਈ ਆਲਮ ਸਿੰਘ ਸੌਂਧਰੀਆ ,ਭਾਈ ਆਲਮ ਸਿੰਘ ਪਰਮਾਰ, ਚੋਰਬਰਦਾਰ ਭਾਈ ਸੁਖਾ ਸਿੰਘ, ਭਾਈ ਕੁਸ਼ਾਲ ਸਿੰਘ ਬੜੀ ਬਹਾਦਰੀ ਨਾਲ ਲੜੇ ਤੇ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਰ ਦਿੱਤਾ।ਸ਼ਾਮ ਤੱਕ ਪਹਾੜੀ ਫ਼ੌਜਾਂ ਸੈਂਕੜੇ ਬੰਦੇ ਮਰਵਾ ਕੇ ਭਜ ਗਈਆਂ।

ਇਸ ਲੜਾਈ ਦਾ ਜ਼ਿਕਰ ਭੱਟ ਵਹੀ ਤਲਉਂਢਾ ਵਿੱਚ ਲਿਖਿਆ ਹੈ ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈ ਦਾਸ ਕਾ ਪੋਤਾ ਬਲੂ ਰਾਇ ਕਾਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ ਆਲ ਸਿੰਘ ਬੇਟਾ ਦੁਰਗਾਦਾਸ ਕਾ ਪੋਤਾ ਪਦਮੇ ਕਾ ,ਹਜ਼ਾਵਤ ਆਂਬਿਆਨਾਸਾਲ ਸਤਰਾਂ ਸੈ ਸਤਵੰਜਾ ਅਸੂਜ ਪ੍ਰਵਿਸ਼ਟੇ ਪਹਿਲੀ ਰਵੀਵਾਰ ਕੇ ਦਿਹੁੰ ਕਿਲ੍ਹਾ ਲੋਹਗੜ੍ਹ ਪਰਗਨਾ ਮਾਖੋਵਾਲ ਸੇ ਖਾਤਲਸਾ ਦਲ ਕੋ ਗੋਲ ਲੈ ਚਰਨ ਗੰਗਾ ਨਦੀ ਕੇ ਮਲ੍ਹਾਨ ਸਮੇਂ ਮਾਥੇ ਘੋਰ ਯੁਧ ਕੀਆ।ਆਲਮ ਸਿੰਘ ਬੇਟਾ ਕਰੀਆ ਕਾ ਪੋਤਾ ਮੂਲੇ ਕਾਜਲ੍ਹਾਨਾ ਸੁੱਖਾ ਸਿੰਘ ਬੇਟਾ ਰਾਇ ਸਿੰਘ ਕਾ ਪੋਤਾ ਮਾਈਦਾਸ ਕਾ, ਕੁਸ਼ਾਲ ਸਿੰਘ ਬੇਟਾ ਮੱਖਣਾ ਸਾਹ ਕਾ ਪੋਤਾ ਦਾਸੇ ਕਾਪੋਲੀਆਂ ਬਣਜਾਰਾ ਰਣ ਮੇਂ ਜੂਝ ਕਰ ਮਰੇ।ਆਗੇ ਗੁਰੂ ਭਾਣੇ ਕਾ ਖਾਬਿੰਦ ਹੈ।ਗੁਰੂ ਕੀ ਗਤਿ ਗੁਰੂ ਜਾਣੇ।(ਭੱਟ ਵਹੀ ਤਲਉਂਢਾ ਜੀਂਦ ਖਾਤਾ ਜਾਲਹਾਨੋਂ ਕਾ)

ਭਾਈ ਮੱਖਣ ਸ਼ਾਹ ਲੁਬਾਣਾ ਪਿੰਡਾ ਟਾਂਡਾ ਲੁਬਾਣਾ (ਮੁਜ਼ਫ਼ਰਾਬਾਦ ਕਸ਼ਮੀਰ) ਦੇ ਰਹਿਣ ਵਾਲੇ ਸਨ। ਇਹ ਪਿੰਡ ਮੁਜ਼ਫ਼ਰਾਬਾਦ ਤੋਂ 18 ਮੀਲ (ਤਕਰੀਬਨ 28 ਕਿਲੋਮੀਟਰ) ਦੂਰ ਹੈ। ਕਈਂ ਥਾਂਈਂ ਇਸ ਨੂੰ ਮੋਟਾ ਟਾਂਡਾ ਵੀ ਲਿਖਿਆ ਮਿਲਦਾ ਹੈ। ਉਸ ਵੇਲੇ ਇਹ ਵੱਡਾ ਟਾਂਡਾ ਸੀ। ਤੇ ਇਸ ਕਰਕੇ ਹੀ ਇਸ ਨੂੰ ਮੋਟਾ (ਵੱਡਾ) ਟਾਂਡਾ ਵੀ ਆਖਦੇ ਹੋਣਗੇ।

■■■

ਤਵਾਰੀਖ ਨੇ ਅਖੀ ਤਕਿਆ, ਇਕ ਅਨੋਖਾ ਮੰਜਰ,
ਬਿਜਲੀ ਅੱਗ ਤੂਫਾਨ ਤੇ ਲੋਹਾ, ਇਕ ਬੰਦੇ ਦੇ ਅੰਦਰ।

ਭਾਈ ਗੁਰਬਖਸ਼ ਸਿੰਘ ਜੀ ਉਰਫ ਬਾਬਾ ਬੰਦਾ ਸਿੰਘ ਬਹਾਦਰ

ਭਾਈ ਗੁਰਬਖਸ਼ ਸਿੰਘ ਉਰਫ ਬਾਬਾ ਬੰਦਾ ਸਿੰਘ ਜੀ ਬਹਾਦਰ ਸਿੱਖ ਕੌਮ ਦੇ ਉਹ ਜਰਨੈਲ ਹਨ, ਜਿਹਨਾਂ ਨੇ ਗੁਰੂ ਸਾਹਿਬਾਨ ਵੱਲੋਂ ਘੜੇ ਗਏ ਗੁਰਮਤਿ ਸਿਧਾਂਤ ਦੇ ਅਧਾਰਿਤ ਜੀਵਨ ਢਾਲ ਕੇ ਅਕਾਲ ਪੁਰਖ ਤੋਂ ਅਕਾਲ ਸਹਾਏ ਪ੍ਰਾਪਤ ਕਰ, ਸਿੱਖ ਕੌਮ ਨੂੰ ਆਦਰਸ਼ ਰੌਲ ਮਾਡਲ ਦੇਣ ਦੇ ਨਾਲ-ਨਾਲ ਸਿੱਖਾਂ ਦੀ ਰੂਹ ਤੱਕ ਉਤਰ ਚੁੱਕੇ ਰਾਜ ਕਰੇਗਾ ਖਾਲਸਾ ਨੂੰ ਪ੍ਰਤੱਖ ਕਰ ਵਿਖਾਇਆ ਅਤੇ ਸੰਸਾਰ ਦੇ ਸਾਹਮਣੇ ਆਪਣੇ ਨਹੀਂ, ਆਪਣੇ ਪਾਤਸ਼ਾਹ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ (ਕਰੰਸੀ) ਜਾਰੀ ਕੀਤੀ ਅਤੇ ਸੰਮਤ ਨਾਨਕਸ਼ਾਹੀ ਜਾਰੀ ਕੀਤਾ...।

ਗੁਰੂ ਸਾਹਿਬ ਵੱਲੋਂ ਬਖਸ਼ੇ ਅਨਮੋਲ ਖਜ਼ਾਨੇ ਸ਼ਬਦ ਗੁਰੂ ਨੂੰ ਅਪਣਾ ਸੰਵਿਧਾਨ ਜਾਣਦਿਆਂ ਹਰ ਫ਼ੈਸਲਾ ਸ਼ਬਦ ਗੁਰੂ ਦੀ ਰੌਸ਼ਨੀ ਵਿਚ ਕੀਤਾ, 'ਨਾ ਕੋ ਵੈਰੀ ਨਹੀਂ ਬਿਗਾਨਾ' ਨੂੰ ਸਾਹਮਣੇ ਰੱਖਦਿਆਂ ਤੇ ਹਰ ਇਕ ਕੌਮ ਅਤੇ ਧਰਮ ਅਸਥਾਨਾਂ ਦਾ ਸਤਿਕਾਰ ਕੀਤਾ, "ਸ਼ਰਨ ਆਏ ਤਿਸੁ ਕੰਠ ਲਾਏ" ਦੀ ਕਸੌਟੀ ਤੇ ਸਿਰਫ ਜਾਲਮ-ਕਾਤਲਾਂ ਨੂੰ ਸਜ਼ਾ ਦਿੱਤੀ, ਪਰ ਜਿਵੇਂ ਅੱਜ ਬਾਬਾ ਜਰਨੈਲ ਸਿੰਘ ਜੀ ਨੂੰ ਹਕੂਮਤ ਨੇ ਬੇਸ਼ੱਕ ਆਪਣੇ ਸਰਕਾਰੀ ਸਾਧਨਾਂ ਨਾਲ ਡੂੰਘੀ ਨੀਤੀ ਤਹਿਤ ਭੰਡਨ ਤੇ ਕੌਮ ਦੀ ਨਜ਼ਰਾਂ 'ਚ ਡੇਗਣ ਲਈ ਕਈ ਘਿਣੌਨੇ ਤੇ ਨੀਚ ਇਲਜਾਮ ਲਾਏ ਹਨ, ਪਰ ਬਾਬਾ ਭਿੰਡਰਾਂਵਾਲਿਆਂ ਨੂੰ ਕੌਮ ਦੇ ਦਿਲ ਤੇ ਰਾਜ ਕਰਨ ਤੋਂ ਰੋਕ ਨਹੀਂ ਸਕੇ, ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਜੀ ਦਸਮ ਪਾਤਸ਼ਾਹ ਵੱਲੋਂ ਥਾਪੇ ਗਏ, ਜਥੇਦਾਰ ਸਨ, ਸਮੁੱਚੀ ਕੌਮ ਗੁਰੂ ਸਾਹਿਬ ਤੋਂ ਬਾਅਦ ਹੁਣ ਸ਼ਬਦ ਗੁਰੂ ਨੂੰ ਆਪਣਾ ਗੁਰੂ ਤੇ ਬਾਬਾ ਬੰਦਾ ਸਿੰਘ ਨੂੰ ਆਪਣਾ ਆਗੂ ਮੰਨਦੀ ਸੀ, ਜਿਸ ਲਈ ਉਨ੍ਹਾਂ ਤੇ ਵੀ ਕਈ ਪ੍ਰਕਾਰ ਦੇ ਬੇਹੂਦਾ ਤੇ ਬਕਵਾਸ ਕਿਸਮ ਦੇ ਇਲਜਾਮ ਲਾਏ ਗਏ। ਜਿਵੇਂ ਅੱਜ ਵੀ ਕਈ ਭੋਲੇ ਤੇ ਸ਼ੈਤਾਨ ਲੋਕ ਬਾਬਾ ਭਿੰਡਰਾਂਵਾਲਿਆਂ ਵਿਰੁੱਧ ਉਹੀ ਬੋਲੀ ਬੋਲਦੇ ਹਨ, ਜੋ ਸਰਕਾਰ ਨੇ ਪ੍ਰਚਾਰਿਆ ਹੈ। ਇਹੀ ਕੁਝ ਬਾਬਾ ਬੰਦਾ ਸਿੰਘ ਨਾਲ ਹੋਇਆ, ਜੋ ਉਸ ਵੇਲੇ ਦੀ ਹਕੂਮਤ ਨੇ ਸ਼ਿਕਸਤ ਖਾਕੇ ਈਰਖਾ ਵਜੋਂ ਪ੍ਰਚਾਰਿਆ, ਉਹੀ ਅੱਜ ਤੱਕ ਕਈ ਭੁੱਲੜ ਤੇ ਗੁਰਮਤਿ ਤੋਂ ਅਨਜਾਣ ਢਾਡੀ ਤੇ ਅਖੌਤੀ ਪ੍ਰਚਾਰਕ ਬਾਬਾ

ਬੰਦਾ ਸਿੰਘ ਜੀ ਬਾਰੇ ਪ੍ਰਚਾਰੀ ਜਾ ਰਹੇ ਹਨ, ਕੌਮ ਲਈ ਕਿੱਡੀ ਸ਼ਰਮ ਦੀ ਗੱਲ ਹੈ। ਪਰ ਆਉ ਵੇਖੀਏ ਬਾਬਾ ਜੀ ਨੂੰ ਕੁਝ ਵਿਦਵਾਨ ਕਿੰਨੀ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ) "ਸ਼੍ਰੀ ਗੋਕਲ ਚੰਦ ਨਾਰੰਗ ਜੀ" ਬਾਬਾ ਬੰਦਾ ਸਿੰਘ ਬਾਰੇ ਕੀ ਲਿਖਦੇ ਹਨ, (ਬੰਦਾ ਸਿੰਘ) ਉਹ ਸਿੱਖ ਜਿਸਦੀ ਕਲਪਨਾ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ ਉਹ ਸਿੱਖ ਜਿਹੜਾ ਦਸਾਂ ਗੁਰੂਆਂ ਦੀ ਮਹਾਨ ਅਤੇ ਅਣਥੱਕ ਘਾਲਣਾ ਦਾ ਸਿੱਟਾ ਸੀ, ਉਹ ਕਹਿੰਦੇ ਹਨ ... ਕਹਾਣੀ ਦਾ ਪਲਾਟ ਗੁਰੂ ਗੋਬਿੰਦ ਸਿੰਘ ਨੇ ਬਣਾਇਆ, ਐਕਟਰ ਵੀ ਗੁਰੂ ਗੋਬਿੰਦ ਸਿੰਘ ਨੇ ਆਪ ਸਿਆਣਪ ਨਾਲ ਤਿਆਰ ਕੀਤੇ, ਪਰ ਇਹ ਬੰਦਾ ਸਿੰਘ ਹੀ ਸੀ, ਜਿਸ ਨੇ ਐਕਟਰਾਂ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਅਤੇ ਚੰਗੀ ਤਰ੍ਹਾਂ ਖਿਡਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਬੀਜ ਬੀਜਿਆ ਤੇ ਫ਼ਸਲ ਬੰਦਾ ਸਿੰਘ ਨੇ ਕੱਟੀ ਅੱਗੇ ਹੋਰ ਲਿਖਦੇ ਹਨ : ਗੁਰੂ ਜੀ ਨੇ ਅਸੂਲ ਬਣਾਏ, ਬੰਦਾ ਸਿੰਘ ਨੇ ਉਨ੍ਹਾਂ ਅਸੂਲਾਂ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਜਾਨ ਦੀ ਬਾਜ਼ੀ ਲੱਗਾ ਦਿੱਤੀ। ਗੁਰੂ ਗੋਬਿੰਦ ਸਿੰਘ ਨੇ ਮੁਗਲਾਂ ਦੇ ਅਜਿਤ ਹੋਣ ਦੀ ਭੁੱਲ ਨੂੰ ਤੋੜਿਆ ਤੇ ਮੁਗ਼ਲਾਂ ਨੂੰ ਪੰਜਾਬ ਦੀ ਧਰਤੀ ਤੋਂ ਮਾਰ ਮੁਕਾਇਆ" ਗੋਕਲ ਚੰਦ ਨਾਰੰਗ ਦੇ ਲਫ਼ਜ਼ਾਂ ਵਿਚ : ਗੁਰੂ ਗੋਬਿੰਦ ਸਿੰਘ ਜੀ ਦਾ ਆਸ਼ਾ ਇਸ ਹਿੰਦੁਸਤਾਨ 'ਚੋਂ ਇਕ ਜਾਲਮ, ਨਿਰਦਈ ਅਤੇ ਅਨਿਆਂਕਾਰੀ ਮੁਗ਼ਲ ਸਾਮਰਾਜ ਨੂੰ ਖਤਮ ਕਰਕੇ ਇੱਥੇ ਸਹੀ ਅਰਥਾਂ ਵਿਚ ਧਰਮ ਦਾ ਰਾਜ ਸਥਾਪਿਤ ਕਰਨਾ ਸੀ, ਜਿਸ ਵਿਚ ਕਿਸੇ ਨੂੰ ਦੂਜੇ ਤੋਂ ਭੈਅ ਨਾ ਹੋਵੇ, ਹਰੇਕ ਨੂੰ ਧਾਰਮਿਕ ਅਜ਼ਾਦੀ ਹੋਵੇ, ਬਲਵਾਨ ਆਦਮੀ ਕਮਜ਼ੋਰਾਂ ਤੇ ਜ਼ੁਲਮ ਨਾ ਕਰਨ ਸਗੋਂ ਜਿੱਥੇ ਤੱਕ ਹੋ ਸਕੇ, ਉਨ੍ਹਾਂ ਦੀ ਸਹਾਇਤਾ ਕਰਨ। ਗੁਰੂ ਸਾਹਿਬ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਇਸੇ ਖਾਲਸਾ ਪੰਥ ਦੀ ਛਾਇਆ ਹੇਠ ਧਰਮ ਦੇ ਰਾਜ ਦੀ ਉਨ੍ਹਾਂ ਕਲਪਨਾ ਕੀਤੀ। ਅਸੀਂ ਕਹਿ ਸਕਦੇ ਹਾਂ ਕਿ "ਇਨ ਗਰੀਬ ਸਿੱਖਨ ਕੋ ਦੇਊ ਪਾਤਸ਼ਾਹੀ" ਦੇ ਉਪਦੇਸ਼ ਨੂੰ ਬਾਬਾ ਬੰਦਾ ਸਿੰਘ ਵੱਲੋਂ ਅਮਲ 'ਚ ਲਿਆਂਦਾ ਗਿਆ। ਇਤਿਹਾਸਕਾਰ ਲਿਖਦੇ ਹਨ : ਦਸਮ ਪਾਤਸ਼ਾਹ ਵੱਲੋਂ ਜਦੋਂ ਬੰਦਾ ਸਿੰਘ ਨੂੰ ਥਾਪਨਾ ਦੇ ਕੇ ਤੇ ਪੰਜ ਜਰਨੈਲ, ਭਾਈ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ਼ ਸਿੰਘ, ਭਾਈ ਦਇਆ ਸਿੰਘ, ਭਾਈ ਰਣ ਸਿੰਘ ਅਤੇ ਵੀਂ (20) ਸਿੰਘ ਸਾਥੀ ਤੇ ਪੰਜ ਤੀਰ, ਇਕ ਨਗਾਰਾ, ਨਿਸ਼ਾਨ ਸਾਹਿਬ, ਸੌਂਪਕੇ ਜਥੇਦਾਰੀ ਦੀ ਥਾਪਨਾ ਦੇ ਕੇ ਦੇਸ਼ ਪੰਜਾਬ ਵੱਲ ਤੋਰਿਆ ਤਾਂ ਕੁੱਝ ਸੰਗਤਾਂ ਦੇ ਨਾਮ ਹੁਕਮਨਾਮੇਂ ਵੀ ਦਿੱਤੇ ਜੋ ਸਿੱਖ ਸੰਗਤਾਂ ਨੂੰ ਦਸਮ ਪਾਤਸ਼ਾਹ ਦੇ ਭੇਜੇ ਗਏ ਬੰਦੇ ਦੀ, ਪੰਜਾਬ ਰਵਾਨਗੀ ਬਾਰੇ ਜਾਣਕਾਰੀ ਹੋ ਸਕੇ। ਜਦ ਬਾਬਾ ਬੰਦਾ ਸਿੰਘ ਸਿੱਖਾਂ ਨੂੰ ਸੰਦੇਸ਼ ਭੇਜਦੇ ਤਾਂ ਉਨ੍ਹਾਂ 'ਚ ਲਿਖਿਆ ਹੁੰਦਾ : "ਅਸੀਂ ਪੇਸ਼ਾਵਰ ਧਾੜਵੀਆਂ ਅਤੇ ਜਾਲਮ ਹਾਕਮਾਂ ਦੇ ਅਤਿਆਚਾਰਾਂ ਤੋਂ ਗਰੀਬ ਤੇ ਨਿਤਾਣੀ ਜਨਤਾ ਨੂੰ ਬਚਾਉਣ ਲਈ ਆਏ ਹਾਂ ਖਾਣ-ਪੀਣ ਦੀਆਂ ਵਸਤਾਂ ਦੁੱਧ ਘਿਓ ਦਹੀ ਤੋਂ ਬਿਨਾਂ ਸਾਨੂੰ ਕਿਸੇ ਹੋਰ ਚੀਜ਼ ਦੀ ਲੋੜ ਨਹੀਂ। ਆਓ ਤੁਸੀਂ ਵੀ ਖਾਲਸੇ ਹੋ ਜਾਓ, ਅਸੀਂ ਤੁਹਾਨੂੰ ਮੁਲਕ ਦੇ ਮਾਲਕ ਬਣਾ

ਦਿਆਂਗੇ।" ਇਸ ਵਾਰੇ ਭਾਈ ਰਤਨ ਸਿੰਘ ਭੰਗੂ ਲਿਖਦੇ ਹਨ :

"ਐਸੀ ਭੇਜੀ ਲਿਖ ਅਰਦਾਸ। ਭੇਜੀ ਖਾਲਸੇ, ਖਾਲਸੇ ਪਾਸ।
ਸੋ ਸੁਨ ਖਾਲਸੇ ਸਿਰ ਪਰ ਧਰੀ। ਤੁਰਤ ਚਲਨ ਕੀ ਤਿਆਰੀ ਕਰੀ॥ ੮॥
ਜਿਸੇ ਸਿੱਖ ਪਹਿ ਖਰਚ ਨ ਹੋਏ। ਬਿਨਾ ਖਰਚ ਬੰਦ ਖਾਵੈ ਸੋਇ॥
ਅਸਿੱਖ ਸਿੱਖਨ ਦੋਵੈ ਸੁਨਾਈ। ਕਹੈ ਸਿੱਖ ਸਭ ਉਹਾ ਮਰਾਹੀ ॥੧੦੫॥

ਬੰਦਾ ਸਿੰਘ ਨੇ ਜੋ ਜਨਤਾ ਨਾਲ ਵਾਦਾ ਕੀਤਾ ਉਸ ਨੂੰ ਪੱਥਰ ਦੀ ਲੀਕ ਬਣਾ ਦਿੱਤਾ, ਖਾਲਸਾਰਾਜ ਦੀ ਸਥਾਪਨਾ ਤੋਂ ਬਾਅਦ ਜੋ ਪਰੀਵਰਤਨ ਹੋਇਆ, ਗਰੀਬਾਂ ਨਿਮਾਣਿਆਂ ਨੂੰ ਬਾਬਾ ਨਾਨਕ ਸਾਹਿਬ ਦੇ ਦਰ ਤੋਂ ਬਖ਼ਸ਼ਿਸ਼ਾ ਪ੍ਰਾਪਤ ਹੋਈਆਂ ਉਸ ਬਾਰੇ "ਵਿਲੀਅਮ ਇਰਵਿਨ" ਲਿਖਦੇ ਹਨ : "ਸਿੱਖਾਂ ਦੇ ਕਬਜ਼ੇ ਹੇਠ ਆਏ ਸਾਡੇ ਪਰਗਾਣਿਆਂ ਵਿਚ ਪੁਰਾਣੇ ਰਿਵਾਜ਼ਾਂ ਦਾ ਉਲਟ-ਪੁੱਲਟ ਹੋ ਜਾਣਾ ਹੈਰਾਨ ਕਰ ਦੇਣ ਵਾਲਾ ਤੇ ਮੁਕੰਮਲ ਕੰਮ ਸੀ। ਇਕ ਨੀਚ ਭੰਗੀ ਜਾਂ ਚਮਾਰ ਲਈ ਜਿਸਨੂੰ ਹਿੰਦੋਸਤਾਨੀਆਂ ਦੇ ਖਿਆਲ ਵਿਚ ਅੱਤ ਨੀਵਾਂ ਸਮਝਿਆਂ ਜਾਂਦਾ ਹੈ, ਸਿਰਫ ਘਰ ਛੱਡ ਕੇ ਆਗੂ (ਬੰਦਾ ਸਿੰਘ) ਪਾਸ ਪਹੁਚਣਾ ਹੀ ਹੁੰਦਾ ਸੀ, ਕਿ ਥੋੜੇ ਸਮੇਂ ਵਿਚ ਹੀ ਉਹ ਆਪਣੀ ਨਿਯੁਕਤੀ ਦਾ ਹੁਕਮ ਹੱਥੀ ਲੈ ਕੇ ਅਪਨੀ ਜਨਮ ਭੂਮੀ ਦਾ ਮਾਲਕ ਬਣ ਆਉਂਦਾ ਸੀ। (ਉਸ ਨੂੰ ਜ਼ਮੀਨ ਦੀ ਮਾਲਕੀਅਤ ਮਿਲ ਜਾਂਦੀ ਸੀ ਅਫਸੋਸ ਅਜ ਦਾ ਦੁਖੀ ਕਿਸਾਨ ਵੀ ਬਾਬਾ ਬੰਦਾ ਸਿੰਘ ਨੂੰ ਭੁੱਲ ਗਿਆ) ਜਦੋਂ ਉਹ ਆਪਣੀ ਸਰਹੱਦ ਦੇ ਪੈਰ ਆ ਧਰਦਾ ਤਾਂ ਉਚ ਜਨਮ ਵਾਲੇ ਕੁਲੀਨ ਅਤੇ ਧਨਾਢ ਲੋਕ ਉਸਦਾ ਸੁਆਗਤ ਕਰਨ ਲਈ ਆ ਜਾਂਦੇ ਅਤੇ ਉਸਨੂੰ ਨਾਲ ਲਿਆਉਂਦੇ ਉੱਥੇ ਪੁੱਜਣ ਤੇ ਇਹ ਲੋਕ ਹੱਥ ਬੰਨ੍ਹੀ ਉਸ ਦੇ ਸਾਹਮਣੇ ਖੜ ਜਾਂਦੇ ਅਤੇ ਉਸਦੇ ਹੁਕਮ ਦੀ ਉਡੀਕ ਕਰਦੇ, ਕੀ ਮਜਾਲ ਕੋਈ ਉਸ ਦੀ ਹੁਕਮ ਆਦੂਲੀ ਕਰ ਸਕਦਾ। "ਸਿੰਘ ਸਜਣ ਗੱਭਰੂ ਇਕ ਆਇਆ, ਨੀਚ ਜਾਤ ਦਾ। ਬੰਦੇ ਨੂੰ ਹਾਲ ਦੱਸਿਆ ਉਸ, ਆਪਣੀ ਬਾਤ ਦਾ ਅੰਦਾਜ਼ਾ ਕਰਕੇ ਬੰਦੇ ਨੇ ਫੌਰਨ ਹਾਲਾਤ ਦਾ, ਰੱਖਿਆ ਸੀ, ਮਾਣ, ਗੱਭਰੂ ਦੇ ਜਜ਼ਬਾਤ ਦਾ, ਪਿੰਡ ਵਾਸੀ ਕਹਿਣ ਉਹਨੂੰ ਨੌਕਰ ਹਾਂ ਜੀ ਆਪਕੇ।" ਬਾਬਾ ਜੀ ਵੱਲੋਂ ਮੁਖਲਿਸਗੜ੍ਹ ਨੂੰ ਲੋਹਗੜ੍ਹ ਬਣਾ ਕੇ ਖਾਲਸਾ ਰਾਜ ਦੀ ਰਾਜਧਾਨੀ ਐਲਾਨਿਆ ਗਿਆ, ਅਤੇ ਇਥੋਂ ਹੀ ਨਾਨਕਸ਼ਾਹੀ ਸੰਮਤ ਤੇ ਕਰੰਸੀ ਜਾਰੀ ਕੀਤੀ ਤੇ ਇਤਿਹਾਸ 'ਚ ਨਵਾਂ ਅਧਿਆਏ ਸ਼ਾਮਿਲ ਕੀਤਾ। ਇਹ ਪਹਿਲਾ ਉਪਰਾਲਾ ਸੀ, ਕਿ ਹਿੰਦੁਸਤਾਨੀਆਂ ਨੂੰ ਵਿਦੇਸ਼ੀ ਹਾਕਮਾਂ ਵੱਲੋਂ ਪਾਈਆਂ ਗਈਆਂ ਗੁਲਾਮੀ ਦੀ ਸੰਗਲਾਂ ਤੋਂ ਨਜ਼ਾਤ ਪ੍ਰਾਪਤ ਹੋਈ, ਪਰ ਬਦ ਕਿਸਮਤੀ ਹਿੰਦੁਸਤਾਨ ਦੀ ਕਿ ਇਥੋਂ ਦੇ (ਭਾਰਤ ਦੇ) ਹਿੰਦੂ ਰਾਜਿਆਂ ਨੇ ਆਪਣੀ ਰਾਜਗੱਦੀ ਬਚਾਉਣ ਲਈ ਜਲਾਲਤ ਤਾਂ ਬਰਦਸ਼ਾਤ ਕੀਤੀ, ਪਰ ਬੰਦਾ ਸਿੰਘ ਬਹਾਦਰ ਦਾ ਇਸ ਅਜ਼ਾਦੀ ਸੰਗਰਾਮ ਵਿਚ ਸਾਥ ਨਾ ਦਿੱਤਾ। ਸਿਕੇ ਅਤੇ ਸਰਕਾਰੀ ਮੋਹਰ ਤੇ ਲਿਖੇ ਸ਼ਬਦਾਂ ਬਾਰੇ "ਸ੍ਰ. ਕਿਰਪਾਲ ਸਿੰਘ ਜੀ ਚੰਦਨ", ਲਿਖਦੇ ਹਨ : "ਸਿਕਾ ਜਦ ਬਰ ਹਰ ਦੋ ਆਲਮ, ਤੇਗਿ ਨਾਨਕ ਵਾਹਿਬ ਅਸਤ॥" ਫਤਹਿ ਗੋਬਿੰਦ ਸਿੰਘ

ਸ਼ਾਹਿ-ਸ਼ਾਹਾਨ ਫਜਲਿ ਸੱਚਾ ਸਾਹਿਬ ਅਸਤ॥" ਅਰਥ : ਗੁਰੂ ਨਾਨਕ ਸਾਹਿਬ ਜੀ ਦੀ ਬੱਖਸ਼ੀ ਹੋਈ ਤੇਗ ਦੀ ਬਖਸ਼ਿਸ਼ ਹੋਈ ਦੋ ਜਹਾਨਾਂ ਤੇ ਸਿੱਕਾ ਮਾਰਿਆ। ਸ਼ਾਹਾ ਦੇ ਸ਼ਾਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਫਤਹਿ ਹੋਈ, ਇਕ ਸਚੇ ਰੱਬ ਨੇ ਮਿਹਰਾਂ ਕੀਤੀਆਂ।"

ਨਾਨਕਸ਼ਾਹੀ ਸਰਕਾਰੀ ਮੋਹਰ : "ਦੇਗੋ ਤੇਗੋ ਫਤਹਿ-ਓ-ਨੁਸਰਤਿ ਬੇ-ਦਿਰੰਗ॥ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥" "ਅਰਥ ਦੇਗ ਤੇਗ ਫਤਹਿ ਤੇ ਸੇਵਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਦਰੋਂ ਪ੍ਰਾਪਤ ਹੋਈ।"

ਦੇਸ਼ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਸੀ ਕਿ ਕਿਰਤੀ-ਕਾਮਿਆਂ ਬੰਦੂਆਂ ਨੂੰ ਅਮੀਰ ਜਗੀਰਦਾਰਾਂ ਦੀ ਸਦੀਆਂ ਲੰਮੀ ਗੁਲਾਮੀ ਤੋਂ ਬੰਦਖਲਾਸੀ ਨਸੀਬ ਹੋਈ। ਅਜੋਕੇ ਕਿਸਾਨੀ ਸੰਕਟ ਲਈ ਵੀ ਖਾਲਸਾ ਰਾਜ ਦੀ ਲੋੜ ਮਹਿਸੂਸ ਹੋਈ ਹੈ। ਸਮਾਜਿਕ ਖੇਤਰ "ਨਿਰਧਨ ਕੋ ਪਾਲਨੇ ਕੋ, ਦੇ ਨਾਲ "ਦੁੱਸ਼ਟ ਕੋ ਖਾਲਨੇ ਕੋ" ਦਾ ਪ੍ਰੋਗਰਾਮ ਵੀ ਟੁਰਦਾ ਰਿਹਾ, ਸਾਹਿਬਜ਼ਾਦਿਆਂ ਦੇ ਕਾਤਲ (ਜਲਾਦ) ਗੁਰੂ ਤੇਗ ਬਹਾਦਰ ਸਾਹਿਬ ਨੂੰ ਕਤਲ ਕਰਨ ਵਾਲੇ (ਜਲਾਦ) ਗੁਰੂ ਘਰ ਦੇ ਹਮਦਰਦ ਤੇ ਗੁਰੂ ਘਰ ਲਈ ਆਪਣੇ ਬੱਚੇ ਤੇ ਸਾਥੀ ਸ਼ਹੀਦ ਕਰਵਾਉਣ ਵਾਲੇ, ਪੀਰ ਬੱਦਰੂਦੀਨ (ਪੀਰ ਬੁੱਧੂ ਸ਼ਾਹ) ਜੀ ਦੇ ਕਾਤਲਾਂ ਨੂੰ ਸਖਤ ਸਜਾਵਾਂ ਦਿੱਤੀਆਂ ਗਈਆਂ ਤੇ ਕਾਤਲਾਂ-ਜ਼ਾਲਮਾਂ ਦੀ ਹਿੱਕ ਤੇ ਧਰਮ ਦੇ ਰਾਜ-ਖਾਲਸਾ ਰਾਜ ਦੇ ਝੰਡੇ ਨੂੰ ਗੱਢ ਦਿੱਤਾ ਗਿਆ। "ਮੈਲਕਮ" ਸਿੱਖਾਂ ਦੀ ਚੜ੍ਹਤ ਬਾਰੇ ਲਿਖਦਾ ਹੈ "ਇਸ ਵਿਚ ਕੋਈ ਸ਼ੱਕ ਨਹੀਂ ਜੇ ਬਹਾਦਰ ਸ਼ਾਹ ਪੰਜਾਬ ਨਾ ਆਉਂਦਾ ਤਾਂ ਸਿੱਖ ਸਾਰੇ ਹਿੰਦੁਸਤਾਨ ਨੂੰ ਜੇਰ ਕਰ ਲੈਂਦੇ। ਉਸਦੇ ਆਉਣ ਨਾਲ ਪਾਸਾ ਪਲਟਿਆ ਤੇ ਮੁਸਲਮਾਨ ਜਹਾਦੀ ਤਾਕਤਾਂ ਨੂੰ ਇਕੱਠਾ ਕਰਕੇ ਉਸਨੇ ਟਾਕਰਾ ਕੀਤਾ।" 29 ਅਗਸਤ 1716 ਨੂੰ ਮੁਗਲੀਆਂ ਹਕੂਮਤ ਨੇ ਸਰਕਾਰੀ ਐਲਾਨ ਕੀਤਾ ਕਿ ਸਾਰੇ ਹਿੰਦੂ ਸਰਕਾਰੀ ਮੁਲਾਜਮ ਤੇ ਹੋਰ ਬਾਕੀ ਸਾਰੇ ਦਾੜੀਆਂ ਕੇਸ ਕੱਟਾ ਦੇਣ, ਹਿੰਦੂਆਂ ਨੂੰ ਹਿੰਦੁਸਤਾਨ 'ਚ ਕਾਫ਼ਰ ਕਹਿ ਕੇ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਦੀ ਧੀ-ਭੈਣਾਂ, ਨੂੰ ਮੁਗਲੀਆਂ ਸੂਬੇਦਾਰਾਂ ਅਹਿਲਕਾਰਾਂ ਦੀ ਸੇਜ਼ (ਬਿਸਤਰ) ਦਾ ਸ਼ਿੰਗਾਰ ਬਨਾਇਆ ਜਾਂਦਾ ਰਿਹਾ, ਸਨਾਤਨ ਧਰਮ ਰੀਤਾਂ ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ, ਜਿਨ੍ਹਾਂ ਤੋਂ ਹਿੰਦੂ ਨਾਗਰਿਕਾਂ (ਜਨਤਾ) ਨੂੰ ਬਚਾਉਣ ਤੇ ਅਜ਼ਾਦੀ ਦਿਲਾਊਨ ਲਈ, ਸਿੱਖਾਂ ਨੇ ਇਨ੍ਹਾਂ ਦੀ ਮਦਦ ਲਈ ਹਕੂਮਤ ਦੇ ਕਰਿੰਦਿਆਂ ਨੂੰ ਚੁਣ-ਚੁਣ ਕੇ ਮੌਤ ਦੇ ਘਾਟ ਉਤਾਰਿਆ ਤੇ ਹਿੰਦੂਆਂ ਨੂੰ ਸੁਖ ਦਾ ਸਾਹ ਮਿਲਿਆ, ਪਰ ਦੂਜੇ ਪਾਸੇ ਮੁਰਦਾ ਜ਼ਮੀਰ ਵਾਲੇ, ਬ੍ਰਿਜ ਰਾਜ, ਵਰਗੇ ਰਾਜੇ ਸਿੱਖਾਂ ਵਿਰੁੱਧ ਮੁਗਲ ਹਕੂਮਤ ਦਾ ਸਾਥ ਦੇ ਰਹੇ ਸਨ। ਜੇ ਕਿਧਰੇ ਬੰਦਾ ਸਿੰਘ ਮਾਧੋ ਦਾਸ, ਹੀ ਬਣਿਆ ਰਹਿੰਦਾ, ਦਸਮ ਪਾਤਸ਼ਾਹ ਉਸ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੱਖ ਨਾ ਸਜਾਉਂਦੇ, ਗੁਰਬਾਣੀ ਦਾ ਉਸ ਅੰਦਰ ਗਿਆਨ ਪ੍ਰਕਾਸ਼ ਨਾ ਹੁੰਦਾ, ਤਾਂ ਬੰਦਾ ਸਿੰਘ ਵੀ ਮਾਧਯੋਗੀ ਬੰਨਕੇ ਲੋਕਾਂ ਨੂੰ ਪਹਿਲੇ ਵਾਂਗ ਤੰਤਰਾਂ-ਮੰਤਰਾਂ ਨਾਲ ਪ੍ਰੇਸ਼ਾਨ ਕਰਕੇ, ਕਿਸੇ ਮੱਠ ਤੇ ਬੈਠਾ ਭਾਰਤ ਦੀ ਗੁਲਾਮੀ ਦਾ ਨਜ਼ਾਰਾ ਵੇਖ ਰਿਹਾ ਹੁੰਦਾ। ਇਸੇ

ਤਰ੍ਹਾਂ ਜੋ ਜੱਟ ਪ੍ਰਣਾਲੀ ਅੱਜ, ਪੰਜਾਬ ਅਤੇ ਸਿੱਖ ਕੌਮ ਦਾ ਆਪਣੇ ਆਪ ਨੂੰ ਪ੍ਰਧਾਨ ਸਮਝ ਰਹੀ ਹੈ, ਤੇ ਬਾਕੀ ਪੰਜਾਬੀਆਂ ਤੇ ਸਿੱਖਾਂ ਨੂੰ ਨੀਵਾਂ ਤੇ ਨੀਚ ਕਹਿੰਦੀ ਨਫ਼ਰਤ ਕਰ ਰਹੀ ਹੈ, ਉਸਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਬਾਬਾ ਨਾਨਕ ਸਾਹਿਬ ਗੋਬਿੰਦ ਸਿੰਘ ਪਾਤਸ਼ਾਹ ਬ੍ਰਾਹਮਣਾਂ ਵੱਲੋਂ ਵੰਡੀ ਤੇ ਜਾਤਪਾਤੀ ਸਿਸਟਮ ਦੀ ਸ਼ਿਕਾਰ ਸ਼ੂਦਰਾਂ ਦੀ ਗਿਣਤੀ 'ਚ ਪਈ ਜੱਟ ਬਲਾਦਰੀ ਨੂੰ ਸਿੱਖੀ ਅਤੇ ਖੰਡੇ ਦੀ ਪਾਹੁਲ ਨਾ ਦਿੰਦੇ ਤਾਂ, ਅੱਜ ਬ੍ਰਾਹਮਣਾਂ ਵੱਲੋਂ ਉਸ ਦੇ ਨਾਲ ਵੀ ਉਂਝ ਹੀ ਘ੍ਰਿਣਾ ਕੀਤੀ ਜਾ ਰਹੀ ਹੁੰਦੀ, ਜਿਵੇਂ ਅੱਜ ਜੱਟ ਸਰਮਾਏਦਾਰੀ ਵੱਲੋਂ, ਮੱਜਬੀ, ਘੁਮਿਆਰ, ਨਾਈ ਰਵਿਦਾਸੀਏ, ਅਰੋੜੇ, ਸੁਨਿਆਰੇ ਆਦਿ ਨਾਲ ਕੀਤੀ ਜਾ ਰਹੀ ਹੈ, ਸੱਚ ਕਹਿ ਸਕਦੇ ਹਾਂ ਅੱਜ ਅਸੀਂ ਬਾਬਾ ਨਾਨਕ ਸਾਹਿਬ ਦੀ ਗੁਰਮਤਿ ਫਿਲਾਸਫੀ ਨੂੰ ਮਿੱਟੀ 'ਚ ਰੌਲ ਰਹੇ ਹਾਂ ਜੋ ਅਸੀਂ ਸਿਰਫ ਦਸ਼ਮੇਸ਼ ਦੇ ਬੰਦੇ ਹਾਂ, ਕਿਸੇ ਜਾਤ-ਪਾਤ ਦਾ ਸਾਡੇ ਤੇ ਕੋਈ ਅਸਰ ਨਹੀਂ। ਤਾਂ ਫਿਰ ਅੱਜ ਹੀ ਜਾਤ ਬਰਾਦਰੀ ਦੇ ਨਾ ਤੇ ਉਸਰੇ ਹੋਏ ਜਾਂ ਉਸਾਰੇ ਗਏ ਧਰਮ ਸਥਾਨ ਅਤੇ ਸ਼ਮਸ਼ਾਨ ਘਾਟ ਬੰਦ ਕਰ ਦਿੱਤੇ ਜਾਣ ਅਤੇ ਮਜ਼ਬੀਆਂ, ਜੱਟਾਂ ਦੇ ਨਾ ਹੋ ਕੇ ਸਿਰਫ਼ ਤੇ ਸਿਰਫ਼ ਇਨਸਾਨਾਂ (ਸਿੱਖਾਂ) ਦੇ ਕਰ ਦਿੱਤੇ ਜਾਣ।

ਬਾਬਾ ਜੀ ਵੱਲੋਂ ਖਾਲਸਾ ਰਾਜ ਵਿਚ ਹਿੰਦੂ-ਮੁਸਲਮਾਨਾਂ ਨੂੰ ਬਰਾਬਰ ਦੇ ਅਧਿਕਾਰ ਤੇ ਉੱਚੇ ਅਹੁਦੇ ਦਿੱਤੇ ਗਏ, ਐਲਾਨ ਕੀਤਾ ਗਿਆ ਕਿ ਕਿਸੇ ਮਸਜਿਦ-ਮੰਦਿਰ ਵੱਲ ਕੋਈ ਫਿਰਕੂ ਨਜ਼ਰ ਨਾਲ ਨਾ ਵੇਖੇ, ਕਿਸੇ ਦੇ ਧਰਮ ਤੇ ਕੋਈ ਪਾਬੰਦੀ ਨਹੀਂ ਕਿਸੇ ਬੱਚੇ ਉੱਤੇ ਕੋਈ ਜ਼ੁਲਮ ਜਾਂ ਮੈਲੀ ਨਜ਼ਰ ਨਾ ਕਰੇ, ਸ਼ਰਨ ਆਏ ਨੂੰ ਕੁਝ ਨਹੀਂ ਕਹਿਣਾ ਤੇ ਜਾਲਮ ਨੂੰ ਰਹਿਣ ਨਹੀਂ ਦੇਣਾ...।

ਹਿੰਦੁਸਤਾਨ 'ਚੋਂ ਹਿੰਦੂ ਧਰਮ ਖਤਮ ਕਰਨ 'ਚ ਮੁਗਲਾਂ ਨੂੰ ਸਿੱਖ ਧਰਮ, ਵੱਡੀ ਰੁਕਾਵਟ ਦਿਖਾਈ ਦੇ ਰਿਹਾ ਸੀ, ਕਿਉਂਕਿ ਸਿੱਖਾਂ ਨੂੰ ਕਿਸੇ ਵੀ ਮਨੁੱਖ ਮਾਤਰ ਤੇ ਜ਼ਬਰੀ ਧਰਮ ਪਰਿਵਰਤਨ ਤੇ ਜ਼ੁਲਮ ਹੁੰਦਾ ਬਰਦਾਸ਼ਤ ਨਹੀਂ, ਉਹ ਭਾਵੇਂ ਕਿਸੇ ਇਸਾਈ, ਮੁਸਲਮਾਨ, ਜਾ ਕਿਸੇ ਹੋਰ ਤੇ ਕਿਉਂ ਨਾ ਹੋਵੇ। ਏਹੀ ਕਾਰਨ ਹੈ, 10 ਦਸੰਬਰ 1710 ਨੂੰ ਬਹਾਦਰ ਸ਼ਾਹ ਨੇ ਦੇਸ਼ ਵਿਚੋਂ ਨਾਨਕ ਨਾਮ ਲੈਣ ਵਾਲੇ ਸਿੱਖਾਂ ਨੂੰ ਚੁਣ-ਚੁਣ ਕੇ ਕਤਲ ਕਰ ਦੇਣ ਦਾ ਫੁਰਮਾਨ ਜਾਰੀ ਕੀਤਾ। ਦੁਨੀਆਂ ਭਰ 'ਚੋਂ ਮੁਗ਼ਲ ਹਕੂਮਤ ਦੀ ਮਦਦ ਲਈ ਫੌਜਾਂ ਨਿਤਰ ਆਈਆਂ ਤੇ ਆਖਰ ਬੰਦਾ ਸਿੰਘ ਤੇ ਸਾਥੀਆਂ ਨੂੰ ਵੀ ਰੂਪੋਸ਼ ਹੋਣਾ ਪਿਆ ਤੇ ਉਹ ਕੁਝ ਸਮੇਂ ਲਈ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਤੇ ਫੌਜਾਂ ਦੀ ਤਿਆਰੀ ਲਈ ਸੇਫ-ਮਹਿਫੂਜ਼ ਸਥਾਨ ਜਿਸ ਨੂੰ ਉਹ ਪਹਿਲਾਂ ਤੋਂ ਹੀ ਨਜ਼ਰਾਂ 'ਚ ਰੱਖੀ ਬੈਠੇ ਸਨ, ਉਹ ਸੀ, ਜੰਮੂ ਰਿਆਸਤ ਦਾ ਰਿਆਸੀ ਖੇਤਰ, ਦਰਿਆ ਝਨਾਬ ਦਾ ਕੰਢਾ, ਜੇ ਗੁਰੀਲਾ ਨੀਤੀ ਤਹਿਤ ਇਸ ਸਥਾਨ ਨੂੰ ਵੇਖਿਆ ਜਾਵੇ ਤਾਂ ਪਤਾ ਚਲਦਾ ਹੈ, ਬਾਬਾ ਜੀ ਦੀ ਜੰਗ ਨਿਤੀ ਕਿੰਨੀ ਕਮਾਲ ਦੀ ਸੀ, (ਜਿਵੇਂ ਕਈ ਲੇਖਕ ਲਿਖਦੇ ਹਨ, 'ਉਹ ਇਥੇ ਸਮਾਧੀ ਲੀਨ ਹੋ ਗਏ, ਤਪੱਸਿਆ 'ਚ ਬੈਠੇ ... ਇਹ ਮਨਘੜਤ ਗੱਲਾਂ ਹਨ)

ਜੰਮੂ 'ਚ ਬਾਬਾ ਬੰਦਾ ਸਿੰਘ ਜਿਥੇ ਸੰਘਰਸ਼ ਦੀ ਤਿਆਰੀ ਲਈ ਫੌਜਾ ਇਕੱਠੀਆਂ ਕਰ ਰਹੇ ਸਨ, ਉਥੇ ਹੀ ਉਨ੍ਹਾਂ ਪਹਾੜੀ ਰਾਜਿਆਂ ਨੂੰ, ਜੋ ਗੁਰੂ ਘਰ ਦੇ ਦਸਮ ਪਾਤਸ਼ਾਹ ਨਾਲ ਵੈਰ ਤੇ ਮੁਗਲਾਂ ਦੀ ਕੋਟ ਗਿਰੀ (ਚਾਪਲੂਸੀ) ਕਰਦੇ ਸਨ, ਉਨ੍ਹਾਂ ਨੂੰ ਜਿਵੇਂ ਕਿ, ਰਾਜਾ ਭੀਮ ਚੰਦ, ਰਾਜਾ ਸਿੱਧ ਸੈਨ, ਵਰਗਿਆਂ ਨੂੰ ਖਾਲਸੇ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤੇ ਸਜਾਵਾਂ ਦਿੱਤੀਆਂ ਗਈਆਂ, ਕੁਝ ਸ਼ਰਨ ਆਏ ਜਿਨ੍ਹਾਂ ਨੂੰ ਬਖਸ਼ ਦਿੱਤਾ ਗਿਆ। ਇਥੇ ਹੀ ਬੰਦਾ ਸਿੰਘ ਜੀ ਨਾਲ ਇਕ ਸ਼ਰਧਾਲੂ ਰਾਜਾ ਉਦੈ ਸਿੰਘ ਨੇ ਆਪਣੀ ਬੇਟੀ ਨਾਲ ਅਨੰਦਕਾਰਜ ਕਰਵਾਇਆ, ਜਿਨ੍ਹਾਂ ਦਾ ਨਾਮ ਕਈ ਇਤਿਹਾਸਕਾਰਾਂ ਨੇ ਬੀਬੀ ਸ਼ੀਲ ਕੌਰ ਲਿਖਿਆ ਹੈ। ਇਨ੍ਹਾਂ ਦੇ ਘਰ ਇਕ ਭੁਝੰਗੀ ਦਾ ਜਨਮ ਹੋਇਆ, ਜਿਸ ਦਾ ਨਾਮ ਇਤਿਹਾਸ 'ਚ ਸ਼ਹੀਦ ਅਜੈ ਸਿੰਘ (ਚਾਰ ਸਾਲ) ਦਸਿਆ ਜਾਂਦਾ ਹੈ। ਮੁਗਲੀਆਂ ਹਕੂਮਤ ਨੇ ਵੀ ਬਾਬਾ ਬੰਦਾ ਸਿੰਘ ਦੀ ਤਿਆਰੀ ਦੀ ਖਬਰ ਲੈਣ ਲਈ ਸੂਹੀਏ ਛੱਡ ਦਿੱਤੇ, ਜੰਮੂ ਦੇ ਇਕ ਰਾਜੇ ਧਰੁਵਦੇਵ ਜੱਸਵਾਲੀਏ ਨੇ ਮੁਗਲ ਹਕੂਮਤ ਕੋਲ ਮੁਖਬਰੀ ਕੀਤੀ ਕਿ ਬਾਬਾ ਬੰਦਾ ਸਿੰਘ ਆਪਣੇ ਸਾਥੀਆਂ, ਭਾਈ ਬਾਜ ਸਿੰਘ, ਭਾਈ ਫਤਹਿ ਸਿੰਘ, ਆਦਿ ਨਾਲ ਰੱਲ ਕੇ ਪੰਜਾਬ ਤੇ ਹਮਲਾ ਕਰਨ ਲਈ ਫੌਜਾ ਇਕੱਠੀ ਕਰ ਰਹੇ ਹਨ। ਉਧਰ ਬੰਦਾ ਸਿੰਘ ਬਹਾਦਰ ਨੇ ਮੁੜ ਇਕ ਵਾਰੀ ਦੇਸ਼ ਪੰਜਾਬ ਨੂੰ ਮੁਗਲਾਂ ਤੋਂ ਅਜ਼ਾਦ ਕਰਵਾਉਣ ਲਈ ਕ਼ਮਰਕਸੇ ਕਰ ਲਏ, ਅਰਦਾਸਾ ਸੋਧਿਆ ਗਿਆ, ਗੁਰੀਲਾ ਜੱਥਾ, ਮੁੜ ਆਪਣੇ ਦੇਸ਼ ਵੱਲ ਨਿਕਲ ਪਿਆ, ਮਹੀਨਿਆਂ ਬਾਅਦ ਹੀ ਹਕੂਮਤ ਨੂੰ ਖਬਰ ਮਿਲੀ, ਕਲਾਨੌਰ, ਬਟਾਲਾ, ਲੋਹਗੜ, ਸਢੋਰਾ ਆਦਿ ਇਲਾਕਿਆਂ 'ਚ ਸਿੱਖ ਹੋਮਲੈਂਡ ਸਥਾਪਿਤ ਹੋ ਚੁੱਕਿਆ ਹੈ। ਰਾਜ ਕਰੇਗਾ ਖਾਲਸਾ ਰਾਜ ਕਰੇਗਾ ਖਾਲਸਾ .... ਸਤਿ ਸ੍ਰੀ ਅਕਾਲ ਨਾਲ ਅਕਾਸ਼ ਗੂੰਜ ਉਠਿਆ, ਹਕੂਮਤ ਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ । ਆਖਰ ਹੋ ਕਿ ਰਿਹਾ ਹੈ ? ... ਫਰਵਰੀ 1712 ਨੂੰ ਬਹਾਦਰ ਸ਼ਾਹ ਪਾਗਲ ਹੋ ਕੇ ਮਰ ਗਿਆ ਤੇ ਤਖ਼ਤ-ਏ-ਹਿੰਦ ਤੇ ਬੈਠਾ ਫ਼ੁਰਖਸੀਅਰ। ਝੱੜਪਾਂ-ਜੰਗਾਂ ਦੇ ਲੰਮੇ ਸਿਲ-ਸਿਲੇ ਤੋਂ ਬਾਅਦ ਆਖਰ ਗੁਰਦਾਸ ਨੰਗਲ ਪਿੰਡ 'ਚ ਭਾਈ ਦੁਨੀ ਚੰਦ ਦੀ ਹਵੇਲੀ ਨੂੰ ਗੜੀ ਬਨਾ ਕੇ ਦੁਨੀਆਂ ਦੀ ਵੱਡੀ ਹਕੂਮਤ ਨਾਲ ਜੰਗ ਆਰੰਭ ਕੀਤਾ ਗਿਆ। ਜਿਸ ਬਾਬਤ "ਕਾਮਵਰ ਖਾਨ" ਲਿਖਦਾ ਹੈ : "ਜੱਹਨਮੀ ਸਿੱਖ ਆਗੂ ਅਤੇ ਉਸਦੇ ਆਦਮੀਆਂ ਨੇ ਉਸ ਸਾਰੀ ਫੌਜੀ ਤਾਕਤ ਦਾ ਟਾਕਰਾ ਕੀਤਾ ਜਿਹੜੀ ਕਿ ਮਹਾਨ ਮੁਗਲ ਹਕੂਮਤ ਅੱਠ ਮਹੀਨੇ ਤੱਕ ਉਨ੍ਹਾਂ ਦੇ ਵਿਰੁੱਧ ਇਕੱਠੀ ਕਰ ਸਕੀ"।

7 ਦਸੰਬਰ 1715 ਨੂੰ ਸ਼ਾਹੀ ਫੌਜਾ ਨੇ ਗੜੀ ਤੇ ਕਬਜ਼ਾ ਕਰ ਲਿਆ, ਅੱਠ ਮਹੀਨੇ ਲੜੇ ਗਏ ਇਸ ਧਰਮ ਯੁੱਧ ਵਿਚ ਮੁਗਲਾਂ ਦਾ ਵੱਡਾ ਭਾਰੀ ਨੁਕਸਾਨ ਹੋਇਆ ਤੇ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੰਘ ਸੂਰਮੇ ਤੇ ਜਰਨੈਲ ਮਹੀਨਿਆਂ ਤੋਂ ਭੁੱਖੇ ਭਾਣੇ, ਸ਼ਸਤਰ ਗੋਲਾ ਬਾਰੂਦ ਮੁੱਕ ਚੁੱਕਿਆ ਸੀ, ਕਿਰਪਾਨਾਂ ਟੁੱਟ ਗਈਆਂ ਸਨ ਤੇ ਸਿੰਘ ਗ੍ਰਿਫਤਾਰ ਕਰ ਲਏ ਗਏ, ਪਰ ਹਕੂਮਤ ਵੱਲੋਂ ਸਾਰੀ ਤਾਕਤ ਲਾਉਣ ਤੋਂ ਬਾਅਦ ਚੰਦ ਗਿਣਤੀ ਦੇ ਸਿੰਘ

ਗ੍ਰਿਫਤਾਰ ਕੀਤੇ ਗਏ, ਦੁਨੀਆਂ ਸੁਆਲ ਪੁੱਛ ਰਹੀ ਸੀ, ਬੱਸ ਇਨ੍ਹਾਂ ਸਿੱਖਾਂ ਨੇ ਹਕੂਮਤ ਨੂੰ ਹੱਠ ਮਹੀਨੇ ਪਾਗਲ ਕਰੀ ਰੱਖਿਆ। ਨੱਕ ਬਚਾਉਣ ਲਈ ਲਾਗੇ ਦੇ ਪਿੰਡਾਂ-ਸ਼ਹਿਰਾਂ (ਪੰਜਾਬ ਭਰ) 'ਚ ਸਿੱਖਾਂ ਦੇ ਕਤਲ-ਏ-ਆਮ ਦਾ ਦੌਰ ਚਲਿਆ ਸਿੱਖਾਂ ਦੇ ਕੱਟੇ ਹੋਏ ਸਿਰ ਇਕੱਠੇ ਕੀਤੇ ਗਏ ਤੇ 29 ਫਰਵਰੀ 1716 ਨੂੰ ਸਿੰਘਾਂ ਨੂੰ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਜਾਇਆ ਜਾਣ ਲੱਗਾ। ਜਲੂਸ ਦੇ ਅੱਗੇ-ਅੱਗੇ 2000 ਸਿੱਖਾਂ ਦੇ ਸਿਰ ਨੇਜਿਆਂ ਉੱਤੇ ਟੰਗੇ ਹੋਏ, ਸਿੱਖੀ ਦੇ ਕੱਟੇ ਹੋਏ ਸਿਰਾਂ ਨਾਲ 700 ਭਰੇ ਹੋਏ ਗੱਡੇ, 740 ਸਿੰਘ ਬੇੜੀਆਂ ਵਿਚ ਜਕੜ ਕੇ ਉਠਾ ਤੇ ਦੋ-ਦੋ ਬੰਨੇ ਹੋਏ ਇਕ ਹਾਥੀ ਉਤੇ ਤਲਵਾਰਾਂ ਦੀ ਰਾਖੀ ਹੇਠ ਬੇੜੀਆਂ-ਕੜੀਆਂ ਦੀ ਗ੍ਰਿਫ਼ਤ ਵਿਚ ਸਿੱਖ ਕੌਮ ਦਾ ਪਹਿਲਾ ਜਥੇਦਾਰ ਤੇ ਜਰਨੈਲ ਲਿਜਾਏ ਜਾ ਰਹੇ ਸਨ। "ਇਬਰਤ ਨਾਮੇਂ, ਦੇ ਕਰਤਾ-"ਮਿਰਜਾ ਮੁਹੰਮਦ ਹਾਰਿਸ਼ੀ" ਨੇ ਇਸ ਨਜ਼ਾਰੇ ਨੂੰ ਅੱਖੀ ਵੇਖਿਆ ਸੀ। ਉਹ ਆਪਣੀ ਕਿਤਾਬ 'ਚ ਲਿਖਦਾ ਹੈ।

"ਮੁਸਲਮਾਨ ਸਿੱਖਾਂ ਦੀ ਇਸ ਦੁਰਦਸ਼ਾ ਨੂੰ ਵੇਖ ਕੇ ਖਿਲੀਆਂ ਉਡਾ ਰਹੇ ਸਨ, ਪਰ ਉਨ੍ਹਾਂ ਬਦਨਸੀਬ ਸਿੱਖਾਂ ਨੂੰ ਹਰ ਕੋਈ ਸਬਰ ਤੇ ਸੰਤੋਖ ਵਿਚ ਵੇਖ ਸਕਦਾ ਸੀ। ਉਨ੍ਹਾਂ ਦੇ ਚੇਹਰਿਆਂ ਉੱਤੇ ਉਦਾਸੀ ਜਾਂ ਅਧੀਨਤਾ ਦਾ ਕੋਈ ਮਾਮੂਲੀ ਨਿਸ਼ਾਨ ਜਾਂ ਪ੍ਰਭਾਵ ਵੀ ਨਹੀਂ ਸੀ, ਸਗੋਂ ਉਹ ਤਾਂ ਬਹੁਤ ਸਾਰੇ ਊਠਾਂ ਉੱਤੇ ਸ਼ਬਦ ਪੜ੍ਹਨ ਵਿਚ ਮਗਨ ਸਨ... ਪੁੱਛਣ ਤੇ ਸਿੱਖ ਦੱਸਦੇ : ਸਾਨੂੰ ਤਾਂ ਰਾਸ਼ਨ-ਪਾਣੀ ਕਰਕੇ ਇਹ ਦਿਨ ਵੇਖਣਾ ਪਿਆ, ਵਰਨਾ ਤੁਸੀਂ ਸਾਡੀ ਬਹਾਦਰੀ ਬਾਰੇ ਤਾਂ ਜਾਨਦੇ ਹੀ ਹੋ।" ਦਿੱਲੀ ਪੁੱਜਣ ਤੋਂ ਬਾਅਦ ਦੀ ਗੱਲ ਕਰਦਿਆਂ ਕਾਮਵਰਖਾਨ ਲਿਖਦਾ ਹੈ, "ਦਿੱਲੀ ਪੁੱਜ ਕੇ ਬਾਬਾ ਬੰਦਾ ਸਿੰਘ, ਭਾਈ ਫਤਹਿ ਸਿੰਘ, ਭਾਈ ਬਾਜ਼ ਸਿੰਘ, ਬਚਾ ਅਜੇ ਸਿੰਘ, ਸਮੇਤ ਸੱਤਾਈ ਮੋਢੀ ਸਿੱਖ ਲਾਲ ਕਿਲੇ 'ਚ ਬੰਦ ਕਰ ਦਿੱਤੇ ਗਏ ਤੇ ਬਾਕੀ ਦੇ ਸਿੱਖ ਸਰਬਰਾਹ ਖਾਨ (ਕੋਤਵਾਲ) ਹਵਾਲੇ ਕਰ ਦਿੱਤੇ ਗਏ ...।"

ਸ੍. ਕਿਰਪਾਲ ਸਿੰਘ ਚੰਦਨ ਲਿਖਦੇ ਹਨ : "5 ਮਾਰਚ 1716 ਨੂੰ ਦਿੱਲੀ ਦੇ ਤ੍ਰਿਪੋਲੀਆਂ ਦਰਵਾਜੇ ਵੱਲ ਦੇ ਚਬੂਤਰਾਂ, ਕੋਤਵਾਲੀ ਦੇ ਸਾਹਮਣੇ ਸਰਬਰਾਹ ਖਾਨ ਦੀ ਦੇਖ ਭਾਲ ਹੇਠ ਸਿੰਘਾਂ ਦਾ ਕਤਲ-ਏ-ਆਮ ਸ਼ੁਰੂ ਹੋਇਆ, 100 ਸਿੱਖ ਰੋਜ਼ ਕਤਲ ਕੀਤੇ ਜਾਂਦੇ ਰਹੇ ਇਹ ਕਤਲੇ ਆਮ 7 ਦਿਨ ਇਸੇ ਤਰ੍ਹਾਂ ਜਾਰੀ ਰਿਹਾ।"

9 ਜੂਨ 1716 ਨੂੰ ਸਵੇਰ ਹੁੰਦਿਆਂ ਹੀ ਬੰਦਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਜਰਨੈਲ ਅਤੇ ਭਾਈ ਅਜੇ ਸਿੰਘ ਨੂੰ ਦਿੱਲੀ ਦੇ ਲਾਲ ਕਿਲ੍ਹੇ 'ਚੋਂ ਕੱਢ ਕੇ ਸਰਬਰਾਹ ਖਾਨ ਕੋਤਵਾਲ ਅਤੇ ਇਬਰਾਹੀਮ ਉਦੀਨ ਖਾਨ ਮੀਰ ਅਤਿਸ਼ ਦੀ ਨਿਗਰਾਨੀ ਹੇਠ ਜਲੂਸ ਦੀ ਸ਼ਕਲ ਵਿਚ ਕੁੱਤਬ ਮੀਨਾਰ ਦੇ ਕੋਲ ਪਹੁੰਚਾਇਆ ਗਿਆ। ਇਸ ਵੇਲੇ ਵੀ ਬੰਦਾ ਸਿੰਘ ਜੀ ਤੇ ਭਾਈ ਫਤਹਿ ਸਿੰਘ, ਭਾਈ ਬਾਜ ਸਿੰਘ, ਭਾਈ ਆਲੀ ਸਿੰਘ, ਭਾਈ ਰਣ ਸਿੰਘ ਆਦਿ ਬੇੜੀਆਂ ਹੱਥ ਕੜੀਆਂ 'ਚ ਜਕੜੇ ਹੋਏ, ਮੜੱਕ ਨਾਲ ਤੁਰ ਰਹੇ ਸਨ, ਅਲ੍ਹਾ ਦੀ ਅਲਾਹੀ ਜੋਤ ਸਦਕਾ ਚਿਹਰਿਆਂ ਦਾ ਨੂਰ ਜਰਿਆ ਨਹੀਂ ਸੀ ਜਾ ਰਿਹਾ। ਇਕ ਸੁਆਲ ਗੂੰਜਿਆ,

"ਮੌਤ ਜਾਂ ਇਸਲਾਮ ?" ਸਿੰਘਾਂ ਦਾ ਜਬਾਬ ਸੀ, ਸਿੱਖੀ-ਸਿੱਖੀ-ਸਿੱਖੀ, ...। (ਅੱਜ ਦੇ ਸਿੱਖ ਨੌਜਵਾਨ ਪ੍ਰੇਰਣਾ ਲੈਣ) ਕਾਜ਼ੀ ਦਾ ਫੱਤਵਾ ਯਾਰੀ ਹੋਇਆ ਸਿੰਘਾਂ ਨੂੰ ਮੌਤ ਦੇ ਘਾਟ ਉਤਾਰਨ ਦਾ, ਬਾਬਾ ਜੀ ਨੂੰ ਸਿੱਖੀ ਤੋਂ ਡੋਲਣ ਲਈ ਸਾਡੇ ਤਿਨ-ਚਾਰ ਸਾਲ ਦੇ ਪੁੱਤਰ ਨੂੰ ਬੀਬੀ ਸ਼ੀਲ ਕੌਰ ਦੀ ਬਾਹਵਾਂ 'ਚੋਂ ਖੋਹ ਕੇ ਜੁਦਾ ਕਰ ਦਿੱਤਾ ਗਿਆ, ਭਾਈ ਅਜੇ ਸਿੰਘ ਨੂੰ ਬਾਬਾ ਜੀ ਦੀ ਗੋਦ 'ਚ ਰੱਖ ਕੇ ਜਲਾਦ ਨੇ ਛੁਰਾ ਮਾਰਿਆ ਤੇ ਅਜੇ ਸਿੰਘ ਦਾ ਤੜਫਦਾ ਹੋਇਆ ਦਿਲ ਜਲਾਦਾਂ ਨੇ ਹੱਥਾਂ ਨਾਲ ਕੱਢ ਕੇ ਬਾਬਾ ਜੀ ਦੇ ਮੂੰਹ 'ਚ ਪਾਉਣ ਦਾ ਯਤਨ ਕੀਤਾ, ਨਿੱਕੇ ਜਿਹੇ ਮਾਸੂਮ ਅਤੇ ਸਾਹਿਬਜ਼ਾਦਿਆਂ ਦੇ ਵਾਰਸ ਭਾਈ ਅਜੇ ਸਿੰਘ ਦੇ ਜਿਸਮ 'ਚੋਂ ਨਾੜੀਆਂ ਕੱਡ ਕੇ ਬਾਬਾ ਜੀ ਦੀ ਝੋਲੀ 'ਚ ਖਿਲਾਰ ਦਿੱਤੀਆਂ ਗਈਆਂ, ਮਾਂ-ਬਾਪ ਸਾਹਮਣੇ ਪੁੱਤਰ ਦੀ ਅਨੋਖੀ ਤੇ ਬੇਮਿਸਾਲ ਸ਼ਹਾਦਤ, ਪਰ ਬਾਬਾ ਜੀ ਫਿਰ ਵੀ ਧਰਮ ਤੋਂ ਡੋਲੇ ਨਹੀਂ ਵਾਹਿਗੁਰੂ-ਵਾਹਿਗੁਰੂ ਵਾਹਿਗੁਰੂ, ਧੰਨ ਸਿੱਖੀ, ਧੰਨ ਸਿੱਖੀ, ਧੰਨ ਸਿੱਖੀ ਦਾ ਨਜ਼ਾਰਾ ...।

ਵੋਹ ਸਰ ਨ ਝੁਕਾ ਕਭੀ ਕਿਸੀ ਔਰ ਕੇ ਆਗੇ
ਜਿਸ ਸਰ ਨੇ ਕੀਆ ਹੋ ਅੱਲ੍ਹਾ (ਅਕਾਲ ਪੁਰਖ) ਕੋ ਸੱਜਦਾ

ਬਾਬਾ ਜੀ ਸਾਸ-ਗਿਰਾਸ ਅਕਾਲ ਪੁਰਖ ਨਾਲ ਜੁੜੇ ਬੈਠੇ ਰਹੇ, ਜਲਾਦ ਦੀ ਤਲਵਾਰ ਚੱਲੀ, ਬਾਬਾ ਜੀ ਦੇ ਹੱਥ ਵੱਡ ਕੇ ਅੱਡ ਕਰ ਦਿੱਤੇ ਗਏ, ਫਿਰ ਪੈਰ ਵੀ, ਅੱਖਾਂ ਵੀ ਕੱਢ ਦਿੱਤੀਆਂ, ਗਰਮ ਜੰਬੂਰਾ ਨਾਲ ਮਾਸ ਨੋਚਿਆ ਤੇ ਆਖਰ ਸਰਕਾਰ ਨੂੰ ਬਾਬਾ ਜੀ ਤੇ ਸਾਥੀਆਂ ਅੱਗੇ ਗੋਡੇ ਟੇਕਣੇ ਪਏ ਤੇ ਬਾਬਾ ਜੀ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ ਗਿਆ। ਜੇ ਅਸੀਂ ਸਿੱਖ ਇਤਿਹਾਸ ਵਲ ਝਾਤ ਮਾਰੀਏ ਤਾਂ ਗੁਰੂ ਸਾਹਿਬਾਨ ਤੋਂ ਬਾਅਦ ਦੇ ਸਮੇਂ 'ਚ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਹੀ ਕੌਮ ਨੂੰ ਚੜ੍ਹਦੀ ਕਲਾ ਵੱਲ ਲੈ ਜਾਣ ਲਈ ਗੁਰਮਤਿ ਅਤੇ ਸ਼ਸਤਰਧਾਰੀ ਇਨਕਲਾਬ ਨੂੰ ਉਸਾਰਿਆ, ਉਹ ਨਿਰੇ ਜੰਗ ਦੇ ਹੀ ਨਹੀਂ, ਅਰਥ ਸ਼ਾਸਤਰ ਦੇ ਗਿਆਤਾ ਤੇ ਗੁਰਮਤਿ ਸਿਧਾਂਤ ਦੇ ਪਾਬੰਧ ਸਨ, ਕਿਲੇ ਬੰਦੀ ਦੇ ਮਾਹਿਰ ਤੇ ਸ਼ਸ਼ਤਰਾਂ ਦੇ ਧੰਨੀ ਸਨ, ਸਿੱਖੀ ਸਿਰੜ ਦੀ ਮੂਰਤ ਅਤੇ ਇਕ ਅਦਰਸ਼ਕ ਜੀਵਨ ਦੇ ਨਾਲ-ਨਾਲ ਸਿੱਖੀ ਸਿਦਕ ਲਈ ਦਿੱਤੀ ਅਨੋਖੀ ਸ਼ਹੀਦੀ ਦੇ ਮਾਲਕ ਤੇ ਦਸ਼ਮੇਸ਼ ਪਿਤਾ ਦੇ ਪੁੱਤਰ ਅਤੇ ਇਕ ਮਹਾਨ ਸ਼ਹੀਦ ਦੇ ਸ਼ਹੀਦ ਪਿਤਾ ਤੇ ਸ਼ਹੀਦ ਸਿੰਘਣੀ ਦੇ ਪਤੀ ਸਨ। ਜਿਨ੍ਹਾਂ ਨੇ ਪਹਿਲੀ ਸਿੱਖ ਬਾਦਸ਼ਾਹੀ (ਅੱਜ ਦੇ ਹਿਸਾਬ ਨਾਲ ਖਾਲਿਸਤਾਨ) ਕਾਇਮ ਕਰਨ ਤੇ ਆਪਣਾ ਨਹੀਂ ਆਪਣੇ ਗੁਰੂ ਬਾਬਾ ਨਾਨਕ ਤੇ ਦਸਮ ਪਾਤਸ਼ਾਹ ਦੇ ਨਾਮ ਦਾ ਸਿੱਕਾ (ਕਰੰਸੀ) ਜਾਰੀ ਕੀਤਾ ਤੇ ਆਖਰ ਤੱਕ ਗੁਰੂ ਕੇ ਬੰਦੇ ਹੀ ਬਣ ਕੇ ਰਹੇ ਹੋਰ ਕੁਝ ਨਹੀਂ ਕੌਮ ਦੇ ਇਸ ਸ਼ਹੀਦ ਅਤੇ ਰੋਲ ਮਾਲਡ ਨੂੰ ਅਸੀਂ ਅੱਜ ਤੱਕ ਅਣਗੌਲਿਆ ਕੀਤਾ ਹੋਇਆ ਹੈ, ਸ਼੍ਰੋਮਣੀ ਕਮੇਟੀ (ਅੰਮ੍ਰਿਤਸਰ) ਨੇ ਵੀ ਪਿਛਲੇ ਕੁਝ ਸਮੇਂ 'ਚ ਬਾਬਾ ਜੀ ਦੇ ਨਾਮ ਦਾ ਇਕ ਕਾਲਜ ਉਸਾਰਨ ਤੋਂਵੱਧ ਕੁਝ ਨਹੀਂ ਕੀਤਾ, ਕਿਧਰੇ ਬੰਦਾ ਸਿੰਘ ਦੀ ਸ਼ਹਾਦਤ ਨੂੰ ਵੀ ਅਸੀਂ ਜੱਟ, ਗੈਰ ਜੱਟ ਸੋਚ ਦੀ ਬਲੀ ਤਾਂ ਨਹੀਂ ਚਾੜ ਦਿੱਤਾ ?

ਬੰਦਾ ਸਿੰਘ, "ਬਾਬਾ ਨਾਨਕ ਗੋਬਿੰਦ ਸਿੰਘ ਪਾਤਸ਼ਾਹ" ਦੇ ਜਿਸ ਸੁਪਨੇ "ਜਾਤਿ ਪਾਤਿ-ਜੁਲਮ ਰਹਿਤ ਦੇਸ਼ ਦੀ ਸਿਰਜਣਾ" ਲਈ ਜੂਝਿਆ ਤੇ ਸੁਪਨਾ ਸਾਕਾਰ ਹੋਇਆ, ਦੇਸ਼ ਪੰਜਾਬ 'ਚ ਜਾਤਪਾਤ ਤੇ ਜ਼ੁਲਮ ਦੀਆਂ ਜੜ੍ਹਾਂ ਉਖਾੜੀਆਂ ਗਈਆਂ, ਅੱਜ ਫਿਰ ਕਿਸ ਨੇ ਉਸੇ ਜਾਤ-ਪਾਤੀ ਸਿਸਟਮ ਦਾ ਬੀਜ ਇਸ ਪਾਕ ਧਰਤੀ ਤੇ ਬੀਜ ਕੇ ਇਸ ਨੂੰ ਕਲੰਕਤ ਕਰ ਦਿੱਤਾ ਹੈ? ਪੰਜਾਬ ਦਾ ਸਿੱਖ, ਸਿੱਖ ਨਹੀਂ ਜਾਤਾਂ-ਪਾਤਾਂ ਦਾ ਗੁਲਦਸਤਾ ਬਣ ਕੇ ਰਹਿ ਗਿਆ ਹੈ। ਜੇ ਸਾਡੇ ਦਿਲਾਂ 'ਚ ਇਨ੍ਹਾਂ ਸ਼ਹੀਦਾਂ ਪ੍ਰਤੀ ਕੋਈ ਸਤਿਕਾਰ ਹੈ ਤਾਂ ਆਓ ਆਪਣੇ ਜੀਵਨ ਨੂੰ ਸਿੱਖ ਸਿਧਾਂਤਾਂ ਦੇ ਅਨੁਕੂਲ ਢਾਲਦਿਆਂ, ਕੋਈ ਲੁਬਾਣਾ, ਜੱਟ, ਮਜ਼ਬੀ, ਘੁਮਿਆਰ, ਨਾਈ, ਅਰੋੜਾ, ਸੁਨਿਆਰਾ, ਪੁੱਣਛੀ, ਮੁੱਜਫਰਾਬਾਦੀ, ਕਸ਼ਮੀਰੀ ਨਾ ਹੋ ਕੇ ਸਿਰਫ ਤੇ ਸਿਰਫ ਸ਼ਬਦ ਗੁਰੂ ਦੇ ਬੰਦੇ ਬਣ ਜਾਈਏ। ਤਵਾਰੀਖ

■■■

1947 : ਭਾਰਤ ਦੀ ਅਜ਼ਾਦੀ, ਸਿੱਖਾਂ ਦੀ ਗੁਲਾਮੀ

ਨਵੰਬਰ 1997, ਜੰਮੂ ਦੀ ਸੈਂਟਰਲ ਜੇਲ੍ਹ, ਬੈਰਕ ਨੰ. 6/8 ਭਾਈ ਖੜਗ ਸਿੰਘ ਭਾਈ ਕੁਲਦੀਪ ਸਿੰਘ ਭਾਈ ਸਰੂਪ ਸਿੰਘ ਭਾਈ ਪਰਮਜੀਤ ਸਿੰਘ ਭਿਉਰਾ, (ਬਿਅੰਤ ਕਤਲ ਕਾਂਡ) ਭਾਈ ਅੰਮ੍ਰਿਤਪਾਲ ਸਿੰਘ ਰੋਮੀ, ਜੰਮੂ, ਭਾਈ ਰਣਜੀਤ ਸਿੰਘ ਜੰਮੂ, ਐਸ.ਪੀ. ਸੇਵਕ ਸਿੰਘ (ਕੇ.ਐਸ. (ਐਸ.ਐਚ.ਓ. ਕਤਲ ਕੇਸ) ਅਤੇ ਲੇਖਕ (ਮਨਮੋਹਨ ਸਿੰਘ ਨਿਹੰਗ ਜੰਮੂ) ਆਦਿ ਕੁਝ ਬਜ਼ੁਰਜ ਸਿੱਖ ਬੰਦੀਆਂ ਨਾਲ ਹਿੰਦੂ ਅਤੇ ਮੁਸਲਿਮ ਹਾਕਮਾਂ ਦੇ ਜ਼ਾਬਰ ਤੇ ਮਨੁੱਖੀ ਕਿਰਦਾਰ ਬਾਰੇ ਗੱਲ ਹੋ ਰਹੀ ਸੀ।

ਖਾੜਕੂ ਕੇਸਾਂ ਵਿਚ ਜੇਲ੍ਹ ਬੈਠੇ ਸਿੰਘਾਂ ਦੀ ਮੁਸਲਮਾਨ ਖਾੜਕੂਆਂ ਨਾਲ ਵਧਦੀ ਨਿਕਟਤਾ ਨੂੰ ਵੇਖ ਕੇ ਸਾਧਾਰਣ ਕੇਸਾਂ ਵਾਲੇ ਬਜ਼ੁਰਗ ਤੇ ਸਿੱਖ ਅਫ਼ਸਰ ਕਹਿਣ ਲੱਗੇ ਤੁਸੀਂ ਅਜੇ ਬੱਚੇ ਹੋ। ਇਨ੍ਹਾਂ ਪਾਕਿਸਤਾਨੀਆਂ (ਮੁਸਲਮਾਨਾਂ) ਬਾਰੇ ਨਹੀਂ ਜਾਣਦੇ ਇਹ ਬੜੇ ਜ਼ਾਲਮ ਹਨ। ਅਸੀਂ 1947 ਨੂੰ ਹੰਢਾ ਚੁੱਕੇ ਹਾਂ ਅੱਗੇ ਖਾੜਕੂ ਸਿੰਘਾਂ ਦਾ ਜਵਾਬ ਹੁੰਦਾ 1947 ਘੱਟ ਨਹੀਂ ਸੀ, ਪਰ 1984 ਅਗੇ ਫਿਕੀ ਪੈ ਜਾਂਦੀ ਹੈ। ਸਾਡੇ ਨੌਜਵਾਨ 1984 ਦੇ ਅਧਿਐਨ ਦੇ ਨਾਲ 1947 ਨੂੰ ਨਾ ਭੁਲ ਜਾਣ। ਇਸ ਲਈ ਘੱਲੂਘਾਰਾ 1947 ਦਾ ਜੋ ਦਰਦ ਸਾਡੇ ਬਜ਼ੁਰਗਾਂ ਦੇ ਸੀਨੇ ਵਿਚ ਉਤਰਿਆ ਹੈ। ਉਸ ਨੂੰ ਅਣਗੌਲਿਆਂ ਨਹੀਂ ਕਰਨਾ ਚਾਹੀਦਾ। 1947 ਦੀ ਵੰਡ ਤੋਂ ਪਹਿਲਾਂ ਮੁਸਲਿਮ ਲੀਡਰਾਂ ਦੇ ਲੀਡਰ ਮੁਹੰਮਦ ਅਲੀ ਜਿਨਾਹ ਨੇ ਸਿੱਖ ਆਗੂਆਂ ਨੂੰ ਮੁਖਾਤਬ ਹੁੰਦਿਆਂ ਕਿਹਾ ਸੀ : ਸਰਦਾਰ ਜੀ! ਤੁਸੀਂ ਇਨ੍ਹਾਂ ਹਿੰਦੂਆਂ ਨੂੰ ਅਜੇ ਰਾਜ ਕਰਦਿਆਂ ਨਹੀਂ ਵੇਖਿਆ" (ਇਹ ਗੱਲ ਜਿਨਾਹ ਨੇ ਕਿਸ ਅਧਾਰ ਤੇ ਕਹੀ? ਕਿਉਂਕਿ ਉਸ ਕੋਲ ਬੀਤੇ ਇਤਿਹਾਸ ਦਾ ਅਧਿਐਨ ਸੀ।) ਹੋਰ "ਸਿੱਖਾਂ ਦੀ ਕੋਈ ਸਮਝ ਨਹੀਂ ਆਉਂਦੀ, ਉਹ ਹੱਕ ਵੱਖਰੀ ਕੌਮ ਦੇ ਲੈਣਾ ਚਾਹੁੰਦੇ ਹਨ। ਪਰ ਹਿੰਦੂਆਂ ਦੇ ਹੱਥ ਠੋਕੇ ਬਣ ਕੇ ਗੋਡਨੀਆਂ ਮੁਸਲਮਾਨਾਂ ਦੀਆਂ ਲਵਾਉਣੀਆਂ ਚਾਹੁੰਦੇ ਹਨ। ਅਫਸੋਸ ਇਨ੍ਹਾਂ ਦਾ ਕੋਈ ਸੋਝੀਵਾਨ ਲੀਡਰ ਹੁੰਦਾ...। (ਦੂਜੀਆਂ ਕੌਮਾਂ ਅਤੇ ਸਿੱਖ ਅਵਾਮ ਅਜ ਵੀ ਏਹੀ ਕੁਝ ਸੋਚ ਰਹੀਆਂ ਹਨ।) "ਸਿੱਖਾਂ ਦਾ ਸੱਜਾ ਹੱਥ ਇਸਲਾਮ ਨੇ ਫੜਿਆ ਹੋਇਆ ਹੈ ਤੇ ਖੱਬਾ ਹਿੰਦੂਆਂ ਨੇ, ਪਰ ਸਿੱਖ ਮੂੰਹ ਹਰ ਵੇਲੇ ਹਿੰਦੂਆਂ ਵਲ ਮੋੜੀ ਰਖਦੇ ਹਨ" ਇਹ ਸਨ ਤਿੰਨ ਟਿੱਪਣੀਆਂ ਜੋ ਜਿਨਾਹ ਨੇ ਸਿੱਖਾਂ ਵਾਸਤੇ ਕੀਤੀਆਂ ਸਨ। ਜਿਸ ਤੋਂ ਅਸੀਂ ਸਿੱਖ ਆਗੂਆਂ ਤੇ ਮੁਸਲਿਮ ਲੀਡਰਾਂ ਦੀ ਕਾਰਗੁਜ਼ਾਰੀ ਨੂੰ ਸਮਝ ਸਕਦੇ ਹਾਂ ਅਤੇ ਆਖਰੀ ਗੱਲ ਸਜੇ ਹੱਥ ਵਾਲੀ। ਕਿਆ ਜੰਮੂ-

ਕਸ਼ਮੀਰ ਦੇ ਸਿੱਖ ਅਜ ਵੀ ਏਹੀ ਮਾਨਸਿਕਤਾ ਨਹੀਂ ਹੰਢਾ ਰਹੇ? ਆਖਰ ਸਾਡੇ ਕੌਮੀ ਖ਼ੁਆਬਾਂ ਦੀ ਤਾਮੀਰ ਕਿਸ ਨਾਲ ਰਹਿ ਕੇ ਪੂਰੀ ਹੋ ਸਕਦੀ ਹੈ। ਖ਼ੂਹ ਅਤੇ ਖਾਈ 'ਚੋਂ ਕਿਸੇ ਨੂੰ ਤਾਂ ਚੁਣਨਾ ਹੀ ਪੈਣਾ ਹੈ। ਆਓ ਇਸ ਲਈ 1947 ਤੇ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ 1947 ਦੇ ਘੱਲੂਘਾਰੇ ਦੇ ਕੁਝ ਜ਼ਰੂਰੀ ਦ੍ਰਿਸ਼ਾਂ ਤੇ ਨਜ਼ਰਸਾਨੀ ਕਰੀਏ।

20 ਅਕਤੂਬਰ 1947 ਨੂੰ ਹਜ਼ਾਰਾਂ ਕਬਾਇਲੀਆਂ ਜਿਨ੍ਹਾਂ ਵਿਚ ਅਫਗਾਨੀ, ਪਾਕਿਸਤਾਨੀ, ਫੌਜ ਅਤੇ ਪੇਸ਼ੇਵਾਰ, ਮੁਜਰਮ ਸ਼ਾਮਲ ਸਨ ਇਨ੍ਹਾਂ ਨੇ ਜ਼ਿਲ੍ਹਾ ਹਜ਼ਾਰਾ ਦੇ ਬਾਲਾ ਕੋਟ ਇਲਾਕੇ ਤੋਂ ਸਿੱਖਾਂ ਤੇ ਹਿੰਦੂਆਂ ਦੇ ਨਰਸੰਘਾਰ ਲਈ ਧਾਵਾ ਬੋਲਿਆ। ਪਾਕਿਸਤਾਨ ਸਰਹੱਦੀ ਸੂਬੇ ਦੇ ਮੁਖ ਮੰਤਰੀ ਅਬਦੂਲ ਕਯੂਮ ਖਾਨ ਦੀ ਮਦਦ ਨਾਲ ਇਨ੍ਹਾਂ ਹਮਲਾਵਰਾਂ ਨੂੰ ਸਿੱਖਾਂ, ਹਿੰਦੂਆਂ, ਮੁਸਲਮਾਨੀ, ਇਲਾਕਿਆਂ ਦੀ ਸੂਚੀ ਪਹਿਲਾਂ ਤੋਂ ਹੀ ਪ੍ਰਾਪਤ ਹੋ ਚੁੱਕੀ ਸੀ। ਜਹਾਦ ਅਤੇ ਇਸਲਾਮ ਦੀ ਦੁਹਾਈ ਪਾਉਣ ਤੇ 22 ਅਕਤੂਬਰ 1947 ਨੂੰ "ਸੀ ਕੰਪਨੀ" ਜੋ ਮੁਸਲਮਾਨਾਂ ਦੀ ਪਲਟਨ ਸੀ। ਬਾਗੀ ਹੋ ਗਈ ਤੇ ਕਬਾਇਲੀਆਂ ਨਾਲ ਜਾ ਰਲੀ। ਇਸ ਸਾਰੀ ਹਮਲਾਵਰ ਫੌਜ ਦੀ ਕਮਾਨ ਕਰ ਰਹੇ ਲੋਕਾਂ ਵਿਚ ਪਾਕਿਸਤਾਨ ਆਰਮੀ ਦਾ ਮੇਜਰ ਜਨਰਲ ਅਕਬਰ ਖਾਨ, ਜਨਰਲ ਕਿਆਨੀ, ਅਤੇ ਅਮਰੀਕਨ ਆਫੀਸਰ ਸਾਰਮੈਂਟ ਹੈਟ ਰਮਨ ਤੋਂ ਇਲਾਵਾ ਕਈ ਹੋਰ ਸ਼ਾਮਲ ਸਨ। ਇਨ੍ਹਾਂ ਵੱਲੋਂ ਜੰਮੂ ਕਸ਼ਮੀਰ ਦੇ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਜਿਨ੍ਹਾਂ ਦਾ ਇਕ ਮਸ਼ਹੂਰ ਨਾਅਰਾ ਸੀ ਸਿੱਖ ਦਾ ਸਿਰ (ਕਤਲ), ਹਿੰਦੂ ਦੀ ਨਰ (ਔਰਤ), ਮੁਸਲਿਮ ਦਾ ਜਰ (ਗੋਣਾ ਪੈਸਾ)" ਸਿੱਖਾਂ ਦੇ ਨਸਲਘਾਤ ਦਾ ਟੀਚਾ ਲੈ ਕੇ ਇਹ ਕਾਤਲਾਂ ਦਾ ਲਸ਼ਕਰ ਜਹਾਦ ਦੇ ਝੰਡੇ ਹੇਠਾਂ ਅਗੇ ਵਧਦਾ ਜਾ ਰਿਹਾ ਸੀ। ਹਿੰਦੂ ਤੇ ਮੁਸਲਮਾਨ ਤੇ ਮੁਕਾਬਲੇ ਸਿੱਖਾਂ ਨੂੰ ਹਰ ਹਾਲ ਵਿਚ ਕਤਲ ਕਰਨ ਦੀ ਕੱਟੜ ਸੋਚ ਦਾ ਕਾਰਣ ਸਾਨੂੰ ਇਹ ਲੱਭਦਾ ਹੈ। ਸਿੱਖਾਂ ਸਮੇਤ ਸਿੱਖ ਆਗੂਆਂ ਦਾ ਪਾਕਿਸਤਾਨ ਦਾ ਹੱਦ ਨਾਲੋਂ ਵੱਧ ਵਿਰੋਧ ਕਰਨਾ। ਪਾਕਿਸਤਾਨੀ ਝੰਡਾ ਫਾੜਨਾ। ਹਿੰਦੂਆਂ ਨਾਲ ਭਰਾਵਾਂ ਵਰਗਾ ਵਰਤਾਉ ਤੇ ਮੁਸਲਮਾਨਾਂ ਨਾਲ ਬੇਗਾਨਿਆਂ ਵਰਗਾ ਸਲੂਕ ਕਰਨਾ ਸਿੱਖਾਂ ਦੀ ਮਜਬੂਰੀ ਇਹ ਸੀ ਕਿ ਇਨ੍ਹਾਂ ਨੇ 1978=1984–1993 ਦੇ ਦਿਨ ਨਹੀਂ ਸਨ ਵੇਖੇ ਹੋਏ। ਕਈ ਬਜ਼ੁਰਗਾਂ ਆਦਿ ਨੇ ਦੱਸਿਆ ਹੈ ਕਿ ਕਬਾਇਲੀ ਸਿੱਖਾਂ ਤੇ ਹਿੰਦੂਆਂ ਦੀ ਕਤਾਰ ਲਗਾ ਕੇ ਹਿੰਦੂਆਂ ਨੂੰ ਇਕ ਪਾਸੇ ਕਰ ਲੈਂਦੇ ਜਿਨਾਂ ਨੂੰ ਮੁਸਲਮਾਨ ਬਣਾਉਣ ਲਈ ਗ੍ਰਿਫ਼ਤਾਰ ਕਰ ਲੀਤਾ ਜਾਂਦਾ ਅਤੇ ਸਿੱਖਾਂ ਨੂੰ ਗੋਲੀਆਂ ਨਾਲ ਛਲਨੀ ਕਰਕੇ ਸੁੱਟ ਦਿੱਤਾ ਜਾਂਦਾ। ਸ. ਸਵਰਨ ਸਿੰਘ ਦੇ ਕਥਨ ਮੁਤਾਬਕ 25 ਅਕਤੂਬਰ 1947 ਦੀ ਗੱਲ ਹੈ। ਸੈਂਕੜਿਆਂ ਦੀ ਗਿਣਤੀ ਵਿਚ ਸਿਖ ਬੀਬੀਆਂ ਨੂੰ ਬੰਦੀ ਬਣਾ ਕੇ ਲਿਜਾਇਆ ਜਾ ਰਿਹਾ ਸੀ। ਜਦੋਂ ਇਹ ਜਥਾ ਦਰਿਆ, ਕਿਸ਼ਨ ਗੰਗਾ ਦੇ ਪੁਲ ਉਤੇ ਪੁਜਿਆ ਤਾਂ ਇਨ੍ਹਾਂ ਬੀਬੀਆਂ 'ਚ ਸਭ ਤੋਂ ਅਗਲੀ ਬੀਬੀ ਨੇ ਜੈਕਾਰਾ ਲਾਇਆ ਜਿਸ ਦਾ ਜਵਾਬ ਪਿਛਲੀ ਸਿੱਖ ਬੀਬੀ

ਸਮੇਤ ਸਾਰੀਆਂ ਨੇ ਦਿੱਤਾ ਤੇ ਦਰਿਆ ਵਿਚ ਕੁੱਦ ਪਈਆਂ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਬੀਬੀਆਂ ਨੂੰ ਨਿਰਵਸਤਰ ਕਰਕੇ ਲਿਜਾਇਆ ਜਾ ਰਿਹਾ ਸੀ। ਸਰਹੱਦੀ ਇਲਾਕੇ ਪੁੰਣਛ ਵਿਚ ਸਿੱਖਾਂ ਤੇ ਹਿੰਦੂਆਂ ਦੇ ਵੱਡੀ ਗਿਣਤੀ ਵਿਚ ਘਰ ਸਨ। ਜਿਨ੍ਹਾਂ ਉਤੇ ਕਬਾਇਲੀਆਂ ਨੇ ਵੱਡੀ ਗਿਣਤੀ ਵਿਚ ਹਮਲਾ ਕੀਤਾ। ਇਨ੍ਹਾਂ ਵਿਦੇਸ਼ੀ ਬਣੇ ਹਮਲਾਵਰਾਂ ਨਾਲ ਵੱਡੀ ਗਿਣਤੀ ਵਿਚ ਪੁੰਣਛ ਦੇ ਲੋਕਲ ਵਸਨੀਕ (ਮੁਸਲਮਾਨ) ਵੀ ਸ਼ਾਮਲ ਹੋ ਗਏ। ਜਿਸ ਨਾਲ ਕਬਾਇਲੀਆਂ ਨੂੰ ਰਸਤੇ ਦੀ ਪਹਿਚਾਣ ਅਤੇ ਸਿੱਖਾਂ ਤੇ ਹਿੰਦੂਆਂ ਮੁਸਲਮਾਨਾਂ, ਦੇ ਘਰਾਂ ਦੀ ਨਿਸ਼ਾਨਦੇਹੀ ਵਿਚ ਆਸਾਨੀ ਹੋ ਗਈ ਪੁੰਣਛ ਦੇ ਇਕ ਰਸੂਖਦਾਰ ਮੁਸਲਮਾਨ "ਵਲੀਯੂ ਖੋਜਾ" ਨੇ ਡਰੇ ਹੋਏ ਹਿੰਦੂਆਂ ਨੂੰ ਕਿਹਾ ਤੁਸੀਂ ਆਪਣੀ ਜਾਨ ਮਾਲ ਔਰਤਾਂ ਦੀ ਰਾਖੀ ਕਰਨਾ ਚਾਹੁੰਦੇ ਹੋ ਤਾਂ ਮੁਸਲਮਾਨ ਬਣ ਜਾਵੋ। ਵੱਡੀ ਗਿਣਤੀ ਵਿਚ ਹਿੰਦੂ ਮਸਜਿਦ ਵਿਚ ਇਕੱਠੇ ਹੋ ਗਏ। ਇਸ ਖ਼ਬਰ ਦੀ ਭਿਣਕ ਪੁੰਣਛ ਦੇ ਇਕ ਸਚੇ ਮੁਸਲਮਾਨ ਧਾਰਮਿਕ ਆਗੂ ਪੀਰ ਮਾਣਕ ਪਈਆ ਨੂੰ ਲੱਗੀ ਤਾਂ ਉਹ ਮਸਜਿਦ ਵਿਚ ਜਾ ਪੁਜਾ ਅਤੇ ਕਹਿਣ ਲੱਗਾ ਜ਼ਬਰਨ ਮੁਸਲਮਾਨ ਬਨਾਉਣਾ ਇਸਲਾਮੀ ਸਿਧਾਂਤ ਦੇ ਵਿਰੁੱਧ ਹੈ ਮੈਂ ਇੰਝ ਨਹੀਂ ਹੋਣ ਦਿਆਂਗਾ.....।"

ਇਸ ਤਰ੍ਹਾਂ ਵੱਡੀ ਗਿਣਤੀ 'ਚ ਹਿੰਦੂਆਂ ਦਾ ਬਚਾਓ ਹੋ ਗਿਆ ਪਰ ਹਿੰਦੂ ਇਸਲਾਮ ਕਬੂਲਣ ਲਈ ਤਿਆਰ ਸਨ। ਇਸ ਤੋਂ ਇਲਾਵਾ ਪੁੰਣਛ ਦਾ ਮਾਸਟਰ ਅਜੀਜ ਉਰਫ ਅਜ਼ਾ ਮੁਸਲਮਾਨ ਨੇਕ ਦਿਲ ਇਨਸਾਨ ਤੇ "ਨੈਸ਼ਨਲ ਕਾਨਫਰੰਸ" ਦਾ ਲੀਡਰ ਸੀ। ਜਿਸ ਨੇ ਕਬਾਇਲੀ ਕਾਤਲ ਟੋਲੇ ਨੂੰ ਸਖਤੀ ਨਾਲ ਬੇ ਦੋਸ਼ੇ ਲੋਕਾਂ ਨੂੰ ਕਤਲ ਕਰਨ ਤੋਂ ਰੋਕਣ ਦਾ ਯਤਨ ਕੀਤਾ। ਜਿਸ ਤੋਂ ਖਿਝਕੇ ਜ਼ਾਲਮ ਬਿਰਤੀ ਨੇ ਉਸ ਨੇਕ ਬੰਦੇ ਨੂੰ ਵੀ ਕਤਲ (ਸ਼ਹੀਦ) ਕਰ ਦਿੱਤਾ। ਪੁੰਣਛ ਮੁਜੱਫਰਾਬਾਦ ਦੇ ਗੁਰਦੁਆਰਾ ਗੁੱਫਾ ਵਾਲੇ ਤੇ ਵੀ ਹਮਲਾ ਹੋਇਆ ਜਿਸ ਵਿਚ ਕੁਝ ਕਤਲ ਤੇ ਬੀਬੀ ਰਣਜੀਤ ਕੌਰ ਜ਼ਖਮੀ ਹੋ ਗਈ ਜਿਸ ਨੂੰ ਉਥੇ ਦੇ ਇਕ ਨੇਕ ਦਿਲ ਇਨਸਾਨ "ਮੁਜੱਫਰ ਮਲਕ" ਤੇ ਉਸ ਦੀ ਭੈਣ "ਸਕੀਨਾ ਬੇਗਮ" ਨੇ ਕਈ ਹੋਰ ਸਿੱਖ ਬੀਬੀਆਂ ਸਮੇਤ ਵਹਿਸ਼ੀ ਲੋਕਾਂ ਤੋਂ ਬਚਾਉਣ ਲਈ ਆਪਣੇ ਘਰ ਵਿਚ ਪਨਾਹ ਦਿੱਤੀ ਅਤੇ ਹਲਾਤਾਂ 'ਚ ਸੁਧਾਰ ਆਉਣ ਤੇ ਉਨ੍ਹਾਂ ਨੂੰ ਪਰਿਵਾਰਾਂ ਤਕ ਪੁਜਦਾ ਕੀਤਾ। ਅਜਿਹੇ ਇਤਿਹਾਸਕ ਹਵਾਲੇ ਮਨੁੱਖਤਾ ਦੇ ਜਿਉਂਦਾ ਹੋਣ ਦਾ ਪ੍ਰਮਾਣ ਹਨ। (ਪਰ ਏਹੋ ਜਿਹੇ ਹਵਾਲੇ 1984 ਤੋਂ 1995 ਤਕ ਭਾਰਤ ਭਰ ਅਤੇ 1984 ਤੋਂ 2009 ਤਕ ਜੰਮੂ ਕਸ਼ਮੀਰ ਵਿਚ ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕਾਂ ਵਿਚ ਬਹੁਤ ਘੱਟ ਮਾਤਰਾ ਵਿਚ ਦਿਖਾਈ ਦਿਤੇ ਹਨ) ਅਕਤੂਬਰ 1947 ਨੂੰ ਕਿਸ਼ਨ ਗੰਗਾ ਤੇ ਜੇਹਲਮ ਦੇ ਸੁਮੇਲ ਵਾਲੇ ਸਥਾਨ ਜਿਸ ਨੂੰ "ਦੋਮੇਲ" ਆਖਦੇ ਹਨ। ਸਿੱਖਾਂ ਨੇ ਇਸ ਰਸਤੇ ਨੂੰ ਭਾਰਤ ਦਾਖਲੇ ਲਈ ਚੁਣਿਆ ਸੀ। ਇਸ ਇਲਾਕੇ ਦੀ ਜ਼ਿੰਮੇਵਾਰੀ ਮੁਸਲਿਮ ਫੌਜੀ ਟੁਕੜੀ ਦੀ ਲੱਗੀ ਹੋਈ ਸੀ। ਜੋ ਸੀ ਕੰਪਨੀ ਵਾਂਗ ਹੀ ਜਹਾਦ ਦੇ ਨਾਹਰੇ ਅਧੀਨ ਹਮਲਾਵਰਾਂ ਨਾਲ ਰਲ ਗਈ। ਜਿਸ ਵਜਾਹ ਕਰਕੇ ਸਿੱਖਾਂ ਦਾ ਇਸ ਇਲਾਕੇ ਵਿਚ ਵੱਡੀ ਗਿਣਤੀ ਵਿਚ

ਨੁਕਸਾਨ ਹੋਇਆ ਮੁਸਲਮਾਨ ਤਾਂ ਜਹਾਦ ਦੇ ਝੰਡੇ ਅਧੀਨ ਮੁਸਲਮਾਨਾਂ ਨਾਲ ਰਲ ਗਏ ਸਨ (ਪਰ ਜਦੋਂ ਸਿੱਖਾਂ ਤੇ ਅੰਗਰੇਜ਼ਾਂ ਦਾ ਮਹਾਂਯੁੱਧ ਚਲ ਰਿਹਾ ਸੀ। ਡੋਗਰਾ ਹਿੰਦੂ ਕਮਾਂਡਰਾਂ ਤੇ ਸਿਪਾਹੀਆਂ ਨੇ ਅੰਗਰੇਜ਼ਾਂ ਨਾਲ ਰਲ ਕੇ ਸਿੱਖਾਂ ਨਾਲ ਵਿਸਾਹਘਾਤ ਕੀਤਾ ਅਤੇ ਭਾਰਤ ਦੀ ਗੁਲਾਮੀ ਲਈ ਮੁਖ ਕਿਰਦਾਰ ਨਿਭਾਇਆ ਸੀ) ਅਤੇ ਸਿੱਖਾਂ ਨੇ ਇਨ੍ਹਾਂ ਮੁਸਲਿਮ ਫੌਜੀਆਂ ਦੇ ਬਾਗੀ ਹੋ ਜਾਣ ਦੀਆਂ ਪੁਖਤਾ ਰਿਪੋਰਟਾਂ ਕਨਰਲ ਨਾਰਾਇਣ ਸਿਉਂ ਡੋਗਰਾ, ਨੂੰ ਭੇਜੀਆਂ ਸਨ, ਫਿਰ ਵੀ ਉਸ ਨੇ ਕੋਈ ਕਾਰਵਾਈ ਨਾ ਕੀਤੀ ਅਤੇ ਨਾ ਹੀ ਸਿੱਖਾਂ ਦੀ ਮੰਗ ਉਤੇ ਉਨ੍ਹਾਂ ਨੂੰ ਹਥਿਆਰ ਮੁਹੱਈਆ ਕਰਵਾਏ।

ਗੁਰਦੁਆਰਾ ਪਾਤਸ਼ਾਹੀ ਛੇਵੀਂ (ਨਲੂਛੀ) ਪਾਕਿਸਤਾਨ, ਅੱਜ ਦਾ ਅਜ਼ਾਦ ਕਸ਼ਮੀਰ। ਇਥੇ ਸਿੱਖਾਂ ਅਤੇ ਮੁਸਲਮਾਨ ਹਮਲਾਵਰਾਂ ਵਿਚਕਾਰ ਜ਼ਬਰਦਸਤ ਮੁਕਾਬਲਾ ਹੋਇਆ ਸਿੱਖ ਸੂਰਮਿਆਂ ਕੋਲ ਇਕ ਦੇਸੀ ਤੋਪ ਅਤੇ ਕੁਝ ਦੇਸੀ ਬੰਦੂਕਾਂ ਸਨ ਤੇ ਦੁਸ਼ਮਣ ਕੋਲ ਹਰ ਇਕ ਕਿਸਮ ਦਾ ਹਥਿਆਰ ਤੇ ਵੱਡੀ ਗਿਣਤੀ ਵਿਚ ਫੌਜ ਦਾ ਸਹਿਯੋਗ। ਫਿਰ ਵੀ ਸਿੱਖਾਂ ਨੇ ਸਤਿ ਸ੍ਰੀ ਅਕਾਲ ਦੀ ਗੂੰਜ ਨਾਲ ਅਲਾਹ ਹੂ ਦੇ ਨਾਅਰਿਆਂ ਨੂੰ ਫਿਕਾ ਪਾ ਦਿੱਤਾ ਅਤੇ ਸੈਂਕੜਿਆਂ ਦੀ ਤਦਾਦ ਵਿਚ ਦੁਸ਼ਮਣਾਂ ਦੇ ਸੱਥਰ ਵਿਛਾ ਕੇ ਸ਼ਹੀਦੀਆਂ ਪਾ ਗਏ। ਜਿਸ ਤੋਂ ਬਾਅਦ ਸਿੰਘਾਂ ਦੀ ਦੇਹਾਂ ਸਮੇਤ ਗੁਰਦੁਆਰਾ ਸਾਹਿਬ ਨੂੰ ਅਗ ਲਗਾ ਦਿੱਤੀ ਗਈ।

ਵੱਖ-ਵੱਖ ਥਾਵਾਂ ਉਤੇ ਹੋ ਰਹੇ ਹਮਲਿਆਂ ਅਤੇ ਕਤਲੇਆਮ ਵਿਚੋਂ ਬਹੁਤ ਸਾਰੀਆਂ ਬੀਬੀਆਂ ਜਿਉਂਦੀਆਂ ਗ੍ਰਿਫ਼ਤਾਰ ਕਰ ਲਈਆਂ ਗਈਆਂ। ਜਿਨ੍ਹਾਂ ਨੂੰ ਇਸਲਾਮ ਧਾਰਨ ਕਰਵਾਉਣ ਲਈ ਪਾਕਿਸਤਾਨ ਲਿਜਾਇਆ ਜਾ ਰਿਹਾ ਸੀ। ਇਨ੍ਹਾਂ ਕੈਦੀਆਂ ਵਿਚ ਕੈਦ ਬੀਬੀ ਕਰਤਾਰ ਕੌਰ ਨਾਲ ਜਦੋਂ, ਇਕ ਅਫਗਾਨੀ ਨੇ ਬਦਸਲੂਕੀ ਕਰਦਿਆਂ ਹੱਥ ਬੀਬੀ ਦੇ ਸਰੀਰ ਤੇ ਪਾਇਆ ਤਾਂ ਬੀਬੀ ਨੇ ਉਸ ਕਬਾਇਲੀ ਦੀ ਸ਼ਮਸ਼ੀਰ ਨੂੰ ਹੱਥ ਪਾ ਲਿਆ ਪਰ ਬਾਕੀ ਦੇ ਫੌਜੀਆਂ ਵੱਲੋਂ ਵਿਚ ਆ ਜਾਣ ਤੇ ਕਰਤਾਰ ਕੌਰ ਕੁਝ ਕਰ ਨਾ ਸਕੀ। ਇਸ ਤੋਂ ਬਾਅਦ ਬਾਕੀ ਦੀ ਸਿੱਖ ਬੀਬੀਆਂ ਨੂੰ ਸਬਕ ਸਿਖਾਉਣ ਲਈ ਸਾਰੀਆਂ ਬੀਬੀਆਂ ਦੇ ਸਾਹਮਣੇ ਕਰਤਾਰ ਕੌਰ ਦੇ ਹੱਥ-ਪੈਰ ਵੱਢ ਦਿੱਤੇ ਗਏ। ਵਾਹਿਗੁਰੂ। ਕਰਤਾਰ ਕੌਰ ਦੇ ਚਿਹਰੇ ਤੋਂ ਸਿੱਖੀ ਸਿਦਕ ਦਾ ਜਲਾਲ ਵੇਖ ਕੇ ਬਾਕੀ ਦੀਆਂ ਬੀਬੀਆਂ ਦਾ ਖ਼ੂਨ ਖੌਲ ਉਠਿਆ ਤੇ ਉਹ ਦੁਸ਼ਮਣ ਤੇ ਟੁੱਟ ਕੇ ਪੈ ਗਈਆਂ ਅਤੇ ਪੱਥਰ ਮਾਰ-ਮਾਰ ਕੇ ਹੀ ਸਾਰੇ ਦੁਸ਼ਮਣ ਢੇਰ ਕਰ ਦਿੱਤੇ। ਦੂਰੋ ਹੋਰ ਕਬਾਇਲੀਆਂ ਨੂੰ ਭੱਜੇ ਆਉਂਦੇ ਵੇਖਕੇ ਸਾਰੀਆਂ ਬੀਬੀਆਂ ਜੈਕਾਰੇ ਲਗਾ ਕੇ ਦਰਿਆ ਜੇਹਲਮ ਵਿਚ ਕੁਦ ਗਈਆਂ। ਪਰ ਕੁਝ ਬੀਬੀਆਂ ਨੂੰ ਰੋਕ ਲਿਆ ਗਿਆ ਅਤੇ ਉਨ੍ਹਾਂ ਸਮੇਤ ਹੋਰ ਗ੍ਰਿਫ਼ਤਾਰ ਕੀਤੀਆਂ ਬੀਬੀਆਂ ਨੂੰ ਇਕ ਥਾਂ ਬੰਦ ਕਰ ਦਿੱਤਾ ਤੇ ਇਕ ਸਥਾਨਕ ਮੁਸਲਮਾਨ ਨਾਲ ਕੁਝ ਫੌਜੀਆਂ ਨੂੰ ਉਥੇ ਤਾਇਨਾਤ ਕਰ ਦਿੱਤਾ ਗਿਆ। ਇਕ ਸਥਾਨਕ ਮੁਸਲਮਾਨ ਖੁਦਾ ਦੀ ਬੰਦਗੀ ਵਾਲਾ ਬੰਦਾ "ਫਕੀਰ ਮੁਹੰਮਦ" ਸੀ। ਜੋ ਕਈ ਦਿਨ੍ਹਾਂ ਤੋਂ ਭੁੱਖੀਆਂ ਸਿੱਖ ਬੀਬੀਆਂ ਨੂੰ ਫੌਜੀਆਂ ਤੋਂ ਨਜ਼ਰ ਬਚਾਕੇ

ਮੱਕੀ ਦੇ ਭੁੰਨੇ ਹੋਏ ਦਾਣੇ ਅਤੇ ਛੱਲੀਆਂ ਦਿੰਦਾ ਰਿਹਾ ਅਤੇ ਪੰਜ ਵੇਲੇ ਦੀ ਨਮਾਜ਼ ਵਿਚ ਅੱਲ੍ਹਾ ਤੋਂ ਇਨ੍ਹਾਂ ਬੀਬੀਆਂ ਦੀ ਰਿਹਾਈ ਲਈ ਦੁਆ ਕਰਦਾ ਰਿਹਾ।

ਆਖਰ ਇਨ੍ਹਾਂ ਬੀਬੀਆਂ ਦਾ ਪਤਾ "ਰੈਡ ਕਰਾਸ" (ਯੂ.ਐਨ.ਓ) ਨੂੰ ਲਗਾ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਰਿਹਾਅ ਕਰਵਾਇਆ। ਇਨ੍ਹਾਂ ਬੀਬੀਆਂ ਨੇ ਹੀ ਫਿਰ ਸਾਰੀ ਹੱਡ ਬੀਤੀ ਦੱਸੀ ਅਤੇ ਆਪਣੇ ਧਰਮ ਦੇ ਭਰਾ ਫਕੀਰ ਮੁਹੰਮਦ ਦਾ ਸ਼ੁਕਰਾਨਾ ਕੀਤਾ। ਪਿੰਡ ਗੱਲੀ ਸ਼ੇਰੀ ਜੋ ਭਾਈ ਮੱਖਣ ਸ਼ਾਹ ਜੀ ਦਾ ਪਿੰਡ ਸੀ ਉਥੇ ਵੀ ਵੱਡੀ ਤਦਾਦ ਵਿਚ ਸਿੱਖਾਂ ਦੇ ਘਰ ਘਾਟ ਲੁੱਟੇ ਤੇ ਸਾੜੇ ਗਏ ਅਤੇ ਇਸਲਾਮ ਨਾ ਕਬੂਲਣ ਕਰਕੇ ਗ੍ਰਿਫਤਾਰ ਕੀਤੇ ਗਏ ਸਿੱਖਾਂ ਨੂੰ ਖੜੇ ਕਰਕੇ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ। ਪਿੰਡ ਗਲੀ ਸ਼ੇਰੀ ਵਿਚ ਹੀ ਇਕ ਮੋਰਚੇ ਵਿਚ ਸ੍ਰ. ਕਿਸ਼ਨ ਸਿੰਘ ਸੁਤੰਤਰਤਾ ਸੰਗਰਾਮੀ, ਅਕਾਲੀ ਠਾਕੁਰ ਸਿੰਘ, ਅਕਾਲੀ ਭਗਵਾਨ ਸਿੰਘ ਆਦਿ ਸਿੱਖ ਆਗੂ ਸ਼ਿੱਦਤ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ ਇਨ੍ਹਾਂ ਦੇ ਨਾਲ ਹੀ ਬੀਬੀ ਮੱਖਣ ਕੌਰ, ਬੀਬੀ ਕਰਤਾਰ ਕੌਰ ਜਿਹੀਆਂ ਕਈ ਬੀਬੀਆਂ ਸਿੰਘਾਂ ਨਾਲ ਰਲਕੇ ਦੁਸ਼ਮਣ ਦਾ ਮੁਕਾਬਲਾ ਕਰਦੀਆਂ ਰਹੀਆਂ ਆਖਰ 'ਚੋ ਪਾਸਿਓਂ ਤੋਂ ਘਿਰ ਜਾਣ ਤੇ ਇਨ੍ਹਾਂ ਨੇ ਵੀ ਦਰਿਆ ਵਿਚ ਜਾਣਾ ਬੇਹਤਰ ਸਮਝਿਆ।

ਪਿੰਡ ਗਾੜਾ ਨੂੰ ਘੇਰਾ ਪਾ ਕੇ ਵੱਡੀ ਗਿਣਤੀ ਵਿਚ ਭਾਰਤ ਜਾ ਰਹੇ ਸਿੱਖ ਜਥੇ ਨੂੰ ਸੰਗੀਨਾਂ ਦੇ ਸਾਏ ਹੇਠ ਲਿਆਂਦਾ ਗਿਆ। ਜਥੇ ਦੀ ਰਹਿਨੁਮਾਈ ਬਾਬਾ ਬਲਦੇਵ ਸਿੰਘ ਸਮੇਤ ਗਿਆਨੀ ਰੰਗੀਲ ਸਿੰਘ, ਗਿਆਨੀ ਗੁਰਬਖਸ਼ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਤੀਰਥ ਸਿੰਘ ਆਦਿ ਆਗੂ ਕਰ ਹੇ ਸਨ। ਦੁਸ਼ਮਣ ਦੀ ਵੱਡੀ ਗਿਣਤੀ ਸੀ ਜਿਸ ਦੀ ਕਮਾਨ ਠੇਕੇਦਾਰ ਬਹਾਦਰ ਖਾਨ ਕਰ ਰਿਹਾ ਸੀ। ਬਹਾਦਰ ਖਾਨ ਨੇ ਸੁਨੇਹਾ ਭੇਜਿਆ ਜੇ ਤੁਸੀਂ ਇਸਲਾਮ ਕਬੂਲ ਕਰਨਾ ਮੰਜ਼ੂਰ ਕਰ ਦੇ ਹੋ ਤਾਂ ਅਸੀਂ ਤੁਹਾਨੂੰ ਕੁਝ ਨਹੀਂ ਆਖਾਂਗੇ। ਜੇ ਨਹੀਂ ਕਰਦੇ ਹੋ ਤਾਂ ਮਰਨ ਲਈ ਤਿਆਰ ਹੋ ਜਾਵੋ। ਬਾਬਾ ਬਲਦੇਵ ਸਿੰਘ 'ਬਸਨਾੜਾ' ਤੇ ਹੋਰ ਸਿੱਖਾਂ ਨੇ ਵਿਚਾਰ ਕਰਨ ਲਈ ਕੁਝ ਸਮਾਂ ਮੰਗਿਆ ਜੋ ਠੇਕੇਦਾਰ ਵੱਲੋਂ ਦੇ ਦਿੱਤਾ ਗਿਆ। ਇਸ ਨਾਲ ਇਹ ਫਾਇਦਾ ਹੋਇਆ ਕਿ ਅਗੇ ਨਿਕਲਿਆ ਜਥਾ ਹੋਰ ਅਗੇ ਨਿਕਲ ਚੁਕਿਆ ਸੀ ਅਤੇ ਸਿੱਖਾਂ ਨੇ ਦੇਗ ਤਿਆਰ ਕੀਤੀ ਆਪਸ ਵਿਚ ਵਿਚਾਰ ਕੀਤੀ ਗਈ। ਸਾਰਿਆਂ ਤੋਂ ਪੁੱਛਿਆ ਗਿਆ ਕਿਸੇ ਨੇ ਜਾਨ ਬਚਾਉਣ ਲਈ ਸਿੱਖੀ ਨੂੰ ਬੇਦਾਵਾ ਦੇਣਾ ਹੈ ਤਾਂ ਉਸ ਦੀ ਮਰਜ਼ੀ ਹੈ ਦਸ ਦੇਵੇ। ਇਕ ਵੀ ਸਿੰਘ ਜਾਂ ਸਿੰਘਣੀ ਸਿੱਖੀ ਤੋਂ ਮੁਖ ਫੇਰਨ ਲਈ ਤਿਆਰ ਨਹੀਂ ਹੋਈ। ਸਿੰਘਾਂ ਵੱਲੋਂ ਗੁਰਬਾਣੀ ਦਾ ਜਾਪ ਕਰਕੇ ਅਰਦਾਸਾ ਸੋਧਿਆ ਦੇਗ ਵਰਤਾਈ ਅਤੇ ਬਾਬਾ ਬਲਦੇਵ ਸਿੰਘ ਨੇ ਅਫਗਾਨੀਆਂ ਨੂੰ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਸਾਡੇ 'ਚੋਂ ਕੋਈ ਵੀ ਸਿੱਖ ਇਸਲਾਮ ਕਬੂਲਣ ਲਈ ਤਿਆਰ ਨਹੀਂ ਹੈ। ਤੁਸੀਂ ਜੋ ਕਰਨਾ ਹੈ ਕਰ ਸਕਦੇ ਹੋ।

ਕਬਾਇਲੀਆਂ ਨੇ ਸੁਣਦੇ ਸਾਰ ਹੀ ਸਿੱਖਾਂ ਨੂੰ ਇਕ ਕਤਾਰ ਵਿਚ ਖੜੇ ਹੋਣ ਲਈ ਕਿਹਾ ਅਤੇ ਗੋਲੀਆਂ ਦੀ ਬੋਛਾੜ ਹੋਈ। ਸਿੱਖਾਂ ਦੀਆਂ ਲਾਸ਼ਾਂ ਦਾ ਢੇਰ ਲੱਗ ਗਿਆ

ਜਿਸ ਨੂੰ ਚੁਕ ਕੇ ਅਫਗਾਨੀਆਂ, ਪਾਕਿਸਤਾਨੀਆਂ ਨੇ ਦਰਿਆ ਵਿਚ ਸੁੱਟ ਦਿੱਤਾ। ਜਿਸ ਵਿਚੋਂ ਗਿਆਨੀ ਤੀਰਥ ਸਿੰਘ ਬਸਨਾੜਾ ਤੇ ਬੀਬੀ ਸੁਜਾਨ ਕੌਰ ਜ਼ਖਮੀ ਹਾਲਤ ਵਿਚ ਹੀ ਦਰਿਆ ਵਿਚ ਸੁੱਟ ਦਿੱਤੇ ਗਏ ਸਨ। ਜਿਨ੍ਹਾਂ ਨੂੰ ਰੈਡ ਕਰਾਸ ਕਮੇਟੀ ਨੇ ਬਚਾਕੇ ਭਾਰਤ ਭੇਜਿਆ ਇਥੇ ਆ ਕੇ ਇਨ੍ਹਾਂ ਨੇ ਇਹ ਸਾਕਾ ਸੰਗਤਾਂ ਨੂੰ ਦੱਸਿਆ। ਮੁੜ-ਮੁੜ ਕੇ ਦਰਿਆ ਅਤੇ ਕਤਾਰ ਲਾਉਣ ਦੀਆਂ ਇਨ੍ਹਾਂ ਇਤਿਹਾਸਕ ਸਾਖੀਆਂ ਤੋਂ ਅੱਜ ਦੀ ਦਰਿਆ ਅਤੇ ਕਤਾਰ ਦੀ ਗੱਲ ਵੀ ਨਾਲ ਹੀ ਦਸ ਦਈਏ ਤਾਂ ਆਉਣ ਵਾਲੀਆਂ ਸਿੱਖ ਨਸਲਾਂ ਨੂੰ ਕਿਸੇ ਨਤੀਜੇ ਤੇ ਪੁੱਜਣ ਲਈ ਇਹ ਜਾਣਕਾਰੀ ਕਾਰਗਰ ਸਾਬਤ ਹੋਵੇਗੀ। ਅਜੋਕੇ ਕਸ਼ਮੀਰ ਵਿਚ ਸਿੱਖਾਂ ਨੂੰ 2000 ਤੋਂ ਸੰਨ 2005 ਤਕ ਕਈ ਮਰਤਬਾ ਕਤਾਰ ਲਾ ਕੇ ਗੋਲੀਆਂ ਦੀ ਭੇਟ ਚਾੜਿਆ ਗਿਆ। ਮੁਸਲਮਾਨਾਂ ਦੀ ਕੌਮੀ ਤਨਜੀਮਾਂ ਦਾ ਕਹਿਣਾ ਹੈ ਇਹ ਕਾਰਵਾਈ ਭਾਰਤੀ ਫੌਜੀਆਂ ਦੀ ਹੈ। ਭਾਰਤੀ ਲੀਡਰਾਂ ਦਾ ਕਹਿਣਾ ਹੈ, ਕਾਰਵਾਈ ਮੁਸਲਮਾਨ ਜਹਾਦੀਆਂ ਦੀ ਹੈ। ਕਈ ਕਤਾਰਾਂ ਵਿਚ ਸਿੱਖਾਂ ਨੂੰ ਆਪਣੇ ਭਰਾ ਦੱਸ ਕੇ ਛੱਡ ਦਿੱਤਾ ਗਿਆ ਤੇ ਹਿੰਦੂਆਂ ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਜਿਸ ਵਿਚ ਕੁਝ ਪੰਜਾਬ ਦੇ ਪਤਿਤ ਡਰਾਇਵਰ ਵੀ ਸਨ। ਜਦੋਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਸਿੱਖਾਂ ਦੇ ਪੁੱਤਰ ਹਨ, ਸਿੱਖ ਹਨ ਤਾਂ ਕਾਤਲਾਂ ਨੇ ਕਿਹਾ ਸਿੱਖ ਕੇਸ ਨਹੀਂ ਕਟਾਉਂਦੇ ਇਸ ਲਈ ਤੁਸੀਂ ਹਿੰਦੂਆਂ ਵਾਲੀ ਲਾਈਨ ਵਿਚ ਲਗੇ ਰਹੋ। ਪੰਜਾਬ ਵਿਚ 1984 ਤੋਂ 1995 ਤਕ ਬਹੁਤ ਸਾਰੇ ਸਿੱਖਾਂ ਨੂੰ ਇਕ ਲਾਈਨ ਵਿਚ ਖੜਾ ਕਰਕੇ ਆਜ਼ਾਦ ਭਾਰਤ ਦੀ ਪੁਲਿਸ ਤੇ ਫੌਜ ਵੱਲੋਂ ਅੱਤਵਾਦੀ ਦਸਕੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਦਰਿਆ ਬਿਆਸ ਅਤੇ ਹਰੀ ਕੇ ਪੱਤਣ ਵਿਚ ਕਬਾਈਲੀਆਂ ਵਾਂਗ ਭਾਰਤੀ ਫੌਜ ਵੱਲੋਂ ਗੋਲੀਆਂ ਮਾਰ ਕੇ ਸਿੱਖਾਂ ਨੂੰ ਸੁੱਟਿਆ ਜਾਂਦਾ ਰਿਹਾ ਹੈ। ਗਿਆਨੀ ਤੀਰਥ ਸਿੰਘ 1947 ਵਾਂਗ ਹੀ 1993 ਦੇ ਕਤਲਾਂ ਦੀ ਪੁਸ਼ਟੀ ਇਨ੍ਹਾਂ ਦਰਿਆਵਾਂ 'ਚ ਗੋਲੀਆਂ ਮਾਰ ਕੇ ਸੁੱਟੇ ਸਿੰਘਾਂ ਵਿਚੋਂ ਜਿਊਂਦੇ ਬਚੇ ਸ. ਸੁਰਿੰਦਰ ਸਿੰਘ ਫੌਜੀ ਅਤੇ ਝੂਠੇ ਮੁਕਾਬਲਿਆਂ ਦੀ ਗਵਾਹ ਬੀਬੀ ਕੁਲਵੀਰ ਕੌਰ ਧਾਮੀ ਅਤੇ ਮੇਰੇ (ਲੇਖਕ) ਸਮੇਤ ਬਹੁਤ ਸਾਰੇ ਲੋਕ ਮੌਜੂਦ ਹਨ।

ਇਸ ਤਰ੍ਹਾਂ ਕਿਸੇ ਵੀ ਕੌਮ ਦੇ ਲੋਕਾਂ ਨੂੰ ਸਰਕਾਰੀ ਆਤੰਕਵਾਦ ਤਹਿਤ ਮਾਰਨਾ ਮਨੁੱਖਤਾ ਲਈ ਸ਼ਰਮਨਾਕ ਕਾਰਾ ਹੈ। ਇਸ ਵਿਚ ਮਰਨ ਵਾਲੇ ਤੇ ਮਾਰਨ ਵਾਲੇ ਭਾਵੇਂ ਕੋਈ ਵੀ ਹਨ। ਉਹ ਮਨੁੱਖਤਾ ਦੇ ਦੋਸ਼ੀ ਹਨ ਰਾਵਲਪਿੰਡੀ ਦੇ ਗੁਜਰ ਖਾਨ ਨਗਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਮੇਰੇ (ਲੇਖਕ ਦੇ) ਦਾਦਾ ਜੀ ਗਿਆਨੀ ਜਗਤ ਸਿੰਘ ਫੌਜੀ, ਜੋ ਅਜ਼ਾਦ ਹਿੰਦ ਫੌਜ ਵਿਚ ਰਹਿ ਚੁੱਕੇ ਸਨ। ਗ੍ਰੰਥੀ ਸਿੰਘ ਵਜੋਂ ਸੇਵਾ ਕਰਦੇ ਸਨ। ਸੰਗਤਾਂ ਵਿਗੜੇ ਮਾਹੌਲ ਨੂੰ ਵੇਖਦਿਆਂ ਗੁਰਦੁਆਰਾ ਸਾਹਿਬ ਇਕੱਠੀਆਂ ਹੋਈਆਂ ਸਨ। ਮੇਰੇ ਤਾਇਆ ਜੀ ਸ. ਕਿਰਪਾਲ ਸਿੰਘ, ਸ. ਇੰਦਰ ਸਿੰਘ ਦੇ ਦੱਸੇ ਅਨੁਸਾਰ ਤਾਇਆ ਜੀ : "ਗੁਰਦੁਆਰੇ ਉਤੇ ਫਿਰਕੂ ਹਮਲਾਵਰਾਂ ਨੇ ਹਮਲਾ ਕਰ ਦਿੱਤਾ ਅਤੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ। ਕੁਝ ਸਿੱਖ ਇਥੇ ਲੜਦੇ ਹੋਏ ਸ਼ਹੀਦ ਹੋ ਗਏ। ਮੇਰੀ ਉਮਰ ਉਸ ਵਕਤ

13 ਸਾਲ ਸੀ ਪਿਤ ਜੀ ਛੋਟੇ ਭਰਾ ਤੇ ਭੈਣ ਨੂੰ ਛੱਡਣ ਲਈ ਦੂਜੇ ਜਥੇ ਕੋਲ ਗਏ ਹੋਏ ਸਨ। ਮੈਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅੱਗ ਤੋਂ ਬਚਾ ਕੇ ਸਿਰ ਤੇ ਚੁਕ ਲਿਆ ਤੇ ਬਾਕੀ ਸਿੱਖਾਂ ਨਾਲ ਗੁਰਦੁਆਰਾ ਦੁਖ ਭੰਜਨੀ ਸਾਹਿਬ "ਖਾਲਸਾ ਹਾਈ ਸਕੂਲ" ਦੇ ਨੇੜੇ ਪੁੱਜ ਗਿਆ। ਇਥੋਂ ਸਾਰੇ ਵਾਰੀ-ਵਾਰੀ ਕਈ ਹਮਲਿਆਂ ਦਾ ਸਾਹਮਣਾ ਕਰਦੇ ਹੋਏ ਭਾਰਤ ਪੁੱਜੇ।" ਪਰ ਇਸ ਘੱਲੂਘਾਰੇ ਵਿਚ ਮੇਰੇ (ਲੇਖਕ ਦੇ) ਦਾਦਾ ਜੀ ਤੇ ਦਾਦੀ ਜੀ ਸਦੀਵੀਂ ਵਿਛੋੜਾ ਦੇ ਗਏ ਅਤੇ 1984 ਤੋਂ ਬਾਅਦ ਦੇ ਘੱਲੂਘਾਰੇ ਨੇ ਮੇਰੇ (ਲੇਖਕ ਦੇ) ਪਿਤਾ ਜੀ, ਮਾਤਾ ਜੀ ਵੱਡੇ ਭਰਾ ਨੂੰ ਹਮੇਸ਼ਾ ਲਈ ਜੁਦਾ ਕਰ ਦਿੱਤਾ।

26 ਅਕਤੂਬਰ 1947 ਨੂੰ ਕਾਤਲਾਂ ਦਾ ਲਸ਼ਕਰ ਕਸ਼ਮੀਰ ਦੇ ਸਰਹੱਦੀ ਇਲਾਕੇ ਜਿਥੇ ਸਿੱਖਾਂ ਦੀ ਬਹੁ ਗਿਣਤੀ ਸੀ। ਇਸ ਇਲਾਕੇ ਨੂੰ ਚੋਂ ਪਾਸਿਓਂ ਘੇਰ ਕੇ ਸਿੱਖਾਂ ਉਤੇ ਗੋਲੀਬਾਰੀ ਆਰੰਭ ਕਰ ਦਿੱਤੀ ਗਈ। ਅਗੋਂ ਸਿੱਖਾਂ ਵਲੋਂ ਵੀ ਦੇਸੀ ਤੋਪ ਤੇ ਹੋਰ ਬੰਦੂਕਾਂ ਨਾਲ ਇਸ ਅਚਨਚੇਤ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਗਿਆ। ਸਿੱਖਾਂ ਨੂੰ ਨਿਹੱਥੇ ਜਾਨਕੇ ਕੀਤਾ ਹਮਲਾ ਹਮਲਾਵਰਾਂ ਲਈ ਘਾਤਕ ਸਿਧ ਹੋਇਆ ਤੇ ਉਹ ਆਪਣੇ ਸਾਥੀਆਂ ਦੀਆਂ ਲਾਸ਼ਾਂ ਛੱਡ ਕੇ ਹੋਰ ਫੌਜ ਲੈਣ ਲਈ ਭੱਜ ਗਏ ਇਸ ਮੁਕਾਬਲੇ ਵਿਚ ਸ. ਭਗਤ ਸਿੰਘ, ਸ. ਕਰਤਾਰ ਸਿੰਘ, ਸ. ਗੰਗਾ ਸਿੰਘ ਆਦਿ ਸਰਦਾਰਾਂ ਨੇ ਜੌਹਰ ਵਿਖਾਏ। ਇਥੋਂ ਸਿੱਖ ਹੋਰ ਫੌਜ ਆਉਣ ਤੋਂ ਪਹਿਲਾਂ ਨਿਕਲ ਗਏ ਪਰ ਸ. ਗੰਗਾ ਸਿੰਘ ਤੇ ਉਨ੍ਹਾਂ ਦੀ ਸਿੰਘਣੀ ਮਾਨ ਕੋਰ ਅਤੇ ਨੂੰਹ ਘੇਰੇ ਵਿਚ ਆ ਗਏ, ਜਿਨ੍ਹਾਂ ਨੂੰ ਜਿਉਂਦਿਆਂ ਨੂੰ ਮਕਾਨ ਅੰਦਰ ਬੰਨ੍ਹ ਕੇ ਸਾੜ ਦਿੱਤਾ ਗਿਆ। ਜਦੋਂ ਜ਼ਾਲਮਾਂ ਦਾ ਲਸ਼ਕਰ ਸਿੱਖਾਂ ਦਾ ਪਿੱਛਾ ਕਰਦਾ ਹੋਇਆ ਬਾਰਾਮੁਲਾ ਪੁਜਿਆ ਅਤੇ ਉਥੋਂ ਉਨ੍ਹਾਂ ਨੇ ਨੌਜਵਾਨ ਲੀਡਰ "ਮੁਹੰਮਦ ਮਕਬੂਲ ਸ਼ੇਰਵਾਨੀ" ਨੂੰ ਆਪਣੇ ਨਾਲ ਚੱਲਣ ਅਤੇ ਸਿੱਖਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ। ਸ਼ੇਰਵਾਨੀ ਨੇ ਸਿੱਖ ਭਰਾਵਾਂ ਨੂੰ ਬਚਾਉਣ ਲਈ ਸਾਰੇ ਲਸ਼ਕਰ ਨੂੰ ਜੰਗਲ ਦੇ ਰਾਹ ਪਾ ਦਿੱਤਾ ਜਦੋਂ ਤਕ ਇਹ ਵਾਪਸ ਮੁੜਦੇ ਸਿੱਖ ਬਹੁਤ ਦੂਰ ਨਿਕਲ ਚੁਕੇ ਸਨ। ਜਹਾਦੀਆਂ ਨਾਲ ਕੀਤੀ ਗਈ ਗੱਦਾਰੀ ਅਤੇ ਸਿੱਖਾਂ ਨੂੰ ਬਚਾਕੇ ਮਨੁੱਖਤਾ ਲਈ ਕੀਤੀ ਕੁਰਬਾਨੀ ਦੇ ਬਦਲੇ ਜ਼ਾਲਮਾਂ ਨੇ ਸ਼ੇਰਬਾਨੀ ਨੂੰ ਬਾਰਾਮੁੱਲਾ ਦੇ ਬਜ਼ਾਰ ਵਿਚ ਇਕ ਦਰੱਖਤ ਨਾਲ ਬੰਨ ਕੇ ਹੱਥਾਂ ਪੈਰਾਂ ਵਿਚ ਕਿਲ ਠੋਕ ਕੇ ਮੁਹੰਮਦ ਈਸਾ ਦੀ ਸ਼ਹਾਦਤ ਨੂੰ ਤਾਜਾ ਕਰਨ ਲਈ ਤਸੀਹੇ ਦੇ ਕੇ ਸ਼ੇਰਬਾਨੀ ਨੂੰ 7 ਨਵੰਬਰ 1947 ਨੂੰ ਸ਼ਹੀਦ ਕਰ ਦਿੱਤਾ ਗਿਆ। ਜਿਸ ਦੀ ਯਾਦ ਵਿਚ ਬਾਰਾਮੁੱਲਾ ਵਿਚ ਕਾਨਫਰੰਸ ਹਾਲ ਤਿਆਰ ਕੀਤਾ ਗਿਆ ਹੈ।

31 ਅਕਤੂਬਰ 1947 ਨੂੰ ਹਜ਼ਾਰਾਂ ਕਬਾਈਲੀਆਂ ਅਤੇ ਸਥਾਨਕ ਮੁਸਲਮਾਨਾਂ ਦੇ ਸਹਿਯੋਗ ਨਾਲ ਪੁੱਣਛ ਦੇ ਇਲਾਕੇ ਪਿੰਡ ਦੌਲੀ, ਬਾਗ, ਡੇਰੀ, ਸਮੇਤ ਕਈ ਇਲਾਕੇ ਦੁਸ਼ਮਣਾਂ ਵੱਲੋਂ ਘੇਰ ਲਏ ਗਏ, ਇਥੇ ਹੀ ਸਿੱਖਾਂ ਕੋਲ ਦੇਸੀ ਤੋਪ ਤੇ ਕੁਝ ਬੰਦੂਕਾਂ ਸਨ ਜਿਨ੍ਹਾਂ ਨਾਲ ਲੰਮਾ ਸਮਾਂ ਉਹ ਮੁਕਾਬਲਾ ਕਰਦੇ ਹੋਏ ਦੁਸ਼ਮਣਾਂ ਦੇ ਲੋਥਾਂ ਦੇ ਢੇਰ ਲਾ ਕੇ ਆਖਰੀ ਗੋਲੀ ਤਕ ਲੜੇ ਅਤੇ ਸ਼ਹੀਦ ਹੋ ਗਏ। ਉਧਰ (ਪੁਣਛ) ਬਾਗ ਦੇ ਗੁਰਦੁਆਰਾ

ਸਾਹਿਬ ਬਹੂ ਗਿਣਤੀ ਵਿਚ ਸਿਖ ਤੇ ਹਿੰਦੂ ਇਕੱਤਰ ਹੋਏ ਤੇ ਅਗਲੀ ਰਣਨੀਤੀ ਤਿਆਰ ਕਰਨ ਲੱਗੇ। ਤਹਿਸੀਲ ਬਾਗ ਦੇ ਜੱਜ ਮੋਤੀ ਰਾਮ, ਇਕੱਠ ਨੂੰ ਸੰਬੋਧਨ ਕਰਦੇ ਕਹਿਣ ਲੱਗੇ "ਮੈਂ ਇਕ ਜੱਜ ਹੋਣ ਦੇ ਨਾਤੇ ਨਹੀਂ। ਸਗੋਂ ਇਕ ਬ੍ਰਾਹਮਣ ਹੋਣ ਦੇ ਨਾਤੇ ਸਿੰਘੋ ਤੁਹਾਨੂੰ ਯਾਦ ਦਵਾਉਂਦਾ ਹਾਂ ਕਿ ਬ੍ਰਾਹਮਣਾਂ ਦੀ ਬੇਨਤੀ ਤੇ ਹੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਪਾ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਸੀ। (ਅਸਲ ਵਿਚ ਗੁਰੂ ਜੀ ਨੇ ਮਨੁੱਖਤਾ ਦੀ ਰੱਖਿਆ ਕੀਤੀ ਸੀ) ਹੁਣ ਤੁਸਾਂ ਨੇ ਹਿੰਦੂ ਅਤੇ ਸਿੱਖਾਂ ਦੀਆਂ ਬਹੂ ਬੇਟੀਆਂ ਦੀ ਰਖਿਆ ਕਰਨੀ ਹੈ। ਇਸ ਲਈ ਬਹਾਦਰੀ ਦੇ ਨਾਲ ਦੁਸ਼ਮਣਾਂ ਦਾ ਮੁਕਾਬਲਾ ਕਰਨਾ ਹੈ..." ਬੈਠਕ ਤੋਂ ਬਾਅਦ ਸ੍ਰ. ਡਾ. ਜਵਾਹਰ ਸਿੰਘ, ਗਿਆਨੀ ਜੀਵਨ ਸਿੰਘ, ਸ. ਹਿਮਤ ਸਿੰਘ, ਸ. ਜਨਕ ਸਿੰਘ, ਗਿਆਨੀ ਠਾਕਰ ਸਿੰਘ, ਮਹਿਤਾ ਰਾਮ ਸਿੰਘ ਅਤੇ ਕੁਝ ਸਾਬਕਾ ਫੌਜੀ ਸਿੱਖਾਂ ਦੇ ਵੱਖੋ-ਵੱਖ ਜਥੇ ਤਿਆਰ ਕੀਤੇ ਗਏ, ਜਿਨ੍ਹਾਂ ਨੇ ਜੰਮੂ ਵਲ ਵਹੀਰਾਂ ਘੱਤ ਦਿੱਤੀਆਂ। ਦੂਜੇ ਪਾਸੇ ਕਸ਼ਮੀਰ ਵਿਚ ਕਬਾਇਲੀਆਂ ਦਾ ਮੁਕਾਬਲਾ ਕਰ ਰਹੇ ਸਿੱਖਾਂ ਦੀ ਮਦਦ ਲਈ ਜੰਮੂ ਵਿਚ ਸ. ਫਕੀਰ ਸਿੰਘ, ਗਿਆਨੀ ਲਾਲ ਸਿੰਘ, ਸ. ਰੂਪ ਸਿੰਘ, ਗਿਆਨੀ ਕਾਹਨ ਸਿੰਘ ਆਦਿ ਕਈ ਬਹਾਦਰ ਸਿਖ, ਪਟਿਆਲਾ, ਜੰਮੂ, ਆਦਿ ਸਥਾਨਾਂ ਤੋਂ ਹਥਿਆਰਾਂ ਦੀ ਖੇਪ ਇਕੱਠੀਆਂ ਕਰਕੇ ਸਿੱਖਾਂ ਦੀ ਮਦਦ ਲਈ ਭੇਜ ਰਹੇ ਸਨ। ਅਜੋਕੇ ਸਿੱਖਾਂ ਨੂੰ ਇਨ੍ਹਾਂ ਬਜ਼ੁਰਗਾਂ-ਸ਼ਹੀਦਾਂ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਜੋ ਅੱਜ ਇਨੇ ਜ਼ੁਲਮ ਸਹਿਕੇ ਵੀ ਪੁਣੱਛ, ਮੁਜ਼ੱਫਰਾਬਾਦੀ, ਕਸ਼ਮੀਰੀ, ਪੰਜਾਬੀ ਆਦਿ ਬ੍ਰਾਹਮਣੀ ਵੰਡ ਵਿਚ ਵੰਡੇ ਹੋਏ ਹਨ।

ਪੁੱਣਛ ਇਲਾਕੇ ਤੋਂ ਕਬਾਇਲੀਆਂ ਨੇ ਸ਼ਹੀਦ ਹੋਏ ਸਿੰਘਾਂ ਦੀਆਂ ਬੀਬੀਆਂ, ਭੈਣਾਂ, ਧੀਆਂ ਆਦਿ ਨੂੰ ਗ੍ਰਿਫ਼ਤਾਰ ਕਰ ਕੇ ਜਦੋਂ ਸਰਹੱਦ ਪਾਰ ਲਿਜਾਣ ਦਾ ਯਤਨ ਕੀਤਾ ਤਾਂ ਇਕ ਹੋਰ ਇਨਸਾਨੀ ਫਰਿਸ਼ਤਾ ਕਪਤਾਨ ਮਹਿਫੂਜ ਖਾਨ ਨੇ ਆਪਣੇ ਮਨੁੱਖੀ ਫਰਜ਼ ਨੂੰ ਅਦਾ ਕਰਦਿਆਂ 100 ਦੇ ਕਰੀਬ ਸਿੰਘਣੀਆਂ ਨੂੰ ਆਪਣੀ ਜਾਨ ਉਤੇ ਖੇਲ ਕੇ ਮਹਿਫੂਜ਼ ਰਾਹੇ ਪਾ ਦਿੱਤਾ ਜਿਸ ਦੇ ਇਵਜ਼ਾਨੇ ਵਜੋਂ ਮਹਿਫੂਜ਼ ਖਾਨ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਗੁਰਦੁਆਰਾ ਦੇਹੁਰੀ ਸਾਹਿਬ (ਪੁਣੱਛ) ਦੀ ਹਿਫਾਜਤ ਕਰਿਦਿਆਂ ਬਾਬਾ ਵਸਾਵਾ ਸਿੰਘ ਆਪਣੀ ਮਾਤਾ ਅਤੇ ਭਾਣਜੀ ਸਮੇਤ ਜੂਝਦੇ ਹੋਏ ਸ਼ਹੀਦ ਹੋ ਗਏ। ਪ੍ਰਣਾਮ ਸ਼ਹੀਦਾਂ ਨੂੰ।

9 ਸਤੰਬਰ 1947 ਨੂੰ ਰਾਵਲਪਿੰਡੀ ਤੋਂ ਮੁਜ਼ੱਫਰਾਬਾਦ ਵੱਲ ਨਿਕਲੀਆਂ ਬੱਸਾਂ ਉਤੇ ਵੀ ਹਮਲਾ ਕੀਤਾ ਗਿਆ। ਜਿਸ ਵਿਚ 200 ਸਿੰਘ ਕਤਲ ਕਰ ਦਿੱਤੇ ਗਏ। ਬਜ਼ੁਰਗਾਂ ਦੇ ਅਨੁਮਾਨ ਅਨੁਸਾਰ 50 ਹਜ਼ਾਰ ਜੰਮੂ ਕਸ਼ਮੀਰ ਦਾ ਸਿਖ ਇਸ ਘੱਲੂਘਾਰੇ ਵਿਚ ਮਾਰਿਆ ਗਿਆ ਸੀ।

8 ਦਸੰਬਰ 1947 ਨੂੰ ਬ੍ਰਿਗੇਡੀਅਰ ਸ੍ਰ. ਪ੍ਰੀਤਮ ਸਿੰਘ ਨੇ ਨਲੂਆ, ਪਿਕਟ ਵਰਗੀਆਂ ਕਈ ਪਿੱਕਟਾਂ ਤਿਆਰ ਕਰਕੇ ਕਾਤਲਾਂ ਦੇ ਲਸ਼ਕਰ ਨੂੰ ਕਰੜੇ ਹੱਥੀ ਲਿਆ। ਕਸ਼ਮੀਰ

ਵਿਚ ਸਿੱਖ ਰਜਮੈਂਟਾਂ ਨੇ ਮੋਰਚੇ ਸੰਭਾਲ ਲਏ 50 ਹਜ਼ਾਰ ਸਿੱਖਾਂ ਦੀ ਸ਼ਹਾਦਤ ਅਤੇ ਕੁਝ ਸਥਾਨਕ ਮੁਸਲਮਾਨਾਂ ਦੇ ਸਹਿਯੋਗ ਨਾਲ ਕਸ਼ਮੀਰ ਅਤੇ ਪੁਣੱਛ ਪਾਕਿਸਤਾਨ ਦਾ ਹਿਸਾ ਬਣਦਾ ਬਣਦਾ ਰਹਿ ਗਿਆ। ਪਰ ਸਿੱਖਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਕਤਲ ਭਾਰਤ ਦੀ ਅਖੌਤੀ ਅਜ਼ਾਦੀ ਤੋਂ ਬਾਅਦ ਵੀ ਇਸੇ ਤਰ੍ਹਾਂ ਹੁੰਦੇ ਰਹਿਣਗੇ। 47 ਦੇ ਘੱਲੂਘਾਰੇ ਤੋਂ ਬਾਅਦ ਰਿਆਸਤੀ ਸਿੱਖਾਂ ਨੂੰ ਮੁੜ ਵਸਾਉਣ ਵਿਚ ਭਾਈ ਸਾਹਿਬ ਭਾਈ ਅਕਾਲੀ ਕੌਰ ਸਿੰਘ ਜੀ ਨਿਹੰਗ, ਭਾਈ ਸੰਤ ਸਿੰਘ ਤੇਗ, ਮਹੰਤ ਭਾਈ ਬਚਿੱਤ੍ਰ ਸਿੰਘ ਜੀ, ਬਾਬਾ ਗੁਰਬਖਸ਼ ਸਿੰਘ ਡੰਨੇਵਾਲਿਆਂ ਦਾ ਅਹਿਮ ਯੋਗਦਾਨ ਹੈ। ਇਸ ਦੌਰ ਵਿਚ ਜੰਮੂ ਕਸ਼ਮੀਰ ਦੇ ਜਥੇਦਾਰ ਕਪੂਰ ਸਿੰਘ ਜੀ ਸ. ਘਨੱਈਆ ਸਿੰਘ ਵਰਗੇ ਕਈ ਯੋਗ ਆਗੂ ਸ਼ਹੀਦ ਹੋ ਗਏ। ਇਹੀ ਵਜਾ ਹੈ ਕਿ ਯੋਗ ਆਗੂਆਂ ਦੇ ਨਾਂ ਹੋਣ ਕਰਕੇ 1947 ਦੇ ਉਜੜੇ ਸਿੱਖਾਂ ਨੂੰ ਉਨ੍ਹਾਂ ਦੇ ਹਕ ਨਹੀਂ ਮਿਲੇ। ਬੇਸ਼ੱਕ ਅਨੰਦਪੁਰ ਦੇ ਮਤੇ ਨੰ. 5 ਵਿਚ ਇਸ ਮੰਗ ਨੂੰ ਸ਼ਾਮਲ ਕੀਤਾ ਗਿਆ ਹੈ। ਹੁਣ ਅਜ਼ਾਦ ਭਾਰਤ ਵਿਚ 1984 'ਚ ਹਜ਼ਾਰਾਂ ਸਿੱਖਾਂ ਨੂੰ ਉਜਾੜ ਦਿੱਤਾ। ਪਰ ਇਨਸਾਫ਼ ਕਿਸੇ ਨੂੰ ਨਹੀਂ ਮਿਲਿਆ ਨਾਂ 1947 ਵਾਲਿਆਂ ਨੂੰ 1984 ਵਾਲੇ ਸਿੱਖਾਂ ਨੂੰ, ਕਿਉਂਕਿ-

ਨ ਤੜਪਨੇ ਕੀ ਇਜਾਜ਼ਤ ਹੈ ਨ ਫ਼ਰਿਆਦ ਕੀ,
ਯੂ ਹੀ ਘੁੱਟ ਕੇ ਮਰ ਜਾਉਂ ਯੇ ਮਰਜ਼ੀ ਹੈ ਮੇਰੇ ਸੱਯਾਦ ਕੀ

65 ਸਾਲ 47 ਨੂੰ ਹੋ ਗਏ ਹਨ। 25 ਸਾਲ 1984 ਨੂੰ ਹੋ ਗਏ ਹਨ। 20 ਸਾਲ 1989 ਨੂੰ ਹੋ ਗਏ ਹਨ ਅਤੇ ਇਨਸਾਫ ਨਾ ਦੀ ਹਿੰਦੂ ਦੇਵੀ ਨੇ ਅਜੇ ਤੱਕ ਸਿੱਖਾਂ ਨੂੰ ਦਰਸ਼ਨ ਨਹੀਂ ਦਿੱਤੇ। ਇਸ ਲਈ 1947 ਨੂੰ ਭਾਰਤ ਦੀ ਅਜ਼ਾਦੀ ਤੇ ਸਿੱਖਾਂ ਦੀ ਗੁਲਾਮੀ ਕਹਿਣਾ ਗਲਤ ਨਹੀਂ ਹੋਵੇਗਾ। ਕਿਉਂਕਿ ਇਝ ਗੁਲਾਮਾਂ ਨਾਲ ਹੀ ਕੀਤਾ ਜਾਂਦਾ ਹੈ।

ਗੁਲਸ਼ਨ ਮੇਂ ਜਬ ਭੀ ਖ਼ੂਨ ਕੀ ਜ਼ਰੂਰਤ ਪੜੀ ਤੋ
ਪਹਿਲੇ ਹਮਾਰੀ ਹੀ ਗਰਦਨ ਕਾਟੀ ਗਈ,
ਫਿਰ ਭੀ ਯੇ ਅਹਿਲੇ ਚਮਨ ਕਹਤੇ ਹੈ ਹਮਸੇ
ਯੇ ਹਮਾਰਾ ਵਤਨ ਹੈ ਤੁਮਾਰਾ ਨਹੀਂ, ਅਬ ਤੋ ਇਸ
ਗੁਲਸ਼ਨ ਮੇਂ ਗੁਜ਼ਾਰਾ ਨਹੀਂ, ਬਾਤ ਹੋਤੀ ਗੁਲੋਂ ਤਕ ਤੋ
ਸਹਿ ਲੇਤੇ ਹਮ, ਅਬ ਤੋ ਕਾਂਟੋਂ ਪੇ ਭੀ ਹੱਕ ਹਮਾਰਾ ਨਹੀਂ।

ਮਨਮੋਹਨ ਸਿੰਘ ਜੰਮੂ

■■■

ਸ਼ਹੀਦ ਜਥੇਦਾਰ ਕਪੂਰ ਸਿਘ

ਅੱਜ ਦੀ ਧਾਰਮਿਕ ਤੇ ਰਾਜਨੀਤਕ ਲੀਡਰਸ਼ਿਪ ਇੰਨੀ ਬਦਨਾਮ ਹੋ ਚੁੱਕੀ ਹੈ ਕਿ ਇਸ ਵਿਚ ਕੋਈ ਇਮਾਨਦਾਰ ਅਤੇ ਕੌਮ-ਦੇਸ਼ ਤੇ ਮਨੁੱਖਤਾ ਦਾ ਦਰਦ ਰੱਖਣ ਵਾਲਾ ਇਨਸਾਨ ਆਉਣਾ ਹੀ ਨਹੀਂ ਚਾਹੁੰਦਾ, ਕਿਉਂਕਿ ਅਜੋਕੀ ਸਿਆਸਤ ਅਤੇ ਗੁਰਦੁਆਰਾ ਪ੍ਰਬੰਧ, ਗੁੰਡਿਆਂ, ਸਮਗਲਰਾਂ ਅਤੇ ਬੇਈਮਾਨਾਂ ਦੀ ਖੇਡ ਬਣਿਆ ਹੋਇਆ ਹੈ। ਕੌਮ ਦੀਆਂ ਸਿਰਮੌਰ ਸੰਸਥਾਵਾਂ-ਪਾਰਟੀਆਂ, ਸ਼੍ਰੋਮਣੀ ਅਕਾਲੀ ਦਲ, ਸ਼੍ਰੋ. ਗੁ. ਪ੍ਰ. ਕਮੇਟੀ, ਸਿੱਖ ਸਟੂਡੈਂਟ ਫੈਡਰੇਸ਼ਨ। ਹਜ਼ਾਰਾਂ ਸ਼ਹਾਦਤਾਂ ਤੇ ਲੱਖਾਂ ਕੁਰਬਾਨੀਆਂ ਤੋਂ ਬਾਅਦ ਵੀ ਅੱਜ ਇਹ ਸੰਸਥਾਵਾਂ ਕਿਸ ਮੌੜ ਤੇ ਖੜੀਆਂ ਹਨ? ਇਨ੍ਹਾਂ ਦੇ ਆਗੂ ਜੋ ਸ਼ਰਮਨਾਕ ਕਾਰੇ ਕਰ ਰਹੇ ਹਨ, ਉਸ ਨਾਲ ਕੌਮ ਦਾ ਸਿਰ ਲੱਜਤ ਹੋਇਆ ਗੁਰੂ ਅਗੇ ਝੁਕ ਜਾਂਦਾ ਹੈ। ਸ਼੍ਰੋ. ਗੁ. ਪ੍ਰ. ਕਮੇਟੀ ਅਕਾਲੀ ਦਲ ਦੀ ਕਠਪੁਤਲੀ ਬਣੀ ਹੋਈ ਹੈ ਤੇ ਅਕਾਲੀ ਦਲ ਮਨੂੰਵਾਦੀ ਬੀ.ਜੇ.ਪੀ. ਦਾ ਗੁਲਾਮ, ਫੈਡਰੇਸ਼ਨਾਂ ਅਕਾਲੀਆਂ ਦੀ ਸੇਵਾਦਾਰ, ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਸ਼੍ਰੋਮਣੀ ਕਮੇਟੀ ਦਾ ਚੋਰ ਬਰਦਾਰ ਬਣਿਆ ਹੋਇਆ ਹੈ, ਸਮੁੱਚੀ ਕੌਮ ਨੂੰ ਗੁਲਾਮਾਂ ਦੇ ਗੁਲਾਮ ਬਣਾ ਕੇ ਰੱਖ ਦਿੱਤਾ ਗਿਆ ਹੈ। ਕਿਆ ਇਨ੍ਹਾਂ ਤੋਂ ਕਿਸੇ ਕੌਮੀ ਭਵਿੱਖ ਦੀ ਉਮੀਦ ਰਖੀ ਜਾ ਸਕਦੀ ਹੈ? ਨਹੀਂ। ਕੌਮੀ ਰਾਜਨੀਤਕ ਤੇ ਧਾਰਮਿਕ ਆਗੂਆਂ ਦੀ ਚੋਣ ਕਰਨ ਲਈ ਜਿਥੇ ਸਾਡੇ ਕੋਲ ਗੁਰਬਾਣੀ ਫ਼ੁਰਮਾਨ ਹਨ, ਉਥੇ ਹੀ ਬਹੁਤ ਸਾਰੇ ਗੁਰਮਤਿ ਦੀ ਪਹਿਰੇਦਾਰੀ ਕਰਦਿਆਂ ਆਪਣੇ ਜੀਵਨ ਤੇ ਮੌਤ ਨਾਲ ਆਦਰਸ਼ ਬਣ ਚੁਕੇ ਆਗੂਆਂ ਦੀ ਜੀਵਨ ਗਾਥਾਵਾਂ ਵੀ ਹਨ, ਜੋ ਅਜ ਸਾਡੀ ਪ੍ਰੇਰਨਾ ਬਣ ਸਕਦੀਆਂ ਹਨ, ਜਿਨ੍ਹਾਂ 'ਚੋਂ ਇਕ ਸ਼ਖਸ਼ੀਅਤ, 20ਵੀਂ ਸਦੀ ਦੇ ਸ਼ਹੀਦ ਜੰਮੂ ਕਸ਼ਮੀਰ ਦੇ ਜੰਮਪਲ ਜਥੇਦਾਰ ਕਪੂਰ ਸਿੰਘ ਜੀ (ਨਲੂਛੀ) ਦਾ ਜੀਵਨ ਹੈ।

"ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਇ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ।"

ਅਕਸਰ ਲੇਖਕ ਤੇ ਕਥਾਵਾਚਕ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਨਵਾਬ ਕਪੂਰ ਸਿੰਘ ਜੀ ਦੇ ਸੇਵਾ-ਸਿਮਰਨ, ਤਿਆਗ ਅਤੇ ਹਲੇਮੀ ਜੀਵਨ ਦੇ ਹਵਾਲੇ ਦਿੰਦੇ ਹਨ, ਉਥੇ ਹੀ ਪਾਠਕਾਂ (ਸੰਗਤਾਂ) ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਇਸੇ ਨਾਮ ਦਾ ਇਕ ਹੋਰ ਗੁਰਸਿਖ ਕੌਮ ਦੀ ਸੇਵਾ ਕਰਦਿਆਂ ਪੰਥ ਦੇ ਅਨੇਕਾਂ ਅਣਗੌਲਿਆ ਸ਼ਹੀਦਾਂ 'ਚ ਜਾ ਸ਼ਾਮਲ ਹੋਇਆ ਸੀ, ਜਿਸ ਨੂੰ 65 ਸਾਲ ਬਾਅਦ ਪੰਥ ਸਾਹਮਣੇ ਲਿਆਂਦਾ ਜਾ ਰਿਹਾ ਹੈ।

ਸੰਨ 1935 ਦੀ ਗੱਲ ਹੈ, "ਕੁਝ ਸਿੰਘਾਂ ਨੇ ਪੰਜਾਬ ਤੋਂ ਜੰਮੂ-ਕਸ਼ਮੀਰ, ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੂਛੀ, ਪੁਜ ਤੇ ਇਕ ਸੇਵਾਦਾਰ ਤੋਂ ਪੁੱਛਿਆ ਜਥੇਦਾਰ ਕਪੂਰ ਸਿੰਘ ਜੀ ਕਿਥੇ ਮਿਲਣਗੇ? ਸਾਨੂੰ ਉਨ੍ਹਾਂ ਦੀ ਪਹਿਚਾਣ ਨਹੀਂ। ਅਗੋਂ ਸੇਵਾਦਾਰ ਨੇ ਕਿਹਾ ਜਹਿਲਮ ਪੁਲ ਲਾਗੇ ਸੰਗਤਾਂ ਗੁਰਦੁਆਰਾ ਸਾਹਿਬ ਲਈ ਪਥਰ ਉਠਾ ਕੇ ਲਿਆ ਰਹੀਆਂ ਹੋਣਗੀਆਂ। ਸਾਰੀਆਂ ਸੰਗਤਾਂ ਨੇ ਇਕ ਜਾਂ ਦੋ ਪੱਥਰ ਚੁਕੇ ਹੋਣਗੇ ਤੇ ਜਿਸ ਸਨੁੱਖੇ ਜੇਹੇ ਸਰਦਾਰ ਨੇ ਤਿਨ ਪੱਥਰ ਦੋ-ਮੋਢਿਆਂ ਤੇ ਇਕ ਸਿਰ ਉਤੇ ਚੁਕਿਆ ਹੋਵੇਗਾ ਅਤੇ ਸਾਰਿਆਂ ਤੋਂ ਅਗੇ-ਅਗੇ ਟੁਰਿਆ ਆਉਂਦਾ ਹੋਵੇਗਾ, ਉਹੀ ਜਥੇਦਾਰ ਜੀ ਹੋਣਗੇ। ਜੇ ਉਥੇ ਮੁਲਾਕਾਤ ਨਾ ਹੋਈ ਤਾਂ ਫਿਰ ਲੰਗਰ ਵਾਲੀ ਥਾਂ ਤੇ ਹੋਣਗੇ। ਸਿੰਘਾਂ ਨੇ ਪੁੱਛਿਆ ਉਥੋਂ ਕਿਵੇਂ ਪਹਿਚਾਨ ਕਰਾਂਗੇ? ਸੇਵਾਦਾਰ। ਹੋਰ ਵੀ ਸੌਖਾ ਜੇ ਕਾਲੀ ਦਸਤਾਰ ਤੇ ਬਾਣਾ ਸਜਾਇਆ ਹੋਵੇਗਾ, ਲੰਗਰ ਵਰਤਾਉਂਦੇ ਹੋਣਗੇ ਜਾਂ ਫਿਰ ਲੰਗਰ ਛਕਣ ਤੋਂ ਬਾਅਦ ਬਰਤਨਾਂ ਦੀ ਸੇਵਾ ਕਰਦੇ ਹੋਣਗੇ।ਆਖਰ ਜਥੇਦਾਰ ਜੀ ਬਰਤਨ ਮਾਂਝਦੇ ਹੀ ਮਿਲੇ" ਇਹ ਲਫਜ਼ ਭਾਈ ਹਕੂਮਤ ਸਿੰਘ ਦੋਸਤ, ਸ. ਕਪੂਰ ਸਿੰਘ ਨੇ ਆਪਣੀ ਲਿਖਤ ਵਿਚ ਲਿਖੇ ਹਨ।

ਸ. ਕਪੂਰ ਸਿੰਘ ਦਾ ਜਨਮ ਜੂਨ ਮਹੀਨੇ 1901 ਈ. ਵਿਚ ਪਿੰਡ ਅੰਮਰ ਰਿਆਸਤ ਕਸ਼ਮੀਰ (ਹੁਣ ਪਾਕਿਸਤਾਨ) ਦੇ ਰਹਿਣ ਵਾਲੇ ਸੂਬੇਦਾਰ ਮੇਜਰ ਸ. ਰਾਮ ਸਿੰਘ ਜੀ ਦੇ ਘਰ ਮਾਤਾ ਕੌਰ ਜੀ ਦੀ ਵੱਡੇ ਭਾਗਾਂ ਵਾਲੀ ਕੁਖ 'ਚੋਂ ਹੋਇਆ। ਸ. ਕਪੂਰ ਸਿੰਘ ਦੇ ਦੋਸਤ ਸ. ਹਕੂਮਤ ਸਿੰਘ ਪੰਥ ਸਾਥੀ ਗਿਆਨੀ ਸੁੱਚਾ ਸਿੰਘ, ਜਥੇਦਾਰ ਜੀ ਦੇ ਪਰਿਵਾਰ ਅਤੇ ਹੋਰ ਬਜ਼ੁਰਗਾਂ ਤੋਂ ਮਿਲੀ ਤੇ ਲਿਖਤੀ ਜਾਣਕਾਰੀ ਦੇ ਅਧਾਰਤ ਸਾਰਾ ਜੀਵਨ ਬਿਆਨ ਕੀਤਾ ਜਾਂ ਰਿਹਾ ਹੈ।

ਕਪੂਰ ਸਿੰਘ ਬਚਪਨ ਤੋਂ ਹੀ ਧਾਰਮਿਕ ਸੋਚਦਾ ਮਾਲਕ ਸੀ, ਪੰਥਕ ਜਜ਼ਬਾ ਉਸ ਨੂੰ ਪਰਿਵਾਰਕ ਵਿਰਸੇ ਵਿਚ ਪ੍ਰਾਪਤ ਹੋਇਆ। ਸ. ਰਾਮ ਸਿੰਘ ਨੇ ਆਪਣੇ ਬੇਟੇ ਦਾ ਸਿੱਖੀ ਪਿਆਰ ਦੇਖਦਿਆਂ ਉਸ ਨੂੰ ਦੁਨਿਆਵੀ ਤੇ ਗੁਰਮਤਿ ਦੀ ਵਿਦਿਆ ਹਾਸਲ ਕਰਨ ਲਈ ਬਾਬਾ ਪ੍ਰੇਮ ਸਿੰਘ "ਬਸਨਾੜੇ" ਵਾਲਿਆਂ ਪਾਸ ਛੱਡ ਦਿੱਤਾ, ਜਿਥੇ ਆਪ ਜੀ ਨੇ ਪੜ੍ਹਾਈ ਤੇ ਗੁਰਬਾਣੀ ਸੰਥਿਆ ਹਾਸਲ ਕੀਤੀ। ਕਪੂਰ ਸਿੰਘ ਆਪਣੇ ਪਿਤਾ ਦਾ ਇਕਲੌਤਾ ਪੁੱਤਰ ਸੀ ਤੇ ਸ. ਰਾਮ ਸਿੰਘ ਦੀ ਜਾਇਦਾਦ ਬਹੁਤ ਸੀ ਜਿਸ ਦੀ ਸੰਭਾਲ ਲਈ ਸ. ਰਾਮ ਸਿੰਘ ਨੇ ਕਪੂਰ ਸਿੰਘ ਨੂੰ ਜਵਾਨ ਹੋਣ ਤੇ ਘਰ ਬੁਲਾ ਲਿਆ ਤੇ ਜਲਦੀ ਹੀ ਉਸ ਦਾ ਅਨੰਦ ਕਾਰਜ ਕਰ ਦਿੱਤਾ, ਆਪ ਦਾ ਸਕੂਲੀ ਦੋਸਤ ਤੇ ਗੁਆਂਢੀ ਸ. ਹਕੂਮਤ ਸਿੰਘ ਵਿਆਹ ਵਿਚ ਦੋਸਤ ਪਾਇਆ ਗਿਆ।

ਗੁਰਦੁਆਰਾ ਸੁਧਾਰ ਲਹਿਰ, ਤਹਿਤ ਜਦ 1922 ਨੂੰ ਜੈਤੋ ਦਾ ਮੋਰਚਾ ਤੇ ਭਾਈ ਫੇਰੂ ਜੀ ਦਾ ਮੋਰਚਾ ਆਰੰਭ ਹੋਇਆ, ਮਹੰਤਾਂ ਅਤੇ ਗੋਰੀ ਹਕੂਮਤ ਵੱਲੋਂ ਸਿਖਾਂ ਉਤੇ ਕੀਤੇ ਗਏ ਜ਼ੁਲਮਾਂ ਦੀ ਖਬਰ ਰਿਆਸਤ ਜੰਮੂ-ਕਸ਼ਮੀਰ ਦੇ ਸਿੱਖਾਂ ਤੱਕ ਪੁੱਜੀ ਤਾਂ ਸ. ਕਪੂਰ ਸਿੰਘ ਨੇ ਪੰਥਕ ਇਕੱਠ ਬੁਲਾ ਕੇ ਸਿੰਘਾਂ ਨੂੰ ਕਿਹਾ ਸਾਡੇ ਦੇਸ਼ ਪੰਜਾਬ ਨੂੰ ਅੱਜ

ਸਾਡੀ ਲੋੜ ਹੈ, ਗੁਰੂ ਦਾ ਖਾਲਸਾ ਜਿਥੇ ਵੀ ਹੋਵੇ ਪੰਥ ਦਾ ਹੀ ਅੰਗ ਹੈ, ਜਿਨ੍ਹਾਂ ਸਿੱਖਾਂ ਤੇ ਤਸ਼ੱਦਦ ਹੋ ਰਹੇ ਹਨ ਉਹ ਸਾਡੇ ਹੀ ਭਰਾ ਹਨ, ਅਸੀਂ ਇਥੇ ਮੂਕ ਦਰਸ਼ਕ ਬਣ ਕੇ ਨਹੀਂ ਬੈਠ ਸਕਦੇ, ਸਾਨੂੰ ਵੀ ਸ਼ਹੀਦੀਆਂ ਤੇ ਗ੍ਰਿਫ਼ਤਾਰੀਆਂ ਲਈ ਕਮਰਕੱਸੇ ਕਰ ਲੈਣੇ ਚਾਹੀਦੀ ਹਨ, ਏਹੀ ਖਾਲਸੇ ਦਾ ਫਰਜ਼ ਹੈ....। ਪਹਿਲਾ ਜਥਾ 25 ਸਿੰਘਾਂ ਦਾ ਤਿਆਰ ਹੋਇਆ ਜਿਸ ਵਿਚ ਦੋ ਪਟਵਾਰੀ ਦੀ ਨੌਕਰੀ ਕਰਦੇ ਸਿੱਖ ਸ. ਠਾਕੁਰ ਸਿੰਘ ਤੇ ਸ. ਜਮੀਤ ਸਿੰਘ ਪਟਵਾਰੀ ਵੀ ਸ਼ਾਮਲ ਹੋਏ, ਇਨ੍ਹਾਂ ਸਿੱਖਾਂ ਨੂੰ ਕਈ ਬੰਦਿਆਂ ਨੇ ਸਮਝਾਉਣ ਦਾ ਯਤਨ ਕੀਤਾ ਕਿ ਸਰਕਾਰੀ ਨੌਕਰੀ ਫਿਰ ਉਚ ਅਧਿਕਾਰੀ ਬੜੀ ਮੁਸ਼ਕਲ ਨਾਲ ਨਸੀਬ ਹੁੰਦੀ ਹੈ, ਤੁਸੀਂ ਗ੍ਰਿਫ਼ਤਾਰੀ ਦੇਣ ਗਏਂ ਤਾਂ ਤੁਹਾਡੀ ਨੌਕਰੀ ਛੁਟ ਜਾਵੇਗੀ। ਪਰ ਸਿੰਘਾਂ ਨੇ ਪ੍ਰਵਾਹ ਕੀਤਿਆਂ ਬਿਨਾਂ ਜਾਨ ਦੀ ਤਿਆਰੀ ਕਰ ਲਈ, ਜਥਾ ਗ੍ਰਿਫ਼ਤਾਰੀ ਲਈ ਤਿਆਰ ਸੀ, ਸੰਗਤਾਂ ਨੇ ਜਥੇ ਦਾ ਜਥੇਦਾਰ, ਕਪੂਰ ਸਿੰਘ ਨੂੰ ਚੁਣਿਆ ਅਰਦਾਸਾ ਹੋਇਆ ਤੇ ਸਿੰਘ ਗ੍ਰਿਫ਼ਤਾਰੀ ਦੇਣ ਪੁੱਜ ਗਏ। ਗ੍ਰਿਫ਼ਤਾਰੀ ਹੋਈ ਕਪੂਰ ਸਿੰਘ ਨੂੰ ਦੋ ਸਾਲ ਸਜ਼ਾ ਇਕ ਹਜ਼ਾਰ (1000) ਰੁ. ਜ਼ੁਰਮਾਨ ਤੇ ਬਾਕੀਆਂ ਨੂੰ ਸਾਲ, ਛੇ, ਤਿੰਨ, ਮਹੀਨੇ ਦੀ ਸਜ਼ਾ ਸੁਣਾਈ ਗਈ ਸਿੰਘਾਂ ਨੂੰ ਰਾਵਲਪਿੰਡੀ ਤੇ ਮੁਲਤਾਨ ਜੇਲ੍ਹ ਵਿਚ ਰੱਖਿਆ ਗਿਆ, ਜਿਥੇ ਹੱਥਾਂ ਵਾਲੀਆਂ ਚੱਕੀਆਂ 'ਚ ਦਾਣੇ ਪੀਸਣ ਲਈ ਦਿਤੇ ਜਾਂਦੇ, ਨਾਲ ਹੀ ਕੋਹਲੂ ਚਲਾਣ ਦੀ ਸਜ਼ਾ ਵੀ ਦਿੱਤੀ ਜਾਂਦੀ ਰਹੀ।

ਕਪੂਰ ਸਿੰਘ ਆਪਣੇ ਹਿਸੇ ਦੇ ਦਾਣੇ ਪੀਸ ਕੇ ਸਾਥੀਆਂ ਦੀ ਮਦਦ ਕਰਦਾ ਰਹਿੰਦਾ, ਜਿਸ ਕਾਰਣ ਕਪੂਰ ਸਿੰਘ ਦੇ ਰਿਹਾਈ ਵੇਲੇ, ਹੱਥ ਛਾਲਿਆਂ ਨਾਲ ਗੱਲ ਚੁੱਕੇ ਸਨ। ਜਦ ਕਪੂਰ ਸਿੰਘ ਦੋ ਸਾਲ ਬਾਅਦ ਰਿਹਾਅ ਹੋ ਕੇ ਰਿਆਸਤ ਜੰਮੂ-ਕਸ਼ਮੀਰ ਪੁੱਜਿਆ ਤਾਂ ਉਸ ਦਾ ਭਰਵਾਂ ਸੁਆਗਤ ਕੀਤਾ ਗਿਆ। ਉਸ ਦਿਨ ਤੋਂ ਬਾਅਦ ਸਾਰੇ ਕਪੂਰ ਸਿੰਘ ਨੂੰ ਜਥੇਦਾਰ ਜੀ ਕਹਿ ਕੇ ਬੁਲਾਉਣ ਲੱਗ ਪਏ। ਜਥੇਦਾਰ ਜੀ ਦੀ ਪੰਥਕ ਸਤੀਵਿੱਦਿਆ ਕਾਰਣ ਅੰਗਰੇਜ ਹਕੂਮਤ ਵੱਲੋਂ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ। ਸਰਕਾਰੀ ਸੀ.ਆਈ.ਡੀ. ਕਪੂਰ ਸਿੰਘ ਦੇ ਪਿਛੇ ਲਗੀ ਰਹਿੰਦੀ, ਸ. ਕਪੂਰ ਸਿੰਘ ਜੀ ਜਥੇਦਾਰ ਨੇ ਖੇਤਾਂ ਵਿਚ ਕੁਲਾਂ ਬਣਾ ਕੇ ਉਥੇ ਰਹਿਣਾ ਸ਼ੁਰੂ ਕਰ ਦਿੱਤਾ, ਕੁਝ ਸਮੇਂ ਬਾਅਦ ਟਰੱਕ ਸਿੱਖ ਕੇ ਗੱਡੀ ਚਲਾਉਣੀ ਸ਼ੁਰੂ ਕਰ ਦਿੱਤੀ, ਇਸ ਦੌਰਾਨ ਵੀ ਇਨ੍ਹਾਂ ਦੇ ਧਾਰਮਿਕ ਜਜ਼ਬੇ ਵਿਚ ਕੋਈ ਫਰਕ ਨਾ ਆਇਆ, ਬਲਕਿ ਕੌਮੀ ਸਰਗਰਮੀਆਂ ਪਹਿਲੋਂ ਨਾਲੋਂ ਵੀ ਤੇਜ਼ ਕਰ ਦਿੱਤੀਆਂ।

ਕਸ਼ਮੀਰ ਵਿਚ ਡੋਗਰਾ ਰਾਜ ਦੇ ਖਿਲਾਫ ਸ਼ੇਖ ਮੁਹੰਮਦ ਅਬਦੁੱਲਾ ਨੇ ਮੁਸਲਿਮ ਕਾਨਫਰੰਸ, ਪਾਰਟੀ ਖੜੀ ਕਰਕੇ ਕਸ਼ਮੀਰ ਛੋੜੋ ਅੰਦੋਲਨ ਆਰੰਭ ਕੀਤਾ ਹੋਇਆ ਸੀ, ਹਿੰਦੂਆਂ ਦਾ ਰਾਜਾ ਸੀ ਤੇ ਮੁਸਲਮਾਨਾਂ ਦੀ ਕਈ ਲੀਗ ਤੇ ਕਾਨਫਰੰਸ ਪਾਰਟੀਆਂ, ਪਰ ਸਿੱਖ ਹਿੱਤਾਂ ਦੀ ਗਲ ਤੇ ਭਵਿੱਖ ਵਿਚ ਆਉਣ ਵਾਲੇ ਖਤਰਿਆਂ ਦਾ ਸਾਹਮਣਾ ਕਰਨ ਵਾਲੀ ਕੋਈ ਸਿੱਖ ਜਥੇਬੰਦੀ ਨਹੀਂ ਸੀ, ਅਕਾਲੀ ਦਲ ਤਾਂ ਸੀ ਪਰ ਉਸ ਦੀ ਪਾਲਿਸੀ

ਪੰਜਾਬ ਪੱਧਰ ਤਕ ਸੀਮਤ ਸੀ। ਹਾਲਾਤ ਅਜ ਵੀ ਉਹੀ ਦਿਖਾਈ ਦੇ ਰਹੇ ਹਨ।) ਸੋ ਜਥੇਦਾਰ ਜੀ ਨੇ ਪੰਥਕ ਆਗੂਆਂ ਤੇ ਨੌਜਵਾਨਾਂ ਨੂੰ ਇਕੱਠਾ ਕਰਕੇ "ਸ਼੍ਰੋਮਣੀ ਖਾਲਸਾ ਦਰਬਾਰ" ਨਾਂ ਦੀ ਪੰਥਕ ਰਾਜਨੀਤਕ ਜਥੇਬੰਦੀ ਨੂੰ ਹੋਂਦ ਵਿਚ ਲਿਆਂਦਾ ਜਿਸ ਦੇ ਪਹਿਲੇ ਪ੍ਰਧਾਨ ਸ. ਕਪੂਰ ਸਿੰਘ (ਜਥੇਦਾਰ) ਨੂੰ ਸਰਬ ਸਹਿਮਤੀ ਨਾਲ ਚੁਣਿਆ ਗਿਆ, ਭਾਈ ਸਾਹਿਬ ਭਾਈ ਮੰਗਲ ਸਿੰਘ (ਡੇਰਾ ਨੰਗਾਲੀ) ਸਰਪ੍ਰਸਤ ਬਣਾਏ ਗਏ ਸ. ਰਘਬੀਰ ਸਿੰਘ ਸਕੱਤਰ ਤੇ ਸ. ਕਰਤਾਰ ਸਿੰਘ ਕੌਮਲ ਨੂੰ ਮੁਖ ਪ੍ਰਚਾਰਕ (ਸਪੋਕਸਮੈਨ) ਨਿਯੁਕਤ ਕੀਤਾ ਗਿਆ ਇਸ ਦੇ ਨਾਲ ਸੰਤ ਗੁਰਬਖਸ਼ ਸਿੰਘ (ਡੇਰਾ ਸੰਤਪੁਰਾ ਡੰਨਾਂ) ਸ. ਸੰਤ ਸਿੰਘ ਤੇਗ ਵਰਗੇ ਕਈ ਸਰਗਰਮ ਮੋਢੀ ਰਹੇ ਹਨ, 1934 ਵਿਚ ਇਸ ਜਥੇਬੰਦੀ ਦਾ ਅਗਾਜ਼ ਹੋਇਆ। 1947 ਤਕ ਜਥੇਦਾਰ ਇਸ ਦੇ ਪ੍ਰਧਾਨ ਰਹੇ ਅਤੇ ਇਸ ਜਥੇਬੰਦੀ ਨੇ ਇਕ ਇਤਿਹਾਸਕ ਭੂਮਿਕਾ ਅਦਾ ਕੀਤੀ 1947 ਤੋਂ ਬਾਅਦ ਸੰਤ ਸਿੰਘ ਤੇਗ ਨੇ ਜਥੇਬੰਦੀ ਨੂੰ ਮੁੜ ਖੜਾ ਕੀਤਾ ਪਰ ਕੁਝ ਬਹੁਤੀ ਕਾਰਗੁਜ਼ਾਰੀ ਨਾ ਕਰ ਸਕੇ। 1935 ਵਿਚ ਰਿਆਸਤ ਅੰਦਰਲੇ ਗੁਰਦੁਆਰਿਆਂ ਅੰਦਰੋਂ ਬ੍ਰਾਹਮਣੀ ਤੇ ਮਹੰਤੀ ਦੁਰਮਤਿ ਨੂੰ ਕੱਢਣ ਅਤੇ ਗੁਰਮਤਿ ਲਾਗੂ ਕਰਵਾਉਣ ਲਈ ਜਥੇਦਾਰ ਜੀ ਦੀ ਸਰਪ੍ਰਸਤੀ ਥੱਲੇ ਮੋਰਚਿਆਂ ਦਾ ਸਿਲਸਿਲਾ ਆਰੰਭ ਕੀਤਾ ਗਿਆ। ਸਭ ਤੋਂ ਪਹਿਲਾਂ ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੂਛੀ (ਹੁਣ ਪਾਕਿਸਤਾਨ) ਨੂੰ ਮਹੰਤ ਨਾਰਾਇਣ ਸਿੰਘ ਤੋਂ ਅਜ਼ਾਦ ਕਰਵਾਉਣ ਲਈ ਜਥੇ ਤਿਆਰ ਕਰਕੇ ਭੇਜੇ ਗਏ, ਛੇਤੀ ਹੀ ਮਹੰਤ ਨੇ ਗੁਰਦੁਆਰਾ ਖਾਲਸਾ ਜਥੇਬੰਦੀ ਹਵਾਲੇ ਕਰ ਦਿੱਤਾ। ਜਥੇਦਾਰ ਜੀ ਨੇ ਮਹੰਤਾਂ ਵੱਲੋਂ ਵਿਖਾਈ ਨਿਮਰਤਾ ਨੂੰ ਵੇਖਦਿਆਂ ਮਹੰਤ ਜੀ ਦੇ ਬੜੇ ਪੁੱਤਰ ਭਾਈ ਗੁਰਬਖਸ਼ ਸਿੰਘ ਨੂੰ ਹੈਡਗ੍ਰੰਥੀ ਨੀਅਤ ਕੀਤਾ ਤੇ ਗੁਰਮਤਿ ਦਾ ਧਾਰਨੀ ਰਹਿਣ ਦਾ ਇਕਰਾਰ ਕਰਵਾ ਕੇ ਸੇਵਾ ਸੌਂਪ ਦਿੱਤੀ। "ਗੁਰਦੁਆਰਾ ਸੁਧਾਰ ਦੀ ਅਸਲ ਲਹਿਰ ਇਸ ਤਰ੍ਹਾਂ ਦੇ ਸਹਿਯੋਗ ਨਾਲ ਹੀ ਚਲ ਸਕਦੀ ਹੈ।" ਜਥੇਦਾਰ ਜੀ ਨੇ ਕਮੇਟੀ ਗਠਨ ਕਰਕੇ ਸਭ ਤੋਂ ਪਹਿਲਾਂ ਸਿੱਖਾਂ ਤੋਂ ਅਨਪੜ੍ਹਤਾ ਖਤਮ ਕਰਣ ਲਈ ਗੁਰਦੁਆਰਾ ਸਾਹਿਬ ਦੀ ਜ਼ਮੀਨ ਅੰਦਰ ਸਿੱਖਾਂ ਦਾ ਬੋਰਡਿੰਗ ਸਕੂਲ ਖੋਲਣ ਦਾ ਫੈਸਲਾ ਕੀਤਾ ਤੇ ਛੇਤੀ ਹੀ ਉਸ ਨੂੰ ਤਿਆਰ ਵੀ ਕਰਵਾ ਲਿਆ ਤੇ ਪਹਿਲਾ ਬੈਚ ਭਰਤੀ ਕਰਕੇ ਵਿਦਿਆ ਤੇ ਗੁਰਮਤਿ ਵਿਦਿਆ ਦੋਵਾਂ ਦੀ ਸਿੱਖ ਲਾਈ ਆਰੰਭ ਕੀਤੀ ਗਈ। ਇਸ ਤੋਂ ਪਹਿਲਾਂ ਪਹਾੜ ਦੇ ਸਿੱਖਾਂ ਲਈ ਸਕੂਲ ਜਾਣਾ-ਪੜਨਾ ਇਕ ਸੁਪਨੇ ਤੋਂ ਵੱਧ ਕੁਝ ਨਹੀਂ ਸੀ, ਇਸ ਦੇ ਨਾਲ ਹੀ ਇਸ ਖੇਤਰ ਵਿਚ ਭਾਈ ਸਾਹਿਬ ਭਾਈ ਅਕਾਲੀ ਕੌਰ ਸਿੰਘ ਜੀ ਨਿਹੰਗ ਤੇ ਭਾਈ ਘਨੱਈਆ ਸਿੰਘ ਵੱਲੋਂ ਵੀ ਇਸ ਤਰ੍ਹਾਂ ਦੇ ਉਪਰਾਲੇ ਕੀਤੇ ਗਏ।

ਗੁਰਦੁਆਰਾ ਛੇਵੀਂ ਪਾਤਸ਼ਾਹੀ ਆਉਣ ਵਾਲੀਆਂ ਸੰਗਤਾਂ ਨੂੰ ਮੱਥਾ ਟੇਕਣ ਲਈ ਦਰਿਆ ਜੇਹਲਮ ਦੇ ਸ਼ਹਿਰ ਵਾਲੇ ਪੁਲ ਤੋਂ ਹੋ ਕੇ ਆਉਣਾ ਪੈਂਦਾ ਸੀ, ਜਿਸ ਨੂੰ ਵੇਖਦਿਆਂ ਜਥੇਦਾਰ ਜੀ ਨੇ ਸੰਗਤਾਂ ਦੇ ਸਹਿਯੋਗ ਅਤੇ ਕੁਝ ਕਾਰੀਗਰ ਲਗਾ ਕੇ ਰੱਸੀਆਂ ਦਾ

"ਝੂਲਾ ਪੁਲ" ਬਣਾ ਕੇ ਦਿੱਤਾ ਜਿਸ ਨਾਲ ਸੰਗਤਾਂ ਨੂੰ ਅਸਾਨੀ ਹੋ ਸਕੇ। ਜੰਮੂ-ਕਸ਼ਮੀਰ ਵਿਚ ਡੋਗਰਾ ਰਾਜਸ਼ਾਹੀ ਤੇ ਸਰਕਾਰੀ ਲਿਖਤ ਪੜ੍ਹਤ ਦੇ ਮਾਲਕ ਕਸ਼ਮੀਰੀ ਪੰਡਤਾਂ ਦੀ ਸਾਂਝੀ ਵਿਉਂਤ ਤਹਿਤ ਰਿਆਸਤ, ਅੰਦਰੋਂ ਖਾਲਸਾ ਰਾਜ ਦੇ ਪੁਖਤਾ ਨਿਸ਼ਾਨ, ਦਸਤਾਵੇਜ਼ ਨਕਸ਼ੇ, ਜਾਇਦਾਦ ਅਤੇ ਇਤਿਹਾਸਕ ਗੁਰੂਧਾਮ ਮਿਟਾਏ ਜਾ ਰਹੇ ਸਨ ਇਸ ਲਈ ਕਿ ਡੋਗਰਾ ਸਾਮਰਾਜ ਦੇ ਇਸ ਉਤੇ ਕਬਜ਼ੇ ਹੋ ਸਕਣ ਗੁਰਦੁਆਰਾ ਸੋਪੁਰ, ਪਹਿਲੀ ਪਾਤਸ਼ਾਹੀ ਅੰਦਰ ਕਸ਼ਮੀਰੀ ਪੰਡਿਤਾਂ ਨੇ ਡੋਗਰਾ ਹਕੂਮਤ ਦੀ ਮਿਲੀ ਭੁਗਤ ਨਾਲ ਗੁਰਦੁਆਰੇ ਨੂੰ ਮੰਦਰ ਬਣਾਉਣ ਦੀ ਮੁਨਸ਼ਾ ਨਾਲ ਗੁਰਦੁਆਰੇ ਅੰਦਰ ਰਮਾਇਣ ਦੇ ਪਾਠ ਆਰੰਭ ਕਰ ਦਿੱਤੇ, ਸਿੱਖਾਂ ਵੱਲੋਂ ਅਪੀਲਾਂ ਕਰਨ ਤੇ ਵੀ ਜਦ ਸਰਕਾਰੀ ਮਿਸ਼ਨਰੀ ਨੂੰ ਕੋਈ ਫਰਕ ਨਾ ਪਿਆ ਤਾਂ ਜਥੇਦਾਰ ਜੀ ਨੇ ਗ੍ਰਿਫ਼ਤਾਰੀਆਂ ਲਈ ਜਥੇ ਤਿਆਰ ਕਰ ਲਏ ਅਤੇ ਰਿਆਸਤ ਤੋਂ ਬਾਹਰ ਵੀ ਪੰਜਾਬ ਦੀ ਜਥੇਬੰਦੀਆਂ ਨੂੰ ਤਾਰਾਂ (ਚਿੱਠੀਆਂ) ਭੇਜ ਕੇ ਮਦਦ ਦੀ ਅਪੀਲਾਂ ਕਰ ਦਿੱਤੀਆਂ ਪਹਿਲਾਂ ਜਥਾ ਜਥੇਦਾਰ ਕਪੂਰ ਸਿੰਘ ਆਪ ਲੈ ਕੇ ਗ੍ਰਿਫ਼ਤਾਰੀ ਦੇਣ ਪੁੱਜੇ। ਕੁਝ ਜਥਿਆਂ ਦੀ ਗ੍ਰਿਫ਼ਤਾਰੀ ਹੋਈ ਗਿਆਨੀ ਬੁੱਧ ਸਿੰਘ ਤਿਆਗੀ, ਸੰਤ ਸਿੰਘ ਤੇਗ, ਭਾਈ ਘਨੱਈਆ ਸਿੰਘ ਆਦਿ ਆਗੂਆਂ ਦਾ ਸਾਥ ਰਿਹਾ, ਪੰਜਾਬ ਤੋਂ ਜਥਿਆਂ ਦੀ ਤਿਆਰੀ ਹੋਣ ਲੱਗੀ ਤੇ ਆਖਰ ਸਰਕਾਰ ਨੇ ਪੰਡਤਾਂ ਤੋਂ ਗੁਰਦੁਆਰਾ ਖਾਲੀ ਕਰਵਾ ਕੇ ਚਾਬੀਆਂ ਸਿੱਖਾਂ ਦੇ ਹਵਾਲੇ ਕੀਤੀਆਂ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸੇ ਕੜੀ 'ਚ ਹੋਰ ਕਈ ਐਸੇ ਮੋਰਚੇ ਹਨ, ਜਿਵੇਂ ਕਿ ਗੁਰਦੁਆਰਾ ਪਹਿਲੀ ਪਾਤਸ਼ਾਹੀ ਉੜੀ ਮੱਟਨ (ਕਸ਼ਮੀਰ) ਗੁਰਦੁਆਰਾ ਛੇਵੀਂ ਪਾਤਸ਼ਾਹੀ ਰੈਣਾਂ ਵਾੜੀ (ਕਸ਼ਮੀਰ) ਗੁਰਦੁਆਰਾ ਸਤਵੀਂ ਪਾਤਸ਼ਾਹੀ (ਕਸ਼ਮੀਰ) ਇਸ ਤੋਂ ਇਲਾਵਾ ਕਈ ਹੋਰ ਘਟਨਾਵਾਂ ਕਸ਼ਮੀਰੀ ਪੰਡਿਤਾਂ ਤੇ ਇਨ੍ਹਾਂ ਡੋਗਰਿਆਂ ਦੀ ਸਿੱਖ ਵਿਰੋਧੀ ਤਸਵੀਰ ਪੇਸ਼ ਕਰਦੀਆਂ ਅਤੇ ਸਿੱਖਾਂ ਦੀਆਂ ਪੰਥ-ਗ੍ਰੰਥ ਪ੍ਰਤੀ ਕੀਤੀਆਂ ਗਈਆਂ ਕੁਰਬਾਨੀਆਂ ਦੀ ਪੁਸ਼ਟੀ ਕਰਦੀਆਂ ਹਨ।

ਇਥੇ ਇਸ ਗਲ ਦਾ ਬਿਆਨ ਕਰਨਾ ਜ਼ਰੂਰੀ ਹੈ ਕਿ ਜਥੇਦਾਰ ਜੀ ਨੇ ਸ਼੍ਰ. ਖਾਲਸਾ ਦਰਬਾਰ ਜਥੇਬੰਦੀ ਦਾ ਅਖ਼ਬਾਰ "ਸ਼ਮਸ਼ੀਰ" ਆਰੰਭ ਕਰਕੇ ਰਿਆਸਤੀ ਸਿੱਖਾਂ ਦੀ ਅਵਾਜ਼= ਨੂੰ ਮਜ਼ਬੂਤ ਕੀਤਾ ਸੀ, ਏਹੀ ਦੂਰ ਅੰਦੇਸ਼ੀ ਫੈਸਲੇ ਸਨ ਜਿਨ੍ਹਾਂ ਨੂੰ ਵੇਖਦਿਆਂ ਉਨ੍ਹਾਂ ਨੂੰ ਕਈ ਉਚ ਅਹੁਦੇ ਪ੍ਰਾਪਤ ਹੋਏ ਖਾਲਸਾ ਜਥੇਬੰਦੀ ਦੀ ਪ੍ਰਧਾਨਗੀ, ਗੁਰਦੁਆਰਾ ਪੰਜਾ ਸਾਹਿਬ ਦੀ ਪ੍ਰਧਾਨਗੀ ਗੁ. ਛੇਵੀਂ ਪਾਤਸ਼ਾਹੀ ਨਲੁਛੀ ਤੇ ਗੁਰੂਦੁਆਰਾ ਛੇਵੀਂ ਪਾਤਸ਼ਾਹੀ ਰੈਣਾਵਾੜੀ ਦੀ ਪ੍ਰਧਾਨਗੀ, ਅਕਾਲੀ ਦਲ ਰਿਆਸਤੀ ਵਿੰਗ ਦੀ ਅਤੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਅੰਮ੍ਰਿਤਸਰ, ਵਿਚ ਰਿਆਸਤ ਵੱਲੋਂ ਸਿੱਖਾਂ ਦੀ ਪ੍ਰਤੀਨਿਧੀ ਪ੍ਰਧਾਨਗੀ, ਮੁਜ਼ੱਫਰਾਬਾਦ, ਕਸ਼ਮੀਰ (ਹੁਣ ਪਾਕਿਸਤਾਨ) ਵਿਚ ਹਿੰਦੂਆਂ ਮੁਸਲਮਾਨਾਂ, ਸਿੱਖਾਂ ਵੱਲੋਂ ਸਰਬਸਹਿਮਤੀ ਨਾਲ ਸਰਪੰਚ ਜਥੇਦਾਰ ਜੀ ਨੂੰ ਹੀ ਚੁਣਿਆ ਜਾਂਦਾ। ਤੁਸੀਂ ਵੇਖ ਸੁਣ ਸਕਦੇ ਹੋ ਅੱਜ ਕੋਈ ਇਕ ਵਾਰੀ ਪ੍ਰਧਾਨ ਬਣ ਜਾਵੇ ਉਹ ਲੱਥਣ ਦਾ ਨਾਂ ਤਕ ਨਹੀਂ

ਲੈਂਦਾ ਅਤੇ ਪ੍ਰਧਾਨ ਬਣਨ ਲਈ ਜਾਂ ਪ੍ਰਧਾਨਗੀ ਦਰਸਾਉਣ ਲਈ ਹਜ਼ਾਰਾਂ ਲੱਖਾਂ ਰੁਪਏ ਖਰਚ ਦੇਂਦਾ ਹੈ, ਪਰ ਜਥੇਦਾਰ ਜੀ ਹਮੇਸ਼ਾ ਸੰਗਤਾਂ ਨੂੰ ਆਖਦੇ ਸਨ "ਮੈਂ ਅਨਪੜ੍ਹ ਹਾਂ ਜੇ ਕਿਧਰੇ ਗਲਤੀ ਹੋ ਜਾਵੇ ਤਾਂ ਦਸ ਦੇਣਾ ਅਤੇ ਕਿਸੇ ਯੋਗ ਪੜ੍ਹੇ ਲਿਖੇ ਗੁਰਸਿੱਖ ਨੂੰ ਸੇਵਾ ਸੌਂਪ ਦੇਣੀ ਸੰਗਤਾਂ ਨੂੰ ਪੂਰਾ ਅਧਿਕਾਰ ਹੈ, ਮੈਂ ਇਸੇ ਤਰ੍ਹਾਂ ਸੰਗਤਾਂ ਦੇ ਜੋੜਿਆਂ ਅਤੇ ਲੰਗਰ 'ਚ ਬਰਤਨਾਂ ਦੀ ਸੇਵਾ ਕਰਦਾ ਰਹਾਂਗਾ। ਇਕ ਵਾਰੀ ਜਥੇਦਾਰ ਜੀ ਦਾ ਹਲੇਮੀ ਤੇ ਸਿਧਾਂਤਕ ਪੱਖ ਵੇਖ ਕੇ ਮਾਸਟਰ ਤਾਰਾ ਸਿੰਘ ਸਮੇਤ ਅਕਾਲੀ ਲੀਡਰਾਂ ਨੇ ਜਥੇਦਾਰ ਨੂੰ ਗਲੇ ਨਾਲ ਲਾ ਲਿਆ ਸੀ। ਗਲ ਅਕਾਲੀ ਦਲ ਦੀ ਗੁਰਦੁਆਰਾ ਪੰਜਾ ਸਾਹਿਬ ਵਿਖੇ ਹੋਣ ਵਾਲੀ ਮੀਟਿੰਗ ਦੀ ਹੈ, ਜਦੋਂ ਜਥੇਦਾਰ ਉਥੇ ਦੇ ਪ੍ਰਧਾਨ ਸਨ। ਜਥੇਦਾਰ ਜੀ ਰਿਆਸਤ ਤੋਂ ਸਫਰ ਕਰਕੇ ਟ੍ਰੇਨ ਰਾਹੀਂ ਪੰਜਾ ਸਾਹਿਬ ਜਾ ਰਹੇ ਸਨ, ਜਥੇਦਾਰ ਜੀ ਨੂੰ ਲੈਣ ਲਈ ਅਕਾਲੀਆਂ ਨੇ ਇਕ ਸੇਵਾਦਾਰ ਸਟੇਸ਼ਨ ਤੇ ਭੇਜ ਦਿੱਤਾ, ਪਰ ਜਥੇਦਾਰ ਉਸ ਨੂੰ ਮਿਲੇ ਨਾਂ ਤੇ ਉਹ ਡੇਢ ਕਿਲੋ ਮੀਟਰ ਦਾ ਪੈਂਡਾ ਤਹਿ ਕਰਕੇ ਗੁਰਦੁਆਰਾ ਸਾਹਿਬ ਪੁੱਜੇ ਇਸ਼ਨਾਨ ਕੀਤਾ ਲੰਗਰ ਛਕਿਆ ਤੇ ਮੀਟਿੰਗ ਹਾਲ 'ਚ ਜਾ ਪੁੱਜੇ ਸਾਰਿਆਂ ਨੇ ਫਤਹਿ ਬੁਲਾਈ ਤੇ ਕਹਿਣ ਲੱਗੇ, "ਜਥੇਦਾਰ ਜੀ ਆਪ ਜੀ ਨੂੰ ਲੈਣ ਅਤੇ ਸਮਾਨ ਉਠਾਉਣ ਲਈ ਸੇਵਾਦਾਰ ਭੇਜਿਆ ਸੀ, ਤੁਸੀਂ ਉਸ ਨਾਲ ਮਿਲਾਪ ਨਹੀਂ ਕੀਤਾ? ਜਥੇਦਾਰ ਜੀ : "ਖਾਲਸਾ ਜੀ ਮੈਂ ਤਾਂ ਆਪ ਸੇਵਾਦਾਰ ਹਾਂ, ਮੈਨੂੰ ਸੇਵਾਦਾਰ ਦੀ ਕੀ ਲੋੜ ਹੈ? ਅਕਾਲੀ ਲੀਡਰ ਚਲੋ ਚਲ ਕੇ ਪ੍ਰਸ਼ਾਦਾ ਛੱਕ ਲਈਏ ਜਥੇਦਾਰ ਦਾ ਹੀ ਇੰਤਜ਼ਾਰ ਕਰ ਰਹੇ ਸੀ। "ਜਥੇਦਾਰ ਜੀ : ਤੁਸੀਂ ਛੱਕ ਲਵੋ, ਮੈਂ ਤਾਂ ਲੰਗਰ ਛਕ ਆਇਆ ਹਾਂ। ਅਕਾਲੀ ਸਿੰਘ : ਜਥੇਦਾਰ ਜੀ ਕਿਥੋਂ ਛੱਕ ਆਏ ਜੇ। ਜਥੇਦਾਰ ਜੀ ਖ਼ਾਲਸਾ ਜੀ ਗੁਰੂ ਕਾ ਲੰਗਰ ਵਰਤ ਰਿਹਾ ਹੈ ਉਥੋਂ ! ਹੀ ਛੱਕ ਲਿਆ ਹੈ, ਤੁਸੀਂ ਕ੍ਰਿਪਾ ਕਰਕੇ ਲੰਗਰ ਛਕੋ।

ਭਾਈ ਸੁੱਚਾ ਸਿੰਘ ਮੁਤਾਬਕ ਉਦੋਂ ਲੀਡਰਾਂ, ਪ੍ਰਧਾਨਾਂ ਦੀ ਰੋਟੀ ਅਲੱਗ ਤੇ ਵਧੀਆ ਢੰਗ ਨਾਲ ਤਿਆਰ ਹੁੰਦੀ ਸੀ ਤੇ ਗੁਰੂ ਕੇ ਲੰਗਰ 'ਚ ਪ੍ਰਧਾਨ ਲੀਡਰ ਘੱਟ ਹੀ ਜਾਇਆ ਕਰਦੇ ਸਨ। ਜੇ ਗੌਰ ਨਾਲ ਵੇਖਿਆ ਜਾਵੇ ਤਾਂ ਅੱਜ ਵੀ ਕਈ ਅਜਿਹੇ ਅਖੌਤੀ ਸਿੱਖ ਹਨ ਜੋ ਕਿਸੇ ਦੂਜੇ ਅੰਮ੍ਰਿਤਧਾਰੀ ਸਿੱਖ ਦੇ ਘਰੋਂ ਪ੍ਰਸ਼ਾਦਾ ਛਕਣ ਨੂੰ ਤਿਆਰ ਨਹੀਂ, ਪਤਾ ਨਹੀਂ ਉਨ੍ਹਾਂ ਅੰਦਰ ਬੈਠਾ ਬ੍ਰਾਹਮਣ ਕਦੋਂ ਬਾਹਰ ਨਿਕਲੇਗਾ? ਜਥੇਦਾਰ ਜੀ ਜਿਥੇ ਧਾਰਮਿਕ ਤੇ ਰਾਜਨੀਤਕ ਆਗੂ ਸਨ, ਉਥੇ ਹੀ ਇਕ ਕਿਰਤੀ ਸਿੰਘ ਵੀ ਸਨ ਜੋ ਟਰੱਕ ਚਲਾ ਕੇ ਆਪਣੀ ਕਿਰਤ ਕਮਾਈ ਕਰਦੇ ਸਨ, ਜਦੋਂ ਵੀ ਕੋਈ ਪੰਥਕ ਕੰਮ ਆ ਜਾਵੇ ਤਾਂ ਗੱਡੀ ਖੜੀ ਕਰਕੇ ਉਸ ਪ੍ਰੋਗਰਾਮ 'ਚ ਸ਼ਾਮਲ ਹੁੰਦੇ। ਇਕ ਵਾਰੀ ਆਪ ਜੀ ਦੀ ਗੱਡੀ 'ਚ ਵਿਦੇਸ਼ੀ ਟੂਰਿਸਟ (ਯਾਤਰੀ) ਬੈਠੇ ਸਨ ਕਿ ਗੱਡੀ ਦਾ ਐਕਸੀਡੈਂਟ ਹੋ ਗਿਆ ਤੇ ਗੱਡੀ ਇਕ ਵਗਦੇ ਦਰਿਆ 'ਚ ਡਿੱਗ ਗਈ ਜਥੇਦਾਰ ਜੀ ਨੇ ਜ਼ਖਮੀ ਹਾਲਤ ਵਿਚ ਵੀ ਆਪਣੀ ਪ੍ਰਵਾਹ ਕੀਤੇ ਬਿਨਾਂ ਦਰਿਆ 'ਚ ਵਿਦੇਸ਼ੀਆਂ ਨੂੰ ਰੁੜਨ ਤੋਂ ਬਚਾ ਲਿਆ ਜਦੋਂ ਉਹ ਧੰਨਵਾਦ ਕਰਨ ਲਗੇ ਤਾਂ ਜਥੇਦਾਰ ਜੀ ਕਹਿਣ ਲਗੇ ਇਹ ਤਾਂ ਹਰ ਸਿੱਖ ਦਾ ਫਰਜ਼

ਹੈ। ਜਥੇਦਾਰ ਜੀ ਵਿਚ ਹੋਰ ਵੀ ਕਈ ਗੁਣ ਸਨ। ਉਹ ਹੱਸਮੁੱਖ ਤੇ ਮਜ਼ਾਕੀ ਸੁਭਾਅ ਵੀ ਰੱਖਦੇ ਸਨ ਪਰ ਕੌਮੀ ਮਸਲਿਆਂ 'ਚ ਉਹ ਬੀਰ ਰਸ ਭਰਪੂਰ ਹੋਇਆ ਕਰਦੇ ਸਨ। ਕਾਸ਼ ਹਰ ਸਿਖ ਅਤੇ ਆਗੂ ਦੀ ਜ਼ਿੰਦਗੀ ਵਿਚ ਇਹ ਸਾਰੇ ਰੰਗ ਭਰੇ ਜਾਣ। ਜੇਹਲਮ ਦਰਿਆ ਦਾ ਕੈਂਚੀਆਂ ਵਾਲਾ ਲੋਹੇ ਦਾ ਪੁਲ ਜੋ ਪਾਣੀ ਦਾ ਤੇਜ ਬਹਾ (ਫਲੋ) ਆਉਣ ਤੇ ਦਰਿਆ 'ਚ ਡਿਗ ਪਿਆ ਸੀ, ਸਰਕਾਰ ਨੇ ਪੁਲ ਨੂੰ ਕੱਢਾ ਕੇ ਨਿਲਾਮੀ ਲਈ ਸੁਟਾ ਦਿੱਤਾ, ਥੋੜੀ ਜੇਹੀ ਰਕਮ ਨਾਲ ਜਥੇਦਾਰ ਜੀ ਨੇ ਉਹ ਪੁਲ ਬੋਲੀ ਲਾ ਕੇ ਖਰੀਦ ਲਿਆ। ਕੁਝ ਗਪੋੜੀ ਕਿਸਮ ਦੇ ਬੰਦੇ ਕਹਿਣ ਲੱਗ ਪਏ ਕਿ ਵੇਖੋ ਜੀ ਜਥੇਦਾਰ ਨੇ ਗੁਰਦੁਆਰੇ ਦੇ ਪੈਸੇ ਫਜ਼ੂਲ ਉਡਾ ਦਿੱਤੇ। ਸ੍ਰ. ਸੂਬਾ ਸਿੰਘ ਨਲੂਛੀ (ਬਜ਼ੁਰਗ) ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਜਥੇਦਾਰ ਦਾ ਦਿਮਾਗ ਪਾਗਲ ਹੋਇਆ ਹੈ ਜੋ ਇਹ ਕਵਾੜ ਚੁੱਕ ਕੇ ਗੁਰਦੁਆਰੇ ਲਹਿ ਆਂਦਾ ਹੈ... ਅਤੇ ਗੁਰੂ ਘਰ ਦਾ ਪੈਸਾ ਬਰਬਾਦ ਕਰ ਸੁੱਟਿਆਐ? ਜਥੇਦਾਰ ਜੀ ਸਭ ਸੁਣ ਕੇ ਅੱਖਾਂ ਨੀਵੀਆਂ ਤੇ ਹੱਥ ਜੋੜ ਕੇ ਅਗੇ ਟੁਰ ਜਾਂਦੇ। ਕੁਝ ਸਮੇਂ ਬਾਅਦ ਜੰਗ ਲਗ ਗਈ ਤੇ ਲੋਹੇ ਦਾ ਭਾਅ ਅਸਮਾਨ ਛੂਹਨ ਲੱਗ ਪਿਆ।

ਗੁਰਦੁਆਰਾ ਸਾਹਿਬ ਦਾ ਹਾਲ ਬੜਾ ਛੋਟਾ ਸੀ, ਸੰਗਤਾਂ ਨੂੰ ਬਾਰਸ਼ ਅਤੇ ਧੁਪ 'ਚ ਗਰਮੀਆਂ ਹੰਢਾਉਣੀਆਂ ਪੈਂਦੀਆਂ, ਬੋਰਡਿੰਗ ਸਕੂਲ ਤੇ ਹੋਰ ਖਰਚ ਕਾਰਣ ਬਿਲਡਿੰਗ ਬਣਾਉਣੀ ਔਖੀ ਸੀ। ਜਥੇਦਾਰ ਜੀ ਨੇ ਸੰਗਤਾਂ ਨੂੰ ਕੁਝ ਦਿਨਾਂ 'ਚ ਹੀ ਇਸ ਸਮੱਸਿਆ ਨੂੰ ਹੱਲ ਕਰ ਦੇਣ ਦਾ ਵਾਅਦਾ ਕੀਤਾ ਤਾਂ ਸਾਰੇ ਸੋਚਾਂ 'ਚ ਪੈ ਗਏ ਕਿ ਆਖਰ ਜਥੇਦਾਰ ਜੀ ਕੀ ਕਰਨਗੇ? ਜਥੇਦਾਰ ਜੀ ਨੇ ਇਕ ਇੰਜੀਨੀਅਰ ਬੁਲਾ ਲਿਆਂਦਾ ਹੈ, ਉਸ ਨੂੰ ਲੋਹੇ ਦੇ ਕੈਂਚੀਆਂ ਵਾਲੇ ਪੁਲ ਪਾਸ ਲਿਜਾ ਕੇ ਸਮਝਾਉਣ ਲੱਗੇ। ਇੰਜੀਨੀਅਰ ਨੇ ਜਥੇਦਾਰ ਜੀ ਦੀ ਗੱਲ ਸਮਝ ਕੇ ਲੇਬਰ ਬੁਲਾਉਣ ਨੂੰ ਕਿਹਾ ਤੇ ਉਸ ਕੈਂਚੀਆਂ ਵਾਲੇ ਪੁਲ ਨਾਲ 20 ਫੁੱਟ ਲੰਬਾ ਤੇ 100 ਫੁੱਟ ਚੌੜਾ ਹਾਲ ਸੰਗਤਾਂ ਲਈ ਤਿਆਰ ਕਰਵਾ ਕੇ ਸੰਗਤਾਂ ਨੂੰ ਬੁਲਾਵਾ ਭੇਜਿਆ ਤੇ ਬਚਿਆਂ ਹੋਇਆ ਲੋਹਾ ਵੇਚ ਕੇ ਬਹੁਤ ਸਾਰੀ ਰਕਮ ਵੀ ਮਿਲ ਗਈ। ਇਹ ਸਭ ਕੁਝ ਵੇਖ ਕੇ ਸ੍ਰ. ਸੂਬਾ ਸਿੰਘ ਜੀ ਹੱਥ ਜੋੜ ਕੇ ਜਥੇਦਾਰ ਜੀ ਤੋਂ ਮਾਫ਼ੀ ਮੰਗਣ ਲੱਗੇ ਤਾਂ ਜਥੇਦਾਰ ਨੇ ਕਿਹਾ ਬਜ਼ੁਰਗੋ ਜਦੋਂ ਤੁਸੀਂ ਗੁੱਸਾ ਕੀਤਾ ਸੀ ਉਦੋਂ ਇਹ ਕੂੜਾ-ਕਰਕਟ ਹੀ ਨਜ਼ਰ ਆਉਂਦਾ ਸੀ। ਕੁਝ ਸਿਘ ਕਹਿਣ ਲੱਗ ਪਏ ਜਥੇਦਾਰੀਆਂ ਐਵੇਂ ਨਹੀਂ ਮਿਲਦੀਆਂ। ਜਥੇਦਾਰ ਕਪੂਰ ਸਿੰਘ ਪੰਥਕ ਤੇ ਸਖ਼ਸ਼ੀ ਰਹਿਣੀ ਤੋਂ ਇਲਾਵਾ ਰਾਜਨੀਤਿਕ ਖੇਤਰ ਵਿਚ ਵੀ ਇਕ ਜਿੰਮੇਵਾਰ ਆਗੂ ਵਜੋਂ ਜਾਣੇ ਜਾਂਦੇ ਸਨ, ਜਿਨ੍ਹਾਂ ਦੀ ਦੂਰ ਅੰਦੇਸ਼ ਨੀਤੀ ਨਾਲ ਰਿਆਸਤੀ ਸਿੱਖਾਂ ਨੂੰ ਕਈ ਲਾਭ ਪ੍ਰਾਪਤ ਹੋਏ 1947 ਤੋਂ ਬਾਅਦ ਵੀ ਸਿੱਖਾਂ ਨੂੰ ਜਥੇਦਾਰ ਜੀ ਵੱਲੋਂ ਲਏ ਗਏ ਫੈਸਲਿਆਂ ਦੀ ਬਦੌਲਤ ਹੀ ਕੁਝ ਰਾਹਤ ਪ੍ਰਾਪਤ ਹੋਈ। ਭਾਈ ਸਾਹਿਬ ਭਾਈ ਅਕਾਲੀ ਕੌਰ ਸਿੰਘ ਜੀ ਨਿਹੰਗ ਅਤੇ ਜਥੇਦਾਰ ਜੀ ਸਮੇਤ ਕੁਝ ਆਗੂਆਂ ਨੇ ਸਿੱਖਾਂ 'ਚ ਕੀਤੀ ਜਾਂਦੀਆਂ ਬ੍ਰਾਹਮਣੀ ਰਸਮਾਂ ਤੇ ਚਿੰਤਾ ਪ੍ਰਗਟ ਕੀਤੀ ਤੇ ਆਖਰ ਇਕ ਬੈਠਕ ਵਿਚ ਫੈਸਲਾ ਹੋਇਆ ਤੇ ਜਥੇਦਾਰ ਜੀ ਨੇ

ਸੰਗਤਾਂ ਨੂੰ ਅਪੀਲ ਕੀਤੀ।

"ਖਾਲਸਾ ਜੀ ! ਅਸੀਂ ਪਹਾੜਾਂ ਜੰਗਲਾਂ ਵਿਚ ਰਹਿਣ ਵਾਲੇ ਗੁਰੂ ਕੇ ਖਾਲਸੇ ਹਾਂ, ਸਾਡਿਆਂ ਘਰਾਂ ਵਿਚ ਕੀਤੀਆਂ ਜਾਂਦੀਆਂ ਜੰਮਣ, ਮਰਨ ਜਾਂ ਖੁਸ਼ੀ ਵੇਲੇ ਦੀਆਂ ਬਹੁਤ ਸਾਰੀਆਂ ਰਸਮਾਂ ਬ੍ਰਾਹਮਣੀ-ਬਿਪਰਵਾਦੀ ਹਨ। ਜਿਨ੍ਹਾਂ ਦੀ ਬਦੌਲਤ ਕਿਸੇ ਗਰੀਬ ਸਿੱਖ ਲਈ, ਜਮਨਾ, ਅਨੰਦ ਕਾਰਜ ਕਰਨਾ ਜਾਂ ਫਿਰ ਮਰਨਾ ਵੀ ਔਖਾ ਹੈ। ਦਸਵੇਂ-ਤੇਰਵੇਂ ਦੀਆਂ ਰੋਟੀਆਂ ਦਾਜ, ਡੋਲੀ, ਵੱਡੀ ਗਿਣਤੀ ਵਿਚ ਬਰਾਤੀਆਂ ਦਾ ਆਨਾ, ਰਾਤ ਦੇ ਵਿਆਹ, ਆਦਿ ਬਿਪਰਵਾਦੀ ਕਰਮਕਾਂਡਾਂ ਨੂੰ ਖਤਮ ਕਰਨ ਦਾ ਫੈਸਲਾ ਲਿਆ ਗਿਆ ਹੈ।" ਇਸ ਫੈਸਲੇ ਤੇ ਸਭ ਤੋਂ ਪਹਿਲਾਂ ਜਥੇਦਾਰ ਜੀ ਨੇ ਅਮਲ ਕਰਦਿਆਂ ਆਪਣੀ ਬੇਟੀ ਬੀਬੀ ਵਾਸ ਕੌਰ ਦਾ ਆਨੰਦ ਕਾਰਜ ਭਾਈ ਸੰਗਤ ਸਿੰਘ ਜੀ ਨਾਲ ਅੰਮ੍ਰਿਤ ਵੇਲੇ ਦੀਵਾਨ ਦੀ ਸਮਾਪਤੀ ਦੇ ਨਾਲ ਹੀ ਕਰਵਾ ਕੇ ਸੰਗਤ ਵੱਲੋਂ ਲਏ ਗਏ ਫੈਸਲਿਆਂ ਨੂੰ ਪ੍ਰਵਾਨ ਕਰਾਇਆ। ਉਦੋਂ ਤੋਂ ਲੈ ਕੇ ਅਜ ਤਕ ਇਹ ਦੁਰਮਤਿ ਸੋਦਕ, ਗੁਰਮਤਿ ਮਸੌਦੇ (ਮਤੇ) ਰਿਆਸਤ ਦੇ ਸਿੱਖਾਂ ਵੱਲੋਂ ਪ੍ਰਵਾਨ ਕਰਵਾਕੇ ਲਾਗੂ ਕਰਨ ਦਾ ਯਤਨ ਕੀਤਾ ਜਾਂਦਾ ਹੈ ਅਜੇ ਬਹੁਤ ਕੁਝ ਕਰਨਾ ਬਾਕੀ ਹੈ। 1965 'ਚ ਇਹ ਫੈਸਲੇ ਸੰਤ ਗੁਰਬਖਸ਼ ਸਿੰਘ (ਸੰਤ ਪੁਰਾ ਡੋਨਾ, ਡੇਰਾ) ਤੇ ਮਹੰਤ ਬਚਿੱਤਰ ਸਿੰਘ ਜੀ (ਡੇਰਾ ਨੰਗਾਲੀ) ਤੇ ਹੋਰ ਪੰਥਕ ਆਗੂਆਂ ਵੱਲੋਂ ਪ੍ਰਵਾਨ ਕੀਤੇ ਗਏ, 1991 'ਚ ਮੁੜ ਪ੍ਰਵਾਨਗੀ ਹੋਈ ਤੇ ਹੁਣ.... 2008 ਨੂੰ ਛਿਗਿਆਨਾ ਸੰਤ ਮੇਲਾ ਸਿੰਘ ਆਸ਼ਰਮ ਵਿਖੇ ਹੋਈ ਇਕ ਬੈਠਕ ਵਿਚ ਲਾਗੂ ਕਰਨ ਦਾ ਯਤਨ ਕੀਤਾ ਗਿਆ। ਲੇਖਕ ਬੈਠਕ ਵਿਚ ਸ਼ਾਮਿਲ ਸੀ।"

1922 ਗੁ. ਸੁਧਾਰ ਲਹਿਰ ਤੋਂ ਅੱਜ ਤੱਕ ਬਹੁਤ ਸਾਰੇ ਪੰਥਕ ਆਗੂਆਂ, ਪ੍ਰਚਾਰਕਾਂ, ਲੇਖਕਾਂ ਵੱਲੋਂ ਜਾਤ-ਪਾਤ ਬਰਾਦਰੀ ਇਲਾਕਾਈ ਵੰਡ ਦੇ ਵਿਰੁੱਧ ਭਾਸ਼ਨ ਦਿੱਤੇ ਜਾ ਰਹੇ ਹਨ, ਪਰ ਬਹੁਤ ਘੱਟ ਕੋਈ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਵਰਗੇ ਵਿਰਲੇ ਸਿੱਖ ਹੋਏ ਹਨ, ਜਿਨ੍ਹਾਂ ਨੇ ਆਪਣੀਆਂ ਕਥਨੀਆਂ ਨੂੰ ਕਰਨੀਆਂ ਦਾ ਜਾਮਾ ਪੁਆਇਆ ਹੋਵੇ ਇਨ੍ਹਾਂ ਵਿਰਲਿਆਂ 'ਚੋਂ ਇਕ ਜਥੇਦਾਰ ਕਪੂਰ ਸਿੰਘ ਜੀ ਵੀ ਸਨ, ਜਿਨ੍ਹਾਂ ਨੇ ਸੁਧਾਰਵਾਦ ਦੀ ਇਕ ਹੋਰ ਮਿਸਾਲ ਪੈਦਾ ਕੀਤੀ। ਜਥੇਦਾਰ ਕਪੂਰ ਸਿੰਘ ਜੀ ਦੇ ਜੀਵਨ ਤੇ ਗੁਰਮਤਿ ਰਹਿਣੀ ਤੋਂ ਕਾਇਲ ਹੋ ਕੇ ਡੋਡਾ ਭਦਰਵਾਹ (ਜੰਮੂ) 'ਚ ਕੁਝ ਰਾਜਪੂਤ ਅਤੇ ਮੁਸਲਮਾਨ ਪਰਿਵਾਰਾਂ 'ਚੋਂ ਨੌਜਵਾਨ ਸਿੰਘ ਸਜ ਗਏ (ਅਤੇ ਅਜ ਵੀ ਸਜ ਰਹੇ ਹਨ ਪਰ ਉਨ੍ਹਾਂ ਨੂੰ ਸੰਭਾਲਣ ਵਾਲਾ ਕੋਈ ਕਪੂਰ ਸਿੰਘ ਨਹੀਂ ਹੈ) ਇਨ੍ਹਾਂ ਵਿਚੋਂ ਹੀ ਇਕ ਸ. ਸੁਜਾਨ ਸਿੰਘ ਜੀ ਸਨ ਜਿਨ੍ਹਾਂ ਤੋਂ ਉਨ੍ਹਾਂ ਦੇ ਬਰਾਦਰੀ ਨੇ ਮੂੰਹ ਫੇਰ ਲਿਆ ਸੀ ਤੇ ਉਹ ਇਕੱਲੇ ਰਹਿ ਗਏ ਸਨ। ਜਥੇਦਾਰ ਜੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ "ਸ. ਸੁਜਾਨ ਸਿੰਘ ਨੂੰ ਕੋਈ ਆਪਣੇ ਪਰਿਵਾਰ 'ਚੋਂ ਧੀ-ਭੈਣ ਦਾ ਰਿਸ਼ਤਾ ਦੇਵੇ, ਤਾਂ ਜੋ ਇਨ੍ਹਾਂ ਸਜੇ ਹੋਏ ਸਿੰਘਾਂ ਨੂੰ ਵਸਾਇਆ ਜਾ ਸਕੇ। ਜੇ ਅੱਜ ਅਸੀਂ ਇਨ੍ਹਾਂ ਨਵੇਂ ਸਜੇ ਸਿੰਘਾਂ ਦੀ ਸਾਰ ਨਾ ਲਈ ਤਾਂ ਇਤਿਹਾਸ ਅਤੇ ਗੁਰਮਤਿ ਸਿਧਾਂਤ ਸਾਨੂੰ ਮਾਫ਼ ਨਹੀਂ ਕਰਨਗੇ। ਵਿਚਾਰਾਂ ਚੱਲ ਰਹੀਆਂ

ਸਨ ਕਿ ਸੰਗਤ 'ਚੋਂ ਕੁਝ ਬਾਤੂਨੀ ਬੰਦਿਆਂ ਨੇ ਸ਼ਬਦ ਕਹਿ "ਗੱਲਾਂ ਕਰਨੀਆਂ ਬੜੀਆਂ ਸੌਖੀਆਂ ਨੇ ਪਰ ਇਸ ਮੁਸਲਮਾਨ 'ਚੋਂ ਸਿੰਘ ਸਜੇ ਨੂੰ ਕੁੜੀ ਦੇਣੀ ਬੜੀ ਔਖੀ ਤੇ ਨਾ ਮੁਮਕਨ ਗੱਲ ਹੈ"।

ਜਥੇਦਾਰ ਜੀ ਚੁੱਪ ਕਰ ਗਏ ਤੇ ਸਜੇ ਦੀਵਾਨ ਵਿਚ ਆਪਣੀ ਸਪੁੱਤਰੀ ਬੀਬੀ ਹਰਬੰਸ ਕੌਰ ਜੀ ਦਾ ਅਨੰਦ ਕਾਰਜ ਸ. ਸੁਜਾਨ ਸਿੰਘ ਨਾਲ ਕਰਵਾ ਦਿੱਤਾ। ਕੁਝ ਰਕਮ ਦੀ ਮਦਦ ਕਰਕੇ ਟਰੱਕ ਵੀ ਲੈ ਦਿੱਤਾ ਤੇ ਜ਼ਮੀਨ ਵੀ ਇਸ ਤਰ੍ਹਾਂ ਸੁਜਾਨ ਸਿੰਘ ਨੂੰ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ ਦਾ ਧਾਰਨੀ ਬਣਾ ਕੇ ਅਗਲੇ ਪ੍ਰੋਗਰਾਮ 'ਚ ਰੁਝ ਗਏ। ਜੰਮੂ-ਕਸ਼ਮੀਰ ਵਿਚ ਡੇਰਾ ਨੰਗਾਲੀ (ਪੁਣਛ) ਦਾ ਇਤਿਹਾਸਕ ਪਿਛੋਕੜ ਹੈ, 1699 ਦੀ ਵਿਸਾਖੀ ਨੂੰ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜੇ ਭਾਈ ਫੇਰੂ ਸਿੰਘ ਜੀ ਨੂੰ ਜੰਮੂ-ਕਸ਼ਮੀਰ 'ਚ ਅੰਮ੍ਰਿਤ ਪ੍ਰਚਾਰ ਕਰਨ ਲਈ ਖੰਡਾ-ਬਾਟਾ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭੇਜਿਆ ਗਿਆ ਸੀ। ਸੰਨ 1946 ਦੀ ਗੱਲ ਹੈ। ਡੇਰੇ ਦੇ ਮੁਖੀ ਭਾਈ ਮੰਗਲ ਸਿੰਘ ਜੀ ਵੱਲੋਂ ਕੁਝ ਬਿਮਾਰ ਹੋ ਜਾਣ ਤੇ ਆਪਣੇ ਜਿਊਂਦਿਆਂ ਅਗਲਾ ਮੁਖੀ ਚੁਣਨ ਦਾ ਫੈਸਾਲ ਕੀਤਾ ਤੇ ਇਸ ਸਬੰਧੀ ਜਥੇਦਾਰ ਕਪੂਰ ਸਿੰਘ ਜੀ ਦੀ ਰਾਏ ਮੰਗੀ ਤਾਂ ਉਨ੍ਹਾਂ ਨੇ ਭਾਈ ਮੰਗਲ ਸਿੰਘ ਸਾਹਿਬ ਨੂੰ ਬੇਨਤੀ ਕੀਤੀ ਕਿ "ਹਾਲਾਤ ਦੇ ਮੱਦੇਨਜ਼ਰ ਡੇਰੇ ਦਾ ਅਗਲਾ ਮੁਖੀ ਪੜ੍ਹਿਆ ਲਿਖਿਆ ਗੁਰਮਤਿ ਸਿਧਾਂਤਾਂ ਦਾ ਧਾਰਨੀ ਤੇ ਪ੍ਰਚਾਰਕ ਹੋਣਾ ਚਾਹੀਦਾ ਹੈ।" ਦੂਜੀ ਤਰਫ ਕੁਝ ਸ਼ਰਧਾਲੂ ਡੇਰੇ ਦੇ ਇਕ ਸੇਵਾਦਾਰ (ਸੰਤ) ਹਰੀ ਸਿੰਘ ਨੂੰ ਮੁਖੀ ਬਣਾਉਣ ਦੀ ਹੱਕ ਵਿਚ ਸਨ ਤੇ ਬਹੁਤ ਸਾਰੇ ਜਥੇਦਾਰ ਜੀ ਵਾਂਗ ਸੋਚ ਰਖਦੇ ਸਨ। ਆਖਰ ਫੈਸਲਾ ਜਥੇਦਾਰ ਜੀ ਦੇ ਹੱਕ ਵਿਚ ਹੋਇਆ ਤੇ, ਉਨ੍ਹਾਂ ਤੋਂ ਐਸੇ ਕਿਸੇ ਸਿੰਘ ਦੀ ਪਹਿਚਾਨ ਕਰਨ ਲਈ ਕਿਹਾ ਗਿਆ। ਜਥੇਦਾਰ ਜੀ ਨੇ ਪਹਿਲੇ ਤੋਂ ਹੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਪੜ੍ਹਿਆ ਹੋਇਆ ਪ੍ਰਚਾਰਕ ਭਾਈ ਬਚਿੱਤਰ ਸਿੰਘ ਨੂੰ ਦੀਵਾਨ ਵਿਚ ਬੁਲਾਇਆ ਹੋਇਆ ਸੀ। ਉਨ੍ਹਾਂ ਨੂੰ ਹਾਜ਼ਰ ਕੀਤਾ ਗਿਆ, ਸਾਰਿਆਂ ਨੇ ਪ੍ਰਵਾਨਗੀ ਦਿੱਤੀ ਤੇ ਭਾਈ ਮੰਗਲ ਸਿੰਘ ਸਾਹਿਬ ਨੇ ਵੀ ਉਸ ਨੂੰ ਯੋਗ ਜਾਣਦਿਆਂ ਉਨ੍ਹਾਂ ਨੂੰ ਨਿਯੁਕਤ ਕੀਤਾ, ਰੁੱਸੇ ਹੋਏ ਹਰੀ ਸਿੰਘ ਤੇ ਉਸ ਦੇ ਸਾਥੀਆਂ ਨੂੰ ਜਥੇਦਾਰ ਜੀ ਨੇ ਪੰਥ ਦੀ ਚੜ੍ਹਦੀ ਕਲਾ ਦਾ ਵਾਸਤਾ ਦੇ ਕੇ ਮਨਵਾ ਲਿਆ ਤੇ ਫੁੱਟ ਕਾਰਣ ਦੋ ਧੜੇ ਬਣਨ ਤੋਂ ਰੋਕ ਲਏ।

"ਭਾਈ ਬਚਿੱਤਰ ਸਿੰਘ ਸਾਹਿਬ ਨੂੰ ਜਦੋਂ ਗਿਆਨੀ ਸੁੱਚਾ ਸਿੰਘ ਨੇ 1970 ਤੋਂ ਬਾਅਦ ਦੇ ਸਮੇਂ ਵਿਚ ਜਥੇਦਾਰ ਜੀ ਨਾਲ ਬਿਤਾਏ ਯਾਦਗਾਰ ਪਲਾਂ ਬਾਰੇ ਪੁੱਛਿਆ ਤਾਂ ਮਹੰਤ ਜੀ ਨੇ ਦੱਸਿਆ "ਜਥੇਦਾਰ ਜੀ ਨੇ ਮੇਰੇ ਮੁਖੀ ਬਣਨ ਤੇ ਮੈਨੂੰ ਹੌਸਲਾ ਦਿੱਤਾ ਤੇ ਕਿਹਾ ਤੁਸੀਂ ਪੰਥ ਦੀ ਸੇਵਾ ਕਰੋ, ਜਿਥੇ ਮੇਰੀ ਲੋੜ ਪਵੇ, ਮੈਨੂੰ ਯਾਦ ਕਰ ਲੈਣਾ ਅਤੇ ਮੇਰੇ ਮੁਖੀ ਬਣਨ ਤੇ ਪਹਿਲਾ ਪ੍ਰਚਾਰਕ ਦੌਰਾ ਉਨ੍ਹਾਂ ਮੇਰੇ ਨਾਲ ਰਹਿ ਕੇ ਕਰਵਾਇਆ, 1947 'ਚ ਮੈਂ ਉਨ੍ਹਾਂ ਨੂੰ ਆਖਰੀ ਵਾਰੀ ਮੁਜ਼ੱਫਰਾਬਾਦ ਵਿਖੇ ਮਿਲਿਆ ਤਾਂ ਉਨ੍ਹਾਂ ਮੈਨੂੰ ਉਥੋਂ ਛੇਤੀ

ਨਿਕਲ ਜਾਣ ਲਈ ਅਤੇ ਸਿੱਖਾਂ ਨੂੰ ਹਥਿਆਰਬੰਦ ਹੋਣ ਤੇ ਪਾਕਿਸਤਾਨ ਵਿਚਲੇ ਇਲਾਕਿਆਂ 'ਚੋਂ ਨਿਕਲ ਜਾਣ ਦਾ ਸੁਨੇਹਾ ਦਿੱਤਾ ਤੇ ਮੈਨੂੰ ਛੇਤੀ ਨਿਕਲ ਜਾਣ ਲਈ ਕਹਿ ਕੇ ਟੋਰ ਦਿੱਤਾ। ਕੁਝ ਦਿਨਾਂ ਬਾਅਦ ਹਮਲੇ ਸ਼ੁਰੂ ਹੋ ਗਏ ਤੇ ਜਥੇਦਾਰ ਜੀ....। ਉਨ੍ਹਾਂ ਦੀ ਜਲਾਲੀ ਮੂਰਤ ਤੇ ਪੰਥਕ ਸ਼ਖਸੀਅਤ ਅਜ ਵੀ ਮੇਰੀ ਅੱਖਾਂ ਸਾਹਮਣੇ ਆ ਜਾਂਦੀ ਹੈ...।"

ਜਥੇਦਾਰ ਜੀ ਦੀ ਸਮੁੱਚੀ ਰਹਿਨੁਮਾਈ ਹੇਠ ਸ੍ਰੀ. ਖਾਲਸਾ ਦਰਬਾਰ ਵੱਲੋਂ ਬਦਲਦੇ ਹਲਾਤਾਂ ਦੇ ਮੱਦੇਨਜ਼ਰ ਸਿੱਖਾਂ ਦੇ ਸਿਆਸੀ ਭਵਿੱਖ ਦੀ ਰੂਪ ਰੇਖਾ ਖਿਚਣ ਲਈ ਰਿਆਸਤ ਦੇ ਸਮੂਹ ਸਤਿਕਾਰਯੋਗ ਆਗੂਆਂ ਭਾਈ ਸਾਹਿਬ ਭਾਈ ਅਕਾਲੀ ਕੌਰ ਸਿੰਘ ਜੀ "ਨਿਹੰਗ" ਠਾਕਰ ਭਾਈ ਮੰਗਲ ਸਿੰਘ ਜੀ, ਗਿਆਨੀ ਬੁੱਧ ਸਿੰਘ, ਗਿਆਨੀ ਸ਼ੇਰ ਸਿੰਘ, ਸੰਤ ਸਿੰਘ, ਤੇਗ ਭਾਈ ਗੁਰਬਖਸ਼ ਸਿੰਘ (ਸੰਤ ਪੁਰਾ ਡੰਨਾਂ) ਗਿਆਨੀ ਸੁੱਚਾ ਸਿੰਘ ਅਤੇ ਭਾਈ ਕਰਤਾਰ ਸਿੰਘ ਕੋਮਲ ਆਦਿ ਆਗੂਆਂ ਦੇ ਸਹਿਯੋਗ ਨਾਲ ਕਈ ਧਾਰਮਿਕ ਤੇ ਸਿਆਸੀ ਕਾਨਫਰੰਸਾਂ ਕੀਤੀਆਂ, ਜਿਨ੍ਹਾਂ ਵਿਚ ਮੁੱਖ ਮੁੱਦਾ ਸੀ, ਸਿੱਖ ਵਿਗੜਦੇ ਦੂਜੇ ਸ਼ਬਦਾਂ 'ਚ ਬਦਲਦੇ ਹਾਲਾਤਾਂ ਨੂੰ ਸਾਹਮਣੇ ਰੱਖਦਿਆਂ ਕਿਸੇ ਇਕ ਪਾਰਟੀ, ਮੁਸਲਮਾਨਾਂ ਦੀ ਮੁਸਲਿਮ ਕਾਨਫਰੰਸ (ਹੁਣ ਐਨ.ਸੀ.) ਤੇ ਹਿੰਦੂਆਂ ਦੀ ਡੋਗਰਾ ਸ਼ਾਹੀ 'ਚੋਂ ਕਿਸ ਨਾਲ ਸਮਝੌਤਾ ਕਰਨ ਜੋ ਹਾਲਾਤ ਵਿਗੜਨ ਜਾਂ ਅਗਲੇ ਆਉਣ ਵਾਲੇ ਕਸ਼ਮੀਰ ਦੇ ਫੈਸਲੇ ਦੌਰਾਨ ਸਿੱਖਾਂ ਨੂੰ ਬਚਾਇਆ ਤੇ ਵਸਾਇਆ ਜਾ ਸਕੇ। ਪੰਜਾਬ ਦੇ ਹਾਲਾਤ ਇੰਨੇ ਵਿਗੜੇ ਹੋਏ ਸਨ ਕਿ ਅਕਾਲੀ ਜਲਸਿਆਂ ਤੇ ਪਾਬੰਦੀ ਹੋਣ ਕਰਕੇ ਆਲ ਇੰਡੀਆ ਅਕਾਲੀ ਕਾਨਫਰੰਸ (ਸਲਾਨਾ) ਵੀ ਜਥੇਦਾਰ ਕਪੂਰ ਸਿੰਘ ਤੇ ਸਮੂਹ ਸ੍ਰੀ. ਖ਼ਾਲਸਾ ਦਰਬਾਰ ਦੇ ਸਹਿਯੋਗ ਨਾਲ ਰਿਆਸਤ ਕਸ਼ਮੀਰ ਵਿਚ ਹੀ ਕੀਤੀ ਗਈ ਜਿਸ ਵਿਚ ਮੁਸਲਿਮ ਆਗੂ ਵੀ ਸ਼ਾਮਲ ਹੋਏ।

ਸ੍ਰੀ. ਖ਼ਾਲਸਾ ਦਰਬਾਰ ਦੀ ਇਕ ਕਾਨਫਰੰਸ ਵਿਚ ਮੁਸਲਿਮ ਕਾਨਫਰੰਸ ਦੇ ਸਕੱਤਰ ਮੌਲਾਨਾ ਮਸੂਦੀ ਹਾਜ਼ਰ ਸਨ ਤੇ ਦਰਬਾਰ ਤੇ ਸਪੋਕਸਮੈਨ ਕਰਤਾਰ ਸਿੰਘ ਕੋਮਲ ਨੇ ਸੁਆਲ ਕੀਤਾ। ਮਸੂਦੀ ਜੀ ਤੁਹਾਡੀ ਪਾਰਟੀ ਸਿਰਫ਼ ਮੁਸਲਿਮ ਪਾਰਟੀ ਹੈ ਅਤੇ ਤੁਹਾਡੀ ਪਾਰਟੀ ਦੇ ਏਜੰਡਿਆਂ ਵਿਚ ਸਿੱਖਾਂ ਦੇ ਹੱਕਾਂ ਤੇ ਹਿਫ਼ਾਜ਼ਤ ਬਾਰੇ ਕੁਝ ਵੀ ਇਕਰਾਰ ਜਾਂ ਸ਼ਬਦ ਨਹੀਂ ਹਨ, ਫਿਰ ਕੀ ਗਰੰਟੀ ਹੈ ਕਿ ਸਿੱਖ ਤੁਹਾਡੇ ਤੇ ਭਰੋਸਾ ਕਰਕੇ ਧੋਖੇ ਵਿਚ ਨਹੀਂ ਰਹਿਣਗੇ? ਕਿਆ ਇਸ ਬੇਇਤਫ਼ਾਕੀ ਦੇ ਮਾਹੌਲ ਵਿਚ ਸਾਡਾ ਤੁਹਾਡੇ ਤੇ ਇਤਬਾਰ ਕਰਨਾ ਠੀਕ ਹੋਵੇਗਾ? ਇਸ ਕਾਨਫਰੰਸ ਤੋਂ ਬਾਅਦ ਮੁਸਲਿਮ ਕਾਨਫਰੰਸ ਦੇ ਸੰਸਥਾਪਕ ਸ਼ੇਖ ਮੁਹੰਮਦ ਅਬਦੁੱਲ ਨੇ ਆਪਣੀ ਪਾਰਟੀ ਦਾ ਨਾਮ ਸਿੱਖਾਂ ਦੀ ਮੰਗ ਨੂੰ ਮੁਖ ਰੱਖਦਿਆਂ ਨੈਸ਼ਨਲ ਕਾਨਫਰੰਸ ਕਰ ਦਿੱਤਾ ਅਤੇ ਸਿੱਖਾਂ ਨਾਲ ਵਾਅਦਾ ਕੀਤਾ ਕਿ ਤੁਹਾਨੂੰ ਅਸੀਂ ਰੁਸਣ ਨਹੀਂ ਦਿਆਂਗੇ। ਸਮੂਹ ਆਗੂਆਂ ਦੀ ਸਹਿਮਤੀ ਹੋਣ ਤੇ ਖ਼ਾਲਸਾ ਦਰਬਾਰ ਨੇ ਐਨ.ਸੀ. ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਤੇ ਪੂਰੀ ਤਰ੍ਹਾਂ ਡੋਗਰਿਆਂ ਦੇ ਖਿਲਾਫ਼

"ਕਸ਼ਮੀਰ ਛੋਡੋ ਅੰਦੋਲਨ" ਵਿਚ ਸ਼ਾਮਲ ਹੋ ਗਏ।

"ਇਸ ਫੈਸਲੇ ਦੀ ਬਦੌਲਤ 1947 ਤੋਂ ਬਾਅਦ ਕਸ਼ਮੀਰ ਤੋਂ ਉਜੜ ਕੇ ਆਏ ਸਿੱਖਾਂ ਨੂੰ ਜੰਮੂ ਵਿਚ ਵਸਾਉਣ 'ਚ ਸਹਾਇਤਾ ਪ੍ਰਾਪਤ ਹੋਈ, ਪਰ ਨੈਸ਼ਨਲ ਕਾਨਫਰੰਸ ਨੇ ਸਿੱਖਾਂ ਵੱਲੋਂ ਦਿੱਤੀ ਗਈ ਮਦਦ ਦਾ ਮੁੱਲ ਇਮਾਨਦਾਰੀ ਨਾਲ ਨਹੀਂ ਚੁਕਾਇਆ, ਪਰ ਹਾਂ ਬਾਕੀਆਂ ਤੋਂ ਬਿਹਤਰ ਕਿਹਾ ਜਾ ਸਕਦਾ ਹੈ। ਅੱਜ ਵੀ ਹਾਲਤ ਉਹੀ ਹਨ, ਮੁਸਲਿਮ ਕਾਨਫਰੰਸ ਦੀ ਥਾਂ ਅੱਜ ਹੁਰੀਅਤ ਕਾਨਫਰੰਸ ਨੂੰ ਬਿਲਕੁਲ ਉਸੇ ਤਰ੍ਹਾਂ ਵੱਖਵਾਦੀ ਕਿਹਾ ਜਾ ਰਿਹਾ ਹੈ, ਜਿਵੇਂ ਉਸ ਵੇਲੇ ਐਨ.ਸੀ. ਨੂੰ ਕਿਹਾ ਜਾਂਦਾ ਸੀ। ਅੱਜ ਸਿੱਖ ਕਸ਼ਮੀਰ ਤੋਂ ਵੱਧ ਜੰਮੂ ਵਿਚ ਹਨ। ਇਸੇ ਲਈ ਫੈਸਲਾ ਕਰਨਾ ਹੋਰ ਵੀ ਮੁਸ਼ਕਲ ਹੈ। ਪਰ ਸਿੱਖਾਂ ਵਿਚ ਅਜ ਕੋਈ ਕਪੂਰ ਸਿੰਘ, ਅਕਾਲੀ ਕੌਰ ਸਿੰਘ, ਵਰਗਾ ਸਿਧਾਂਤਕ ਇਮਾਨਦਾਰ ਆਗੂ ਵਿਖਾਈ ਨਹੀਂ ਦੇ ਰਿਹਾ, ਜੋ ਇਹ ਫੈਸਲਾ ਕਰੇ ਕਿ ਅੱਜ ਸਿੱਖ ਕੀ ਕਰਣ?? ਜਥੇਦਾਰ ਜੀ ਦਾ ਦਿਨ-ਰਾਤ ਪੰਥਕ ਸਰਗਰਮੀਆਂ ਵਿਚ ਮਸ਼ਰੂਫ ਰਹਿਣ ਨਾਲ ਉਨ੍ਹਾਂ ਦੀ ਗੱਡੀ ਕਰਜ਼ੇ ਦੀ ਮਾਰ ਹੇਠ ਆ ਕੇ ਵਿਕ ਗਈ ਤੇ ਜਥੇਦਾਰ ਜੀ ਨੂੰ ਪਰਿਵਾਰ ਦੀ ਜ਼ਿੰਮੇਵਾਰੀ ਨੇ ਕੁਝ ਕਮਜ਼ੋਰ ਕਰ ਦਿੱਤਾ, ਜਿਸ ਨੂੰ ਵੇਖਦਿਆਂ ਕੁਝ ਸਾਥੀਆਂ ਨੇ ਜਥੇਦਾਰ ਜੀ ਦੀ ਮਦਦ ਕੀਤੀ ਤੇ ਉਨ੍ਹਾਂ ਹਿੰਮਤ ਕਰਕੇ ਮੁੜ ਟਰੱਕ ਪ੍ਰਾਪਤ ਕਰ ਲਿਆ ਤੇ ਕਿਰਤ ਕਰਣ ਦਾ ਸਾਧਨ ਬਣ ਗਿਆ।

ਟਰਾਂਸਪੋਰਟ ਦਾ ਬਿਜਨੈਸ ਹੋਣ ਕਰਕੇ ਆਪ ਜੀ ਪਾਸ ਪਲ-ਪਲ ਦੀ ਖ਼ਬਰ ਪੁਜ ਰਹੀ ਸੀ, ਕਈਆਂ ਥਾਵਾਂ ਤੇ ਸਿੱਖਾਂ, ਮੁਸਲਮਾਨਾਂ ਦੇ ਆਪਸੀ ਟਕਰਾਵ ਤੇ ਕਤਲਾਂ ਦੀਆਂ ਖ਼ਬਰਾਂ ਵੀ ਪੁੱਜ ਰਹੀਆਂ ਸਨ। ਜਥੇਦਾਰ ਜੀ ਸਿੱਖਾਂ ਨੂੰ ਜਥੇਬੰਦ ਕਰਣ ਦੇ ਨਾਲ-ਨਾਲ ਇਹ ਪ੍ਰੇਰਨਾ ਦੇਣ ਲੱਗੇ ਕਿ ਅਪਨੀ ਜ਼ਰੂਰਤ ਤੋਂ ਵੱਧ ਜ਼ਮੀਨਾਂ-ਜਾਇਦਾਦਾਂ ਡੰਗਰ ਆਦਿ ਵੇਚ ਕੇ ਪੈਸਾ ਕੋਲ ਨਾਂ ਰਖੋ ਸਗੋਂ ਵੱਧ ਤੋਂ ਵੱਧ ਹਥਿਆਰ ਖਰੀਦ ਲਵੋ। ਨੌਜਵਾਨਾਂ ਨੂੰ ਕਿਹਾ ਤੁਸੀਂ ਤਿਆਰ ਬਰ ਤਿਆਰ ਰਹੋ, ਜੇ ਲੋੜ ਪਈ ਤਾਂ ਸਿੱਖਾਂ ਨੂੰ ਬਚਾ ਕੇ ਇਥੋਂ ਕੱਢਣ ਲਈ ਤੁਸੀਂ ਹੀ ਜ਼ਿੰਮੇਵਾਰੀ ਨਿਭਾਉਣੀ ਹੈ, ਹੋ ਸਕੇ ਤਾਂ ਇਥੋਂ ਨਿਕਲਣ ਦੀ ਕੋਸ਼ਿਸ਼ ਕਰੋ ਉਹੀ ਬੇਹਤਰ ਰਹੇਗਾ।" ਜਿਨ੍ਹਾਂ ਸਿੱਖਾਂ ਨੇ ਜਥੇਦਾਰ ਜੀ ਦੀ ਗੱਲ ਮੰਨੀ ਉਹ ਜੇ ਸ਼ਹੀਦ ਵੀ ਹੋਏ ਤਾਂ ਜੂਝਦੇ ਹੋਏ, ਜਿਨ੍ਹਾਂ ਨੇ ਗੱਲ ਨਾ ਮੰਨੀ ਉਹ ਲੁਟੇ ਵੀ ਗਏ ਤੇ ਬੁਰੀ ਮੌਤੇ ਵੀ ਮਾਰੇ ਗਏ, ਜਿਵੇਂ ਕਿ 1984 ਦੇ ਹਲਾਤਾਂ ਤੋਂ ਪਹਿਲਾਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਦਿੱਲੀ ਦੇ ਸਿੱਖਾਂ ਨੂੰ ਅਪੀਲਾਂ ਕੀਤੀਆਂ ਸਨ ਕਿ ਮਹਿੰਗੇ ਫਰਿਜ਼, ਟੀ.ਵੀ, ਗੱਡੀਆਂ, ਕੋਠੀਆਂ, ਖਰੀਦਣ ਦੀ ਥਾਂ ਸ਼ਸਤਰਧਾਰੀ ਹੋਵੋ ਹਲਾਤ ਬੜੇ ਗੰਭੀਰ ਆਉਣ ਵਾਲੇ ਹਨ, ਜੋ ਸ਼ਸਤਰਧਾਰੀ ਹੋਏ ਉਨ੍ਹਾਂ ਨੇ ਪੂਰਾ ਮੁਕਾਬਲਾ ਕੀਤਾ ਤੇ ਕਈਆਂ ਨੂੰ ਬਚਾਇਆ, ਆਪ ਬਚੇ ਜਾਂ ਫਿਰ ਮਾਰਕੇ ਮਰੇ, ਜੋ ਐਸ਼-ਓ-ਇਸ਼ਰਤ 'ਚ ਮਦਹੋਸ਼ ਰਹੇ ਉਨ੍ਹਾਂ ਦੀ ਹਾਲਤ ਇਤਿਹਾਸ ਵਿਚ ਦਰਜ ਹੈ। ਇਨ੍ਹਾਂ ਦੋਵਾਂ ਸੰਤ-ਸਿਪਾਹੀ ਆਗੂਆਂ ਦੇ ਕਹੇ ਸ਼ਬਦਾਂ ਦੀ ਅਹਿਮੀਅਤ 1947 ਤੋਂ 1984 ਵਾਂਗ

ਅਜ ਵੀ ਉਨੀ ਹੀ ਹੈ।

ਜਥੇਦਾਰ ਜੀ ਦੇ ਜੀਵਨ ਦੇ ਆਖਰੀ ਦਿਨਾਂ ਦੀ ਗਲ ਅਕਤੂਬਰ 1947 ਦਾ ਮਹੀਨਾ ਦੁਸ਼ਮਣ, ਪਾਕਿਸਤਾਨੀ ਫੌਜੀ ਤੇ ਕਬਾਇਲੀ ਅਫਗਾਨੀ-ਪਾਕਿਸਤਾਨੀ ਅਤੇ ਪੇਸ਼ੇਵਰ ਮੁਜਰਮ ਦੇ ਰੂਪ ਵਿਚ ਮਸ਼ੀਨੀ ਅਸਲੇ ਨਾਲ ਲੈਸ 'ਸਿੱਖਾਂ ਦਾ ਸਰ, ਹਿੰਦੂ ਦੀ ਨਰ, ਮੁਸਲਮਾਨ ਦਾ ਜਰ' ਨਾਅਰਾ ਲਾ ਕੇ ਆਪਣੇ ਵਹਿਸ਼ੀ ਤੇ ਕਾਤਲਾਨਾ ਇਰਾਦੇ ਨਾਲ ਸਿੱਖਾਂ ਤੇ ਹਿੰਦੂਆਂ ਦੇ ਪਿੰਡਾਂ ਵੱਲ ਵਧਣ ਲੱਗਾ ਜਥੇਦਾਰ ਜੀ ਆਪਣੇ ਹਥਿਆਰਬੰਦ ਸਾਥੀਆਂ ਨੂੰ ਨਾਲ ਲੈ ਕੇ ਸਿੱਖਾਂ ਨੂੰ ਪਿੰਡਾਂ 'ਚੋਂ ਜਥੇ ਬਣਾ-ਬਣਾ ਕੇ ਪੁੰਣਛ ਵੱਲ ਕੱਢਣ ਲਗੇ ਜਦੋਂ ਕਾਫਲਾ ਵੱਧ ਜਾਂਦਾ ਤਾਂ ਆਪ ਜਥੇ ਨੂੰ ਸਰਹੱਦ ਤਕ ਛੋੜਨ ਆਉਂਦੇ, ਆਖ਼ਰੀ ਜਥੇ ਵਿਚ ਆਪਣੇ ਦੋਸਤ ਹਕੂਮਤ ਸਿੰਘ ਤੇ ਅਪਨੇ ਪਰਿਵਾਰ ਨਾਲ ਉਨ੍ਹਾਂ ਦਾੱ ਮਿਲਾਪ ਪਿੰਡ ਅੰਬਰੋ ਵਿੱਚ "ਰਾਜੂ ਗੁਜਰ" ਨਾਮ ਦੇ ਮੁਸਲਮਾਨ ਨੇ ਕਰਵਾਇਆ, ਉਸ ਵੇਲੇ ਤੇਜ਼ ਬਾਰਸ਼ ਤੇ ਹਵਾ ਚਲ ਰਹੀ ਸੀ, ਜਥੇਦਾਰ ਨੇ ਸਿਰਫ਼ ਕਛਹਿਰਾ ਤੇ ਬਨਿਐਨ ਤੇ ਉਪਰੋਂ ਲੋਈ ਦੀ ਬੁਕਲ ਤੇ ਛੋਟੀ ਗੋਲ ਦਸਤਾਰ ਸਜਾਈ ਹੋਈ ਸੀ। ਜਥੇਦਾਰ ਜੀ ਦੀ ਸੁਪਤਨੀ ਤੇ ਹਕੂਮਤ ਸਿੰਘ ਦੇ ਦੱਸਣ ਅਨੁਸਾਰ ਕੁਝ ਸਮਾਂ ਗੁਜਰ ਮੁਸਲਮਾਨਾਂ ਦੇ ਘਰ ਰੁੱਕ ਕੇ ਅਸੀਂ ਗੱਲਬਾਤ ਕੀਤੀ ਉਨ੍ਹਾਂ ਸਾਨੂੰ ਨਿਕਲ ਜਾਣ ਲਈ ਕਿਹਾ ਤੇ ਸਾਡੇ ਨਾਲ ਕੁਝ ਦੂਰੀ ਤਕ ਆਏ ਤੇ ਫਿਰ ਪਿਛਾਂਹ ਮੁੜ ਗਏ। ਅਸੀਂ ਉਨ੍ਹਾਂ ਨੂੰ ਰੁਕਣ ਤੇ ਨਾਲ ਚੱਲਣ ਦੀ ਅਪੀਲ ਕੀਤੀ ਤਾਂ ਉਨ੍ਹਾਂ ਦਾ ਜਵਾਬ ਸੀ "ਗੋਲੀਆਂ ਤਲਵਾਰਾਂ ਅਤੇ ਮੌਤ ਤੋਂ ਡਰਕੇ ਮੈਂ ਪਿਛਾਂਹ ਮੁੜ ਜਾਵਾਂ? ਜੇ ਕੋਈ ਸਿੱਖ ਮੇਰੀ ਉਡੀਕ ਕਰਦਾ ਮਰ ਗਿਆ ਤਾਂ ਮੇਰੇ ਜਿਉਣ ਦਾ ਕੀ ਫਾਇਦਾ?"

ਹਕੂਮਤ ਸਿੰਘ - ਉਧਰ ਤਾਂ ਬੱਸ ਲਾਸ਼ਾਂ ਹਨ, ਪਰ ਜਿਉਂਦਿਆਂ ਨੂੰ ਤੁਹਾਡੀ ਲੋੜ ਹੈ, ਉਧਰ ਸਭ ਖਤਮ ਹੋ ਚੁੱਕਿਆ। ਜਥੇਦਾਰ ਜੀ, ਜਦੋਂ ਤੱਕ ਮੈਂ ਸਾਰੇ ਪਿੰਡਾਂ ਦੀ ਖ਼ਬਰ ਨਹੀਂ ਲੈ ਲੈਂਦਾ ਉਦੋਂ ਤੱਕ ਮੈਨੂੰ ਭਰੋਸਾ ਨਹੀਂ, ਤੁਸੀਂ ਮੈਨੂੰ ਮਜਬੂਰ ਨਾ ਕਰੋ। ਸੁਪਤਨੀ : ਉਹਨਾਂ ਨੇ ਸਾਡੇ ਤੋਂ ਕੁਝ ਕਪੜੇ ਲਏ ਕਮਰ ਕਸੇ ਵਿਚ ਕੁਝ ਸ਼ਸ਼ਤ੍ਰ ਪਾ ਲਏ ਤੇ ਹੱਥ ਫੜੀ ਰੋਂਦਾ ਵਾਲੀ ਬੰਦੂਕ ਨੂੰ ਮੋਢੇ ਤੇ ਰੱਖਦਿਆਂ ਸਾਨੂੰ ਫਤਹਿ ਬੁਲਾ ਗਏ, ਜੋ ਉਨ੍ਹਾਂ ਦੀ ਆਖਰੀ ਮੁਲਾਕਾਤ ਸੀ, ਅਸੀਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਕਸ਼ਮੀਰ ਆ ਗਏ।"

ਜਥੇਦਾਰ ਜੀ ਉਥੋਂ ਸਿੱਧੇ ਆਪਣੇ ਪਿੰਡ ਅੰਬਰੋ ਜਾ ਪੁੱਜੇ ਜਿਥੇ ਲਾਸ਼ਾਂ ਹੀ ਲਾਸ਼ਾਂ ਸਨ, ਖਬਰ ਮਿਲੀ ਕਿ ਕੁਝ ਸਿੱਖਾਂ ਦਾ ਜਥਾ ਪੁਣਛ ਤੇ ਕਸ਼ਮੀਰ ਵਲ ਜੰਗਲ-ਪਹਾੜਾਂ ਰਾਹੀਂ ਨਿਕਲਿਆ ਹੈ, ਪਿਛੇ ਕਬਾਇਲੀ ਵੀ ਗਏ ਹਨ। ਜਥੇਦਾਰ ਜੀ ਸਿੱਖਾਂ ਦੀ ਮਦਦ ਲਈ ਯਤਨ ਕਰ ਰਹੇ ਸਨ, ਕਿ ਅਗਲੀ ਖ਼ਬਰ ਸੀ ਸੰਤ ਬਲਦੇਵ ਸਿੰਘ ਸੰਤ ਗੁਰਬਖਸ਼ ਸਿੰਘ ਗਿਆਨੀ ਰੰਗੀਲ ਸਿੰਘ ਆਦਿ ਮੁਖੀ ਜਥੇ ਦੇ ਨਾਲ ਹਨ। ਇਸ ਸਾਰੀ ਕਾਰਵਾਈ ਵਿਚ ਜਥੇਦਾਰ ਜੀ ਦੀ ਮਦਦ ਅਸ਼ਮਾਈਅਲ ਖ਼ਾਨ ਕਰ ਰਿਹਾ ਸੀ। ਜੋ ਜਥੇਦਾਰ ਜੀ ਨੂੰ ਆਪਣੇ ਘਰ ਲੈ ਗਿਆ ਜਿਥੇ ਕੁਝ ਦਿਨ ਰੁਕ ਕੇ ਖ਼ਬਰਾਂ ਇਕੱਠੀਆਂ ਕਰਦੇ ਰਹੇ। ਦੂਜੇ

ਪਾਸੇ ਇਕ ਠੇਕੇਦਾਰ ਬਹਾਦਰ ਖਾਨ ਨੇ ਸਿੱਖਾਂ ਨਾਲ ਧੋਖਾ ਕਰਕੇ ਦੁਸ਼ਮਣਾਂ ਦੇ ਘੇਰੇ ਵਿਚ ਫਸਾ ਦਿੱਤਾ ਜਿਥੇ ਕੁਝ ਸਿੰਘ ਸਿੰਘਣੀਆਂ ਸ਼ਹੀਦ ਹੋ ਗਏ। ਅਸਮਾਈਅਲ ਖਾਨ ਨੇ ਜਥੇਦਾਰ ਜੀ ਨੂੰ ਕੁਝ ਦਿਨਾਂ ਬਾਅਦ ਬੇਨਤੀ ਕੀਤੀ ਕਿ "ਮੈਨੂੰ ਖ਼ਬਰ ਮਿਲੀ ਹੈ ਕਿ ਤੁਹਾਡੀ ਮੇਰੇ ਕੋਲ ਠਹਿਰਣ ਦੀ ਖ਼ਬਰ ਦੁਸ਼ਮਣਾਂ ਨੂੰ ਲਗ ਗਈ ਹੈ, ਜੇ ਤੁਹਾਨੂੰ ਕੁਝ ਹੋ ਗਿਆ ਤਾਂ ਅਸੀਂ ਆਪਣੇ ਆਪ ਨੂੰ ਮੂੰਹ ਕਿਵੇਂ ਵਿਖਾਵਾਂਗੇ? ਇਸ ਲਈ ਤੁਸੀਂ ਮੇਰੇ ਬੇਟਿਆਂ ਨੂੰ ਨਾਲ ਲੈ ਕੇ ਇਥੋਂ ਨਿਕਲ ਜਾਵੋ।

ਜਥੇਦਾਰ ਜੀ ਅਜੇ ਉਥੋਂ ਆਨਾ ਨਹੀਂ ਸੀ ਚਾਹੁੰਦੇ ਕਿਉਂਕਿ ਕਈ ਥਾਵਾਂ ਤੋਂ ਜ਼ਬਰਨ ਇਸਲਾਮ ਕਬੂਲ ਕਰਵਾਉਣ ਤੇ ਰਫਿਊਜੀ ਕੈਂਪਾਂ 'ਚ ਜ਼ੁਲਮ ਢਾਹੁਣ ਦੀ ਖ਼ਬਰ ਉਨ੍ਹਾਂ ਤੱਕ ਪੁੱਜੀਆਂ ਸਨ। ਇਸ ਲਈ ਉਥੋਂ ਨਿਕਲਕੇ ਉਹ ਆਪਣੇ ਨੌਕਰ ਰਹੇ ਇਮਾਨਦਾਰ ਸਖਸ਼ "ਫਕੀਰ ਮੁਹੰਮਦ' ਦੇ ਘਰ ਆ ਗਏ ਉਥੇ ਕੁਝ ਦਿਨ ਠਹਿਰ ਕੇ ਦਰਿਆ ਜੇਹਲਮ ਪਾਰ ਕਰਕੇ ਪਿੰਡ ਮੇਰਾਂ ਮਥੋਰੀਆਂ ਪੁਜੇ ਜਿਥੇ ਉਨ੍ਹਾਂ ਨੂੰ ਸ੍ਰ. ਗੁਰਦਿੱਤ ਸਿੰਘ ਮਿਲ ਗਿਆ ਜਿਸ ਨੂੰ ਨਾਲ ਲੈ ਕੇ ਸਿੱਖਾਂ ਦੇ ਜਾਨੀ-ਮਾਲੀ ਨੁਕਸਾਨ ਤੇ ਰਫਿਊਜ਼ੀ ਕੈਂਪਾਂ ਦੀ ਜਾਣਕਾਰੀ ਇਕੱਠੀ ਕਰ ਰਹੇ ਸਨ ਕਿ ਪਿੰਡ ਕੱਕੜ 'ਚ ਜਥੇਦਾਰ ਜੀ ਨੂੰ ਦੁਸ਼ਮਣਾਂ ਦਾ ਘੇਰਾ ਪੈ ਗਿਆ, ਜਥੇਦਾਰ ਜੀ ਨੇ ਗੁਰਦਿੱਤ ਸਿੰਘ ਨੂੰ ਜਾਨ ਲਈ ਕਿਹਾ ਜਿਥੋਂ ਦੋਵੇਂ ਅਲੱਗ ਹੋ ਗਏ। ਗੁਰਦਿੱਤ ਸਿੰਘ ਨੇ ਕਸ਼ਮੀਰ ਰਾਹੀਂ ਭਾਰਤ ਆ ਕੇ ਸਾਰੀ ਵਾਰਤਾ ਗਿਆਨੀ ਹਕੂਮਤ ਸਿੰਘ ਤੇ ਹੋਰ ਸਾਥੀਆਂ ਅਤੇ ਪਰਿਵਾਰ ਨੂੰ ਸੁਣਾਈ। ਸਾਲ ਬਾਅਦ ਰਫਿਊਜ਼ੀ ਕੈਂਪਾਂ 'ਚੋਂ ਭਾਰਤ (ਕਸ਼ਮੀਰ) ਪਰਤੇ ਸਿੱਖਾਂ ਤੇ ਗੁਰਦਿੱਤ ਸਿੰਘ ਮੁਤਾਬਕ ਜਥੇਦਾਰ ਜੀ ਜਾਂ ਤਾਂ ਊੜੀ ਲਾਗੇ ਕੋਠੀ ਵਿਖੇ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਤੇ ਲਾਸ਼ ਦਰਿਆ 'ਚ ਸੁੱਟ ਦਿੱਤੀ ਗਈ। ਜਾਂ ਫਿਰ ਜ਼ਖਮੀ ਹਾਲਤ 'ਚ ਦਰਿਆ ਵਿਚ ਡਿੱਗ ਜਾਣ ਤੇ ਸ਼ਹੀਦ ਹੋ ਗਏ...। ਇਸ ਤਰ੍ਹਾਂ ਜੰਮੂ-ਕਸ਼ਮੀਰ ਦਾ ਇਹ ਕੌਮੀ ਆਗੂ ਸੰਤ-ਸਿਪਾਹੀ ਗੁਣਾਂ ਦਾ ਸੁਮੇਲ ਸਿਧਾਂਤਾਂ ਦਾ ਪੱਕਾ ਸਖ਼ਸ਼ 'ਪੰਥ ਬਸੇ ਮੈਂ ਉਜੜਾਂ' ਦੇ ਕਾਵਿ ਨੂੰ ਸਾਕਾਰ ਕਰਦਾ ਹੋਇਆ ਨਵੰਬਰ-ਦਸੰਬਰ 1947 ਨੂੰ ਹਮੇਸ਼ਾ ਲਈ ਫਤਹਿ ਬੁਲਾ ਗਿਆ। ਅਨੇਕਾਂ ਅਣਗੌਲਿਆਂ ਸ਼ਹੀਦਾਂ ਵਾਂਗ ਹੀ ਇਸ ਕੌਮੀ ਆਦਰਸ਼ ਆਗੂ ਨੂੰ ਰਿਆਸਤੀ ਅਤੇ ਕੌਮੀ ਲੀਡਰਸ਼ਿਪ ਨੇ ਕਦੀ ਯਾਦ ਨਹੀਂ ਕੀਤਾ, ਸਿਵਾਏ ਕੁਝ ਬਸਤੀਆਂ ਦੇ ਨਾਮ ਕਪੂਰ ਸਿੰਘ ਨਗਰ ਰੱਖਣ ਤੋਂ ਵੱਧ ਹੋਰ ਕੁਝ ਨਾ ਕਰ ਸਕੇ ਜਾਂ ਕੀਤਾ ਹੀ ਨਹੀਂ ਗਿਆ, ਅਜੇ ਵੀ ਕੁਝ ਵਿਗੜਿਆ ਨਹੀਂ।

ਅਣਖ ਜਿਊਂਦੀ ਰਹੇ ਤਾਂ ਗੁਲਾਮੀ ਮਿਟ ਸਕਦੀ ਹੈ,
ਜਮੀਰ ਮਰ ਜਾਵੇ ਤਾਂ ਅਜ਼ਾਦੀ ਵੀ ਘਬਰਾਉਂਦੀ ਹੈ।
ਜਾਮੇਂ ਸ਼ਹਾਦਤ ਪੀਣ ਲਈ ਜਿਗਰ ਬਣਾਉਣੇ ਪੈਂਦੇ ਨੇ,
ਜੋ ਕਹਿਣੀ ਕਰਨੀ ਦੇ ਹੋਣ ਪੂਰੇ, ਓਹੀ ਕੌਮੀ ਸ਼ਹੀਦ ਕਹਾਉਂਦੇ ਨੇ

■■■

ਭਾਈ ਦੇਵਾ ਸਿੰਘ ਜੀ (ਸੰਤ ਗੁਫਾ ਵਾਲੇ)

ਗੁਰੂ ਸਾਹਿਬ ਨੇ ਸਮੁਚੀ ਮਾਨਵਤਾ ਨੂੰ ਇਕ ਅਕਾਲ ਪੁਰਖ ਨਾਲ ਜੋੜਨ ਅਤੇ ਸਰਬਤ ਦੇ ਭਲੇ ਦੇ ਸਿਧਾਂਤ 'ਚ ਪ੍ਰਪੱਕ ਕਰਨ ਲਈ, ਸੰਘਰਸ਼ ਮਈ ਜੀਵਨ ਬਤੀਤ ਕੀਤਾ ਅਤੇ ਸਚ ਹੱਕ ਦੇ ਪ੍ਰਚਾਰ ਲਈ ਕਈ ਵੱਡੀਆਂ ਇਨਕਲਾਬੀ ਫ਼ੇਰੀਆਂ ਕੀਤੀਆਂ। ਇਸ ਸੰਘਰਸ਼ ਵਿੱਚ ਉਨ੍ਹਾਂ ਨੇ ਸਫ਼ਲਤਾ ਹਾਸਲ ਕੀਤੀ। ਸਮਾਜ ਵਿੱਚ ਜ਼ਬਰਦਸਤ ਤਬਦੀਲੀ ਦਿਖਾਈ ਦਿਤੀ। ਭੂਮੀਏ ਚੋਰ ਤੋਂ ਸੱਜਣ ਠੱਗ ਵਰਗੇ ਕਾਤਲਾਂ ਤੱਕ ਬਾਬਰ ਵਰਗੇ ਦੇਸ਼ ਦੇ ਹਾਮ ਤੋਂ ਮਲਕ ਭਾਗੋ ਵਰਗੇ ਵਜ਼ੀਰਾਂ ਤੱਕ ਸਾਰੇ, ਗੁਰੂ ਸਾਹਿਬ ਦੇ ਸ਼ਮਸ਼ੀਰ ਵਰਗੇ ਸ਼ਬਦਾਂ ਨਾਲ ਜ਼ਖਮੀ ਹੋ ਗਏ ਅਤੇ ਧੌਣ ਨੀਵੀਂ ਕਰਕੇ ਅਪਣੇ ਗੁਨ੍ਹਾਵਾਂ ਤੋਂ ਤੋਬਾ ਕੀਤੀ ਤੇ ਬਾਬੇਦੇ ਸਿਧਾਂਤਾਂ ਉਤੇ ਤੁਰਨ ਦਾ ਯਤਨ ਕਰਣ ਲਗ ਪਏ।

ਮਨੁੱਖ ਦਾ ਸ਼ੁਰੂ ਤੋਂ ਹੀ ਸੁਭਾ ਰਿਹਾ ਹੈ ਕਿ ਉਹ ਕਿਸੇ ਦਰਵੇਸ਼ ਜਾਂ ਰੱਬ ਦੇ ਪਿਆਰੇ ਵੱਲੋਂ ਵੰਡੇ ਗਏ ਸਿਧਾਂਤਾਂ ਤੋਂ ਸੇਧ ਲੈ ਕੇ ਰੱਬ ਨਾਲ ਨਹੀਂ ਜੁੜਦਾ, ਜਦੋਂ ਕਿ ਸਿਧਾਂਤ ਰੱਬ ਨਾਲ ਜੋੜਨ ਲਈ ਸੀ, ਇਸ ਦੇ ਉਲਟ ਸਿਧਾਂਤ/ਉਪਦੇਸ਼ ਦੇਣ ਵਾਲੇ ਸਰੀਰ ਨਾਲ ਜਾਂ ਉਸ ਦੇ ਧੜੇ (ਡੇਰੇ-ਸੰਸਥਾ) ਨਾਲ ਜੁੜ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਅਪਣੇ ਨਾਲ ਨਾਲ ਅਪਣੇ ਉਸ ਸੰਤ, ਭਾਈ ਸਾਹਿਬ, ਬਾਬੇ ਜਾਂ ਪ੍ਰਚਾਰਕ ਨੂੰ ਵੀ ਰੱਬ ਦਾ ਸ਼ਰੀਕ ਬਣਾ ਕੇ ਵੱਡੀ ਭੁੱਲ ਦਰ ਭੁੱਲ ਕਰੀ ਜਾਂਦਾ ਹੈ। ਅੱਜ ਵੀ ਲੋਕ ਕਈ ਗੁਰੂਆਂ, ਸੰਤਾਂ, ਸਿੰਘਾਂ ਜਾਂ ਧੜਿਆਂ ਦੇ ਗੁਰਦੁਆਰਿਆਂ ਲਈ ਸਿੱਖ ਸਿਧਾਂਤਾਂ ਨੂੰ ਛਿਕੇ ਟੰਗ ਦੇਂਦੇ ਹਨ। ਜਦੋਂ ਕਿ ਗੁਰਮਤਿ ਦੇ ਧਾਰਨੀਆਂ ਨੇ ਸਮਾਜ ਨੂੰ ਇਨਸਾਨੀ ਫ਼ਰਜ਼ਾਂ ਵਿੱਚ ਦ੍ਰਿੜ ਕਰਨਾ ਸੀ, ਪਰ ਸਮੁੱਚੀ ਮਾਨਵਤਾ ਸਰਬਤ ਦਾ ਭਲਾ ਤਾਂ ਦੂਰ ਇਥੇ ਤਾਂ ਸਿੱਖ ਸਿੱਖ ਦੀ ਪੱਗ ਉਾਰਨ ਅਤੇ ਸੀਨੇ 'ਚ ਖੰਜਰ ਘੋਪਣ ਤੋਂ ਸੰਕੋਚ ਨਹੀਂ ਕਰ ਰਿਹਾ ਅਤੇ ਕਰ ਵੀ ਉਨ੍ਹਾਂ ਗੁਰਮੁਖਾਂ ਅਤੇ ਸੰਤਾਂ ਦੇ ਨਾਂ ਤੇ ਰਿਹਾ ਹੈ, ਜੋ ਮਨੁੱਖਤਾ ਅਤੇ ਕੌਮੀ ਹਿੱਤਾਂ ਲਈ ਜੀਣਾ ਮਰਨਾ ਲੋਚਦੇ ਸਨ। ਇਸ ਤਰਾਂ ਦੀ ਇਕ ਵੱਡੀ ਸ਼ਖਸੀਅਤ ਸੀ, ਸੰਤ ਭਾਈ ਦੇਵਾ ਸਿੰਘ ਜੀ ਜੋ ਸਰਬਤ ਦੇ ਭਲੇ ਲਈ ਅਤੇ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਸ਼ਹੀਦ ਹੋ ਗਏ। ਜਿਨ੍ਹਾਂ ਦੇ ਨਾਂ ਤੇ ਉਸਰ ਰਹੇ ਯਾਦਗਾਰੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਤੇ ਅੱਜ ਚੌਧਰਤਾ ਦੇ ਭੁੱਖੇ ਸਿੱਖ ਨਿਤ ਨਵਾਂ ਤਮਾਸ਼ਾ ਖੜ੍ਹਾ ਕਰ ਰਹੇ ਹਨ। ਗੁਰਸਿੱਖ ਗਰੀਬੜਿਆਂ ਦੀ ਜ਼ਮੀਨਾਂ ਮਕਾਨ ਜਬਰਨ ਮਲਕ ਭਾਗੋ ਵਾਂਗ ਖੋਹ ਕੇ ਭਾਈ ਦੇਵਾ ਸਿੰਘ ਸ਼ਹੀਦ ਦੇ ਨਾਂ ਤੇ ਕਰਨਾ ਚਾਹੁੰਦੇ ਹਨ, ਜੋ ਦੂਜਿਆਂ ਦਾ ਹੱਕ ਦਿਲਾਉਣ ਲਈ ਪ੍ਰਚਾਰ ਕਰਦਾ ਰਿਹਾ। ਉਸ ਗੁਰੂ ਦੇ ਨਾਂ ਕਰਨਾ ਚਾਹੁੰਦੇ ਹਨ ਜੋ ਗਰੀਬ ਨਿਵਾਜ ਤੇ

ਨਿਤਾਣਿਆਂ ਦਾ ਤਾਣ ਨਿਆਸਰਿਆਂ ਦਾ ਆਸਰਾ ਹੈ। ਅਫ਼ਸੋਸ!

ਗੁਰੂ ਅਤੇ ਗੁਰੂ ਦੇ ਸਿੱਖ ਮਨੁੱਖਾਂ ਅਤੇ ਸਿੱਖਾਂ ਨੂੰ ਜੋੜਨ ਲਈ ਜੀਵਨ ਦੀ ਘਾਲਣਾ ਕਰ ਗਏ, ਫਿਰ ਇਹ ਸਿੱਖਾਂ ਨੂੰ ਤੋੜਨ ਵਾਲੇ ਕੌਣ ਹਨ? ਜੋ ਸਮੁਚੇ ਗੁਰਦੁਆਰਾ ਪ੍ਰਬੰਧ ਨੂੰ ਦੁਨੀਆਂ ਭਰ ਵਿੱਚ ਬਦਨਾਮ ਕਰ ਰਹੇ ਹਨ, ਜੋ ਸ਼ਹੀਦ ਦੀ ਸ਼ਹਾਦਤ ਨੂੰ ਨਿਲਾਮਕਰ ਰਹੇ ਹਨ। ਜੋ ਗੁਰਦੁਆਰਿਆਂ ਨੂੰ ਵਪਾਰ ਦਾ ਕੇਂਦਰ ਬਣਾ ਰਹੇ ਹਨ? ਸਾਡਾ ਵਿਸ਼ਾ ਸ਼ਹੀਦੀ ਹੈ। ਆਓ ਇਸ ਲਈ ਭਾਈ ਦੇਵਾ ਸਿੰਘ ਜੀ ਦੇ ਜੀਵਨ ਅਤੇ ਸ਼ਹੀਦੀ ਬਾਰੇ ਗੱਲ ਤੋਰੀਏ। ਸੰਤ ਭਾਈ ਦੇਵਾ ਸਿੰਘ ਜੀ ਦਾ ਜਨਮ ਸ੍ਰ ਮੰਨਾ ਸਿੰਘ ਜੀ ਦੇ ਘਰ ਚਕੋਠੀ (ਅਜੋਕਾ) ਪਾਕਿਸਤਾਨ ਵਾਲਾ ਕਸ਼ਮੀਰ ਜ਼ਿਲਾ ਮੁਜ਼ਫਰਾਬਾਦ ਵਿਖੇ ਹੋਇਆ। ਆਪ ਜੀ ਪੰਜ ਭੈਣ ਭਰਾ ਸਨ ਤੇ ਆਪ ਜੀ ਦਾ ਸੁਭਾਅ ਸ਼ਾਂਤ ਤੇ ਵੈਰਾਗ ਮਈ ਸੀ। ਭਾਈ ਦੇਵਾ ਸਿੰਘ ਜੀ ਇਸੇ ਸੁਭਾਅ ਕਰਕੇ ਇਕ ਦਿਨ ਕੁਝ ਸਾਧੂਆਂ ਨਾਲ ਬਿਨਾ ਕੁਝ ਦਸਿਆਂ ਘਰੋਂ ਚਲਾ ਗਏ ਅਤੇ ਹਰੀਦੁਆਰ, ਕਾਂਸ਼ੀ, ਬਨਾਰਸ ਆਦਿ ਵੱਲ ਵਿਚਰ ਕੇ ਧਰਮਾਂ ਦੇ ਅਦਿਆਪਨ 'ਚ ਲੱਗੇ ਰਹੇ, ਫਿਰ ਕੁਝ ਸਮਾਂ ਪਹਾੜੀ ਤੇ ਜੰਗਲੀ ਜੜੀ ਬੂਟੀਆਂ ਦੀ ਦਵਾ ਤਿਆਰ ਕਰਨ (ਹਕੀਮ ਦੇ ਕੰਮ) ਦੀ ਜਾਚ ਸਿੱਖੀ ਅਤੇ ਗੁਰਬਾਣੀ ਤੇ ਗੁਰਬਾਣੀ ਰਾਗ ਸਿੱਖ ਕੇ ਤਕਰੀਬਨ 21-22 ਸਾਲ ਬਾਅਦ ਵਾਪਸ ਘਰ ਪਰਤੇ ਸਨ। ਫਿਰ ਆਪ ਜੀ ਦੀ ਮੁਲਾਕਾਤ ਸੰਤ ਕਿਸ਼ਨ ਸਿੰਘ ਜੀ ਨਾਲ ਹੋਈ ਜੋ ਇਕ ਡੇਰੇ ਗੁਫ਼ਾ ਵਾਲਾ ਦੇ ਮੁਖੀ ਸਨ, ਡੇਰੇ ਦਾ ਨਾਮ ਗੁਫ਼ਾ ਵਾਲਾ ਤਾਂ ਕਿਹਾ ਜਾਂਦਾ ਸੀ ਕਿਉਂ ਕਿ ਡੇਰਾ ਦਰਿਆ ਕਿਸ਼ਨ ਗੰਗਾ ਦੇ ਨੇੜੇ ਪਹਾੜੀ ਚਟਾਨਾਂ ਦੇ ਵਿੱਚ ਘਣੀ ਹਰਿਆਵਲੀ ਵਾਲੇ ਸਥਾਨ ਤੇ ਸੀ। ਜੋ ਗੁਫ਼ਾ ਵਰਗੀ ਲਗਦੀ ਸੀ। ਭਾਈ ਕਿਸ਼ਨ ਸਿੰਘ ਜੀ ਬਾਈ ਦੇਵਾ ਸਿੰਘ ਨੂੰ ਅਪਣੇ ਨਾਲ ਪ੍ਰਚਾਰ ਲਈ ਡੇਰੇ ਲੈ ਗਏ ਤੇ ਉਨ੍ਹਾਂ ਦੀ ਹਜ਼ਾਰਾ ਪੁਣਛ ਮੁਜ਼ਫਰਾਬਾਦ ਕਸ਼ਮੀਰ ਆਦਿ ਸਥਾਨਾਂ ਵੱਲ ਪ੍ਰਚਾਰ ਦੀ ਸੇਵਾ ਲਗਾ ਦਿੱਤੀ ਤੇ ਅਪਣੀ ਬੇਟੀ ਪ੍ਰਦੁਮਣ ਕੌਰ ਦਾ ਅਨੰਦ ਕਾਰਜ ਵੀ ਭਾਈ ਦੇਵਾ ਸਿੰਘ ਜੀ ਦੇ ਨਾਲ ਕਰਵਾ ਦਿੱਤੀ। ਭਾਈ ਦੇਵਾ ਸਿੰਘ ਜੀ ਸੰਗਤਾਂ ਵਿੱਚ ਪਰਚਾਰ ਤੇ ਹਥੀਂ ਲੰਗਰ ਪਕਾਉਣ ਤੇ ਵਰਤਾਉਣ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਕੁਝ ਸਮੇਂ ਬਾਅਦ ਭਾਈ ਕਿਸ਼ਨ ਸਿੰਘ ਜੀ ਨੇ ਭਾਈ ਦੇਵਾ ਸਿੰਘ ਨੂੰ ਅਪਣੀ ਥਾਂ ਤੇ ਡੇਰੇ ਦਾ ਮੁਖੀ ਨਿਯੁਕਤ ਕਰ ਦਿੱਤਾ। ਉਧਰ 1947 ਦੀ ਵੰਡ ਨੇ ਦੇਸ਼ ਦੇ ਹਲਾਤ ਚਿੰਤਾ ਜਨਕ ਬਣਾ ਦਿਤੇ ਸਨ। ਭਾਈ ਦੇਵਾ ਸਿੰਘ ਜੀ ਸੰਗਤਾਂ ਨੂੰ ਸੁਚੇਤ ਰਹਿਣ ਲਈ ਫ਼ੇਰੀਆਂ ਕਰਦੇ ਬੈਠਕਾਂ ਕਰਦੇ ਰਹੇ ਕਿ ਇਕ ਦਿਨ 22 ਅਕਤੂਬਰ 1947 ਨੂੰ ਡੇਰੇ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਇਕੱਠੀਆਂ ਹੋ ਕੇ ਹਾਲਾਤਾਂ ਦੇ ਮਦੇ-ਨਜ਼ਰ ਪ੍ਰੋਗਰਾਮ ਉਲੀਕ ਰਹੀਆਂ ਸਨ, ਜਦੋਂ ਕਬਾਇਲੀਆਂ ਦਾ ਕਾਤਲ ਟੋਲਾ ਵੱਡੀ ਗਿਣਤੀ, ਵੱਡੇ ਤੇ ਮਾਰੂ ਹਥਿਆਰਾਂ ਨਾਲ ਆ ਪੁੱਜਾ ਅਤੇ ਉਸ ਨੇ ਸੰਗਤਾਂ ਤੇ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ। ਤਾਬਿਆ ਬੈਠੇ ਭਾਈ ਦੇਵਾ ਸਿੰਘ (ਸੰਤ ਜੀ) ਗੋਲੀਆਂ ਨਾਲਛਣਨੀ ਛਣਨੀ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਉਤੇ ਹੀ

ਡਿਗੇ ਤੇ ਸ਼ਹੀਦ ਹੋ ਗਏ।

ਬੀਬੀ ਨੰਦ ਕੌਰ ਜੀ ਦੀ ਗੋਦ ਵਿੱਚ ਲਈ ਹੋਈ ਭਾਈ ਦੇਵਾ ਸਿੰਘ ਜੀ ਦੀ ਬੇਟੀ ਵੀ ਗੋਲੀਆਂ ਨਾਲ ਨੰਦ ਕੌਰ ਜੀ ਦੇ ਨਾਲ ਹੀ ਦਮ ਤੋੜ ਗਈ। ਬੀਬੀ ਪ੍ਰਦੁਮਨ ਕੌਰ ਤੇ ਵੱਡੀ ਗਿਣਤੀ ਵਿੱਚ ਸੰਗਤ ਫ਼ੱਟੜ ਹੋ ਗਈ ਤੇ ਭਾਈ ਕਿਸ਼ਨ ਸਿੰਘ (ਸੰਤ ਜੀ) ਸਮੇਤ ਭਾਈ ਪਿਆਰਾ ਸਿੰਘ ਜੈਲਦਾਰ ਗਿਆਨ ਸਿੰਘ ਭਾਈ ਖਜ਼ਾਨ ਸਿੰਘ ਆਦਿ ਵੱਡਾ ਜਥਾ ਸ਼ਹੀਦ ਹੋ ਗਿਆ। ਅੱਜ 65 ਸਾਲਾਂ ਤੋਂ ਅਸੀਂ ਕੌਮੀ ਨੁਕਸਾਨ ਲਈ ਕਬਾਇਲੀਆਂ ਦਾ ਪਿੱਟ ਸਿਆਪਾ ਕਰਦੇ ਆ ਰਹੇ ਹਾਂ। ਪਰ ਮਾਫ਼ ਕਰਨਾਂ ਕੌਮਾਂ ਲਈ ਸਰੀਰਾਂ ਦੇ ਮਰਣ ਤੇ ਨੁਕਸਾਨ ਘਟ ਹੁੰਦਾ ਹੈ ਪਰ ਜ਼ਮੀਰ ਦੇ ਮਰਣ ਨਾਲ ਕੌਮਾਂ ਅਪਣੇ ਸਿਧਾਂਤ ਅਪਣੇ ਵਜੂਦ ਤੋਂ ਟੁੱਟ ਜਾਂਦੀਆਂ ਹਨ ਇਹੋ ਹਲੂਣਾ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਦਿਆ ਕਰਦੇ ਸਨ।ਅੱਜ ਜੋ ਅਖੌਤੀ ਸਿੱਖ ਕੌਮ ਨੂੰ ਮੁਜ਼ਫ਼ਰਾਬਾਦੀ, ਪੁੱਣਛ,ਕਸ਼ਮੀਰੀ, ਲੋਬਾਣੇ, ਜੱਟ ਆਦਿ ਜ਼ਾਤ ਤੇ ਇਲਾਕਾਈ ਵੰਡ ਵਿੱਚ ਵੰਡ ਰਹੇ ਹਨ, ਉਹ ਜਿਥੇ ਗੁਰੂਆਂ ਦੀ ਮਹਾਨ ਕੁਰਬਾਨੀ ਤੇ ਸਿਧਾਂਤਾਂ ਨੂੰ ਰੌਂਦ ਰਹੇ ਹਨ ਉਥੋਂ ਹੀ ਜਿਨ੍ਹਾਂ ਸ਼ਹੀਦਾਂ ਦੀ ਅਸੀਂ ਗੱਲ ਕਰ ਰਹੇ ਹਾਂ ਉਨ੍ਹਾਂ ਦੇ ਕੀਤੇ ਪ੍ਰਚਾਰ ਨੂੰ ਵੀ ਅਣਗੌਲਿਆ ਕਰ ਰਹੇ ਹਨ। ਇਸ ਤਰ੍ਹਾਂ ਗੁਰੂਆਂ ਅਤੇ ਸੰਤਾਂ ਦੇ ਨਾਮ ਤੇ ਬਣੇ ਧਰਮ ਅਸਥਾਨਾਂ ਵਿੱਚ ਕੌਮ ਦੀਆਂ ਜੜ੍ਹਾਂ ਕੱਟਣ ਵਰਗੇ ਵਰਤਾਰੇ ਵਰਤਾ ਕੇ ਕੁਝ ਲੋਕ ਕਬਾਇਲੀਆਂ ਤੋਂ ਵੀ ਵੱਡਾ ਕੌਮੀ ਨੁਕਸਾਨ ਕਰ ਰਹੇ ਹਨ। ਜਿਨ੍ਹਾਂ ਤੋਂ ਕੌਮ ਨੂੰ ਪੂਰੀ ਤਰ੍ਹਾਂ ਸੁਚੇਤ ਹੋ ਜਾਣਾ ਚਾਹੀਦਾ ਹੈ। ਏਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

■■■

ਸਿੱਖੋ ਯਾਦ ਕਰੋ ਤੁਸੀਂ ਕਦੀ ਇਸ ਰਿਆਸਤ ਤੇ ਰਾਜ ਕਰਦੇ ਸੀ...

ਸ਼ਹੀਦ ਭਾਈ ਘਨੱਈਆ ਸਿੰਘ ਜੀ 1879 ਤੋਂ 1947

ਭਾਰਤ ਦੇ ਇਤਿਹਾਸਕਾਰਾਂ ਅਤੇ ਸਰਕਾਰਾਂ ਨੇ ਜਿਵੇਂ ਸਿੱਖ ਕੌਮ ਦਾ ਬਣਦਾ ਸਤਿਕਾਰ ਉਨ੍ਹਾਂ ਨੂੰ ਭਾਰਤੀ ਇਤਿਹਾਸ ਵਿਚ ਨਹੀਂ ਦਿੱਤਾ। ਉਸੇ ਤਰ੍ਹਾਂ ਮਨੂੰਵਾਦੀ ਅਖੌਤੀ ਕਲਮਾਂ ਅਤੇ ਆਗੂਆਂ ਨੇ ਪੰਜਾਬ ਤੋਂ ਬਾਹਰ ਵਸਦੇ ਪੰਥ ਖਾਲਸਾ ਦੇ ਵੱਡੇ ਹਿਸੇ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਸ਼ਹਾਦਤਾਂ ਇਥੋਂ ਤਕ ਕਿ ਆਦਰਸ਼ੀ ਆਗੂਆਂ ਦੇ ਜੀਵਨ ਗਾਥਾਵਾਂ ਨੂੰ ਹਮੇਸ਼ਾ ਅਣਗੌਲਿਆਂ ਕੀਤਾ ਹੈ। ਜਿਸ ਦੀ ਮੁੱਖ ਵਜਾ ਜੇ ਅਸੀਂ ਜਾਤ-ਪਾਤ, ਇਲਾਕਾ ਵਾਦੀ ਸੋਚ ਅਤੇ ਜੱਟਵਾਦ ਨੂੰ ਮੰਨੀਏ ਤਾਂ ਬਿਹਤਰ ਹੋਵੇਗਾ। ਉਥੇ ਹੀ ਇਹ ਸਪੱਸ਼ਟ ਕਰਨਾ ਵੀ ਇਥੇ ਜ਼ਰੂਰੀ ਹੈ ਕਿ ਐਸੀ ਸੋਚ ਕਿਸੇ ਸਿੱਖ ਦੀ ਨਹੀਂ ਹੋ ਸਕਦੀ। ਕਿਉਂਕਿ ਗੁਰੂ ਨਾਨਕ ਸਾਹਿਬ ਅਤੇ ਸ਼ਬਦ ਗੁਰੂ ਗ੍ਰੰਥ ਸਾਹਿਬ ਤਾਂ ਸਮੁੱਚੀ ਮਾਨਵਤਾ ਨੂੰ ਕਲਾਵੇ ਵਿਚ ਲੈਣ ਦੀ ਗਲ ਕਰਦੇ ਹਨ ਅਤੇ ਸਿੱਖ-ਸਿੱਖ ਨੂੰ ਹੀ ਸਵੀਕਾਰ ਨਾ ਕਰੇ ਤਾਂ ਫਿਰ ਉਸ ਨੂੰ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਦੇ ਸਿਧਾਂਤ ਵਾਲਾ ਸਿਖ ਕਿਵੇਂ ਮੰਨਿਆ ਜਾ ਸਕਦਾ ਹੈ?

ਇਸ ਸੌੜੀ ਸੋਚ ਦਾ ਹੀ ਨਤੀਜਾ ਕਿ ਸਿੱਖੀ, ਸਿੱਖ ਸੰਘਰਸ਼, ਸਿੱਖ ਹੋਮਲੈਂਡ, ਸਿੱਖੀ ਦੀ ਪਰਿਭਾਸ਼ਾ ਨੂੰ ਪੰਜਾਬ ਤੱਕ ਹੀ ਸੀਮਤ ਰੱਖਣ ਵਾਲੀ ਮਾਨਸਿਕਤਾ ਅਜ ਕੌਮ ਦੀ ਸਿਰਮੌਰ ਸੰਸਥਾਵਾਂ ਤੇ ਕਾਬਜ਼ ਹਨ। ਜਿਸ ਕਾਰਨ ਸਿੱਖਾਂ ਦਾ ਸੰਸਾਰ ਭਰ ਦੀਆਂ ਕੌਮਾਂ ਸਾਹਮਣੇ ਕਦ ਬੌਣਾ ਹੁੰਦਾ ਜਾ ਰਿਹਾ ਹੈ। ਆਓ ਹੁ ਗੁਜ਼ਰੇ ਲੀਡਰਾਂ ਸਾਹਮਣੇ ਅਜੋਕੇ ਆਗੂਆਂ ਦੀ ਪੜਚੋਲ ਕਰੀਏ। ਆਖਰ ਹੋਰ ਕੀ ਕਾਰਣ ਹੋ ਸਕਦੇ ਹਨ। ਗੱਲ ਕਰਨ ਲਗੇ ਹਾਂ ਕਸ਼ਮੀਰ ਦੇ ਸਮਾਜਿਕ, ਕੌਮੀ, ਰਾਜਨੀਤਕ, ਆਗੂ ਦੀ ਜੋ 1947 ਵਿਚ ਸਿੱਖਾਂ ਦਾ ਸ਼ਿਕਾਰ ਕਰਨ ਲਈ ਚੜ੍ਹ ਕੇ ਆਏ ਕਾਤਲ ਲਸ਼ਕਰ ਨੂੰ ਅਗੇ ਵਧਣ ਤੋਂ ਰੋਕਦਾ ਹੋਇਆ, ਸ਼ਹਾਦਤ ਪ੍ਰਾਪਤ ਕਰ ਗਿਆ। ਇਹ ਆਗੂ ਸੰਨ 1879 ਵਿਚ ਸ. ਗੋਕਲ ਸਿੰਘ ਦੇ ਘਰ ਪਿੰਡ ਕਾਨਲੀ ਬਾਗ ਬਾਰਾਮੁਲਾ (ਕਸ਼ਮੀਰ) ਵਿਚ ਪੈਦਾ ਹੋਇਆ ਜਿਸ ਦਾ ਨਾਮ ਘਨੱਈਆ ਸਿੰਘ ਰੱਖਿਆ ਗਿਆ। ਘਨੱਈਆ ਸਿੰਘ ਨੇ ਮਿਡਲ ਤਕ ਦੀ ਪੜ੍ਹਾਈ ਪ੍ਰਾਈਵੇਟ ਸਕੂਲ ਡੀ.ਏ.ਵੀ. (ਬਾਰਾਮੁੱਲਾ) ਤੋਂ ਪ੍ਰਾਪਤ ਕੀਤੀ ਅਤੇ ਫਿਰ ਕਾਫੀ ਸਮਾਂ ਰਾਜਨੀਤਕ, ਧਾਰਮਿਕ, ਕਿਤਾਬਾਂ, ਗ੍ਰੰਥਾਂ ਦਾ ਅਧਿਐਨ ਕਰਦਾ ਰਿਹਾ। ਕੁਝ ਸਾਲਾਂ 'ਚ ਘਨੱਈਆ ਸਿੰਘ ਇਕ ਵਧੀਆ ਧਾਰਮਿਕ ਤੇ ਰਾਜਨੀਤਿਕ ਆਗੂਆਂ ਵਾਲੀ ਸੋਝੀ ਦਾ

ਮਾਲਕ ਬਣ ਗਿਆ। ਫਿਰ ਕੰਮਕਾਜ ਲਈ ਰਾਵਲਪਿੰਡੀ ਦੀ ਇਮਪੀਰੀਅਲ ਕੈਰਿੰਗ ਕੰਪਨੀ (ਫਰਮ) ਵਿਚ ਨੌਕਰੀ ਕਰਣ ਲੱਗ ਪਿਆ। ਘਨੱਈਆ ਸਿੰਘ ਦੇ ਪਿਤਾ ਸ. ਗੋਕਲ ਸਿੰਘ ਗੁਰਦੁਆਰਾ ਸੁਧਾਰ ਲਹਿਰ ਦੇ ਸਰਗਰਮ ਸੇਵਾਦਾਰ ਵਜੋਂ ਜਾਣੇ ਜਾਂਦੇ ਸਨ। ਗੋਕਲ ਸਿੰਘ ਜੀ ਨੇ ਆਪਣੇ ਬੇਟੇ ਦਾ ਅਨੰਦ ਕਾਰਜ ਕਰਵਾ ਦਿੱਤਾ, ਜਿਸ ਨੂੰ ਕੁਝ ਲੋਕ ਕਸ਼ਮੀਰ ਦਾ ਪਹਿਲਾ ਗੁਰਮਤਿ ਅਨੁਸਾਰੀ ਅਨੰਦ ਕਾਰਜ ਵੀ ਮੰਨਦੇ ਹਨ।

ਅਨੰਦ ਕਰਾਜ ਤੋਂ ਬਾਅਦ ਘਨੱਈਆ ਸਿੰਘ ਜੀ ਨੇ ਆਪਣਾ ਕਾਰੋਬਾਰ ਆਰੰਭ ਕਰ ਲਿਆ ਤੇ ਉਹ ਰਾਵਲਪਿੰਡੀ ਤੋਂ ਕਸ਼ਮੀਰ ਆ ਗਏ। ਘਨੱਈਆ ਸਿੰਘ ਕਸ਼ਮੀਰ ਦੇ ਸਿੱਖਾਂ ਨਾਲ ਡੋਗਰਾ ਫੌਜ ਵੱਲੋਂ ਕੀਤੇ ਜਾਂਦੇ ਵਿਤਕਰੇ ਤੋਂ ਬੜੇ ਪ੍ਰੇਸ਼ਾਨ ਹੁੰਦੇ। ਸਿੱਖਾਂ 'ਚ ਫੈਲਾਈ ਗਈ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਕਾਰਣ ਜਦੋਂ ਸੜਕਾਂ ਤੇ ਸਿੱਖਾਂ ਨੂੰ ਪੱਥਰ ਕੁਟਦੇ ਮਜ਼ਦੂਰੀ ਕਰਦੇ ਵੇਖਦੇ ਤਾਂ ਉਨ੍ਹਾਂ ਅੰਦਰ ਕੌਮ ਲਈ ਕੁਝ ਕਰ ਗੁਜ਼ਰਨ ਦਾ ਚਾਹ ਪੈਂਦਾ ਹੁੰਦਾ। ਯਾਦ ਰਹੇ ਕਿ ਸਿੱਖਾਂ ਅੰਦਰੋਂ ਰਾਜ ਕਰੇਗਾ ਖ਼ਾਲਸਾ, ਦੀ ਭਾਵਨਾ ਨੂੰ ਖਤਮ ਕਰਨ ਅਤੇ ਸਿੱਖਾਂ ਨੂੰ ਧਾਰਮਿਕ, ਰਾਜਨੀਤਕ, ਸਮਾਜਕ, ਆਰਥਕ, ਪੱਖੋਂ ਨੇਸਤੋ ਨਬੂਦ ਕਰ ਦੇਣ ਲਈ ਸਿੱਖਾਂ ਨੂੰ ਸਰਕਾਰੀ ਨੌਕਰੀਆਂ ਨਹੀਂ ਸਨ ਦਿੱਤੀਆਂ ਜਾਂਦੀਆਂ ਡੋਗਰਾਸ਼ਾਹੀ ਦੇ ਹੁਕਮਾਂ ਤਹਿਤ ਹੀ ਸਿੱਖਾਂ ਦੀ ਫੌਜ 'ਚ ਭਰਤੀ ਕਰਣ ਤੇ ਸਖਤ ਪਾਬੰਦੀ ਸੀ। ਸਿੱਖਾਂ ਨੂੰ ਸਕੂਲਾਂ ਤੋਂ ਦੂਰ ਰੱਖਿਆ ਜਾਂਦਾ ਸੀ। ਇਸੇ ਲਈ ਡੋਗਰਾ ਰਾਜ ਦੀ ਸਥਾਪਨਾ ਹੁੰਦਿਆਂ ਹੀ ਸਿੱਖਾਂ ਨੂੰ ਸ਼ਹਿਰਾਂ 'ਚੋਂ ਉਜਾੜ ਕੇ ਦੂਰ-ਦੂਰ ਜੰਗਲਾਂ-ਪਹਾੜਾਂ ਜਿਥੇ ਪਾਣੀ, ਬਿਜਲੀ, ਸੜਕਾਂ, ਆਦਿ ਦਾ ਨਾਮੋ ਨਿਸ਼ਾਨ ਤੱਕ ਨਹੀਂ ਸੀ ਮਿਲਦਾ, ਉਥੇ ਵਸਾ ਦਿੱਤਾ ਗਿਆ, ਇਸੇ ਤਰ੍ਹਾਂ 1947 ਵਿਚ ਜੰਮੂ 'ਚ ਆਬਾਦ ਹੋਏ ਸਿੱਖਾਂ ਨਾਲ ਕੀਤਾ ਗਿਆ, ਸਿੱਖਾਂ ਦੀਆਂ ਬਸਤੀਆਂ-ਕੈਂਪਾਂ 'ਚ ਨਸ਼ੇ, ਸਮਗਲਿੰਗ, ਗੈਰ ਕਾਨੂੰਨੀ ਘੁਸਪੈਠ ਕਰਵਾ ਦਿੱਤੀ ਗਈ 65 ਸਾਲ ਬੀਤਣ ਤੇ ਵੀ ਕਈ ਕੈਂਪਾਂ ਦੀ ਅੱਜ ਵੀ ਉਹੀ ਹਾਲਤ ਹੈ।

ਸ. ਘਨੱਈਆ ਸਿੰਘ ਛੋਟੀ-ਛੋਟੀ ਗਤੀਵਿਧੀਆਂ ਕਰਦਾ ਸਿਆਸੀ ਪਿੜ ਦਾ ਖਿਡਾਰੀ ਬਣਦਾ ਜਾ ਰਿਹਾ ਸੀ। ਘਨੱਈਆ ਸਿੰਘ ਪੰਜਾਬ ਅਤੇ ਜੰਮੂ-ਕਸ਼ਮੀਰ ਦੀ ਧਾਰਮਿਕ ਤੇ ਰਾਜਨੀਤਕ ਲਹਿਰ 'ਚ ਵੱਧ ਚੜ੍ਹ ਕੇ ਸ਼ਾਮਲ ਹੁੰਦਾ ਰਿਹਾ। ਭਾਈ ਕਪੂਰ ਸਿੰਘ ਜਥੇਦਾਰ ਮਹਾਤਮਾ ਸ. ਬੁੱਧ ਸਿੰਘ ਤਿਆਗੀ, ਸੰਤ ਸਿੰਘ ਤੇਗ ਆਦਿ ਆਗੂਆਂ ਨਾਲ ਵੀ ਹਰ ਸਰਗਰਮੀ ਵਿਚ ਸਹਿਯੋਗ ਕਰਦਾ, 1938 ਵਿਚ ਕਸ਼ਮੀਰ ਵਿਚ ਡੋਗਰਾਸ਼ਾਹੀ ਵਿਰੁੱਧ ਲਹਿਰ ਆਰੰਭ ਹੋਈ ਜੋ ਨੈਸ਼ਨਲ ਕਾਨਫਰੰਸ ਦੇ ਰੂਪ ਵਿਚ ਸਿਆਸੀ ਪਾਰਟੀ ਬੱਨ ਕੇ ਉਭਰੀ, ਜਿਸ ਦੇ ਸ. ਘਨੱਈਆ ਸਿੰਘ ਜੀ ਕਸ਼ਮੀਰੀ ਸਿੱਖਾਂ ਦੇ ਸਰਗਰਮ ਆਗੂ ਤੇ ਕਾਨਫਰੰਸ ਦੇ ਲੀਡਰ ਬਣ ਕੇ ਉਭਰੇ। ਆਪ ਜੀ ਨੇ ਕਈ ਕੌਮੀ ਜਾਗ੍ਰਿਤੀ ਦੇ ਪ੍ਰੋਗਰਾਮ ਆਰੰਭ ਕੀਤੇ ਸਿੱਖਾਂ ਉਤੇ ਹੋ ਰਹੀਆਂ ਜ਼ਿਆਦਤੀਆਂ ਤੇ ਗੁਰਦੁਆਰਿਆਂ ਅੰਦਰ ਦਾਖਲ ਹੋ ਰਹੀ ਡੋਗਰਾ ਤੇ ਬ੍ਰਾਹਮਣੀ ਤਾਕਤਾਂ ਨੂੰ ਚੁਣੌਤੀ ਦਿੱਤੀ, ਉਨ੍ਹਾਂ ਦੀ ਕਈ ਇਤਿਹਾਸਕ ਤਕਰੀਰਾਂ ਪ੍ਰੋ. ਸੇਵਾ ਸਿੰਘ ਜੀ ਨੇ ਆਪਣੀ ਲਿਖਤਾਂ ਵਿਚ ਸਾਂਭ ਕੇ

ਰੱਖੀਆਂ ਹਨ ਜਿਵੇਂ ਕਿ -

"ਖਾਲਸਾ ਜੀ, ਤੁਸੀਂ ਕਿਸੇ ਸਮੇਂ ਇਸ ਰਿਆਸਤ ਤੇ ਰਾਜ ਕਰਦੇ ਸੋ ਤੁਸੀਂ ਜਗੀਰਾਂ ਦੇ ਮਾਲਕ ਸੀ, ਅਤੇ ਵੱਡੇ ਤੇ ਉਚੇ ਅਹੁਦਿਆਂ ਤੇ ਨਿਯੁਕਤ ਹੁੰਦੇ ਸੀ। ਪਰ ਹੁਣ ਤੁਹਾਡੀ ਹਾਲਤ ਇੰਨੀ ਪਛੜੀ ਹੋਈ ਕਿਉ ਹੈ? ਇਹਦਾ ਤੁਹਾਨੂੰ ਅਹਿਸਾਸ ਹੋਣਾ ਚਾਹੀਦਾ ਹੈ.... ਜਦੋਂ ਮਹਾਰਾਜੇ ਰਣਜੀਤ ਸਿੰਘ ਨੇ ਡੋਗਰਾ ਖ਼ਾਨਦਾਨ ਨੂੰ ਖ਼ਾਲਸਾ ਰਾਜ ਦੇ ਪ੍ਰਬੰਧ ਅੰਦਰ ਦਾਖਲ ਕੀਤਾ ਸੀ ਉਦੋਂ ਸਰਕਾਰ "ਹਰੀ ਸਿੰਘ ਜੀ ਨਲੂਆ, ਸ. ਸ਼ਾਮ ਸਿੰਘ ਜੀ ਅਟਾਰੀ, ਬਾਬਾ ਅਕਾਲੀ ਫੂਲਾ ਸਿੰਘ ਜੀ ਆਦਿ ਜਰਨੈਲਾਂ ਨੇ ਰਣਜੀਤ ਸਿੰਘ (ਮਹਾਰਾਜੇ) ਨੂੰ ਸੱਪਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ ਤੁਸੀਂ ਇਹ ਬਹੁਤ ਵੱਡੀ ਭੁਲ ਕਰਣ ਲਗੇ ਹੋ। ਆਖਰ ਮਹਾਰਾਜੇ ਨੇ ਗਲਤੀ ਕੀਤੀ ਤੇ ਨਤੀਜਾ ਮਹਾਰਾਜੇ ਦੇ ਖਾਨਦਾਨ ਸਮੇਤ ਸਮੁੱਚੀ ਕੌਮ ਨੇ ਭੁਗਤਿਆ।"

ਭਾਈ ਘਨੱਈਆ ਸਿੰਘ ਰਿਆਸਤ ਦੇ ਸਿੱਖਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਚਿੰਤਤ ਤੇ ਚੇਤੰਨ ਭੂਮਿਕਾ ਨਿਭਾਅ ਰਹੇ ਸਨ, ਘਨੱਈਆ ਸਿੰਘ ਵੱਲੋਂ ਬਾਰਾਮੁੱਲੇ ਗੁਰਦੁਆਰੇ ਦੀ ਜ਼ਮੀਨ ਉਤੇ ਬੋਰਡਿੰਗ ਸਕੂਲ ਖੋਲਿਆ ਗਿਆ, ਜਿਥੇ ਸਿੱਖ ਬੱਚਿਆਂ ਨੂੰ ਵਿਦਿਅਕ ਖੇਤਰ ਵਿਚ ਅਗੇ ਲਾਉਣ ਲਈ ਯਤਨ ਕੀਤੇ ਜਾਂਦੇ ਰਹੇ, ਵੱਡੀ ਗਿਣਤੀ ਵਿਚ ਸਿੱਖ ਨੌਜਵਾਨ ਇਥੋਂ ਵਿਦਿਆ ਹਾਸਲ ਕਰਕੇ ਕਾਲਜਾਂ ਤੱਕ ਪੁੱਜੇ, ਇਸ ਸਕੂਲ ਦੀ ਉਸਾਰੀ ਲਈ ਚੀਫ਼ ਖਾਲਸਾ ਦੀਵਾਨ ਦੇ ਸ. ਗੁਰਮੁਖ ਸਿੰਘ ਇੰਜੀਨੀਅਰ ਸ. ਦਮੋਦਰ ਸਿੰਘ ਇੰਜੀਨੀਅਰ, ਸ. ਤੀਰਥ ਸਿੰਘ ਵੱਲੋਂ ਵੀ ਮੱਦਦ ਕੀਤੀ ਗਈ। ਸ. ਘਨੱਈਆ ਸਿੰਘ ਬੱਚਿਆਂ ਦੀਆਂ ਕਲਾਸਾਂ ਲਾ ਕੇ ਜਿਥੇ ਵਿਦਿਅਕ, ਗੁਰਮਤਿ ਦੀ ਪੜ੍ਹਾਈ ਪੜਾਉਂਦੇ ਉਥੇ ਹੀ ਉਨ੍ਹਾਂ ਨੂੰ ਗੁਰਦੁਆਰੇ ਮਹੰਤਾਂ ਤੋਂ ਅਜ਼ਾਦ ਕਰਵਾਉਣ ਤੋਂ ਬਾਅਦ ਕਮੇਟੀਆਂ ਨੂੰ ਕਿਵੇਂ ਚਲਾਣਾ ਹੁੰਦਾ ਹੈ, ਉਸ ਦੀ ਸਿਖਲਾਈ ਦਿੱਤੀ ਜਾਂਦੀ ਕੁਝ ਬੱਚਿਆਂ ਨੂੰ ਮੈਂਬਰ, ਸਕੱਤਰ, ਪ੍ਰਧਾਨ ਬਣਾਕੇ ਰਾਜਨੀਤਕ ਖੇਤਰ ਦੀ ਟ੍ਰੇਨਿੰਗ ਵੀ ਦਿੱਤੀ ਜਾਂਦੀ ਤਾਂ ਜੋ ਆਉਣ ਵਾਲੇ ਸਮੇਂ ਵਿਚ ਇਹ ਬੱਚੇ ਕੌਮ ਦੀ ਲੀਡਰਸ਼ਿਪ ਅਤੇ ਗੁਰਦੁਆਰਾ ਪ੍ਰਬੰਧ ਸੰਭਾਲ ਸਕਣ ਪਰ ਅੱਜ ਮਹੰਤਾਂ ਦੀ ਥਾਂ ਆਏ ਪ੍ਰਧਾਨ-ਸਕੱਤਰਾਂ ਦੀ ਥਾਂ ਕਿਸੇ ਹੋਰ ਸਿਸਟਮ ਦੀ ਆਸ ਕੀਤੀ ਜਾ ਰਹੀ ਹੈ ਕਿਉਂਕਿ ਅਜੋਕੇ ਪ੍ਰਧਾਨ ਸਕੱਤਰ ਮਸੰਦਾਂ ਦਾ ਰੂਪ ਅਖਤਿਆਰ ਕਰ ਚੁੱਕੇ ਹਨ।

ਕਸ਼ਮੀਰ ਵਿਚ ਡੋਗਰਾ ਰਾਜੇ ਹਰੀ ਸਿੰਹ ਨੇ ਧਰਮ ਦੇ ਆਧਾਰਤ ਅਸੈਂਬਲੀ ਗਠਨ ਕੀਤੀ, ਜਿਸ ਤਹਿਤ ਰਾਜਸੀ ਮਸਲੇ ਵਿਚਾਰੇ ਤੇ ਨਜਿੱਠਣ ਲਈ ਵਿਚਾਰ ਕੀਤੇ ਜਾਂਦੇ ਜਿਵੇਂ ਅਜ ਅਸੈਂਬਲੀ ਹੈ। 1931 ਵਿਚ ਸ. ਘਨੱਈਆ ਸਿੰਘ ਸਿੱਖਾਂ ਵੱਲੋਂ ਪਰਜਾ ਸਭਾ (ਰਿਆਸਤੀ ਅਸੈਂਬਲੀ) ਦੇ ਮੈਂਬਰ ਚੁਣੇ ਗਏ। ਇਸ ਤਰ੍ਹਾਂ ਧਾਰਮਿਕ ਮਾਮਲਿਆਂ ਦੇ ਨਿਪਟਾਰੇ ਲਈ ਬੀ.ਜੇ. ਗਲੈਂਸੀ ਦੀ ਸਰਪ੍ਰਸਤੀ ਹੇਠ "ਗਲੈਂਸੀ ਕਮਿਸ਼ਨ" ਸਥਾਪਤ ਕੀਤਾ ਗਿਆ ਜਿਸ ਵਿਚ ਬਹੁਗਿਣਤੀ ਮਸਲਿਆਂ ਨੂੰ ਹੀ ਸ਼ਾਮਲ ਕੀਤਾ ਗਿਆ ਸੀ,

ਪਰ ਸ. ਘਨੱਈਆ ਸਿੰਘ ਜੀ ਤੇ ਹੋਰ ਆਗੂਆਂ ਦੇ ਦਬਾਵ ਬਣਾਉਣ ਤੇ ਸਿੱਖ ਮਸਲੇ ਵੀ ਇਸ ਵਿਚ ਸ਼ਾਮਲ ਕਰਨ ਲਈ ਡੋਗਰਾ ਸ਼ਾਹੀ ਨੂੰ ਮਜ਼ਬੂਰ ਹੋਣਾ ਪਿਆ। ਘਨੱਈਆ ਸਿੰਘ ਨੇ ਗਲੈਂਸੀ ਕਮਿਸ਼ਨ ਨਾਲ ਕਈ ਮੁਲਾਕਾਤਾਂ ਕਰਕੇ ਸਿੱਖਾਂ ਨਾਲ ਹੋ ਰਹੀ ਜ਼ਿਆਦਤੀਆਂ ਵਿਰੁੱਧ ਅਵਾਜ਼ ਬੁਲੰਦ ਕੀਤੀ, ਕਈ ਮੈਮੋਰੰਡਮ ਦਿੱਤੇ ਗਏ, ਜਿਸ ਵਿਚੋਂ ਇਕ ਹਵਾਲਾ ਦੇ ਕੇ ਅਗਲੀ ਗਲ ਕਰਾਂਗੇ। ਮੈਮੋਰੰਡਮ ਵਿਚਲੀਆਂ ਕੁਝ ਸਤਰਾਂ -

"ਰਿਆਸਤ ਅੰਦਰ ਸਿੱਖਾਂ ਲਈ ਸਰਕਾਰੀ ਨੌਕਰੀ ਲਈ ਦਰਵਾਜ਼ੇ ਬੰਦ ਕੀਤੇ ਹੋਏ ਹਨ,.... ਸਿੱਖ ਜਨਮ ਤੋਂ ਜੰਗਜੂ ਕੌਮ ਹੈ ਤੇ ਸਾਡੇ ਬਜ਼ੁਰਗ ਮੰਨੇ ਹੋਏ ਜਰਨੈਲ ਸਨ, ਪਰ ਸਾਡੇ ਤੋਂ ਫੌਜ ਵਿਚ ਭਰਤੀ ਹੋਣ ਦਾ ਹੱਕ ਖੋਹ ਕੇ ਸਾਨੂੰ ਦੁਬੇਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਅਤੇ ਮੋਨੇ ਜੱਟ ਨੂੰ ਸਿੱਖ ਲਿਖ ਕੇ ਫੌਜ ਵਿਚ ਭਰਤੀ ਕੀਤਾ ਜਾ ਰਿਹਾ, ਪਰ ਸਿੱਖਾਂ ਨੂੰ ਨਹੀਂ, ਸਰਕਾਰੀ ਰਿਕਾਰਡ (ਮਰਦਮ ਸ਼ੁਮਾਰੀ) ਵਿਚ ਗੁਰਸਿੱਖਾਂ ਦੇ ਨਾਮ ਅਗੇ ਹਿੰਦੂ ਲਿਖ ਕੇ ਸਾਨੂੰ ਖਤਮ (ਹਿੰਦੂਆਂ 'ਚ ਜਜ਼ਬ) ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ....। (ਧੰਨਵਾਦ ਸਹਿਤ ਪ੍ਰੋ. ਸੇਵਾ ਸਿੰਘ ਜੀ) ਭਾਈ ਘਨੱਈਆ ਸਿੰਘ ਵੱਲੋਂ ਕੀਤੀ ਜਾਂਦੀ ਜਦੋਜਹਿਦ ਸਦਕਾ ਹੀ 1943 ਈ. ਵਿਚ ਸਿੱਖਾਂ ਤੋਂ ਪਾਬੰਦੀ ਹਟਾਈ ਗਈ ਤੇ ਸਿੱਖ ਫੌਜ ਅਤੇ ਹੋਰ ਮਹਿਕਮਿਆਂ ਵਿਚ ਭਰਤੀ ਕੀਤੇ ਗਏ। ਘਨੱਈਆ ਸਿੰਘ ਜੀ ਨੇ ਕੌਮ ਅਤੇ ਜੰਮੂ-ਕਸ਼ਮੀਰ ਲਈ ਇਕ ਯੋਗ ਆਗੂ ਤੇ ਵਧੀਆ ਪਾਰਲੀਮੈਂਟਰੀਅਨ (ਸੰਸਦੀ) ਹੋਣ ਦੇ ਕਈ ਠੋਸ ਪ੍ਰਮਾਣ ਦਿੱਤੇ ਜੋ ਬਹੁਤ ਘੱਟ ਲੀਡਰਾਂ 'ਚ ਵੇਖਣ ਨੂੰ ਨਸੀਬ ਹੁੰਦੇ ਹਨ। ਸ. ਘਨੱਈਆ ਸਿੰਘ ਨੇ 1935 ਈ. ਦੇ ਇਜਲਾਸ ਵਿਚ ਬੋਲਦਿਆਂ ਕਿਹਾ ਸੀ "ਸਿੱਖ ਰਿਆਸਤ ਦਾ ਇਕ ਮਹੱਤਵਪੂਰਨ ਅੰਗ ਹਨ। ਰਿਆਸਤ ਦੀਆਂ ਹੱਦਾਂ ਦੇ ਫੈਲਾਉ ਲਈ ਕੀਤੀਆਂ ਇਹਨਾਂ ਦੀਆਂ ਕੁਰਬਾਨੀਆਂ ਸੂਰਜ ਵਾਂਗ ਰੌਸ਼ਨ ਹਨ। ਉਹ ਰਾਜ਼ ਦੇ ਹਮੇਸ਼ਾ ਹੀ ਵਫ਼ਾਦਾਰ ਰਹੇ ਹਨ। ਰਿਆਸਤ ਦੇ ਰਾਜ ਪ੍ਰਬੰਧ ਵਿਚ ਉਹਨਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਹਨਾਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਜਗੀਰਾਂ ਤਾਂ ਦਿੱਤੀਆਂ ਗਈਆਂ ਪਰ ਦੂਰ--ਦੂਰ ਸਰਹੱਦੀ ਇਲਾਕਿਆਂ ਵਿਚ ਵਸਾਏ ਜਾਣ ਤੇ ਇਹ ਕਿਸਾਨਾਂ ਦੀ ਇਕ ਪਛੜੀ ਹੋਈ ਸ਼੍ਰੇਣੀ ਬਣ ਕੇ ਰਹਿ ਗਏ ਹਨ, ਇਸ ਕਰਕੇ ਇਹ ਵਿਦਿਅਕ ਲਾਭ ਲੈਣ ਤੋਂ ਵਾਂਝੇ ਹੀ ਰਹੇ। ਰਿਆਸਤ ਦੇ ਵਿਦਿਅਕ ਮਹਿਕਮੇ ਤੇ ਕੀਤੇ ਜਾਂਦੇ 16 ਲੱਖ 60 ਹਜ਼ਾਰ ਰੁਪਿਆਂ ਦੇ ਖਰਚ 'ਚੋਂ ਸਿੱਖਾਂ ਦੇ ਪੱਲੇ ਕੁਝ ਵੀ ਨਹੀਂ ਪੈਂਦਾ....। 1935 ਈ.। (ਧੰਨਵਾਦ ਸਹਿਤ ਪ੍ਰੋ. ਸੇਵਾ ਸਿੰਘ)

ਇਸੇ ਕੜੀ ਵਿਚ 1934 ਈ. ਦੀ ਰਿਆਸਤ ਅੰਦਰਲੀ ਗੁਰਦੁਆਰਾ ਸੁਧਾਰ ਲਹਿਰ ਵੇਲੇ ਸਿੱਖਾਂ ਤੇ ਕੀਤੇ ਗਏ ਜ਼ੁਲਮਾਂ ਅਤੇ ਡੋਗਰਿਆਂ-ਪੰਡਿਤਾਂ ਵੱਲੋਂ ਢਾਹੇ ਗਏ ਸਿੱਖ ਗੁਰਧਾਮਾਂ ਅਤੇ ਫਿਰਕੂ ਹਮਲੇ ਦਾ ਨਿਰਭੈਤਾ ਨਾਲ ਵਿਰੋਧ ਕੀਤਾ ਆਪ ਜੀ ਨੇ ਸੰਸਦ (ਪਰਜਾ ਸਭਾ) ਦੇ ਇਜਲਾਸ ਵਿਚ ਬੋਲਦਿਆਂ ਕਿਹਾ ਸੀ :-

1. ਇਹ ਹਕੀਕਤ ਹੈ ਕਿ 1921 ਈ. ਵਿਚ ਗੁਰਦੁਆਰਾ ਮੱਟਨ ਦੀ ਸ਼ਾਨਦਾਰ

ਇਮਾਰਤ ਢਾਹੀ ਗਈ। ਭਾਵੇਂ ਕਸ਼ਮੀਰ ਡਿਵੀਜ਼ਨ ਦੇ ਡਿਵੀਜ਼ਨਲ ਇੰਜੀਨੀਅਰ ਅਤੇ ਸਰਕਾਰ ਨੇ ਸਿੱਖਾਂ ਨਾਲ ਵਾਅਦਾ ਕੀਤਾ ਸੀ, ਕਿ ਇਹਦੀ ਥਾਂ ਇਕ ਨਵੀਂ ਇਮਾਰਤ ਉਸਾਰੀ ਜਾਵੇਗੀ ਪਰ ਵਾਅਦਾ ਪੂਰਾ ਨਾ ਹੋਇਆ। ਉਸ ਇਮਾਰਤ ਦੇ ਮਲਬੇ ਦਾ ਢੇਰ ਹੁਣ ਵੀ ਮੱਟਨ ਵਿਚ ਉਹਦੀ ਨਿਸ਼ਾਨਦੇਹੀ ਕਰਦਾ ਹੈ।

2. "ਏਸੇ ਤਰ੍ਹਾਂ ਸਰਕਾਰ ਨੇ ਸ਼ੇਰ ਗੜ੍ਹੀ ਸ੍ਰੀ ਨਗਰ ਵਿਚ ਗੁਰਦੁਆਰਾ ਨਰ ਸਿੰਘ ਗੜ੍ਹ ਜ਼ਬਰਦਸਤੀ ਢਾਹਿਆ ਅਤੇ ਉਹਦੀ ਥਾਂ ਨੂੰ ਸ਼ਾਹੀ ਮਹਿਲ ਦੇ ਬਾਗ 'ਚ ਸ਼ਾਮਿਲ ਕਰ ਲਿਆ। ਗੁਰਦੁਆਰੇ ਦਾ ਮਲਬਾ ਸਰਕਾਰ ਨੇ ਆਪਣੇ ਕੰਮ ਵਿਚ ਵਰਤ ਲਿਆ। ਬਸੰਤ ਬਾਗ ਵਿਚ ਮੌਜੂਦ ਪੱਥਰਾਂ ਤੇ "ਸਿੱਖ ਗੁਰਦੁਆਰਾ" ਉਕਰੇ ਹੋਏ ਸ਼ਬਦ ਅਜੇ ਵੀ ਵੇਖੇ ਜਾ ਸਕਦੇ ਹਨ।"

3. "ਮੁਨਸ਼ੀ ਬਾਗ ਸ੍ਰੀ ਨਗਰ ਵਿਚ ਬਾਬਾ ਨੌਧ ਸਿੰਘ ਦੀ ਸਮਾਧ ਸੀ ਜਿਥੇ ਹੁਣ ਗੈਸਟ ਹਾਊਸ ਨੂੰ ਉਸਾਰਿਆ ਗਿਆ ਹੈ, ਉਸ ਥਾਂ ਦੇ ਨਿਸ਼ਾਨ ਹੁਣ ਵੀ ਦਿਸਦੇ ਹਨ। ਉਹਦਾ ਹਸ਼ਰ ਵੀ ਇਹੋ ਹੋਇਆ ਹੈ, ਪਰ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ।

4. "ਕੀ ਸਰਕਾਰ ਜਾਣਦੀ ਹੈ ਕਿ ਸੋਪੁਰ ਦੀ ਐਜੀਟੇਸ਼ਨ ਸਮੇਂ ਸਿੱਖਾਂ ਨੂੰ ਪੁਲਿਸ ਨੇ ਕੇਸਾਂ ਤੋਂ ਫੜਕੇ ਧੂਹਿਆ ਅਤੇ ਗੁਰੂ ਸਾਹਿਬ ਬਾਰੇ ਅਯੋਗ ਗੱਲਾਂ ਕਹੀਆਂ ਗਈਆਂ, ਜਿਸ ਨਾਲ ਸਿੱਖਾਂ ਦੇ ਧਾਰਮਿਕ ਜਜ਼ਬੇ ਨੂੰ ਸੱਟ ਵੱਜੀ, ਸਿੱਖਾਂ ਨੂੰ ਬੇਰਹਿਮੀ ਨਾਲ ਕੁਟਿਆ ਗਿਆ ਜਦੋਂ ਕਿ ਉਨ੍ਹਾਂ ਦਾ ਵਰਤਾਰਾ ਪੁਰਅਮਨ ਤੇ ਅਹਿਸਕ ਸੀ। ਇਹ ਵੀ ਹਕੀਕਤ ਹੈ ਕਿ ਮਾਰ ਕੁਟਾਈ ਨਾਲ ਜ਼ਖਮੀ ਹੋਏ ਸਿੱਖਾਂ ਦਾ ਸੋਪੁਰ ਡਿਸਪੈਂਸਰੀ ਵਿਚ ਮਰਹਮਪੱਟੀ ਵੀ ਨਹੀਂ ਕੀਤੀ ਗਈ। ਕੀ ਇਹ ਹਕੀਕਤ ਨਹੀਂ ਕਿ ਸੋਪੁਰ ਗੁਰਦੁਆਰੇ ਤੱਕ ਪੁੱਜਣ ਤੋਂ (ਗ੍ਰਿਫਤਾਰੀ ਤੋਂ) ਰੋਕਣ ਲਈ ਸਿੱਖ ਜਥਿਆਂ ਦਾ ਸਰਕਾਰੀ ਹੁਕਮਾਂ ਅਨੁਸਾਰ ਸੜਕਾਂ, ਪੁਲਾਂ, ਅਤੇ ਕਿਸ਼ਤੀਆਂ ਆਦਿ ਦਾ ਰਸਤਾ ਬੰਦ ਕਰ ਦਿੱਤਾ ਗਿਆ ਸੀ। 1934 ਪਰਜਾ ਸਭਾ (ਸੰਸਦ) ਡੋਗਰਾ ਰਾਜ ਕਾਲ ਸਮੇਂ ਦਿਤੇ ਭਾਸ਼ਨਾਂ 'ਚੋਂ)" ਲਿਖਤ ਪ੍ਰੋ. ਸੇਵਾ ਸਿੰਘ 'ਚੋਂ ਧੰਨਵਾਦ ਸਹਿਤ।

ਸ. ਘਨੱਈਆ ਸਿੰਘ ਜੀ (ਐਮ.ਐਲ.ਏ.) ਵੱਲੋਂ ਕੌਮੀ ਹੱਕ ਤੇ ਫਿਰਕੂ ਡੋਗਰਾਸ਼ਾਹੀ ਵਿਰੁੱਧ ਜੋ ਨਿਰਭੈਤਾ ਤੇ ਨਿਰਪੱਖ ਹੋ ਕੇ, ਰਾਜਨੀਤਕ ਨੁਕਸਾਨ ਤੇ ਲਾਭਾਂ ਦੀ ਪ੍ਰਵਾਹ ਕੀਤੇ ਬਿਨਾਂ, ਆਵਾਜ਼ ਉਠਾਈ ਉਹ ਇਕ ਮਿਸਾਲ ਤੋਂ ਘੱਟ ਨਹੀਂ। "ਕਾਸ਼, ਉਦੋਂ ਸਿੱਖ ਰਿਆਸਤਾਂ ਨਾਭਾ, ਪਟਿਆਲਾ, ਅਕਾਲੀ ਦਲ, ਆਦਿ ਆਗੂਆਂ ਵੱਲੋਂ ਜੰਮੂ-ਕਸ਼ਮੀਰ ਦੇ ਸਿੱਖਾਂ ਨੂੰ ਪੰਥਕ ਪਰਿਵਾਰ ਦਾ ਹਿਸਾ ਜਾਣਦਿਆਂ ਧਿਆਨ ਦਿੱਤਾ ਹੋਂਦਾ ਅਤੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਹੁੰਦੀ ਤਾਂ ਅਜੋਕੇ ਸਿੱਖ ਹਾਲਾਤ ਹੋਰ ਵੀ ਚੜ੍ਹਦੀ ਕਲਾ ਤੇ ਇਥੋਂ ਦੀ ਸਿੱਖੀ ਪੰਜਾਬ ਦੀ ਮਜ਼ਬੂਤ ਢਾਲ ਬਣ ਸਕਦੀ ਸੀ ਅਤੇ ਹਿੰਦੂਤਵ ਪਾਰਟੀਆਂ ਵੱਲੋਂ ਸਿੱਖ ਗੁਰਧਾਮ ਤੇ ਖਾਲਸਾ ਰਾਜ ਦੀਆਂ ਨਿਸ਼ਾਨੀਆਂ ਅਸਾਨੀ ਨਾਲ ਨਹੀਂ ਜਨ ਮਿਟਾਈਆਂ ਜਾ ਸਕਦੀਆਂ। ਅਜ ਦੀ 1 ਨਵੰਬਰ 2008 ਦੀ "ਪੰਜਾਬੀ

ਟ੍ਰਿਬਿਊਨ' ਅਖ਼ਬਾਰ ਵਿਚ ਹਜ਼ੂਰ ਸਾਹਿਬ ਵਿਖੇ ਚਲ ਰਹੇ 400 ਸਾਲਾ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਸਮਾਰੋਹ ਵੇਲੇ ਸਟੇਜ ਤੋਂ ਸ਼੍. ਗੁ. ਪ੍. ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ, ਕੇਸਗੜ੍ਹ ਦੇ ਜਥੇਦਾਰ ਤਰਲੋਚਨ ਸਿੰਘ ਦੀ ਮੌਜੂਦਗੀ ਵਿਚ ਸਪੀਕਰ ਇਹ ਕਹਿ ਕੇ ਨਾਂਦੇੜ ਦੇ ਸਿੱਖਾਂ ਨੇ ਖੋਹਲਿਆ ਕਿ ਇਹ ਦੱਖਣ ਭਾਰਤੀ ਸਿੱਖਾਂ ਨੂੰ ਬਣਦਾ ਮਾਣ ਸਤਿਕਾਰ ਦੇਣ 'ਚ ਅਸਫਲ ਰਹੇ ਹਨ ਇਸ ਲਈ ਸ਼੍ਰੋਮਣੀ ਕਮੇਟੀ ਦਾ ਸੇਟਜ ਦੀ ਕਾਰਵਾਈ ਚਲਾਉਣ ਦਾ ਕੋਈ ਅਧਿਕਾਰ ਨਹੀਂ ਬਣਦਾ। ਇਸੇ ਤਰ੍ਹਾਂ ਦਿੱਲੀ ਤੇ ਹਰਿਆਣਾ ਦੇ ਸਿੱਖਾਂ ਨੇ ਵੀ ਪੰਜਾਬ ਦੀ ਅਕਾਲੀ ਲੀਡਰਸ਼ਿਪ ਨੂੰ ਨਕਾਰ ਕੇ ਇਹ ਸਾਬਤ ਕਰ ਦਿੱਤਾ ਕਿ ਇਨ੍ਹਾਂ ਅੰਦਰ ਖੇਤਰੀਵਾਦ ਤੇ ਜੱਟਵਾਦ ਦੀ ਫਿਰਕੂ ਸੋਚ ਚੌਕੜਾ ਮਾਰ ਕੇ ਬੈਠੀ ਹੈ।"

ਆਖਰ ਸ. ਘਨੱਈਆ ਸਿੰਘ ਜੀ ਨੂੰ ਪੰਥ ਦਰਦੀ ਹੋਣ ਦਾ ਨਤੀਜਾ ਭੁਗਤਣਾ ਹੀ ਪਿਆ ਤੇ ਉਨ੍ਹਾਂ ਨੂੰ ਰਸੂਖਦਾਰਾਂ ਵੱਲੋਂ ਪੈਸੇ ਦੇ ਜ਼ੋਰ ਤੇ ਪੰਜ ਰੁਪਏ ਪ੍ਰਤੀ ਵੋਟ ਖਰੀਦ ਕੇ ਅਸਲ ਵਿਚ ਲੋਕਾਂ ਦੀ ਜ਼ਮੀਰ ਖਰੀਦ ਕੇ, 1941 ਵਿਚ ਉਨ੍ਹਾਂ ਨੂੰ ਹਰਾ ਦਿੱਤਾ ਗਿਆ। ਉਹ ਕੁਝ ਨਿਰਾਸ਼ ਤਾਂ ਜ਼ਰੂਰ ਹੋਏ ਪਰ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਹੁਣ ਕਸ਼ਮੀਰ ਵਿਚ ਸ. ਕਪੂਰ ਸਿੰਘ ਜਥੇਦਾਰ, ਭਾਈ ਕਰਤਾਰ ਸਿੰਘ ਕੋਮਲ, ਸੰਤ ਸਿੰਘ ਤੇਗ, ਗਿਆਨੀ ਬੁੱਧ ਸਿੰਘ, ਅਕਾਲੀ ਕੌਰ ਸਿੰਘ ਜੀ ਨਿਹੰਗ ਵਰਗੇ ਕਈ ਆਗੂ ਤੇ ਸ਼੍ਰੋਮਣੀ ਖ਼ਾਲਸਾ ਦਰਬਾਰ, ਸਿੱਖ ਜੱਥੇਬੰਦੀ ਵੀ ਕਾਇਮ ਹੋ ਚੁੱਕੀ ਸੀ ਜਿਸ ਦਾ ਆਪਣਾ ਅਖ਼ਬਾਰ ਸ਼ਮਸ਼ੀਰ ਤੇ ਅਕਾਲੀ ਜੀ ਨਿਹੰਗ ਦਾ ਅਖ਼ਬਾਰ ਕਸ਼ਮੀਰ ਸਿੱਖ ਸਮਾਚਾਰ ਵੀ ਆਰੰਭ ਹੋ ਚੁੱਕਿਆ ਸੀ।

15 ਅਗਸਤ 1947 ਨੂੰ ਭਾਰਤ ਦੇ ਦੋ ਟੁਕੜੇ ਹੋ ਗਏ ਹਿੰਦੂ, ਸਿੱਖ ਮੁਸਲਮਾਨ ਦੇ ਆਪਸੀ ਫਸਾਦ ਦੀਆਂ ਖ਼ਬਰਾਂ ਤੇ ਕਾਤਲ ਟੋਲਿਆਂ ਦੀ ਜੰਮੂ-ਕਸ਼ਮੀਰ ਵੱਲ ਚੜ੍ਹਾਈ ਦੀਆਂ ਖ਼ਬਰਾਂ ਉਠ ਰਹੀਆਂ ਸਨ। ਸਤੰਬਰ 1947 ਨੂੰ ਰਿਆਸਤ ਦੇ ਸਿੱਖਾਂ ਨੇ ਇਕ ਭਰਵੀਂ ਬੈਠਕ ਵਿਚ ਹਲਾਤਾਂ ਦਾ ਸਾਹਮਣਾ ਕਰਨ ਦੀ ਵਿਉਂਤ ਤਿਆਰ ਕੀਤੀ। ਸਾਰੇ ਆਪਣੀ-ਆਪਣੀ ਥਾਂ ਤੋਂ ਹਥਿਆਰ ਬੰਦ ਹੋਣ ਲਗ ਪਏ।

ਭਾਈ ਘਨੱਈਆ ਸਿੰਘ ਆਪਣੇ ਸਾਥੀਆਂ ਭਾਈ ਉਜਾਗਰ ਸਿੰਘ ਸਿੰਘਪੁਰਾ, ਸ. ਗੁਰਬਖਸ਼ ਸਿੰਘ ਤੇ ਉਹਨਾਂ ਦੇ ਬੇਟੇ ਕੁਲਵੰਤ ਸਿੰਘ, ਸ. ਬੁੱਢਾ ਸਿੰਘ, ਭਾਈ ਮੋਹਨ ਸਿੰਘ ਆਦਿ ਨਾਲ ਰਲ ਕੇ ਸਿੱਖਾਂ ਨੂੰ ਸਰਹੱਦੀ ਖੇਤਰ 'ਚੋਂ ਨਿਕਲਣ ਵਿਚ ਮਦਦ ਕਰਦੇ ਰਹੇ। ਅਕਤੂਬਰ 1947 ਅਫਗਾਨੀ, ਪਾਕਿਸਤਾਨੀ (ਕਾਬਲੀ-ਕਬਾਇਲੀ) ਲੁਟੇਰਿਆਂ ਤੇ ਫੌਜੀਆਂ ਨੇ ਹਮਲਾ ਕਰ ਦਿੱਤਾ ਜਿਸ ਤੋਂ ਸਿੱਖਾਂ ਨੂੰ ਬਚਾਉਣ ਲਈ ਸ. ਘਨੱਈਆ ਸਿੰਘ ਸਰਹੱਦ ਦੀ "ਭਾਰਤੀ ਫਸਟ ਸਿੱਖ ਰੈਜਮੈਂਟ" ਦੇ ਕਮਾਂਡਰ ਕਰਨਲ ਰਾਏ ਦੀ ਮਦਦ ਲਈ ਪੁਜੇ ਕਰਨਲ ਰਾਏ ਦੇ ਮਾਰੇ ਜਾਣ ਤੋਂ ਬਾਅਦ ਘਨੱਈਆ ਸਿੰਘ ਨੇ ਬਜਾਏ ਬਾਕੀ ਦ ਨੋਟਾਂ-ਵੋਟਾਂ ਵਾਲੇ ਆਗੂਆਂ ਦੇ ਵਾਂਗ ਨਿਕਲ ਜਾਣ ਦੇ ਫੌਜ ਦੀ ਕਮਾਨ ਆਪਣੇ ਹੱਥਾਂ

ਵਿਚ ਲੈ ਲਈ ਤੇ ਸਿਖ ਫੌਜੀਆਂ ਨੂੰ ਹੌਂਸਲਾ ਦਿੱਤਾ ਤੇ ਆਪ ਹਥਿਆਰ ਚੁੱਕ ਕੇ ਮੋਰਚੇ ਤੇ ਡੱਟ ਗਏ ਤਾਂ ਜੋ ਕੁਝ ਸਮਾਂ ਦੁਸ਼ਮਣ ਨੂੰ ਹੋਰ ਰੋਕਿਆ ਜਾ ਸਕੇ ਤੇ ਸਿਖ ਦੂਰ ਤਕ ਨਿਕਲ ਜਾਣ। 27 ਅਕਤੂਬਰ 1947 ਨੂੰ 68 ਸਾਲ ਦੀ ਉਮਰ ਵਿਚ ਇਹ ਜੰਗਜੂ ਸਿਆਸੀ ਤੇ ਧਾਰਮਿਕ ਆਗੂ ਕਬਾਈਲੀਆਂ ਦਾ ਮੁਕਾਬਲਾ ਕਰਦੇ ਸੀਨੇ ਤੇ ਗੋਲੀਆਂ ਖਾ ਕੇ ਸ਼ਹੀਦ ਹੋ ਗਿਆ ਅਤੇ ਆਉਣ ਵਾਲੇ ਨੌਜਵਾਨਾਂ ਨੂੰ ਇਕ ਸੁਨੇਹਾ ਦੇ ਗਿਆ ਕਿ ਤੁਸੀਂ ਕੌਮੀ ਚੇਤਨਾ ਕਿਵੇਂ ਪੈਦਾ ਕਰਨੀ ਹੈ ਅਤੇ ਕੌਮ ਦੀ ਅਗਵਾਈ ਨਿਰਲੋਭ ਤੇ ਨਿਰਭੈਤਾ ਨਾਲ ਕਰਨੀ ਹੈ।

ਅਜੇ ਕਲ੍ਹ ਕੀ ਗਲ ਹੈ ਦੇਸ਼ ਅੰਦਰ
ਕਦੇ ਅਸੀਂ ਵੀ ਹੁੰਦੇ ਸੀ ਸ਼ਾਨ ਵਾਲੇ,
ਸਾਡੇ ਸਿਰਾਂ ਤੇ ਕਲਗੀਆਂ ਸੁਹੰਦੀਆਂ ਸਨ
ਪਾਣੀ ਭਰਦੇ ਸੀ ਕਾਬਲ ਈਰਾਨ ਵਾਲੇ।

■■■

ਕੋਈ ਪਰਵਾਨੋਂ ਕੋ ਸਮਝਾਓ ਕਿ ਮਰਨੇ ਕੇ ਸਿਵਾ ਔਰ ਭੀ ਚੰਦ ਮਾਮਲਾਤ ਵਫਾ ਹੋਤੇ ਹੈਂ।

ਸਿੱਖ ਸੰਘਰਸ਼ ਵਿਚ ਜੰਮੂ ਦੀ ਜੁਝਾਰੂ ਲਹਿਰ ਇਕ ਨਜ਼ਰ

ਸਮੇਂ-ਸਮੇਂ ਦੀਆਂ ਹਕੂਮਤਾਂ ਵੱਲੋਂ ਸੋੜੀ ਸੋਚ ਅਧੀਨ ਧਰਮ ਦੇ ਨਾਂ ਹੇਠ ਜੰਮੂ ਕਸ਼ਮੀਰ ਦੀ ਅਵਾਮ ਤੇ ਬਹੁਤ ਜ਼ੁਲਮ ਹੁੰਦੇ ਰਹੇ ਅਤੇ ਹੋ ਰਹੇ ਹਨ। ਜਿਸ ਦੀ ਸ਼ੁਰੂਆਤ ਭਾਵਨਾਤਮਕ ਤੌਰ 'ਤੇ ਕਸ਼ਮੀਰੀ ਪੰਡਤਾਂ ਵੱਲੋਂ ਲੇਹ ਲਦਾਖ ਦੇ ਬੋਧ ਧਰਮ ਦੇ ਨੌਜਵਾਨ ਰਾਜਾ ਰਿਨ-ਛਿਨ ਨੂੰ ਸ਼ੂਦਰ ਪਿਛੋਕੜ ਦਾ ਦਸਦਿਆਂ, ਹਿੰਦੂ ਧਰਮ ਵਿਚ ਸ਼ਮੂਲੀਅਤ ਤੋਂ ਸਾਫ ਇਨਕਾਰ ਕਰਕੇ ਕੀਤੀ ਗਈ ਸੀ।

ਬਾਅਦ ਵਿਚ ਇਹ ਰਿਨਛਿੰਨ ਇਕ ਸੂਫੀ ਫਕੀਰ ਬੁਲ ਬੁਲਸ਼ਾਹ ਤੋਂ ਇਸਲਾਮ ਧਰਮ ਵਿਚ ਦਾਖਲਾ ਲੈ ਕੇ ਕਸ਼ਮੀਰ ਦਾ ਪਹਿਲਾ ਮੁਸਲਿਮ ਸਦਰੇ ਦੀਨ ਬਾਦਸ਼ਾਹ ਬਣਿਆ। ਇਥੋਂ ਸ਼ੁਰੂ ਹੋਏ ਸਿਲਸਿਲੇ ਨੇ ਉਸ ਵੇਲੇ ਇਕ ਨਵਾਂ ਮੋੜ ਲਿਆ, ਜਦੋਂ ਔਰੰਗਜ਼ੇਬ ਵੱਲੋਂ ਥਾਪੇ ਗਏ ਮੁਸਲਿਮ ਹੁਕਮਰਾਨ ਦੀ ਜਾਲਮ ਤਲਵਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਰੁਕੀ ਅਤੇ ਇਤਿਹਾਸ ਦੇ ਪੰਨਿਆ ਵਿਚ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਵਰਗੇ ਪ੍ਰੇਰਨਾ ਦੇ ਚਰਿੱਤਰ ਬਣ ਕੇ ਉੱਭਰੇ।

ਇਸ ਤਰ੍ਹਾਂ ਕਾਲ ਚੱਕਰ ਘੁੰਮਦਾ ਸਮੇਂ ਦੇ ਗੁੰਝਲਦਾਰ ਨਾਜ਼ੁਕ ਹਾਲਤਾਂ 'ਚੋਂ ਗੁਜ਼ਰਦਾ ਮੁੜ ਇਸ ਥਾਂ ਆ ਖਲੋਤਾ ਹੈ, ਜਦੋਂ ਅਜੋਕੇ ਦੌਰ ਵਿਚ ਕਿਸੇ ਦਾ ਧਰਮ ਜਾਂ ਮਨੁੱਖਤਾ ਲਈ ਕੁਰਬਾਨੀ ਕਰਨਾ ਇਕ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ। ਇਤਿਹਾਸ ਜਿਸ ਨੇ ਕਰਵਟ ਲੈ ਲਈ ਹੈ, ਹਕੂਮਤ ਔਰੰਗਜ਼ੇਬ ਦੀ ਥਾਂ, ਦਿੱਲੀ ਬੈਠੇ ਹਿੰਦੀ ਹੁਕਮਰਾਨ ਕੋਲ ਹੈ, ਸਿੱਖਾਂ ਸਾਹਮਣੇ ਫਿਰ ਇਕ ਵਾਰ ਭਾਈ ਮਤੀਦਾਸ ਆਦਿ ਸਿੱਖਾਂ ਵਾਂਗ ਉਹੀ ਪੇਸ਼ਕਸ਼ ਹੈ, "ਸਿੱਖੀ ਜਾਂ ਮੌਤ" ਸਿੱਖ ਫਿਰ ਆਪਣੇ ਉਸੇ ਸਰੂਰ ਦੀ ਮਸਤੀ ਵਿਚ ਜਵਾਬ ਦੇਹ ਹੈ, ਆਖਰੀ ਸਾਹ ਤੱਕ ਸਿੱਖੀ-ਸਿੱਖੀ... ਸ. ਕਪੂਰ ਸਿੰਘ ਦੇ ਸ਼ਬਦਾਂ ਵਿਚ "ਖਾਲਸਾ ਬਾਗੀ ਜਾ ਬਾਦਸ਼ਾਹ ਹੈ" ਜਿਸ ਕਾਰਨ ਮਨੁਖੀ ਹੱਕਾਂ ਦੇ ਪਹਿਰੇਦਾਰ ਸਿੱਖਾਂ ਦੀਆਂ ਗ੍ਰਿਫਤਾਰੀਆਂ ਅਤੇ ਸ਼ਹਾਦਤਾਂ ਦਾ ਸਫ਼ਰ ਅੱਜ ਵੀ ਜਾਰੀ ਹੈ। ਪਰ ਇਸ ਪੈਂਡੇ ਦੇ ਮੁਸਾਫਿਰਾਂ ਨੂੰ ਜਰ-ਜੋਰੂ ਜ਼ਮੀਨ ਅਤੇ ਕਿਸੇ ਵੀ ਦੁਨਿਆਵੀ ਸੁਆਰਥ ਲਈ ਜ਼ਿੰਦਗੀ ਦੀ ਬਾਜੀ ਖੇਡਣ ਵਾਲੇ ਲੱਖ ਯਤਨ ਕਰਨ ਦੇ ਬਾਵਜੂਦ ਵੀ ਨਹੀਂ ਜਾਣ ਸਕਦੇ "ਸੂਰਮੇ ਨੂੰ ਮੌਤ ਨਾਲ ਪਿਆਰ ਕਿਉਂ ਹੁੰਦਾ ਹੈ।" ਇਹ ਵਿਚਾਰ ਸੰਘਰਸ਼ ਸਿੱਖੀ ਅਤੇ ਹੱਕ-ਸੱਚ ਦੀ ਲੜਾਈ ਲੜਨ ਦੀ ਸੋਚ ਤੋਂ ਕੋਹਾਂ ਦੂਰ ਬੈਠੇ ਲੋਕਾਂ ਲਈ ਫਜ਼ੂਲ ਦੀਆਂ ਗੱਲਾਂ ਵੀ ਹੋ ਸਕਦੀਆਂ ਹਨ ਅਤੇ ਬੇ

ਹੁਦਰੀਆਂ ਵੀ, ਇਸੇ ਲਈ "ਜੇ ਤਉ ਪ੍ਰੇਮ ਖੇਲਨ ਕਾ ਚਾਉ" ਦੇ ਵਿਚ "ਬਿਨ ਸਿਰ ਸੇਵ ਕਰੀਜੈ" ਦੀ ਅਸਵਥਾ 'ਚ ਪੁੱਜ ਚੁੱਕੇ ਲੋਕਾਂ ਨੂੰ ਆਮ ਦੁਨੀਆਦਾਰ ਜਾਂ ਉਸਦੀਆਂ ਪਿਛਲੀਆਂ ਅਗਲੀਆਂ ਪੀੜੀਆਂ ਪੁਰਜ਼ੋਰ ਹੋ ਕੇ ਵੀ ਸਮਝਣ ਦੀ ਅਵਸਥਾ ਵਿਚ ਨਹੀਂ ਆ ਸਕਦੀਆਂ ਇਸ ਨੂੰ ਉਹੀ ਮਹਿਸੂਸ ਕਰ ਸਕਦਾ ਹੈ - ਜਿਸ ਦੀ ਧੜਕਣ 'ਚ ਮਾਨਵਵਾਦੀ ਸਿਧਾਂਤ ਧੜਕ ਰਿਹਾ ਹੋਵੇ। ਫਿਰ ਵੀ 1978 ਤੋਂ ਆਰੰਭ ਹੋਏ ਸਿੱਖ ਸੰਘਰਸ਼ ਦੇ ਇਕ ਪੜਾਅ, "ਜੰਮੂ ਕਸ਼ਮੀਰ ਦੇ ਸਫ਼ਰ-ਏ-ਸ਼ਹਾਦਤ' ਨੂੰ ਕਲਮ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜੋ ਇਤਿਹਾਸ ਦੀ ਪੜਚੋਲ ਕਰਦਿਆਂ ਕੌਮਾਂ ਅਤੀਤ ਦੇ ਮਾੜੇ ਜਾਂ ਚੰਗੇ ਪਹਿਲੂਆਂ ਦਾ ਵਿਸ਼ਲੇਸ਼ਨ ਕਰਦਿਆਂ ਹੋਇਆਂ ਵਰਤਮਾਨ ਅਤੇ ਭਵਿੱਖ ਲਈ ਇਕ ਸੇਧ ਵਜੋਂ ਰਾਹ ਪੱਧਰਾ ਕਰ ਸਕਣ। "ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆ ਹਾਰੀਐ।"

ਭਾਰਤ ਨੂੰ ਅਜ਼ਾਦੀ ਦਿਲਾਉਣ ਦੀ ਖਾਤਰ ਸਿੱਖਾਂ ਦੀ ਕੁਲ ਅਬਾਦੀ ਨੇ ਛਿਆਸੀ ਪ੍ਰਤੀਸ਼ਤ ਕੁਰਬਾਨੀਆਂ ਦਿੱਤੀਆਂ, ਇੱਥੇ ਕੁਰਬਾਨੀ ਦਾ ਭਾਵ ਸਜਾਏ ਮੌਤ, ਕਾਲਾ ਪਾਣੀ, ਉਮਰ ਕੈਦ ਹੈ। ਉਹ ਦਿਨ ਵੀ ਆਇਆ ਸਿੱਖ, ਮੁਸਲਿਮ, ਹਿੰਦੂ ਲਈ ਅੰਗਰੇਜ਼ਾਂ ਨੇ ਭਾਰਤ ਦੀ ਵੰਡ ਕਰਨੀ ਸਵੀਕਾਰ ਕੀਤੀ, ਪਰ ਸਿੱਖ ਆਗੂ ਭੁੱਲ ਭੁਲੇਖਿਆਂ ਅਤੇ ਝੂਠੇ ਕਸਮਾਂ ਵਾਅਦਿਆਂ ਅਤੇ ਕੁਝ ਇਕ ਲਾਲਚ ਅਧੀਨ ਹਿੰਦੁਸਤਾਨੀ ਸਿਆਸਤ ਦੀ ਚੱਕੀ 'ਚ ਦਾਣਿਆਂ ਵਾਂਗ ਪੀਸਣ ਯੋਗ ਰਹਿ ਗਏ। ਹਕੂਮਤ-ਏ-ਹਿੰਦੁਸਤਾਨ ਵੱਲੋਂ ਤਰੰਗਾ ਲਹਿਰਾਉਣ ਉਪਰੰਤ ਸਿੱਖਾਂ ਦੇ ਮੁਕਾਬਲੇ ਆਪਣੇ ਛੋਟੇ ਕੱਦ ਨੂੰ ਵੱਡਾ ਕਰਨ ਦੀ ਵਜਾਏ ਵੱਡੀ ਲਕੀਰ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦਿਆਂ ਸਾਰੇ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਫੁਰਮਾਨ ਜਾਰੀ ਕੀਤਾ ਗਿਆ ਕਿ "ਸਿੱਖ ਇਕ ਜਰਾਇਮ ਪੇਸ਼ਾ ਕੌਮ ਹੈ, ਇਸ ਉੱਤੇ ਦੇਸ਼ ਅੰਦਰ ਕਰੜੀ ਨਜ਼ਰ ਰੱਖੀ ਜਾਵੇ। ਇਸ ਸਰਕਾਰੀ ਹੁਕਮ ਨੂੰ ਨਾ ਮੰਨਣ ਕਰਕੇ ਸਿੱਖਾਂ ਦੇ ਪਹਿਲੇ (I.C.S.) ਸਿਰਦਾਰ ਕਪੂਰ ਸਿੰਘ ਜੀ ਨੂੰ ਨੌਕਰੀ ਤੋਂ ਹੱਥ ਧੋਣੇ ਪਏ ਅਤੇ ਸਾਰੀ ਉਮਰ ਖਜ਼ਲ ਖੁਆਰ ਹੋਣਾ ਪਿਆ, ਸਰਕਾਰ ਤੋਂ ਇਲਾਵਾ ਬਾਦਲ-ਟੋਹੜਾ ਲੌਂਗੋਵਾਲ, ਜੁੰਡਲੀ ਨੇ ਵੀ ਇਸ ਮਹਾਨ ਵਿਦਵਾਨ ਅਤੇ ਕੌਮੀਂ ਬੁਲਾਰੇ ਨੂੰ ਗੁੱਠੇ ਲਾਈ ਰੱਖਿਆ, 1947 ਵੀ ਸਿੱਖਾਂ ਲਈ ਇਕ ਤਰ੍ਹਾਂ ਰੂਹ ਅਤੇ ਜਿਸਮ ਵਿਚ ਨਾ ਭਰੀ ਜਾਣ ਵਾਲੀ ਖਾਈ ਪੈਦਾ ਕਰਨ ਵਰਗੀ ਸੀ। ਜਿਹੜੀ ਹੁਣ ਤੱਕ ਸਾਡੀ ਅਰਦਾਸ ਦਾ ਹਿੱਸਾ ਬਣੀ ਸਾਨੂੰ ਰੋਜ਼ ਆਪਣੇ ਗੁਰਧਾਮਾਂ ਦੀ ਮੁੱਕਤੀ ਲਈ ਪ੍ਰੇਰਦੀ ਹੈ ਅਤੇ ਵਧੀਕੀਆਂ ਦੀ ਕੜੀ ਬਹੁਤ ਲੰਬੀ ਹੈ।

1978 ਦਾ ਨਿਰੰਕਾਰੀ ਕਾਂਡ ਹੋਇਆ ਤਾਂ ਉਸ ਵੇਲੇ ਵੀ ਸਰਕਾਰ ਦੀ ਹੀ ਲਾਹ ਪ੍ਰਵਾਹੀ ਸੀ ਅਤੇ ਸਰਕਾਰ ਨੇ ਨਿਰੰਕਾਰੀ ਸਾਧ ਵਿਰੁੱਧ ਕੋਈ ਠੋਸ ਕਦਮ ਨਾ ਚੁੱਕੇ ਤੇ ਆਖਰ ਸਿੱਖ ਨੌਜਵਾਨਾਂ ਨੂੰ ਕਾਨੂੰਨ ਆਪਣੇ ਹੱਥ ਲੈਣਾ ਪੈ ਗਿਆ, ਹੁਣ ਸਿਰਸੇ ਵਾਲੇ

ਸਾਧ ਅਤੇ ਭਨਿਆਰੇ ਨੂਰਮਹਿਲੀਏ ਦੇ ਕੁਰਕਮਾਂ ਨੂੰ ਮਿਲ ਰਹੀ ਸਰਕਾਰੀ ਸ਼ਹਿ ਜੇ ਕਿਸੇ ਪੰਥਕ ਨੌਜਵਾਨ ਨੂੰ ਫੇਰ ਕਾਨੂੰਨ ਹੱਥ ਵਿਚ ਲੈਣ ਲਈ ਮਜ਼ਬੂਰ ਕਰਦੀ ਹੈ, ਤਾਂ ਉਸ ਨੌਜਵਾਨ ਦੀ ਥਾਂ ਭਾਰਤੀ ਲੋਕਤੰਤਰ ਦਾ ਉਹ ਸਾਰਾ ਸਿਸਟਮ ਕਸੂਰ-ਵਾਰ ਹੋਵੇਗਾ, ਜਿਹੜਾ ਐਡੀ ਵੱਡੀ ਸਾਜਿਸ਼ ਅਤੇ ਫਿਰਕੂ ਪ੍ਰਸਤੀ ਫੈਲਾਉਣ ਵਾਲੇ ਠੱਗ ਨੂੰ ਸਮੇਂ ਸਿਰ ਨੱਥ ਨਹੀਂ ਪਾ ਸਕਿਆ, ਨੋਟ ਕਰਨ ਵਾਲੀ ਗੱਲ ਹੈ ਕਿ ਧਾਰਮਿਕ ਅਜ਼ਾਦੀ ਦਾ ਅਰਥ ਕਿਸੇ ਦੂਜੇ ਧਰਮ ਜਾਂ ਉਸਦੇ ਵਡੇਰਿਆਂ ਦੀ ਨਿਰਾਦਰੀ ਕਰਨਾ ਜਾਂ ਮਜਾਕ ਉਡਾਣਾ ਕਦੀ ਵੀ ਨਹੀਂ ਹੁੰਦਾ।

ਧਰਮਯੁੱਧ ਮੋਰਚਾ ਜਿਹੜਾ ਕਿ ਸਾਰੀਆਂ ਸੰਵਿਧਾਨਕ ਤੇ ਸੰਵਿਧਾਨ ਦੇ ਅੰਦਰ ਰਹਿ ਕੇ ਮੰਨਣ ਯੋਗ ਮੰਗਾਂ ਨੂੰ ਮੁੱਖ ਰੱਖਦਿਆਂ ਲਾਇਆ ਗਿਆ ਸੀ, ਪਰ ਫਿਰਕੂ ਹਕੂਮਤ ਅਤੇ ਹਿੰਦੂ ਪ੍ਰੈਸ ਨੇ ਇਸ ਨੂੰ "ਖਾਲਿਸਤਾਨ ਤੇ ਵੱਖਵਾਦ ਦਾ ਨਾਮ ਦੇ ਕੇ ਪ੍ਰਚਾਰਿਆ। ਇਸ ਮੋਰਚੇ ਵਿਚ ਵੀ ਜੰਮੂ ਕਸ਼ਮੀਰ ਤੋਂ ਵੱਡੀ ਗਿਣਤੀ ਵਿਚ ਜਥੇ ਦੇਸ਼ ਪੰਜਾਬ ਵੱਲ ਗ੍ਰਿਫਤਾਰੀਆਂ ਦੇਣ ਲਈ ਪੁੱਜਦੇ ਰਹੇ। ਦੀਵੇਂ ਵਾਂਗ ਇਸ ਧਰਮ ਯੁੱਧ ਮੋਰਚੇ ਦੀ ਟਿਮ ਟਿਮਾਂਦੀ ਲੋਅ ਨੂੰ ਭਾਂਬੜ ਬਨਾਉਣ ਲਈ "ਨੱਕ ਤੇ ਮੱਖੀ ਬੈਠਣ ਨਹੀਂ ਦੇਣੀ, ਸਿਰ ਤੇ ਪੱਗੜੀ ਰਹਿਣ ਨਹੀਂ ਦੇਣੀ" ਅਤੇ "ਕੱਛ ਕੜਾ ਕਿਰਪਾਨ ਇਸ ਨੂੰ ਭੇਜੋ ਪਾਕਿਸਤਾਨ" ਇਨ੍ਹਾਂ ਜਹਿਰ ਜੁਬਾਨਾਂ ਤੇ ਕੌੜੇ ਲਫਜ਼ਾ ਦੇ ਮੇਲ ਨੇ ਕਹਿਰ ਦੀ ਨਫਰਤ ਪੈਦਾ ਕੀਤੀ। ਫਿਰ ਤੌਹੀਦ ਦੀ ਸਦਾ ਜੋ ਬਾਬਾ ਨਾਨਕ ਸਾਹਿਬ ਦੇ ਸਿੱਖ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਰੂਪ ਵਿਚ ਉਭਰੀ। ਜਿਸ ਨੇ ਹਿੰਦੁਸਤਾਨ ਫਿਰਕੂ ਹਕੂਮਤ ਦੀ ਜ਼ਿਆਦਤੀਆਂ ਵਿਰੁੱਧ ਆਪਣੇ ਸਿਧੇ-ਸਾਦੇ ਬੋਲਾਂ ਨਾਲ ਸਮੁੱਚੀ ਸਿੱਖ ਕੌਮ ਨੂੰ ਹਲੂਣ ਕੇ ਰੱਖ ਦਿੱਤਾ, ਕੌਮ ਨੇ ਪਾਖੰਡੀਆਂ ਦੀ ਅਕਾਲੀ ਚੰਡਾਲ ਚੋਕੜੀ ਨੂੰ ਆਮ ਭੇਡਾਂ ਦੇ ਬਾੜੇ ਵਿਚ ਬੰਦ ਕਰਕੇ ਆਪਣਾ ਰਾਹ ਪੱਧਰਾ ਕਰ ਲਿਆ। ਨਿਧੱੜਕ ਤੇ ਨਿਰਪੱਖ ਗੁਰਸਿੱਖ ਆਗੂ ਦੀ ਘਾਟ ਮਹਿਸੂਸ ਕਰ ਰਹੀ ਕੌਮ ਨੂੰ ਇਕ ਜਰਨੈਲ ਮਿਲ ਚੁੱਕਿਆ ਸੀ।

ਜਿਸ ਨੇ ਉਸ ਸਮੇਂ ਦੀ ਇਤਿਹਾਸਕ ਧਾਰਾ ਦਾ ਮੂੰਹ ਮੋੜਦਿਆਂ ਇਕ ਕ੍ਰਾਂਤੀਕਾਰੀ ਲਹਿਰ ਦਾ ਅਗਾਜ਼ ਕੀਤਾ, ਪੂਰੀ ਕੌਮ ਬਾਬਾ ਭਿੰਡਰਾਂਵਾਲਿਆਂ ਦੇ ਕਦਮ ਚਿਨ੍ਹਾਂ ਤੇ ਟੁਰਨ ਨੂੰ ਤਿਆਰ ਬੈਠੀ ਸੀ। ਬਾਬਾ ਭਿੰਡਰਾਂਵਾਲਿਆਂ ਵੱਲੋਂ ਭਾਰਤੀ ਹੂਕਮਤ ਨੂੰ ਸਾਫ ਸਿੱਧੇ ਸ਼ਬਦਾਂ ਵਿਚ ਕਹਿ ਦਿਤਾ ਗਿਆ। "ਮੈਂ ਖਾਲਸਿਤਾਨ ਮੰਗਦਾ ਨਹੀਂ ਜੇ ਦਿਉਗੇ ਤਾਂ ਇੰਨਕਾਰ ਨਹੀਂ ਕਰਦਾ...। ਪਰ ਜੇ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ ਗਿਆ ਤਾਂ ਉਸ ਦਿਨ ਖਾਲਸਿਤਾਨ ਦਾ ਨੀਹ ਪੱਥਰ ਰੱਖਿਆ ਜਾਣਾ ਹੈ।" ਭਾਰਤੀ ਹਕੂਮਤ ਨੇ ਤਾਕਤ ਦੇ ਨਸ਼ੇ ਵਿਚ ਚੂਰ ਭਾਰਤ ਦੇ ਭਵਿੱਖ ਤੋਂ ਅਨਜਾਣ ਹੋਕੇ ਖੁਦਾਈ ਮੁਜੱਸਮੇ ਸ੍ਰੀ ਦਰਬਾਰ ਸਾਹਿਬ ਜੀ ਉੱਤੇ ਫੌਜੀ ਹਮਲਾ ਕਰ ਦਿੱਤਾ ਜਿਸ ਦੇ ਨਾਲ ਹੀ ਖਾਲਿਸਤਾਨ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਸਿੱਖਾਂ ਦੇ ਸੀਨੇ ਅੰਦਰ ਐਸੀ ਖਿੱਚ ਪਈ ਕੇ [illegible]

ਖਿੱਚ ਜਿਨ੍ਹਾਂ ਨੇ ਖਾਂਦੀ ਉਹ ਨਹੀਂ ਆਰਾਮ ਕਰ ਬੈਂਦੇ। ਹਮਲੇ ਉਪਰੰਤ ਇਕ ਫਲਸਫੇ ਦਾ ਜਨਮ ਹੋਇਆ, ਜਿਸ ਨੂੰ ਜੁਝਾਰੂ ਲਹਿਰ ਵੀ ਆਖਿਆ ਜਾਂਦਾ ਹੈ। ਜਿਸ ਨੂੰ ਜੀਉਂਦਾ ਰੱਖਣ ਲਈ ਜੀਉਂਦੀ ਜਮੀਰ ਵਾਲੇ ਹਰ ਸਿੱਖ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਸਰਕਾਰੀ ਕਰੀਦਿਆਂ ਦੇ ਖੂਨੀ ਪੰਜਿਆਂ ਵੱਲੋਂ ਉਨ੍ਹਾਂ ਯੋਗਦਾਨੀਆਂ ਨੂੰ ਨੋਚ-ਨੋਚ ਕੇ ਭਾਰਤ ਮਾਤਾ ਦੀ ਅਖੌਤੀ ਬੇਦੀ ਉੱਤੋਂ ਕੁਰਬਾਨ ਕਰ ਦਿੱਤਾ ਗਿਆ। 1984 ਤੋਂ 2009 ਤੱਕ 14 ਮਹੀਨੇ ਦੇ ਸਿੱਖ ਬੱਚੇ ਤੋਂ 40 ਤੇ 80 ਸਾਲ ਤੱਕ ਦੇ ਬਜ਼ੁਰਗ ਸਿੱਖ ਦਾ ਦੰਗੇ-ਫਸਾਦ ਅਤੇ ਅੱਤਵਾਦ ਦੇ ਨਾਮ ਹੇਠਾਂ ਨਸਲਘਾਤ ਕੀਤਾ ਗਿਆ। ਸਿੱਖਾਂ ਦੀ ਅਰਬਾਂ ਰੁਪੀਏ ਦੀ ਸੰਪੱਤੀ ਲੁੱਟੀ ਗਈ, ਔਰਤਾਂ-ਬੱਚੀਆਂ, ਬੁੱਢੀਆਂ ਨੂੰ ਸੜਕਾ ਉੱਤੇ ਨਿਰ ਬਸਤਰ ਕਰਕੇ ਬਲਾਤਕਾਰ ਕੀਤੇ ਗਏ, ਛਾਤੀਆਂ ਕੱਟੀਆਂ ਗਈਆਂ, ਗੁੱਪਤ ਅੱਗਾਂ ਵਿਚ ਸਰੀਏ ਧੱਸ ਦਿੱਤੇ ਗਏ, ਤੜਪਦੇ ਸ਼ਰੀਰਾਂ ਦੇ ਪੈਟਰੋਲ ਪਾ ਕੇ ਅੱਗਾਂ ਲਾ ਦਿੱਤੀਆਂ ਗਈਆਂ।

ਹਿੰਦ ਦੇ ਕੋਣੇ-ਕੋਣੇ 'ਚ ਹੋ ਰਹੇ ਇਸ ਤਾਂਡਵ ਨਾਚ ਦੋਰਾਨ ਗੁਰਦੁਆਰੇ ਵੀ ਢਾਹੇ ਤੇ ਸਾੜੇ ਗਏ, ਹਿੰਦੂ ਰਾਸ਼ਟਰਵਾਦੀਆਂ ਦੇ ਇਸ ਕਰੂਰ ਕਾਲੇ ਕਾਰਨਾਮਿਆਂ ਨੇ ਹਿੰਦੂਆਂ ਦੇ ਕਾਲਪਨਿਕ ਦੇਵੀ-ਦੇਵਤਿਆਂ ਦੇ ਵੇਲੇ ਦੇ ਰਾਕਸ਼ਸ਼ਾਂ ਅਤੇ ਚੰਗੇਜ਼ ਖਾਨ ਤੇ ਔਰੰਗਜ਼ੇਬ ਤੱਕ ਦੇ ਜੁਲਮਾਂ ਨੂੰ ਫਿੱਕਾ ਪਾ ਦਿੱਤਾ। ਹਿਟਲਰ ਵੀ ਸ਼ਰਮ ਮਹਿਸੂਸ ਕਰਨ ਲੱਗਾ। ਪਰ ਆਪਣੇ ਆਪ ਨੂੰ ਰਾਮ ਭਗਤ, ਕਹਿਣ ਵਾਲੀ- ਗਾਂਧੀ ਦੀ ਫੌਜ ਤੇ ਸੰਘੀਆਂ, ਸ਼ਿਵਾਂ ਦੀ ਸੈਨਾਵਾਂ ਨੇ ਸਿੱਖਾਂ ਦੀਆਂ ਲਾਸ਼ਾਂ ਤੇ ਮਿਠਾਈਆਂ ਵੰਡੀਆਂ, ਭੰਗੜੇ ਅਤੇ ਸ਼ਰਾਬਾਂ ਨਾਲ ਜਸ਼ਨ ਮਨਾਏ। ਭਾਰਤੀ ਨਿਤੀ ਸ਼ਾਸ਼ਤਰ ਦੇ ਮਾਹਿਰਾਂ ਨੇ ਅਗਲੀ ਚਾਲ ਚੱਲੀ - ਬੇ ਗੈਰਤ ਤੇ ਬਿਕਾਊ ਸਿੱਖ ਲੀਡਰਸ਼ਿਪ ਦਾ ਉਭਾਰ ਕਰਵਾਇਆ ਹਰ ਪੰਥਕ ਜਥੇਬੰਦੀ ਵਿਚ ਸਰਕਾਰੀ ਕੋਟਾਂ ਦਾ ਦਾਖਲਾ, ਪੰਥਕ ਕਹੀ ਜਾਂਦੀ ਲੀਡਰਸ਼ਿਪ ਮੋਟੀਆਂ ਸਲਾਖਾਂ ਪਿੱਛੇ ਜਾਂ ਫਿਰ ਮਕੱਤਲ ਦੇ ਰਾਹ ਘੱਲ ਦਿੱਤੀ ਗਈ, ਭਰਾ ਮਾਰੂ ਖਾਨਾ ਜੰਗੀ ਨੇ, ਬੇ ਯਕੀਨੀ ਦਾ ਮਾਹੌਲ ਪੈਦਾ ਕੀਤਾ "ਬਰਸਾਤ ਦੇ ਪਾਣੀ ਵਾਂਗ ਜਿੱਧਰ ਨੂੰ ਆਇਆ ਉਧਰ ਨੂੰ ਤੁਰ ਪਿਆ" ਵਾਲੀ ਕੌਮ ਦੀ ਹਾਲਤ ਬਣ ਗਈ।

ਇਹ ਸਿਰਫ ਦੇਸ਼ ਪੰਜਾਬ ਅਤੇ ਜੰਮੂ ਕਸ਼ਮੀਰ ਦੀ ਹੀ ਨਹੀਂ, ਭਾਰਤ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਆਮ ਕਹਾਣੀ ਹੋ ਚੁੱਕੀ ਸੀ। ਜੰਮੂ ਦੇ ਸਿੱਖਾਂ ਨਾਲ ਵੀ ਕੁਝ ਇਸੇ ਤਰ੍ਹਾਂ ਦੀ ਬੀਤ ਰਹੀ ਸੀ। ਕਸ਼ਮੀਰ, ਰਿਆਸੀ, ਜੰਮੂ ਆਦਿ ਥਾਵਾਂ ਤੇ 50 ਦੇ ਕਰੀਬ ਸਿੱਖ, ਹਿੰਦੀ, ਹਿੰਦੂ ਹਿੰਦੁਸਤਾਨ ਦੇ ਮੁਦੱਈਆ ਵੱਲੋਂ ਕਤਲ ਕਰ ਦਿੱਤੇ ਗਏ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਗੁਰਦੁਆਰੇ ਸਾੜੇ ਗਏ, ਸਿੱਖ ਸੰਪਤੀ ਲੁੱਟੀ ਗਈ। ਸਿੱਖਾਂ ਨੂੰ ਨਾ ਕੋਈ ਹਮਦਰਦੀ ਮਿਲੀ ਨਾ ਇੰਨਸਾਫ ਕਾਤਲ ਅਜ਼ਾਦ ਘੁੰਮਦੇ ਰਹੇ, ਆਖਰ ਸਿੱਖ ਗੱਭਰੂ, ਕਲਮ ਦੀ ਥਾਂ ਕਿਰਪਾਨ ਅਤੇ ਸ਼ਾਂਤੀ ਦੀ ਕ੍ਰਾਂਤੀ ਦੇ ਰਾਹ ਤੁਰ ਪਏ। ਜੰਮੂ ਕਸ਼ਮੀਰ ਦਾ

ਸਿੱਖ ਬਾਬਾ ਨਾਨਕ ਸਾਹਿਬ ਦੇ ਵੇਲੇ ਤੋਂ ਗੁਰਮਤਿ ਇਨਕਲਾਬ ਨਾਲ ਜੁੜਿਆ ਹੋਇਆ, ਦਸਮ ਪਾਤਸ਼ਾਹ ਦੇ ਵੇਲੇ ਤੱਕ ਸ਼ਹਾਦਤ ਦੇ ਰੂਪ 'ਚ ਹਾਜ਼ਰ ਰਿਹਾ, ਬਾਬਾ ਬੰਦਾ ਸਿੰਘ ਤੋਂ ਬਾਬਾ ਜਰਨੈਲ ਸਿੰਘ ਤੱਕ ਦੇ ਸਫ਼ਰ 'ਚ ਖਾਲਸਾ ਪੰਥ ਦੇ ਕਾਫਲੇ ਦਾ ਪਾਂਧੀ ਬਣ ਕੇ ਸ਼ਾਮਿਲ ਰਿਹਾ ਤੇ ਹੁਣ ਫਿਰ ਇਕ ਖਾੜਕੂ ਜਥੇਬੰਦੀ ਦੇ ਰੂਪ 'ਚ ਪੰਜਾਬ ਦੇ ਕੌਮੀ ਸੰਘਰਸ਼ ਵਿਚ ਵਿਚਰ ਰਿਹਾ ਹੈ, ਜਿਸ ਨੂੰ "ਖਾਲਿਸਤਾਨ ਜਿੰਦਾਬਾਦ ਫੋਰਸ" ਦੇ ਰੂਪ 'ਚ ਜਾਣਿਆ ਜਾਂਦਾ ਹੈ। ਸਿੱਖ ਜੰਗਜੂ ਨੌਜਵਾਨਾਂ ਨੇ ਆਖਰੀ ਰਾਹ ਵਜੋਂ ਜੰਮੂ ਨੂੰ ਬੰਬ ਗੋਲੀਆਂ ਨਾਲ ਦਹਲਾ ਦਿੱਤਾ ਅਤੇ ਹੁਣ ਹੱਥਾਂ ਵਿਚ ਏ.ਕੇ. ਸੰਨਤਾਲੀ ਲੈ ਕੇ ਆਪਣੀ ਹਿਫਾਜਤ ਕਰਨ ਵਾਲੇ ਇਨ੍ਹਾਂ ਨੌਜਵਾਨਾਂ ਨੂੰ ਭਾਰਤੀ ਹਕੂਮਤ ਵੱਲੋਂ ਅੱਤਵਾਦੀ ਕਿਹਾ ਜਾਣ ਲੱਗਾ, ਇਹ ਪਹਿਲੀ ਵਾਰੀ ਨਹੀਂ ਸੀ, ਇਤਿਹਾਸ ਵਿਚ ਇਝ ਹੀ ਹੁੰਦਾ ਆਇਆ ਹੈ। ਜੇ ਮੁਗਲੀਆਂ ਹਕੂਮਤ ਦੇ ਸ਼ਾਹਿਬਜਾਦਾ ਅਜੀਤ ਸਿੰਘ ਜੁਝਾਰ ਸਿੰਘ ਆਦਿ ਬਾਗੀ ਸਨ ਅੰਗਰੇਜ਼ਾਂ ਦੇ ਸ. ਕਰਤਾਰ ਸਿੰਘ, ਸ. ਊਧਮ ਸਿੰਘ, ਸ. ਭਗਤ ਸਿੰਘ ਬਾਗੀ ਸਨ ਤੇ ਅਜੋਕੀ ਭਾਰਤੀ ਹਕੂਮਤ ਦੇ ਇਹ ਨੌਜਵਾਨ ਬਾਗੀ ਹਨ ਅਤੇ ਇਤਿਹਾਸ ਵਿਚ ਏਹੀ ਜੁਝਾਰੂ ਬਾਦਸ਼ਾਹ ਹੋ ਨਿਬੜਨਗੇ।

ਸਰਕਾਰਾਂ ਇਨ੍ਹਾਂ ਨੂੰ ਅੱਤਵਾਦੀ ਵੱਖਵਾਦੀ ਤਾਂ ਕਹਿੰਦੀ ਰਹੀਆਂ, ਪਰ ਲੱਖਾਂ ਸਿੱਖਾਂ ਦਾ ਨਰਸੰਘਾਰ ਕਰਨ ਵਾਲੀਆਂ ਤਾਕਤਾਂ ਅਤੇ ਲੀਡਰਾਂ ਨੂੰ ਐਮ.ਐਲ.ਏ. ਤੇ ਐਮ.ਪੀ.ਸੀ.ਐਮ. ਦੀ ਕੁਰਸੀਆਂ ਦਿੱਤੀਆਂ ਗਈਆਂ। ਸਿੱਖਾਂ ਉੱਤੇ ਚੌਤਰਫੀ ਹਮਲੇ ਹੋ ਰਹੇ ਸਨ, ਪਰ ਇਨ੍ਹਾਂ ਦੇ ਮੁਕਾਬਲੇ ਸਿਰਫ ਬੰਬ-ਗੋਲੀਆਂ ਦੇ ਮਾਰ-ਧਾੜ ਨੂੰ ਹੀ ਸੰਘਰਸ਼ ਕ੍ਰਾਂਤੀ ਸਮਝ ਲੈਣਾ ਵੀ ਕੋਈ ਸਿਆਨਪ ਨਹੀਂ। ਬਲਕਿ ਨੌਜਵਾਨਾਂ ਦੀ ਵੱਡੀ ਭੁੱਲ ਸੀ। ਇਹੀ ਕਾਰਣ ਸੀ ਕਿ ਸਿੱਖ ਖਾੜਕੂ ਆਪਣੇ ਨਾਲ ਉੱਭਰ ਚੁੱਕੀ ਲੋਕ ਲਹਿਰ ਨੂੰ ਜੀਉਂਦਾ ਤੇ ਸਿਥਰ ਨਾ ਰੱਖ ਸਕੇ। ਬਾਕੀ ਲਹਿਰਾਂ 'ਚ ਉਤਰਾਵ ਚੜਾਅ ਹੋਣਾ ਸੁਭਾਵਕ ਗੱਲ ਹੈ, ਜੰਮੂ ਵਿਚ ਵੀ ਇਸੇ ਤਰ੍ਹਾ ਹੋਇਆ ਦੁਖਦ ਘਟਨਾ ਇਹ ਸੀ, ਕਿ ਜੰਮੂ ਕਸ਼ਮੀਰ ਦੇ ਅਖੌਤੀ ਧਾਰਮਿਕ ਆਗੂਆਂ ਨੇ ਆਪਣੇ ਆਪਣੇ ਧੜਿਆਂ ਦੇ ਵਿਰੋਧੀਆਂ ਨੂੰ ਗੱਦਾਰ ਕਹਿੰਦਿਆਂ, ਜਜਬਾਤੀ ਨੌਜਵਾਨਾਂ ਹੱਥੋਂ ਮਰਵਾ ਦਿੱਤਾ, ਇਥੇ ਖਾੜਕੂ ਆਗੂ ਸੂਝ-ਬੂਝ ਦਾ ਪ੍ਰਗਟਾਵਾ ਅਤੇ ਗਲਤ ਸਹੀ ਦੀ ਪਹਿਚਾਣ ਕਰਨ ਤੋਂ ਚੂਕ ਗਏ "ਮੁਠਾ ਆਪਿ ਮੁਹਾਏ ਸਾਥੈ॥

ਨਾਨਕ ਐਸਾ ਆਗੂ ਜਾਪੈ॥੨॥

ਇਹ ਸੱਚ ਹੈ, ਜੇ ਇਨ੍ਹਾਂ ਬਹਾਦਰ ਨੌਜਵਾਨਾਂ ਨੂੰ ਗੁਰਮਤਿ ਸਿਧਾਂਤ ਤੇ ਸੰਘਰਸ਼ ਦੇ ਮੂਲ ਸਿਧਾਂਤਾਂ ਦੀ ਜਾਣਕਾਰੀ ਅਤੇ ਯੋਗ ਅਗਵਾਈ ਦਿੱਤੀ ਗਈ ਹੁੰਦੀ ਤਾਂ ਇਹ, ਇਸ ਤੋਂ ਵੀ ਔਖੇ ਤੇ ਵੱਡੇ ਮੋਰਚਿਆਂ ਉੱਤੇ ਫਤਹਿ ਹਾਸਿਲ ਕਰਨ ਦੇ ਸਮਰੱਥ ਸਨ। ਇਕ ਹੋਰ ਕਿਸਮ ਦੀ ਗੰਦੀ ਤੇ ਮੌਕਾ ਪ੍ਰਸਤ ਨਸਲ (ਲੋਕ) ਸੰਘਰਸ਼ ਵਿਚ ਘੁਸਪੈਠ ਕਰ ਚੁੱਕੀ ਸੀ,

ਜਿਸ ਦੀ ਸੁਆਰਥ ਦੀ ਸੀਮਾ ਬੱਸ "ਉਂਗਲੀ ਕਟਾਕੇ ਸ਼ਹੀਦੋਂ ਮੇਂ ਨਾਮ ਲਿਖਾ ਲੈਂਗੇ," ਤੇ ਫਿਰ ਪੰਥ ਕੋਮ ਦੇ ਨਾਂ ਉੱਤੇ ਦੋਲਤਾਂ-ਕੋਠੀਆਂ, ਗੱਡੀਆਂ, ਪਲਾਟ ਆਦਿ ਇਕੱਠੀਆਂ ਕਰਨ ਤੱਕ ਸੀਮਿਤ ਰਹਿ ਗਈ, ਕੁਝ ਤਾਂ ਹਥਿਆਰਬੰਦ ਤਾਕਤ ਨੂੰ ਨਿੱਜੀ ਗਰਜ਼ਾਂ ਲਈ ਵਰਤਨ ਤੋਂ ਬਾਅਦ, ਹਵਾ ਵਿਚ ਗੋਲੀਆਂ ਚਲਾ ਕੇ ਯੋਧਿਆਂ ਦੇ ਖਿਤਾਬ ਹਾਸਿਲ ਕਰਨ ਤੋਂ ਵੀ ਨਾ ਚੂਕੇ।

ਕੁਝ ਨੌਜਵਾਨ ਉਹ ਵੀ ਹਨ, ਜਿਨ੍ਹਾਂ ਸਿਰ ਜੰਮੂ ਵਿਚ ਵਿਢੇ ਗਏ ਸੰਘਰਸ਼ ਪ੍ਰਤੀ ਵੱਡੀ ਜ਼ੁਮੇਵਾਰੀ ਸੀ, ਉਹ ਆਗੂ ਕਹਾਉਂਦੇ ਸਨ, ਜੋ ਜੇਲ੍ਹਾਂ 'ਚੋ ਛੁੱਟਣ ਤੋਂ ਬਾਅਦ ਸ਼ਹੀਦ ਪਰਿਵਾਰਾਂ ਜਾਂ ਸਾਥੀ ਸ਼ਹੀਦ ਸਿੰਘਾਂ ਅਤੇ ਆਪਣੇ ਉਸ ਉਦੇਸ਼ ਪ੍ਰਤੀ ਕੋਈ ਸਾਰਥਿਕ ਕਦਮ ਨਾ ਚੁਕ ਸਕੇ ਜਾ ਕਹਿ ਸਕਦੇ ਹਾਂ ਕਿ ਚੁੱਕਿਆ ਹੀ ਨਹੀਂ ਨਾ ਕੋਈ ਧਾਰਮਿਕ ਜਥੇਬੰਦੀ ਨਾ ਹੀ ਕੋਈ ਰਾਜਨੀਤਿਕ ਪਲੇਟਫਾਰਮ ਤਿਆਰ ਕਰ ਪਾਏ, ਜਿਸ ਤੋਂ ਆਵਾਜ ਚੁੱਕੀ ਜਾਂਦੀ। ਜਿਸ ਲਈ ਕਦੀ ਉਹ ਹਥਿਆਰਬੰਦ ਹੋ ਕੇ ਲੜੇ ਸਨ। ਪਰ ਉਲਟਾ ਇਹ ਸਾਬਕਾ ਖਾੜਕੂ ਉਨ੍ਹਾਂ ਹੀ ਅਖੌਤੀ ਆਗੂਆਂ ਦੀ ਕੁਛੜ 'ਚ ਜਾ ਬੈਠੇ ਜਿਨ੍ਹਾਂ ਨੇ ਇਨ੍ਹਾਂ ਨੂੰ ਪਹਿਲਾਂ ਵੀ ਵਰਤਿਆ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਸ਼ਹੀਦ ਕਰਵਾਇਆ ਸੀ ਸ਼ਾਇਦ ਜੰਮੂ ਦਾ ਖਾੜਕੂ ਇਤਿਹਾਸ ਇਸ ਲਈ ਇਨ੍ਹਾਂ ਨੂੰ ਮਾਫ ਨਾ ਕਰੇ।

"ਪਾਹਿ ਕੋਹਾੜਾ ਮਾਰਿਆ ਖਾਫਲ ਆਪਣੇ ਹਾਥ॥"

ਕੌਮ ਦੀ ਬਦ ਨਸੀਬੀ ਹੀ ਕਹੀ ਜਾ ਸਕਦੀ ਹੈ ਕਿ ਯੋਗ ਰਹਿਨੁਮਾਈ ਦੀ ਘਾਟ ਹਮੇਸ਼ਾ ਰੜਕਦੀ ਰਹੀ ਹੈ, ਜਿਵੇਂ ਕਿ ਅਜ, ਵਰਨਾ ਕੌਮੀਂ ਸ਼ਮਾਂ ਉਤੋਂ ਪਤੰਗਿਆਂ ਵਾਂਗ ਕੁਰਬਾਨ ਹੋਣ ਵਾਲਿਆਂ ਦੀ ਘਾਟ ਤਾਂ ਕੌਮ ਨੂੰ ਕਦੀ ਵੀ ਨਹੀਂ ਰਹੀ ਅਤੇ ਨਾ ਹੀ ਕਦੀ ਰਹੇਗੀ। "ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੇ,

ਅਜੇ ਤੀਕ ਉਹ ਸਾਡੇ ਹਥਿਆਰ ਜੀਊਂਦੇ।

ਅੰਗੂਠਾ ਲਾਇਆ ਨਹੀਂ ਜਿਨ੍ਹਾਂ ਬੇ ਦਾਵਿਆਂ ਤੇ,

ਸਿੰਘ ਹਾਲੇ ਵੀ ਲਖ ਹਜ਼ਾਰ ਜੀਊਂਦੇ।"

ਕੁਲ ਮਿਲਾ ਕੇ ਇਹ ਤੱਥ ਸਾਮਹਣੇ ਆਉਂਦੇ ਹਨ ਕਿ ਜੰਮੂ ਕਸ਼ਮੀਰ ਦੇ ਸਿੱਖ ਨੌਜਵਾਨਾਂ ਨੇ ਪੰਥ ਖਾਲਸਾ ਦੇ ਗੌਰਵ ਮਈ ਵਿਰਸੇ ਨੂੰ ਜੀਉਂਦਾ ਤੇ ਉੱਚਾ ਰੱਖਣ ਲਈ ਅਤੇ ਗੁਲਾਮ ਸੋਚ ਨੂੰ ਮੂਲੋਂ ਨਕਾਰਦਿਆਂ ਸ਼ਹਾਦਤਾਂ, ਜੇਲ੍ਹਾਂ, ਤਸੀਹੇ ਝੱਲੇ, ਅੱਜ ਵੀ ਭਾਈ ਕਰਨ ਸਿੰਘ ਮਾਸਟਰ, ਭਾਈ ਹਰਮਿੰਦਰ ਸਿੰਘ ਖਾਲਸਾ, ਭਾਈ ਰਣਜੀਤ ਸਿੰਘ, ਭਾਈ ਦਲੀਪ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਗੁਰਦੀਪ ਸਿੰਘ ਪ੍ਰਦੇਸੀ ਆਦਿ ਕਈ ਸਿੰਘ-ਸਿੰਘਣੀਆਂ ਜੰਮੂ-ਕਸ਼ਮੀਰ ਰਿਆਸਤ ਦੇ ਜੰਮਪਲ ਜਲਾਵਤਨੀ ਜਾ ਗਾਜ਼ੀ ਵਜੋਂ ਜੀਵਨ ਬਿਤਾ ਰਹੇ ਹਨ, ਪਰ ਕਿਉਂ ? ਸਾਡੀ ਕੌਮ ਤੇ ਦੁਨੀਆਂ ਦਾ ਵੱਡਾ ਹਿੱਸਾ, ਇਸ ਤੋਂ

ਬੇਖਬਰ ਹੈ, ਜਿਸ ਲਈ ਜੁਝਾਰੂ ਸਫ਼ਰ-ਏ-ਸ਼ਹਾਦਤ ਲਿਖਿਆ ਗਿਆ ਹੈ,

ਆਰੰਭ ਵਿਚ ਵੀ ਜ਼ਿਕਰ ਕੀਤਾ ਗਿਆ ਸੀ ਕਿ, ਸਿੱਖੀ ਸ਼ਹਾਦਤ ਸੰਘਰਸ਼, ਮਨੁੱਖਤਾ, ਇਨਸਾਫ, ਹੱਕ ਸੱਚ ਇੱਜ਼ਤ ਆਦਿ ਦੀ ਭਾਸ਼ਾ ਨੂੰ ਉਹੀ ਲੋਕ ਸਮਝ ਸਕਦੇ ਹਨ, ਜਿਨ੍ਹਾਂ ਦੇ ਸੀਨੇ ਅੰਦਰ ਗੈਰਤ ਮੰਦ ਦਿਲ ਧੜਕ ਰਿਹਾ ਹੋਵੇਗਾ ਅਤੇ ਜੋ ਕਿਸੇ ਵੀ ਮਨੁੱਖ ਮਾਤਰ ਹਿੰਦੂ, ਮੁਸਲਿਮ, ਸਿੱਖ ਈਸਾਈ, ਧਰਮਾਂ ਦੇ ਬੰਧਨਾਂ ਤੋਂ ਉਤਾਂ ਕੇ ਮਨੁੱਖ ਮਾਤਰ) ਉਨ ਨੂੰ ਜ਼ੁਲਮ ਦੀ ਚੱਕੀ ਵਿਚ ਪੀਸਦਾ ਵੇਖ ਕੇ ਉਸ ਵਿਰੁੱਧ 'ਸਰਬਤ ਦੇ ਭਲੇ' ਦੀ ਅਰਦਾਸ ਕਰਦਿਆਂ ਆਹ ਦਾ ਨਾਰਾ ਮਾਰਦੇ ਹੋਣਗੇ। ਜਿਨ੍ਹਾਂ ਦੇ ਅੰਦਰ ਮਨੁੱਖਤਾਂ ਪ੍ਰਤੀ ਦਰਦ ਹੋਵੇਗਾ ਤੇ ਜੋ ਕਿਸੇ ਵੀ ਪ੍ਰਕਾਰ ਦਾ ਧੱਕਾ-ਜੁਲਮ ਕਿਸੇ ਵੀ ਮਨੁੱਖ ਤੇ ਹੁੰਦਾ ਦੇਖ ਕੇ ਸੀਨੇ ਖਿੱਚ ਖਾਂਦੇ ਹੋਣਗੇ। ਬਾਕੀ ਇਸ ਸਫਰ-ਏ-ਸ਼ਹਾਦਤ ਬਾਰੇ ਲਿਖੇ ਗਏ ਸ਼ਬਦਾਂ ਲਈ "ਪੜਿਆ ਅਤੇ ਉਮੀਆਂ ਵਿਚਾਰ ਅਗੇ ਵੀਚਾਰੀਐ" ਦੀ ਬੇਨਤੀ ਹੈ। ਆਪਣੇ ਕੀਮਤੀ ਰਾਏ ਤੇ ਸੁਝਾਵ ਭੇਜਕੇ ਧੰਨਵਾਦੀ ਜ਼ਰੂਰ ਬਨਾਉ ਜੀ।

■■■

ਸ਼ਹੀਦੋਂ ਕੀ ਕਤਲ ਗਾਹ ਸੇ ਕਿਆ ਬੇਹਤਰ ਕਾਅਬਾ
ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ।

7 ਜੂਨ 1984 ਦਾ ਸ਼ਹੀਦੀ ਸਾਕਾ (ਕਸ਼ਮੀਰ)

20 ਵੀਂ ਸਦੀ ਦੇ ਕੌਮੀ ਇਤਿਹਾਸ ਦੇ ਗਗਨ ਉਤੇ ਹਜ਼ਾਰਾਂ ਹੀ ਕੌਮ ਦੇ ਸ਼ਹੀਦ ਸਿਤਾਰੇ ਬਣ ਕੇ ਚਮਕ ਰਹੇ ਹਨ। ਜਿਨ੍ਹਾਂ ਨਾਲ ਖ਼ਾਲਸਾ ਪੰਥ ਦਾ ਗੌਰਵਮਈ ਵਿਰਸਾ ਹੋਰ ਵੀ ਨਿਖਰ ਕੇ ਸਾਹਮਣੇ ਆਇਆ ਹੈ। ਇਨ੍ਹਾਂ ਸਮੂਹ ਸ਼ਹੀਦਾਂ ਨੂੰ ਅਸੀਂ ਰਿਆਸਤ-ਏ-ਜੰਮੂ ਕਸ਼ਮੀਰ ਦੇ ਸਮੂਹ ਸਿੱਖ ਨਤਮਸਤਕ ਹੋ ਰਹੇ ਹਾਂ।

"ਫ਼ਿਦਾਇਨ-ਏ-ਕੌਮ ਵਤਨ ਕੀ ਯਾਦ ਦਿਲ ਸੇ ਮਿਟ ਨਹੀਂ ਸਕਤੀ,
ਜ਼ਮਾਨੇ ਮੇਂ ਕਹਾਂ ਤਾਕਤ ਹੈ, ਨਾਮ ਇਨਕਾ ਮਿਟਾਨੇ ਕੀ।
ਯੇ ਵੋ ਰੋਸ਼ਨ ਸਿਤਾਰੇ ਹੈਂ, ਜੋ ਕਿਆਮਤ ਤਕ ਚਮਕੇਂਗੇ।
ਮਿਲੀ ਤਾਬ-ਏ-ਤਹਾ ਕਿਸਕੋ ਚਮਕ ਇਨਕੀ ਘਟਨੇ ਕੀ।"

25 ਸਾਲ ਹੋ ਗੁਜ਼ਰੇ ਹਨ, ਸਾਡੇ ਮੁਕੱਦਸ ਸਥਾਨ ਉਤੇ ਭਾਰਤੀ ਹਾਕਮਾਂ ਵੱਲੋਂ ਕੀਤੇ ਗਏ ਹਮਲੇ ਨੂੰ, ਜਦੋਂ ਬੇਗੁਨਾਹਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ ਅਤੇ ਜੁਝਾਰੂ ਸਿੰਘਾਂ-ਸਿੰਘਣੀਆਂ ਵੱਲੋਂ ਇਸ ਧਰਮ ਯੁੱਧ ਵਿਚ ਚਮਕੌਰ ਜੰਗ ਦੀ ਯਾਦਾਂ ਨੂੰ ਮੁੜ ਤਾਜ਼ਿਆਂ ਕਰ ਦਿਤਾ। ਦਿਤੀਆਂ ਗਈਆਂ ਸ਼ਹਾਦਤਾਂ ਨਾਲ ਸੁਗੰਧਤ ਮਾਹੌਲ ਵਿਚ ਅਜ ਜਦੋਂ ਸਿੱਖ ਬਚੇ ਨਾਦਰ ਤੇ ਅਬਦਾਲੀ ਦੇ ਹਮਲਿਆਂ ਨੂੰ ਚੇਤੇ ਕਰਦਿਆਂ ਵਾਰਾਂ/ਕਵਿਤਾਵਾਂ/ਕਵੀਸ਼ਰੀਆਂ ਪੜ੍ਹਦੇ ਤੇ ਲਿਖਦੇ ਹਨ ਤਾਂ ਨਾਲ ਹੀ ਭਾਰਤੀ ਫੌਜ ਦੇ ਵਹਿਸ਼ੀ ਹਮਲੇ ਨੂੰ ਵੀ ਬਿਆਨ ਕੀਤਾ ਜਾਂਦਾ ਹੈ ਅਤੇ ਸਿੱਖ ਸ਼ਹੀਦਾਂ ਦੇ ਸੋਹਿਲੇ ਗਾਏ ਜਾਂਦੇ ਹਨ। ਭਾਰਤੀ ਲੀਡਰਸ਼ਿਪ ਅਤੇ ਅਖੌਤੀ ਅਕਾਲੀ ਆਗੂ 1984 ਨੂੰ ਭੁਲਾਉਣ ਦੀਆਂ ਅਪੀਲਾਂ ਕਰ ਰਹੇ ਹਨ, ਪਰ 25 ਸਾਲ ਬੀਤ ਜਾਣ ਤੇ ਵੀ 84 ਦੇ ਜ਼ਖਮ ਅਜ ਵੀ ਉਨੇ ਹੀ ਹਰੇ ਅਤੇ ਰੀਸ ਰਹੇ ਹਨ, ਜਿੰਨੇ 25 ਸਾਲ ਪਹਿਲਾਂ ਸਨ। ਇਹ ਜ਼ਖਮ ਸਿੱਖਾਂ ਦੀ ਰੂਹ ਤਕ ਉਤਰ ਚੁਕੇ ਹਨ, ਜਿਸ ਦਾ ਇਲਾਜ ਫਿਲਹਾਲ ਤਾਂ ਨਾਂ ਸਾਡੇ ਲੀਡਰਾਂ ਪਾਸ ਹੈ ਅਤੇ ਨਾ ਹੀ ਹਿੰਦੁਸਤਾਨ ਦੀ ਸਰਕਾਰ ਕੋਲ। ਬਹਿਰਹਾਲ ਅਸੀਂ ਆਪਨੀ ਨਸਲ ਅਤੇ ਵਿਰਸੇ ਉਤੇ ਹੁੰਦੇ ਹਮਲਿਆਂ ਨੂੰ ਅਜੇ ਵੀ ਸਮਝ ਕੇ ਸੁਚੇਤ ਹੋ ਜਾਈਏ ਤਾਂ ਕੌਮ ਦਾ ਭਵਿੱਖ 'ਚ ਹੋਣ ਵਾਲਾ ਨੁਕਸਾਨ ਹੋਣ ਤੋਂ ਬਚਾਇਆ ਜਾ ਸਕਦਾ ਹੈ ਸਿੱਖ ਫੈਸਲਾ ਕਰਨ ਕਿ ਉਨ੍ਹਾਂ

ਨੇ ਇਸੇ ਤਰ੍ਹਾਂ ਹੋਰ ਨੁਕਸਾਨ ਕਰਾਈ ਜਾਣਾ ਹੈ ਜਾਂ ਆਪਣੇ ਹਕ ਆਪਣੀ ਹੋਂਦ ਲਈ ਸੁਚੇਤ ਅਤੇ ਤਿਆਰ ਬਰ ਤਿਆਰ ਹੋ ਕੇ ਵਿਚਰਨਾ ਹੈ। ਆਓ ਆਪਣੇ ਅਸਲ ਵਿਸ਼ੇ ਤੇ ਗਲ ਕਰੀਏ 4 ਜੂਨ 2009 ਅੰਮ੍ਰਿਤਸਰ 'ਚ ਵੱਖ-ਵੱਖ ਜਥੇਬੰਦੀਆਂ ਵੱਲੋਂ ਇਕ ਸਾਂਝਾ "ਘੱਲੂਘਾਰਾ ਯਾਦਗਾਰ ਮਾਰਚ" ਕੱਢਿਆ ਜਾਣਾ ਸੀ, ਜਿਸ ਵਿਚ ਸ਼ਾਮਲ ਹੋਣ ਲਈ (ਲੇਖਕ ਨੂੰ) ਵੀ ਫ਼ੋਨ ਆਇਆ ਅਤੇ ਅਸੀਂ ਕੁਝ ਸਾਥੀਆਂ ਨੇ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਿਆ ਅਤੇ ਸ਼ਹੀਦਾਂ ਨੂੰ ਯਾਦ ਕਰਦਿਆਂ ਸਾਡੀਆਂ ਅੱਖਾਂ ਨਮ ਹੋਣ ਲੱਗੀਆਂ, ਕਿਹੜਾ ਸ਼ਹੀਦ, ਕਿਥੇ ਲੜਿਆਂ, ਉਨਾਂ ਮੋਰਚਿਆਂ ਨੇੜੇ ਜਾ ਕੇ ਧਰਤ ਨੂੰ ਚੁੰਮਿਆ, ਅਸੀਂ ਜਜ਼ਬਾਤ ਦੀ ਲਹਿਰ 'ਚੋਂ ਫੌਰਨ ਨਿਕਲਣ ਦਾ ਯਤਨ ਕੀਤਾ ਅਤੇ ਮਾਰਚ ਜਿਥੋਂ ਆਰੰਭ ਹੋਣਾ ਸੀ, ਉਥੇ ਜਾ ਪੁਜੇ, ਅਜੇ ਕੋਈ ਸਿੰਘ ਉਥੇ ਪੁਜਿਆ ਨਹੀਂ ਸੀ, ਪਰ ਪੁਲਿਸ ਤੇ ਸੀ.ਆਈ.ਡੀ. ਵਾਲਿਆਂ ਦੀ ਭੀੜ ਜ਼ਰੂਰ ਮੰਡਰਾ ਰਹੀ ਸੀ। ਇਨੀ ਦੇਰ ਨੂੰ ਕੁਝ ਸਿੰਘ ਉਥੇ ਪੁੱਜੇ ਤੇ ਸਾਨੂੰ ਦਲ ਖ਼ਾਲਸਾ ਦੇ ਦਫ਼ਤਰ ਲੈ ਗਏ ਜਿਥੇ ਜਾ ਕੇ ਪਤਾ ਚਲਿਆ ਕਿ ਅਸੀਂ ਦੋ ਘੰਟੇ ਮਿਥੇ ਹੋਏ ਸਮੇਂ ਤੋਂ ਪਹਿਲਾਂ ਹੀ ਪੁੱਜ ਗਏ ਹਾਂ। ਜਥੇਬੰਦੀਆਂ ਦੇ ਆਗੂ ਆਉਣੇ ਸ਼ੁਰੂ ਹੋ ਗਏ ਅਤੇ ਸਾਰਿਆਂ ਨੇ ਏਹੀ ਗਲ ਕਹੀ - ਜੰਮੂ ਕਸ਼ਮੀਰ ਵਾਲਿਆਂ ਨੇ ਤਾਂ ਸਭ ਤੋਂ ਪਹਿਲਾਂ ਮੋਰਚਾ ਸਾਂਭਲਿਆ ਹੈ, ਮੈਨੂੰ ਅਚਾਨਕ ਸੰਨ 84 ਯਾਦ ਆ ਗਿਆ ਜਦੋਂ ਜੰਮੂ ਕਸ਼ਮੀਰ 'ਚ ਭਾਰਤ ਦੇ ਫੌਜੀ ਹਮਲੇ ਵਿਰੁੱਧ ਰੋਸ ਮਾਰਚ ਕੱਢੇ ਗਏ, ਜਿਸ ਬਾਰੇ ਉਦੋਂ ਵੀ ਇਹ ਕਿਹਾ ਜਾਂਦਾ ਰਿਹਾ ਕਿ ਪੂਰੇ ਭਾਰਤ 'ਚ ਸਭ ਤੋਂ ਪਹਿਲੇ ਰੋਸ ਪ੍ਰਦਰਸ਼ਨ ਜੰਮੂ ਕਸ਼ਮੀਰ ਵਿਚ ਹੋਏ ਜਦੋਂ ਭਾਰਤੀ ਹਾਕਮਾਂ ਨੇ ਗੱਦਾਰ ਅਕਾਲੀਆਂ ਦੀ ਖ਼ਿਆਲੀ ਨਾਲ ਪੂਰੇ ਪੰਜਾਬ ਦਾ ਸੰਪਰਕ ਦੁਨੀਆਂ ਨਾਲੋਂ ਤੋੜ ਕੇ ਕਰਫਿਊ ਲਗਾ ਦਿੱਤਾ, ਸਿੱਖਾਂ ਦਾ ਅਕਾਲ ਤਖ਼ਤ ਤੇ ਜਾਨ ਤੋਂ ਪਿਆਰਾ ਹਰਿਮੰਦਰ ਸਾਹਿਬ, ਸਿੱਖਾਂ ਦੇ ਲਹੂ ਨਾਲ ਲੱਥ-ਪੱਥ ਕਰ ਦਿੱਤਾ, ਜਿਸ ਸ਼ਾਂਤ ਫਿਜ਼ਾ 'ਚ ਅਲਾਹੀ ਗੁਰਬਾਣੀ ਗੂੰਜਦੀ ਸੀ, ਉਥੇ ਗੋਲੀਆਂ-ਬੰਬਾਂ ਦੀ ਧਮਾਲ ਸੀ, ਪਾਕ ਵਾਯੂਮੰਡਲ 'ਚ ਬਾਰੂਦ ਦਾ ਧੂੰਆਂ ਸੀ। ਜਿਸ ਦੀਆਂ ਖ਼ਬਰਾਂ ਸਿੱਖਾਂ ਦੇ ਸੀਨੇ ਨੂੰ ਚੀਰ ਰਹੀਆਂ ਸਨ। ਸਿੱਖ ਪਹਿਲਾਂ ਮਰਣ ਕਬੂਲ ਕਰਣ ਲਈ ਅਕਾਲ ਤਖ਼ਤ ਵਲ ਨਿਕਲਣਾ ਚਾਹੁੰਦੇ ਸਨ। ਪਰ ਭਾਰਤੀ ਫੌਜ ਸਿੱਖਾਂ ਨੂੰ ਘਰੋਂ ਬਾਹਿਰ ਆਉਂਦਿਆਂ ਹੀ ਗੋਲੀ ਮਾਰਣ ਲਈ ਤਿਆਰ ਬਰ ਤਿਆਰ ਮੋਰਚੇ ਸਾਂਭੀ ਬੈਠੀ ਸੀ, ਕਈ ਸਿੱਖਾਂ ਦੇ ਨਿਸ਼ਾਨੇ ਵਿੱਢੇ ਗਏ, ਕਈ ਗ੍ਰਿਫ਼ਤਾਰ ਹੋਏ। ਸਰਕਾਰ ਇਸ ਭੁਲੇਖੇ ਵਿਚ ਸੀ ਕਿ ਅਕਾਲ ਤਖ਼ਤ ਦੇ ਵਾਰਸ ਸ਼ਾਇਦ ਸਿਰਫ਼ ਪੰਜਾਬ ਵਿਚ ਹੀ ਹਨ।

"ਐਵੇਂ ਭਰਮ ਹੈ ਸਾਡੇ ਕਾਤਲਾਂ ਨੂੰ ਅਸੀਂ ਹੋਵਾਂਗੇ ਦੋ ਜਾਂ ਚਾਰ ਸਿੰਘੋ
ਮਾਰ ਮੁਕਾਇਆ ਅਸੀਂ ਮੁਕਨਾ ਨਹੀਂ, ਇਨੀ ਲੰਮੀ ਹੈ ਸਾਡੀ ਕਤਾਰ ਸਿੰਘੋ।"

ਜੰਮੂ ਕਸ਼ਮੀਰ 'ਚ ਰੋਸ ਮਾਰਚਾਂ ਨੂੰ ਰੋਕਣ ਲਈ, ਜੰਮੂ, ਪੁੱਣਛ, ਕਸ਼ਮੀਰ ਤੋਂ

ਫੈਡਰੇਸ਼ਨ ਦੇ ਸਿੱਘਾਂ ਨੂੰ ਗ੍ਰਿਫ਼ਤਾਰ ਕੀਤਾ ਜਾਣ ਲੱਗਾ। ਇਕ ਨਾਅਰਾ ਦਿੱਤਾ ਗਿਆ "ਦੁਕਾਨੇਂ ਬੰਦ ਕਰ ਦੋ" ਭਿੰਡਰਾਂ ਵਾਲਾ ਸ਼ਹੀਦ ਹੋ ਗਿਆ ਹੈ, ਇਹ ਨਾਅਰਾ ਕਸ਼ਮੀਰੀ ਮੁਸਲਮਾਨਾਂ ਦੀ ਜਥੇਬੰਦੀ ਅਲਫਾਤਾ ਅਜੋਕੀ ਜੇ.ਕੇ.ਐਲ.ਐਫ. ਦੇ ਆਗੂ ਸ਼ੇਖ ਅਬਦੁੱਲ ਹਮੀਦ, ਜਾਵੇਦ ਅਹਿਮਦ, ਇਸ਼ਫਾਕ ਮਜੀਦ, ਯਾਸੀਨ ਮਲਿਕ ਅਤੇ ਸਮੁੱਚਾ ਹਾਜ਼ੀ ਗਰੁੱਪ ਵੱਲੋਂ ਸੀ। ਕਸ਼ਮੀਰ ਦੇ ਅਮੀਰਾ ਕਦਲ, ਸ੍ਰੀਨਗਰ ਵਿਚ ਕੱਢੇ ਜਾ ਰਹੇ ਹਜ਼ਾਰਾਂ ਸਿੱਖਾਂ ਮੁਸਲਮਾਨਾਂ ਦੇ ਸਾਂਝੇ ਰੋਸ ਮਾਰਚ ਨੂੰ ਰੋਕਣ ਅਤੇ ਰਿਆਸਤ ਦੇ ਸਿੱਖਾਂ ਉਤੇ ਵੀ ਦਹਿਸ਼ਤ ਪੈਦਾ ਕਰਨ ਤੇ ਆਪਣੀ ਧੌਂਸ ਹੇਠਾਂ ਗੁਲਾਮ ਲੋਕਾਂ ਵਾਂਗ ਰਖਣ ਲਈ, ਸਰਕਾਰ ਨੇ ਇਕ ਵਾਰੀ ਫਿਰ ਨਿਰੰਕਾਰੀਆਂ ਨੂੰ ਸਿੱਖਾਂ ਦੇ ਕਤਲ 'ਚੋਂ ਬਾਇੱਜ਼ਤ ਬਰੀ ਕਰ ਦਿੱਤਾ, ਬਲਕਿ ਨਿਰੰਕਾਰੀਆਂ ਨਾਲ ਰਲ ਕੇ ਸਿੱਖਾਂ ਅਤੇ ਮੁਸਲਮਾਨਾਂ ਦਾ ਲਹੂ ਡੋਲਿਆ ਗਿਆ ਅਤੇ ਭਾਰਤੀ ਨਿਆਂਪ੍ਰਣਾਲੀ 1978 ਦੇ ਸ਼ਹੀਦੀ ਸਾਕੇ ਵਾਂਗ ਦੋਸ਼ੀਆਂ ਦੀ ਹੀ ਪਿੱਠ ਥਪਥਪਾਉਂਦੀ ਰਹੀ। ਦੂਜੇ ਪਾਸੇ ਰਿਆਸਤ ਦੇ ਸਿਖ ਇਸ ਨਿਸ਼ਚੇ ਨਾਲ "ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ" ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨ ਵੀਰ ਦੇ ਸਹਿਯੋਗ ਨਾਲ ਖ਼ੁਦਾਈ ਸਥਾਨ ਤੇ ਕੀਤੇ ਗਏ ਫੌਜੀ ਹਮਲੇ ਵਿਰੁੱਧ ਸ਼ਾਂਤ ਮਈ ਰੋਸ ਮਾਰਚ ਕੱਢ ਰਹੇ ਸਨ, ਜਦੋਂ ਮਾਰਚ ਨਿਰੰਕਾਰ ਭਵਨ ਦੇ ਨੇੜਿਓਂ ਲੰਘਣ ਲੱਗਾ ਤਾਂ ਅਚਾਨਕ ਅੰਦਰੋਂ ਗੋਲੀ ਚਲਾ ਕੇ ਕਈ ਸਿੱਖ ਸ਼ਹੀਦ ਤੇ ਜ਼ਖਮੀ ਕਰ ਦਿਤੇ ਗਏ। ਪੁਲਿਸ ਨੇ ਬਜਾਏ ਦੋਸ਼ੀਆਂ ਨੂੰ ਫੜ੍ਹਨ ਦੇ, ਕਾਤਲਾਂ ਦਾ ਸਾਥ ਦੇਂਦਿਆਂ ਸਿੱਖਾਂ ਅਤੇ ਮੁਸਲਮਾਨਾਂ ਉਤੇ ਗੋਲੀਆਂ ਦਾ ਮੀਂਹ ਵਰਾ ਦਿੱਤਾ ਜਿਸ ਨਾਲ ਦੋ ਖੁਦਾ ਪ੍ਰਸਤ ਕੌਮਾਂ ਦੇ ਲਹੂ ਨਾਲ ਅਮੀਰਾ ਕਦਲ ਦੀ ਸੜਕ ਲਾਲ ਹੋ ਗਈ। ਇਸ ਖ਼ੂਨੀ ਸਾਕੇ ਤੋਂ ਬਾਅਦ ਦੋ ਕੌਮਾਂ ਦੀ ਸਦੀਆਂ ਪੁਰਾਣੀ ਦੋਸਤੀ ਦੇ ਅਧਿਆਏ ਵਿਚ ਇਕ ਨਵਾਂ ਕਾਂਡ ਸ਼ਾਮਲ ਹੋ ਗਿਆ। ਇਸ ਖ਼ੂਨੀ ਸਾਂਝ ਨੂੰ ਦੁਸ਼ਮਣੀ ਵਿਚ ਬਦਲਣ ਲਈ ਕਈ ਧਿਰਾਂ ਵੱਲੋਂ ਕਈ ਯਤਨ ਕੀਤੇ ਜਾ ਚੁੱਕੇ ਹਨ। ਹੁਣ ਵੇਖਣਾ ਇਹ ਹੈ ਕਿ ਇਸ ਸਾਂਝ ਨੂੰ ਸਿਖ ਤੇ ਮੁਸਲਿਮ ਆਗੂ ਕਦੋਂ ਤਕ ਬਚਾਏ ਰਖਦੇ ਹਨ। ਅਮੀਰਾ ਕਦਲ ਦੇ ਸ਼ਹੀਦੀ ਸਾਕੇ ਬਾਰੇ ਗਲ ਕਰਦਿਆਂ ਕੁਝ ਲੋਕਾਂ ਨੇ ਦੱਸਿਆ ਜਦ ਕੁਝ ਸਿੱਖ ਤੇ ਮੁਸਲਮਾਨ ਵੀਰ ਸਖ਼ਤ ਫੱਟੜ ਹੋ ਕੇ ਡਿਗ ਪਏ ਅਤੇ ਪੁਲਸ ਨੇ ਸਾਰਿਆਂ ਨੂੰ ਪਿਛਾਂਹ ਮੁੜ ਜਾਣ ਲਈ ਗੋਲੀ ਮਾਰਨ ਦੀ ਧਮਕੀ ਦਿੱਤੀ ਤਾਂ ਸ. ਜੰਗ ਬਹਾਦਰ ਸਿੰਘ ਪੁਲਸ ਨੂੰ ਵੰਗਾਰਦਾ ਹੋਇਆ ਜ਼ਖਮੀ ਹੋਏ ਸਿੱਖ ਤੇ ਮੁਸਲਮਾਨ ਸਾਥੀਆਂ ਨੂੰ ਪਾਣੀ ਪਿਆਉਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਅਗੇ ਵਧਿਆ ਤਾਂ ਪੁਲਿਸ ਨੇ ਉਸ ਨੂੰ ਵੀ ਗੋਲੀਆਂ ਮਾਰਕੇ ਢੇਰ ਕਰ ਦਿੱਤਾ. ਇਸੇ ਤਰ੍ਹਾਂ ਮਨਜੀਤ ਸਿੰਘ (ਔਲ ਔਲ.ਬੀ.) ਨੇ ਵੀ ਜ਼ਖਮੀ ਹੋਇਆਂ ਦੀ ਮਦਦ ਕਰਨੀ ਚਾਹੀ ਤਾਂ ਉਸ ਨੂੰ ਵੀ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਇਸੇ ਤਰ੍ਹਾਂ ਕਈ ਮੁਸਲਮਾਨ ਤੇ ਸਿੱਖ ਪੁਲਸ ਦੀ

ਬੰਦੂਕਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਅਗੇ ਵਧਦੇ ਗਏ ਤੇ ਗੋਲੀਆਂ ਸੀਨੇ ਤੇ ਖਾਂਦੇ ਰਹੇ।

"ਸੀਨੇ ਖਿਚ ਜਿਨਾਂ ਨੇ ਖਾਧੀ, ਉਹ ਨਹੀਂ ਅਰਾਮ ਕਰ ਬਹਿੰਦੇ"

ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ, ਭਾਰਤ ਸਰਕਾਰ ਮੁਰਦਾਬਾਦ, ਸੰਤ ਭਿੰਡਰਾਂਵਾਲੇ ਜ਼ਿੰਦਾਬਾਦ ਨਾਲ ਵਾਤਵਰਣ ਗੂੰਜ ਉਠਿਆ। ਇਸ ਸਾਕੇ ਵਿਚ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਕਿਧਰੇ ਵੀ ਪੂਰੀ ਤੇ ਸਹੀ ਨਹੀ ਛਾਪੀ ਗਈ, ਨਾ ਹੀ ਕਿਸੇ ਆਗੂ ਨੇ ਇਸ ਪਾਸੇ ਧਿਆਨ ਹੀ ਦਿੱਤਾ, ਡਿਸਟ੍ਰਿਕ ਗੁ. ਪ੍ਰ. ਕਮੇਟੀ, ਛੇ ਸ਼ਹੀਦਾਂ ਦੀ ਪੁਸ਼ਟੀ ਕਰਦਗੀ ਹੈ, ਫੈਡਰੇਸ਼ਨ (ਕਸ਼ਮੀਰ, ਕਈ ਧੜੇ) ਵੀ ਇੰਨੀ ਹੀ ਗਿਣਤੀ ਦਸਦੇ ਹਨ ਅਤੇ ਉਨ੍ਹਾਂ ਕੋਲ ਫੋਟੋ ਵੀ ਸਿਰਫ਼ 4.5 ਹੀਹਨ ਪਰ ਹੋਰ ਕਈ ਥਾਵਾਂ, ਸਾਬਕਾ ਪੁਲਸ ਮੁਲਾਜ਼ਮਾਂ ਅਤੇ ਹੋਰ ਸਾਧਨਾਂ ਅਤੇ ਨਿੱਜੀ ਸੂਤਰਾਂ ਰਾਹੀਂ ਇਕੱਤਰ ਕੀਤੇ ਵੇਰਵੇ ਮੁਤਾਬਕ ਜੋ ਜਾਣਕਾਰੀ ਹਾਸਲ ਕੀਤੀ ਗਈ ਉਹ ਇਸ ਪ੍ਰਕਾਰ ਹੈ। ਹੋ ਸਕਦਾ ਹੈ ਇਸ ਵਿਚ ਵੀ ਗਿਣਤੀ ਘੱਟ ਹੋਵੇ ਕਿਉਂਕਿ ਸਖ਼ਤ ਫਟੜ ਹੋਏ ਵੀਰ ਕਈ-ਕਈ ਦਿਨਾਂ ਬਾਅਦ ਸ਼ਹੀਦ ਹੋਏ ਅਤੇ ਕਈ ਕਸ਼ਮੀਰ ਤੋਂ ਬਾਹਰ ਦੇ ਵੀ ਸਨ। ਇਸ ਲਈ ਕਿਸੇ ਕੋਲ ਹੋਰ ਜਾਣਕਾਰੀ ਹੋਵੇ ਤਾਂ ਸੰਪਰਕ ਜ਼ਰੂਰ ਕਰਨਾ ਜੀ। ਧੰਨਵਾਦੀ ਹੋਵਾਂਗੇ। ਸ਼ਹੀਦਾਂ ਦੇ ਨਾਮ

1. ਸ਼ਹੀਦ ਜੰਗ ਬਹਾਦਰ ਸਿੰਘ (37 ਸਾਲ) ਸਰਕਾਰੀ ਮੁਲਾਜ਼ਮ ਸਪੁਤਰ ਸ. ਆਸਾ ਸਿੰਘ ਪਿੰਡ ਸਤਰਨਾ (ਬਾਰਾਮੂਲਾ) ਕਸ਼ਮੀਰ।

2. ਸ਼ਹੀਦ ਕਰਨ ਸਿੰਘ (25 ਸਾਲ) ਸਪੁਤਰ ਸ. ਜੋਧ ਸਿੰਘ ਕੁਲਾਨ (ਬਾਰਾਮੁੱਲਾ)

3. ਸ਼ਹੀਦ ਮਨਜੀਤ ਸਿੰਘ (22 ਸਾਲ) ਫੋਟੋਗਰਾਫਰ, ਸਪੁਤਰ ਸ. ਉਂਕਾਰ ਸਿੰਘ ਪਿੰਡ ਚੰਦਰਹਾਮਾ ਤਰਾਲ, ਜ਼ਿਲ੍ਹਾ ਅਨੰਤਨਾਗ (ਕਸ਼ਮੀਰ)

4. ਸ਼ਹੀਦ- ਸਤਪਾਲ ਸਿੰਘ (ਐਲ.ਐਲ.ਬੀ.) 30 ਸਾਲ ਸਪੁੱਤਰ ਸ. ਗੁਰਬਖਸ਼ ਸਿੰਘ ਕਾਠੀ ਦਰਬਾਜਾਂ (ਕਸ਼ਮੀਰ)

5. ਸ਼ਹੀਦ - ਗੁਲਾਮ ਨਬੀ ਡਾਰ 40 ਸਾਲ, ਛੱਤਾ ਬਲ ਡਰਾਈਵਰ (ਕਸ਼ਮੀਰ)

6. ਸ਼ਹੀਦ - ਅਬਦੁਲ ਮਜੀਦ 45 ਸਾਲ, ਪੁਲਵਾਮਾ (ਕਸ਼ਮੀਰ)

7. ਸ਼ਹੀਦ - ਮੁਹੰਮਦ ਯਾਸੀਨ 35 ਸਾਲ, ਥਾਣਾ ਮੰਡੀ ਪੁੱਣਛ (ਜੰਮੂ)

8. ਸ਼ਹੀਦ - ਮਨਜੀਤ ਸਿੰਘ ਸਪੁਤਰ ਸ. ਛਬੀਲ ਸਿੰਘ ਦੀਦਾਰਪੁਰਾ (ਹੁਣ ਕੁਪਵਾੜਾ) ਕਸ਼ਮੀਰ

9. ਸ਼ਹੀਦ - ਅਬਦੁਲ ਸਮਦ 35 ਸਾਲ ਅਮੀਰਾ ਕਦਲ (ਕਸ਼ਮੀਰ)

10. ਸ਼ਹੀਦ- ਭੁਪਿੰਦਰ ਸਿੰਘ 22 ਸਾਲ

11. ਜਿੰਦਾ ਸ਼ਹੀਦ - ਦੀਵਾਨ ਸਿੰਘ ਕੁਪਵਾੜਾ (ਕਸ਼ਮੀਰ) ਦੀ ਦੋਵੇਂ ਲਤਾਂ ਬੇਕਾਰ ਹੋ ਗਈਆਂ।

12. ਜਿੰਦਾ ਸ਼ਹੀਦ – ਇੱਛਪਾਲ ਸਿੰਘ ਸਪੁਤਰ ਜੋਧ ਸਿੰਘ ਚੱਕ ਗੁਜਰੀ ਬਾਰਾਮੁਲਾ ਹਮੇਸ਼ਾ ਲਈ ਦੋਵੇਂ ਅੱਖਾਂ ਦੀ ਰੋਸ਼ਨੀ ਚਲਾ ਗਈ।

ਇਸ ਤੋਂ ਇਲਾਵਾ ਹਜ਼ਾਰਾਂ ਸਿੱਖ ਮੁਸਲਮਾਨ ਜ਼ਖਮੀ ਹੋਏ ਜਿਨ੍ਹਾਂ ਦੀ ਲੰਮੀ ਕਹਾਣੀ (ਗਾਥਾ) ਕਿਸੇ ਵਲੋਂ ਲਿਖਕੇ ਪੇਸ਼ ਨਾ ਕੀਤੀ ਗਈ। ਅਜ ਕਸ਼ਮੀਰ ਦੇ ਮੁਸਲਮਾਨ ਵੀ ਸਿੱਖਾਂ ਵਾਂਗ ਗੋਲੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਕਈ ਸਿੱਖ ਤੇ ਸਿੱਖ ਜਥੇਬੰਦੀਆਂ ਮੁਸਲਮਾਨ ਵੀਰਾਂ ਵਲੋਂ ਦਿੱਤੀਆਂ ਸ਼ਹੀਦੀਆਂ ਨੂੰ ਚੇਤੇ ਰਖਦੇ ਹੋਏ ਇਨਾਂ ਦਾ ਸਾਥ ਦੇ ਰਹੇ ਹਨ ਭਾਵ ਫਰਜ਼ਾਂ ਦੀ ਪੂਰਤੀ ਕਰ ਰਹੇ ਹਨ। ਜੋ ਕਿ ਜ਼ੁਲਮ ਤੇ ਜ਼ਾਲਮ ਦੇ ਖਿਲਾਫ਼ ਇਕ ਬੇਹਤਰੀਨ ਪਰੰਪਰਾ ਹੈ ਜੋ ਹਰ ਹਾਲ ਵਿਚ ਜਾਰੀ ਰਹਿਣੀ ਚਾਹੀਦੀ ਹੈ।

ਕਦੀ ਚਰਖੜੀ ਦੇ ਬਾਅਦ, ਕਦੀ ਆਰਿਆਂ ਦੇ ਬਾਅਦ,
ਪੰਥ ਉਠਦਾ ਹੈ ਹੋਰ ਘਲੂਘਾਰਿਆਂ ਦੇ ਬਾਅਦ।
ਇਕ ਹੁੰਦਾ ਹੈ ਸ਼ਹੀਦ, ਕਈ ਹੋਰ ਜੰਮ ਪੈਂਦੇ,
ਝੂਲੇ ਕੇਸਰੀ ਨਿਸ਼ਾਨ ਖੂਨੀ ਧਾਰਿਆਂ ਦੇ ਬਾਅਦ।

■■■

ਨਵੰਬਰ 1984 ਦਾ ਸ਼ਹੀਦੀ ਸਾਕਾ ਰਿਆਸੀ (ਜੰਮੂ)

ਸੰਨ 1984 ਸਿੱਖਾਂ ਦੇ ਹਿਰਦੇ ਵਿਚ ਚੰਗਿਆੜਿਆਂ ਵਾਂਗ ਧੁਖਦਿਆਂ ਕੌਮ ਨੂੰ ਜਾਗਦੇ ਰਹਿਣ ਦਾ ਹੋਕਾ ਦਿੰਦਾ ਹੈ, ਪੂਰੇ ਭਾਰਤ ਅੰਦਰ ਹੋਈ ਸਿੱਖਾਂ ਦੀ ਨਸਲਕੁਸ਼ੀ ਨੂੰ ਅਸੀਂ ਮੋਟੇ-ਮੋਟੇ ਅੱਖਰਾਂ ਵਿਚ ਬਿਆਨ ਕਰ ਦੇਈਏ : ਨਵੰਬਰ 1984 ਨੂੰ ਭਾਰਤ ਅੰਦਰ 50 ਹਜ਼ਾਰ ਸਿੱਖ ਕਤਲ ਕੀਤੇ ਗਏ 80 ਹਜ਼ਾਰ ਦੇ ਕਰੀਬ ਜੇਲ੍ਹਾਂ 'ਚ ਡੱਕ ਦਿੱਤੇ ਗਏ, 9600 ਦੇ ਕਰੀਬ ਸਿੱਖ ਲਾਇਬਰੇਰੀਆ ਸਾੜੀਆਂ ਗਈਆਂ, 55 ਹਜ਼ਾਰ ਸਿੱਖਾਂ ਨੂੰ ਪਤਿਤ ਕਰ ਕੇ ਹਿੰਦੂ ਬਨਾਉਣ ਦਾ ਯਤਨ ਕੀਤਾ ਗਿਆ, ਅਣਗਿਣਤ ਗੁਰਦੁਆਰੇ ਢਾਹੇ ਤੇ ਸਾੜੇ ਗਏ, ਕਈਆਂ ਗੁਰਦੁਆਰਿਆਂ ਵਿਚ ਜ਼ੋਰ ਜਬਰੀ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ ਗਈਆਂ, ਅਰਬਾਂ ਰੁਪਏ ਦੀ ਸਿੱਖ ਸੰਪਤੀ (ਜਾਇਦਾਦਾਂ) ਲੁੱਟੀਆਂ ਗਈਆਂ ਹਜ਼ਾਰਾਂ ਮਾਵਾਂ-ਭੈਣਾਂ, ਬੇਟੀਆਂ ਦੀ ਆਬਰੂ ਲੁੱਟੀ ਗਈ, ਦੇਸ਼ ਦੇ ਵੱਡੇ ਸ਼ਹਿਰਾਂ 'ਚ ਸ਼ਰੇਆਮ ਸਾਰਾ ਕੁਝ ਹੋਇਆ

"ਘਰ ਜਲਦੇ ਰਹੇ, ਖੂਨ ਬਹਿਤਾ ਰਹਾ,
ਲੇਕਿਨ ਇਲਜਾਮ ਕਿਸੀ ਸਖਸ ਕੇ ਸਰ ਨਹੀਂ ਆਇਆ।

ਉਹ ਕਿੰਨੇ ਭਿਆਨਕ ਦ੍ਰਿਸ ਹੋਣਗੇ, ਜਦ ਫਿਰਕੂ ਅੱਤਵਾਦੀਆਂ ਨੂੰ ਦੇਸ਼ ਦੀ ਹਿੰਦੂ ਹਕੂਮਤ ਨੇ ਸਿੱਖਾਂ ਦਾ ਚਾਰ ਦਿਨ ਖੁਲਮ-ਖੁੱਲਾ ਕਤਲ-ਏ-ਆਮ ਬਲਾਤਕਾਰ ਲੁੱਟਮਾਰ ਕਰਨ ਲਈ ਆਦੇਸ਼ ਦਿੱਤੇ ਹੋਣਗੇ ? ਜਿਸ ਤੋਂ ਬਾਅਦ ਜੋ ਹੋਇਆ ਉਸ 'ਚੋਂ ਇਕ ਘਟਨਾ ਪ੍ਰਮਾਣ ਵਜੋਂ, "ਫਿਰਕੂ ਅੱਤਵਾਦੀਆਂ ਵੱਲੋਂ ਸਿੱਖ ਮਰਦਾਂ ਨੂੰ ਰਾੜਾਂ, ਡਾਗਾਂ, ਤਲਵਾਰਾਂ, ਤਰਸ਼ੂਲਾਂ ਆਦਿ ਨਾਲ ਅਦ ਮੋਇਆ ਕਰਨ ਤੋਂ ਬਾਅਦ ਉਨ੍ਹਾਂ ਦੀ ਹੀ ਪੱਗਾਂ ਨਾਲ ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਕੇ ਉਨ੍ਹਾਂ ਦੀ ਬੇ-ਬੱਸ ਅੱਖਾਂ ਦੇ ਸਾਹਮਣੇ ਮਾਵਾਂ, ਭੈਣਾਂ, ਬੇਟੀਆਂ, ਨੂਹਾਂ, ਪਤਨੀਆਂ, ਨਾਲ ਭਰਾਵਾਂ, ਪਿਉ, ਪਤੀ, ਦੇਵਰ-ਜੇਠ ਪੁੱਤਰ ਜੁਆਈਆਂ ਸਾਹਮਣੇ ਨਿਰਬੱਸਤਰ ਕਰਕੇ ਬੇ ਆਬਰੂ ਕੀਤਾ ਗਿਆ, ਇਕ-ਇਕ ਬੇਬੱਸ ਮਜਲੂਮ ਨਾਲ ਕਈਂ-ਕਈਂ ਹਿੰਦੂਰਾਸ਼ਟਰਵਾਦੀਆਂ ਨੇ ਗੈਂਗ ਰੇਪ ਕੀਤਾ, 8 ਸਾਲ ਦੀ ਬੱਚੀ ਤੋਂ 80 ਦੀ ਸਿੱਖ ਬੂੜੀ ਤੱਕ ਨੂੰ ਨਾ ਬਖੱਸ਼ਿਆ ਗਿਆ, ਜੋ ਕਿਸੇ ਪਾਰਵਤੀ, ਜਾਂ ਸੀਤਾ ਮਾਤਾ ਤੋਂ ਘੱਟ ਨਹੀਂ ਸਨ, ਪਰ ਸ਼ਾਇਦ ਪੱਥਰਾਂ ਦੀ ਪੂਜਾ ਕਰਦੇ-ਕਰਦੇ ਇਨ੍ਹਾਂ ਅੱਤਵਾਦੀਆਂ ਦੇ ਹਿਰਦੇ ਵੀ ਪੱਥਰ ਹੀ ਬਣ ਚੁੱਕੇ ਸਨ, ਇਸ ਲਈ ਇਸ ਆਤੰਕ ਦਾ ਅੰਤ ਇਥੇ ਹੀ ਨਾ ਹੋਇਆ, ਇਸ ਤੋਂ ਬਾਅਦ ਬੀਬੀਆਂ ਦੀ ਲੱਜਤ ਹੋਈਆਂ ਅੱਖਾਂ

ਸਾਹਣੇ, ਬੇਬੱਸ ਪਏ ਸਿੱਖਾਂ ਨੂੰ ਜੀਉਂਦਿਆਂ ਨੂੰ ਤੇਲ ਸੁੱਟ ਕੇ ਸਾੜ ਦਿੱਤਾ ਗਿਆ ਤੇ ਸਾੜਨ ਲਈ ਤੇਲ ਪੁਲਿਸ ਦੀ ਗੱਡੀਆਂ ਉੱਤੇ ਸਰਕਾਰੀ ਕਾਂਗਰਸੀ ਲੀਡਰ ਤੇ ਸਿਪਾਹੀ ਲੈ ਕੇ ਆਉਂਦੇ ਰਹੇ ਅਤੇ ਦੇਸ਼ ਭਰ ਵਿਚ ਇਸੇ ਤਰ੍ਹਾਂ ਦੀ ਦਹਿਸ਼ਤਗਰਦੀ, ਸਿੱਖਾਂਦਾ ਮੁਕੰਮਲ ਸਫਾਇਆ ਕਰਨ ਲਈ ਕੀਤੀ ਗਈ, ਜਿਸ ਦਾ ਸ਼ਿਕਾਰ ਹਜ਼ਾਰਾਂ ਸਿੱਖ ਹੋਏ, ਇਨਾਂ ਕੁਝ ਵਾਪਰਨ ਤੋਂ ਬਾਅਦ ਸਿੱਖ ਨੌਜਵਾਨ, ਭਾਰਤ ਮਾਤਾ ਨੂੰ ਜਗਾਉਣ ਲਈ ਬੰਬ-ਗੋਲੀਆਂ ਦੇ ਰਾਹ ਪੈ ਗਏ, ਤਾਂ ਕੋਈ ਗੁਨਾਹ ਕਿਵੇਂ ਹੋਇਆ ?

ਏਹੀ ਕੁਝ ਜੰਮੂ-ਕਸ਼ਮੀਰ ਵਿਚ ਵੀ ਸਿੱਖਾਂ ਨਾਲ ਵਾਪਰਿਆ, ਫਿਰਕੂਵਾਦੀਆਂ ਨੇ 1984 ਨਵੰਬਰ 'ਚ ਇਕ ਵਿਉਂਤਬੰਦੀ ਕੀਤੀ ਜੋ ਪਹਿਲਾਂ ਤੋਂ ਹੀ ਸ਼ਾਂਤੀ ਉਪਰੇਸ਼ਨ ਨਾਮ ਦਾ ਇਕ ਨਸਲਘਾਤ ਪ੍ਰੋਗਰਾਮ ਸੀ ਜਿਸ ਵਿਚ ਸਿੱਖਾਂ ਨੂੰ ਵੱਖੋਂ ਵੱਖ ਢੰਗਾਂ ਨਾਲ ਭਾਰਤ ਅੰਦਰ ਬੋਧ ਧਰਮ ਵਾਂਗ ਖਤਮ ਕੀਤਾ ਜਾਣਾ ਸੀ, ਇਹ ਗੱਲ ਵੱਖਰੀ ਹੈ, ਕਿ ਜੂਨ 1984 ਅਤੇ ਇੰਦਰਾਂਗਾਂਧੀ ਦੀ ਮੌਤ ਕਾਰਨ ਇਹ ਉਪਰੇਸ਼ਨ ਅਧੂਰਾ ਰਹਿ ਗਿਆ ਅਤੇ ਰਜੀਵ ਗਾਂਧੀ ਇਸ ਨੂੰ ਪੂਰੀ ਤਰ੍ਹਾਂ ਸਫਲ ਨਹੀਂ ਕਰ ਸਕਿਆ ਨਵੰਬਰ ਵਿਚ ਜੰਮੂ-ਕਸ਼ਮੀਰ 'ਚ ਛੁੱਟ-ਪੁੱਟ ਘਟਨਾਵਾਂ ਤੋਂ ਵੱਧ ਨੁਕਸਾਨ ਕਰਨ ਵਿਚ ਫਿਰਕੂ ਗੁੰਡੇ (ਅੱਤਵਾਦੀ) ਨਾ-ਕਾਮ ਹੀ ਰਹੇ, ਪਰ ਇਨ੍ਹਾਂ ਨੂੰ ਨਾ ਕਾਮੀ ਬਰਦਾਸ਼ਤ ਨਹੀਂ ਸੀ ਹੋ ਸਕਦਾ ਹੈ, ਇਨ੍ਹਾਂ ਅੱਤਵਾਦੀਆਂ ਵੱਲੋਂ ਜਿਸ ਨੂੰ ਧਰਤੀਮਾਤਾ ਕਿਹਾ ਜਾਂਦਾ ਉਹ ਬੇਦੋਸ਼ਿਆਂ ਦਾ ਲਹੂ ਪੀ ਕੇ ਹੀ ਇਨ੍ਹਾਂ ਤੇ ਪ੍ਰਸੰਨ ਹੁੰਦੀ ਹੋਵੇ ? ਇਸੇ ਲਈ ਖ਼ੂਨੀ ਦਰਿੰਦਿਆਂ ਦਾ ਸ਼ਿਕਾਰ ਜੰਮੂ-ਕਸ਼ਮੀਰ ਅਤੇ ਪੰਜਾਬ ਤੋਂ ਆਏ ਮੁਲਾਜਮ ਬਣ ਗਏ। ਪੰਜਾਬ ਦੇ ਗੁਰਦਾਸਪੁਰ ਆਦਿ ਅਤੇ ਜੰਮੂ ਕਸ਼ਮੀਰ ਇਲਾਕੇ ਦੇ ਕੁਝ ਸਿੱਖ ਵੀਰ ਉਥੇ ਚਲ ਰਹੇ ਡੈਮ ਦੇ ਪ੍ਰੋਜੈਕਟ ਵਿਚ ਕੰਮ ਕਰਨ ਲਈ ਸਰਕਾਰੀ ਕੁਆਟਰਾਂ ਵਿਚ ਠਹਿਰੇ ਹੋਏ ਸਨ। ਜੋ ਦੂਰ ਹਿੰਦੂ ਅਬਾਦੀ ਨਾਲ ਘਿਰੇ ਪਹਾੜੀ ਇਲਾਕੇ ਰਿਆਸੀ (ਜੰਮੂ) ਦੇ ਗੁਰਦੁਆਰਾ ਸਿੰਘ ਸਭਾ ਤਲਵਾੜਾ, 'ਚ ਬਾਬਾ ਨਾਨਕ ਸਾਹਿਬ ਦਾ ਗੁਰਪੁਰਬ ਮਨਾ ਰਹੇ ਸਨ। ਸਮਾਗਮ ਚਲ ਰਿਹਾ ਸੀ, ਕਿ ਇਕ ਵੱਡੀ ਭੀੜ ਦੀ ਅਗਵਾਈ ਕਰਦੇ ਹਿੰਦੂ, ਫਿਰਕੂ ਲੀਡਰਾਂ ਦੇ ਹੱਥਾਂ 'ਚ ਰਾੜਾਂ, ਤਲਵਾਰਾਂ, ਡਾਂਗਾਂ, ਤੇਲ ਲੈ ਕੇ ਹਮਲਾ ਕਰਨ ਪੁੱਜੇ ਇਸ ਇਲਾਕੇ ਵਿਚ ਸਿੱਖਾਂ ਦੇ ਸਿਰਫ ਦੋ-ਚਾਰ ਘਰ ਹੀ ਹਨ, ਗੁ. ਸਾਹਿਬ ਇਕੱਤਰ ਹੋਏ 20 ਦੇ ਕਰੀਬ ਮੁਲਾਜਮ (ਸਿੱਖਾਂ) ਨੇ ਫਿਰਕੂਆਂ ਦਾ ਮੁਕਾਬਲਾ ਕੀਤਾ, ਪਰ ਖਾਲੀ ਹੱਥ ਸਿੱਖ, ਹਜ਼ਾਰਾਂ ਦੀ ਹਥਿਆਰਬੰਦ ਭੀੜ ਅੱਗੇ ਕਿੰਨਾਂ ਕੁ ਚਿਰ ਠਹਿਰ ਸਕਦੇ ਸਨ, 17 ਸਿੱਖਾਂ ਨੂੰ ਸਿਰਾਂ ਤੇ ਰਾੜਾ ਮਾਰ-ਮਾਰ ਕੇ ਅਤੇ ਪੱਥਰਾਂ ਨਾਲ ਸਿਰ ਫੇਹਨ ਤੋਂ ਬਾਅਦ ਸਾਰਿਆਂ ਨੂੰ ਤੇਲ ਪਾ ਕੇ ਜੀਉਂਦਿਆਂ ਸਾੜ ਦਿੱਤਾ ਗਿਆ। ਗੁਰਦੁਆਰਾ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵੀ ਅੱਗ ਦੇ ਭੇਟ ਚਾੜ ਦਿੱਤੇ ਗਏ, ਪੂਰਾ ਇਲਾਕਾ ਪੁਲਿਸ ਤੇ ਫੌਜ ਦੇ ਇਰਦ-ਗਿਰਦ ਹੈ, ਪਰ ਸਿੱਖਾਂ ਦੀ ਮੱਦਦ ਤੇ ਕੋਈ ਨਹੀਂ ਪੁੱਜਾ, ਇਕ ਕਿਲੋ ਮੀਟਰ ਦੂਰ, ਬਾਬਾ ਬੰਦਾ ਸਿੰਘ ਜੀ ਦਾ ਇਤਿਹਾਸਕ ਗੁਰਦੁਆਰਾ ਵੀ ਹੈ, ਜਿਸ ਨੂੰ ਸਾੜਨ ਦਾ ਯਤਨ ਕੀਤਾ ਗਿਆ,

ਪਰ ਉਥੇ ਦੇ ਕੁਝ ਜ਼ਿੰਦਾ ਜਮੀਰ ਹਿੰਦੂ ਵੀਰਾਂ ਦੀ ਮਦਦ ਤੇ ਸਿਆਣਪ ਨਾਲ ਉਹ ਬਚਾ ਲਿਆ ਗਿਆ, ਗੱਲਬਾਤ ਕਰਨ ਤੇ ਕਈ ਸਥਾਨਕ ਹਿੰਦੂ ਅਤੇ ਸਿੱਖ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਉਹ ਫਿਰਕੂ ਲੋਕ ਜੰਮੂ-ਊਧਮਪੁਰ ਵਗੈਰਾ ਤੋਂ ਆਏ ਸਨ, ਸਥਾਨਕ ਲੋਕਾਂ 'ਚੋਂ ਕੋਈ ਉਨ੍ਹਾਂ ਨਾਲ ਸ਼ਾਮਿਲ ਨਹੀਂ ਸੀ। ਇਸ ਕਾਂਡ 'ਚ ਸ਼ਹੀਦ ਹੋਣ ਵਾਲੇ ਮੁਲਾਜਮ ਵੀਰਾਂ ਦੇ ਨਾਮ

1. ਸ਼ਹੀਦ ਸ. ਰਤਨ ਸਿੰਘ ਸਪੁੱਤਰ ਸ. ਚੇਤ ਸਿੰਘ ਫੋਰਮੈਨ, ਪਿੰਡ ਮਸਤਾਨਪੁਰ ਪੋਸਟ ਆਫਿ ਬਡਾਲਾ ਬਾਂਗਰ, ਗੁਰਦਾਸਪੁਰ, ਪੰਜਾਬ।

2. ਸ਼ਹੀਦ ਸ. ਮੁਖਤਿਆਰ ਸਿੰਘ ਸਪੁੱਤਰ ਸ. ਪ੍ਰੀਤਮ ਸਿੰਘ ਡਾਕਖਾਨਾ ਰੋਸੀ ਕਹਿਲਾ ਬਡਾਲਾ ਬਾਂਗਰ, ਗੁਰਦਾਸਪੁਰ, ਪੰਜਾਬ।

3. ਸ਼ਹੀਦ ਸ. ਹੀਰਾ ਸਿੰਘ ਸਪੁੱਤਰ ਸ. ਮੁਖਤਾਰ ਸਿੰਘ ਜਵਾਲਾ ਫਲੌਰ ਮਿਲ ਭਾਈ ਗੁਰਨਾਮਪੁਰਾ ਗਲੀ ਸ਼ੇਖਵਾਂ ਵਾਲੀ ਅੰਮ੍ਰਿਤਸਰ (ਪੰਜਾਬ)

4. ਸ਼ਹੀਦ ਸ. ਰਣਜੀਤ ਸਿੰਘ ਸਪੁੱਤਰ ਸ. ਸਾਧੂ ਸਿੰਘ ਫੋਰਮੈਨ, ਪਿੰਡ ਬਾਰਟੀਆ ਡਾਖਾਨਾ ਰਾਉਵਾਲਾਗੜ, ਨਗਰ ਸੋਲਾਨ ਹਿਮਾਚਲ ਪ੍ਰਦੇਸ਼ (ਹਿਮਾਚਲ ਪ੍ਰਦੇਸ਼)

5. ਸ਼ਹੀਦ ਸ. ਮਲਜੀਤ ਸਿੰਘ ਸਪੁੱਤਰ ਸ. ਸੋਹਨ ਸਿੰਘ ਇਲੈਕਟ੍ਰੀਸ਼ਨ ਪਿੰਡ ਲਿਡੋਪੁਰ ਡਾਖਾਨਾ ਕਾਹਨੇਵਾਲ ਗੁਰਦਾਸਪੁਰ (ਪੰਜਾਬ)

6. ਸ਼ਹੀਦ ਸ. ਸਤਨਾਮ ਸਿੰਘ ਸਪੁੱਤਰ ਸ. ਬਚਨ ਸਿੰਘ ਟੈਲੀਫੋਨ ਇੰਸਪੈਕਟਰ, ਪਿੰਡ ਨਵਾਨ, ਡਾਕਖਾਨਾ ਬੱਬ ਹੇਲੀ ਗੁਰਦਾਸਪੁਰ (ਪੰਜਾਬ)।

7. ਸ਼ਹੀਦ ਸ. ਗਿਆਨ ਸਿੰਘ ਸਪੁੱਤਰ ਸ. ਅਮਰ ਸਿੰਘ ਪਿੰਡ ਹਾਰਗੋਵਾਲਾ, ਡਾਕਖਾਨਾ ਤੇ ਡਿਸਟ੍ਰਿਕ ਹੁਸ਼ਿਆਰਪੁਰ (ਪੰਜਾਬ)

8. ਸ਼ਹੀਦ ਸ. ਰਛਪਾਲ ਸਿੰਘ ਪਿਤਾ ਦਾ ਨਾਂ... ਪਿੰਡ ਮਨਕਮ ਡਿਸਟਿਕ ਹੁਸ਼ਿਆਰਪੁਰ, ਪੰਜਾਬ

9. ਸ਼ਹੀਦ ਸ. ਤਰਸੇਮ ਸਿੰਘ ਸਪੁੱਤਰ ਸ. ਚਰਨ ਸਿੰਘ ਅਟਵਾਲ, ਪਿੰਡ ਤੇ ਡਾ. ਬਾਬੇਦਲਾਲ ਡਿਸਟ੍ਰਿਕ ਅੰਮ੍ਰਿਤਸਰ (ਪੰਜਾਬ)

10. ਸ਼ਹੀਦ ਸ. ਗੁਰਮੇਲ ਸਿੰਘ ਸਪੁੱਤਰ ਸ. ਕੇਹਰ ਸਿੰਘ ਪਿੰਡ ਸੰਸਾਰ, ਡਾਕਖਾਨਾ ਠਾਹਟੇ ਚੱਕ ਤਹਿਸੀਲ ਤਰਨਤਾਰਨ ਡਿਸਟ੍ਰਿਕ ਅੰਮ੍ਰਿਤਸਰ (ਪੰਜਾਬ)

11. ਸ਼ਹੀਦ ਸ. ਬੀਰ ਸਿੰਘ ਸਪੁੱਤਰ ਸੁਰੀਆ.... ਪਿੰਡ ਤੇ ਡਾ. ਗਲਗਲਰੀ ਡਿ. ਗੁਰਦਾਸਪੁਰ (ਪੰਜਾਬ)

12. ਸ਼ਹੀਦ ਸ. ਰੇਸ਼ਮ ਸਿੰਘ ਸਪੁੱਤਰ ਸ. ਮੋਹਨ ਸਿੰਘ ਪਿੰਡ ਤੇ ਤਹਿਸੀਲ ਨੁਸਾਪੰਨਾ ਡਿ. ਹੁਸ਼ਿਆਰਪੁਰ (ਪੰਜਾਬ)

13. ਸ਼ਹੀਦ ਸ. ਰਤਨ ਸਿੰਘ ਸਪੁੱਤਰ ਸ. ਲਾਲ ਸਿੰਘਸ਼ ਧਿਆਨਪੁਰਾ ਡਾ. ਨਾਰੂਲਾ ਗੁਰਦਾਸਪੁਰ।

14. ਸ਼ਹੀਦ ਸ. ਅਮਰ ਸਿੰਘ ਸਪੁਤਰ ਰਣਜੀਤ ਸਿੰਘ ਪਿੰਡ ਤੇ ਡਾ. ਰਾਇਪੁਰ ਮਦ੍ਹਾਨ, ਤਾਹਲ ਬੰਸਾਲ ਡਿਸਟ੍ਰਿਕ ਹਿਮਾਚਲ ਪ੍ਰਦੇਸ਼ (ਹਿਮਚਾਲ ਪ੍ਰਦੇਸ਼)

15. ਸ਼ਹੀਦ ਸ. ਸੁਰਿੰਦਰ ਸਿੰਘ ਸਪੁੱਤਰ ਸ. ਪ੍ਰੀਤਮ ਸਿੰਘ ਮਾਤਰਾਲਾ ਡਾ. ਬਹਾਤ ਡਿ. ਗੁਰਦਾਸਪੁਰ)

16. ਸ਼ਹੀਦ ਸ. ਭੁਪਿੰਦਰ ਸਿੰਘ ਸਪੁੱਤਰ ਸ. ਜਸਵੰਤ ਸਿੰਘ ਪਿੰਡ ਸਿੰਘਪੁਰਾ ਡਿ. ਬਾਰਾਮੁੱਲਾ (ਕਸ਼ਮੀਰ)

17. ਸ਼ਹੀਦ ਸ. ਜਨਕ ਸਿੰਘ ਸਪੁੱਤਰ.....।ਪੌਨੀ ਸ਼ਾਇਦ ਪਾਰਖ ਜੰਮੂ ਜਾਣਕਾਰੀ ਨਹੀਂ।

ਇਸ ਨਫ਼ਰਤ ਦੇ ਮਹੌਲ ਵਿਚ ਜਿਥੇ ਕੁਝ ਗੈਰਤਮੰਦ ਹਿੰਦੂ ਵੀਰਾਂ ਨੇ ਪੂਰੀ ਹਿੰਦੂ ਕੌਮ ਨੂੰ ਕਲੰਕਤ ਹੋਣ ਤੋਂ ਬਚਾ ਲਿਆ। ਜਿਸ ਤੇ ਕਿਹਾ ਜਾ ਸਕਦਾ ਹੈ ਕਿ ਮਾੜਿਆਂ 'ਚ ਚੰਗੇ ਅਤੇ ਚੰਗਿਆਂ 'ਚ ਮਾੜੇ ਅਕਸਰ ਮਿਲ ਜਾਂਦੇ ਹਨ। 1984 ਤੋਂ ਬਾਅਦ ਕੱਟੜ ਹਿੰਦੁਸਤਾਨੀ ਪੱਤਰਕਾਰ, ਖੁਸ਼ਵੰਤ ਸਿੰਘ ਨੇ ਆਪਣੀ ਲਿਖਤਾਂ 'ਚ ਲਿਖਿਆ ਸੀ, ...ਮੈਂ ਸੈਕੂਲਰ ਇੰਡੀਆਂ 'ਚ ਨਹੀਂ ਸਗੋਂ ਇਕ ਹਿੰਦੂ ਇੰਡੀਆਂ 'ਚ ਰਹਿ ਰਿਹਾ ਹਾਂ।" ਕੁਦਰਤ ਦੀ ਹੋਣੀ ਵੇਖੋ, ਜਿਸ ਥਾਂ ਰਿਆਸੀ (ਤਲਵਾੜਾ) 'ਚ 17 ਸਿੱਖਾਂ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ, ਅਤੇ ਕੋਈ ਵੀ ਉਥੇ ਆਹ ਦਾ ਨਾਰਾ ਮਾਰਨ ਬਾਹਰ ਨਹੀਂ ਸੀ ਨਿਕਲਿਆ, ਉਸ ਥਾਂ ਤੇ ਅੱਜ (2007) ਰਾਜਪੂਤ ਅਤੇ ਹੋਰ ਹਿੰਦੂ ਪਹਾੜੀ ਬਲਾਦਰੀ 'ਚੋਂ ਲੋਕ ਆਰਥਿਕ ਤੰਗੀ ਕਾਰਨ ਆਪਣੇ ਬੱਚੇ ਬੇਚ ਰਹੇ ਹਨ, ਹੁਣ ਤਾਂ ਅੱਖਬਾਰਾਂ ਦੀ ਖ਼ਬਰਾਂ ਹਨ ਕਿ "ਤਲਵਾੜਾ ਦੀ ਔਰਤਾਂ ਆਪਣੀ ਮੰਡੀ ਲਾਉਣ ਤੇ ਮਜ਼ਬੂਰ ਹਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਰੇਂਗ ਰਹੀ ਇਥੇ ਸ਼ਿਵ ਖੇੜਾ ਜੀ ਦੀ ਲਿਖਤ ਦੀ ਸੱਤਰਾਂ ਯਾਦ ਆਉਂਦੀਆਂ ਹਨ : "ਜੇ ਤੁਹਾਡੇ ਗੁਆਂਢੀ ਉੱਤੇ ਅਤਿਆਚਾਰ ਅਤੇ ਅਨਿਆ ਹੋ ਰਿਹਾ ਹੈ, ਤੇ ਤੁਹਾਨੂੰ ਨੀਂਦ ਆ ਜਾਂਦੀ ਹੈ, ਤਾਂ ਅਗਲਾ ਨੰਬਰ ਤੁਹਾਡਾ ਹੈ" ਬੇਨਤੀ ਹੈ , ਸ਼ਹੀਦ ਪਰਿਵਾਰਾਂ ਨੂੰ ਕਿ ਉਹ ਰਿਆਸੀ ਦੇ ਸ਼ਹੀਦਾਂ ਦੇ ਫੋਟੋ ਸਾਡੇ ਤੱਕ ਪਹੁੰਚਾਉਣ ਦੀ ਕ੍ਰਿਪਾ ਕਰਨ ਜੋ ਉਨ੍ਹਾਂ ਨੂੰ ਵੀ ਛਾਪਿਆ ਜਾ ਸਕੇ।

ਇਨਹੀਂ ਕੇ ਆਸ਼ਿਆਂ ਔਰ ਬਾਗ ਬਾ ਤੂਨੇ ਜਲਾਏ ਹੈਂ
ਕਿ ਜਿੰਨ ਕਾ ਖੂਨ ਤਕ ਸ਼ਾਮਲ ਹੈ ਤੁਮਾਰੇ ਗੁਲਸਤਾਂ ਮੇਂ।

■■■

ਜ਼ਿੰਦਾ ਸ਼ਹੀਦ ਹਾਈਜੈਕਰ ਮਰਜੀਵੜਿਆਂ ਦੀ ਕੁਰਬਾਨੀ ਬਨਾਮ ਸਿੱਖ ਸੰਘਰਸ਼

ਮੇਰੇ ਆਪਣੇ ਜੇਲ੍ਹ ਸਫ਼ਰ ਦੌਰਾਨ ਜਦੋਂ ਜੰਮੂ ਕਸ਼ਮੀਰ ਦੀ ਜੇਲ੍ਹਾਂ ਵਿਚ ਕੈਦੀਆਂ ਨੂੰ ਬੁਨਿਆਦੀ ਸੁਵਿਧਾਵਾਂ ਤੋਂ ਵਾਂਝੇ ਰੱਖਿਆ ਜਾਂਦਾ ਸੀ, ਜਾਂ ਉਨ੍ਹਾਂ ਤੇ ਕਿਸੇ ਕਿਸਮ ਦਾ ਤਸ਼ੱਦਦ ਕੀਤਾ ਜਾਂਦਾ, ਉਸ ਵੇਲੇ ਉਨ੍ਹਾ ਦੀ ਸਾਰ ਲੈਣ ਲਈ ਰੈਡ ਕਰਾਸ ਵਰਗੀਆਂ ਸੰਸਥਾਵਾਂ ਹਮੇਸ਼ਾਂ ਤਿਆਰ ਰਹਿੰਦੀਆਂ ਸਨ।

ਜੰਮੂ ਸੈਂਟਰ ਜੇਲ੍ਹ (ਅੰਮਫਲਾ) 1997 ਦੀ ਗੱਲ ਹੈ, ਮਹੀਨੇ ਵਿਚ ਇਕ ਆਧ ਵਾਰ "ਇੰਟਰਨੈਸ਼ਨਲ ਕਮੇਟੀ ਆਫ ਦਾ ਰੈਡ ਕਰਾਸ ਜਨੇਵਾ," ਸਵਿਜ਼ਰਲੈਂਡ, ਦੀ ਬੀਬੀਆਂ ਤੇ ਮਰਦ, ਕਸ਼ਮੀਰੀ ਖਾੜਕੂਆਂ ਨੂੰ ਮਿਲਣ ਆਉਂਦੇ ਰਹਿੰਦੇ ਸਨ, ਜਿਸ ਦੀ ਮੁਲਾਕਾਤ ਨਾ ਆਉਂਦੀ ਹੋਵੇ, ਉਸ ਦੇ ਘਰ ਜਾ ਕੇ ਖਬਰ (ਸੁਖਸਾਂਦ) ਦੇਣੀ ਘਰਦਿਆਂ ਨੂੰ ਚਿੱਠੀ-ਪੱਤਰ ਲਿਖਵਾ ਕੇ ਫਿਰ ਜੇਲ੍ਹ ਆਕੇ ਬੰਦੀ (ਕੈਦੀ) ਵਿਅਕਤੀ ਨੂੰ ਦੇਣਾ, ਜਿਸ ਕਿਸੇ ਦਾ ਇਲਾਜ ਜੇਲ੍ਹ ਵਿਚ ਸਹੀ ਢੰਗ ਨਾਲ ਨਾ ਹੁੰਦਾ ਹੋਵੇ ਉਸ ਦਾ ਚੈਕਅੱਪ ਆਪ ਕਰਵਾਨਾ, ਲੋੜੀਂਦੇ ਬਰਤਨ, ਕੰਬਲ, ਕਾਪੀਆਂ-ਪੈਨ ਆਦਿ ਉਪਲੱਬਧ ਕਰਵਾਨੀਆਂ, ਜੇਲ੍ਹ ਥਾਨੇ ਇੰਟੈਰੋਗੇਸ਼ਨ ਸੈਂਟਰਾਂ (ਬੁੱਚੜ ਖਾਨਿਆਂ) ਵਿਚ ਜਾ ਕੇ ਬੰਦੀ, ਕਸ਼ਮੀਰੀਆਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਕੀਤੀ ਜਾਂਦੀ ਪੁੱਛ-ਪੜਤਾਲ ਤੋਂ ਬਚਾਉਣਾ ਕਸ਼ਮੀਰੀ ਖਾੜਕੂਆਂ ਨੂੰ ਵੱਡਾ ਸਹਿਯੋਗ ਸੀ।

ਇਕ ਦਿਨ ਜੇਲ੍ਹ ਵਿਚ ਬੈਰਕ ਨੰ. 6/c 'ਚ ਮਹੁੰਮਦ ਯੂਸਫ ਸਾਡੇ ਨਾਲ ਇਸਲਾਮ ਤੇ ਸਿੱਖ ਸਿਧਾਂਤਾਂ ਬਾਰੇ ਵਿਚਾਰ ਕਰ ਰਿਹਾ ਸੀ ਕਿ ਰੈਡ ਕਰਾਸ ਕਮੇਟੀ, ਦੌਰੇ ਤੇ ਆ ਗਈ ਤੇ ਨਾਲ ਬੈਠੇ ਇਕ ਹੋਰ ਕਸ਼ਮੀਰੀ ਕਮਾਂਡਰ "ਬਿੱਟਾ ਕਰਾਟਾ" ਤੋਂ ਟੀਮ ਨੇ ਪੁੱਛਿਆ। ਇਨਕਾ ਕਿਆ ਕੇਸ ਹੈ, ? ਤਾਂ ਉਨ੍ਹਾਂ ਨੇ ਮਜ਼ਾਕ ਵਜੋਂ ਕਹਿ ਦਿੱਤਾ, ਕਿ ਯੇ ਕਸ਼ਮੀਰੀ ਔਰ ਪੰਜਾਬ, ਦੋਨੋਂ ਕੀ ਤਰਫ ਸੇ ਲੜ ਰਿਹਾ ਹੈ। ਹੈਰਾਨੀਜਨਕ ਗੱਲ ਸੀ ਕਿ ਟੀਮ ਨੂੰ ਪੰਜਾਬ ਦੀ ਜੁਝਾਰੂ ਅਜ਼ਾਦੀ ਲਹਿਰ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਸੀ। ਉਸ ਤੋਂ ਬਾਅਦ ਕਮੇਟੀ ਮੇਰੇ ਨਾਲ ਵੀ ਅਕਸਰ ਮਿਲਦੀ। ਕਮੇਟੀ ਸਿਰਫ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਕੌਮੀ ਸੰਘਰਸ਼ਾਂ ਦੇ ਕੈਦੀਆਂ ਨੂੰ ਹੀ ਮਿਲਦੀ ਸੀ, ਤੇ ਪੰਜਾਬ ਵਿਚਲੇ ਸਿੱਖ ਸੰਘਰਸ਼ ਨੂੰ ਇਹ ਮਾਨਤਾ ਪ੍ਰਾਪਤ ਨਹੀਂ, (ਅਸਲ ਵਿਚ ਕੌਮੀ ਆਗੂ ਪ੍ਰਾਪਤ ਕਰ ਹੀ ਨਹੀਂ ਸਕੇ) ਉਨ੍ਹਾਂ ਦਿਨ੍ਹਾਂ 'ਚ ਸੰਨ 2000 ਮੈਂ ਆਪਣੇ ਵੱਡੇ ਵੀਰ ਸ਼ਹੀਦ

ਚਰਨਜੀਤ ਸਿੰਘ ਅਜ਼ਾਦ ਤੇ ਦੋਸਤ, ਸ਼ਹੀਦ ਭਾਈ ਅੰਮ੍ਰਿਤਪਾਲ ਸਿੰਘ ਰੋਮੀਂ ਦੀ ਯਾਦ ਵਿਚ ਸਹਿਜ ਪਾਠ ਰੱਖਿਆ ਹੋਇਆ ਸੀ, ਕਿ ਕਿਸੇ ਦੀ ਸ਼ਿਕਾਇਤ ਤੇ ਮੈਨੂੰ ਬੈਰਕ ਨੰ. 6/c ਚੋਂ ਕੱਢ ਕੇ ਬੀੜੀਆਂ ਤਮਾਕੂ ਪੀਣ ਵਾਲੇ ਕੈਦੀਆਂ ਨਾਲ ਬੰਦ ਕਰ ਦਿੱਤਾ। ਮੈਂ (ਲੇਖਕ) ਕੁੱਝ ਦਿਨ ਹੋਰ ਉਸੇ ਬੈਰਕ 'ਚ ਰਹਿ ਕੇ ਪਾਠ ਪੂਰਾ ਕਰਨ ਲਈ ਮੰਗ ਕੀਤੀ ਤਾਂ, ਜੇਲ੍ਹ ਆਫਿਸਰ ਵਿਨੋਦ ਗੁੱਪਤਾ ਦੇ ਹੁਕਮ ਤੇ ਮੈਨੂੰ ਬੇੜੀਆਂ ਪਾਕੇ ਚੱਕੀ (ਤਨਹਾਈ) 'ਚ ਬੰਦ ਕਰ ਦਿੱਤਾ ਗਿਆ, ਜਿਥੋਂ ਮੈਨੂੰ 'ਰੈਡ ਕਰਾਸ ਕਮੇਟੀ' ਨੇ ਆਕੇ ਮੁੜ ਬੈਰਕ 'ਚ ਤਬਦੀਲ ਕਰਵਾਇਆ। ਆਪਣੀ ਮਦਦ ਲਈ ਉਨ੍ਹਾਂ ਦਾ ਧੰਨਵਾਦੀ ਹੁੰਦਿਆਂ ਇਕ ਵਾਰ ਪੁੱਛ ਹੀ ਲਿਆ...।

(ਟੀਮ ਨਾਲ ਹੋਈ ਅਹਿਮ ਗੱਲਬਾਤ ਦਾ ਸਿੱਧਾ ਸੰਬੰਧ ਹਾਈਜੈਕਰ ਸੂਰਮਿਆਂ ਨਾਲ ਜਾ ਜੁੜਦਾ ਹੈ) ਜਦੋਂ ਟੀਮ ਨੂੰ ਸੁਆਲ ਕੀਤਾ ਤੇ ਉਨ੍ਹਾਂ ਜਵਾਬ ਦਿੱਤੇ।

ਲੇਖਕ – ਤੁਸੀਂ ਕਦੀ ਪੰਜਾਬ ਦੇਸ਼ ਦੇ ਇੰਟਰੋਗੇਸ਼ਨ ਸੈਂਟਰ ਅਤੇ ਥਾਣਿਆਂ ਜੇਲ੍ਹਾਂ 'ਚ ਕੋਹੇ ਜਾਂਦੇ ਪਰਿਵਾਰਾਂ ਨੂੰ ਤੜਫਦੇ ਦੇਖਿਆ ਹੈ ? ਕੀ ਦੋ ਲਾਖ ਤੋਂ ਵੱਧ ਕਤਲ ਕੀਤੇ ਗਏ ਇਨਸਾਨ ਤੁਹਾਡੀ ਰੈਡ ਕਰਾਸ ਕਮੇਟੀ ਨੂੰ ਅੱਜ ਤੱਕ ਦਿਖਾਈ ਨਹੀਂ ਦਿੱਤੇ?

ਕਮੇਟੀ ਦਾ ਮੈਂਬਰ ਬੀਬੀ–ਇੰਡੀਅਨ ਗੋਰਮਿੰਟ ਸੇ ਹਮਾਰੇ ਚੀਫ ਨੇ ਕਈਂ ਬਾਰ ਪੰਜਾਬ ਆਨੇ ਕੀ ਪਰਮੀਸ਼ਨ ਮਾਂਗੀ ਥੀ, ਪਰ ਇੰਡੀਆਂ ਗੌਰਮਿੰਟ ਕਾ ਜਵਾਬ ਥਾ, ਯੇ ਹਮਾਰਾ ਅੰਦਰੂਨੀ ਮਾਮਲਾ ਹੈ, ਹਮ ਖੁੱਦ ਦੇਖ ਲੇਂਗੇ।

ਲੇਖਕ–ਪੂਰੇ ਦੇਸ਼ ਵਿਚ ਸਿੱਖਾਂ ਦਾ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਗਿਆ, ਸਾਡੇ ਧਰਮ ਗ੍ਰੰਥ ਅਤੇ ਗੁਰਦੁਆਰੇ ਪਵਿੱਤਰ ਗੋਲਡਨ ਟੈਂਪਲ (ਦਰਬਾਰ ਸਾਹਿਬ) ਟੈਂਕਾ ਤੋਪਾਂ ਤੇ ਹਾਈਡਰੋਜਨ ਹਥਿਆਰਾਂ ਨਾਲ ਉਡਾ ਦਿੱਤਾ ਗਿਆ, ਅਤੇ ਇਹ ਲੀਡਰ ਅੰਦਰ ਦੀ ਗੱਲ ਕਹਿੰਦੇ ਹਨ। ਏ ਅੰਦਰ ਦੀ ਨਹੀਂ ਪੂਰੀ ਦੁਨੀਆਂ ਤੇ ਹਰ ਇਨਸਾਨ ਦਾ ਅਤੇ ਇਹ ਤੁਹਾਡੇ ਵਰਗੇ ਲੋਕਾਂ ਦਾ ਮਾਮਲਾ ਹੈ, ਜੋ ਇੰਨਸਾਨੀਅਤ ਅਤੇ ਇਨਸਾਨੀ ਹਕੂਕ ਦੀ ਗੱਲ ਕਰਦੇ ਹਨ।

ਕਮੇਟੀ–(ਦਿਲਾਸਾ ਦਿੰਦਿਆਂ) ਯੇ ਆਪ ਕੀ ਲੀਡਰਸ਼ਿਪ ਕਾ ਕਾਮ ਥਾ ਕਿ ਆਪ ਕੀ ਅਵਾਜ਼ ਔਰ ਮੂਵਮੈਂਟ ਕੋ ਅੰਤਰਰਾਸ਼ਟਰੀਏ ਟੇਬਲ ਤੱਕ ਲੈਕਰ ਜਾਤੇ, ਔਰ ਅਪਨਾ ਕੇਸ ਬੜੀ ਮਜ਼ਬੂਤੀ ਔਰ ਦਲੀਲੋਂ ਕੇ ਸਾਥ ਰੱਖਤੇ, ਤਬੀ ਹਮ ਵਹਾਂ (ਪੰਜਾਬ) ਆ ਸਕਤੇ ਥੇ, ਅਗਰ ਹਮ ਵਹਾਂ ਆਤੇ ਤੋਂ ਸ਼ਾਇਦ, ਇਤਨਾਂ ਕੁੱਛ ਦੁਨੀਆਂ ਸੇ ਛੁਪਾ ਨਾ ਰਹਿਤਾ...।

ਲੇਖਕ–ਠੀਕ ਹੈ ਪੰਜਾਬ ਨਾ ਸਹੀਂ, ਪਰ ਜੰਮੂ ਕਸ਼ਮੀਰ ਵਿਚ ਸਾਡੇ ਨਾਲ ਹੋ ਰਹੇ ਮਸੱਲੇ ਤਾਂ ਉਠਾ ਦਿਓ, ਕਈ ਦੋਸਤਾਂ-ਭਰਾਵਾਂ-ਭੈਣਾਂ ਦਾ ਨਾਮ ਲੈ ਕੇ .... ਸਾਡੇ ਤੇ ਝੂਠੇ ਕੇਸ, ਸਾਥੀਆਂ ਦੇ ਝੂਠੇ ਪੁਲਿਸ ਐਨਕਾਊਂਟਰ ਕਰ ਦਿੱਤੇ ਤੇ ਲਾਸ਼ਾ ਵੀ ਨਾ ਦਿੱਤੀਆਂ ਗਈਆਂ, 37 ਕਤਲ, 13 ਕਤਲ, 16 ਕਤਲ, ਸਭ ਸਿੱਖਾਂ ਦੇ ਅੱਜ ਤੱਕ ਕਿਸੇ ਕਾਤਲ ਜਾ ਮੁਜਰਮ ਨੂੰ ਪੱਕੜਿਆ ਨਹੀਂ ਗਿਆ... ਕਿਆ ਇਹ ...।

ਕਮੇਟੀ ਹਮ ਨੇ ਆਪ ਕੀ ਸਾਰੀ ਬਾਤੇਂ ਨੋਟ ਕਰ ਲੀ ਹੈ, ਇਨੋ ਹੈਡ ਆਫਿਸ ਭੇਜ ਦੀਆਂ ਜਾਏਗਾ...।" ਕੁਝ ਮਹੀਨਿਆਂ ਬਾਅਦ ਪ੍ਰਾਪਤ ਹੋਇਆ। ਹਮ ਰਿਆਸਤ ਮੇਂ ਸਿਰਫ ਉਨੀ ਕੇਸੋਂ ਮੇਂ ਦਖਲ ਦੇ ਸਕਤੇ ਹੈ ਜੋ ਕਸ਼ਮੀਰੀ ਸੰਘਰਸ਼ ਸੇ ਤਾਅਲੁਕ ਰੱਖਤੇ ਹੋਂ...।" ਉਸ ਵੇਲੇ ਤੱਕ, ਸਿੱਖ ਲੀਡਰਾਂ ਨੇ ਸਿੱਖਾਂ ਦੀ ਕੌਮੀਂ ਮੰਗਾਂ, ਪ੍ਰੇਸ਼ਾਨੀਆਂ, ਹੱਕਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਚੁੱਕਿਆ ਹੀ ਨਹੀਂ ਸੀ, ਜੇ ਚੁੱਕਿਆ ਤਾਂ, ਕਿਸੇ ਛੋਟੇ-ਮੋਟੇ ਲਾਹਾ (ਲਾਲਚ) ਬੱਦਲੇ, ਅੱਧ ਵਿਚਾਲੇ ਹੀ ਛੱਡ ਦਿੱਤਾ। (ਅੱਜ ਦੀ ਤਰੀਕ ਵਿਚ ਸਿੱਖ ਹਾਈਜੈਕਰ ਆਪ ਹੀ ਇਸ ਮਸਲੇ ਤੇ ਜੰਮਹੂਰੀ ਢੰਗ ਨਾਲ ਸੰਘਰਸ਼ ਕਰ ਰਹੇ ਹਨ, ਇਸ ਤੋਂ ਪਹਿਲਾਂ ਕੁਝ ਆਗੂਆਂ ਵੱਲੋਂ ਜ਼ਰੂਰ ਉਪਰਾਲਾ ਕੀਤਾ ਗਿਆ ਸੀ।)

ਇਹ ਘਟਨਾ ਲਿਖਣ ਦਾ ਮਤਲਬ ਇਹੀ ਸੀ ਕਿ ਅਸੀਂ ਸਿੱਖ ਹਾਈਜੈਕਰਾਂ ਦੀ ਕੁਰਬਾਨੀ, ਵਿਉਂਤਬੰਦੀ ਅਤੇ ਸੰਘਰਸ਼ ਨੂੰ ਵਿਸ਼ਵ ਪੱਧਰ ਤੱਕ ਲੈ ਜਾਣ ਵਿਚ ਪਾਏ ਗਏ ਉੱਘੇ ਯੋਗਦਾਨ ਨੂੰ ਸਮਝ ਸਕੀਏ, ਜਿਸ ਬਦੌਲਤ ਸਿੱਖ ਤਹਿਰੀਕ ਤੋਂ ਇੰਟਰਨੈਸ਼ਨਲ ਮੀਡੀਆ ਵਾਕਫ ਹੋ ਸਕਿਆ। ਇਹ ਗੱਲ ਵੱਖਰੀ ਹੈ ਕਿ- ਸਿੱਖ ਆਗੂਆਂ ਨੂੰ ਇਸ ਐਕਸ਼ਨ ਨੂੰ ਆਧਾਰ ਬਨਾਉਣ ਦਾ ਢੰਗ ਨਹੀਂ ਆਇਆ, ਫਿਰ ਇਸ ਵਿਚ ਕੌਮ ਦੇ ਹਾਈਜੈਕਰ ਵੀਰਾਂ ਦਾ ਕੀ ਕਸੂਰ ? ਇੱਥੇ ਇਹ ਜਾਣ ਲੈਣਾਂ ਵੀ ਜ਼ਰੂਰੀ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਮੰਕਸਦ ਸਿਰਫ ਕੌਮੀਂ ਅਵਾਜ਼ ਨੂੰ ਬੁਲੰਦ ਕਰਨਾ ਸੀ, ਕੋਈ ਹਿੰਸਕ (ਦਹਿਸ਼ਤ ਫੈਲਾਉਣ ਵਾਲੀ) ਕਾਰਵਾਈ ਕਰਨਾ ਨਹੀਂ ਸੀ, ਜਿਵੇਂ ਕਿ ਭਗਤ ਸਿੰਘ ਦਾ ਪਾਰਲੀਮੈਂਟ ਦੇ ਖਾਲੀ ਸਥਾਨ ਤੇ ਬੰਬ ਸੁੱਟਣਾ, ਹਿੰਸਕ ਕਾਰਵਾਈ ਨਹੀਂ ਸੀ। ਜੇ ਹਾਈਜੈਕਰ ਸਿੰਘਾਂ ਦਾ ਮਕਸਦ ਕਤਲ ਤੇ ਬਰਬਾਦੀ ਕਰਨਾ ਹੁੰਦਾ ਤਾਂ, ਉਹ ਜਹਾਜ਼ਾਂ ਨੂੰ ਆਸਾਨੀ ਨਾਲ ਤਬਾਹ ਕਰ ਸਕਦੇ ਸਨ। ਸ੍ਰ. ਭਗਤ ਸਿੰਘ ਇਨਕਲਾਬ ਜ਼ਿੰਦਾਬਾਦ ਦੇ ਨਾਰੇ ਲਾਉਣ ਤੇ ਅੰਗਰੇਜ਼ਾਂ ਦਾ ਬਾਗੀ ਮਨਿਆ ਗਿਆ, ਤੇ ਸਿਰਦਾਰ ਹਾਈਜੈਕਰ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਰੇ ਲਾਉਣ ਤੇ ਹਿੰਦ ਪਾਕਿ, ਹਕੂਮਤਾਂ ਦੇ ਜਹਾਦੀ ਜੁਝਾਰੂ ਮੰਨੇ ਜਾ ਰਹੇ ਹਨ, ਭਗਤ ਸਿੰਘ ਤੇ ਸਾਥੀਆਂ ਨੇ ਅੰਗਰੇਜ਼ਾਂ ਨੂੰ ਆਪਣੀ ਲਹਿਰ ਤੋਂ ਵਾਕਫੀਅਤ ਕਰਵਾਉਣ ਲਈ ਧਮਾਕਾ ਵੀ ਕੀਤਾ ਤੇ ਕਤਲ ਵੀ, ਤੇ ਹਾਈਜੈਕਰ ਜੁਝਾਰੂਆਂ ਨੇ ਪੀਸਫੁੱਲ ਢੰਗ ਨਾਲ ਆਪਣੀ ਹੱਕ-ਏ-ਅਜ਼ਾਦੀ, ਦੀ ਗੂੰਜ ਨੂੰ ਸੱਤ ਸਮੁੰਦਰ ਪਾਰ ਤੱਕ ਖੜਿਆ, ਇਸ ਲਈ ਜਿਵੇਂ ਸ੍ਰ. ਭਗਤ ਸਿੰਘ ਤੇ ਸਾਥੀ ਸ. ਕਰਤਾਰ ਸਿੰਘ ਸਰਾਭਾ ਤੇ ਸਾਥੀ, ਸ. ਉਧਮ ਸਿੰਘ ਤੇ ਸਾਥੀ ਆਦਰਯੋਗ ਹਨ, ਉਸੇ ਤਰ੍ਹਾਂ ਸਿੱਖ ਹਾਈਜੈਕਰਾਂ ਦਾ ਲਹਿਰ 'ਚ ਇਕ ਅਹਿਮ ਸਥਾਨ ਤੇ ਕੌਮ ਦੇ ਦਿਲਾਂ 'ਚ ਸਤਿਕਾਰ ਹਮੇਸ਼ਾਂ ਬੰਨਿਆਂ ਰਹੇਗਾ। ਸਿੱਖ ਸੰਘਰਸ਼ ਦੇ ਇਤਿਹਾਸ ਵਿਚ ਅੱਜ ਤੱਕ ਪੰਜ ਹਾਈਜੈਕ ਕੀਤੇ ਗਏ ਹਨ, ਟੂਕ ਮਾਤਰ ਵੇਰਵਾ ਇਸ ਪ੍ਰਕਾਰ ਹੈ - 1. ਪਹਿਲੀ ਹਾਈਜੈਕਿੰਗ 29 ਸਤੰਬਰ 1981, ਮੰਗਾਂ ਸਨ - ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਹਾਈ, ਮਹਿਤਾ ਚੌਕ ਵਿਖੇ ਸ਼ਹੀਦ ਕੀਤੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਸਿੱਖਾਂ ਦੀ ਅਜ਼ਾਦੀ ਦੀ

ਤਾਂਘ ਨੂੰ ਅੰਤਰਰਾਸ਼ਟਰੀ ਪੱਧਰ ਤੇ ਚੁੱਕਣਾ। ਸਮੂਹ ਅੱਗਵਾਕਾਰਾਂ ਦੀ ਅਜੋਕੀ ਸਥਿਤੀ। ਦਲਖਾਲਸਾ ਦੇ ਭਾਈ ਗਜਿੰਦਰ ਸਿੰਘ ਅੱਖਵਾਰੀ ਖਬਰਾਂ ਮੁਤਾਬਿਕ ਇਸ ਵੇਲੇ ਪਾਕਿਸਤਾਨ ਵਿਚ, ਭਾਈ ਸਤਿਨਾਮ ਸਿੰਘ (ਪਾਉਂਟਾ ਸਾਹਿਬ ਵਾਲੇ) ਭਾਰਤ 'ਚ ਦਲ ਖਾਲਸਾ ਦੇ ਇਸ ਵੇਲੇ ਪ੍ਰਧਾਨ ਭਾਈ ਤੇਜਿੰਦਰ ਪਾਲ ਸਿੰਘ ਪੰਜਾਬ-ਜੰਮੂ ਆਦਿ ਥਾਵਾਂ ਤੇ ਸਟੀਕਰ ਤੇ ਕਲੰਡਰ ਵੇਚ ਕੇ ਗੁਜਾਰਾ ਕਰ ਰਿਹਾ ਹੈ। ਭਾਈ ਜਸਵੀਰ ਸਿੰਘ ਸਵਿਟਜ਼ਰਲੈਂਡ ਭਾਈ ਕਰਨ ਸਿੰਘ (ਜੰਮੂ ਕਸ਼ਮੀਰ ਵਾਲੇ) ਸਵਿਟਜ਼ਰਲੈਂਡ 'ਚ ਕੁਝ ਸਾਥੀ ਰਿਹਾਈ ਤੋਂ ਬਾਅਦ ਸ਼ਹੀਦ ਦੱਸੇ ਜਾਂਦੇ ਹਨ। 2. ਦੂਜੀ 4 ਅਗਸਤ 1982 ਮੰਗ ਸੀ, "ਹਵਾਈ ਸਫ਼ਰ ਵੇਲੇ ਸਿੱਖਾਂ ਦੇ ਕਿਰਪਾਨ ਪਹਿਨਣ ਤੋਂ ਪਾਬੰਧੀ ਹਟਾਈ ਜਾਵੇ।" ਜੁਝਾਰੂ ਅੱਗਵਾਕਾਰ ਸੀ, ਬਾਬਾ ਗੁਰਬਖਸ਼ ਸਿੰਘ ਜੀ ਜੋ ਆਮ ਨਾਗਰਿਕ ਸਨ ਤੇ ਅੱਜ ਬਿਮਾਰ ਹਨ ਪੰਜਾਬ 'ਚ ਹੀ ਹਨ। 3. ਤੀਜੀ 20 ਅਗਸਤ 1982 ਵਿਚ ਭਾਈ ਮਨਜੀਤ ਸਿੰਘ ਉਰਫ ਮੁਸੀਬਤ ਸਿੰਘ ਵੱਲੋਂ, ਮੰਗ ਸੀ, "ਧਰਮ ਯੁੱਧ ਮੋਰਚੇ ਦੀਆਂ ਮੰਗਾਂ ਮੰਨੀਆਂ ਜਾਣ।" ਇਹ ਸਿੰਘ ਅੰਮ੍ਰਿਤਸਰ ਹਵਾਈ ਅੱਡੇ ਤੇ ਹੀ ਸ਼ਹੀਦ ਕਰ ਦਿੱਤਾ ਗਿਆ ਸੀ। 4. ਚੌਥੀ- 15 ਜੁਲਾਈ 1984 ਫੈਡਰੇਸ਼ਨ ਦੇ ਸਿੰਘਾਂ ਵੱਲੋਂ ਅਖਬਾਰਾਂ 'ਚ ਇਸ ਹਾਈਜੈਕ ਦਾ ਮੁੱਖ ਮਾਸਟਰ ਮਾਈਂਡ ਭਾਈ ਅਵਤਾਰ ਸਿੰਘ ਖਾਲਸਾ (ਜੰਮੂ) ਨੂੰ ਮੰਨਿਆ ਗਿਆ ਸੀ। ਇਸ ਐਕਸ਼ਨ ਵਿਚ ਸ਼ਾਮਿਲ ਸਨ। ਭਾਈ ਪਰਮਿੰਦਰ ਸਿੰਘ ਹਰਫਨਮੌਲਾ, (ਕਨੇਡਾ) ਭਾਈ ਹਰਵਿੰਦਰ ਸਿੰਘ ਖਾਲਸਾ (ਜੰਮੂ) ਸਵਿਟਜ਼ਰਲੈਂਟ, ਭਾਈ ਦਲੀਪ ਸਿੰਘ ਜੰਮੂ, ਸਵਿਟਜ਼ਰਲੈਂਡ, ਭਾਈ ਗੁਰਿੰਦਰ ਸਿੰਘ, ਕਨੇਡਾ ਭਾਈ ਹਰਭਜਨ ਸਿੰਘ (ਕਨੇਡਾ) ਭਾਈ ਰਵਿੰਦਰ ਸਿੰਘ ਜੰਮੂ .., ਭਾਈ ਮਨਜੀਤ ਸਿੰਘ ਸ਼ਹੀਦ, ਭਾਈ ਮੱਲਾਗਰ ਸਿੰਘ ਸ਼ਹੀਦ, ਭਾਈ ਗੁਰਦੀਪ ਸਿੰਘ ਪਰਦੇਸੀ (ਜੰਮੂ) ਜਰਮਨ। 5. ਪੰਜਵੀ - ਹਾਈਜੈਕਿੰਗ 24 ਅਗਸਤ 1984 ਮੰਗ ਸੀ, ਭਾਰਤੀ ਫੌਜ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਤੋਂ ਬਾਹਰ ਕੱਢੀ ਜਾਵੇ। ਜੁਝਾਰੂ ਜੱਥਾ ਸੀ 'ਭਾਈ ਕਮਲਜੀਤ ਸਿੰਘ, (ਸ਼ਹੀਦ) ਭਾਈ ਅਮਰਿੰਦਰ ਸਿੰਘ (ਚੰਡੀਗੜ੍ਹ) ਭਾਈ ਦਵਿੰਦਰ ਸਿੰਘ (ਚੰਡੀਗੜ੍ਹ) ਭਾਈ ਤਜਿੰਦਰ ਸਿੰਘ (ਚੰਡੀਗੜ੍ਹ) ਭਾਈ ਅਵਤਾਰ ਸਿੰਘ (ਮੁਹਾਲੀ ਚੰਡੀਗੜ੍ਹ) ਭਾਈ ਮਾਨ ਸਿੰਘ (ਰੋਪੜ) ਭਾਈ ਸੁਰਿੰਦਰ ਸਿੰਘ (ਫਤਹਿਗੜ੍ਹ ਸਰਹੰਦ)।

1981 ਵਾਲੇ ਐਕਸ਼ਨ 'ਚ ਭਾਈ ਗਜਿੰਦਰ ਸਿੰਘ ਨਾਲ ਜੰਮੂ ਕਸ਼ਮੀਰ ਦੇ ਭਾਈ ਕਰਨ ਸਿੰਘ ਸ਼ਾਮਿਲ ਹੋਏ, ਜੋ ਤਿੰਨਾਂ ਭੈਣਾਂ ਦੇ ਇਕੱਲੇ ਭਰਾ ਹਨ, ਪਿਤਾ ਜੀ ਸ. ਬਲਵੰਤ ਸਿੰਘ ਜੀ ਪੁਲਿਸ 'ਚ ਹਵਲਦਾਰ (ਰਿਟਾਇਰ)। 1984 ਵਾਲੇ ਐਕਸ਼ਨ ਵਿਚ ਜੰਮੂ-ਕਸ਼ਮੀਰ ਦੇ ਫੈਡਰੇਸ਼ਨ ਵਰਕਰ ਭਾਈ ਦਲੀਪ ਸਿੰਘ, ਭਾਈ ਹਰਮਿੰਦਰ ਸਿੰਘ ਖਾਲਸਾ, ਭਾਈ ਰਵਿੰਦਰ ਸਿੰਘ, ਭਾਈ ਗੁਰਦੀਪ ਸਿੰਘ, ਸ਼ਾਮਿਲ ਹੋਏ ਕਿਸੇ ਵਜਾ ਕਾਰਨ ਭਾਈ ਅਵਤਾਰ ਸਿੰਘ ਖਾਲਸਾ (ਜੰਮੂ) ਸ਼ਾਮਲ ਨਾ ਹੋ ਸਕੇ। ਪਰਿਵਾਰਾ ਨਾਲ ਮੁਲਾਕਾਤ।

ਜਦੋਂ ਭਾਈ ਦਲੀਪ ਸਿੰਘ ਦੇ ਪਰਿਵਾਰ ਨੂੰ ਮਿਲਣ ਰਾਇਪੁਰ ਗੁੱਜਰਾਂ ਆਰ.ਐਸ.ਪੁਰਾ (ਜੰਮੂ) ਦੇ ਪਿੰਡ 'ਚ ਪੁੱਜਿਆ ਤਾਂ ਭਾਈ ਸਾਹਿਬ ਜੀ ਦੇ ਪਿਤਾ ਜੀ ਮੰਜੀ ਤੇ ਬਿਮਾਰ ਪਏ ਸਨ ਤੇ ਮਾਤਾ ਜੀ ਆਏ ਗਏ ਨਾਲ ਗੱਲਬਾਤਾਂ ਕਰ ਰਹੇ ਸਨ, ਉਨ੍ਹਾਂ ਦੇ ਬੋਲਾਂ 'ਚੋਂ ਪੁੱਤਰ ਲਈ ਫੱਖਰ.ਦੇ ਅਰਥ ਕੱਢੇ ਜਾ ਸਕਦੇ ਹਨ। ਭਾਈ ਸਾਹਿਬ ਦੀ ਸਿੰਘਣੀ ਤੇ ਤਿੰਨ ਬੇਟੀਆਂ, ਜ਼ਿਕਰਯੋਗ ਹੈ ਕਿ ਭਾਈ ਸਾਹਿਬ ਤਿੰਨਾਂ ਭੈਣਾਂ ਦੇ ਇਕੱਲੇ ਭਰਾ ਹਨ। ਭਾਈ ਸਾਹਿਬ ਜੀ ਦੀਆਂ ਬੇਟੀਆਂ, ਜੋ ਪੁਤਰਾਂ ਵਾਂਗ ਘਰ ਨੂੰ ਸਾਂਭਣ ਲਈ ਟਰੈਕਟਰ ਮਰਦਾਂ ਵਾਂਗ ਖੇਤਾਂ 'ਚ ਚਲਾ ਰਹੀਆਂ ਸਨ ਤੇ ਘਰ ਦੇ ਜ਼ਰੂਰੀ ਕੰਮਕਾਜ ਲਈ ਕਾਰ ਵੀ ਆਪ ਹੀ ਲੈ ਕੇ ਜਾਂਦੀਆਂ, ਉਨ੍ਹਾਂ ਦੀ ਗਲੱਬਾਤ ਚੜਦੀ ਕਲਾ ਦੀ ਗਵਾਹੀ ਭਰ ਰਹੀਆਂ ਸਨ। ਪਰ ਜਦ ਭਾਈ ਸਾਹਿਬ ਦੀ ਇਕ ਬੇਟੀ ਦਾ ਆਨੰਦਕਾਰਜ ਦਾ ਦਿਨਸੀ, ਤਾਂ ਹਰ ਕਿਸੇ ਦੇ ਚਿਹਰੇ ਤੋਂ ਇੰਝ ਮਹਿਸੂਸ ਹੋ ਰਿਹਾ ਸੀ ਕਿ ਉਹ ਭਾਈ ਦਲੀਪ ਸਿੰਘ ਜੀ ਦੀ ਉਡੀਕ 'ਚ ਹੈ, ਮੈਨੂੰ ਇਸ ਗੱਲ ਦਾ ਭਾਰੀ ਦੁੱਖ ਹੈ ਕਿ ਪੰਜਾਬ ਅਤੇ ਜੰਮੂ-ਕਸ਼ਮੀਰ 'ਚੋਂ ਕੋਈ ਵੀ ਪੰਥਕ ਆਗੂ ਜਾਂ ਸੰਤ ਇਸ ਮਰਜੀਵੜੇ ਦੀ ਬੇਟੀ ਦੇ ਅਨੰਦਕਾਰਜ ਤੇ ਨਹੀਂ ਸੀ ਪੁੱਜਿਆ, ਸਿਵਾਏ, ਭਾਈ ਸਾਹਿਬ ਦੇ ਦੋਸਤ ਭਾਈ ਸਤਿਨਾਮ ਸਿੰਘ (ਦਲ ਖਾਲਸਾ) ਅਤੇ ਪ੍ਰਿ. ਨਰਿੰਦਰ ਸਿੰਘ (ਸਾਬਕਾ ਫੈਡਰੇਸ਼ਨ ਸੱਕਤਰ ਜੰਮੂ ਕਸ਼ਮੀਰ)। ਜਦੋਂ ਭਾਈ ਕਰਨ ਸਿੰਘ (ਮਾਸਟਰ) ਦੇ ਘਰ ਉਨ੍ਹਾਂ ਦੇ ਮਾਤਾ-ਪਿਤਾ ਜੀ ਨੂੰ ਮਿਲਨ ਜਾਂਦਾ ਹਾਂ ਤਾਂ, ਤਿੰਨਾਂ ਭੈਣਾਂ ਦੇ ਇਕੱਲੇ ਭਰਾ ਦੇ ਵਿਛੋੜੇ ਦਾ ਦੁਖ ਮਹਿਸੂਸ ਕੀਤਾ ਜਾਂਦਾ ਹੈ, ਹਰ ਵਾਰ ਭਾਈ ਸਾਹਿਬ ਜੀ ਦੀ ਮਾਤਾ ਮੱਥਾ ਚੁੰਮ ਕੇ ਜਦੋਂ ਅਸੀਸ ਦਿੰਦੇ ਹਨ, ਤਾਂ ਇਕ ਪਲ ਇਵੇਂ ਲੱਗਦਾ ਹੈ ਕਿ ਮਾਤਾ ਜੀ ਮੈਨੂੰ ਕਰਨ ਸਿੰਘ (ਵੀਰ) ਸਮਝ ਕੇ ਪਿਆਰ ਕਰ ਰਹੇ ਹਨ। ਇਹੀ ਕਹਾਣੀ ਭਾਈ ਹਰਮਿੰਦਰ ਸਿੰਘ ਖਾਲਸਾ ਦੇ ਪਰਿਵਾਰ ਦੀ ਹੈ, ਜਦ ਮੈਂ ਪਹਿਲੀ ਵਾਰ ਪਰਿਵਾਰ ਨੂੰ ਮਿਲਣ ਉਨ੍ਹਾਂ ਦੇ ਘਰ ਗਾਂਧੀ ਨਗਰ ਗਿਆ। ਮੈਨੂੰ ਪਤਾ ਨਹੀਂ ਸੀ ਕਿ ਭਾਈ ਹਰਮਿੰਦਰ ਸਿੰਘ, ਡਾ. ਕੁਲਵੰਤ ਸਿੰਘ ਜੀ ਦੇ ਬੇਟੇ ਹਨ। ਕਿਉਂਕਿ ਮੈਂ ਡਾ. ਸਾਹਿਬ ਨੂੰ ਕਈ ਵਾਰ ਪਹਿਲਾ ਮਿਲ ਚੁੱਕਿਆ ਸੀ ਅਤੇ ਬੀਰ ਰਸ 'ਚ ਜਜਬਾਤੀ ਤਕਰੀਰ ਕਰਦਿਆਂ ਕਈ ਵੇਰਾਂ ਸੁਣਿਆ ਸੀ। ਪਰ ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਉਦੋਂ ਉਹ ਕੁਝ ਬਿਮਾਰ ਸਨ ਤੇ ਬੈਡ ਤੇ ਲੇਟੇ ਹੀ ਕੁਝ ਲਿਖ ਰਹੇ ਸਨ, ਮੈਂ ਉਨ੍ਹਾਂ ਨੂੰ ਪਛਾਣ ਨਹੀਂ ਪਾਇਆ ਜਦ ਇਕ ਹੋਰ ਬਜ਼ੁਰਗ ਮਾਸਟਰ ਹਾਕਮ ਸਿੰਘ ਉਨ੍ਹਾਂ ਨੂੰ ਮਿਲਨ ਆਏ, ਗੱਲਬਾਤ ਚਲੀ ਤਾਂ ਮੈਨੂੰ ਪਛਾਣ ਆਈ।

ਦੋਵੇਂ ਬਜ਼ੁਰਗਾਂ ਨੇ ਜੰਮੂ ਤੇ ਪੰਜਾਬ ਦੇ ਪੰਥਕ ਹਲਾਤਾਂ ਤੇ ਲੰਮੀਂ ਚਰਚਾ ਕੀਤੀ ਤੇ ਮੈਨੂੰ ਥਾਪੜਾ ਦੇ ਕੇ ਕਹਿਣ ਲੱਗੇ, ਕੌਮੀ ਨੌਜਵਾਨਾਂ ਦਾ ਆਰਥਿਕ ਪੱਖ ਤੇਰੇ ਵਾਂਗ ਬਹੁਤ ਮਾੜਾ ਹੈ, ਫਿਰ ਵੀ ਆਪਣਾ ਆਪ ਬਚਾ ਕੇ ਰੱਖੋ ਤੁਹਾਡੇ ਵਰਗੇ ਯੰਗਮੈਨ ਬਹੁਤ ਥੋੜੇ ਹਨ ਅਤੇ ਸਾਨੂੰ ਬੁੱਢਿਆਂ ਨੂੰ ਤੁਹਾਡੀ ਲੋੜ ਹੈ। ਉਹ ਹੱਥ 'ਚ ਫੜੇ ਕਾਗਜ਼ 'ਤੇ 'ਅਕ੍ਰਿਤਘਣ' ਵਿਸ਼ੇ ਤੇ ਕੁਝ ਲਿਖ ਰਹੇ ਸਨ, ਮੈਂ ਵੀ ਉਨ੍ਹਾਂ ਨੂੰ ਆਪਣੇ ਲਿਖੇ ਤੇ ਛਾਪੇ ਪੈਂਫਲਿਟ ਦੇ ਕੇ

ਆ ਗਿਆ, ਮੈਂ ਅਜੇ ਘਰ ਵੀ ਨਹੀਂ ਸੀ ਪੁੱਜਾ ਕਿ ਡਾ. ਸਾਹਿਬ ਦਾ ਫੋਨ ਆ ਗਿਆ ਤੇ ਉਨ੍ਹਾਂ ਮੈਨੂੰ ਵਧੀਆ ਤੇ ਸੱਚ-ਹੱਕ ਲਈ ਲਿਖਣ ਕਰਕੇ ਸਾਬਾਸ਼ ਦਿੱਤੀ ਜੋ ਮੈਨੂੰ ਹਮੇਸ਼ਾ ਯਾਦ ਰਹੇਗੀ। ਕੁਝ ਦਿਨਾਂ ਬਾਅਦ ਜਦੋਂ ਭਾਈ ਗੁਰਦੀਪ ਸਿੰਘ ਪ੍ਰਦੇਸੀ ਦੇ ਘਰ ਪੁੱਜੇ ਤਾਂ ਉਨ੍ਹਾਂ ਦੇ ਭਰਾਵਾਂ ਨਾਲ ਮੁਲਾਕਾਤ ਹੋਈ। ਜੰਮੂ ਦੇ ਹਲਾਤ ਪੰਜਾਬ ਤੋਂ ਵੱਖਰੇ ਹਨ, ਕਿਉਂਕਿ ਸਿੱਖ ਇਥੇ ਘੱਟ ਗਿਣਤੀ ਹਨ ਅਤੇ ਬਹੁਗਿਣਤੀ ਹਿੰਦੂ ਰਾਸ਼ਟਰਵਾਦੀਆਂ ਦੀ ਅਬਾਦੀ 'ਚ ਘਿਰੇ ਹੋਏ ਹਨ, ਸ਼ਾਇਦ ਇਸੇ ਕਾਰਨ ਭਾਈ ਸਾਹਿਬ ਦੇ ਭਰਾ ਖੁੱਲ ਕੇ ਗੱਲ ਨਹੀਂ ਸੀ ਕਰ ਰਹੇ, ਪਰ ਜਦ ਮੇਰੇ ਨਾਲ ਗਏ ਹੋਏ ਇਕ ਹੋਰ ਸਾਥੀ ਤੋਂ ਮੇਰਾ ਐਡਰਸ ਲਿਆ ਤੇ ਸਵੇਰੇ ਮੇਰੇ ਕੋਲ ਪੁੱਜ ਗਏ, ਉਨ੍ਹਾਂ ਨੇ ਦੱਸਿਆ ਕਿ ਗੁਰਦੀਪ ਸਿੰਘ ਆਪਣੇ ਬੱਚਿਆਂ ਤੇ ਸਿੰਘਣੀ ਨਾਲ ਜਰਮਨ, 'ਚ ਵਧੀਆ ਜੀਵਨ ਬਿਤਾ ਰਿਹਾ ਹੈ, ਭਾਈ ਗੁਰਦੀਪ ਸਿੰਘ ਨੇ ਚਾਰ ਸਾਲ 'ਸੀ.ਆਰ.ਪੀ. ਐਫ. (ਭਾਰਤੀ ਫੋਰਸ) 'ਚ ਵੀ ਨੌਕਰੀ ਕੀਤੀ ਸੀ, ਜੋ ਬਾਅਦ ਵਿਚ ਛੱਡ ਦਿੱਤੀ ਸੀ। ਵੀਰ ਗੁਰਦੀਪ ਸਿੰਘ ਜੀ ਦੀ ਮਾਤਾ ਜੀ ਨਾਲ ਮੁਲਾਕਾਤ ਨਾ ਹੋ ਸਕੀ ਚੱਲੋਂ ਦੂਜੀ-ਤੀਜੀ ਵਾਰ ਫਿਰ ਕਦੀ ਸਈ ਤੇ ਦੂਜੀ ਵਾਰ ਮੇਰੇ ਨਾਲ ਗਈ ਜੇਕਰ ਡਾ. ਸਾਹਿਬ ਸਨ ਅਤੇ ਅਸੀਂ ਮਾਤਾ ਜੀ ਨੂੰ ਮਿਲਣ ਪੁੱਜੇ ਉਸ ਵੇਲੇ ਮਾਤਾ ਜੀ ਗੁੱਟਕੇ ਤੋਂ ਸੁਖਮਨੀ ਦਾ ਪਾਠ ਕਰ ਰਹੇ ਸੀ।

ਵੀਰ ਰਵਿੰਦਰ ਸਿੰਘ ਪਿੰਕਾਂ ਦੇ ਘਰ ਪੁੱਜੇ ਤਾਂ ਮੇਰੇ ਨਾਲ ਮੇਰੀ ਸਿੰਘਣੀ ਸਰਬਜੀਤ ਕੌਰ ਵੀ ਸੀ, ਪਰ ਉਨ੍ਹਾਂ ਦੇ ਘਰ ਕੋਈ ਨਹੀਂ ਸੀ, ਜਿਸ ਕਰਕੇ ਮੈਂ ਰਾਤ ਨੂੰ ਫਿਰ ਚਲਾ ਗਿਆ, ਭਾਈ ਸਾਹਿਬ ਜੀ ਦੇ ਮਾਤਾ ਜੀ ਨੇ ਦਰਵਾਜ਼ਾ ਖੋਲਦਿਆਂ ਪੁੱਛਿਆ ਦੱਸ ਜੀ ? ਮਾਤਾ ਜੀ, ਡਾ. ਕੇ ਸੀ. ਸਿੰਘ ਜੀ (ਭਾਈ ਦੇ ਪਿਤਾ ਜੀ) ਘਰ ਹੈ? ਮਾਤਾ ਜੀ ਮੇਰੇ ਵੱਲ ਹੈਰਾਨਕੁੰਨ ਨਜ਼ਰ ਨਾਲ ਵੇਖ ਕੇ ਕਹਿਣ ਲੱਗੇ। ਉਨ੍ਹਾਂ ਨੂੰ ਤਾਂ ਕਈ ਸਾਲ ਹੋ ਗਏ ਹਨ ...। ਤੁਸੀਂ ਕਿੱਥੋਂ ਆਏ ਹੋ ? ਮਾਤਾ ਜੀ ਨੇ ਮੈਨੂੰ ਪੰਜਾਬ 'ਚੋਂ ਆਇਆ ਸਮਝਿਆ ਸੀ, ਕਿਉਂਕਿ ਉਸ ਦਿਨ ਵਿਸਾਖੀ ਹੋਣ ਕਰਕੇ ਮੈਂ ਦਮਾਲਾ ਤੇ ਬਾਣਾ ਸਜਾਇਆ ਹੋਇਆ ਸੀ। ਮਾਤਾ ਜੀ, ਘਰ ਇਕੱਲੇ ਸਨ, ਉਨ੍ਹਾਂ ਦੇ ਦੂਜੇ ਬੇਟੇ ਤੇ ਨੂੰ ਬੇਟੀ ਕਿਧਰੇ ਗਏ ਹੋਏ ਸਨ, ਗੁਰੂ ਗ੍ਰੰਥ ਸਾਹਿਬ ਜੀ ਵਾਲੇ ਕਮਰੇ 'ਚ ਲੜੀਆਂ ਜੱਗ ਰਹੀਆਂ ਸਨ, ਮਾਤਾ ਜੀ ਨੇ ਗੱਲਬਾਤ ਕੀਤੀ ਤੇ ਪਿਆਰ ਨਾਲ ਵਿਦਾ ਕੀਤਾ। ਪੁੱਤ ਜੀਉਂਦਾ ਰਹਿ। ਤੀਜੀ ਵਾਰ ਫਿਰ ਗਏ ਤੇ ਘਰ ਕੋਈ ਨਹੀਂ ਸੀ।

ਇਨ੍ਹਾਂ ਪਰਿਵਾਰਾਂ ਦੇ ਇਹ ਨੌਜਵਾਨ ਉਮਰ ਕੈਦਾਂ ਤੇ ਫਾਂਸੀਆਂ ਦਾ ਸਾਹਮਣਾ ਅਤੇ ਲੰਮੀ ਉਮਰ ਪਾਕਿਸਤਾਨ ਦੀ ਜੇਲ੍ਹਾਂ 'ਚ ਕੱਟਣ ਤੋਂ ਬਾਅਦ ਅੱਜ ਵੀ ਵਿਦੇਸ਼ਾਂ 'ਚ ਜਲਾਵਤਨੀ ਕੱਟ ਰਹੇ ਹਨ, ਅਤੇ ਉਥੇ ਦੀ ਸਰਕਾਰਾਂ ਨੇ ਵੀ ਦੇਸ਼ ਛੱਡਣ ਦੇ ਫੁਰਮਾਨ ਸੁਣਾ ਦਿੱਤੇ ਹਨ, ਅਜਿਹੀਆਂ ਕੁਰਬਾਨੀਆਂ-ਸ਼ਹਾਦਤਾਂ ਦੀ ਬਦੌਲਤ ਹੀ ਸੰਘਰਸ਼ ਆਪਣੇ ਉਦੇਸ਼ ਤੱਕ ਅੱਪੜਨ ਵਿਚ ਸਫਲ ਹੁੰਦੇ ਹਨ। ਕੁਰਬਾਨੀਆਂ ਮੁਸੀਬਤਾਂ ਤੋਂ ਬਗੈਰ ਕਿਸੇ ਵੀ ਲਹਿਰ ਦਾ ਫਤਹਿਯਾਬ ਹੋਣ ਦਾ ਸੁਪਨਾ ਦੇਖਣਾ, ਇਕ ਹਸੀਨ ਨੀਂਦ ਦਾ ਝੌਕਾ ਹੀ

ਕਿਹਾ ਜਾ ਸਕਦਾ ਹੈ, ਅਤੇ ਕੁਰਬਾਨੀਆਂ ਸ਼ਹਾਦਤਾਂ ਆਮ ਬੰਦੇ ਦੇ ਵਸ ਦੀ ਗੱਲ ਵੀ ਨਹੀਂ ਹੁੰਦੀ। ਇੱਥੇ ਵੱਡੇ ਜਿਗਰੇ ਤੇ ਵਿਸ਼ਾਲ ਸੋਚ ਦੇ ਧਾਰਨੀ ਹੀ ਅਜਿਹਾ ਕਰ ਸਕਦੇ ਹਨ। ਅੱਜ ਭਾਰਤ ਦੀ ਕਾਲੀ ਸੂਚੀ ਵਿਚ ਸ਼ਾਮਿਲ ਹੋਣ ਕਰਕੇ ਇਹ ਨੌਜਵਾਨ ਜੋ ਹੁਣ ਬਜੁਰਗੀ ਜੀਵਨ 'ਚ ਦਾਖਲ ਹੋ ਗਏ ਹਨ, ਆਪਣੇ ਪਰਿਵਾਰਾਂ ਤੋਂ ਦੂਰ... 28 ਤੋਂ 25 ਸਾਲ ਦੇ ਲੰਮੇ ਸਫ਼ਰ 'ਚ ਇਕ ਫਰਜ਼ ਅਦਾ ਕਰ ਰਹੇ ਹਨ ਅਤੇ ਅੱਜ ਵੀ ਇਨ੍ਹਾਂ ਦੀ ਧੜਕਨ ਪੰਥ ਲਈ ਧੜਕ ਰਹੀ ਹੈ। ਅਸੀਂ ਸਮੂਹ ਕੌਮੀਂ ਆਗੂਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਧੜੇਵਾਦ ਦੀ ਜੰਗ ਤੋਂ ਪਾਸਾ ਵੱਟਦਿਆਂ, ਆਪਣੇ ਨਾਲ-ਨਾਲ ਸਮੂਹ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਇਨ੍ਹਾਂ ਕੌਮੀਂ ਅਮਾਨਤਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਅਸੀਂ ਸਮੂਹ ਜੁਝਾਰੂ ਵੀਰਾਂ ਅਤੇ ਇਨ੍ਹਾਂ ਦੇ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਸਾਥੀਆਂ ਸਣੇ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹਾਂ।

ਨਾ ਹੋ ਮਾਹੌਲ ਸੇ ਮਾਯੂਸ ਦੁਨੀਆਂ ਖੁਦ ਬਨਾ ਅਪਨੀ
ਦਿਲੋਂ ਮੇਂ ਹੌਸਲੇ ਔਰ ਹੌਸਲੋਂ ਮੇ ਜਾਨ ਪੈਦਾ ਕਰ।

■■■

13 ਸ਼ਹੀਦ 13 ਜਨਵਰੀ 1989 ਦਾ ਸਾਕਾ

ਜੰਮੂ ਦੇ ਨੌਜਵਾਨਾਂ ਨੂੰ ਬੰਬ ਗੋਲੀਆਂ ਦੇ ਰਾਹ ਪਾ ਗਿਆ

ਇਹ ਗੱਲ ਸੱਚ ਹੈ ਕਿ ਕੌਮਾਂ ਘੱਲੂਘਾਰਿਆਂ, ਕੁਰਬਾਨੀਆਂ ਅਤੇ ਮੁਸ਼ਕਿਲਾਂ 'ਚੋਂ ਲੰਘ ਕੇ ਹੀ ਚੜ੍ਹਦੀ ਕਲਾ ਦੇ ਪਰਚੰਮ ਚੁੰਮਦੀਆਂ ਹਨ। ਇਹ ਵੀ ਕੋਈ ਅਤ ਕਥਨੀ ਨਹੀਂ ਕਿ ਸਿੱਖਾਂ ਨੇ ਹਰ ਦਰਪੇਸ਼ ਖੱਤਰੇ ਨੂੰ ਮੂੰਹ ਤੋੜਵਾਂ ਜਬਾਬ ਦਿੱਤਾ ਹੈ, ਹਮਲਾ ਭਾਵੇਂ ਕਲਮ ਦਾ ਹੋਵੇ ਜਾ ਫਿਰ ਤਲਵਾਰ ਦਾ, ਪਰ ਅਜੋਕਾ ਵਕਤ ਮਨੋਵਿਗਿਆਨਕ ਅਤੇ ਨੀਤੀ-ਨੀਅਤ, ਤਰਕ, ਦਲੀਲ ਅਤੇ ਅਜੋਕੀ ਮਸ਼ੀਨਰੀ (ਇਲੈਕਟ੍ਰਾਨਿਕ) ਸਾਧਨਾਂ ਨਾਲ ਜੰਗ ਲੜਨ ਦਾ ਹੈ, ਜਿਸ ਵਿਚ ਹਥਿਆਰ ਤਾਕਤ ਨਾਲ ਤਾਂ ਬਸ ਅਧਾਰ ਹੀ ਪੈਦਾ ਹੋ ਸਕਦਾ ਹੈ, ਬਾਕੀ ਮਸਲਿਆਂ ਦਾ ਹੱਲ ਤਾਂ ਟੇਬਲ ਤੇ ਕਲਮ-ਦਲੀਲ ਤੇ ਵਿਉਂਤਬੰਦੀ ਨਾਲ ਹੀ ਨਿਕਲ ਸਕਦਾ ਹੈ।

ਇਕ ਵਿਦਵਾਨ ਦਾ ਕਹਿਣਾ ਹੈ, "ਜਦ ਕੌਮਾਂ ਸਰੀਰਿਕ ਤੌਰ 'ਤੇ ਗੁਲਾਮ ਹੋਣ ਤਾਂ ਸ਼ਸ਼ਤਰਧਾਰੀ ਸੰਘਰਸ਼ ਦੀ ਲੋੜ ਹੁੰਦੀ ਹੈ, ਜਦੋਂ ਕੌਮਾਂ ਮਾਨਸਿਕ ਤੌਰ ਤੇ ਗੁਲਾਮ ਹੋਣ ਤਾਂ ਸ਼ਾਸ਼ਤ੍ਰਧਾਰੀ ਜੰਗ ਗਿਆਨ ਖੜਗ ਦੀ ਲੋੜ ਹੁੰਦੀ ਹੈ...।" ਅੱਜ 2009 ਸੱਚ ਹੀ ਸਾਡੀ ਕੌਮ ਦੀ ਅੰਦਰਲੀ ਵੱਡੀ ਗਿਣਤੀ ਮਾਨਸਿਕ ਪੱਧਰ 'ਤੇ ਬ੍ਰਾਹਮਣੀ ਕਰਮ ਕਾਂਡਾਂ ਅਤੇ ਮਨੂੰਵਾਦੀ ਸਿਸਟਮ ਦੀ ਗੁਲਾਮੀ ਨੂੰ ਕਬੂਲ ਕਰ ਚੁੱਕੀ ਹੈ, ਪੰਜਾਬ 'ਚ ਪਾਖੰਡੀ ਸੰਤ ਸਾਧਾਂ ਪਿੱਛੇ ਭੱਜੀ ਫਿਰਦੀ, ਪਰਜਾ ਅੰਧੀ ਗਿਆਨ ਬਿਨ, ਅਠਾਨਵੇਂ ਪ੍ਰਤੀਸ਼ਤ ਸਿੱਖ ਨੌਜਾਵਨ ਪੱਤਤ (ਘੋਨਮੋਨ) ਹੋ ਚੁੱਕਿਆ ਹੈ, ਅਤੇ ਨਸ਼ਿਆਂ ਦੇ ਆਤੰਕ ਦਾ ਸ਼ਿਕਾਰ ਹੈ ਅਤੇ ਕੌਮੀ ਆਗੂ ਚੋਦਰਤਾ ਪਿੱਛੇ ਆਪਣੀ ਤੇ ਆਪਣੇ ਸਿੱਖ ਭਰਾਵਾਂ ਦੀ ਪੱਗ ਉਛਾਲਣ 'ਚ ਢਿੱਲ ਨਹੀਂ ਕਰਦਾ, ਗੁਰਦੁਆਰਿਆਂ ਅੰਦਰ ਗੁਮਮਤਿ-ਗੁਰੂ ਦੀ ਮਤ, ਦੀ ਥਾਂ ਦੁਰਮਤ-ਸੰਤਾਂ-ਸਾਧਾਂ ਦੀ ਮਨਘੜਤ ਕਹਾਣੀਆਂ ਦਾ ਪ੍ਰਚਾਰ ਹੋ ਰਿਹਾ ਹੈ... ਸਾਡਾ ਸੰਸਾਰ 'ਚ ਮੰਨਿਆ ਜਾਂਦਾ ਨਿਆਰਾ ਪਣ ਖਤਮ ਹੁੰਦਾ ਦਿਖਾਈ ਦੇ ਰਿਹਾ ਹੈ, ਇਨ੍ਹਾਂ ਬਿਪਰਨ ਕੀ ਰੀਤਾਂ ਕਾਰਨ ਗੁਰੂ ਕੀ ਪ੍ਰਤੀਤ ਵੀ ਛੁੱਟਦੀ ਜਾ ਰਹੀ ਹੈ ਇਨ੍ਹਾਂ ਕੁਝ ਵਾਪਰਨ ਦੇ ਬਾਵਜੂਦ ਜਿੰਦਾ ਜ਼ਮੀਰ ਸਿੱਖ ਖਾਲਸਾ ਰਾਜ ਲਈ ਸੰਘਰਸ਼ਸ਼ੀਲ ਹੈ। ਆਉ ਗਿਆਨ ਖੜ੍ਹਗ ਦੇ ਸੰਘਰਸ਼ 'ਚ ਉਤਰਨ ਤੋਂ ਪਹਿਲਾਂ ਅਤੀਤ ਨੂੰ ਪੜ੍ਹ ਲਈਏ।

ਗੱਲ ਕਰਨ ਲੱਗੇ ਹਾਂ ਜੰਮੂ ਦੇ ਇਕ ਖ਼ੂਨੀ ਸਾਕੇ ਦੀ, ਜਦੋਂ ਸਿੱਖਾਂ ਨੂੰ ਆਪਣੀ ਧੌਂਸ ਹੇਠਾਂ ਦੱਬ ਕੇ ਰੱਖਣ ਲਈ ਸਿੱਖਾਂ ਦਾ ਕਤਲ-ਏ-ਆਮ ਕੀਤਾ ਗਿਆ ਤੇ ਸਿੱਖ ਨੌਜਵਾਨ ਮਜ਼ਬੂਰੀ ਵੱਸ, ਕਲਮ ਤੇ ਕੰਮਕਾਜ ਛੱਡ ਕੇ ਹਥਿਆਰਾਂ-ਗੋਲੀਆਂ ਦੇ ਰਾਹ ਤੁਰ ਪਏ।

6 ਜਨਵਰੀ 1989, ਜਿਸ ਦਿਨ ਭਾਈ ਸਤਵੰਤ ਸਿੰਘ ਭਾਈ ਕੇਹਰ ਸਿੰਘ ਨੂੰ ਦਿੱਲੀ ਵਿਖੇ ਭਾਰਤੀ ਅਖੌਤੀ ਲੋਕਤੰਤਰ ਨੇ ਫਾਂਸੀ ਉੱਤੇ ਚਾੜ ਕੇ ਸ਼ਹੀਦ ਕਰ ਦਿੱਤਾ, ਤਾਂ ਸਮੁੱਚੇ ਸਿੱਖ ਜਗਤ ਵਿਚ ਇਤਿਹਾਸਕ ਪਿਛੋਕੜ ਵਾਂਗ ਇਕ ਜਜ਼ਬੇ ਦਾ ਉਭਾਰ ਹੋਇਆ, ਬਾਕੀ ਸਿੱਖਾਂ ਵਾਂਗ ਜੰਮੂ-ਕਸ਼ਮੀਰ ਦੇ ਸਿੱਖਾਂ ਵਿਚ ਵੀ ਇਨ੍ਹਾਂ ਸ਼ਹੀਦਾਂ ਪ੍ਰਤੀ ਸਤਿਕਾਰ ਦੀ ਕੋਈ ਚਰਮਸੀਮਾ ਨਾ ਰਹੀ, ਦੂਜੇ ਪਾਸੇ ਮਨੁੱਖਤਾ ਵਿਰੋਧੀ ਫਿਰਕੂ ਪਾਰਟੀਆਂ 'ਸ਼ਿਵ ਸੈਨਾ' ਆਰ.ਐਸ.ਐਸ. ਵਰਗੀਆਂ ਨੂੰ ਇਹ ਬਰਦਾਸ਼ਤ ਕਰਨਾ ਔਖਾ ਹੋ ਗਿਆ। ਜੰਮੂ ਵਿਚ ਇਨ੍ਹਾਂ ਸ਼ਹੀਦਾਂ ਦੇ ਥਾਂ-ਥਾਂ ਸ਼ਹੀਦੀ ਸਮਾਗਮ ਕਰਵਾਏ ਗਏ, ਜੰਮੂ 'ਚ ਨਵੰਬਰ ਕਤਲੇਆਮ ਦਾ ਕੋਈ ਤਾ ਅਸਰ ਨਹੀਂ ਸੀ ਦਿਖਾਈ ਦਿੱਤਾ, ਜਿਸ ਲਈ ਨਵੇਂ ਸਿਰੇ ਤੋਂ ਸਾਜ਼ਿਸ਼ ਘੜੀ ਗਈ ਜਿਸ ਵਿਚ ਨੁਕਸਾਨ ਵੀ ਸਿੱਖਾਂ ਦਾ ਹੋਵੇ ਤੇ ਬਦਨਾਮ ਵੀ ਸਿੱਖ ਹੀ ਹੋਣ। ਇਸ ਲਈ ਦਿਨ ਚੁਣਿਆ ਗਿਆ, 13 ਜਨਵਰੀ 1989 ਜਿਸ ਦਿਨ ਹਰ ਸਾਲ ਦੀ ਤਰ੍ਹਾਂ ਉਸ ਦਿਨ ਵੀ ਦਸਮ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਤੇ ਨਗਰ ਕੀਰਤਨ ਨਿਕਲਣਾ ਸੀ, ਜਿਸ ਵਿਚ ਇਕ ਲੱਖ ਤੋਂ ਵੱਧ ਸਿੱਖ ਸੰਗਤਾਂ ਸ਼ਾਮਿਲ ਹੁੰਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਸਕੂਲੀ ਬੱਚੇ ਹਾਜ਼ਰੀਆਂ ਭਰਦੇ ਹੋਏ ਅੱਗੇ-ਅੱਗੇ ਚਲਦੇ, ਜੈਕਾਰਿਆਂ ਦੀ ਗੂੰਜਾਂ ਪਾਉਂਦੇ ਸਨ।

ਨਗਰ ਕੀਰਤਨ ਹਿੰਦੂ ਅਬਾਦੀ ਵਿਚਲੇ ਤੰਗ ਬਜ਼ਾਰਾਂ, ਗੱਲੀਆਂ ਤੇ ਬਿਲਡਿੰਗਾਂ ਵਿਚੋਂ ਨਿਕਲਦਾ ਗੁ. ਮਹਾਰਾਣੀ ਚਾਂਦ ਕੌਰ ਤੱਕ ਦਾ ਪੈਂਡਾ ਤੈਹ ਕਰਕੇ ਸਮਾਪਤ ਹੁੰਦਾ ਸੀ। ਇਸ ਦਿਨ ਜੰਮੂ ਸ਼ਹਿਰ ਦੇ ਹਿੰਦੂ, ਸਿੱਖ, ਮੁਸਲਿਮ, ਇਸਾਈ ਭਾਈਚਾਰੇ ਦੇ ਦੁਕਾਨਦਾਰਾਂ ਵੱਲੋਂ ਨਗਰ ਕੀਰਤਨ ਲਈ ਥਾਂ-ਥਾਂ ਸੁਆਗਤੀ ਗੇਟ ਤੇ ਸਟਾਲ ਲਗਾਏ ਜਾਂਦੇ ਸਨ, ਪਰ ਉਸ ਦਿਨ ਅਜਿਹਾ ਕੁਝ ਨਜ਼ਰ ਨਹੀਂ ਸੀ ਆ ਰਿਹਾ, ਕਈ ਸੁਆਲ ਖੜੇ ਸਨ ??? ਤੇ ਉਨ੍ਹਾਂ ਸੁਆਲਾਂ ਪਿੱਛੇ ਚੰਦ ਦਹਿਸ਼ਤ ਗਰਦਾਂ ਨੇ ਬਜ਼ਾਰਾਂ ਨਾਲ ਲੱਗਦੀਆਂ ਕੋਠੀਆਂ, ਦੁਕਾਨਾਂ ਦੀ ਛੱਤਾਂ ਉੱਪਰ ਪੱਥਰ ਸਰੀਏ, ਕੱਚ ਦੀਆਂ ਬੋਤਲਾਂ, ਤੇਜਾਬ ਦੀਆਂ ਸ਼ੀਸੀਆਂ, ਉਬਲਦੇ ਪਾਣੀ ਦੇ ਡਰੱਮ, ਲਾਲ ਪੀਸੀ ਹੋਈ ਮਿਰਚਾਂ ਦੀ ਗੁੱਥੀਆਂ ਆਦਿ ਸਮਾਨ ਸਰਕਾਰ ਅਤੇ ਪੁਲਿਸ ਮਸ਼ੀਨਰੀ ਦੀ ਮਦਦ ਨਾਲ ਇਕੱਠਾ ਕੀਤਾ ਹੋਇਆ ਸੀ, ਜਿਸ ਦੀ ਸਿੱਖਾਂ ਨੂੰ ਉਸ ਵੇਲੇ ਖ਼ਬਰ ਹੋਈ। ਜਦ ਸਾਰੇ ਰਸਤੇ ਬੰਦ ਹੋ ਗਏ ...। ਹਲਾਤ ਬਿਗੜਨ ਦਾ ਆਭਾਸ ਤਾਂ ਨੌਜਵਾਨਾਂ ਨੂੰ ਹੋ ਚੁੱਕਾ ਸੀ, ਸ਼ਿਵ ਸੈਨਾ ਤੇ ਹੋਰ ਫਿਰਕੂ ਪਾਰਟੀਆਂ ਨਾਲ ਗੱਲਬਾਤ ਵੀ ਕੀਤੀ ਗਈ ਤੇ ਉਨ੍ਹਾਂ ਨੇ ਮੰਗ ਕੀਤੀ ਕਿ ਇੰਦਰਾਂਗਾਂਧੀ ਦੇ ਕਾਤਲਾਂ ਦੇ ਪੋਸਟਰ ਬੈਨਰ ਨਾ ਲਾਏ ਜਾਣ ਜੋ ਉਸੇ ਵਕਤ ਨੌਜਵਾਨਾਂ ਤੋਂ ਲੈ ਕੇ ਉਤਾਰ ਦਿੱਤੇ ਗਏ, ਫਿਰ ਵੀ ਹਮਲਾ ਤਾਂ ਹੋਣਾ ਹੀ ਸੀ, ਕਿਉਂਕਿ ਹਾਈ ਕਮਾਨ ਦਾ ਹੁਕਮ ਸੀ, ਜਿਵੇਂ ਕਿ ਇੰਦਰਾਂਗਾਂਧੀ ਦਾ ਕਤਲ ਹੁੰਦਾ ਜਾਂ ਨਾ ਹੁੰਦਾ, ਸਿੱਖਾਂ ਦਾ ਕਤਲ-ਏ-ਆਮ ਤਾਂ ਹੋਣਾ ਹੀ ਸੀ, ਬੱਸ ਇਕ ਮੌਕੇ ਦੀ ਭਾਲ ਤੇ ਕਾਰਨ ਪੈਦਾ ਕਰਨਾ ਸੀ, ਉਸੇ ਤਰ੍ਹਾਂ ਜੰਮੂ 'ਚ ਹੋਇਆ। ਮਿੱਥੀ ਹੋਈ ਯੋਜਨਾ ਅਨੁਸਾਰ ਸੰਗਤਾਂ ਉੱਤੇ ਫਿਰਕੂਆਂ

ਵੱਲੋਂ ਕੋਠਿਆਂ ਉੱਤੋਂ ਇੱਟਾਂ, ਪੱਥਰਾਂ, ਗਰਮ ਪਾਣੀ ਤੇ ਕਈ ਥਾਵਾਂ 'ਤੇ ਤੇਜ਼ਾਬ ਦੀਆਂ ਸ਼ੀਸ਼ੀਆਂ ਨਾਲ ਹਮਲਾ ਕਰ ਦਿੱਤਾ ਗਿਆ, ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਸੰਗਤ ਇਸ ਸਾਰੇ ਵਰਤਾਰੇ ਤੋਂ ਅਨਜਾਣ ਸੀ, ਸਭ ਤੋਂ ਪਹਿਲਾਂ ਹਮਲਾ ਸਕੂਲਾਂ ਦੇ ਨਿੱਕੇ-ਨਿੱਕੇ ਬੱਚਿਆਂ ਨੂੰ ਝਲਨਾ ਪਿਆ, ਸਾਰੇ ਪਾਸੇ ਹੜਕਮ ਮੱਚ ਗਿਆ, ਇਸ ਸਾਰੇ ਫਿਰਕੂ-ਫਸਾਦ ਦੀ ਕਮਾਨ ਸ਼ਿਵ ਸੈਨਾ ਦਾ ਅਸ਼ੋਕ ਗੁਪਤਾ ਅਤੇ ਆਰ.ਐਸ.ਐਸ. ਦਾ ਚਮਨ ਲਾਲ ਗੁੱਪਤਾ ਕਰ ਰਹੇ ਸਨ, ਜਿਨ੍ਹਾਂ ਨਾਲ ਸ਼ਹਿਰ ਦੇ ਆਮ ਨਾਗਰਿਕਾਂ ਤੋਂ ਇਸ ਘਿਣੌਨੇ ਕੰਮ ਕਰਨ ਵਿਚ ਸਿਹਯੋਗ ਮੰਗਿਆ, ਪਰ ਕਿਸੇ ਨੇ ਵੀ ਇਨ੍ਹਾਂ ਨੂੰ ਸਹਿਯੋਗ ਨਾ ਦਿੱਤਾ ਕਈ ਥਾਵਾਂ ਤੇ ਕੁਝ ਔਰਤਾਂ ਨੂੰ ਵੀ ਕੋਠਿਆਂ ਤੋਂ ਪੱਥਰ-ਇੱਟਾਂ ਮਾਰਦੇ ਦੇਖਿਆ ਗਿਆ, ਜੰਮੂ ਸ਼ਹਿਰ 'ਚੋਂ ਫਿਰਕੂਆਂ ਨੂੰ ਕੋਈ ਵੱਡਾ ਸਮਰਥਨ ਨਾ ਮਿਲਨ ਕਰਕੇ, ਇਨ੍ਹਾਂ ਨੇ ਨਵਾਂ ਪੈਂਤੜਾ-ਖੇਡਿਆਂ ਤੇ ਝੂਠਾ ਰੋਲਾ ਪੁਆ ਦਿੱਤਾ ਗਿਆ : "ਸਿੱਖਾਂ ਨੇ ਸ਼ਹਿਰ 'ਚ ਹਮਲਾ ਕਰ ਦਿੱਤਾ ਹੈ, ਵੈਸ਼ਨੂੰ ਦੇਵੀ ਮੰਦਰ ਉਡਾਉਣ ਦੀ ਕੋਸ਼ਿਸ਼ ਕੀਤੀ ਗਈ, ਹਿੰਦੂਆਂ ਵਿਰੁੱਧ ਨਾਰੇ ਲਾਏ ਜਾ ਰਹੇ ਹਨ, ਕਈ ਹਿੰਦੂ ਮਾਰ ਦਿੱਤੇ ਗਏ, ਸਭ ਝੂਠਾ ਪ੍ਰਚਾਰ ਸੀ। ਇਸੇ ਤਰ੍ਹਾਂ 1984 ਨਵੰਬਰ 'ਚ ਵੀ ਕੀਤਾ ਗਿਆ ਸੀ, ਝੂਠੀਆਂ ਅਫ਼ਵਾਹਾਂ ਫੈਲਾ ਕੇ ਹਿੰਦੂਆਂ ਨੂੰ ਭੜਕਾਇਆ ਗਿਆ ਸੀ, ਜੋ ਦੰਗੇ ਫਸਾਦ ਹੋਣ ਤੇ ਇਹ ਹਿੰਦੂ ਰਾਸ਼ਟਰਵਾਦੀ, ਲੁੱਟਮਾਰ ਤੇ ਆਮ ਬੇਗੁਨਾਹ ਲੋਕਾਂ ਨਾਲ ਬਲਾਤਾਕਰ ਕਤਲ ... ਵਗੈਰਾ ਕਰ ਸਕਣ, ਉਸ ਵੇਲੇ 84 'ਚ ਅਫ਼ਵਾਹਾਂ ਸਨ। "ਸਿੱਖਾਂ ਨੇ ਇਕੱਠਿਆਂ ਹੋ ਕੇ ਹਿੰਦੂਆਂ ਉੱਤੇ ਹਮਲੇ ਬੋਲ ਦਿੱਤੇ ਹਨ, "ਚੰਦਰਾਵਲ ਜਲ ਭੰਡਾਰ' ਜਿੱਥੋਂ ਦਿੱਲੀ ਨੂੰ ਪਾਣੀ ਸਪਲਾਈ ਕੀਤਾ ਜਾਂਦਾ ਹੈ, 'ਚ ਜਹਿਰ ਘੋਲ ਦਿੱਤਾ ਹੈ, ਪੰਜਾਬ 'ਚੋਂ ਆ ਰਹੀਆਂ ਟ੍ਰੇਨਾਂ (ਰੇਲ ਗੱਡੀਆਂ) ਹਿੰਦੂਆਂ ਦੀ ਲਾਸ਼ਾ ਨਾਲ ਭਰੀਆਂ ਪਈਆਂ ਹਨ, (ਸਭ ਝੂਠ ਸੀ) ਟੀ.ਵੀ. ਚੈਨਲ ਦੂਰਦਰਸ਼ਨ ਮੁੜ-ਮੁੜ "ਸਰਦਾਰ ਕੌਮ ਦੇਸ਼ ਕੇ ਗਦਾਰ, ਖ਼ੂਨ ਕਾ ਬਦਲਾ ਖ਼ੂਨ ਸੇ ... .ਵਿਖਾ-ਵਿਖਾ ਕੇ ਆਪਣੇ ਫਿਰਕੂ ਹੋਣ ਦਾ ਸਬੂਤ ਦੇ ਰਿਹਾ ਸੀ।

ਕੁੱਝ ਮੁਸਲਮਾਨਾਂ ਨੂੰ ਵੀ ਗੁੰਡਾ ਅਨਸਰਾਂ ਨੇ ਇਨ੍ਹਾਂ ਨਾਅਰਿਆਂ ਨਾਲ ਆਪਣੇ ਨਾਲ ਜੋੜ ਲਿਆ ਸੀ। "ਹਿੰਦੂ ਭਾਈ, ਮੁਸਲਿਮ ਭਾਈ, ਸਰਦਾਰੋਂ ਕੀ ਕਰੋ ਸਫ਼ਾਈ ... ਸਰਦਾਰੋਂ ਕੋ ....। ਇਨ੍ਹਾਂ ਮਨੂੰਵਾਦੀਆਂ ਨੇ ਸਿੱਖਾਂ ਵਾਂਗ ਜਦ 1992 'ਚ ਮੁੰਬਈ ਤੇ ਹੁਣ ਕੁਝ ਸਮਾਂ ਪਹਿਲਾਂ ਗੁਜਰਾਤ 'ਚ ਮੁਸਲਮਾਨਾਂ ਨਾਲ ਵੀ ਏਹੀ ਕੁਝ ਕੀਤਾ ਤੇ ਈਸਾਈਆਂ ਨਾਲ ਵੀ ਤਾਂ ਮੁਸਲਮਾਨਾਂ ਨੂੰ ਆਪਣਾ ਕੀਤਾ ਹੋਇਆ ਗੁਨਾਹ ਤੇ ਅੱਲ੍ਹਾ ਯਾਦ ਆਇਆ, ਅੱਲ੍ਹਾ ਸਾਰਿਆਂ ਨੂੰ ਅਕਲ ਬਖਸ਼ੇ। ਇਹ ਸਾਰਾ ਕੁਝ ਦੱਸਣ ਦਾ ਮਤਲੱਬ ਹੈ ਕਿ, ਅੱਗੋਂ ਤੋਂ ਲੋਕ ਇਨ੍ਹਾਂ ਕਾਤਲਾਂ-ਲੁਟੇਰਿਆਂ ਆਤੰਕਵਾਦੀਆਂ ਤੋਂ ਸੁਚੇਤ ਹੋ ਸਕਣ।

ਜੰਮੂ ਸ਼ਹਿਰ ਵਿਚ ਹਫੜਾ ਦਫੜੀ ਦਾ ਮਾਹੌਲ ਪੈਦਾ ਹੋ ਗਿਆ, ਬੱਚੇ-ਬਜ਼ੁਰਗ-ਭੈਣਾਂ ਇਕ-ਦੂਜੇ ਤੋਂ ਵਿਛੜ ਗਏ, ਕੁਝ ਫੈਡਰੇਸ਼ਨ ਦੇ ਵੀਰਾਂ ਦੀ ਅਗਵਾਈ ਹੇਠਾਂ ਸਾਰਿਆਂ ਨੂੰ ਬਚਾਉਣ ਵਿਚ ਸਫ਼ਲ ਰਹੇ, ਅਕਾਲ ਪੁਰਖ ਨੇ ਇਨ੍ਹਾਂ ਨੌਜਵਾਨ ਸਿੰਘਾਂ ਤੇ

ਕ੍ਰਿਪਾ ਕੀਤੀ, ਤੇ ਇਹ ਜੁਮੇਵਾਰੀ ਨਿਭਾਅ ਸਕੇ। ਪਰ ਆਪਣੇ ਕੰਮਾਂ ਕਾਜਾਂ ਤੋਂ ਘਰੇ ਪਰਤ ਰਹੇ ਕੁਝ ਸਿੱਖ ਬੱਚੇ, ਬੀਬੀਆਂ, ਬਜ਼ੁਰਗ ਤੇ ਨੌਜਵਾਨ ਇਨ੍ਹਾਂ ਫਿਰਕੂਆਂ ਦਾ ਸ਼ਿਕਾਰ ਹੋ ਗਏ। ਸ਼ਹਿਰ ਵਿਚਲੇ ਸਿੱਖਾਂ ਦੇ ਵੱਡੇ ਸ਼ੋ ਰੂਮ, ਦੁਕਾਨਾਂ, ਆਦਿ ਨੂੰ ਲੁੱਟ ਲਿਆ ਗਿਆ, ਜਾ ਸਾੜ ਦਿੱਤਾ ਗਿਆ, ਅਤੇ ਇਹ ਸਾਰਾ ਕੁਝ ਪੁਲਿਸ ਦੀਆਂ ਅੱਖਾਂ ਸਾਹਮਣੇ ਕੀਤਾ ਗਿਆ। 13 ਸ਼ਹੀਦ 13 ਜਨਵਰੀ 1989, ਜੰਮੂ। 1. ਗੁਰਦੀਪ ਸਿੰਘ (ਪੁਲਿਸ ਗੋਲੀ ਨਾਲ)। 2. ਮਹਿੰਦਰ ਸਿੰਘ। 3. ਜਸਵੀਰ ਸਿੰਘ। 4. ਸਰਬਜੀਤ ਸਿੰਘ। 5. ਜਸਵੀਰ ਸਿੰਘ, 6. ਪਰਮਿੰਦਰ ਸਿੰਘ। 7. ਨਰਦੇਵ ਸਿੰਘ। 8. ਬਲਕਾਰ ਸਿੰਘ। 9. ਗੁਰਨਾਮ ਸਿੰਘ। 10. ਜਸਵੀਰ ਸਿੰਘ। 11. ਹੀਰਾ ਸਿੰਘ। 12. ਕ੍ਰਿਪਾਲ ਸਿੰਘ। 13. ਬੀਬੀ ਈਸ਼ਰ ਕੌਰ, 14. ਬੀਬੀ ਆਗਿਆ ਕੌਰ।

ਕਈ ਥਾਵਾਂ 'ਤੇ ਪੰਜ ਤੀਰਥੀ ਗੁ. ਗੁਰੂ ਨਾਨਕ ਦੇਵ ਜੀ ਪੰਚਾਇਤੀ, ਗੁ. ਬਾਬਾ ਚੰਦਾ ਸਿੰਘ ਜੀ, ਆਦਿ ਗੁਰਦੁਆਰਿਆਂ 'ਚ ਪਾਠ ਕਰ ਰਹੇ ਪਾਠੀਆਂ ਨੂੰ ਤਾਬਿਆ ਤੇ ਬੈਠਿਆਂ ਹੀ ਮਾਰ ਕੁਟਾਈ ਕੀਤੀ ਗਈ, ਗ੍ਰੰਥੀ ਸਿੰਘਾਂ ਦੀ ਜਾਇਦਾਦ ਲੁੱਟਣ ਤੋਂ ਬਾਅਦ ਗੁਰਦੁਆਰਾ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਸਾੜ ਦਿੱਤਾ ਗਿਆ। ਗੁਰਦੁਆਰਾ ਚਾਂਦ ਨਗਰ (ਯਾਦਗਾਰ ਗੁਰੂ ਨਾਨਕ ਦੇਵ ਜੀ ਰਾਣੀ ਚਾਂਦ ਕੌਰ) ਜੰਮੂ ਗੁ. ਸ਼ਾਲਾਮਾਰ ਗੁ. ਰਘੂਨਾਥ ਬਜ਼ਾਰ, ਲੱਖਦਾਤਾ ਬਜ਼ਾਰ ਆਦਿ ਉੱਤੇ ਹਮਲੇ ਕਰਕੇ ਸਾੜਨ ਦਾ ਯਤਨ ਕੀਤਾ ਗਿਆ, ਇਸ ਦੌਰਾਨ ਸਾਡਾ (ਲੇਖਕ ਦਾ) ਪਰਿਵਾਰ ਮਾਤਾ-ਪਿਤਾ ਭਰਾ, ਸਭ ਉਥੇ ਮੌਜੂਦ ਸਨ, ਸਾਡੇ ਪਿਤਾ ਜੀ ਸ੍ਰ. ਹਰਦਿੱਤ ਸਿੰਘ ਤੇ ਗਿਆਨੀ ਦਵਿੰਦਰ ਸਿੰਘ ਨੇ ਕਰੰਟ ਵਾਲੀ ਤਾਰਾਂ ਗੁਰਦੁਆਰੇ ਦੀ ਡਿਊੜੀ ਦੇ ਚਾਰੋਂ ਪਾਸੇ ਵਿਛਾਅ ਕੇ ਕਰੰਟ ਛੱਡ ਦਿੱਤਾ ਅਤੇ ਕਿਰਪਾਨਾਂ ਨਾਲ ਪਹਿਰਾ ਦੇ ਕੇ ਆਤੰਕਵਾਦੀਆਂ ਦੀ ਭੀੜ ਨੂੰ ਭਾਜੜਾਂ ਪਾਈਆਂ ਅਤੇ ਗ. ਸ਼ਾਲੀਮਰ ਜੰਮੂ ਨੂੰ ਸੜਨ ਤੋਂ ਬਚਾਇਆ। ਲੱਖਾਂ ਨਜ਼ਰਾਂ ਸਾਹਮਣੇ ਅੱਤਵਾਦ ਦਾ ਇਹ ਖੇਲ ਖੇਲਿਆ ਗਿਆ, ਪਰ ਇਕ ਬਲਰਾਜ ਪੁਰੀ ਤੋਂ ਇਲਾਵਾ ਕਿਸੇ ਵੀ ਹਿੰਦੂ ਵੀਰ ਦੀ ਜ਼ਮੀਰ ਨਾ ਜਾਗੀ, ਕਿਸੇ ਨੇ ਆਹ ਦਾ ਨਾਰਾ ਨਾ ਦਿੱਤਾ, ਨਾ ਉਫ ਕੀਤੀ, ਹਾਂ ਕੁਝ ਹਿੰਦੂ-ਮੁਸਲਿਮ ਵੀਰਾਂ ਨੇ ਆਪਣੇ ਘਰਾਂ 'ਚ ਪਨਾਹ ਦੇ ਕੇ ਕੁਝ ਸਿਖ ਜਾਨਾਂ ਜ਼ਰੂਰ ਬਚਾਈਆਂ ਸਨ, ਗਰਮ ਨਾਰੇ ਤੇ ਜੈਕਾਰੇ ਲਾਉਣ ਵਾਲੇ ਅਖੌਤੀ ਸਿਖ ਸਾਰਿਆਂ ਤੋਂ ਪਹਿਲਾਂ ਭੱਜੇ ਤੇ ਅੱਜ ਤੱਕ ਉਨ੍ਹਾਂ ਮੁੜ ਕੇ ਪੰਥਕ ਸੱਥਾਂ ਵੱਲ ਮੂੰਹ ਨਹੀਂ ਕੀਤਾ, ਅਕਾਲੀ ਦਲ ਨੇ ਤਾਂ ਸਿੱਖ ਨੌਜਵਾਨਾਂ ਨੂੰ ਹੀ ਦੋਸ਼ੀ ਮੰਨਦਿਆਂ ਆਪਣੀ, ਜ਼ੁੰਮੇਵਾਰੀ ਆਪਣੇ ਫਰਜ਼ ਤੋਂ ਪੱਲਾ ਝਾੜ ਲਿਆ, ਉਸ ਵੇਲੇ ਦੇ ਮੁੱਖ ਮੰਤਰੀ ਡਾ. ਫਰੂਕ ਅੱਬਦੁਲਾ ਨੇ ਸਿੱਖ ਵਫੱਦ ਨੂੰ ਜਵਾਬ ਦਿੱਤਾ "ਇਨਕੁਆਰੀ ਔਰ ਇੰਨਸਾਫ ਕੈਸਾ ਹੋਤਾ ਹੈ, ਸਭ ਕੋ ਪਤਾ ਹੈ ... ਬਾਕੀ ਮੈਨੇ ਆਪ ਕੇ ਹਾਥ ਤੋ ਬਾਂਧੇ ਨਹੀਂ ਥੇ।"

ਮਤਲਬ ਹਰ ਸਮਝਦਾਰ ਬੰਦੇ ਨੂੰ ਸਮਝ ਆ ਗਿਆ ਸੀ, ਇਨਸਾਫ ਲਈ ਵੀ ਭਾਈ ਅਵਤਾਰ ਸਿੰਘ ਖਾਲਸਾ (ਸ਼ਹੀਦ) ਫੈਡਰੇਸ਼ਨ ਆਗੂ ਹੀ ਅੱਗੇ ਆਏ ਤੇ ਸਾਰੇ ਕੇਸਾਂ ਦੀ

ਫਾਈਲ ਆਪ ਤਿਆਰ ਕਰਕੇ ਕੇਸ ਲੜਨਾ ਆਰੰਭ ਕੀਤਾ, ਪਰ ਕੁਦਰਤ ਨੂੰ ਇਹ ਮੰਜ਼ੂਰ ਨਹੀਂ ਸੀ, ਭਾਈ ਸਾਹਿਬ ਸ਼ਹੀਦ ਹੋ ਗਏ, ਜਿਨ੍ਹਾਂ ਤੋਂ ਬਾਅਦ ਸ. ਰਾਜਿੰਦਰ ਸਿੰਘ (ਕਾਂਗਰਸੀ) ਨੇ ਕੁਝ ਦੇਰ ਧਰਨੇ ਦਿੱਤੇ ਪਰ ਹਾਸਿਲ ਕੁਝ ਨਹੀਂ ਹੋਇਆ, ਕਾਤਲ ਅੱਜ ਤੱਕ ਅਜ਼ਾਦ ਹਨ। ਪਰ ਇਸ ਕਤਲ ਕਾਂਡ, ਵਿਰੁੱਧ ਜਦੋਂ ਸਿੱਖਾਂ ਨੇ ਰੋਸ ਮਾਰਚ ਕੱਢਿਆ ਤਾਂ ਪੁਲਿਸ ਨੇ ਗੋਲੀ ਚਲਾ ਕੇ ਇਕ ਨੌਜਵਾਨ ਸ. ਗੁਰਦੀਪ ਸਿੰਘ ਨੂੰ ਕਤਲ (ਸ਼ਹੀਦ) ਕਰ ਦਿੱਤਾ। ਇਸ ਸਾਰੇ ਔਰੰਗਜ਼ੇਬੀ ਹਿੱਟਲਰੀ ਵਰਤਾਰੇ ਦੇ ਪ੍ਰਤੀਕਰਮ ਵਜੋਂ **"ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ੱਸ਼ਤ ॥ ਹਲਾਲ ਅਸਤ ਬੁਰਦਨ ਬ. ਸ਼ਮਸ਼ੀਰ-ਇ-ਦਸਤ ॥" ਦਸ਼ਮੇਸ਼ ਪਾਤਸ਼ਾਹ ਦੇ ਇਸ ਹੁਕਮ ਨੂੰ ਅਮਲ ਵਿਚ ਲਿਆਉਂਦਿਆਂ ਜੰਮੂ ਦੇ ਸਿੱਖ ਗੱਭਰੂ** "ਖਾਲਿਸਤਾਨ ਜਿੰਦਾਬਾਦ ਫੋਰਸ" ਦਾ ਨਾਹਰਾ ਲਾ ਕੇ ਹੱਥਾਂ ਵਿਚ ਬੰਬ-ਗੋਲੀਆਂ ਤੇ ਅਸੱਲਟਾਂ ਲੈ ਦੋਸ਼ੀਆਂ ਦੀ ਭਾਲ 'ਚ ਨਿਕਲ ਪਏ। ਜੰਮੂ ਸ਼ਹਿਰ ਲਹੂ ਨਾਲ ਲੱਥ-ਪੱਥ ਹੋਣ ਲੱਗਿਆ, ਧਮਾਕਿਆਂ ਦੀ ਗੂੰਜ ਸਰਕਾਰ ਦੇ ਬੋਲੇ ਕੰਨਾਂ ਨਾਲ ਜਾ ਟੱਕਰਾਈ, ਸੂਰਜ ਢੱਲਦਿਆਂ ਹੀ ਇਕ ਪਾਸੇ ਪੁਲਿਸ ਦੀ ਗੱਡੀਆਂ ਤੇ ਦੂਜੇ ਪਾਸੇ ਮੋਟਰਸਾਈਕਲਾਂ ਤੇ ਸਵਾਰ ਹੱਥਾਂ ਵਿਚ AK 47 ਰਾਈਫਲਾਂ ਲੈ ਜੰਗਜੂ ਸਿੱਖ ਨੌਜਵਾਨ ਨਿਕਲ ਪੈਂਦੇ "ਜਬ ਸੇ ਸੁਨਾ ਹੈ ਮੌਤ ਮੈਂ ਜ਼ਿੰਦਗੀ ਕਫਨ ਬਾਂਧ ਸਿਰ ਪੇ ਕਾਤਲੋਂ ਕੋ ਢੂੰਢਤੇ ਹੈ"। ਇਨ੍ਹਾਂ ਕੌਮੀਂ ਸੂਰਮਿਆਂ ਨੂੰ, ਭਾਰਤੀ ਸਰਕਾਰ ਜਿੰਦਾਬਾਦ ਫੋਰਸ ਦੇ ਅੱਤਵਾਦੀ ਕਹਿਣ ਲੱਗੀ ਪਰ 1984 ਤੱਕ ਸਿੱਖਾਂ ਦੇ ਹੋਏ ਕਤਲਾਂ-ਬਲਾਤਕਾਰਾਂ ਦੇ ਦੋਸ਼ੀਆਂ (ਆਤੰਕਵਾਦੀਆਂ) ਨੂੰ ਸਜ਼ਾ ਦੇਣਾ ਤਾਂ ਦੂਰ ਕਿਸੇ ਦੀ ਸ਼ਨਾਖਤ ਤੱਕ ਨਾ ਕੀਤੀ ਗਈ, ਕਈ ਸਰਕਾਰਾਂ ਆਈਆਂ, ਕਈ ਕਮੀਸ਼ਨ ਬਿਠਾਏ ਗਏ, ਕਈ ਠੱਪ ਹੋਏ, ਪਰ ਕਿਸੇ ਦੀ ਵੀ ਰਿਪੋਰਟ ਸਾਹਮਣੇ ਨਾ ਲਿਆਂਦੀ ਗਈ। ਇਹ ਸੱਚ ਹੈ ਕਿ ਇਸ ਤੋਂ ਪਹਿਲਾਂ ਜੰਮੂ ਕਸ਼ਮੀਰ ਦੇ ਸਿੱਖ ਪੰਜਾਬੀ ਸੂਬਾ ਮੋਰਚਾ ਤੋਂ ਖਾੜਕੂ ਲਹਿਰ ਤੱਕ ਦੇਸ਼ ਪੰਜਾਬ ਲਈ ਹਰ ਪ੍ਰਕਾਰ ਦੀ ਮਦਦ ਕਰਦੇ ਆ ਰਹੇ ਸਨ, ਪਰ ਜੰਮੂ ਵਿਚ ਕੋਈ ਖਾੜਕੂ ਐਕਸ਼ਨ ਨਹੀਂ ਸੀ ਕੀਤਾ। ਇਸ ਲਈ ਸਰਕਾਰ ਸਿੱਖਾਂ ਨੂੰ ਅੱਤਵਾਦੀ ਕਹਿਣ ਦੀ ਬਜਾਏ ਆਪਣੇ ਭ੍ਰਿਸ਼ਟ ਸਿਸਟਮ ਤੇ ਪੱਖਪਾਤੀ ਫੈਸਲਿਆਂ ਵਿਚ ਸੁਧਾਰ ਲਿਆਵੇ, ਤਾਂ ਹੀ ਕੋਈ ਮਸਲਾ ਹੱਲ ਹੋ ਸਕਦਾ ਹੈ। ਇੱਥੇ ਹੀ ਅਸੀਂ ਉਸ ਅੱਤਵਾਦੀ ਹਮਲੇ ਦੀ ਵੀ ਨਿੰਦਾ ਕਰਦੇ ਹਾਂ ਜੋ 1995 'ਚ ਪਾਕਿਸਤਾਨੀ ਮਿਲੀਟੈਂਟਾਂ ਵੱਲੋਂ 26 ਜਨਵਰੀ ਦੇ ਪ੍ਰੋਗਰਾਮ ਅਜ਼ਾਦੀ ਦੇ ਜਸ਼ਨਾਂ 'ਚ ਕੀਤਾ ਗਿਆ ਸੀ, ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਸਨ, ਅਸੀਂ ਹਿੰਦੂ ਫਿਰਕੂ ਸ਼ਿਵ ਸੈਨਾ ਵਾਂਗ ਇਕੱਲੇ ਦੁਸ਼ਮਣ ਘੱਟ ਗਿਣਤੀਆਂ ਨੂੰ ਹੀ ਅੱਤਵਾਦੀ ਨਹੀਂ ਕਹਿੰਦੇ ਜੋ ਵੀ ਬੇਕਸੂਰ ਲੋਕਾਂ ਤੇ ਐਸੇ ਅੱਤਵਾਦੀ ਹਮਲੇ ਕਰੇਗਾ, ਉਹ ਅੱਤਵਾਦੀ ਹੀ ਗਿਣਿਆ ਜਾਵੇਗਾ, ਹੱਕਾਂ ਲਈ ਲੜਨ ਵਾਲਾ ਨਹੀਂ।

ਹੁਣ ਸਰਕਾਰ ਦੀ ਮਰਜ਼ੀ ਹੈ ਕਿ ਉਹ ਸਿੱਖ ਨੌਜਵਾਨਾਂ ਨੂੰ ਵਿਚਾਰਧਾਰਕ ਪੱਧਰ 'ਤੇ ਵਿਚਰਦੇ ਦੇਖਣਾ ਚਾਹੁੰਦੀ ਹੈ, ਜਾਂ ਫਿਰ ਉਨ੍ਹਾਂ ਨੂੰ ਇਨਸਾਫ ਨਾ ਦੇ ਕੇ, ਬੰਬ ਗੋਲੀਆਂ ਦੇ

ਰਾਹ ਪਾਉਣਾ ਚਾਹੁੰਦੀ ਹੈ ? ਬਾਕੀ ਰਹੀ ਗੱਲ ਹਕੂਮਤਾਂ ਦੇ ਵਿਸ਼ਾਲ ਤਾਕਤਵਾਰ ਹੋਣ ਦੀ ਤਾਂ ਸਰਕਾਰਾਂ ਤੇ ਫੋਰਸਿਸ ਨੇ ਆਪਣੇ ਜ਼ੋਰ ਦੀ ਅਜਮਾਇਸ਼ ਤਾਂ ਕਰ ਕੇ ਵੇਖ ਹੀ ਲਈ ਹੈ, "ਸਰਬਤ ਦਾ ਭਲਾ" ਮੰਗਣ ਵਾਲੇ ਸਿੱਖ ਨੌਜਵਾਨ ਜੋ ਬਾਕੀ ਸਾਰੇ ਰਾਹ ਬੰਦ ਹੋ ਜਾਣ ਤੇ ਧਰਮ ਤੇ ਹੱਕ ਖਾਤਰ ਬਾਗੀ ਜੁਝਾਰੂ ਬਣ ਗਏ ਸਨ, ਉਨ੍ਹਾਂ ਨਾਲ ਗਲ ਕਰਨ ਦੀ ਬਜਾਏ ਸਰਕਾਰ ਵੱਲੋਂ ਉਨ੍ਹਾਂ ਨੂੰ ਸਖਤੀ ਨਾਲ ਮੁਕਾਉਣ ਦਾ ਰਾਹ ਚੁਣਿਆ ਗਿਆ, ਜੋ ਗਲਤ ਸਾਬਤ ਹੋਇਆ, ਇਕ ਨੌਜਵਾਨ ਦਾ ਖ਼ੂਨ ਡੁੱਲਣ ਨਾਲ ਅਨੇਕਾਂ ਹੋਰ, ਨੌਜਵਾਨ ਉਸ ਦਾ ਮਿਸ਼ਨ ਪੂਰਾ ਕਰਨ ਲਈ ਨਿਕਲ ਪੈਂਦੇ, ਕਾਫਲਾ ਦਰ ਕਾਫਲਾ ਬਣਦਾ ਗਿਆ, ਅਤੇ ਬੰਨ ਰਿਹਾ ਹੈ, ਸਰਕਾਰ ਤੱਕ ਸਾਡੀ ਅਵਾਜ ਪੁੱਜਦੀ ਹੈ, ਤਾਂ ਉਹ ਸਿੱਖ ਇਤਿਹਾਸ ਤੇ ਸਿਖ ਫੱਲਸਫੇ ਨੂੰ ਸਮਝਣ ਤੇ ਜ਼ੋਰ ਦੇਵੇ ਸਖਤੀ ਨਾਲ ਸਿੱਖਾਂ ਉੱਤੇ ਕੋਈ ਅਸਰ ਨਹੀਂ ਜੋ ਹੋਣਾ (ਸਰਕਾਰ) ਆਪਣਾ ਵਕਤ ਅਸਲਾ ਤੇ ਫੋਰਸਿਸ ਬਰਬਾਦ ਨਾ ਕਰੇ ਅਤੇ ਨਫ਼ਰਤ ਦੀ ਵੱਗ ਰਹੀ ਹਵਾਂ ਨੂੰ ਕਾਬੂ 'ਚ ਕਰਨ ਲਈ ਹਿੰਦੂ ਫਿਰਕੂ ਪਾਰਟੀਆਂ ਨੂੰ, ਜੋ ਹਿੰਦੂ ਰਾਸ਼ਟਰ ਦੇ ਨਾ ਹੇਠਾਂ ਘੱਟ ਗਿਣਤੀਆਂ ਤੇ ਜ਼ੁਲਮ ਕਰ ਰਹੀਆਂ ਹਨ, ਨਕੇਲ ਪਾਵੇ, ਇਹ ਨਾ ਹੋਵੇ, ਇਨ੍ਹਾਂ ਪਾਰਟੀਆਂ ਵੱਲੋਂ ਫੈਲਾਏ ਜਾ ਰਹੇ ਆਤੰਕੀ ਪ੍ਰਚਾਰ 'ਚ ਸਾਰਾ ਭਾਰਤ ਹੀ ਬਰਬਾਦ ਹੋ ਜਾਵੇ। ਰਹੀ ਗੱਲ ਸਿੱਖ ਕੌਮ ਦੇ ਨੌਜਵਾਨਾਂ ਦੀ, ਉਨ੍ਹਾਂ ਨੂੰ ਤਾਂ ਦਸਮ ਪਾਤਸ਼ਾਹ ਨੇ ਤਿਆਰ ਹੀ ਇਸ ਲਈ ਕੀਤਾ ਹੈ, "ਅਸੁਰ ਸੰਘਾਰਬੇ ਕੋ, ਦੁਰਜਨਿ ਕੇ ਮਾਰਬੇ ਕੋ, ਖਾਲਸਾ ਬਨਾਇਓ ਹੈ॥" ਇਹ ਗੱਲ ਵੱਖਰੀ ਹੈ, ਕਦੀ ਤਲਵਾਰ ਦੀ, ਕਦੀ ਕਲਮ ਦੀ, ਫੇਰ ਬਦਲ ਚੱਲਦੀ ਰਹਿੰਦੀ ਹੈ।

ਹਲਾਤ ਮਰਨ ਜਿਊਣ ਦੇ ਢੰਗ ਸਿਖਾ ਦੇਂਦੇ ਨੇ,
ਕਲਮ ਖੋਹ ਕੇ ਹੱਥਾਂ 'ਚ ਹਥਿਆਰ ਫੜਾ ਦਿੰਦੇ ਨੇ।

■■■

ਸ਼ਹੀਦ ਭਾਈ ਅਵਤਾਰ ਸਿੰਘ ਖਾਲਸਾ (L.L.B, D.B.M.)

ਵੀਹਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਵਿਚ ਸਿੱਖ ਕੌਮ ਦੀ ਆਨ-ਸ਼ਾਨ ਲਈ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੱਚੀ-ਸੁੱਚੀ ਅਤੇ ਚੇਤੰਨ ਅਗਵਾਈ ਵਿਚ ਲੜੇ ਗਏ ਸੰਘਰਸ਼ ਵਿਚ ਜੰਮੂ ਕਸ਼ਮੀਰ ਦੀ ਧਰਤੀ ਤੋਂ ਜਿਸ ਯੋਧੇ ਨੇ ਮੋਢੀਆਂ ਦੀ ਕਤਾਰ ਵਿਚ ਛਾਤੀ ਡਾਹ ਕੇ ਨਿਧੜਕ ਜੁਝਾਰੂ ਰੋਲ ਨਿਭਾਇਆ ਅਤੇ ਸਿੱਖ ਕੌਮ ਦੇ ਹਰਿਆਵਲ ਦਸਤੇ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਭਾਈ ਅਮਰੀਕ ਸਿੰਘ ਜੀ ਦੀ ਯੋਗ ਅਗਵਾਈ ਵਿਚ ਬੁਲੰਦੀਆਂ ਤੇ ਲਿਜਾਣ ਵਿਚ ਨਾ ਭੁਲਾਇਆ ਜਾਣ ਵਾਲਾ ਉਘਾ ਯੋਗਦਾਨ ਪਾਇਆ, ਉਹ ਜੁਝਾਰੂ ਯੋਧਾ ਸੀ, ਭਾਈ ਅਵਤਾਰ ਸਿੰਘ ਖਾਲਸਾ।

ਬਾਬਾ ਜਰਨੈਲ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਕੇਂਦਰ ਦਾ ਸਭ ਤੋਂ ਪਹਿਲਾਂ ਕੰਮ, ਸਿੱਖ ਸੰਘਰਸ਼ ਵਿਚ ਅਤੇ ਇਸ ਸੰਘਰਸ਼ ਨਾਲ ਜੁੜੀ ਹਰ ਸੰਸਥਾ ਵਿਚ ਘੁਸਪੈਠ ਕਰਕੇ ਪੂਰੀ ਤਰ੍ਹਾਂ ਬਣ ਚੁੱਕੀ ਲੋਕ-ਲਹਿਰ ਨੂੰ ਤੋੜਨਾ ਸੀ, ਕਿਉਂਕਿ ਤਰਕ ਅਤੇ ਦਲੀਲ ਦੀ ਜੁਬਾਨ ਵਿਚ 'ਬਾਬਾ ਭਿੰਡਰਾਂਵਾਲੇ' ਕੇਂਦਰੀ ਹਕੂਮਤ (ਭਾਰਤ) ਨੂੰ ਬੇ ਦਲੀਲ ਕਰ ਚੁੱਕੇ ਸਨ। ਸਰਕਾਰ ਇਸ ਸੰਘਰਸ਼ ਉਪਰ ਲੱਕ ਤੋੜਵਾਂ ਨਾਦਰੀ (ਇੰਦਰਾ ਗਾਂਧੀ ਦਾ 1984 ਦਾ) ਹਮਲਾ ਕਰਕੇ ਵੀ ਨਾਕਾਮ ਹੋ ਚੁੱਕੀ ਸੀ।

ਇਸ ਭਿਆਨਕ ਹਮਲੇ ਤੋਂ ਬਾਅਦ ਸਰਕਾਰੀ ਏਜੰਸੀਆਂ ਸਿੱਖ ਸੰਘਰਸ਼ ਅੰਦਰ ਆਪਣੇ ਪੁਲਿਸੀਆਂ (ਕੈਟਾਂ) ਦੀ ਘੁਸਪੈਠ ਕਰਵਾ ਚੁੱਕੀ ਸੀ। ਇਸ ਦੇ ਬਾਵਜੂਦ ਸਿੱਖ ਸਿਧਾਂਤਾਂ ਨਾਲ ਪ੍ਰਣਾਲੀਆਂ ਜਥੇਬੰਦੀਆਂ ਭਾਵੇਂ ਉਹ ਗਿਣਤੀ ਵਿਚ ਥੋੜ੍ਹੀਆਂ ਸਨ, ਪਰ ਉਨ੍ਹਾਂ ਨੇ ਜਦੋਜਹਿਦ ਦੇ ਮਨੋਬਲ ਨੂੰ ਉਚਾ ਚੁੱਕੀ ਰੱਖਿਆ। ਸਰਕਾਰੀ ਘੁਸਪੈਠ ਰਾਹੀਂ ਭਰਾ ਮਾਰੂ-ਜੰਗ ਦੇ ਰੁਝਾਨ ਨੇ ਸਿੰਘਾਂ ਵਿਚ ਬੇ ਯਕੀਨੀ ਦਾ ਮਾਹੌਲ ਸਿਰਜ ਦਿੱਤਾ, ਜਿਸ ਦਾ ਸ਼ਿਕਾਰ ਉਘੇ ਜੁਝਾਰੂ ਲੀਡਰ ਹੋ ਗਏ, ਜਿਨ੍ਹਾਂ ਵਿਚ ਭਾਈ ਅਵਤਾਰ ਸਿੰਘ ਖਾਲਸਾ, ਭਾਈ ਹਰਮਿੰਦਰ ਸਿੰਘ ਸੰਧੂ, ਆਦਿ ਸ਼ਾਮਿਲ ਹਨ।

1978 ਵਿਚ ਐਫ.ਸੀ.ਆਈ ਮਹਿਕਮੇ ਵਿਚ ਰਈਆ ਮੰਡੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਇਕ ਈਮਾਨਦਾਰ ਇੰਸਪੈਕਟਰ ਜੋ. ਐਲ.ਐਲ.ਬੀ. ਤੇ ਡੀ.ਬੀ.ਐਮ., ਪਾਸ, ਕੁਝ ਸਮਾਂ ਵਿਦੇਸ਼ਾਂ ਦਾ ਟੂਰ ਵੀ ਕਰ ਕੇ ਆਇਆ ਹੋਇਆ ਸੀ, ਇਸ ਹੋਲੀ ਉਮਰ ਦੇ ਨੌਜਵਾਨ ਗੁਰਸਿੱਖ ਦਾ ਸੰਪਰਕ ਬਾਬਾ ਜਰਨੈਲ ਸਿੰਘ ਜੀ ਨਾਲ ਹੋਇਆ, ਬਾਬਾ ਜੀ

ਅਤੇ ਭਾਈ ਅਮਰੀਕ ਸਿੰਘ ਦੀ ਮਿਕਨਾਤੀਸੀ ਖਿੱਚ ਅਤੇ ਦਲੀਲ ਭਰਪੂਰ ਕੱਥਨੀਆਂ ਦਾ ਅਵਤਾਰ ਸਿੰਘ ਉਤੇ ਬੜਾ ਡੂੰਘਾ ਅਸਰ ਹੋਇਆ। ਉਨ੍ਹਾਂ ਦਿਨਾਂ 'ਚ ਹੀ ਅੰਮ੍ਰਿਤਸਰ ਅਤੇ ਕਾਨਪੁਰ ਵਾਲੇ ਨਿਰੰਕਾਰੀ ਕਾਂਡ ਵਾਪਰ ਚੁੱਕੇ ਸਨ। ਕੌਮੀ ਦਰਦ ਨਾਲ ਲਬਰੇਜ਼ ਅਵਤਾਰ ਸਿੰਘ, ਬਾਬਾ ਜਰਨੈਲ ਸਿੰਘ ਜੀ ਵੱਲੋਂ ਇਸ ਖ਼ੂਨੀ ਕਾਂਡ ਦੇ ਪ੍ਰਤੀਕਰਮ ਵਜੋਂ ਅਪਣਾਏ ਗਏ, ਰੁਖ ਨਾਲ ਸਹਿਮਤ ਹੁੰਦਿਆਂ ਸੰਘਰਸ਼ ਦੇ ਇਸ ਮੁੱਢਲੇ ਦੌਰ ਦੀਆਂ ਗਤੀਵਿਧੀਆਂ ਵਿਚ ਸ਼ਾਮਿਲ ਹੋ ਗਿਆ।

1979 ਦੇ ਨੇੜੇ ਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਭੋਪਾਲ ਸਰਕਲ ਨੇ ਖਾਲਸੇ ਦੀ ਜਨਮ ਭੂਮੀ ਅਨੰਦਪੁਰ ਸਾਹਿਬ ਵਿਖੇ 7 ਦਿਨਾਂ ਦਾ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ ਜਿਸ ਵਿਚ ਭਾਈ ਅਮਰੀਕ ਸਿੰਘ ਤੋਂ ਇਲਾਵਾ ਬਾਬਾ ਜਰਨੈਲ ਸਿੰਘ ਜੀ, ਖਾਲਸਾ ਨੇ ਵੀ ਕੈਂਪ ਵਿਚ ਸ਼ਾਮਿਲ ਨੌਜਵਾਨਾਂ ਨੂੰ ਸੰਬੋਧਨ ਕੀਤਾ।

ਇਸ ਕੈਂਪ ਵਿਚ ਸ਼ਾਮਿਲ ਹੋਣ ਤੋਂ ਬਾਅਦ ਸ. ਅਵਤਾਰ ਸਿੰਘ ਅਤੇ ਭਾਈ ਜਗਜੀਤ ਸਿੰਘ (ਪੁੰਣਛ) ਨੇ ਜੰਮੂ ਕਸ਼ਮੀਰ ਦੇ ਸਰਗਰਮ ਸਾਥੀਆਂ ਨਾਲ ਰਲ ਕੇ ਫੈਡਰੇਸ਼ਨ ਦਾ ਲੰਮੇਂ ਸਮੇਂ ਤੋਂ ਜੰਮੂ-ਕਸ਼ਮੀਰ ਵਿਚ ਗੁੰਮ ਹੋ ਚੁੱਕਿਆ ਨਾਂ ਇਕ ਚੇਤਨਾ ਲਹਿਰ, ਨਾਲ ਮੁੜ ਲੋਕਾਂ ਵਿਚ ਜਿਉਂਦਾ ਕੀਤਾ। ਨੌਜਵਾਨਾਂ ਨੇ ਸ਼ਾਦੀ ਮਾਰਗ, ਰਿਆਸੀ, ਬਾਰਾਮੁਲਾ, ਭਾਰਖ, ਡਿਗਿਆਨਾ ਆਦਿ 'ਚ ਵੱਖ-ਵੱਖ ਥਾਵਾਂ ਤੇ ਕੈਂਪ ਲਾਏ। ਸਭ ਤੋਂ ਵੱਡਾ ਕੈਂਪ ਜੋ ਸਮੁੱਚੀ ਫੈਡਰੇਸ਼ਨ ਦੇ ਇਤਿਹਾਸਕ ਪੜਾਅ ਵਜੋਂ ਦਸਤਾਵੇਜ ਵਿਚ ਸ਼ਾਮਿਲ ਹੈ।

ਉਹ ਕੈਂਪ ਭਾਈ ਅਮਰੀਕ ਸਿੰਘ, ਭਾਈ ਹਰਮਿੰਦਰ ਸਿੰਘ ਸੰਧੂ, ਭਾਈ ਅਤਿੰਦਰਪਾਲ ਸਿੰਘ, ਡਾ. ਹਰਜਿੰਦਰ ਸਿੰਘ ਦਿਲਗੀਰ ਜੰਮੂ ਤੋਂ ਭਾਈ ਅਵਤਾਰ ਸਿੰਘ ਖਾਲਸਾ, ਭਾਈ ਜਗਜੀਤ ਸਿੰਘ ਪੁੱਣਛ ਭਾਈ ਹਰਚਰਨ ਸਿੰਘ ਪੁੱਣਛ ਭਾਈ ਨਰਿੰਦਰ ਸਿੰਘ (ਪ੍ਰਿ.) .... ਆਦਿ ਦੀ ਸਰਪ੍ਰੱਸਤੀ ਹੇਠ ਲੱਗਾ, ਚੰਦੋਕਲਾਂ ਕਾਂਡ ਹੋ ਜਾਣ ਕਾਰਣ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਇਸ ਕੈਂਪ ਵਿਚ ਨਹੀਂ ਪੁੱਜ ਸਕੇ, ਜੋ ਇਕ ਵੱਡਾ ਘਾਟਾ ਸਾਰੀ ਜ਼ਿੰਦਗੀ ਜੰਮੂ ਕਸ਼ਮੀਰ ਦੇ ਖਾੜਕੂ ਇਤਿਹਾਸ ਨੂੰ ਮਹਿਸੂਸ ਹੁੰਦਾ ਰਹੇਗਾ।

ਭਾਈ ਖਾਲਸਾ ਹਮੇਸ਼ਾ ਫੈਡਰੇਸ਼ਨ ਦੇ ਵਰਕਰ ਬਣ ਕੇ ਵਿਚਰੇ, ਪਰ ਉਨ੍ਹਾਂ ਦੇ ਬੈਠਕਾਂ 'ਚ ਦਿੱਤੇ ਗਏ ਵਿਚਾਰ ਅਰਥਭਰਪੂਰ ਤੇ ਆਖ਼ਰੀ ਫ਼ੈਸਲਾ ਹੋ ਨਿਬੜਦੇ ਸਨ। ਧਰਮਯੁੱਧ ਮੋਰਚਾ ਲੱਗਣ ਤੇ ਭਾਈ ਖਾਲਸਾ ਜੀ ਦੀ ਜਥੇ ਲਿਆਉਣ ਦੀ ਸੇਵਾ ਲੱਗੀ, ਜਿਸ ਵਿਚ ਉਨ੍ਹਾਂ ਦੇ ਕਈ ਸਾਥੀ ਨੌਜਵਾਨ ਅਤੇ ਬਜ਼ੁਰਗ ਆਗੂ ਵੱਡੇ ਜਥੇ ਲੈ ਕੇ ਪੰਜਾਬ ਗ੍ਰਿਫ਼ਤਾਰੀਆਂ ਦੇਣ ਪੁੱਜਦੇ ਰਹੇ ਜਿਸ ਵਿਚ ਮਹੰਤ ਬਾਬਾ ਬਚਿੱਤਰ ਸਿੰਘ ਜੀ ਦਾ ਵੀ ਪੂਰਨ ਸਹਿਯੋਗ ਰਿਹਾ ਹੈ। ਗ੍ਰਿਫ਼ਤਾਰੀ ਤੋਂ ਬਾਅਦ ਦੇ ਹਲਾਤਾਂ ਬਾਰੇ ਨਾਲ ਰਹੇ ਸ੍ਰ. ਅਮਰੀਕ ਸਿੰਘ ਨਵਾਂ ਸ਼ਹਿਰ (ਜੰਮੂ) ਨੇ ਦੱਸਿਆ ਕਿ ਅਸੀਂ 1983 ਨੂੰ ਲੁਧਿਆਣਾ ਜੇਲ੍ਹ ਵਿਚ ਬੰਦ ਸੀ, ਅਗਸਤ ਮਹੀਨਾ ਹੋਣ ਕਰਕੇ ਅਜ਼ਾਦੀ ਦੇ ਜਸ਼ਨ ਵਿਚ ਤਿਰੰਗਾ ਚਾੜਿਆ ਗਿਆ, ਝੰਡੇ ਨੂੰ ਸਲਾਮੀਆਂ ਦਿੱਤੀਆਂ ਗਈਆਂ, ਇਹ ਸਭ ਭਾਈ ਖਾਲਸਾ ਤੋਂ ਬਰਦਾਸ਼ਤ

ਨਾਂ ਹੋਇਆ, ਉਨ੍ਹਾਂ ਪਲ੍ਹਾਂ-ਸਕਿੰਟਾਂ ਵਿਚ ਸਿੰਘਾਂ ਨੂੰ ਇਸ਼ਾਰਾਂ ਕਰਕੇ ਖੱਟੀ ਦਸਤਾਰ ਦਾ ਖਾਲਸਾਈ ਝੰਡਾ ਤਿਆਰ ਕਰਵਾਇਆ ਤੇ ਕੁੱਝ ਸਮੇਂ ਬਾਅਦ ਦਿਨ ਦੁਪਹਿਰ ਨੂੰ ਤਰੰਗੇ ਦੀ ਥਾਂ ਤੇ 'ਕੇਸਰੀ ਖਾਲਸਾ' ਨਿਸ਼ਾਨ ਝੂਲ ਰਿਹਾ ਸੀ, ਜਦ ਸਿਪਾਹੀਆਂ ਦੀ ਝੰਡੇ 'ਤੇ ਨਜ਼ਰ ਪਈ ਤਾਂ ਉਨ੍ਹਾਂ ਬੁਖਲਾਹਟ ਵਿਚ ਆ ਕੇ ਗੋਲੀ ਚਲਾ ਦਿੱਤੀ, ਪਰ ਇਸ ਐਕਸ਼ਨ ਦਾ ਜੇਲ੍ਹ ਆਫ਼ਿਸਰਾਂ ਨੂੰ ਪੱਤਾ ਤੱਕ ਨਾ ਚਲਿਆ, ਇਸ ਵੇਲੇ ਭਾਈ ਖਾਲਸਾ ਨਾਲ ਹਾਈਜੈਕਰ ਭਾਈ ਦਲੀਪ ਸਿੰਘ, ਸ਼ਹੀਦ ਭਾ. ਗੁਰਦੀਪ ਸਿੰਘ ਨੇਪਾਲੀ ਅਤੇ ਸ. ਨਰਿੰਦਰ ਸਿੰਘ (ਪ੍ਰਿੰ.) ਆਦਿ ਸਿੰਘ ਸ਼ਾਮਿਲ ਸਨ।

ਭਾਈ ਖਾਲਸਾ ਦੀ ਪੰਥਕ ਸੂਝ-ਬੂਝ ਤੇ ਦ੍ਰਿੜ ਵਿਚਾਰਧਾਰਾ ਸਦਕਾ ਹੀ ਬਾਬਾ ਭਿੰਡਰਾਂਵਾਲਿਆਂ ਅਤੇ ਭਾਈ ਅਮਰੀਕ ਸਿੰਘ ਆਦਿ ਪ੍ਰਮੁੱਖ ਆਗੂਆਂ ਨੇ ਇਕ ਬੈਠਕ ਕਰਕੇ ਭਾਈ ਖਾਲਸਾ ਤੇ ਕੁੱਝ ਹੋਰ ਸਿੰਘਾਂ-ਸਿੰਘਣੀਆਂ ਦੀ ਡਿਊਟੀ, ਏਸ਼ੀਆਈ ਖੇਡਾਂ ਜੋ ਦਿੱਲੀ ਵਿਚ ਹੋ ਰਹੀਆਂ ਸਨ, ਵਿਚ ਸ਼ਾਮਿਲ ਹੋ ਕੇ ਸਿੱਖਾਂ ਦੀਆਂ ਹੱਕੀ ਮੰਗਾਂ ਇੰਟਰਨੈਸ਼ਨਲ ਮੀਡੀਏ ਦੇ ਜ਼ਰੀਏ ਚੁੱਕਣ ਦੀ ਲਾਈ, ਤਾਂ ਜੋ ਸਮੁੱਚਾ ਵਿਸ਼ਵ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਤੋਂ ਵਾਕਿਫ ਹੋ ਸਕੇ। ਉਸ ਮੌਕੇ ਹਿੰਦ ਹਕੂਮਤ ਵੱਲੋਂ ਦਿੱਲੀ ਵਿਚ ਸਿੱਖਾਂ ਦਾ ਦਾਖਲਾ ਰੋਕਣ ਲਈ ਦੇਸ਼ ਭਰ ਵਿਚ ਸਖ਼ਤ ਨਾਕਾਬੰਦੀ ਕਰ ਦਿੱਤੀ ਗਈ। ਏਸ਼ੀਆਈ ਖੇਡਾਂ ਆਰੰਭ ਹੋਣ ਵਾਲੀਆਂ ਸਨ, ਜਥੇ ਦਾ ਦਿੱਲੀ (ਰਾਜਧਾਨੀ) ਪੁੱਜਣਾ ਮੁਸ਼ਕਿਲ ਜਾਪ ਰਿਹਾ ਸੀ, ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਸਿੱਖਾਂ ਦੇ ਹਰਿਆਣੇ 'ਚੋਂ ਲੰਘਣ ਤੇ ਪਾਬੰਦੀ ਲਾ ਦਿੱਤੀ ਸੀ।

ਪੰਜਾਬ ਤੋਂ ਦਿੱਲੀ ਜਾਣ ਵਾਲੇ ਹਰ ਸਿੱਖ ਨੂੰ ਹਰਿਆਣੇ ਵਿਚ ਜਲੀਲ ਕੀਤਾ ਜਾਂਦਾ ਰਿਹਾ ਸੀ। ਸਖਤੀ ਇੰਨੀ ਜ਼ਿਆਦਾ ਵਧਾ ਦਿੱਤੀ ਗਈ ਕਿ ਪੰਜਾਬ ਤੋਂ ਦਿੱਲੀ ਵੱਲ ਪੰਛੀ ਦੀ ਉਡਾਰੀ ਤੇ ਵੀ ਨਜ਼ਰ ਰੱਖੀ ਜਾ ਰਹੀ ਸੀ।

ਇਸ ਸਭ ਦੇ ਬਾਵਜੂਦ ਭਾਈ ਖਾਲਸਾ, ਭਾਈ ਗੋਜਾ, ਅਤੇ ਦੋ ਸਿੰਘਣੀਆਂ ਦਸਤਾਰਧਾਰੀ, ਜਿਨ੍ਹਾਂ ਨੇ ਉਸ ਵੇਲੇ ਭੇਸ ਵਟਾਇਆ ਹੋਇਆ ਸੀ, ਜੰਮੂ ਤੋਂ ਭਾਈ ਜਗਜੀਤ ਸਿੰਘ ਪੁੰਣਛ ਤੇ ਹੋਰ ਸਿੰਘ ਦਿੱਲੀ ਤੱਕ ਤਾਂ ਪੁੱਜ ਗਏ, ਪਰ ਸਟੇਡੀਅਮ ਅੰਦਰ ਨਹੀਂ ਪੁੱਜ ਸਕੇ, ਉਧਰ ਬੜੀ ਚੁਸਤੀ ਤੇ ਹੁਸ਼ਿਆਰੀ ਨਾਲ ਸਟੇਡੀਅਮ ਅੰਦਰ ਭਾਈ ਖਾਲਸਾ ਨੇ ਵਿਦੇਸ਼ੀ ਦਰਸ਼ਕਾਂ ਦੀ ਗੈਲਰੀ ਵਿਚ ਪੁੱਜ ਕੇ ਅੰਗਰੇਜ਼ੀ ਵਿਚ ਛਪੇ ਪੈਂਫਲਿਟ ਵੰਡਣੇ ਆਰੰਭ ਕਰ ਦਿੱਤੇ ਜਦ ਸਕਿਊਰਟੀ ਗਾਰਡ ਤੇ ਹੋਰ ਫੋਰਸਾਂ ਭਾਈ ਖਾਲਸਾ ਵੱਲ ਵਧੀਆ ਤਾਂ ਭਾਈ ਖਾਲਸਾ ਨੇ ਸੰਤ ਭਿੰਡਰਾਂ ਵਾਲੇ ਜ਼ਿੰਦਾਬਾਦ ... ਬੋਲੇ ਸੋ ਨਿਹਾਲ... ਆਦਿ ਜੈਕਾਰੇ-ਨਾਰੇ ਲਾਉਣੇ ਆਰੰਭ ਕਰ ਦਿੱਤੇ, ਸਾਰਾ ਮੀਡੀਆ ਇਨ੍ਹਾ ਵੱਲ ਹੋ ਤੁਰਿਆ, ਭਾਈ ਗੋਜਾ ਵੀ ਗਰਾਊਂਡ ਅੰਦਰ ਦਾਖਲ ਹੋ ਕੇ ਜੈਕਾਰੇ ਲਾਉਣ ਲੱਗ ਪਿਆ. ਸਿੰਘਾਂ ਸੂਰਮਿਆਂ ਨੂੰ ਸਰਕਾਰੀ ਡਾਂਗਾਂ ਦੀ ਬੁਛਾੜ ਵਿਚ ਲਹੂ ਨਾਲ ਲੱਥ-ਪੱਥ ਹੋਣਾ ਪਿਆ, ਪਰ ਉਨ੍ਹਾਂ ਨੇ ਬਾਬਾ ਭਿੰਡਰਾਂਵਾਲਿਆਂ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਜਾਨ

ਦੀ ਬਾਜੀ ਲਾ ਕੇ ਪੂਰਾ ਕੀਤਾ।

ਸਿੰਘਾਂ ਦੇ ਚਿਹਰਿਆਂ ਤੇ ਮੁਸਕਰਾਹਟ ਸੀ, ਪਰ ਸਟੇਡੀਅਮ ਅੰਦਰ ਬੈਠੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਹੋਰ ਮੰਤਰੀ ਆਪਣੀ ਭਾਰਤੀ ਸਕਿਉਰਟੀ ਤੇ ਫੋਰਸਾਂ ਉਤੇ ਨਜਲਾ ਝਾੜ ਰਹੇ ਸਨ। ਦਿੱਲੀ ਦੇ ਇਕ ਥਾਣੇ 'ਚ ਬੰਦ ਭਾਈ ਖਾਲਸਾ, ਭਾਈ ਗੋਜਾ ਅਤੇ ਦੋ ਸਿੰਘਣੀਆਂ ਨੂੰ ਭਾਈ ਜਗਜੀਤ ਸਿੰਘ (ਪੁੰਣਛ) ਜਾ ਕੇ ਮਿਲੇ ਤੇ ਸਾਰੀ ਖ਼ਬਰ ਅੰਮ੍ਰਿਤਸਰ ਪਹੁੰਚਾਈ। ਭਾਈ ਖਾਲਸਾ ਦੇ ਜੀਵਨ ਦੀਆਂ ਅਹਿਮ ਘਟਨਾਵਾਂ 'ਚੋਂ ਕੁੱਝ ਹੋਰਾਂ ਦੀ ਲੜੀਵਾਰ ਗਲ ਕਰੀਏ।

"ਜੰਮੂ ਦੇ ਗਾਂਧੀ ਨਗਰ ਇਲਾਕੇ ਵਿਚ ਗੁਰਦੁਆਰੇ ਦੀ ਘਾਟ ਹੋਣ ਕਰਕੇ ਫੈਡਰੇਸ਼ਨ ਦੇ ਸਿੰਘਾਂ ਦੀ ਅਗਵਾਈ ਹੇਠ, ਸਰਕਾਰੀ ਜ਼ਮੀਨ ਤੇ ਗੁਰਦੁਆਰਾਂ ਉਸਾਰਨ ਲਈ ਸਰਕਾਰ ਅੱਗੇ ਸਿੱਖਾਂ ਨੇ ਮੰਗ ਰੱਖੀ ਤੇ ਪਲਾਟ ਵਿਚ ਨਿਸ਼ਾਨ ਸਾਹਿਬ ਗੱਡ ਦਿੱਤਾ, ਜਿਸ ਕਰਕੇ ਕੱਟਰਵਾਦੀ ਹਿੰਦੂ ਸੰਸਥਾਵਾਂ ਨੂੰ ਸਣੇ ਕੱਪੜੇ ਅੱਗ ਲਗ ਗਈ, ਇਕ ਕੱਟੜ ਫਿਰਕੂ ਹਿੰਦੂ ਨੇਤਾ (ਜੋ ਇਕ ਅਖ਼ਬਾਰ ਦਾ ਮਾਲਕ ਵੀ ਹੈ) ਨੇ ਨਿਸ਼ਾਨ ਸਾਹਿਬ ਪੁੱਟ ਕੇ ਲਿਆਉਣ ਵਾਲੇ ਨੂੰ ਇਕ ਲੱਖ ਰੁ. ਇਨਾਮ ਦੇਣ ਦਾ ਐਲਾਨ ਕਰ ਦਿੱਤਾ, ਇਹ ਗੱਲ ਤਰੀਕ.... ਦੀ ਹੈ, ਹਿੰਦੂ ਫਿਰਕੂ ਨੇਤਾ ਉਸ ਥਾਂ 'ਤੇ ਮੰਦਿਰ ਉਸਾਰਨਾ ਚਾਹੁੰਦਾ ਸੀ, ਸਿੱਖ ਵਿਰੋਧੀ ਨਫ਼ਰਤ ਦੇ ਮਾਹੌਲ 'ਚ ਗੁਰਦੁਆਰੇ ਵਾਲੀ ਥਾਂ 'ਤੇ ਸੇਵਾ ਕਰ ਰਹੀਆਂ ਸਿੱਖ ਸੰਗਤਾਂ ਉਪਰ ਤਿੰਨ ਹਜ਼ਾਰ ਤੋਂ ਵੱਧ ਸ਼ਿਵ ਸੈਣੀ, ਹਿੰਦੂ ਗੁੰਡਿਆਂ ਨੇ ਹੱਲਾ ਬੋਲ ਦਿੱਤਾ, ਭਾਈ ਖਾਲਸਾ ਉਸ ਵੇਲੇ ਸੰਗਤਾਂ ਨਾਲ ਸੇਵਾ ਕਰ ਰਹੇ ਸਨ ਕਿ ਗੁੰਡਿਆਂ ਦੀ ਭੀੜ ਹੱਥਾਂ 'ਚ ਡਾਂਗਾਂ, ਤਲਵਾਰਾਂ, ਪੱਥਰ, ਗੈਂਤੀਆਂ ਬੇਲਚੇ ਆਦਿ ਨਾਲ ਲੈਸ, ਨਿਸ਼ਾਨ ਸਾਹਿਬ ਵੱਲ ਵੱਧਣ ਲੱਗੀ ਤਾਂ ਖਾਲਸਾ ਜੀ ਅੱਗੇ ਵਧੇ ਅਤੇ ਅਣੱਖ-ਆਣ ਤੇ ਬਣੀ ਵੇਖ ਕੇ ਉਨ੍ਹਾਂ ਨੇ ਇਕ ਦੇਸੀ ਗੋਲਾ (ਬੰਬ) ਸੁੱਟਿਆ ਤਾਂ ਸਾਰਿਆਂ ਗੁੰਡਿਆਂ ਦੇ ਹੋਸ਼ ਉਡ ਗਏ, ਇੰਨੀ ਦੇਰ 'ਚ ਖਾਲਸਾ ਜੀ ਨੇ ਕਾਰਬਾਈਨ (ਮਸ਼ੀਨ ਗੰਨ) ਨਾਲ ਹਵਾ 'ਚ ਦੋ-ਚਾਰ ਫ਼ਾਇਰ ਕੱਢੇ ਤਾਂ, ਸਾਰੀ ਭੀੜ ਤਿੱਤਰ-ਬਿੱਤਰ ਹੋ ਗਈ, ਅਗਲੇ ਦਿਨ ਸਫ਼ਾਈ ਕਰਨ ਆਏ ਭੰਗੀਆਂ ਨੇ ਭੀੜ੍ਹ ਵੱਲੋਂ ਛੱਡ ਕੇ ਦੌੜਿਆਂ ਦੇ ਦੋ ਟੋਕਰੇ ਚਪਲਾ-ਜੁੱਤੀਆਂ ਦੇ ਇਕੱਠੇ ਕੀਤੇ, ਇਹ ਗੱਲ ਸਾਰੇ ਸ਼ਹਿਰ 'ਚ ਫੈਲ ਗਈ ਤੇ ਮੁੜ ਕੇ ਕਿਸੇ ਬਦਮਾਸ਼ ਨੇ ਇਸ ਪਾਸੇ ਮੂੰਹ ਨਾ ਕੀਤਾ, ਸਰਕਾਰ ਨੇ ਜ਼ਮੀਨ ਗੁਰਦੁਆਰੇ ਲਈ ਅਲਾਟ ਕਰ ਦਿੱਤੀ ਜਿੱਥੇ ਫੈਡਰੇਸ਼ਨ ਤੇ ਯੂਥ ਸਭਾਵਾਂ ਦੇ ਦਫ਼ਤਰਾਂ ਦੀ ਉਸਾਰੀ ਵੀ ਹੋਣੀ ਸੀ, ਪਰ ਭਾਈ ਖਾਲਸਾ ਦੀ ਸ਼ਹਾਦਤ ਤੋਂ ਬਾਅਦ ਇਹ ਗੁਰਦੁਆਰਾ ਵੀ ਬਸ ਇਕ ਆਮਦਨੀ ਦਾ ਸਾਧਨ ਬਣ ਕੇ ਰਹਿ ਗਿਆ।

ਭਾਈ ਖਾਲਸਾ ਦੇ ਸਾਥੀਆਂ ਨੇ ਦੱਸਿਆ ਕਿ "ਜੰਮੂ" ਦੇ ਆਰ.ਐਸ. ਪੁਰਾ ਇਲਾਕੇ ਦੇ ਪਿੰਡ ਦਬਲੈੜ ਵਿਚ ਕੁੱਲ ਦੇਵਤਿਆਂ ਦੀ ਮੜੀਆਂ-ਸਮਾਧਾਂ ਤੇ ਬਣੀਆਂ ਹੋਈਆਂ ਥਾਵਾਂ ਉਤੇ ਕੁਲ ਦੇਵਤਿਆਂ ਦੀ ਯਾਦ ਵਿਚ ਪਿੰਡ ਦੇ ਕੁਝ ਲੀਡਰਾਂ ਨੇ ਆਖੰਡ ਪਾਠਾਂ

ਦੀ ਲੜੀ ਸ਼ੁਰੂ ਕਰਵਾਈ ਹੈ, ਜੋ ਹਰ ਸਾਲ ਕਰਵਾਈ ਜਾਂਦੀ ਸੀ, ਪਿੰਡ ਦੇ ਕੁੱਝ ਨੌਜਵਾਨਾਂ ਨੇ ਜਦ ਪਿੰਡ ਵਾਲਿਆਂ ਅਤੇ ਉਨ੍ਹਾਂ ਦੇ ਲੀਡਰਾਂ ਨੂੰ ਬੇਨਤੀ ਕੀਤੀ ਕਿ ਸਿੱਖੀ 'ਚ ਇਸ ਕੁੱਕਰਮ ਦੀ ਸਖ਼ਤ ਮਨਾਹੀ ਹੈ, ਤੁਸੀਂ ਇਸ ਤਰ੍ਹਾਂ ਇੱਥੇ ਨਵੀਂ ਪਿਰਤ ਨਾ ਆਰੰਭ ਕਰੋ, ਤਾਂ ਉਨ੍ਹਾਂ ਨੌਜਵਾਨਾਂ ਨੂੰ ਇਹ ਕਹਿ ਕੇ ਆਏ ਵੱਡੇ ਫੈਡਰਸ਼ਨੀਏ ..... ਇਹ ਖ਼ਬਰ ਜਦ ਭਾਈ ਖਾਲਸਾ, ਤੱਕ ਪੁੱਜੀ ਤਾਂ ਉਹ ਆਪਣੇ ਸਾਥੀ ਸਿੰਘਾਂ ਸਣੇ ਉਥੇ ਪੁੱਜ ਗਏ, ਤੇ ਲੀਡਰਾਂ-ਖੜਪੰਚਾਂ ਨੂੰ ਦੌੜਾਂ ਲਗਵਾਈਆਂ ਅਤੇ ਪਿੰਡ ਵਾਲਿਆਂ ਨੂੰ ਗੁਰਮਤਿ ਦੀ ਜਾਣਕਾਰੀ ਦਿੱਤੀ, ਉਸ ਤੋਂ ਬਾਅਦ ਕਦੀ ਵੀ ਉਥੇ ਸਮਾਧਾਂ 'ਤੇ ਪਾਠ ਨਹੀਂ ਕਰਵਾਏ ਗਏ।

ਉਚੀ ਲੰਮੀ ਦੇਹ ਸੋਹਣਾਂ ਜਿਹਾ ਚਮਕਾਂ ਮਾਰਦਾ ਚਿਹਰਾ, ਬਾਣੀ, ਬਾਣੇ ਦਾ ਧਾਰਨੀ ਹਰ ਵੇਲੇ ਸ਼ਸਤਰਧਾਰੀ, ਵੇਖਣ ਵਿਚ ਸਾਧ, ਭਾਈ ਖ਼ਾਲਸਾ ਹਰ ਪੜਾਅ ਤੇ ਆਪਣੀਆਂ ਪੰਥ ਲਈ ਸੇਵਾਵਾਂ ਅਰਪਣ ਕਰਦਾ, ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਫੌਜ ਦਾ ਗੁਰਮਤਿ ਧਾਰੀ ਸਿਪਾਹੀ ਤੇ ਸੂਝਵਾਨ ਆਗੂ ਹੋਣ ਦਾ ਹਰ ਕਦਮ ਤੇ ਸਬੂਤ ਛੱਡਦਾ ਜਾ ਰਿਹਾ ਸੀ।

1984 'ਚ ਭਾਰਤੀ ਫੌਜ ਦੇ ਹਮਲੇ ਤੋਂ ਪਹਿਲਾਂ ਸਿੰਘਾਂ ਵੱਲੋਂ ਕੀਤੀ ਜਾ ਰਹੀ ਤਿਆਰੀ ਲਈ, ਬਾਬਾ ਭਿੰਡਰਾਂਵਾਲਿਆਂ ਤੇ ਭਾਈ ਅਮਰੀਕ ਸਿੰਘ ਨੇ ਭਾਈ ਖਾਲਸਾ ਤੇ ਭਾਈ ਗੁਰਦੀਪ ਸਿੰਘ ਨੇਪਾਲੀ, ਆਦਿ ਸਿੰਘਾਂ ਦੀ ਜੰਮੂ-ਕਸ਼ਮੀਰ 'ਚੋਂ ਸ਼ਸ਼ਤਰ ਲੈ ਕੇ (ਖਰੀਦ ਕੇ) ਅੰਮ੍ਰਿਤਸਰ ਪੁਜਾਉਣ ਦੀ ਸੇਵਾ ਲਾਈ ਹੋਈ ਸੀ, ਜਿਸ ਤੇ ਭਾਈ ਸਾਹਿਬ ਖਰੇ ਉਤਰੇ ਨਾਲ ਭਾਈ ਗੁਰਦੀਪ ਸਿੰਘ ਦਾ ਸਾਥ ਰਿਹਾ, ਉਧਰ ਭਾਈ ਖਾਲਸਾ ਦੇ ਜੰਮੂ ਹੁੰਦਿਆਂ ਫੌਜੀ ਕਾਰਵਾਈ ਹੋ ਗਈ, ਜਿਸ ਵਿਚ ਬਾਬਾ ਭਿੰਡਰਾਂਵਾਲਿਆਂ ਸਮੇਤ ਕਈ ਕੌਮੀਂ ਆਗੂ ਸ਼ਹੀਦ ਹੋ ਗਏ, ਨੌਜਵਾਨਾਂ ਵਿਚ ਨਿਰਾਸ਼ਾ ਉਭਰਨ ਲੱਗੀ, ਉਸ ਸਥਿਤੀ 'ਚ ਪੰਥ ਅੰਦਰ ਚੜ੍ਹਦੀ ਕਲ੍ਹਾ ਦਾ ਉਭਾਰ ਕਰਨ ਲਈ ਭਾਈ ਪਰਮਿੰਦਰ ਸਿੰਘ 'ਹਰਫਨਮੌਲਾ' ਭਾਈ ਅਵਤਾਰ ਸਿੰਘ ਖਾਲਸਾ, ਭਾਈ ਹਰਮਿੰਦਰ ਸਿੰਘ ਖਾਲਸਾ, ਭਾਈ ਦਲੀਪ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਰਵਿੰਦਰ ਸਿੰਘ ਆਦਿ ਸਿੰਘ ਇਕ ਡੂੰਘੀ ਵਿਉਂਤ ਤਹਿਤ ਕਸ਼ਮੀਰ ਪੁੱਜੇ, ਜਿੱਥੇ ਉਨ੍ਹਾਂ ਨੇ ਕਸ਼ਮੀਰ ਤੋਂ ਦਿੱਲੀ ਜਾ ਰਹੇ, ਭਾਰਤੀ ਜਹਾਜ਼ ਨੂੰ ਦਰਬਾਰ ਸਾਹਿਬ ਉਤੇ ਭਾਰਤੀ ਫੌਜ ਦੇ ਹਮਲੇ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਨ ਲਈ ਅਗਵਾ ਕਰ ਲਿਆ, ਪਰ ਕਿਸੇ ਹੋਰ ਵਿਉਂਤ ...ਨੂੰ ਅੰਜਾਮ ਦੇਣ ਲਈ, ਭਾਈ ਖਾਲਸਾ ਨੂੰ ਹਾਈਜੈਕਿੰਗ ਵਿਚ ਸ਼ਾਮਿਲ ਨਾ ਕੀਤਾ ਗਿਆ।

ਜਦ ਕੁਝ ਸਮੇਂ ਬਾਅਦ ਭਾਈ ਖਾਲਸਾ ਨੂੰ ਪਤਾ ਚੱਲਿਆ ਕਿ ਉਨ੍ਹਾਂ ਦੇ ਸਾਥੀ ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿਚ ਸਖ਼ਤ ਤੰਗੀ ਦਾ ਸਾਹਮਣਾ ਕਰ ਰਹੇ ਹਨ, ਅਤੇ ਉਨ੍ਹਾਂ ਦੀ ਮਦਦ ਤੇ ਕੋਈ ਆਗੂ ਕੋਸ਼ਿਸ਼ ਨਹੀਂ ਕਰ ਰਿਹਾ ਤਾਂ ਉਹ ਖੁਦ ਕਿਸੇ ਢੰਗ ਨਾਲ ਕੋਟ 'ਲਖਪਤ ਜੇਲ੍ਹ' ਮੁਲਾਕਾਤ ਲਈ ਜਾ ਪੁੱਜੇ, ਹਾਈਜੈਕਰ ਸਾਥੀਆਂ ਮੁਤਾਬਕ

ਭਾਈ ਖਾਲਸਾ ਪਹਿਲੇ ਸ਼ਖਸ਼ ਸਨ, ਜੋ ਉਨ੍ਹਾਂ ਨੂੰ ਜੇਲ੍ਹ ਵਿਚ ਜਾ ਕੇ ਮਿਲੇ ਸਨ।

ਜੰਮੂ-ਕਸ਼ਮੀਰ, ਦਿੱਲੀ, ਪੰਜਾਬ ਵਿਚ ਕੀਤੀਆਂ ਗਈਆਂ ਕਈ ਅਹਿਮ ਕਾਰਵਾਈਆਂ 'ਚ ਖਾਲਸਾ ਜੀ ਦਾ ਨਾਮ ਆਉਣ ਲੱਗਾ, ਹਾਈਜੈਕ ਕਾਂਡ ਦਾ ਵੀ ਮੁਖ ਮਾਸਟਰ ਮਾਈਂਡ ਭਾਈ ਖਾਲਸਾ ਨੂੰ ਮੰਨਿਆ ਗਿਆ, ਜਿਸ ਤੋਂ ਬਾਅਦ ਦੇਸ਼ ਭਰ ਦੀ ਪੁਲਿਸ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਸਰਗਰਮ ਹੋ ਗਈ, ਆਖਰ ਜਿਸ ਦਾ ਅੰਤ ਹੋਇਆ, ਜੰਮੂ ਕਠੂਆ ਦੇ ਵਿਜੇਪੁਰ ਬਾਰਡਰ ਤੋਂ ਭਾਈ ਖਾਲਸਾ ਤੇ ਭਾਈ ਮੋਹਨ ਸਿੰਘ ਜੰਮੂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਅਖ਼ਬਾਰਾਂ ਨੇ ਵੱਡੀਆਂ-ਵੱਡੀਆਂ ਸਨਸਨੀਖੇਜ਼ ਖ਼ਬਰਾਂ ਛਾਪੀਆਂ।

ਪੰਜ ਮਹੀਨੇ ਵੱਖ-ਵੱਖ ਫੋਰਸਾਂ ਤੇ ਇੰਟੈਲੀਜੈਂਸ ਦੀ ਪੁੱਛ-ਪੜਤਾਲ ਤੋਂ ਬਾਅਦ ਜੰਮੂ ਦੀ ਸੈਂਟਰ ਜੇਲ੍ਹ (ਅੰਬਫਲਾ) ਵਿਖੇ ਭੇਜ ਦਿੱਤਾ ਗਿਆ। ਜੇਲ੍ਹ ਵਿਚ ਕੁਝ ਮੰਗਾਂ ਨੂੰ ਲੈ ਕੇ ਕੈਦੀ ਤੇ ਖਾੜਕੂਬੰਦੀ, ਪ੍ਰੇਸ਼ਾਨ ਸਨ, ਜਿਸ ਲਈ ਭਾਈ ਖਾਲਸਾ ਨਾਲ ਵਿਚਾਰਾਂ ਕੀਤੀਆਂ ਗਈਆਂ ਸਾਰਿਆਂ ਨੇ ਆਪਣਾ ਆਗੂ ਭਾਈ ਖਾਲਸਾ ਨੂੰ ਚੁਣਿਆ ਤੇ ਭਾਈ ਸਾਹਿਬ ਨੇ ਉਲੀਕੀ ਕੈਦੀਆਂ ਦੇ ਹੱਕ 'ਚ ਜੂਝਣ ਦੀ ਰੂਪ-ਰੇਖਾ ਅਤੇ ਕੀਤਾ ਗਿਆ, ਇਕ ਮੋਰਚੇ ਦਾ ਐਲਾਨ ਇਹ 1986 ਦੀ ਗੱਲ ਹੈ।

ਮੁੱਖ ਮੰਗਾਂ ਸਨ - ਪੰਜਾਬ ਦੇ ਖਾੜਕੂਆਂ ਨੂੰ ਜੋ ਤੰਗ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਉਸ ਨੂੰ ਬੰਦ ਕੀਤਾ ਜਾਵੇ ਅਤੇ ਸਾਰੇ ਸਿੰਘਾਂ ਨੂੰ ਜੰਮੂ ਦੇ ਸਿੰਘਾਂ ਨਾਲ ਰੱਖਿਆ ਜਾਵੇ। ਰੋਟੀ ਤੇ ਬਿਸਤਰੇ ਸਾਫ਼ ਤੇ ਵਧੀਆ ਦਿੱਤੇ ਜਾਣ, ਹਿੰਦੂ ਕੈਦੀਆਂ ਲਈ ਜੇਲ੍ਹ ਅੰਦਰ ਇਕ ਮੰਦਰ ਉਸਾਰਿਆ ਜਾਵੇ,... ਆਦਿ। ਬੰਦੀ ਸਿੰਘਾਂ ਤੇ ਹਿੰਦੂ, ਸਿੱਖ, ਮੁਸਲਿਮ, ਈਸਾਈ ਕੈਦੀਆਂ ਵੱਲੋਂ ਭੁੱਖ ਹੜਤਾਲ ਸ਼ੁਰੂ ਕੀਤੀ ਗਈ, ਜਿਸ ਨੂੰ ਤੋੜਨ ਲਈ ਪੁਲਿਸ (ਜੇਲ੍ਹ) ਵੱਲੋਂ ਸੀ.ਆਰ.ਪੀ. ਐਫ. ਦੀ ਮਦਦ ਨਾਲ ਲਾਠੀਚਾਰਜ ਕੀਤਾ ਗਿਆ, ਜਿਸ ਦੇ ਵਿਰੋਧ 'ਚ ਭਾਈ ਖਾਲਸਾ ਨੇ ਜੇਲ੍ਹ 'ਚ ਸੌਣ ਲਈ ਬਣਾਏ ਗਏ ਥੜਿਆਂ ਨੂੰ ਪੁੱਟ ਕੇ ਪੱਥਰਾਵ ਕਰਨ ਅਤੇ ਸੁਰੱਖਿਆ ਫੋਰਸਾਂ ਨੂੰ ਆਪਣੇ ਕਬਜ਼ੇ ਵਿਚ ਲੈ ਲੈਣ ਦੇ ਨਿਰਦੇਸ਼ ਦਿੱਤੇ ਤੇ ਕੁਝ ਸਮੇਂ 'ਚ ਪੂਰੀ ਜੇਲ੍ਹ ਸਿੰਘਾਂ ਦੇ ਕਬਜ਼ੇ 'ਚ ਆ ਗਈ, ਜੇਲ੍ਹ ਦੇ ਐਸ.ਪੀ.ਅੱਲਾ ਬਕਸ਼' ਜਿਨ੍ਹਾਂ ਮੈਜਿਸਟ੍ਰੇਟ (ਜੱਜ) ਨੂੰ ਜੇਲ੍ਹ ਅੰਦਰ ਬੁਲਾ ਕੇ ਮਸਲਾ ਹੱਲ (ਕੰਪਰੋਮਾਈਜ਼) ਕਰਵਾਇਆ, ਭਾਈ ਖਾਲਸਾ ਨੇ ਜੱਜ ਨਾਲ ਗੱਲ ਕੀਤੀ ਤੇ ਆਪਣੀ ਦਲੀਲਾਂ ਨਾਲ ਲਾਜਵਾਬ ਕਰ ਦਿੱਤਾ ਤੇ ਆਖਰ ਸਾਰੀਆਂ ਮੰਗਾਂ ਮਨ ਲਈਆ ਗਈਆਂ। ਹਿੰਦੂਆਂ ਲਈ ਮੰਦਰ ਦੀ ਉਸਾਰੀ ਕੀਤੀ ਗਈ, ਪੰਜਾਬ ਦੇ ਸਿੰਘ ਜੰਮੂ ਦੇ ਸਿੰਘਾਂ ਨਾਲ ਸ਼ਿਫਟ ਕੀਤੇ ਗਏ ਆਦਿ।

ਜਦ ਪੰਜਾਬ ਵਿਚ ਹਰ ਸਟੇਟਾਂ ਦੇ ਖਾੜਕੂ ਸਿੰਘ ਤੇ ਪੰਥਕ ਆਗੂ ਇਕ ਬੈਰਕ 'ਚ ਸ਼ਿਫਟ ਕਰ ਦਿੱਤੇ ਗਏ ਤਾਂ ਕੁਝ ਹੀ ਦਿਨਾਂ ਬਾਅਦ ਦੋ ਆਗੂ ਆਪੋ ਵਿਚ ਉਲਝ ਗਏ ਤੇ ਉਹ ਇਕ ਦੂਜੇ ਤੇ ਗੱਦਾਰੀਆਂ ਦੇ ਇਲਜਾਮ ਲਗਾਉਣ ਲੱਗ ਪਏ, ਭਾਈ ਖਾਲਸਾ

ਨੂੰ ਜਦ ਸਿੰਘਾਂ ਨੇ ਕਿਹਾ ਕਿ ਇਨ੍ਹਾਂ ਨੂੰ ਰੋਕੋ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਤੁਸੀਂ ਅਜੇ ਸੰਘਰਸ਼ ਲੜਨਾ ਹੈ, ਅਤੇ ਇਹ ਸੰਘਰਸ਼ ਦੇ ਆਗੂ ਬਣੇ ਬੈਠੇ ਹਨ, ਇਸ ਲਈ ਆਉਣ ਵਾਲੇ ਖਾੜਕੂ ਇਤਿਹਾਸ ਤੇ ਤੁਹਾਡੀ ਜਾਣਕਾਰੀ ਲਈ ਜ਼ਰੂਰੀ ਹੈ, ਕਿ ਤੁਸੀਂ ਇਨ੍ਹਾਂ ਨੂੰ ਹੱਥੋ-ਹੱਥੀਂ ਨਹੀਂ ਪੈਣ ਦੇਣਾ ਪਰ ਬੋਲਣ ਤੋਂ ਨਹੀਂ ਰੋਕਣਾ ਇਹ ਆਪ ਹੀ ਆਪਣੀਆਂ ਗੱਦਾਰੀਆਂ ਦੇ ਸੌਦੇਬਾਜ਼ੀਆਂ ਦੇ ਪਾਜ ਉਖਾੜ ਕੇ ਸਾਡਾ ਹੋਰ ਹੋਣ ਵਾਲਾ ਘਾਟਾ ਬਚਾ ਦੇਣਗੇ, ਉਸ ਵੇਲੇ ਬੈਰਕ 'ਚ ਭਾਈ ਨਰਿੰਦਰ ਸਿੰਘ ਜੰਮੂ (ਪ੍ਰਿ.) ਤੇ ਮਹਿੰਦਰ ਸਿੰਘ ਪੱਪੀ, ਆਦਿ ਜੰਮੂ ਦੇ ਸਿੰਘ ਬੰਦ ਸਨ ਤੇ ਇਹ ਆਗੂ ਅੱਜ ਵੀ ਆਗੂ ਹੀ ਹਨ। ਉਹਨਾਂ ਲੜਨ ਵਾਲਿਆਂ 'ਚੋਂ ਇਕ ਟਕਸਾਲ ਦਾ ਸੀ ਤੇ ਦੂਜਾ ਅਕਾਲੀ।

ਉਧਰ ਜੇਲ੍ਹ ਬ੍ਰੇਕ ਕਾਂਡ ਦੀ ਤਹਿਕੀਕਾਤ ਹੋਣ ਤੇ ਭਾਈ ਖਾਲਸਾ ਨੂੰ ਹੀ ਮੁੱਖ ਦੋਸ਼ੀ ਕਰਾਰ ਦਿੰਦਿਆਂ ਜੰਮੂ ਜੇਲ੍ਹ 'ਚੋਂ ਬਦਲ ਕੇ ਭੱਦਰਵਾਹ ਦੇ ਸਦੀਆਂ ਪੁਰਾਣੇ ਖੰਡਰ ਰੂਪੀ ਕਿਲ੍ਹੇ (ਜੇਲ੍ਹ) 'ਚ ਬੰਦ ਕਰ ਦਿੱਤਾ ਗਿਆ। ਛੇ ਮਹੀਨੇ ਉਥੇ ਰੱਖਣ ਤੋਂ ਬਾਅਦ ਮੁੜ ਜੰਮੂ ਸੈਂਟਰ ਜੇਲ੍ਹ ਭੇਜ ਦਿੱਤਾ ਗਿਆ ਜਿਥੇ ਜੇਲ੍ਹ ਅੰਦਰ ਹੀ ਸਪੈਸ਼ਲ ਅਦਾਲਤ ਅਧੀਨ 'ਦੇਸ਼ ਧ੍ਰੋਹ ਦੇ ਕਈ ਕੇਸ ਚਲਾਏ ਗਏ, ਭਾਈ ਖਾਲਸਾ ਐਲ.ਐਲ.ਬੀ. ਪਾਸ ਹੋਣ ਕਰਕੇ ਆਪਣੇ ਕੇਸਾਂ ਦੀ ਪੈਰਵੀ ਆਪ ਕਰਦੇ ਸੀ, ਭਾਈ ਸਾਹਿਬ ਦੀ ਦਲੀਲਾਂ ਨੇ ਜੱਜ ਨੂੰ ਮੰਤਰ ਮੁਗੱਧ ਕਰ ਦਿੱਤਾ ਅਤੇ ਉਨ੍ਹਾਂ ਨੇ ਭਾਈ ਸਾਹਿਬ ਨੂੰ ਜਮਾਨਤਾਂ ਤੇ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ, ਪਰ ਸਰਕਾਰ ਨੂੰ ਇਹ ਫੈਸਲਾ ਮੰਜ਼ੂਰ ਨਹੀਂ ਸੀ, ਇਸ ਲਈ ਭਾਈ ਸਾਹਿਬ ਨੂੰ ਛੱਡਣ ਤੋਂ ਪਹਿਲਾਂ ਹੀ ਪੀ.ਐਸ.ਏ. (ਪਬਲਿਕ ਸੇਫਟੀ ਐਕਟ) ਤਹਿਤ ਮੁੜ ਦੋ ਸਾਲ ਲਈ ਜੇਲ੍ਹ 'ਚ ਬੰਦ ਕਰ ਦਿੱਤਾ, ਪਰ 1988 ਦੇ ਅਖ਼ੀਰ 'ਚ ਭਾਈ ਸਾਹਿਬ ਦੀ ਹਾਈਕੋਰਟ ਦੇ ਹੁਕਮ ਤੋਂ ਬਾਅਦ ਰਿਹਾਈ ਹੋਈ।

ਰਿਹਾਈ ਤੋਂ ਬਾਅਦ ਮੁੜ ਫੈਡਰੇਸ਼ਨ ਦੀਆਂ ਬੈਠਕਾਂ ਹੋਣ ਲੱਗੀਆਂ ਪੰਜਾਬ ਤੋਂ ਅਕਾਲੀ ਲੀਡਰ ਤੇ ਫੈਡਰੇਸ਼ਨ ਆਗੂ ਤੇ ਵਰਕਰ ਮਿਲਣ ਆਉਣ ਲੱਗੇ, ਝੋਲੀ ਚੁੱਕ ਤੇ ਅਖੌਤੀ ਪੰਥਕ ਆਗੂ ਪ੍ਰੇਸ਼ਾਨ ਸਨ ਉਨ੍ਹਾਂ ਵੱਲੋਂ ਲੱਖ ਯਤਨ ਕਰਨ ਦੇ ਬਾਵਜੂਦ ਵੀ ਕੌਮ ਨੇ ਉਨ੍ਹਾਂ ਨੂੰ ਸਵੀਕਾਰ ਨਹੀਂ ਸੀ ਕੀਤਾ। 1989, 13 ਜਨਵਰੀ ਦਾ ਸ਼ਹੀਦੀ ਸਾਕਾ ਹੋ ਗਿਆ, ਜਿਸ ਵਿਚ 13 ਸਿੱਖ ਸ਼ਹੀਦ ਹੋਏ, ਗੁਰਦੁਆਰਿਆਂ ਦੀ ਸਾੜ-ਫੂਕ ਕੀਤੀ ਗਈ, ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਾਂ ਕੀਤੀ ਗਈ ਸਾਰੇ ਅਕਾਲੀ ਤੇ ਹੋਰ ਲੀਡਰ ਮੂਕ ਦਰਸ਼ਕ ਬਣੇ ਵੇਖਦੇ ਰਹੇ, ਆਖ਼ਰ ਇਸ ਕਤਲ ਕਾਂਡ ਦੇ ਦੋਸ਼ੀਆਂ ਨੂੰ ਸਲਾਖਾਂ ਪਿਛੇ ਧਕੇਲਨ ਲਈ ਖਾਲਸਾ ਜੀ ਨੇ ਕੇਸ ਦੀ ਫਾਈਲ ਆਪਣੇ ਹੱਥਾਂ 'ਚ ਲਈ ਤੇ ਹੁਣ ਕਾਨੂੰਨੀ ਲੜਾਈ ਲੜਨ ਲਈ ਕਮਰਕਸਾ ਕਰ ਲਿਆ ਤੇ ਮੈਦਾਨ 'ਚ ਉਤਰ ਪਏ।

ਜੰਮੂ ਸ਼ਹਿਰ 'ਚ ਕਈ ਗੋਲੀਕਾਂਡ ਤੇ ਬੰਬ ਧਮਾਕੇ ਹੋਏ, ਸਿੱਖ ਨੌਜਵਾਨ ਹਥਿਆਰਬੰਦ ਸੰਘਰਸ਼ ਵੱਲ ਵਧਣ ਲੱਗੇ, ਸਰਕਾਰ ਭਾਈ ਖਾਲਸਾ ਤੇ ਸਖ਼ਤ ਪਹਿਰੇਦਾਰੀ ਕਰ ਰਹੀ ਸੀ, ਕਿਉਂਕਿ ਭਾਈ ਖਾਲਸਾ ਦੇ ਕਈ ਕਰੀਬੀ ਸਾਥੀ ਹਥਿਆਰਬੰਦ ਸੰਘਰਸ਼ ਦਾ ਹਿੱਸਾ

ਬਣ ਚੁੱਕੇ ਸਨ, ਭਾਈ ਖਾਲਸਾ ਮੁੜ-ਮੁੜ ਆਪਣੇ ਸਾਥੀਆਂ ਨੂੰ ਕਹਿ ਰਹੇ ਸਨ ਕਿ ਸਾਡੇ ਕੋਲ ਹਥਿਆਰਬੰਦ ਸੰਘਰਸ਼ ਵਡੇਰਾ (ਲੰਮਾਂ) ਲੜਨ ਲਈ ਸਾਧਨਾਂ ਦੀ ਘਾਟ ਹੈ, ਸੀਨੀਅਰ ਤੇ ਸੂਝ-ਬੂਝ ਵਾਲੇ ਆਗੂਆਂ ਦੀ ਜ਼ਿੰਮੇਵਾਰੀ ਬਣਦੀ ਹੈ, ਕਿ ਉਹ ਨੌਜਵਾਨਾਂ ਨੂੰ ਔਖੀ ਘੜੀ 'ਚ ਸੇਧ ਦੇਣ ਲਈ ਅਪਣਾ ਆਪ ਬਚਾਅ ਕੇ ਵਿਚਰਨ, ਇਸ 'ਚ ਹੀ ਪੰਥ ਦੀ ਭਲਾਈ ਹੈ।

ਅਚਾਨਕ ਇਕ ਦਿਨ ਭਾਈ ਸਾਹਿਬ ਆਪਣੇ ਘਰ ਨੇੜੇ ਗੁਰੂ ਨਾਨਕ ਨਗਰ ਵਿਚ ਦਵਾਈ ਲੈਣ ਗਏ ਹੋਏ ਸਨ, ਜਿਸ ਵੇਲੇ ਉਨ੍ਹਾਂ ਤੇ ਘਾਤ ਲਾ ਕੇ ਹਮਲਾ ਕੀਤਾ ਗਿਆ, ਭਾਈ ਸਾਹਿਬ ਜ਼ਖਮੀਂ ਤਾਂ ਹੋਏ, ਪਰ ਹਮਲਾਵਰ ਦੀ ਪਛਾਣ ਹੋ ਗਈ, ਦੋਸ਼ੀ ਨੌਜਵਾਨ, ਵੱਲੋਂ ਭਾਈ ਸਾਹਿਬ ਤੋਂ ਮਾਫ਼ੀ ਮੰਗਣ ਅਤੇ ਅਸਲੀ ਦੋਸ਼ੀ ਬਾਰੇ ਦੱਸਣ ਤੇ ਉਸ ਨੂੰ ਮਾਫ਼ ਕਰ ਦਿੱਤਾ ਗਿਆ ਤੇ ਕੋਈ ਕੇਸ ਵੀ ਦਰਜ ਨਹੀਂ ਕਰਵਾਇਆ, ਪਰ ਅਸਲ ਦੋਸ਼ੀ ਨੂੰ ਸੋਧਣ ਲਈ ਜਦ ਖਾੜਕੂ ਸਿੰਘਾਂ ਨੇ ਭਾਈ ਸਾਹਿਬ ਤੋਂ ਹੁਕਮ ਮੰਗਿਆ ਤਾਂ ਉਨ੍ਹਾਂ ਦਾ ਜਵਾਬ ਸੀ "ਬਾਬਾ ਭਿੰਡਰਾਂਵਾਲਿਆਂ ਵੇਲੇ ਐਸੇ ਕਈ ਵਾਕਿਆ ਹੋਏ, ਪਰ ਸੰਤਾਂ ਨੇ ਹਰ ਵਾਰੀ ਭਰਾ ਮਾਰੂ ਜੰਗ ਨੂੰ ਟਾਲਦਿਆਂ ਇਹੀ ਕਿਹਾ ਕਿ ਦੁਸ਼ਮਣ ਤਾਂ ਇਹੀ ਚਾਹੁੰਦਾ ਹੈ" ਭਾਈ ਸਾਹਿਬ ਮੁੜ ਠੀਕ ਹੋ ਕੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਜੁੱਟ ਪਏ, ਸਰਕਾਰ ਨੇ ਭਾਈ ਸਾਹਿਬ ਦਾ ਲੋਕਾਂ ਦੇ ਦਿਲਾਂ 'ਚ ਸਤਿਕਾਰ ਦਾ ਅਨੁਮਾਨ ਲਗਾ ਲਿਆ ਸੀ, ਇਸ ਲਈ ਭਾਈ ਖਾਲਸਾ ਨੂੰ ਸਰਕਾਰੀ ਗੋਲੀ ਦੀ ਥਾਂ ਆਪਣੇ ਝੋਲੀ ਚੁਕਾ ਰਾਹੀਂ ਸ਼ਹੀਦ ਕਰਵਾਉਣਾ ਠੀਕ ਲੱਗਾ ਅਤੇ ਉਹੀ ਝੋਲੀ ਚੁੱਕ ਜਿਸ ਨੂੰ ਇਹ ਕਹਿ ਕੇ "ਕਿ ਅਸੀਂ ਭਰਾ ਮਾਰੂ ਜੰਗ ਦੇ ਦੋਸ਼ੀ ਨਹੀਂ ਬਣਨਾ, ਮਾਫ਼ ਕਰ ਦਿੱਤਾ ਸੀ।

ਪੰਜਾਬ ਤੋਂ ਦੋ ਸਿੰਘ ਖਾੜਕੂ ਜੰਮੂ ਸ਼ਸਤਰ ਲੈਣ ਪੁੱਜੇ ਹੋਏ ਸਨ, ਜਿਨ੍ਹਾਂ ਨੂੰ ਇਕ ਗੱਦਾਰ ਸ਼ਤਰੰਜ ਦੇ ਮੋਹਰਿਆਂ ਵਾਂਗ ਵਰਤ ਗਿਆ, 28 ਦਸੰਬਰ 1991 ਦੇ ਅਭਾਗੇ ਦਿਨ ਜੰਮੂ ਕਸ਼ਮੀਰ ਦੇ ਨੌਜਵਾਨਾਂ ਦੀ ਉਮੀਦ ਦਾ ਇਕੋ ਇਕ ਥੰਮ ਜਿਸ ਨੂੰ ਡੇਗ ਦਿੱਤਾ ਗਿਆ, ਜਦ ਉਨ੍ਹਾਂ ਅਨਜਾਣ ਕਾਤਲ ਨੌਜਵਾਨਾਂ ਨੂੰ ਪਤਾ ਲੱਗਾ ਬਹੁਤ ਦੇਰ ਹੋ ਚੁੱਕੀ, ਕਿ ਉਹ ਕਿੰਨੀ ਵੱਡੀ ਭੁੱਲ ਕਰ ਬੈਠੇ ਹਨ।

'ਇਤਿਹਾਸ ਕੀ ਨਜ਼ਰੋਂ ਨੇ ਵੋਹ ਦੌਰ ਭੀ ਦੇਖੇ ਹੈਂ,
ਲਮਹੋਂ ਨੇ ਖ਼ਤਾ ਕੀ, ਸਦੀਓਂ ਨੇ ਸਜ਼ਾ ਪਾਈ ਹੈ,

ਭਾਈ ਖਾਲਸਾ ਦੀ ਸ਼ਹਾਦਤ ਨਿਰਾ ਜੰਮੂ ਕਸ਼ਮੀਰ ਹੀ ਨਹੀਂ ਸਮੁੱਚੀ ਕੌਮ ਲਈ ਵੱਡਾ ਘਾਟਾ ਸੀ, ਜੰਮੂ ਦੇ ਲੋਕ ਕਹਿ ਰਹੇ ਸਨ ਕਿ "ਰਾਜਾ ਰਣਵੀਰ ਸਿਓ" ਤੋਂ ਬਾਅਦ ਭਾਈ ਖਾਲਸਾ ਦੂਜਾ ਐਸਾ ਬੰਦਾ ਹੈ, ਜਿਸ ਦੇ ਸੰਸਕਾਰ ਤੇ 20 ਹਜ਼ਾਰ ਤੋਂ ਵੱਧ ਲੋਕ ਸ਼ਾਮਿਲ ਹੋਏ ਹਨ। ਭੋਗ ਤੇ ਪੁੱਜੇ ਪੰਜਾਬ ਤੋਂ ਫੈਡਰੇਸ਼ਨ ਆਗੂਆਂ ਨੇ ਕਿਹਾ ਕਿ "ਅੱਜ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਦਾ ਕਤਲ ਹੋਇਆ ਹੈ"।

ਮੇਰਾ (ਲੇਖਕ ਮਨਮੋਹਨ ਸਿੰਘ ਜੰਮੂ ਦਾ) ਮੰਨਣਾ ਹੈ ਕਿ ਸੰਘਰਸ਼ ਨੂੰ ਬਾਬਾ ਜਰਨੈਲ

ਸਿੰਘ ਭਿੰਡਰਾਂਵਾਲਿਆਂ ਵੱਲੋਂ ਬਖਸ਼ੀ ਗਈ ਨੀਤੀ ਤਹਿਤ ਇਮਾਨਦਾਰ ਦੂਰ ਅੰਦੇਸ਼ ਅਤੇ ਸਮਰਪਿਤ ਦੀ ਭਾਵਨਾ ਨਾਲ ਸੰਘਰਸ਼ ਲੜਨ ਵਾਲੇ ਭਾਈ ਖਾਲਸਾ ਦਾ ਕਤਲ ਦੂਜੇ ਭਾਈ ਸੰਧੂ ਦਾ ਕਤਲ ਕਿਹਾ ਜਾ ਸਕਦਾ ਹੈ। ਜੰਮੂ ਤੋਂ ਭਾਈ ਜਸਪਾਲ ਸਿੰਘ ਮੰਗਲ ਅਕਾਲੀ ਦਲ (ਮਾਨ) ਦਾ ਕਹਿਣਾ ਹੈ ਕਿ ਜੰਮੂ ਦੇ ਲੋਕਾਂ ਨੂੰ ਅਜੇ ਤੱਕ ਪਤਾ ਹੀ ਨਹੀਂ ਕਿ ਭਾ. ਖਾਲਸੇ ਦੇ ਰੂਪ ਵਿਚ ਉਨ੍ਹਾਂ ਤੋਂ ਕਿੰਨੀ ਵੱਡੀ ਸ਼ਖਸੀਅਤ ਖੋਹ ਲਈ ਗਈ ਹੈ।

"ਭਾਈ ਖਾਲਸਾ ਜੀ ਦੇ ਨਾਲ ਹੀ ਸੰਘਰਸ਼ ਦੇ ਇਕ ਅਧਿਆਇ ਦਾ ਅੰਤ ਹੋ ਗਿਆ" ਜਦ ਮੈਂ ਜੀਵਨੀ ਲਿਖਣ ਤੇ ਹੋਰ ਜਾਣਕਾਰੀ ਲੈਣ ਲਈ ਉਨ੍ਹਾਂ ਦੇ ਘਰ ਪੁੱਜਿਆ, ਤਾਂ ਉਨ੍ਹਾਂ ਦੇ ਪਰਿਵਾਰ ਨੇ ਪੁੱਛਿਆ ਕਿ ਅੱਜ ਪੰਦਰਾਂ ਸਾਲਾਂ ਬਾਅਦ ਕਿਵੇਂ ਯਾਦ ਆ ਗਈ ? ਅਫਸੋਸ ਕਿ ਇਹ ਕੰਮ ਬਹੁਤ ਪਹਿਲਾਂ ਹੋਣਾ ਚਾਹੀਦਾ ਸੀ। ਪਰਿਵਾਰ ਨੂੰ ਮਿਲਣ, ਸ੍ਰ. ਸਿਮਰਨਜੀਤ ਸਿੰਘ ਮਾਨ, ਭਾਈ ਦਲਜੀਤ ਸਿੰਘ ਬਿੱਟੂ ਸ. ਅਤਿੰਦਰਪਾਲ ਸਿੰਘ, ਮਿਲਨ ਆਏ ਅਤੇ ਭਾਈ ਸਾਹਿਬ ਦੇ ਸਾਥੀ ਹਾਈਜੈਕਰਾਂ ਨੇ ਸਵਿਟਰਜ਼ਰਲੈਂਡ ਦੇ ਗੁਰਦੁਆਰਾ ਸਾਹਿਬ 'ਚ ਇਸ ਯੋਧੇ ਦੀ ਭੈਣ (ਜੀ) ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ, ਹੁਣ ਆਖਰ 'ਚ ਮੈਨੂੰ ਇਹ ਕਹਿਣ 'ਚ ਕੋਈ ਸੰਕੋਚ ਨਹੀਂ ਕਿ ਭਾਈ ਖਾਲਸਾ ਵਰਗਾ ਕੋਈ ਆਗੂ ਜੰਮੂ-ਕਸ਼ਮੀਰ 'ਚ ਅੱਜ ਸਾਡੇ ਵਿਚ ਮਜੂਦ ਹੁੰਦਾ, ਤਾਂ ਅਸੀਂ ਜੇਲ੍ਹਾਂ ਵਿਚ ਬਚਪਣ ਕੱਟਣ ਤੋਂ ਬਾਅਦ ਅੱਜ ਥਾਣਿਆਂ ਕਚਹਿਰੀਆਂ 'ਚ ਹਾਜ਼ਰੀਆਂ ਭਰਨ ਅਤੇ ਟੱਕੇ-ਟੱਕੇ ਦੇ ਅਖੌਤੀ ਧਾਰਮਿਕ ਆਗੂਆਂ ਵੱਲ ਵੇਖਣ ਲਈ ਮਜ਼ਬੂਰ ਤੇ ਜਲੀਲ ਨਾ ਹੁੰਦੇ, ਜੋ ਤੁਧ ਭਾਵੈ ਸਾਈ ਭਲੀਕਾਰ।"

ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ,
ਮੇਰੇ ਲਹੂ ਦਾ ਕੇਸਰ ਰੇਤੇ,
'ਚ ਨਾ ਰਲਾਇਓ।

■ ■ ■

ਭਾਈ ਗੁਰਦੀਪ ਸਿਘ ਨੇਪਾਲੀ

ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਲੋਕ ਸੂਰਜ ਦੇ ਛਿਪਣ ਨਾਲ ਹੀ ਉਸ ਦੀ ਰੌਸ਼ਨੀ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ, ਜਿਵੇਂ ਕੱਲ੍ਹ ਦਾ ਸੂਰਜ ਮੁੜ ਕੇ ਚੜ੍ਹਨਾ ਹੀ ਨਹੀਂ ਹੁੰਦਾ, ਜਦੋਂ ਕਿ ਡੁੱਬਦਾ ਸੂਰਜ ਹਮੇਸ਼ਾਂ ਨਵੀਂ ਸਵੇਰ ਦਾ ਜਾਮਨ ਹੁੰਦਾ ਹੈ। 'ਖਾਲਸਾ ਰਾਜ' ਦੇ ਸੁਨਹਿਰੇ ਭਵਿੱਖ ਲਈ ਜੀਵਨ ਭਰ ਸੰਘਰਸ਼ ਕਰਦਾ ਅਤੇ 20ਵੀਂ ਸਦੀ ਦੀ ਸਿੱਖ-ਹਿੰਦ ਜੰਗ ਦੇ ਆਖ਼ਰੀ-ਪੜ੍ਹਾਅ ਤੇ ਸਿੱਖ ਸੰਘਰਸ਼ ਦੀ ਢਲਦੀ ਸ਼ਾਮ ਨੂੰ ਨਵੀਂ ਸਵੇਰ ਦੀ ਆਸ ਦੇ ਕੇ ਇਸ ਜਹਾਨੇ ਫਾਨੀ ਨੂੰ ਅਲਵਿਦਾ ਕਹਿ ਗਿਆ, ਕੌਮੀ ਸੰਘਰਸ਼ ਦੀ ਰੀੜ੍ਹ ਦੀ ਹੱਡੀ ਜਾਣਿਆ ਜਾਂਦਾ ਵੀਰ ਗੁਰਦੀਪ ਸਿੰਘ ਨੇਪਾਲੀ, ਉਰਫ ਹਰਬੰਸ ਸਿੰਘ ਜੰਮੂ।

ਇਸ ਮਹਾਨ ਯੋਧੇ ਦੀ ਬਹਾਦਰੀ ਭਰੀਆਂ ਗਾਥਾਵਾਂ ਦਾ ਕੋਈ ਅੰਤ ਨਹੀਂ ਸਿੱਖ ਸੰਘਰਸ਼ ਵਿਚ ਜੂਝ ਰਹੀਆਂ ਲਗਭੱਗ ਸਾਰੀਆਂ ਹੀ ਖਾੜਕੂ ਜਥੇਬੰਦੀਆਂ ਲਈ ਇਕੋ ਜਿਹਾ ਸਤਿਕਾਰ ਰੱਖਦੇ, ਭਾਈ ਗੁਰਦੀਪ ਸਿੰਘ ਨੇ ਹਰ ਜਥੇਬੰਦੀ ਲਈ ਆਪਣੀ ਜਾਨ, ਕੌਮ ਦੀ ਅਮਾਨਤ ਸਮਝੀ, ਇਸ ਜਾਨ ਨੂੰ ਇਕ ਵਾਰ ਨਹੀਂ, ਸੈਂਕੜਿਆਂ ਵਾਰੀ ਮੌਤ ਦੇ ਮੂੰਹ ਵਿਚ ਪਾਉਂਦਿਆਂ ਖਾੜਕੂ ਆਗੂਆਂ ਦੀ ਮੱਦਦ 'ਚ ਪੁੱਜਦੇ ਰਹੇ, ਪੰਥਕ ਦਰਦ ਨਾਲ ਲਬਰੇਜ ਇਸ ਯੋਧੇ ਦੇ ਸਿਰ ਤੇ ਅਕਾਲ ਪੁਰਖ ਦੀਆਂ ਰੱਖਾਂ ਰਹੀਆਂ।

ਭਾਈ ਨਿਪਾਲੀ ਦਿਨ ਦਾ ਅਰਾਮ ਰਾਤਾਂ ਦੀ ਨੀਂਦ ਸਭ ਤਿਆਗ ਜੰਗਲ ਬੇਲੇ ਬੀਆਬਾਨ ਉਜਾੜੇ ਵੱਲ ਮੰਨ ਮੰਦਰ ਵਿਚ ਉਕਰੇ ਖਾਲਸਾ ਰਾਜ ਦੀ ਪ੍ਰਾਪਤੀ ਦੇ ਸੰਕਲਪ ਨੂੰ ਲੈ ਕੇ ਨਿਰੰਤਰ ਵੱਧਦਾ ਗਿਆ। ਜੰਮੂ ਕਸ਼ਮੀਰ ਦੀ ਧਰਤੀ ਦੇ ਉਸ ਟੁਕੜੇ ਤੇ ਖਾਲਸਾ ਪੰਥ ਨੂੰ ਹਮੇਸ਼ਾਂ ਨਾਜ਼ ਰਹੇਗਾ ਜਿੱਥੇ ਇਸ ਯੋਧੇ ਨੇ 'ਮਾਤਾ ਸਤਵੰਤ ਕੌਰ ਦੀ ਸੁਲੱਖਣੀ ਕੁੱਖ 'ਚੋਂ ਜਨਮ ਲੈ ਕੇ ਪਿਤਾ ਸ੍ਰ. ਅਵਤਾਰ ਸਿੰਘ ਦਾ ਘਰ ਰੁਸ਼ਨਾਇਆ, ਜਨਮ 1957 ਨੂੰ ਰਣਬੀਰ ਸਿੰਘ ਪੁਰਾ, ਜੰਮੂ ਵਿਖੇ ਹੋਇਆ।

1980 ਵਿਚ ਭਾਈ ਗੁਰਦੀਪ ਸਿੰਘ ਦਾ ਮੇਲ (ਸ਼ਹੀਦ) ਭਾ. ਅਵਤਾਰ ਸਿੰਘ ਖਾਲਸਾ ਨਾਲ ਹੋਇਆ ਜਿਨ੍ਹਾਂ ਦੀ ਅਗਵਾਈ ਵਿਚ ਜੰਮੂ-ਕਸ਼ਮੀਰ ਵਿਖੇ ਪੰਜਾਬ ਵਿਚ ਚੱਲ ਰਹੇ, ਸਿੱਖ ਸੰਘਰਸ਼ ਲਈ ਤਕੜਾ ਅਧਾਰ ਪੈਦਾ ਹੋ ਚੁੱਕਿਆ ਸੀ, ਭਾਈ ਗੁਰਦੀਪ ਸਿੰਘ ਦਾ ਭਾਈ ਖਾਲਸਾ ਰਾਹੀਂ ਮੇਲ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਹੋਇਆ ਅਤੇ ਇਸ ਚੁੰਬਕੀ ਮੇਲ ਦੀ ਖਿੱਚ ਨੇ ਸੰਘਰਸ਼ ਵੱਲ ਪ੍ਰੇਰਿਤ ਕਰ ਦਿੱਤਾ। ਪਿੰਡ

ਦੇ ਲੋਕਾਂ ਅਤੇ ਹੋਰ ਸਾਥੀਆਂ ਤੋਂ ਪੁੱਛਣ ਤੇ ਉਹਨਾਂ ਦਾ ਤਕਰੀਬਨ ਇਕੋ ਜਿਹਾ ਵਿਚਾਰ ਸੀ ਕਿ ਭਾਈ ਨੇਪਾਲੀ ਵਰਗਾ ਨਿਰਭਉ ਤੇ ਨਿਰਵੈਰ ਯੋਧਾ ਨਹੀਂ ਵੇਖਿਆ, ਰੱਜਦੇ-ਪੁੱਜਦੇ ਘਰ ਦਾ ਹੁੰਦਿਆਂ ਵੀ ਭਾਈ ਸਾਹਿਬ ਵਿਚ ਕੋਈ ਹੈਂਕੜ ਗੁਮਾਨ ਨਹੀਂ ਸੀ, ਉਹਨਾਂ ਦੇ ਸ਼ਹਿਰ ਵਿਚੋਂ ਇਕ ਪੜ੍ਹੇ-ਲਿਖੇ ਸਕੂਲੀ ਸਾਥੀ ਮੁਤਾਬਿਕ ਇਕ ਵਾਰ, ਕਿਸੇ ਬੰਦੇ ਨੂੰ ਪੈਸਿਆਂ ਦੀ ਸਖ਼ਤ ਜ਼ਰੂਰਤ ਸੀ, ਗਰੀਬ ਤੇ ਮਜ਼ਬੂਰ, ਕਿਤੇ ਕੋਈ ਸਹਾਇਤਾ ਨਾ ਮਿਲਨ ਕਰਕੇ, ਉਹ ਬੰਦਾ ਬੜੀ ਪ੍ਰੇਸ਼ਾਨੀ ਅਤੇ ਨਿਰਾਸ਼ਤਾ ਦੀ ਹਾਲਤ ਵਿਚ ਭਾਈ ਨੇਪਾਲੀ ਨੂੰ ਮਿਲਿਆ ਭਾਈ ਸਾਹਿਬ ਦੇ ਪਾਸ ਪੂਰੇ ਪੈਸੇ ਨਹੀਂ ਸਨ, ਇਸ ਲਈ ਉਹਨਾਂ ਨੇ ਪੈਸਿਆਂ ਦੇ ਨਾਲ-ਨਾਲ ਆਪਣੀ ਕੀਮਤੀ ਘੜੀ ਵੀ ਉਸ ਆਦਮੀ ਨੂੰ ਦੇ ਦਿੱਤੀ, ਉਹ ਆਦਮੀ ਹਿੰਦੂ ਵੀਰ ਸੀ।

ਇਕ ਦਇਆਵਾਨ ਤੋਂ ਇਲਾਵਾ ਜੁਝਾਰੂ ਵਿਰਤੀ ਦੀ ਗਵਾਹੀ ਭਰਦੀ ਘਟਨਾ, ਇਸ ਤਰ੍ਹਾਂ ਹੈ ਮਹਿੰਦਰ ਸਿੰਘ ਪੱਪੀ ਜੋ ਉਹਨਾਂ ਦਿਨਾਂ ਵਿਚ ਪੁਲਿਸ ਵਧੀਕੀਆਂ ਤੋਂ ਤੰਗ ਆ ਕੇ ਨਵਾਂ-ਨਵਾਂ ਖਾੜਕੂਆਂ ਦੇ ਸੰਪਰਕ ਵਿਚ ਆਇਆ ਸੀ, ਉਹ ਭਾਈ ਸਾਹਿਬ ਤੋਂ ਕੁਝ ਸ਼ਸ਼ਤਰ ਇਹ ਕਹਿਕੇ ਲੈ ਗਿਆ ਕਿ ਕਿਸੇ ਪੰਥ ਦੋਖੀ (ਮੁਖਬਰ) ਨੂੰ ਸੋਧਨਾ ਹੈ। ਪਰ ਭਾਈ ਸਾਹਿਬ ਨੂੰ ਸੂਹ ਮਿਲ ਗਈ ਕਿ ਇਨ੍ਹਾਂ ਹਥਿਆਰਾਂ ਦਾ ਉਪਯੋਗ ਕਿਸੇ ਨਿੱਜੀ ਕਿੜ ਕੱਢਣ ਲਈ ਹੋ ਰਿਹਾ ਹੈ, ਨਾ ਕਿ ਕੌਮੀ ਕਾਰਜ ਲਈ ਅਤੇ ਨਾਲ ਹੀ ਪੱਪੀ ਦੀ ਨੀਯਤ ਸ਼ਸ਼ਤਰ ਵਾਪਸ ਨਾ ਮੋੜਣ ਦੀ ਹੈ। ਭਾਈ ਸਾਹਿਬ ਨੇ ਪੱਪੀ ਨੂੰ ਜਾ ਘੇਰਿਆ ਅਤੇ ਸ਼ਸ਼ਤਰ ਦੀ ਵਰਤੋਂ ਸੰਬੰਧੀ ਆਪਣੀ ਨੀਤੀ ਸਪੱਸ਼ਟ ਕਰਦਿਆਂ ਕਿਹਾ, "ਇਹ ਸ਼ਸ਼ਤਰ ਮਨੁੱਖਤਾ ਦੇ ਭਲੇ ਲਈ, ਪੰਥਕ ਨੀਤੀਆਂ ਮੁਤਾਬਿਕ, ਦੋਖੀਆਂ ਨੂੰ ਸੋਧਣ ਲਈ ਵਰਤੇ ਜਾ ਸਕਦੇ ਹਨ, ਨਿਜੀ ਕਿੜ੍ਹ ਕੱਢਣ ਲਈ ਜਾ ਘਰੇਲੂ ਝਗੜਿਆਂ ਵਿਚ ਕਿਸੇ ਨੂੰ ਡਰਾਉਣ ਧਮਕਾਉਣ ਲਈ ਨਹੀਂ।"

ਪੱਪੀ ਨੂੰ ਆਪਣੀ ਗਲਤੀ ਦੇ ਅਹਿਸਾਸ ਦੇ ਨਾਲ-ਨਾਲ ਸਿੱਖ ਸੰਘਰਸ਼ ਦੇ ਨਿਸ਼ਾਨਿਆਂ ਦਾ ਵੀ ਪਤਾ ਲਗ ਗਿਆ। ਭਾਈ ਸਾਹਿਬ ਨੇ ਅਨੇਕਾਂ ਜਥੇਬੰਦੀਆਂ ਤੇ ਖਾੜਕੂਆਂ ਨਾਲ ਵਿਚਰਨ ਤੋਂ ਇਲਾਵਾ ਲੰਮਾ-ਸਮਾਂ ਬਾਬਾ ਗੁਰਬਚਨ ਸਿੰਘ, ਮਾਨੋਚਾਲ, ਬੀ.ਟੀ.ਐਫ. ਨਾਲ ਸੇਵਾ ਵੀ ਕੀਤੀ ਅਤੇ ਪਾਰਟੀ ਜਾ ਗਰੁੱਪ ਬਾਜੀ ਤੋਂ ਦੂਰ ਰਹੇ, ਇਹੀ ਕਾਰਣ ਸਨ ਕਿ ਆਪ ਜੀ ਦਾ ਸਤਿਕਾਰ ਫੈਡਰੇਸ਼ਨ ਤੇ ਹੋਰ ਖਾੜਕੂ ਆਗੂ ਵੀ ਕਰਦੇ ਸਨ ਅਤੇ ਕਰਦੇ ਹਨ। ਭਾਈ ਸਾਹਿਬ ਨੇ 1983 ਵਿਚ ਸੰਘਰਸ਼ 'ਚ ਯੋਗਦਾਨ ਪਾਉਣਾ ਆਰੰਭ ਕੀਤਾ, ਆਪ ਜੀ ਦੀ ਮੁੱਖ ਜ਼ਿੰਮੇਵਾਰੀ ਕਸ਼ਮੀਰ ਅਤੇ ਹੋਰ ਦੇਸ਼ਾ-ਵਿਦੇਸ਼ਾਂ ਤੋਂ ਹਥਿਆਰ ਖਰੀਦ ਕੇ ਜਥੇਬੰਦੀਆਂ ਨੂੰ ਦੇਸ਼ ਪੰਜਾਬ ਵਿਖੇ ਪਹੁੰਚਾਉਣਾ ਹੁੰਦਾ ਸੀ, ਅਤੇ ਇਹ ਸੇਵਾ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਭਾਈ ਸਾਹਿਬ ਦੀ ਆਪ ਵਿਸ਼ੇਸ਼ ਤੌਰ 'ਤੇ ਲਾਈ ਸੀ। ਬਾਬਾ ਮਾਨੋਚਾਲ ਦੀ ਸ਼ਹਾਦਤ ਤੋਂ ਬਾਅਦ ਜੰਮੂ ਵਿਖੇ ਖਾੜਕੂ ਜਦੋਂ-ਜਹਿਦ ਵਿਚ ਜੂਝ ਰਹੇ ਨੌਜਵਾਨਾਂ ਨਾਲ ਭਾਈ ਸਾਹਿਬ ਨੇ ਵਿਚਾਰਾਂ

ਕੀਤੀਆਂ, ਪੰਜਾਬ ਵਿਚ ਇਸ ਵੇਲੇ ਖਾੜਕੂ ਲਹਿਰ ਦਾ ਪੱਤਣ ਸ਼ੁਰੂ ਹੋ ਚੁੱਕਿਆ ਸੀ, ਪਰ ਜੰਮੂ ਦੇ ਨੌਜਵਾਨਾਂ ਦੀ ਰੁਚੀ ਸੰਘਰਸ਼ ਵੱਲ ਬੜੀ ਤੀਬਰ ਗਤੀ ਨਾਲ ਵਧ ਰਹੀ ਸੀ, ਭਾਈ ਸਾਹਿਬ ਸੰਘਰਸ਼ ਨੂੰ ਜਾਰੀ ਵੇਖਣਾ ਚਾਹੁੰਦੇ ਸਨ।

ਖਾੜਕੂ ਸੰਘਰਸ਼ ਦੀਆਂ ਸ਼ੁੱਧ ਤੇ ਸਪੱਸ਼ਟ ਨੀਤੀਆਂ ਤੋਂ ਜਾਣੂ ਭਾਈ ਸਾਹਿਬ ਨੇ ਗੁਰਮਤਿ ਵਿਚਾਰਧਾਰਾ ਨਾਲ ਪ੍ਰਣਾਏ ਮਿਸ਼ਨ ਤੇ ਪਹਿਰਾ ਦੇਣ ਦੇ ਇਕਰਾਰ ਤੋਂ ਬਾਅਦ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਨਾਲ ਰੱਲ ਕੇ ਸੰਘਰਸ਼ ਨੂੰ ਜੀਉਂਦਾ ਰੱਖਣ ਲਈ ਸੰਘਰਸ਼ ਆਰੰਭ ਕਰ ਦਿੱਤਾ। ਯੁਧ ਨੀਤੀ ਵਿਚ ਨਿਪੁੰਨ ਭਾਈ ਨੇਪਾਲੀ, ਦਾ ਸੰਘਰਸ਼ ਵਿਚ ਜੂਝ ਰਹੇ ਸਿੰਘਾਂ ਵਿਚੋਂ ਇਕ ਦੋ ਨੂੰ ਛੱਡ ਕੇ ਬਾਕੀਆਂ ਨੂੰ ਇਹ ਵੀ ਪਤਾ ਨਹੀਂ ਸੀ, ਕਿ ਜੋ ਸ਼ਖ਼ਸ ਸਾਡੇ ਲਈ ਮੌਤ ਦੀਆਂ ਵਾਦੀਆਂ ਵਿਚ ਵਿਚਰ ਰਿਹਾ ਹੈ, ਇਹੀ ਭਾਈ ਗੁਰਦੀਪ ਸਿੰਘ ਨੇਪਾਲੀ, ਉਰਫ ਭਾਈ ਹਰਬੰਸ ਸਿੰਘ ਜੰਮੂ ਹੈ। ਆਪ ਜੀ ਨੇ ਲੰਮਾ ਸਮਾਂ ਨੇਪਾਲ ਵਿਖੇ ਬਿਤਾਇਆ ਅਤੇ ਨੇਪਾਲੀ ਬੋਲੀ ਜਾਣਨ ਕਰਕੇ ਆਪ ਜੀ ਨੂੰ ਨੇਪਾਲੀ ਆਖਿਆ ਜਾਣ ਲੱਗ ਪਿਆ ਸੀ, ਨੇਪਾਲ ਤੋਂ ਕੁਝ ਪੰਜਾਬ ਦੇ ਨੌਜਵਾਨਾ ਦੇ ਫੜੇ ਜਾਣ ਉਪਰੰਤ ਹੀ ਫੋਰਸਾਂ ਨੂੰ ਪਤਾ ਲੱਗਾ ਸੀ ਕਿ ਨੇਪਾਲੀ ਹੀ ਗੁਰਦੀਪ ਸਿੰਘ ਹੈ, ਇਸ ਲਈ ਇਨ੍ਹਾਂ ਨੇ ਆਪਣਾ ਨਾਮ ਹਰਬੰਸ ਸਿੰਘ ਜੰਮੂ ਰੱਖ ਲਿਆ ਸੀ। ਭਾਈ ਨੇਪਾਲੀ ਦਾ ਕੌਮੀ ਪਿਆਰ ਅਤੇ ਦ੍ਰਿੜਤਾ ਵੇਖ ਕੇ ਕੌਮੀ ਸਰਮਾਏ ਨੂੰ ਸਾਂਭਣ ਦੇ ਵਿਚਾਰ ਨਾਲ ਜਦੋਂ ਵਿਦੇਸ਼ਾਂ ਵਿਚਲੇ ਸਿੰਘਾਂ ਵੱਲੋਂ ਆਪ ਜੀ ਨੂੰ ਵਿਦੇਸ਼ ਆਉਣ ਲਈ ਕਿਹਾ ਗਿਆ, ਤਾਂ ਆਪ ਜੀ ਨੇ, ਇਕ ਫੈਡਰੇਸ਼ਨ ਵਰਕਰ ਨੂੰ ਇਹ ਸੋਚ ਕੇ ਆਪਣੇ ਪਾਸਪੋਰਟ ਤੇ ਵਿਦੇਸ਼ ਭੇਜਿਆ ਜੋ ਉਹ ਸ਼ਹੀਦ ਤੇ ਹੋਰ ਸਾਥੀ ਸਿੰਘਾਂ ਦੇ ਪਰਿਵਾਰਾਂ ਦੀ ਮਦਦ ਕਰੇਗਾ, ਪਰ ਅੱਜ ਉਹ ਫੈਡਰੇਸ਼ਨ ਆਗੂ (ਅਖੌਤੀ ਸਕੱਤਰ ਜੰਮੂ) ਬਣ ਕੇ ਪੰਥ ਦਾ ਨਾਂ ਤਾਂ ਵਰਤ ਰਿਹਾ ਹੈ, ਪਰ ਉਸ ਨੇ ਕਦੀ ਵੀ ਭਾਈ ਸਾਹਿਬ (ਸ਼ਹੀਦ) ਦੇ ਪਰਿਵਾਰ ਜਾਂ ਕਿਸੇ ਹੋਰ ਦੀ ਸਾਰ ਨਹੀਂ ਲਈ, ਪਰਿਵਾਰ ਨੂੰ ਇਸ ਦਾ ਭਾਰੀ ਦੁੱਖ ਹੈ।

ਅਕ੍ਰਿਤਘਣਤਾ, ਕਮੀਨਗੀ ਅਤੇ ਸੁਆਰਥ ਤੇ ਗੱਦਾਰੀ ਦੀ ਇਸ ਤੋਂ ਵੱਡੀ ਮਿਸਾਲ ਇਕ ਹੋਰ ਵੀ ਹੈ, ਜੋ ਭਾਈ ਸਾਹਿਬ ਦੇ ਹੱਥੀਂ ਲਿਖੇ ਦਸਤਾਵੇਜ਼ਾਂ ਵਿਚ ਸ਼ਾਮਿਲ ਹੈ ਜਿਸ ਵਿਚ ਉਨ੍ਹਾਂ ਚਿੱਠੀਆਂ ਦੀ ਗੱਲ ਕਰੀਏ ਜੋ ਉਨ੍ਹਾਂ ਨੇ ਸ਼ਹੀਦੀ ਤੋਂ ਕੁਝ ਸਮਾਂ ਪਹਿਲਾਂ ਲਿਖ ਭੇਜੀਆਂ ਸਨ। ਕੁਝ ਕਰੀਬੀ ਸਾਥੀ ਰਹੇ ਫੈਡਰੇਸ਼ਨ ਦੇ ਅਖੌਤੀ ਆਗੂਆਂ ਨੇ ਭਾਈ ਸਾਹਿਬ ਦੀਆਂ ਨੀਤੀਆਂ ਤੇ ਠਾਹਰਾਂ ਦਾ ਪੋਲ ਸਰਕਾਰੀ ਮਸ਼ੀਨਰੀ ਅੱਗੇ ਖੋਲ ਦਿੱਤਾ, ਡੋਗਰਾ ਇਤਿਹਾਸ ਮੁੜ ਆਪਣੀ ਚਾਲ ਚੱਲ ਪਿਆ, ਉਸ ਨੂੰ ਆਪਣੇ ਵਾਰਿਸ ਮਿਲ ਗਏ ਸਨ, ਪਰਿਵਾਰਿਕ ਮੈਂਬਰਾਂ ਬੇਟਿਆਂ ਤੇ ਸਿੰਘਣੀ ਵੱਲੋਂ ਮਿਲੀ ਅਤੇ ਨਾਲ ਰਹੇ ਕੁਝ ਸਾਬਕਾ ਸੇਵਾਦਾਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ -

1994 ਨੂੰ ਭਾਈ ਸਾਹਿਬ ਨੇ ਆਪਣੀ ਸਾਲੀ (ਧਰਮ ਭੈਣ) ਨੂੰ ਚਿੱਠੀ ਰਾਹੀਂ ਸੁਨੇਹਾ ਭੇਜਿਆ ਕਿ ਮੈਨੂੰ ਫੈਡਰੇਸ਼ਨ ਆਗੂਆਂ ..... ਨੇ ਅੰਮ੍ਰਿਤਸਰ ਆਪਣੇ ਘਰ

ਬੁਲਾਇਆ ਹੈ, ਕੋਈ ਗੱਲ ਜਾਂ ਜ਼ਰੂਰੀ ਕੰਮ ਹੋਵੇ ਤਾਂ ਉਥੇ ਮਿਲ ਕੇ (ਆ ਕੇ) ਦੱਸ ਦੇਣਾ, ਸਾਲੀ ਵੀ ਅੰਮ੍ਰਿਤਸਰ ਹੀ ਰਹਿੰਦੀ ਸੀ। 30 ਮਾਰਚ 1994 ਦਸ ਵੱਜ ਕੇ 30 ਮਿੰਟ ਉਤੇ.... ਪੰਜਾਬ ਪੁਲਿਸ ਨੇ ਭਾਈ ਨੇਪਾਲੀ ਨੂੰ ਰਾਜਿੰਦਰ ਸਿੰਘ ਮਹਿਤਾ (ਫੈਡਰੇਸ਼ਨ) ਦੀ ਕੋਠੀ (ਅੰਮ੍ਰਿਤਸਰ) ਦੇ ਬਾਹਰੋਂ ਗ੍ਰਿਫ਼ਤਾਰ ਕੀਤਾ, ਸ਼ੋਰ-ਸ਼ਰਾਬਾ ਹੋਣ ਕਰਕੇ ਖ਼ਬਰ ਫੈਲ ਗਈ ਕੋਈ ਖਾੜਕੂ ਸਿੰਘ ਫੜਿਆ ਗਿਆ ਹੈ, ਸਾਲੀ ਧਰਮ ਸੁਪਤਨੀ ਦੀ ਭੈਣ ਨੇ ਖ਼ਬਰ ਜੰਮੂ ਭੇਜੀ, ਜੰਮੂ ਪਰਿਵਾਰ ਤੋਂ ਖ਼ਬਰ ਭਾਈ ਅਮਰਪਾਲ ਸਿੰਘ, ਮਾਸਟਰ ਤਕ ਪੁੱਜ ਜਿਸ ਨੇ ਫੈਡਰੇਸ਼ਨ ਜੰਮੂ ਯੂਨਿਟ (ਉਸ ਵੇਲੇ) ਦੇ ਆਗੂ ਨਾਲ ਸੰਪਰਕ ਸਾਧਿਆਂ, ਉਸ ਜੰਮੂ ਦੇ ਅਖੌਤੀ ਲੀਡਰ ਨੇ, ਭਾਈ ਮਾਸਟਰ ਨੂੰ ਮਿਲਨ ਤੇ ਸਾਰੀ ਗੱਲ ਦੱਸਣ ਲਈ ਨਾਨਕ ਨਗਰ ਵਿਖੇ ਬੁਲਾਇਆ, ਭਾਈ ਮਾਸਟਰ ਦੇ ਉਥੇ ਪੁੱਜਣ ਤੇ ਉਸ ਨਾਲ ਵੀ ਧੋਖਾ ਕੀਤਾ ਗਿਆ, ਪੰਜਾਬ ਪੁਲਿਸ ਦਾ ਸਖ਼ਤ ਘੇਰਾ ਸੀ, ਤੇ ਸਿੰਘ ਜਦੋ ਜਹਿਦ ਤੋਂ ਬਾਅਦ ਗ੍ਰਿਫ਼ਤਾਰ ਸੀ।

ਭਾਈ ਨੇਪਾਲੀ ਦੀ ਸਿੰਘਣੀ ਅੰਮ੍ਰਿਤਸਰ ਫੈਡਰੇਸ਼ਨ ਆਗੂ ਦੇ ਘਰ ਜਾ ਪੁੱਜੀ, ਪਰ ਉਸ ਨੇ ਇਹ ਗਲ ਕਹਿ ਕੇ ਟਾਲ ਦਿੱਤਾ ਕਿ ਮੇਰੇ ਘਰ ਦੇ ਬਾਹਰੋਂ ਕੋਈ ਫੜਿਆ ਤਾਂ ਗਇਆ ਹੈ, ਪਰ ਕੌਣ ? ਪਤਾ ਨਹੀਂ। ਫਿਰ ਬੀਬੀ ਬਲਬੀਰ ਕੌਰ ਜੀ (ਭਾਈ ਸਾਹਿਬ) ਦੀ ਸਾਬਕਾ ਫੈਡਰੇਸ਼ਨ ਆਗੂ ਸ. ਅਤਿੰਦਰਪਾਲ ਸਿੰਘ ਕੋਲ ਗਏ, ਜਿਨ੍ਹਾਂ ਨੇ ਪਰਿਵਾਰ ਨਾਲ ਕਾਫੀ ਅਫਸਰਾਂ ਤੇ ਹੋਰ ਥਾਵਾਂ ਤੱਕ ਪਹੁੰਚ ਕੀਤੀ, ਪਰ ਕੋਈ ਥਾਂ ਠਿਕਾਨਾਂ ਪਤਾ ਨਾ ਲੱਗਾ।

ਅਚਾਨਕ ਇਕ ਦਿਨ ਡਾਕ ਰਾਹੀਂ ਪਰਿਵਾਰ ਨੂੰ 21 ਮਈ ਨੂੰ ਇਕ ਚਿੱਠੀ ਪ੍ਰਾਪਤ ਹੋਈ, ਜਿਸ ਉਤੇ 25 ਅਪ੍ਰੈਲ ਦੀ ਤਰੀਖ ਅੰਕਿਤ ਸੀ, ਜਿਸ ਦੇ ਲਿਫਾਫੇ ਤੇ ਕਰੂਕਸ਼ੇਤਰ ਦੀ ਮੋਹਰ ਸੀ, ਇਹ ਬਟਾਲੇ ਥਾਨੇ (ਪੰਜਾਬ) 'ਚੋਂ ਭੇਜੀ ਗਈ ਸੀ ਅਤੇ ਜਿਸ ਨੂੰ ਕਿਸੇ ਜਿੰਦਾ ਜਮੀਰ ਵਾਲੇ ਪੁਲਿਸ ਸਿਪਾਹੀ ਨੇ ਜਾਂ ਫਿਰ ਥਾਣੇ 'ਚੋ ਰਿਹਾ ਹੋਏ ਕਿਸੇ ਕੈਦੀ ਨੇ ਡਾਕ 'ਚ ਪਾਇਆ ਹੋਵੇਗਾ। ਚਿੱਠੀ 'ਚ ਭਾਈ ਨੇਪਾਲੀ ਦੀ ਆਪਣੀ ਹੱਥ ਲਿਖਤ ਸ਼ਬਦਾਵਲੀ ਸੀ, ਤੇ ਸਪੱਸ਼ਟ ਲਿਖਿਆ ਹੋਇਆ ਸੀ, ਮੈਨੂੰ ਫੈਡਰੇਸ਼ਨ ਆਗੂ ਨੇ ਘਰ ਸੱਦ ਕੇ ਧੋਖੇ ਨਾਲ ਫੜਾਇਆ ਹੈ, ਅਜੇ ਤੱਕ ਮੇਰੇ ਤੇ ਕੋਈ ਵੀ ਦੋਸ਼ ਸਾਬਿਤ ਨਹੀਂ ਕਰ ਸਕੇ ....। ਕਿਸੇ ਸਿਆਣੇ ਪੰਜ ਬੰਦਿਆ ਨੂੰ ਲੈ ਕੇ ਬਟਾਲੇ ਥਾਣੇ ਪੁਜੋ।

ਜੰਮੂ ਤੋਂ ਫੜੇ ਗਏ ਭਾਈ ਮਾਸਟਰ, ਮੁਕੇਰੀਆਂ ਤੇ ਜੱਗਾ, ਨਾ ਦੇ ਅਖੌਤੀ ਸਾਬਕਾ ਖਾੜਕੂ ਵੱਲੋਂ ਫੜਾਏ ਗਏ ਜੰਮੂ ਦੇ ਭਾਈ ਜੱਬਲ ਪੁਰੀਆ ਅਤੇ ਬੇਵਾਕਿਫ ਮੁਸਲਮਾਨ ਨੌਜਵਾਨਾਂ ਸਮੇਤ, ਭਾਈ ਗੁਰਦੀਪ ਸਿੰਘ ਨੇਪਾਲੀ, ਉਰਫ ਭਾਈ ਹਰਬੰਸ ਸਿੰਘ ਨੂੰ ਤਸੀਹੇ ਦੇ-ਦੇ ਕੇ ਆਖਿਰ ਝੂਠੇ ਮੁਕਾਬਲੇ ਲਈ ਤਿਆਰ ਕੀਤਾ ਗਿਆ, ਭਾਈ ਮਾਸਟਰ ਵੱਲੋਂ ਭਾਈ ਨੇਪਾਲੀ ਦੀ ਸ਼ਨਾਖਤ ਨਾ ਕਰਨ ਅਤੇ ਸਾਥੀਆਂ ਵਾਰੇ ਕੁਝ ਵੀ ਭੇਤ ਨਾ ਖੋਲਣ ਤੇ ਅੱਖਾਂ ਕੱਢ ਦਿੱਤੀਆਂ ਗਈਆਂ, ਭਾਈ ਜੱਬਲਪੁਰੀਆ ਤੇ ਵੀ ਬੇਅੰਤ ਤਸ਼ੱਦਦ

ਕੀਤਾ ਗਿਆ, "ਮਰਣ ਲਿਖਾਏ ਮੰਡਲ ਮੋ ਆਏ" ਦੇ ਹੁਕਮ ਵਾਂਗ ਸਮਾਂ ਆਉਣ ਤੇ ਸਾਰਿਆਂ ਨੂੰ 13 ਮਈ 1994 ਵਾਲੇ ਦਿਨ ਬਟਾਲੇ ਇਲਾਕੇ ਵਿਚ ਝੂਠੇ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

ਜੰਮੂ ਤੋਂ ਹੋਰ ਵੀ ਬੇਦੋਸ਼ੇ ਚੁੱਕੇ ਗਏ ਨੌਜਵਾਨਾ ਨੂੰ ਰਿਹਾ ਕਰ ਦਿੱਤਾ ਗਿਆ ਤੇ ਭਾਈ ਗੁਰਦੀਪ ਸਿੰਘ, ਲਹੌਰੀਆਂ (ਜੰਮੂ) ਨੂੰ ਦਿੱਲੀ ਪੁਲਿਸ ਹਵਾਲੇ ਕਰ ਦਿੱਤਾ ਗਿਆ, (ਭਾਈ ਗੁਰਦੀਪ ਸਿੰਘ ਅੱਜ ਵੀ ਤਿਹਾੜ ਜੇਲ੍ਹ ਵਿਚ ਬੰਦ ਹੈ।) ਅਖ਼ਬਾਰਾਂ ਵਿਚ ਹਥਿਆਰਾਂ ਦੇ ਢੇਰ, ਬਰਾਮਦ ਕੀਤੇ ਗਏ ਦਸਿਆ, ਅਤੇ ਪੰਜਾਬ ਵਿਚ ਮੁੜ ਉਠਣ ਵਾਲੀ ਖਾੜਕੂ ਲਹਿਰ ਨੂੰ ਖ਼ਤਮ ਕਰਨ ਦੀਆਂ ਸੁਰਖੀਆਂ ਸਨ, ਮਹਾਂਰਾਸ਼ਟਰ ਦੀ ਜੇਲ੍ਹ 'ਚ ਬੰਦ ਕੇ.ਜੈਡ.ਐਫ ਦੇ ਚੀਫ ਭਾਈ ਰਣਜੀਤ ਸਿੰਘ ਨੀਤਾ ਤੇ ਸਾਥੀਆਂ ਨੂੰ ਸ਼ਹੀਦ ਸਿੰਘਾਂ ਦੀ ਸ਼ਨਾਖਤ ਦਾ ਡਰਾਮਾਂ ਕਰਨ ਦੇ ਬਹਾਨੇ ਪੰਜਾਬ ਲਿਆਂਦਾ ਗਿਆ ਜੋ ਇਨ੍ਹਾਂ ਦਾ ਵੀ ..... ਪਰ ਹੋ ਨਾ ਸਕਿਆ। ਪਰਿਵਾਰ ਸ਼ਹੀਦਾਂ ਦੀ ਲਾਸ਼ਾਂ ਪ੍ਰਾਪਤ ਕਰਨ ਲਈ ਮਿੰਨਤਾ ਕਰਦੇ ਰਹੇ,... ਸ਼ਾਇਦ ਅਜ਼ਾਦ ਦੇਸ਼ ਕੇ ਗੁਲਾਮ ਸਿਖ ਕਹਿ ਕੇ ਸਾੜ੍ਹ ਦਿੱਤੀਆ ਗਈਆਂ, ਜਿੰਨੀ ਦੇਰ 'ਰਾਜ ਕਰੇਗਾ ਖਾਲਸਾ" ਦਾ ਸੰਕਲਪ ਇਨ੍ਹਾਂ ਜੁਝਾਰੂਆਂ ਦਾ ਪੂਰਾ ਨਹੀਂ ਹੋ ਜਾਂਦਾ, ਉਦੋਂ ਤੱਕ ਇਸੇ ਤਰ੍ਹਾਂ ਹੁੰਦਾ ਰਹੇਗਾ।

ਫ਼ਲਕ ਕੇ ਤਾਰੋ ਸੇ ਕਿਆ ਦੂਰ ਹੋਗੀ ਜ਼ੁਲਮ ਏ ਸ਼ਬ,
ਜਬ ਅਪਨੇ ਘਰ ਕੇ ਚਿਰਾਗੋਂ ਸੇ ਰੋਸ਼ਨੀ ਨ ਮਿਲੀ।

■■■

ਭਾਈ ਅਮਰਪਾਲ ਸਿੰਘ ਮਾਸਟਰ

ਸ਼ਹੀਦ ਨੂੰ ਪਰਿਭਾਸ਼ਿਤ ਕਰਦਿਆਂ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਤ ਕਾਵਿ ਸੰਗ੍ਰਹਿ "ਝਨਾਂ ਦੀ ਰਾਤ" ਦੇ ਮਹਾਨ ਕਵੀ "ਹਰਿੰਦਰ ਸਿੰਘ "ਮਹਿਬੂਬ" ਇਸ ਸੰਗ੍ਰਹਿ ਵਿਚਲੀ ਸੱਤਵੀਂ ਕਿਤਾਬ "ਸ਼ਹੀਦ ਦੀ ਅਰਦਾਸ" ਜੋ ਸੰਨ ਚੌਰਾਸੀ ਦੀ ਤ੍ਰਾਸਦੀ ਦਾ ਚਿਤ੍ਰਣ ਹੈ।

ਇਕ ਸਫ਼ੇ ਦੀ ਛੋਟੀ ਭੂਮਿਕਾ ਇਝ ਸ਼ਹੀਦ ਦੇ ਅਜ਼ੀਮ ਕਰਮ ਖੇਤਰ ਦੀਆਂ ਝਲਕਾਂ ਬਾਰੇ ਲਿਖਦੇ ਹਨ — "ਮਹਾਨ ਸ਼ਹੀਦ ਦਾ ਚਿੱਤ੍ਰਣ ਧਰਤੀ ਦੀ ਖ਼ੂਬਸੂਰਤੀ ਤੋਂ ਸ਼ੁਰੂ ਹੋ ਕੇ ਮੌਤ ਨੂੰ ਸਰਕਰਦਾ ਹੋਇਆ, ਉਪਰ ਪ੍ਰਾਕਿਰਤਕ ਮੰਡਲਾਂ ਵਿਚ ਪਹੁੰਚਦਾ ਹੈ। ਇਕੋ ਸਮੇਂ ਇਹ ਰੂਹਾਨੀ ਕੌਮੀ ਸਮਾਜਿਕ ਅਤੇ ਵਿਸ਼ਵ ਵਿਆਪੀ ਬਰਕਤਾਂ ਦਾ ਸੁਆਮੀ ਹੁੰਦਾ ਹੈ, ਜਦੋਂ ਸ਼ਹੀਦ ਦੇ ਅਮਲ ਨੂੰ ਨਿਰਕੁਸ਼ ਸੁਤੰਤਰਤਾ ਸਿਦਕੀ ਜਲਾਲ ਨਾਲ ਅੰਦਰੋਂ-ਬਾਹਰੋਂ ਹਰਾ ਦੇਵੇ ਅਤੇ ਜਦ ਉਹ ਸੰਤ ਵਾਂਗ ਹਰ ਕਿਸਮ ਦੀ ਜਾਤੀ ਗਰਜ਼ ਤੋਂ ਪਾਰ ਹੋ ਜਾਵੇ ਤਾਂ ਇਹ ਸ਼ਹੀਦਾਂ ਦਾ ਸਿਰਤਾਜ਼ ਹੋ ਜਾਂਦਾ ਹੈ।"

20 ਵੀਂ ਸਦੀ ਦੇ ਸੰਘਰਸ਼ ਦੇ ਸ਼ਹੀਦਾਂ ਦੀ ਦਾਸਤਾਨ ਬਿਆਨ ਕਰਦਿਆਂ ਭਾਵੇਂ ਸਾਰਿਆਂ ਤੇ ਇਹ ਪਰਿਭਾਸ਼ਾ ਪੂਰਨ ਰੂਪ ਵਿਚ ਢੁਕਾਈ ਨਹੀਂ ਜਾ ਸਕਦੀ, ਪਰ ਕੁਝ ਗੁਰੂ ਦੇ ਲਾਲਾਂ ਦਾ ਜੀਵਨ ਪੂਰਨ ਰੂਪ ਵਿਚ ਇਸ ਪਰਿਭਾਸ਼ਾ ਨਾਲ ਇਕ ਮਿਕ ਹੋਇਆ ਲਗਦਾ ਹੈ।

ਉਨ੍ਹਾਂ ਚੰਦ ਕੱਥਨੀ ਤੇ ਕਰਨੀ ਦੇ ਸੂਰਿਆਂ ਵਿਚੋਂ ਇਕ ਸਨ, ਭਾਈ ਮਾਸਟਰ "ਪਤਲਾ ਜਿਹਾ ਸਰੀਰ ਮਾਸੂਮੀਅਤ ਦੀ ਪੂਰਨ ਝਲਕਾਂ ਮਾਰਦਾ ਚੇਹਰਾ, ਸਾਧੂ ਸੁਭਾਅ ਵੇਖ ਕੇ ਕੋਈ ਵੀ ਨਹੀਂ ਕਹਿ ਸਕਦਾ ਕਿ ਨਿਮਰਤਾ ਅਤੇ ਮਾਸੂਮੀਅਤ ਪਿੱਛੇ ਇਕ ਇਨਕਲਾਬੀ ਖਾੜਕੂ ਵੀ ਛਿਪਿਆ ਬੈਠਾ ਹੈ। ਭਾਈ ਅਮਰਪਾਲ ਸਿੰਘ ਜੀ, ਮਾਸਟਰ ਨੂੰ ਪਹਿਲੀ ਵਾਰ ਮਿਲਨ ਵਾਲੇ ਅਕਸਰ ਉਹਦੇ ਸਾਥੀਆਂ ਤੋਂ ਪੁੱਛਿਆ ਕਰਦੇ ਸਨ, ਇਹ ਸਾਧੂ ਕੌਣ ਹੈ ? ਲੋਕ ਹੈਰਾਨ ਸਨ ਕਿ ਇੰਨੀ ਮਾਸੂਮੀਅਤ ਅਤੇ ਦਇਆਵਾਨ ਬਿਰਤੀ ਵਾਲੇ ਹੱਥਾਂ ਵਿਚ ਕਿਹੜੇ ਦੁੱਖਾਂ ਕਾਰਨ ਹਥਿਆਰ ਆ ਗਏ ?

"ਕਿਆ ਜ਼ਖ਼ਮ ਥੇ ਜੋ ਰੂਹ ਕਾ ਨਾਸੂਰ ਬਨ ਗਏ,
ਕਿਆ ਦਰਦ ਥਾ ਜੋ ਦਿਲ ਕੀ ਤਹੋਂ ਮੇਂ ਉਤਰ ਗਿਆ।"

ਗੁਰਮਤਿ ਸਿਧਾਂਤਾਂ ਨੂੰ ਸਮਰਪਿਤ ਰੂਹ, ਸ਼ਾਇਦ ਕੁਝ ਇਸ ਤਰ੍ਹਾਂ ਕਹਿ ਰਹੀ ਸੀ
"ਜੂਨ-ਨਵੰਬਰ ਕੀ ਵੋਹ ਕੈਸੀ ਮਨਹੂਸ ਘੜੀ ਸੀ,

ਇੰਤਹਾਂ ਜ਼ੁਲਮ ਕੀ ਉਸ ਰੋਜ਼ ਹੂਈ।
ਬੇ ਗੁਨਾਹੋਂ ਪੇ ਕਿਆਮਤ ਆਈ ਕਿ ਨਾ ਪੂਛ,
ਸ਼ੀਸ਼ਾ-ਏ-ਦਿਲ ਮੇਂ ਤਸਵੀਰ ਝਲਕਤੀ ਹੈ, ਅਭੀ ਭੀ।"

ਜਲਾਲਤ ਦੀ ਜ਼ਿੰਦਗੀ ਨੂੰ ਤਿਲਾਜਲੀ ਦੇ ਕੇ ਕੌਮੀਂ ਘਰ ਦੀ ਉਸਾਰੀ ਲਈ ਨਿਕਲੇ ਭਾਈ ਅਮਰਪਾਲ ਸਿੰਘ ਨੇ ਸ਼ਸ਼ਤਰਾਂ ਨਾਲ ਯਾਰੀ ਪਾ ਲਈ ਅਤੇ ਬੇਪੱਤ ਹੋਈ ਕੌਮ ਦੇ ਸਦੀਵੀ ਉਲਾਮੇਂ ਨੂੰ ਲਾਹੁਣ ਲਈ ਨਿੱਜੀ ਘਰ ਦੀ ਦਹਿਲੀਜ਼ ਨੂੰ ਤਿਆਗ ਕੇ ਕੌਮੀਂ ਘਰ (ਅਜ਼ਾਦ ਪੰਜਾਬ-ਖਾਲਿਸਤਾਨ) ਨੂੰ ਸਾਕਾਰ ਕਰਨ ਲਈ ਨਿਕਲ ਤੁਰਿਆ।

ਹੁਣ ਉਸਦਾ ਸਭ ਕੁਝ ਕੌਮੀ ਘਰ ਦਾ ਨਿਰਮਾਣ ਕਰਨਾ ਹੀ ਸੀ, ਜਿਸ ਵਿਚ ਉਹ ਦਰਜੀ ਦੀ ਦੁਕਾਨ ਛੱਡ ਕੇ ਬਿਖੜੇ ਪੈਂਡਿਆਂ ਤੇ ਆਪਣਾ ਕਦਮ-ਕਦਮ ਕੌਮੀਂ ਅਮਾਨਤ ਸਮਝ ਕੇ ਤਹਿ ਕਰਦਾ ਰਿਹਾ ਅਤੇ ਹਨ੍ਹੇਰੀਆਂ-ਚਟਾਨਾਂ ਨਾਲ ਟਕਰਾਉਂਦਾ, ਮਨ ਮੰਦਰ ਵਿਚ ਜਲ ਰਹੀ 'ਖਾਲਸਾ ਰਾਜ' ਦੇ ਸੁਪਨੇ ਦੀ ਮਸ਼ਾਲ ਚੁਕੀ ਸ਼ਹਾਦਤ ਦੀ ਹੱਦ ਪਾਰ ਕਰ ਗਿਆ। ਭਾਈ ਸਾਹਿਬ ਇਕ ਉਚੇ ਅਤੇ ਸੁੱਚੇ ਕਿਰਦਾਰ ਦੇ ਮਾਲਕ ਸਨ, ਪੰਥਕ ਦਰਦ ਨਾਲ ਲਬਰੇਜ਼ ਭਾਈ ਮਾਸਟਰ ਦੀਆਂ ਸਿਫ਼ਤਾਂ ਉਹਨਾਂ ਦੇ ਦੁਸ਼ਮਣਾਂ ਦੇ ਮੂਹੋਂ ਵੀ ਸੁਣੀਆਂ ਜਾਂਦੀਆਂ ਸਨ, ਭਾਈ ਮਾਸਟਰ, ਭਾਈ ਗੁਰਦੀਪ ਸਿੰਘ ਅਤੇ ਭਾਈ ਅਵਤਾਰ ਸਿੰਘ ਖਾਲਸਾ ਦੀਆਂ ਇਕੋ ਜਿਹੀਆਂ ਸਿਫ਼ਤਾਂ ਲੋਕਾਂ ਵਿਚ ਸੁਣੀਆਂ ਅਤੇ ਆਪ ਵੇਖੀਆਂ ਹਨ, ਸੰਘਰਸ਼ ਦਾ ਚੋਖਾ ਸਮਾਂ ਇਕੱਠੇ ਰਹੇ ਅਤੇ ਸ਼ਹਾਦਤ ਭਾਈ ਮਾਸਟਰ ਅਤੇ ਭਾਈ ਗੁਰਦੀਪ ਸਿੰਘ ਦੀ ਇਕੱਠੀ ਹੋਈ।

1997 ਜੰਮੂ ਸੈਂਟਰ ਜੇਲ੍ਹ ਬੈਰਕ ਨੰ. 14 ਮੇਰੇ (ਲੇਖਕ) ਜੇਲ੍ਹ ਸਫ਼ਰ ਦੌਰਾਨ, ਮੈਨੂੰ ਪੁੰਣਛ ਦੇ ਇਕ ਮੁਸਲਿਮ ਬਜ਼ੁਰਗ ਮੁਜਾਹਿਦ ਲਾਲਾ ਕਾਜ਼ਮੀ ਨੇ ਇਕ ਗੱਲਬਾਤ ਦੌਰਾਨ ਦਸਿਆ ਕਿ "ਭਾਈ ਮਾਸਟਰ ਵਰਗੇ ਮੁਜਾਹਿਦ ਜਹਾਦ ਵਿਚ ਬਹੁਤ ਘੱਟ ਨਸੀਬ ਹੁੰਦੇ ਹਨ, ਜਿਨ੍ਹਾਂ ਦੇ ਦਿਲ ਵਿਚ ਨੇਕ ਨੀਤੀ ਈਮਾਨਦਾਰੀ ਖੁਦਾਈ ਮੁਹੱਬਤ ਦੀ ਸ਼ਿਦਤ ਅਤੇ ਕੌਮ ਉਤੇ ਮਰ ਮਿਟਣ ਦਾ ਜਨੂਨ ਹੋਵੇ।" ਇਹੀ ਕਾਰਣ ਸੀ ਕਿ ਜਦੋਂ ਕਦੀ ਗੁਰੀਲਾ ਜੰਗ ਵਿਚ ਨਿਪੁੰਨ ਭਾਈ ਮਾਸਟਰ ਐਕਸ਼ਨਾ, ਮੁਕਾਬਲਿਆਂ ਤੋਂ ਬਾਅਦ ਸਾਥੀਆਂ ਨਾਲ ਆਪਣੇ ਮੁਰਸ਼ਦ ਸ਼ਬਦ ਗੁਰੂ ਦੇ ਸ਼ੁਕਰਾਨੇ ਲਈ ਪਿੰਡ ਗਾਡੀਗੜ੍ਹ, ਡਿਗਿਆਨਾ ਅਤੇ ਗੁਰੂ ਨਾਨਕ ਨਗਰ ਆਦਿ ਗੁਰਦੁਆਰਿਆਂ 'ਚ ਮੱਥਾ ਟੇਕਣ ਜਾਂਦੇ ਤਾਂ ਸੰਗਤਾਂ (ਲੋਕ) ਕੋਠਿਆਂ 'ਤੇ ਚੜ੍ਹ ਕੇ ਯੋਧੇ ਦੇ ਦੀਦਾਰ ਕਰਨ ਲਈ ਇਕੱਠੇ ਹੋ ਜਾਇਆ ਕਰਦੇ ਸਨ।

ਪੁੰਣਛ ਮੈਂਡਰ ਦੀ ਉਹ ਧਰਤੀ ਸਲਾਮ ਦੀ ਪਾਤਰ ਹੈ, ਜਿਸਨੇ ਭਾਈ ਅਮਰਪਾਲ ਸਿੰਘ ਜੀ ਮਾਸਟਰ, ਵਰਗੇ ਕਥਨੀ ਅਤੇ ਕਰਨੀ ਦੇ ਸੂਰੇ ਨੂੰ ਜਨਮ ਦਿੱਤਾ। ਕੋਟ ਸਲਾਮਾਂ ਉਹਨਾਂ ਮਾਪਿਆਂ ਸ. ਜੀਤ ਸਿੰਘ ਜੀ ਅਤੇ ਮਾਤਾ, ਬੀਬੀ ਅੰਮ੍ਰਿਤ ਕੌਰ ਜੀ ਨੂੰ ਜਿਨ੍ਹਾਂ ਦੇ ਵੇਹੜੇ ਕੌਮ ਦੇ ਮਹਾਨ ਯੋਧੇ ਨੇ ਰਿੜਨਾਂ ਸਿੱਖਿਆ, ਹਸ਼ਰ ਤੀਕ ਨ ਭੁਲਾਇਆ ਜਾਣ

ਵਾਲਾ ਯੋਧਾ ਇਨ੍ਹਾਂ ਮਾਤਾ-ਪਿਤਾ ਅਤੇ ਪੁੰਣਛ (ਜੰਮੂ-ਕਸ਼ਮੀਰ) ਦੀ ਧਰਤੀ ਨੂੰ ਵੀ ਅਮਰ ਕਰ ਗਿਆ।

ਗੁਰਮਤਿ ਫਲਸਫੇ ਤੇ ਸਿੱਖ ਸਿਧਾਂਤ ਨਾਲ ਪ੍ਰਣਾਏ ਸਾਧੂ-ਸੁਭਾਅ ਭਾਈ ਮਾਸਟਰ, ਬਹੁਤ ਜੱਜਬਾਤੀ ਵੀ ਸੀ, ਕਿਸੇ ਦਾ ਦੁੱਖ ਉਹਦੇ ਤੋਂ ਨਹੀਂ ਸੀ ਵੇਖਿਆ ਜਾਂਦਾ, ਵੀਰ ਮਾਸਟਰ ਨੇ ਆਪ ਵੀ ਕਦੀ ਨਹੀਂ ਸੀ ਸੋਚਿਆ, ਕਿ ਉਹ ਕਦੀ ਇਸ ਤਰ੍ਹਾਂ ਅੱਗ ਉਗਲਦੇ ਸ਼ਸ਼ਤਰਾਂ ਨਾਲ ਭਿਆਲੀ ਪਾ ਲਵੇਗਾ, ਕਿਰਤ ਕਰਦਿਆਂ, ਨਾਮ ਸਿਮਰਣ ਅਤੇ ਧਾਰਮਿਕ ਲਿਟਰੇਚਰ (ਸਾਹਿਤ) ਹੀ ਉਹਦਾ ਜੀਵਨ ਸੀ। ਨਿਮਰਤਾ-ਸੇਵਾ ਉਹਦੇ ਜੀਵਨ ਦੇ ਮੁੱਖ ਅੰਗ ਸਨ। ਪਰ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਅਤੇ ਪੰਜਾਬ ਵਿਚ ਚੱਲ ਰਹੇ ਖਾੜਕੂ ਸੰਘਰਸ਼ ਨਾਲ ਜੁੜੀਆਂ ਘਟਨਾਵਾਂ ਕਦੀ-ਕਦੀ ਉਹਨੂੰ ਵਿਚਲਿਤ ਕਰ ਦਿੰਦੀਆਂ ਸਨ, ਭਾਈ ਮਾਸਟਰ ਨੂੰ 1989 ਦਾ ਅੱਖੀ ਡਿੱਠਾ ਦ੍ਰਿਸ਼ ਉਹਨਾਂ ਦੇ ਜੀਵਨ ਨੂੰ ਮੋੜਾ ਦੇ ਗਿਆ, ਜਿਸ ਵਿਚ 14 ਸਿੱਖਾਂ ਦਾ ਕਤਲ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ ਅਦਬੀ ਨੇ ਉਨ੍ਹਾਂ ਨੂੰ ਝੰਜੋੜ ਸੁੱਟਿਆ ਬਸ ਫਿਰ ਕੀ ਸੀ, ਸਾਥੀਆਂ ਨਾਲ ਮਿਲ ਕੇ ਨਵੀਆਂ ਤੇ ਅਣਜਾਨ ਰਾਹਾਂ ਵੱਲ ਕਦਮ ਪੁੱਟ ਲਏ, ਦੋਸ਼ੀਆਂ ਦੇ ਸੋਧੇ ਲਾਉਣ ਦੀਆਂ ਤਿਆਰੀਆਂ ਕਰ ਲਈਆਂ ਗਈਆਂ।

"ਜੇ ਜੀਵੈ ਪੱਤ ਲਥੀ ਜਾਇ, ਸਭ ਹਰਾਮ ਜੇਤਾ ਕਿਛ ਖਾਇ ॥"

ਸੂਰਮੇ ਰਣ ਤੱਤੇ ਵਿਚ ਜੂਝ ਪਏ, ਭਾਈ ਮਾਸਟਰ ਨੇ ਸਾਥੀਆਂ ਨਾਲ ਰਲ ਕੇ ਮੁੱਖਬਰ, ਸਾਗਰ, ਹਾਂਡੂ- (ਪੁਲਸੀਆਂ) ਮਨੋਹਰਾ (ਆਰ.ਐਸ.ਐਸ.) ਤੋਂ ਇਲਾਵਾ ਕਈ ਫਿਰਕੂਵਾਦੀਆਂ ਨੂੰ ਨਿਸ਼ਾਨਾ ਬਣਾਇਆ, ਦਰਜਨ ਤੋਂ ਵੱਧ ਭਾਰਤੀ ਫੋਰਸਾਂ ਨਾਲ ਮੁਕਾਬਲੇ ਹੋਏ ਜਿਸ ਵਿਚ ਕਈ ਪੁਲਿਸ ਕਰਮੀ, ਹਵਲਦਾਰ ਅਤੇ ਐਸ.ਐਚ.ਓ. ਮਾਰੇ ਗਏ, ਕਈ ਵਾਰ ਉਹ ਆਪ ਵੀ ਸਖ਼ਤ ਜ਼ਖਮੀਂ ਹੋਏ ਤੇ ਕਈ ਵਾਰ ਕੁਝ ਸਾਥੀ ਵੀ ਸ਼ਹੀਦੀ ਜਾਮ ਪੀ ਗਏ। ਆਪ ਜੀ ਦੀ ਸਮਪਰਣ ਇਮਾਨਦਾਰੀ ਅਤੇ ਕੌਮ ਪ੍ਰਤੀ ਵਫ਼ਾਦਾਰੀ ਵੇਖ ਕੇ ਸਾਥੀਆਂ ਨੇ ਭਾਰਤ 'ਚੋਂ ਨਿਕਲ ਕੇ ਵਿਦੇਸ਼ ਜਾਣ ਲਈ ਕਿਹਾ, ਬੇਨਤੀ ਕੀਤੀ ਅਤੇ ਨਾਲ ਹੀ ਇਹ ਵੀ ਕਿਹਾ ਕਿ ਤੁਸੀਂ ਬਾਹਰ ਰਹਿ ਕੇ ਸਾਡੀ ਅਤੇ ਕੌਮ ਦੀ ਹਰ ਪੱਖੋਂ ਜ਼ਿਆਦਾ ਸਹਾਇਤਾ ਕਰ ਸਕਦੇ ਹੋ, ਕੋਈ ਹੋਰ ਬਾਹਰੋਂ ਸਾਡੀ ਜੰਮੂ ਵਾਲਿਆਂ ਦੀ ਮਦਦ ਨਹੀਂ ਕਰ ਰਿਹਾ, ਅਸੀਂ ਤੁਹਾਡੇ ਤੇ ਹਰ ਪੱਖੋਂ ਵਿਸ਼ਵਾਸ ਕਰ ਸਕਦੇ ਹਾਂ। ਭਾਈ ਮਾਸਟਰ ਨੇ ਬੜੀ ਮਾਸੂਮੀਅਤ ਵਿਚ ਹੱਸ ਕੇ ਕਿਹਾ, ਵੀਰੋ! ਖੇਤਾਂ ਵਿਚ ਸੌਣ ਦੀ ਆਦਤ ਪੈ ਗਈ ਹੈ, ਹੁਣ ਗੱਦਿਆ ਤੇ ਨੀਂਦ ਨਹੀਂ ਆਉਂਦੀ, ਮੈਨੂੰ ਆਪਣੇ ਨਾਲ ਇਸ ਧਰਤੀ ਤੇ ਹੀ ਅਪਣੇ ਪੰਥ ਪਿਆਰ ਦਾ ਨਿੱਘ ਮਾਨਣ ਦਿਓ ਮੈਂ ਇਥੇ ਹੀ ਠੀਕ ਹਾਂ, ਬਾਹਰ ਡਾਕਟਰ (ਭਾਈ ਜਸਵੀਰ ਸਿੰਘ, ਡਾ.) ਨੂੰ ਭੇਜ ਦਿਓ.....।

ਜੋ ਸੰਗਤਾਂ ਭਾਈ ਮਾਸਟਰ ਵਰਗਿਆਂ ਲਈ ਨਿਤ ਦੀ ਅਰਦਾਸ ਵਿਚ ਅਕਾਲ ਪੁਰਖ ਤੋਂ ਚੜ੍ਹਦੀ ਕਲ੍ਹਾ ਮੰਗਦੀਆਂ ਸਨ, ਉਨ੍ਹਾਂ ਨੂੰ ਇਸ ਗੱਲ ਦਾ ਭਾਰੀ ਦੁੱਖ ਅਤੇ ਰੋਸ

ਹੈ, ਕਿ ਫੈਡਰੇਸ਼ਨ ਨਾਲ ਸਬੰਧਤ ਇਕ ਅਖੌਤੀ ਨਾਮ ਨਿਹਾਦ ਨੇ ਪੰਥ ਦਾ ਬੁਰਕਾ ਪਾ ਕੇ ਭਾਈ ਮਾਸਟਰ ਨਾਲ ਵਿਸ਼ਵਾਸਘਾਤ ਕੀਤਾ। 30 ਮਾਰਚ ਨੂੰ ਭਾਈ ਗੁਰਦੀਪ ਸਿੰਘ ਦੇ ਪਰਿਵਾਰ ਨੇ ਭਾਈ ਮਾਸਟਰ ਨੂੰ ਮਹਿਤਾ ਫੈਡਰੇਸ਼ਨ ਦੇ ਪ੍ਰਧਾਨ ਦੇ ਘਰ (ਅੰਮ੍ਰਿਤਸਰ) ਤੋਂ ਭਾਈ ਗੁਰਦੀਪ ਸਿੰਘ ਦੀ ਹੋਈ ਗ੍ਰਿਫਤਾਰੀ ਦੀ ਖ਼ਬਰ ਦਿੱਤੀ। ਜਿਸ ਦੀ ਪੁਸ਼ਟੀ ਅਤੇ ਹੋਰ ਜਾਣਕਾਰੀ ਲਈ ਜੰਮੂ ਦੀ ਮਹਿਤਾ ਫੈਡਰੇਸ਼ਨ ਯੂਨਿਟ ਦੇ ਲੀਡਰ ਨੂੰ ਮਿਲਣ ਲਈ ਸੁਨੇਹਾ ਭੇਜਿਆ, ਭਾਈ ਜਗਜੀਤ ਸਿੰਘ ਜੱਗੀ ਜੋ ਫੈਡਰੇਸ਼ਨ ਮਹਿਤਾ ਦਾ ਵਰਕਰ ਸੀ, ਅਤੇ ਸਿੰਘਾਂ ਨਾਲ ਸੇਵਾ ਕਰਦਾ ਸੀ, ਰਾਹੀਂ ਮਿਲਨ ਦਾ ਸੁਨੇਹਾ ਮਿਲਿਆ ਤੇ ਸਥਾਨ ਗੁ. ਨਾਨਕ ਨਗਰ ਨੀਅਤ ਕੀਤਾ ਗਿਆ, ਜਿਥੇ ਪਹਿਲੋਂ ਤੋਂ ਤਿਆਰ ਬਿਠਾਈ ਗਈ ਪੰਜਾਬ ਪੁਲਿਸ ਨੇ ਭਾਈ ਮਾਸਟਰ ਤੇ ਹਮਲਾ ਕਰ ਦਿੱਤਾ, ਭਾਈ ਮਾਸਟਰ ਤਾਂ ਇਕ ਪੰਥਕ ਆਗੂ ਨੂੰ ਉਹ ਵੀ ਸ਼ਹਿਰ ਵਿਚਲੀ ਥਾਂ 'ਤੇ ਮਿਲਨ ਆਏ ਸਨ, ਜਿਸ ਕਾਰਣ ਉਨ੍ਹਾਂ ਕੋਲ ਸਿਰਫ ਇਕ ਕਿਰਪਾਨ ਤੇ ਸਾਈਨਾਈਡ ਹੀ ਸੀ, ਜਦੋਂ ਸਾਈਨਾਈਡ (ਕੈਪਸੂਲ) ਖਾਣ ਵਿਚ ਉਹ ਸਫ਼ਲ ਨਾ ਹੋ ਸਕੇ ਤਾਂ ਉਨ੍ਹਾਂ ਨੇ ਮੌਕਾ ਪਾ ਕੇ ਗਾਤਰੇ ਵਾਲੀ ਕਿਰਪਾਨ ਸੂਤ ਲਈ ਤੇ ਕੁਝ ਪੁਲਸੀਏ ਫੱਟੜ ਕਰ ਦਿੱਤੇ, ਪਰ ਛੇਤੀ ਹੀ ਇਕੱਲਾ ਸਿੰਘ ਸੈਂਕੜਿਆਂ ਬਾਹਾਂ ਵਿਚ ਜੱਕੜਿਆ ਗਿਆ, ਸੂਰਮੇ ਨੂੰ ਪੂਰੀ ਤਰ੍ਹਾਂ ਬੇਬਸ ਵੇਖਕੇ ਦੂਰ ਗਲੀ 'ਚ ਲੁਕਿਆ ਉਹ ਅਖੌਤੀ ਆਗੂ ਵੀ ਫਰਾਰ ਹੋ ਗਿਆ।

'ਦੋਸਤੋਂ ਸੇ ਇਸ ਕਦਰ ਸਦਮੇ ਉਠਾਏ ਜਾਨ ਪਰ
ਕਿ ਦਿਲ ਸੇ ਦੁਸ਼ਮਨ ਕੀ ਸ਼ਿਕਾਇਤ ਕਾ ਗਿਲਾ ਜਾਤਾ ਰਹਾ,

ਪੰਜਾਬ ਦੇ ਬਟਾਲਾ ਥਾਣਾ ਵਿਖੇ ਭਾਈ ਮਾਸਟਰ ਦੇ ਮਾਸੂਮ ਤੇ ਪਤਲੇ ਸਰੀਰ ਨੂੰ ਵੇਖ ਕੇ ਭਿੰਨ-ਭਿੰਨ ਲਾਲਚ ਦੇਣ ਦਾ ਯਤਨ ਕੀਤਾ ਗਿਆ ਪਰ ਸਰਕਾਰੀ ਤਨਖ਼ਾਹਦਾਰ ਜਲਾਦਾਂ ਨੂੰ ਕੀ ਪਤਾ ਸੀ, ਕਿ ਉਹਨਾਂ ਦਾ ਵਾਹ ਇਕ ਐਸੇ ਇਨਸਾਨ ਨਾਲ ਪਿਆ ਹੈ, ਜਿਸ ਅੰਦਰ ਸ਼ਬਦ ਗੁਰੂ ਗਿਆਨ ਦੀ ਜੋਤ ਲੱਟ-ਲੱਟ ਜਗ ਰਹੀ ਹੈ, ਜਿਸ ਨੇ ਭਾਈ ਮਾਸਟਰ ਨੂੰ ਪੂਰਨ ਮਨੁੱਖ ਵਜੋਂ ਫੁੱਲ ਤੇ ਅੰਗਾਰ, ਲੋਹੇ ਤੇ ਬਿਜਲੀ ਵਰਗੀਆਂ ਅਸੀਮ ਤਾਕਤਾਂ ਦੀ ਸੌਗਾਤ ਬਖ਼ਸ਼ੀ ਹੈ। ਜੋ ਇਸ ਨੂੰ ਡੋਲਨ ਨਹੀਂ ਦੇ ਸਕਦੀਆਂ। ਲਾਲਚਾਂ ਦੇਣ ਦੇ ਪੈਂਤੜੇ ਤੋਂ ਬਾਅਦ ਦਿਲ ਦਹਿਲਾ ਦੇਣ ਵਾਲੇ ਜ਼ੁਲਮ ਢਾਹੇ ਗਏ, ਜੋ ਸਿੱਖ ਸੰਘਰਸ਼ ਵਿਚ ਸਿੰਘਾਂ ਲਈ ਆਮ ਜਿਹੀ ਗੱਲ ਸੀ।

ਭਾਈ ਮਸਾਟਰ ਦੇ ਪੈਰਾਂ-ਹੱਥਾਂ ਦੇ ਨਹੁੰ ਕੱਢ ਦਿੱਤੇ ਗਏ, ਡਾਂਗਾਂ-ਅਸਾਲਟਾਂ ਦੇ ਵਾਰ ਅਤੇ ਘੋਟਣਿਆਂ ਨਾਲ ਲੱਤਾਂ-ਬਾਹਾਂ ਤੋੜ ਦਿੱਤੀਆਂ ਗਈਆਂ ਆਖ਼ਿਰ ਫਿਰ ਵੀ ਸਿਰ ਸ਼ਾਨ ਨਾਲ ਉਚਾ ਰੱਖਣ ਅਤੇ ਅਫਸਰਾਂ ਨਾਲ ਅਣਖ ਨਾਲ ਅੱਖਾਂ 'ਚ ਅੱਖਾਂ ਪਾ ਕੇ ਗਲ ਕਰਨ ਤੇ ਦੋਵੇਂ ਅੱਖਾਂ ਵਿਚ ਸਰੀਏ ਧੁਸ ਦਿੱਤੇ ਗਏ, (ਜਿਕਰ ਯੋਗ ਹੈ ਕਿ ਭਾਈ ਸਾਹਿਬ ਕਿਸੇ ਨਾਲ ਗਲ ਕਰਦਿਆਂ ਅੱਖਾਂ ਉਤੇ ਨਹੀਂ ਸੀ ਚੁਕਿਆ ਕਰਦੇ) ਦੋਵੇਂ ਹੱਥ ਪਿੱਛਾਹ ਬੰਨ ਕੇ, ਭਾਈ ਮਾਸਟਰ, ਭਾਈ ਗੁਰਦੀਪ ਸਿੰਘ ਨੇਪਾਲੀ, ਭਾਈ ਜੱਲਬਪੁਰੀਆ

ਅਤੇ ਦੋ ਮੁਸਲਮਾਨ ਨੌਜਵਾਨਾਂ ਨੂੰ 13-5-1994 ਨੂੰ ਇਕ ਝੂਠੇ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਅਖ਼ਬਾਰਾਂ ਵਿਚ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜੈਡ.ਐਫ) ਦੇ ਮੋਢੀ ਤੇ ਕਮਾਂਡਰ ਇਨ ਚੀਫ ਅਤੇ ਏਰੀਆਂ ਕਮਾਂਡਰ ਨੂੰ ਮਕਾਬਲੇ 'ਚ ਮਾਰ ਗਿਰਾਨ ਦੀ ਸੁਰੱਖੀਆਂ ਛਾਪੀਆਂ ਗਈਆਂ, ਅਸਲ ਵਿਚ ਸਿੰਘਾਂ ਦੇ ਸਰੀਰ ਅੱਗੇ ਸਰਕਾਰ ਦੀ ਕਰੜੀ ਹਾਰ ਹੋਈ ਸੀ। ਫਿਰ ਵੀ ਇਕ ਵੱਡਾ ਘਾਟਾ ਹਮੇਸ਼ਾ ਮਹਿਸੂਸ ਹੁੰਦਾ ਰਹੇਗਾ, ਕਿਉਂਕਿ ਭਾਈ ਮਾਸਟਰ, ਭਾਈ ਗੁਰਦੀਪ ਸਿੰਘ ਅਤੇ ਸਾਥੀਆਂ ਵੱਲੋਂ ਜੋ ਪੰਜਾਬ ਵਿਚਲੀ ਖਾੜਕੂ ਲਹਿਰ ਨੂੰ ਮੁੜ ਜਿਉਂਦਾ ਕਰਨ ਲਈ ਘਾਲੀ ਗਈ ਘਾਲਣਾ ਨੂੰ ਬਿਕੀ ਹੋਈ ਜਮੀਰ ਵਾਲੇ ਫੈਡਰੇਸ਼ਨ ਦੇ ਅਖੌਤੀ ਆਗੂ ਅਤੇ ਖਾੜਕੂ ਭੇਸ ਵਿਚ ਲੁਕੇ (ਹੁਣ ਜਾਹਿਰ ਹੋ ਚੁਕੇ) ਜੰਮੂ ਤੇ ਪੰਜਾਬ ਦੇ ਕੈਂਟਾਂ ਨੇ ਅਸਫ਼ਲ ਕਰਵਾ ਦਿੱਤਾ ਸੀ।

"ਮੰਜਲ ਮਿਲੇ ਜਾ ਨਾ ਮਿਲੇ, ਮੁਝੇ ਇਸ ਕਾ ਕੋਈ ਗ਼ਮ ਨਹੀਂ।
ਮੰਜ਼ਿਲ ਕੀ ਜੁੱਸਤਜੁ ਮੇਂ, ਮੇਰਾ ਕਾਰਵਾਂ ਤੋ ਹੈ।"

ਆਖ਼ਰ ਕੌਮ ਕਦੋਂ ਤੱਕ ਇਨ੍ਹਾਂ ਗੱਦਾਰ ਆਗੂਆਂ ਨੂੰ ਬਰਦਾਸ਼ਤ ਕਰਦੀ ਰਹੇਗੀ?

■ ■ ■

ਭਾਈ ਭੁਪਿੰਦਰ ਸਿੰਘ ਘੁੱਗੀ

ਬਾਬਾ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਗੁਰਮਤਿ ਗਾਡੀ ਰਾਹ 'ਤੇ ਤੁਰਨ ਵਾਲੇ ਪਾਂਧੀਆਂ ਨੂੰ ਸਮੇਂ-ਸਮੇਂ ਦੀਆਂ ਹਕੂਮਤਾਂ ਨੇ ਮਿਟਾਉਣ ਦੇ ਯਤਨ ਕੀਤੇ, ਪਰ ਮਿਟਾ ਨਹੀਂ ਸਕੀਆਂ, ਇਨ੍ਹਾਂ ਪਾਂਧੀਆਂ ਨੇ ਇਸ ਵਿਚਾਰਧਾਰਾ ਨੂੰ ਜੀਉਂਦਾ ਰੱਖਣ ਲਈ ਸਿਰਧੜ ਦੀ ਬਾਜੀ ਲਾਉਣ ਤੋਂ ਵੀ ਕੋਈ ਪਰਹੇਜ਼ ਨਹੀਂ ਕੀਤੀ, 20ਵੀਂ ਸਦੀ ਦੇ ਸੰਘਰਸ਼ ਦੀ ਤਾਜ਼ੀਆਂ ਮਿਸਾਲਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਇਸ ਗਲ ਦੀ ਸ਼ਹਾਦਤ ਭਰਦਾ ਇਕ ਯੋਧਾ ਸੀ, ਭਾਈ ਭੁਪਿੰਦਰ ਸਿੰਘ, ਜੋ ਸਮਕਾਲੀ ਜਾਬਰਾਂ ਦੇ ਟੋਲਿਆਂ ਨਾਲ ਮੱਥਾ ਡਾਹ ਕੇ ਲੜਿਆ ਅਤੇ ਸਹਾਦਤ ਦਾ ਜਾਮ ਪੀ ਗਿਆ, ਨਾਲੇ ਡੰਕੇ ਦੀ ਚੋਟ ਤੇ ਇਹ ਦਸ ਗਿਆ ਕਿ 'ਕੋਈ ਵੀ ਨਾਪਾਕ ਤਾਕਤ ਪੰਥ ਨੂੰ ਨੇਸਤੋ-ਨਾਬੂਦ ਨਹੀਂ ਕਰ ਸਕਦੀ।

ਜੰਮੂ ਕਸ਼ਮੀਰ ਦੇ ਜੰਮੂ ਖਿਤੇ ਦੇ ਇਕ ਪਿੰਡ ਭੋਰ ਕੈਂਪ ਵਿਚ 1969 'ਚ ਜੰਮਿਆ ਪਿਤਾ ਸ੍ਰ. ਰਘਬੀਰ ਸਿੰਘ ਫੌਜੀ ਅਤੇ ਬੁਲੰਦ ਹੌਸਲੇ ਵਾਲੀ ਮਾਤਾ ਸਵਰਨ ਕੌਰ ਦਾ ਸ਼ੇਰ ਪੁਤੱਰ ਜੋ ਹਾਈ ਸੈਕੰਡਰੀ ਸਕੂਲ ਜੰਮੂ ਤੋਂ ਦਸਵੀਂ ਤੱਕ ਪੜ੍ਹਿਆ, ਥੋੜ੍ਹੀ ਹੋਸ਼ ਸੰਭਾਲੀ ਤਾਂ ਕੰਮ ਕਾਜ ਵਿਚ ਪਿਤਾ ਜੀ ਨਾਲ ਕਿਰਤ ਕਰਨ ਜਾਣ ਲਗ ਪਿਆ।

ਇਨ੍ਹਾਂ ਦਿਨਾਂ ਵਿਚ ਇਲਾਕੇ ਦੇ ਕੁਝ ਬਦਮਾਸ਼ਾਂ ਨੇ ਪਿੰਡ ਵਿਚ ਬੜੀ ਹੁਲੱੜਬਾਜ਼ੀ ਸ਼ੁਰੂ ਕਰ ਕੀਤੀ ਹੋਈ ਸੀ, ਭੁਪਿੰਦਰ ਸਿੰਘ ਨੇ ਛੋਟੀ ਜਿਹੀ ਉਮਰੇ ਹੀ ਇਨ੍ਹਾਂ ਬਦਮਾਸ਼ਾਂ ਨਾਲ ਮੱਥਾ ਲਾਇਆ ਅਤੇ ਉਨ੍ਹਾਂ ਨੂੰ ਪ੍ਰੇਸ਼ਾਨੀ ਵਿਚ ਪਾ ਦਿੱਤਾ, ਭੁਪਿੰਦਰ ਸਿੰਘ ਦੇ ਜੇਰੇ ਅੱਗੇ ਵੱਡੇ ਬਦਮਾਸ਼ਾਂ ਦਾ ਕੋਈ ਚਾਰਾ ਨਾ ਚਲਿਆ ਪਿੰਡ ਵਿਚ ਹੇਠੀ ਹੋਣ ਲੱਗੀ, ਬਦਮਾਸ਼ਾਂ ਨੇ ਸਿਆਸੀ ਅਸਰ ਰਸੂਖ ਵਰਤ ਕੇ ਪੁਲਿਸ ਰਾਹੀਂ ਆਪਣੀ ਖਲਾਸੀ ਕਰਵਾ ਲਈ ਤੇ ਭੁਪਿੰਦਰ ਨੂੰ ਝੂਠੇ ਕੇਸਾਂ ਵਿਚ ਜੇਲ੍ਹ ਜਾਣਾ ਪਿਆ, ਭੁਪਿੰਦਰ ਸਿੰਘ ਦੀ ਤੇਜ਼ਫੁਰਤੀ ਅਤੇ ਘੁੱਗੀਆਂ ਦਾ ਗੁਲੇਲ ਨਾਲ ਨਿਸ਼ਾਨਾਂ ਵਿੰਨ੍ਹਣ ਕਾਰਣ, ਹਾਣੀਆਂ ਨੇ ਨਾਮ ਘੁੱਗੀ ਪਾ ਦਿੱਤਾ ਸੀ। ਸਿੱਖੀ ਤਾਂ ਪਹਿਲਾਂ ਹੀ ਫੁੱਟ-ਫੁੱਟ ਭਰੀ ਸੀ, ਲੋੜ ਸੀ ਬਸ ਜਜ਼ਬੇ ਨੂੰ ਅਸਲ ਦਿਸ਼ਾ ਵੱਲ ਮੋੜਨ ਦੀ "ਖੁਦਾ ਦੀ ਨਜ਼ਰ ਸਵੱਲੀ ਹੋਈ" ਜੇਲ੍ਹ ਵਿਚ ਖਾੜਕੂਆਂ ਦੀ ਸੰਗਤ ਦਾ ਨਿੱਘ ਪ੍ਰਾਪਤ ਹੋਇਆ, ਘੁੱਗੀ ਨੂੰ ਸਿੰਘਾਂ ਜੁਝਾਰੂਆਂ ਪਾਸੋਂ ਭਾਰਤ ਵਰਸ਼ ਅੰਦਰ ਸਿੱਖਾਂ 'ਤੇ ਹੋਏ ਜ਼ੁਲਮਾਂ ਦਾ ਪਤਾ ਲੱਗਾ, ਇਨ੍ਹਾਂ ਘਟਨਾਵਾਂ ਨੇ ਘੁੱਗੀ ਨੂੰ ਭਾਈ ਸਾਹਿਬ ਬਣਾ ਦਿੱਤਾ, ਧੁਰ ਅੰਦਰ ਤੱਕ ਹਲੂਣੇ ਜਾਣ ਨਾਲ ਇਹ ਨਿੱਕੀ ਜਿਹੀ ਚੰਗਿਆੜੀ

ਭਾਂਬੜ ਦਾ ਰੂਪ ਧਾਰਨ ਕਰ ਗਈ ਅਤੇ 1989-13 ਜਨਵਰੀ ਦਾ ਕਤਲਕਾਂਡ ਭੱਖਦੇ ਭਾਂਬੜ ਤੇ ਤੇਲ ਵਰਗਾ ਅਸਰ ਕਰ ਗਿਆ।

"ਰਾਜ-ਵਾ-ਹਕ ਜਾਨ ਕਰ, ਜਬ ਹਮ ਆ ਜਾਏ ਹੋਸ਼ ਮੇਂ,
ਫਿਰ ਜ਼ਿੰਦਗੀ ਖੇਲਤੀ ਹੈ, ਮੌਤ ਕੇ ਆਗੋਸ਼ ਮੇਂ"।

ਜੇਲ੍ਹ 'ਚੋਂ ਨਿਕਲਕੇ ਭਾਈ ਘੁੱਗੀ ਫਿਰ ਘਰ ਨਹੀਂ ਰੁਕਿਆ ਅਤੇ ਨਿਕਲ ਪਿਆ ਖਾੜਕੂਆਂ ਅਤੇ ਹਥਿਆਰਾਂ ਦੀ ਭਾਲ ਵਿਚ। ਜੰਮੂ ਦੇ ਕੁਝ ਠੇਕੇਦਾਰਾਂ ਨੇ ਭਾਈ ਘੁੱਗੀ ਦੇ ਜਜ਼ਬਾਤਾਂ ਨੂੰ ਵਰਤਣ ਲਈਂ ਆਪਣੇ ਨਿੱਜੀ ਦੁਸ਼ਮਣਾਂ ਆਸਾ ਸਿੰਘ ਆਦਿ ਨੂੰ ਮੁੱਖਬਰ ਦਸਕੇ ਮਰਵਾਉਣ ਦੀ ਕੋਸ਼ਿਸ਼ ਕੀਤੀ, ਇਸ ਗੱਲ ਦੀ ਭਣਕ ਜਦ ਭਾਈ ਰਣਜੀਤ ਸਿੰਘ, ਭਾਈ ਅਮਰਪਾਲ ਸਿੰਘ ਆਦਿ ਸਿੰਘਾਂ ਨੂੰ ਲੱਗੀ ਤਾਂ ਉਨ੍ਹਾਂ ਭਾਈ ਘੁੱਗੀ ਨੂੰ ਆਪਣੇ ਕੋਲ ਬੁਲਾ ਲਿਆ, ਤੇ ਕਿਹਾ ਹੁਣ ਤੁਹਾਨੂੰ ਕਿਧਰੇ ਜਾਣ ਦੀ ਲੋੜ ਨਹੀਂ। ਪੰਥਕ ਵਿਚਾਰਾਂ ਤੇ ਸੰਘਰਸ਼ ਦੀ ਰੂਪ-ਰੇਖਾ ਸਿਧਾਂਤ ਦੀ ਵਚਨਬਧਤਾ ਹੋਈ, ਅਸਲ ਸਾਥੀ ਮਿਲ ਚੁੱਕੇ ਸਨ।

ਇਕ ਦੋ ਕਾਰਵਾਈਆਂ ਵਿਚ ਪ੍ਰੀਖਿਆ ਦੇਣ ਤੋਂ ਬਾਅਦ ਛੇਤੀ ਹੀ ਭਾਈ ਘੁੱਗੀ 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਦੇ ਕਮਾਂਡਰ ਆਗੂਆਂ ਵਿਚ ਗਿਣਿਆ ਜਾਣ ਲੱਗਾ, ਭਾਈ ਘੁੱਗੀ ਦੇ ਦਲੇਰਾਨਾਂ ਕਾਰਨਾਮਿਆਂ ਕਾਰਨ ਕਈ ਕਿੱਸੇ ਕਹਾਣੀਆਂ ਇਸ ਸਿੰਘ ਦੇ ਜੀਵਨ ਨਾਲ ਜੁੜ ਗਏ। ਮੁੰਬਈ ਅਕਤੂਬਰ 1993 ਵਿਚ ਭਾਈ ਰਣਜੀਤ ਸਿੰਘ ਨੀਤਾ, (ਕੌਮੀ ਚੀਫ ਕੇ.ਜ਼ੈਡ. ਐਫ.) ਦੇ ਸਾਥੀਆਂ ਦੀ ਗ੍ਰਿਫ਼ਤਾਰੀ ਹੋਣ ਤੋਂ ਬਾਅਦ ਜਥੇਬੰਦੀ ਦੀ ਸੇਵਾ ਲਈ ਭਾਈ ਮਾਸਟਰ ਨੂੰ ਚੀਫ ਤੇ ਭਾਈ ਘੁੱਗੀ ਨੂੰ ਕਮਾਂਡਰ ਨਿਯੁਕਤ ਕੀਤਾ ਗਿਆ, ਭਾਈ ਅਮਰਪਾਲ ਸਿੰਘ ਮਾਸਟਰ ਦੀ ਕਮਾਨ ਹੇਠ ਭਾਈ ਘੁੱਗੀ ਵੱਲੋਂ ਸ਼ੇਰ ਵਰਗੀਆਂ ਝੱਪਟਾਂ ਇੰਨੀਆਂ ਤਿੱਖੀਆਂ ਤੇਜ਼ ਕੀਤੀਆਂ ਗਈਆਂ ਕਿ, ਐਕਸ਼ਨਾਂ ਨੂੰ ਵੇਖ-ਸੁਣ ਕੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਇਹ ਡਰ ਖਾਂਉਣ ਲੱਗ ਪਿਆ ਕਿ ਕਿਧਰੇ ਜੰਮੂ ਤੋਂ ਉੱਠੀ ਲਹਿਰ ਪੰਜਾਬ ਵਿਚ ਮੱਠੀ ਪੈ ਚੁੱਕੀ ਖਾੜਕੂ ਲਹਿਰ ਨੂੰ ਮੁੜ ਪ੍ਰਚੰਡ ਨ ਕਰ ਦੇਵੇ...

ਪੰਜਾਬ ਤੋਂ ਵਿਸ਼ੇਸ਼ ਫੋਰਸਾਂ ਇਨ੍ਹਾਂ ਸਿੰਘਾਂ ਨੂੰ ਖਤਮ ਕਰਨ ਲਈ ਸੱਦੀਆਂ ਗਈਆਂ, ਸਿੱਖੀ ਸਰੂਪ ਵਾਲੇ ਸਰਕਾਰੀ ਬੰਦੇ ਆਪਣੇ ਆਪ ਨੂੰ ਪੰਜਾਬ ਦੇ ਖਾੜਕੂ ਦੱਸ ਕੇ ਜੰਮੂ ਵਿਚ ਵਿਚਰਨ ਲੱਗੇ, ਭਾਈ ਮਾਸਟਰ, ਭਾਈ ਘੁੱਗੀ, ਭਾਈ ਡਾਕਟਰ ਆਦਿ ਸਿੰਘਾਂ ਦੇ ਪੋਸਟਰ ਜੰਮੂ ਸ਼ਹਿਰ ਦੀ ਵੱਖ-ਵੱਖ ਥਾਵਾਂ 'ਤੇ ਲਗਾ ਕੇ ਇਨਾਮੀ ਬਾਗੀ, ਐਲਾਨ ਕਰ ਦਿੱਤੇ ਗਏ। ਜੰਮੂ ਵਿਚ ਨਵਾਂ-ਨਵਾਂ ਆਇਆ ਡੀ.ਐਸ.ਪੀ. ਮੱਖਣ ਲਾਲ ਸ਼ਰਮਾਂ ਸਿੰਘ ਦਾ ਸਫਾਇਆ ਕਰਨ ਦੀਆਂ ਟਾਹਰਾਂ ਮਾਰਨ ਲੱਗਾ ਅਤੇ ਕਹਿਣ ਲੱਗਾ ਕਿ ਮੈਂ ਇਸ ਘੁੱਗੀ ਨੂੰ ਛੇਤੀ ਹੀ ਆਪਣੇ ਹੱਥਾਂ ਨਾਲ ਕਾਬੂ ਕਰ ਲੈਣਾ ਹੈ, ਇਕ ਵਾਰ ਭਾਈ ਸਾਹਿਬ ਆਪਣੀ ਮਾਤਾ ਦੇ ਬੁਲਾਵੇ ਤੇ ਮਿਲਨ ਆਪਣੇ ਪਿੰਡ ਆਏ ਹੋਏ ਸਨ, ਜਿਸ ਦੀ ਖ਼ਬਰ

'ਮੱਖਣ ਲਾਲ' ਨੂੰ ਲੱਗ ਗਈ ਤੇ ਮੱਖਣ ਲਾਲ ਦੇ ਪੁੱਜਣ ਤੋਂ ਕੁੱਝ ਪਲ ਪਹਿਲਾਂ ਹੀ ਭਾਈ ਸਾਹਿਬ ਤੇ ਭਾਈ ਮਾਸਟਰ ਉਥੋਂ ਨਿਕਲ ਚੁਕੇ ਸਨ, ਕਿਉਂਕਿ ਸਿੰਘਾਂ ਨੂੰ ਪੁਲਿਸ ਦੇ ਆਉਣ ਦੀ ਖ਼ਬਰ ਨਹੀਂ ਸੀ। ਪੁਲਿਸ ਵੱਲੋਂ ਪਿੰਡ ਦੇ ਸਾਰੇ ਘਰਾਂ ਦੀ ਤਲਾਸ਼ੀ ਲੈਣ ਤੋਂ ਬਾਅਦ ਜਦ ਭਾਈ ਸਾਹਿਬ ਦੀ ਮਾਤਾ ਨੂੰ ਡੀ.ਐਸ.ਪੀ. ਨੇ ਪੁੱਛਿਆ, ਮਾਈ ਕਿੱਥੇ ਹੈ ਤੇਰਾ ਪੁੱਤਰ-ਘੁੱਗੀ ? ਅੱਗੋਂ ਮਾਤਾ ਨੇ ਪਿੰਡ ਵਾਲਿਆਂ ਸਾਹਮਣੇ ਬੜੀ ਦਲੇਰੀ ਭਰੇ ਲਹਿਜੇ ਵਿਚ ਕਿਹਾ ਸੀ, "ਤੂੰ ਮੇਰੇ ਪੁੱਤਰ ਨੂੰ ਲੱਭਦਾ ਫਿਰਦਾ ਹੈਂ, ਤੇ ਮੇਰੇ ਪੁੱਤਰ ਤੈਨੂੰ ਲੱਭਦੇ ਫਿਰਦੇ ਹਨ।"

ਦੂਜੇ ਦਿਨ ਇਸੇ ਇਲਾਕੇ ਵਿਚ ਡੀ.ਐਸ.ਪੀ. ਮੱਖਣ ਲਾਲ ਦੀ ਗਸ਼ਤ ਜਾ ਰਹੀ ਸੀ, ਕਿ ਭਾਈ ਸਾਹਿਬ ਇਕਲਿਆਂ ਹੀ ਪੁਲਿਸ ਪਾਰਟੀ ਅੱਗੇ ਆਣ ਖੜੇ ਹੋਏ ਅਤੇ ਲਲਕਾਰ ਕੇ ਕਹਿਣ ਲੱਗੇ, ਆਫ਼ਿਸਰਾ ਆ ਜਾ ਇਕੱਠੇ ਸ਼ਹੀਦ ਹੋਈਏ ਅਤੇ ਰੋਜ਼-ਰੋਜ਼ ਦਾ ਸਿਲਸਿਲਾ ਹੀ ਮੁਕਾਈਏ ਭਾਈ ਸਾਹਿਬ ਨੇ ਉਸ ਵੇਲੇ ਆਪਣੇ ਸ਼ਰੀਰ ਉੱਤੇ ਬਾਰੂਦ ਦੀਆਂ ਬੈਲਟ (ਕਿੱਟ) ਬੰਨ੍ਹੀ ਹੋਈ ਸੀ, ਜਿਸ ਨੂੰ ਵੇਖ ਕੇ ਸਬ-ਇਸਪੈਕਟਰ ਦਾ ਰੰਗ ਉੱਡ ਗਿਆ ਤੇ ਉਹ ਜਿਪਸੀ ਲੈ ਕੇ ਨਿਕਲਨ ਲੱਗਾ, ਕਿਸੇ ਦੀ ਵੀ ਰਾਇਫ਼ਲ ਚੁੱਕਣ ਦੀ ਹਿੰਮਤ ਨਾ ਪਈ ਤੇ ਦੂਰ ਨਿਕਲੀ ਜਿਪਸੀ 'ਚੋਂ ਜਦ ਇਕ ਸਿਪਾਹੀ ਅਸਾਲਟ ਚੁੱਕਣ ਲੱਗਾ, ਤਾਂ ਭਾਈ ਘੁੱਗੀ ਨੇ ਪਿੰਨ ਕੱਡੇ ਬਗੈਰ, ਇਕ ਗਰਨੇਡ ਨੂੰ ਜਿਪਸੀ ਵੱਲ ਸੁੱਟ ਦਿੱਤਾ, ਜਿਸ ਨੂੰ ਵੇਖ ਕੇ ਉਨ੍ਹਾਂ ਗੱਡੀ ਭਜਾ ਲਈ ਤੇ ਭਾਈ ਸਾਹਿਬ ਨੇ ਗਰਨੇਡ ਚੁੱਕ ਕੇ ਮੁੜ ਆਪਣੇ ਹਥਿਆਰਾਂ ਦੇ ਬੈਗ ਵਿਚ ਪਾ ਲਇਆ।

"ਅਕੇਲੇ ਮੇਂ ਵਹ ਇਤਰਾਤੇ ਹੈ, ਅਪਨੇ ਜ਼ੋਰ ਏ ਬਾਜ਼ੂਓਂ ਪਰ
ਜਬ ਹਮ ਸਾਹਮਣੇ ਆਏਂ ਤੋਂ ਰਾਸਤਾ ਛੋੜ ਜਾਤੇ ਹੈ।"

ਭਾਈ ਸਾਹਿਬ ਦੇ ਇਸ ਕਾਰਨਾਮੇਂ ਦਾ ਜਦ 'ਮੱਖਣ ਲਾਲ' ਨੂੰ ਪਤਾ ਲਗਾ ਤਾਂ ਉਸ ਨੇ ਭਾਈ ਸਾਹਿਬ ਨੂੰ ਜੀਉਂਦਾ ਫੜਨ ਲਈ ਚੰਦ ਦਿਨਾਂ ਦਾ ਐਲਾਨ ਕਰ ਦਿੱਤਾ, ਭਾਈ ਘੁੱਗੀ ਦਾ ਅਨੇਕਾਂ ਵਾਰ ਬਚ ਨਿਕਲਣਾਂ ਅਤੇ ਮੌਤ ਨਾਲ ਅਠਖੇਲੀਆਂ ਕਰਣੀਆਂ, ਪੁਲਿਸ ਪਾਰਟੀਆਂ ਦਾ ਮਜ਼ਾਕ ਉਡਾਉਣਾ ਅਤੇ ਮੁੱਖਬਰਾਂ ਨੂੰ ਢੇਰੀ ਕਰੀ ਜਾਣਾ, ਫਿਰ ਲੋਕਾਂ ਦਾ ਪੂਰਾ-ਪੂਰਾ ਸਾਥ ਮਿਲਣਾ ਪੁਲਸ ਅਤੇ ਸਰਕਾਰ ਲਈ ਪ੍ਰੇਸ਼ਾਨੀ ਦਾ ਘਰ ਬਣਿਆ ਹੋਇਆ ਸੀ।

ਭਾਈ ਸਾਹਿਬ ਨੇ ਮੱਖਣ ਲਾਲ ਦੇ ਐਲਾਨ ਦੇ ਜਵਾਬ ਵਿਚ ਲਿਖ ਭੇਜਿਆ ਕਿ "ਮੱਖਣ ਲਾਲ ... ਪਹਿਲਾਂ ਤਾਂ ਸਿੰਘਾਂ ਦਾ ਸਾਹਮਣਾ ਹੁੰਦਿਆਂ ਹੀ ਭੱਜ ਜਾਣ ਵਾਲੀਆਂ ਤੇਰੀਆਂ ਫੋਰਸਾਂ ਤੋਂ ਇਹ ਹੋਣਾ ਨਹੀਂ, ਪਰ ਜੇ ਹਲਾਤ ਕਦੀ ਐਸੇ ਬਣ ਵੀ ਗਏ ਤਾਂ, ਘੱਟ-ਘੱਟ ਜੀਉਂਦਾ ਫੜਨ ਵਾਲਾ ਤੇਰਾ ਸੁਪਨਾ ਤਾਂ ਕਦੀ ਵੀ ਸਾਕਾਰ ਨਹੀਂ ਹੋਣ ਦਿਆਂਗਾ, ਇਹ ਇਕ ਖਾੜਕੂ ਸਿੰਘ ਦਾ ਤੇਰੇ ਨਾਲ ਵਾਦਾ ਰਿਹਾ...।

ਭਾਈ ਅਮਰਪਾਲ ਸਿੰਘ ਮਾਸਟਰ ਨੂੰ ਕਿਸੇ ਸਿੰਘ ਨੇ ਆ ਕੇ ਦੱਸਿਆ ਕਿ ਗੁਰੂ

ਨਾਨਕ ਨਗਰ ਜੰਮੂ ਵਿਖੇ ਭਾਈ ਤਲਵਿੰਦਰ ਸਿੰਘ ਪਰਮਾਰ ਅਤੇ ਹੋਰ ਕਈ ਸਿੰਘਾਂ ਦੀ ਮੁਖਬਰੀ ਕਰਨ ਵਾਲਾ ਗੱਦਾਰ ਠਹਿਰਿਆ ਹੋਇਆ ਹੈ, ਜਿਸ ਨੂੰ ਸੋਧਣ ਦੀ ਜ਼ਿੰਮੇਵਾਰੀ ਭਾਈ ਸਾਹਿਬ ਘੁੱਗੀ ਨੂੰ ਸੌਂਪੀ ਗਈ, ਮੁੱਖ ਦੋਸ਼ੀ ਤਾਂ ਚਲਾਕੀ ਨਾਲ ਨਿਕਲ ਗਿਆ, ਪਰ ਇਕ ਹੋਰ ਮੁੱਖਬਰ ਜੋ ਉਸ ਨਾਲ ਬੈਠੇ ਨੂੰ ਭਾਈ ਘੁਗੀ ਨੇ ਢੇਰ ਕਰ ਦਿੱਤਾ, ਕੁਝ ਦਿਨਾਂ ਬਾਅਦ ਭਾਈ ਮਾਸਟਰ ਤੇ ਭਾਈ ਘੁੱਗੀ ਮੁੜ ਕਿਸੇ ਐਕਸ਼ਨ ਤੇ ਜਾ ਰਹੇ ਸਨ, ਕੀ ਗਾਂਧੀ ਨਗਰ ਜੰਮੂ ਇਲਾਕੇ ਵਿਚ ਐਸ.ਐਚ.ਓ. ਸ੍ਰ ਉਦੇਵੀਰ ਸਿੰਘ ਨੇ ਪੁਲਿਸ ਪਾਰਟੀ ਨਾਲ ਸਿੰਘਾਂ ਨੂੰ ਘੇਰਾ ਪਾ ਲਿਆ, ਆਫ਼ਿਸਰ ਸਿੰਘਾਂ ਨੂੰ ਹਥਿਆਰ ਸੁੱਟਣ ਦੀ ਧਮਕੀ ਦੇ ਰਿਹਾ ਸੀ, ਤੇ ਸਿੰਘ ਇਕ ਸਿੱਖ ਭਰਾ ਨੂੰ ਰਸਤਾ ਦੇਣ ਦੀ ਅਪੀਲ ਕਰ ਰਹੇ ਸਨ, ਪਰ ਹਕੂਮਤ ਵੱਲੋਂ ਮਿਲੀ ਖਾਕੀ ਵਰਦੀ ਦੇ ਫਰਜ਼ ਤੋਂ ਪਾਬੰਦ ਉਦੇਵੀਰ ਸਿੰਘ ਨੇ ਸਿੰਘਾਂ ਤੇ ਗੋਲੀ ਚਲਾਉਣ ਦਾ ਹੁਕਮ ਸੁਣਾ ਦਿੱਤਾ ਤਾਂ ਸਿੰਘਾਂ ਨੂੰ ਵੀ ਜਬਾਬੀ ਕਾਰਵਾਈ ਕਰਨੀ ਪਈ, ਜਿਸ ਵਿਚ ਐਸ.ਐਚ.ਓ. ਹਲਾਕ ਹੋ ਗਿਆ ਤੇ ਕਈ ਸਿਪਾਹੀ ਜਖ਼ਮੀਂ, ਸਿੰਘਾਂ ਨੂੰ ਵੀ ਕੁਝ ਜਖ਼ਮਾਂ ਦਾ ਸਾਹਮਣਾ ਕਰਨਾ ਪਿਆ, ਪਰ ਸਿੱਖ ਫਿਰ ਵੀ ਮਹਿਫੂਜ਼ ਨਿਕਲਣ ਵਿਚ ਸਫਲ ਹੋ ਗਏ।

ਪਰ ਇਕ ਗੁਰਸਿਖ ਮਾਤਾ ਦਾ ਗੁਰਸਿਖ ਪੁੱਤਰ ਉਦੇ ਵੀਰ ਸਿੱਖਾਂ ਭਰਾਵਾਂ ਦੀ ਗੋਲੀ ਦਾ ਹੀ ਸ਼ਿਕਾਰ ਹੋਇਆ।

ਜੰਮੂ ਵਿਚਲੀ ਖਾੜਕੂ ਲਹਿਰ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਣ ਤੋਂ ਬਾਅਦ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਸਿੰਘਾਂ ਨੇ ਜੰਮੂ ਦੇ ਇਕ ਪਿੰਡ ਗਾਡੀਗੜ੍ਹ ਦੇ ਖੇਤਾਂ 'ਚ ਲੱਗੀ ਬੰਬੀ ਉੱਤੇ ਅੰਮ੍ਰਿਤ ਵੇਲੇ ਇਕ ਬੈਠਕ ਬੁਲਾਈ ਹੋਈ ਸੀ, ਜਿਸ ਵਿਚ ਕੁਝ ਸਿੰਘਾਂ ਨੂੰ ਦੇਸ਼ (ਭਾਰਤ) 'ਚੋਂ ਬਾਹਰ ਭੇਜਣ ਅਤੇ ਕੁਝ ਸਿੰਘਾਂ ਨੂੰ ਪੰਜਾਬ ਵਿਚ (ਮੁੜ, ਧਰਮਯੁੱਧ ਦੇ ਉਭਾਰ ਲਈ ਯਤਨ ਵਜੋਂ ਕੂਚ ਕਰਨ ਦੀ ਰਣਨੀਤੀ ਤਿਆਰ ਕੀਤੀ ਜਾਣੀ ਸੀ। ਵੱਡੀ ਗਿਣਤੀ 'ਚ ਸਿੰਘਾਂ ਨੇ ਇਸ ਬੈਠਕ ਵਿਚ ਹਿੱਸਾ ਲਿਆ, ਮੀਟਿੰਗ ਚਲ ਰਹੀ ਸੀ, ਬਹੁਤੇ ਸਿੰਘਾਂ ਨੇ ਕੇਸ਼ੀ ਇਸ਼ਨਾਨ ਕੀਤਾ ਹੋਇਆ ਸੀ, ਤੇ ਹਥਿਆਰ ਸਾਫ਼ ਕਰਨ ਲਈ ਖੋਲੇ ਹੋਏ ਸਨ, ਕਿ ਅਚਾਨਕ ਕਿਸੇ ਬੁਕਲ ਦੇ ਸੱਪ ਦੀ ਸੂਹ ਤੇ ਵੱਖ-ਵੱਖ ਫੋਰਸਾਂ, ਪੁਲਿਸ ਅਤੇ ਆਧੁਨਿਕ ਹਥਿਆਰਾਂ ਨਾਲ ਲੈਸ, ਹੈਲੀਕਾਪਟਰ ਦੀ ਨਿਗਰਾਨੀ ਫੋਰਸਾਂ ਦਾ ਘੇਰਾ ਮਜ਼ਬੂਤੀ ਨਾਲ ਪੈ ਚੁੱਕਿਆ ਸੀ।

ਭਾਈ ਮਾਸਟਰ ਆਪ ਅੱਗੇ ਵਧੇ, ਚਾਰ-ਚਾਰ ਸਿੰਘਾਂ ਦਾ ਜਥਾ ਬਣਾ ਕੇ ਮੁਕਾਬਲਾ ਤੇ ਬਚਾਵ ਕਰਨ ਦਾ ਘੜੀ-ਪਲਾਂ 'ਚ ਪ੍ਰੋਗਰਾਮ ਬਣਾਇਆ ਗਿਆ। ਭਾਈ ਘੁੱਗੀ ਨੇ ਭਾਈ ਜੱਬਲਪੁਰੀਏ ਤੇ ਭਾਈ ਮਿੱਟੇ ਦੀ ਭਾਈ ਮਾਸਟਰ ਨੂੰ ਡਿਫੈਂਸ ਫਾਈਅਰ ਦੇਣ ਦੀ ਡਿਊਟੀ ਲਾਈ, ਹਥਿਆਰਾਂ ਦੀ ਘਾਟ ਕਾਰਨ ਚਾਰ-ਚਾਰ ਸਿੰਘ ਇਕ ਰਾਈਫਲ (AK 47) ਨਾਲ ਡਿਫੈਂਸ-ਮੁਕਾਬਲਾ ਕਰ ਰਹੇ ਸਨ, ਸਾਰੇ ਸਿੰਘਾਂ ਨੂੰ ਘਿਰਦਾ ਵੇਖ ਕੇ ਪੁਲਿਸ ਅਤੇ ਫੋਰਸਾਂ ਦਾ ਧਿਆਨ ਆਪਣੇ ਵੱਲ ਕਰਨ ਲਈ ਭਾਈ ਘੁੱਗੀ ਇਕੱਲੇ ਹੀ ਵੱਖਰੀ

ਦਿਸ਼ਾ ਵੱਲ ਪਸਤੋਲ ਨਾਲ ਗੋਲੀਆਂ ਚਲਾਉਂਦੇ ਨਿਕਲ ਪਏ, ਫੋਰਸਾਂ ਦਾ ਰੁਖ ਭਾਈ ਘੁੱਗੀ ਵੱਲ ਹੋ ਗਿਆ, ਇਸੇ ਤਰ੍ਹਾਂ ਭਾਈ ਗੁਰਮੇਲ ਸਿੰਘ ਨੇ ਵੀ ਜਥੇ ਤੋਂ ਵੱਖਰੇ ਹੋ ਕੇ ਫੋਰਸਾਂ ਨੂੰ ਆਪਣੇ ਵੱਲ ਕੇਂਦਰਤ ਕਰ ਲਿਆ ਸਿੰਘ ਸਫ਼ਲ ਰਹੇ, ਘੇਰਾ ਟੁੱਟ ਗਿਆ, ਭਾਈ ਘੁੱਗੀ ਕੋਲ ਗੋਲੀਆਂ ਖ਼ਤਮ ਹੋ ਗਈਆਂ, ਇਕ ਉੱਚੇ ਬੰਨੇ ਦੀ ਓਟ ਹੇਠਾਂ ਭਾਈ ਸਾਹਿਬ ਨੇ ਅਕਾਲ ਪੁਰਖ ਅੱਗੇ ਅਰਦਾਸ ਸੋਧੀ ਜੈਕਾਰੇ ਗਜਾਏ, ਖਾਲਿਸਤਾਨ ਦੀ ਮੱਠੀ ਪੈਂਦੀ ਗੂੰਝ ਨਾਲ ਹੀ ਸਾਈਨਿਡ ਮੂੰਹ ਵਿਚ ਪਾਕੇ 17 ਦਸੰਬਰ 1993 ਨੂੰ ਉੱਥੇ ਨਾਲ ਵੱਗਦੇ ਇਕ ਨਾਲੇ ਵਿਚ ਕੁੱਦ ਪਏ....।

ਫਿਰ ਇਕ ਕਹਾਣੀ ਦਾ ਜਨਮ ਹੋਇਆ, ਵੱਖ-ਵੱਖ ਗੱਲਾਂ ਛਿੜ ਪਈਆਂ, ਨਾਲਾ ਬਹੁਤਾ ਡੂੰਘਾ ਵੀ ਨਹੀਂ ਸੀ, ਫਿਰ ਫੋਰਸਾਂ ਨੂੰ ਲਾਸ਼ ਕਿਉਂ ਨਾ ਮਿਲੀ ? ਲੰਮਾਂ ਸਮਾਂ ਜਦੋ ਜਹਿਦ ਕਰਕੇ ਫੋਰਸ ਚਲੀ ਗਈ, ਸੂਹੀਏ ਛੱਡ ਦਿੱਤੇ ਗਏ, ਪਰ ਲਾਸ਼ ਕੀ ਨਾਲਾ ਨਿਗਲ ਗਿਆ, ਜਾਂ....

ਲੋਕਾਂ ਨੂੰ ਇੰਝ ਪ੍ਰਤੀਤ ਹੋ ਰਿਹਾ ਸੀ ਕਿ ਭਾਈ ਸਾਹਿਬ ਵੱਲੋਂ ਮੱਖਣ ਲਾਲ (ਡੀ.ਐਸ.ਪੀ.) ਨੂੰ ਕਹੇ ਬੋਲਾਂ (ਸ਼ਬਦਾਂ) ਨੂੰ ਸਤਿਗੁਰੂ ਆਪ ਪੁੱਗਾ ਰਿਹਾ ਹੋਵੇ। ਇਹ ਸਾਰਾ ਮੰਜਰ ਲੋਕਾਂ ਨੇ (ਲੇਖਕ ਵੀ ਸ਼ਾਮਿਲ) ਕੋਠਿਆਂ ਤੇ ਚੜਕੇ ਵੇਖਿਆ ਸੀ, ਚਾਰੋਂ ਪਾਸੀਂ ਸਿੰਘਾਂ ਦੀ ਬਹਾਦਰੀ ਨਿਡਰਤਾ ਦੀ ਚਰਚਾ ਹੋ ਰਹੀ ਸੀ, ਅਤੇ ਨਾਲ ਹੀ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸਾਂ। ਭਾਈ ਭੁਪਿੰਦਰ ਸਿੰਘ ਘੁੱਗੀ ਤੋਂ ਇਲਾਵਾ ਭਾਈ ਗੁਰਮੇਲ ਸਿੰਘ ਵੀਰ ਵੀ ਸ਼ਹੀਦ ਹੋ ਗਏ। ਇਕ ਬੀਬੀ ਜੋ ਉਸ ਵੇਲੇ ਖੇਤਾਂ 'ਚ ਘਾਹ ਵੱਡ ਰਹੀ ਸੀ ਨੇ ਸਾਰਾ ਦ੍ਰਿਸ਼ ਅਰਦਾਸ, ਜੈਕਾਰੇ, ਛਾਲ ਦੀ ਪੁਸ਼ਟੀ ਕੀਤੀ, ਪੁਲਿਸ ਦਾ ਪਹਿਰਾ ਹੱਟ ਜਾਣ ਪਿੱਛੋਂ ਸਿੱਖ ਨੌਜਵਾਨ ਕ੍ਰਿਕਟ ਖੇਡਣ ਦੇ ਬਹਾਨੇ ਨਾਲੇ ਕੋਲ ਗਏ ਅਤੇ ਨਾਲੇ ਵਿਚ ਰੱਸੀ ਫੜ ਕੇ ਤਲਾਸ਼ੀ ਕੀਤੀ ਤਾਂ ਲਾਸ਼ ਮਿਲ ਗਈ ਸਿੰਘ ਦੀ ਦੇਹ ਨੂੰ ਬੜੀ ਫੁਰਤੀ ਨਾਲ ਗਾਡੀਗੜ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਪੁਜਾਇਆ ਗਿਆ, ਸਪੀਕਰ ਤੇ ਦੇਹ (ਸਰੀਰ) ਦੇ ਆਖਰੀ ਦਰਸ਼ਨ ਤੇ ਲਕੜਾ ਲੈ ਕੇ ਪੁੱਜਣ ਦੀ ਅਪੀਲ ਕੀਤੀ ਗਈ, ਮੈਂ (ਲੇਖਕ) ਵੀ ਉਥੇ ਮੌਜੂਦ ਸੀ। ਕੁਝ ਹੀ ਦੇਰ 'ਚ ਵੱਡਾ ਹਜੂਮ ਉਮੜ ਆਇਆ, ਭਾਰਤੀ ਪੁਲਿਸ ਤੇ ਪ੍ਰੈਸ ਵੀ ਪੁੱਜ ਗਈ, ਜਿਨ੍ਹਾਂ ਨੂੰ ਬੀਬੀਆਂ ਨੇ ਸੜਕਾਂ ਤੇ ਲੰਮੀਆਂ ਪੈ ਕੇ ਕਾਫ਼ੀ ਦੂਰ ਤੱਕ ਰੋਕ ਲਿਆ। ਸਿੰਘ ਨੂੰ ਜੀਉਂਦਾ, ਨਾ ਮੁਰਦਾ, ਨਾ ਹੀ ਉਸਦੀ ਆਖ਼ਰੀ ਫੋਟੋ ਹੀ, ਪੁਲਿਸ ਤੇ ਪ੍ਰੈਸ ਖਿੱਚ ਸਕੀ। ਪੁਲਿਸ ਆਫ਼ਿਸਰਾਂ ਦੀ ਬੇਬੱਸ ਅੱਖਾਂ ਸਾਹਮਣੇ ਜੈਕਾਰਿਆਂ ਗੂੰਝ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ, ਜਿਸ ਵਿਚ ਭਾਈ ਸਾਹਿਬ ਦੀ ਮਾਤਾ ਵੀ ਸ਼ਾਮਿਲ ਹੋਈ। ਇਸ ਤਰ੍ਹਾਂ ਭਾਈ ਭੁਪਿੰਦਰ ਸਿੰਘ ਘੁੱਗੀ ਦੀ ਸ਼ਹਾਦਤ ਦਾ ਦਿਨ 18ਵੀਂ ਸਦੀ ਦੀ ਯਾਦ ਤਾਜਾ ਕਰਦਾ ਹੋਇਆ ਇਤਿਹਾਸ ਹੋ ਨਿਬੜਿਆ।

"ਅਸੀਂ ਸਿਰ ਦੇ ਨਾਲ ਨਿਭਾ ਚਲੇ, ਤੁਸੀਂ ਆਪਣਾ ਫਰਜ਼ ਪਛਾਣ ਲਵੋ।

ਹਰ ਸਿਰ ਤੁਹਾਡੇ ਤੇ ਕਰਜ਼ਾ ਹੈ, ਦਸਮੇਸ਼ ਦੇ ਪੁੱਤਰੋਂ ਜਾਣ ਲਵੋ।"

ਅੱਜ! ਕੁਰਬਾਨੀਆਂ ਤੋਂ ਬਾਅਦ। ਪਿੰਡ ਗਾਡੀਗੜ ਸਿੰਘਾਂ ਦਾ ਗੜ੍ਹ ਫੋਰਸਾਂ ਵੱਲੋਂ ਜ਼ੁਲਮ ਦਾ ਸ਼ਿਕਾਰ ਬਣਾਇਆ ਗਿਆ, ਪਰ ਸਿੱਖ ਝੁਕੇ ਨਾ, ਟੁੱਟੇ ਨਾ, ਬਿਕੇ ਨਾ ਪਰ ਅੱਜ ਇਸ ਪਿੰਡ ਵਿਚ ਆਪਸੀ ਸੰਤਾਂ, ਪ੍ਰਧਾਨਾਂ, ਲੀਡਰਾਂ-ਅਖੌਤੀ ਧਾਰਮਿਕ ਅਤੇ ਸਿਆਸੀ ਆਗੂਆਂ ਦੀ ਰੰਜਿਸ਼ ਨੇ ਪਿੰਡ ਵਾਸੀਆਂ ਨੂੰ ਕਈ ਧੜਿਆ ਗਰੁੱਪਾਂ 'ਚ ਖੇਰੂ-ਖੇਰੂ ਕਰ ਦਿੱਤਾ ਹੈ। ਅਫ਼ਸੋਸ ਅਕਾਲ ਪੁਰਖ ਸੁਮਤ ਬਖ਼ਸ਼ੇ।

■■■

ਭਾਈ ਜਸਵੀਰ ਸਿੰਘ (ਡਾਕਟਰ)

ਜੰਮੂ-ਕਸ਼ਮੀਰ ਦੀ ਖਾੜਕੂ ਜਥੇਬੰਦੀ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਦੇ ਚੀਫ਼ ਡਾ. ਜਸਵੀਰ ਸਿੰਘ ਦਾ ਜਨਮ 11 ਅਗਸਤ 1969 ਨੂੰ ਮਾਤਾ ਸਤਨਾਮ ਕੌਰ ਜੀ ਦੀ ਕੁੱਖ 'ਚੋਂ ਪਿਤਾ ਸ੍ਰ. ਹਰਭਜਨ ਸਿੰਘ ਦੇ ਘਰ ਜੰਮੂ ਵਿਖੇ ਹੋਇਆ, ਇਸ ਘਰ ਦੇ ਮੁੱਖੀ ਸ੍ਰ. ਹਰਭਜਨ ਸਿੰਘ ਜੀ ਜੰਮੂ ਦੇ ਡਿਗਿਆਨਾ ਨਗਰ ਵਿਖੇ ਰਹਿੰਦੇ ਸਨ, ਪਰਿਵਾਰ ਨੂੰ ਜੰਮੂ ਛੱਡ ਕੇ ਸਰਦਾਰ ਸਾਹਿਬ ਤਕਰੀਬਨ 25 ਸਾਲ ਭਗਤ ਪੂਰਨ ਸਿੰਘ ਜੀ ਨਾਲ ਰਹਿ ਕੇ ਦਰਦ ਮੰਦਾ ਦੇ ਜਖ਼ਮਾਂ ਤੇ ਮਰਹਮਪੱਟੀ ਤੇ ਫਾਹਿ ਰੱਖਦੇ ਰਹੇ।

ਜਿਸ ਕਰਕੇ ਉਨ੍ਹਾਂ ਨੂੰ ਸ੍ਰ. ਮਾਨ ਸਿੰਘ ਨੇ ਆਪਣੀ ਕਿਤਾਬ "ਦਸ਼ਮੇਸ਼ ਦੇ ਸ਼ੇਰ" ਵਿਚ ਸੰਤ ਕਹਿ ਕੇ ਸੰਬੋਧਿਤ ਕੀਤਾ ਅਤੇ ਭਗਤ ਪੂਰਨ ਸਿੰਘ ਜੀ ਦਾ ਕਰੀਬੀ ਸਾਥੀ ਹਮਸਫ਼ਰ ਦੱਸਿਆ ਹੈ। ਪਿਤਾ ਜੀ ਵੱਲੋਂ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਬਾਅਦ ਇਹ ਸੇਵਾ ਬੇਟੇ ਜਸਵੀਰ ਸਿੰਘ ਨੇ ਆਪ ਨਿਭਾਉਣੀ ਸ਼ੁਰੂ ਕਰ ਦਿੱਤੀ ਅਤੇ ਲੂਲੇ-ਲੰਗੜਿਆਂ ਬੇਜ਼ੁਬਾਨਾਂ ਤੇ ਪ੍ਰੇਸ਼ਾਨ ਮਨੁੱਖਾਂ ਨੂੰ ਬਾਬੇ ਨਾਨਕ ਸਾਹਿਬ ਦਾ ਰੂਪ ਜਾਣਕੇ ਉਨ੍ਹਾਂ ਦੀ ਖਿਦਮਤ ਵਿਚ ਡਟਿਆ ਰਿਹਾ, ਆਕਾਸ਼ ਵਿਚ 1984 ਦਾ ਨੀਲਾ ਤਾਰਾ ਚੜ੍ਹਿਆ ਜਿਸ ਨੇ ਜਸਵੀਰ ਸਿੰਘ ਨੂੰ ਵੀ ਬਾਕੀ ਸਿੱਖਾਂ ਵਾਂਗ ਆਪਣੀ ਲਟੇਪ ਵਿਚ ਲੈ ਲਿਆ। ਸ਼ੱਕ ਦੇ ਅਧਾਰ 'ਤੇ ਗ੍ਰਿਫ਼ਤਾਰੀ, ਥਾਣਿਆਂ ਦੀ ਸੈਰ, ਬਿਨਾਂ ਕਿਸੇ ਇਲਜ਼ਾਮ ਤੋਂ ਰਿਹਾਈ ਪਰ ਪੰਜਾਬ ਦੇਸ਼ ਦੀ ਧਰਤੀ ਉਤੇ ਸਿੱਖਾਂ ਨੂੰ ਬੁੱਚੜ ਖਾਨਿਆਂ ਵਿਚ ਦਿੱਤੇ ਜਾ ਰਹੇ ਤਸੀਹੇ, ਅੱਖੀ ਵੇਖ ਕੇ ਭਲਾ ਜਸਵੀਰ ਅੱਖਾਂ ਕਿਵੇਂ ਬੰਦ ਕਰ ਲੈਂਦਾ ਬਸ ਫਿਰ ਕੀ ਸੀ... ਉਹ ਇਸ ਜ਼ੁਲਮ ਖਿਲਾਫ਼ ਜੂਝਣ ਵਾਲੇ ਨੌਜਵਾਨਾਂ ਨਾਲ ਹਮਦਰਦੀ ਭਰਿਆ ਵਿਵਹਾਰ ਕਰਦਿਆਂ ਉਨ੍ਹਾਂ ਦੇ ਲੰਗਰ ਪਾਣੀ ਦੇ ਪ੍ਰਬੰਧ ਆਦਿ ਦੀ ਸੇਵਾ ਨਿਭਾਉਣ ਲੱਗ ਪਿਆ, ਨਤੀਜਾ ਫਿਰ ਗ੍ਰਿਫ਼ਤਾਰੀ ਅਣਮਨੁੱਖੀ ਤਸੀਹੇ ਅਤੇ ਖਾੜਕੂਆਂ ਦੇ ਠਿਕਾਣਿਆਂ ਬਾਰੇ ਪੁੱਛਤਾਛ ... ਇਸ ਵੇਰਾਂ ਸ਼ਾਂਤ ਚਿੱਤ ਭਗਤ ਪੂਰਨ ਸਿੰਘ ਜੀ ਵੀ ਜਸਵੀਰ ਨੂੰ ਨਜ਼ਾਇਜ਼ ਤਸੀਹੇ ਅਤੇ ਗ੍ਰਿਫ਼ਤਾਰ ਕਰਕੇ ਰੱਖਣ ਦੇ ਖਿਲਾਫ਼ ਸਰਕਾਰ ਪੰਜਾਬ ਨੂੰ ਲਾਹਨਤਾਂ ਪਾਉਂਦਿਆਂ ਵੰਗਾਰ ਉਠੇ, "ਇਸ ਬੱਚੇ ਨੂੰ ਪੰਜਾਬ ਪੁਲਿਸ ਫੋਰਸ ਰਿਹਾਅ ਨਹੀਂ ਕਰਦੀ ਤਾਂ ਉਹ ਭੁੱਖ ਹੜਤਾਲ ਤੇ ਬੈਠ ਜਾਣਗੇ।"

ਇੰਨੀ ਵੱਡੀ ਸਖ਼ਸ਼ੀਅਤ ਦਾ ਇਹ ਧਮਕੀ ਦੇਣਾ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਾ ਗਿਆ ਤੇ ਉਨ੍ਹਾਂ ਨੇ ਆਪਣੀ ਨੱਕ ਬਚਾਉਣ ਲਈ ਜਸਵੀਰ ਨੂੰ ਰਿਹਾਅ ਕਰ ਦਿੱਤਾ,

ਇਹ ਗੱਲ 1987-88 ਦੀ ਹੈ। ਭਗਤ ਜੀ ਨੇ ਨੌਜਵਾਨ ਜਸਵੀਰ ਸਿੰਘ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਜੰਮੂ ਅਪੜ ਜਾਣ ਲਈ ਕਹਿਆ "ਪੰਜਾਬ ਪੁਲਿਸ ਦੇ ਦੰਦਾਂ ਤੇ ਨਹੂੰਆਂ ਨੂੰ ਤੇਰੇ ਖ਼ੂਨ ਦਾ ਸੁਆਦ ਲੱਗ ਚੁੱਕਿਆ ਹੈ, ਇਹ ਤੈਨੂੰ ਬਾਰ-ਬਾਰ ਤਸੀਏ ਦੇਣਗੇ, ਪੁੱਤ ਬੇਹਤਰ ਹੈ, ਤੂੰ ਆਪਣੇ ਘਰੀਂ ਚਲਾ ਜਾ" ਹੁਣ ਜਸਵੀਰ ਸਿੰਘ ਜੰਮੂ ਵਿਚ ਸੀ ਅਤੇ ਗੁਜ਼ਰਾਨ ਵਜੋਂ ਉਸਨੇ ਕੈਮਿਸਟ (ਦਵਾਈਆਂ) ਦੀ ਦੁਕਾਨ ਖੋਲ ਲਈ, ਇਹ ਦੁਕਾਨ ਨੈਸ਼ਨਲ ਹਾਈਵੇ ਡਿਗਿਆਨਾਂ ਵਿਚ ਸੀ, ਜਿਸ ਕਰਕੇ ਲੋਕ ਉਸ ਨੂੰ ਡਾਕਟਰ ਕਹਿਣ ਲੱਗ ਪਏ ਸਨ। ਡਿਗਿਆਨਾ ਹੀ ਭਾਈ ਅਮਰਪਾਲ ਸਿੰਘ ਮਾਸਟਰ ਵੀ ਰਹਿਦਾ ਸੀ, ਦੋਸਤੀ ਪੁਰਾਣੀ ਸੀ, ਸਿੰਘਾ ਦਾ ਡਾਕਟਰ ਕੋਲ ਆਉਣਾ-ਜਾਉਣਾ ਲੱਗਾ ਰਹਿੰਦਾ ਇਲਾਕੇ ਦੇ ਹੀ ਇਕ ਪੁਲਸੀਏ ਕੈਟ ਨੂੰ ਇਹ ਗਵਾਰਾ ਨਾ ਹੋਇਆ ਤੇ ਉਹ ਇਕ ਦਿਨ ਦੁਕਾਨ ਤੇ ਜਾ ਕੇ ਧਮਕਾਉਣ ਲੱਗਾ "ਡਾਕਟਰ ਤੇਰੇ ਕੋਲ ਬੰਦੇ ਗਲਤ ਆਉਂਦੇ ਹਨ, ਖ਼ਬਰ ਮਿਲੀ ਹੈ, ਜਿਸ ਦਿਨ ਮੈਂ ਵੇਖ ਲਿਆ ਤੇਰਾ ਨੰਬਰ ਲੱਗ ਜਾਣਾ ਹੈ, ਉਨ੍ਹਾਂ ਨਾਲ ਦੋਸਤੀ ਛੱਡਦੇ।" ਡਾਕਟਰ : ਗੱਲਬਾਤ ਤਾਂ ਮੈਂ ਤੇਰੇ ਨਾਲ ਵੀ ਕਰ ਰਿਹਾ ਹਾਂ, ਉਹ ਤਾਂ ਫਿਰ ਦੋਸਤ ਹੋਏ, ਤੂੰ ਜੋ ਕਰਨਾ ਕਰ ਲਵੀਂ। "ਸਰਕਾਰੀ ਹਥਿਆਰਾਂ ਨੂੰ ਮੋਢੇ ਤੇ ਚੁਕੀ ਫਿਰਦਾ ਇਹ ਸਪਾਟਾ ਆਪਣੀ ਬੇਇੱਜ਼ਤੀ ਸਮਝ ਕੇ ਤੁਰ ਗਿਆ। ਇਕ ਦਿਨ ਨਸ਼ੇ ਵਿਚ ਚੂਰ ਹੋਏ ਨੇ, ਭਾਈ ਡਾਕਟਰ ਨੂੰ ਦੁਕਾਨ ਤੇ ਇਕੱਲਾ ਵੇਖਕੇ ਸਰਕਾਰੀ ਹਥਿਆਰਾਂ ਨਾਲ ਪੇਟ ਵਿਚ ਗੋਲੀ ਮਾਰ ਦਿੱਤੀ, ਲਹੂ ਲੁਹਾਨ ਭਾਈ ਡਾਕਟਰ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਅਪ੍ਰੇਸ਼ਨ ਕਰਨਾ ਪਿਆ, ਅਪ੍ਰੇਸ਼ਨ ਚਲ ਰਿਹਾ ਸੀ, ਭੇਸ ਬਦਲ ਕੇ ਭਾਈ ਰਣਜੀਤ ਸਿੰਘ ਨੀਤਾ, ਭਾਈ ਮਾਸਟਰ ਆਦਿ ਸਿੰਘ ਉੱਥੇ ਪੁੱਜ ਗਏ, ਭਾਈ ਡਾਕਟਰ ਦੇ ਅਪ੍ਰੇਸ਼ਨ ਤੋਂ ਪਹਿਲਾਂ, ਦੂਜਾ ਅਪ੍ਰੇਸ਼ਨ ਕਰ ਕੇ ਮੁੱਖਬਰੀ ਦੀ ਬਿਮਾਰੀ ਜੜੋਂ ਪੁੱਟਣ ਦਾ ਨਿਸ਼ਚਾ ਕੀਤਾ ਗਿਆ, ਭਾਈ ਮਾਸਟਰ ਨੇ ਸਾਥੀ ਸਿੰਘਾਂ ਨੂੰ ਮੋਟਰ ਸਾਈਕਲ ਡਿਗਿਆਨਾ ਮੋੜਨ ਲਈ ਕਿਹਾ, ਛੇਤੀ ਹੀ ਪਤਾ ਲੱਗ ਗਿਆ ਕਿ (ਹਾਂਡੂ) ਸਿਪਾਹੀ ਇਕ ਰੇੜ੍ਹੀ ਤੋਂ ਚੋਕੀ ਡਿਗਿਆਨਾਂ ਨੇੜੇ ਮੱਛੀ ਖਾ ਰਿਹਾ ਹੈ, ਮੱਛੀ ਖਾਂਦੇ ਨੂੰ ਸਿੰਘਾਂ ਨੇ ਮੱਛੀ ਵਾਂਗ ਭੁੰਨ ਸੁੱਟਿਆ। ਸਾਰਾ ਦੋਸ਼ ਅਪ੍ਰੇਸ਼ਨ ਥੀਏਟਰ 'ਚੋਂ ਬਾਹਰ ਨਿਕਲ ਕੇ ਭਾਈ ਡਾਕਟਰ, ਉੱਤੇ ਪੈ ਗਿਆ। ਜਦ ਕਿ ਹਾਂਡੂ ਦੀ ਮੌਤ ਵੇਲੇ, ਭਾਈ ਡਾਕਟਰ, ਆਪ ਸਾਹਾਂ ਦੀ ਗਿਣਤੀ-ਮਿਣਤੀ ਪਿਆ ਕਰਦਾ ਸੀ, ਗ੍ਰਿਫ਼ਤਾਰੀ ਜੇਲ, ਹੁਣ ਆਕੀ ਹੋਏ ਨੌਜਵਾਨ ਨੇ ਕਾਨੂੰਨ ਆਪਣੇ ਹੱਥ ਵਿਚ ਲੈਣ ਦਾ ਫੈਸਲਾ ਕਰ ਲਿਆ ਸੀ।

1989 ਤੋਂ ਬਾਅਦ ਜੰਮੂ ਦੇ ਸਿੰਘਾਂ ਦਾ ਪੰਜਾਬ ਤੋਂ ਵੱਧ ਸਮਾਂ ਜੰਮੂ ਵੱਲ ਦੇਣ ਕਰਕੇ ਲਹਿਰ ਦਾ ਮਰਕਜ਼ ਇੱਥੇ ਹੀ ਬਣ ਗਿਆ। ਜੰਮੂ ਦੇ ਇਕ ਮੁੱਖਬਰ ਬੱਬਲੂ ਨੂੰ ਪੰਜਾਬ ਪੁਲਿਸ ਦਾ ਟਾਪ ਕਲਾਸ ਮੁੱਖਬਰ ਐਲਾਨਨ ਦਾ ਜੱਦ ਸਿੰਘਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਮੋਟਰਸਾਈਕਲ ਤੇ ਹਥਿਆਰ ਤਿਆਰ ਕਰ ਲਏ, ਦੋ ਸਾਲਾਂ ਬਾਅਦ ਡਾਕਟਰ ਵੀ ਜਮਾਨਤ ਤੇ ਆ ਚੁੱਕਿਆ ਸੀ, ਇਹ ਜ਼ਿੰਮੇਵਾਰੀ ਭਾਈ ਡਾਕਟਰ ਤੇ ਭਾਈ ਘੁੱਗੀ ਨੂੰ

ਸੌਂਪੀ ਗਈ ਤੇ ਆਖਰ ਸਿੰਘਾਂ ਨੇ ਇਸ ਘਰ ਦੇ ਭੇਤੀ ਨੂੰ ਵੀ ਛੇਤੀ ਠੰਡਾ ਕਰ ਦਿੱਤਾ। ਟਾਕਰੇ, ਅੰਮਬੁਸ਼ ਅਤੇ ਆਹਮਣੇ-ਸਾਹਮਣੇ ਦੀ ਝੜੱਪਾਂ ਰੋਜ਼ ਮਰ੍ਹਾ ਦੀ ਗੱਲ ਬੰਨ੍ਹ ਗਈ, ਕਈ ਵਾਰ ਸਿੰਘ ਵੀ ਜਖ਼ਮੀ ਹੁੰਦੇ ਰਹੇ, ਭਾਈ ਡਾਕਟਰ ਦਾ ਇਲਾਜ ਇੱਥੇ ਵੀ ਕੰਮ ਆਉਂਦਾ ਰਿਹਾ। ਤਿੰਨ ਚਾਰ ਸਟੇਟਾਂ ਦੀ ਪੁਲਿਸ ਜੰਮੂ ਆਉਣ ਡੇਰੇ ਲਾਈ ਬੈਠੀ ਰਹਿੰਦੀ, ਸ਼ਹਿਰਾਂ ਪਿੰਡਾਂ ਵਿਚ ਸਿੰਘਾਂ ਦੇ ਪੋਸਟਰ ਲਾਕੇ ਇਨ੍ਹਾਂ ਨੂੰ ਫੜਾਉਣ ਲਈ ਇਨਾਮ ਤੇ ਲਾਲਚ ਦਿੱਤੇ ਜਾਣ ਲੱਗ ਪਏ। ਸੰਘਰਸ਼ ਵੀ ਮਜ਼ਬੂਤ ਹੋ ਟੁਰਿਆ, ਲਹਿਰ ਨੂੰ ਮਜ਼ਬੂਤ ਅਧਾਰ ਦੇਣ ਦੇ ਕਾਰਜ਼ ਵਜੋਂ ਇਕ ਸਿੰਘ ਨੂੰ ਦੇਸ਼ 'ਚੋਂ ਬਾਹਰ ਭੇਜਣ ਦਾ ਫੈਸਲਾ ਲਿਆ ਗਿਆ, ਭਾਈ ਮਾਸਟਰ ਨੇ ਸਾਫ਼ ਇਨਕਾਰ ਕਰ ਦਿੱਤਾ, ਤਾਂ ਭਾਈ ਡਾਕਟਰ ਨੂੰ ਸਾਰਿਆਂ ਸਾਥੀਆਂ ਨੇ ਮਨਾ ਕੇ, ਹਾਂਗਕਾਂਗ ਭੇਜ ਦਿੱਤਾ, ਪਰ ਕੁੱਝ ਸਮੇਂ ਬਾਅਦ ਹੀ ਸਾਥੀ ਸਿੰਘਾਂ ਦੀ ਸ਼ਹੀਦੀ ਦੀ ਖ਼ਬਰ ਨੇ ਭਾਈ ਡਾਕਟਰ ਨੂੰ ਮੁੜ ਭਾਰਤ ਖਿਚ ਲਿਆਂਦਾ। ਭਾਈ ਮਾਸਟਰ ਤੇ ਭਾਈ ਘੁੱਗੀ ਦੀ ਸ਼ਹੀਦੀ ਤੋਂ ਬਾਅਦ, ਭਾਈ ਡਾਕਟਰ ਕੇ.ਜੈਡ.ਐਫ. ਦੇ ਚੀਫ ਥਾਪੇ ਗਏ।

ਲੰਮੀਂ ਜਦੋਂ ਜਹਿਦ ਤੋਂ ਬਾਅਦ ਆਖਿਰ ਸਿੰਘਾਂ ਕੋਲ ਹਥਿਆਰ ਤੇ ਪੈਸਾ ਬਿਲਕੁਲ ਖ਼ਤਮ ਹੋ ਚੁੱਕਿਆ ਸੀ, ਜਿਸ ਲਈ ਭਾਈ ਡਾਕਟਰ ਨੇ (ਇਕ ਸਰਕਾਰੀ ਅਫ਼ਸਰ ਸਰਬਜੀਤ ਸਿੰਘ ਜੌਹਰ ਜੋ ਕਿ ਤ੍ਰਿਕੁਟਾ ਨਗਰ ਵਿਚ ਰਹਿੰਦਾ ਸੀ। ਇਹ ਪਹਿਲਾਂ ਵੀ ਸਿੰਘਾਂ ਦੀ ਮੱਦਦ ਕਰਦਾ ਰਹਿੰਦਾ ਸੀ, ਪਰ ਉਸ ਦਿਨ ਭਾਈ ਡਾਕਟਰ ਤੇ ਸਾਥੀ ਭਾਈ ਸੁਰਜੀਤ ਸਿੰਘ ਮਿੰਟਾ ਤੇ ਮਹਿੰਦਰ ਸਿੰਘ ਖਾਲਸਾ, ਉੱਥੇ ਪੁੱਜੇ, ਕੋਠੀ ਵਿਚ ਗੱਲਬਾਤ ਚੱਲ ਰਹੀ ਸੀ ਕਿ ਅਚਾਨਕ ਭਾਈ ਮਿੰਟਾ ਪਹਿਰੇ ਤੇ ਖੜ੍ਹਾ ਦੇਖ ਕੇ ਕਹਿਣ ਲੱਗਾ ਧੋਖਾ ਹੋ ਗਿਆ ਜੇ, ਇੱਥੇ ਤਾਂ ਪਹਿਲਾਂ ਤੋਂ ਹੀ ਘੇਰਾਬੰਦੀ ਹੋਈ ਪਈ ਹੈ।

ਜਿੱਥੇ ਭਾਰਤ ਅੰਦਰ ਆਪ ਫੌਜਾਂ ਦੇ ਕਮਾਂਡਰ ਆਪਣੇ ਜੂਨੀਅਰ ਨੂੰ ਅੱਗੇ ਲਾ ਕੇ ਤੁਰਦੇ ਹਨ, ਉੱਥੇ ਹੀ ਭਾਈ ਡਾਕਟਰ ਨੇ ਆਪ ਅੱਗੇ ਹੋਕੇ ਤੁਰਨ ਦਾ ਫੈਸਲਾ ਕਰਦਿਆਂ ਦੋਵੇਂ ਸਾਥੀਆਂ ਨੂੰ ਨਿਕਲ ਜਾਣ ਲਈ ਕਿਹਾ, ਪਰ ਸਿੰਘ ਨਾ ਮੰਨੇ ਆਖਰ ਚੀਫ਼ ਦਾ ਹੁਕਮ ਮੰਨਣਾ ਹੀ ਪਿਆ। ਪਹਿਲਾਂ ਜੌਹਰ ਨੂੰ ਗੋਲੀਆਂ ਮਾਰ ਕੇ ਢੇਰ ਕੀਤਾ ਗਿਆ ਤੇ ਫਿਰ ਦੋਵੇਂ ਸਿੰਘਾਂ ਨੂੰ ਘੇਰੇ 'ਚੋਂ ਕੱਢਣ ਲਈ ਕਵਰੇਜ ਡਿਫੈਂਸ ਫਾਇਰ ਵੀ... ਫਿਰ ਲੱਕ ਨਾਲ ਬੰਨੇ, ਅਸਲਾ ਪਾਉਚ 'ਚੋਂ ਹੱਥ ਗੋਲੇ ਸੁੱਟ ਕੇ ਵਿਰੋਧੀ ਫੋਰਸਾਂ ਤੇ ਕਹਿਰ ਬੰਨ ਕੇ ਡਿੱਗਣ ਲੱਗੇ, ਜਿਸ ਦੀ ਲਪੇਟ ਵਿਚ ਪੁਲਿਸ ਦੀਆਂ ਗੱਡੀਆਂ ਤੇ ਆਫ਼ਿਸਰ ਵੀ ਆ ਗਏ। ਅਚਾਨਕ ਇਕ ਗੋਲੀ ਪਿੱਛਲੇ ਪਾਸਿਉਂ ਆ ਕੇ ਲੱਕ ਤੇ ਆ ਬਾਜ਼ੀ ਤੇ ਭਾਈ ਡਾਕਟਰ ਨੇ ਜੋ ਹੈਂਡ ਗਰਨੇਡ ਪੁਲਿਸ ਫੋਰਸ ਉੱਤੇ ਸੁਟਣ ਲਈ ਪਿੰਨ ਕੱਢਕੇ ਹੱਥ ਵਿਚ ਫੜਿਆ ਹੋਇਆ ਸੀ, ਉਹ ਨੇੜੇ ਹੀ ਡਿਗ ਪਿਆ। ਜਿਸ ਕਾਰਣ ਭਾਈ ਡਾਕਟਰ ਸਖ਼ਤ ਫੱਟੜ ਹਾਲਤ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ, ਉਸ ਵੇਲੇ ਭਾਈ ਡਾਕਟਰ ਦਾ ਪੂਰਾ ਸ਼ਰੀਰ ਤਾਰ-ਤਾਰ ਹੋ ਚੁੱਕਿਆ ਸੀ। ਜਖ਼ਮਾਂ ਤੇ ਹੋਰ ਜਖ਼ਮ ਦਿੱਤੇ ਗਏ। ਸਾਥੀਆਂ ਦੇ

ਨਾਮ-ਪਤੇ ਹਥਿਆਰ ਕੁਝ ਵੀ ਪੁਲਿਸ ਦੇ ਹੱਥ ਨਾਂ ਲਗਿਆ ਆਖਰ, ਮੌਤ ਦੀ ਧਮਕੀ ਦਿੱਤੀ ਗਈ, ਮੌਤ ਜਾਂ ਸਿੱਖੀ (ਜ਼ਿੰਦਗੀ) ਹਸਪਤਾਲ ਦੇ ਸਿਟਰੇਚਰ ਤੇ ਪਏ ਭਾਈ ਡਾਕਟਰ ਨੇ ਜਬਾਬ ਦਿੱਤਾ। ਇਕ ਡਾਕਟਰ ਦੇ ਮਰਿਆਂ ਲਹਿਰ ਮੁੱਕ ਨਹੀਂ ਜਾਣੀ, ਸਾਡੀ ਸ਼ਹੀਦੀ 'ਚੋਂ ਕਈ ਹੋਰ ਡਾਕਟਰ ਪੈਦਾ ਹੋਣਗੇ"

"ਇਹ ਕਾਫਲਾ ਮੰਜ਼ਿਲ ਦੇ ਪਾਂਧੀਆ ਦਾ,
ਚਲਦਾ ਰਹੇਗਾ ਕਦੇ ਨਹੀਂ ਰੁੱਕ ਸਕਦਾ।"

19 ਅਕਤੂਬਰ 1994 ਤ੍ਰਿਕੁਟਾ ਨਗਰ ਥਾਣੇ ਵਿਚ ਭਾਈ ਡਾਕਟਰ ਨੂੰ ਸ਼ਹੀਦ ਕਰਕੇ ਪੁਲਿਸ ਵੱਲੋਂ ਫਤਹਿਯਾਬੀ ਦੇ ਬਿਆਨ ਦਾਗੇ ਗਏ, ਪਰ ਕਿਸੇ ਅਖਬਾਰ ਜਾਂ ਜਮਹੂਰੀਅਤ ਦੇ ਭਾਰਤੀ ਮਸੀਹਾ ਨੇ ਪਿੰਗਲਵਾੜੇ ਵਿਚ ਲੂਲੇ-ਲੰਗੜਿਆਂ, ਅਪਾਹਿਜ਼ਾਂ ਅਨਾਥਾਂ, ਪਾਗਲਾਂ ਤੇ ਬੇ-ਸਹਾਰਿਆਂ ਨੂੰ ਸਹਾਰਾ ਦੇਣ ਤੇ ਮਲਮ ਪੱਟੀ ਕਰਨ ਵਾਲੇ ਹੱਥਾਂ ਵਿਚ ਏ-ਕੇ-ਸੰਤਾਲੀ ਕਿੰਨਾਂ ਹਲਾਤਾਂ ਕਰਕੇ ? ਕਿਉਂ? ਕਿੰਨ੍ਹਾਂ ਲੋਕਾਂ ਨੇ ਫੜਨ ਲਈ ਮਜ਼ਬੂਰ ਕੀਤਾ, ਉਸਦਾ ਜ਼ਿਕਰ ਕਰਨਾ ਕਿਸੇ ਨੇ ਵੀ ਜ਼ਰੂਰੀ ਨਹੀਂ ਸਮਝਿਆ ਜਦ ਤੱਕ ਇਨ੍ਹਾਂ ਨੌਜਵਾਨਾਂ ਦੇ ਖਾੜਕੂ ਜਾਂ ਖਾਲਿਸਤਾਨੀ ਹੋਣ ਦੇ ਕਾਰਣਾਂ ਦਾ ਪਤਾ ਨਹੀਂ ਲਗਾਇਆ ਜਾਂਦਾ, ਅਤੇ ਜਦ ਤੱਕ ਉਨ੍ਹਾਂ ਕਾਰਨਾਂ ਦੇ ਸੁਧਾਰ ਲਈ ਭਾਰਤੀ ਸਿਸਟਮ ਤਬਦੀਲ ਨਹੀਂ ਕੀਤਾ ਜਾਂਦਾ, ਇਹ ਸੱਚ ਹੈ, ਭਾਈ ਡਾਕਟਰ ਵਰਗੇ ਕਈ ਹੋਰ ਨੌਜਵਾਨ ਪੈਦਾ ਹੋਣਗੇ ਤੇ ਇਹ ਮਸਲਾ ਆਖ਼ਰ ਤੱਕ ਇਕ ਮਸਲਾ ਹੀ ਬਣਿਆ ਰਹੇਗਾ।

■ ■ ■

ਭਾਈ ਮਹਿੰਦਰ ਸਿੰਘ ਫੌਜੀ

ਕਿਸੇ ਵਿਦਵਾਨ ਦੇ ਕਥਨ ਅਨੁਸਾਰ ਵਫ਼ਾਦਾਰੀ ਦੇ ਖ਼ੂਨ ਤੋਂ ਬਾਗੀਆਂ ਦਾ ਜਨਮ ਹੁੰਦਾ ਹੈ। ਇਸ ਦੇਸ਼ ਦੇ ਚੱਪੇ-ਚੱਪੇ ਲਈ ਜਾਨਾ ਵਾਰਨ ਵਾਲੇ ਸਿੱਖਾਂ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਤੋਂ ਅੱਜ ਤੱਕ ਲਾਮਿਸਾਲ ਤੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਅੰਦਰ ਇਹ ਵਫ਼ਾਦਾਰੀ ਦਾ ਜਜ਼ਬਾ ਉਨ੍ਹਾਂ ਦੇ ਇਸ਼ਟ ਸ਼ਬਦ ਗੁਰੂ ਅਤੇ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਪਰੰਪਰਾਵਾਂ ਨੇ ਭਰਿਆ। ਪਰ ਜਦ ਉਸੇ ਇੱਸ਼ਟ ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) ਅਤੇ ਪੰਥ ਖਾਲਸਾ ਦੀ ਅਜ਼ਮਤ ਦਾ ਸਵਾਲ ਖੜ੍ਹਾ ਹੋ ਜਾਵੇ ਅਤੇ ਖਿਲਵਾੜ ਕਰਨ ਵਾਲੀ ਤਾਕਤ ਦੁਨੀਆਂ ਦੀ ਮਹਾਨ ਤਾਕਤ ਹੋਵੇ ਜਾਂ ਕੋਈ ਦੇਸ਼ ਦਾ ਆਗੂ, ਉਸ ਵਿਰੁੱਧ ਖਾਲਸਾ ਸ਼ਸ਼ਤਰਧਾਰੀ ਹੋਕੇ ਜ਼ਾਲਮ ਦੀ ਖੋਜ ਵਿਚ ਨਿਕਲ ਪੈਂਦਾ ਹੈ।

'ਖਾਲਸਾ ਸੋ ਨਿਰਧਨ ਕੋ ਪਾਲੇ, ਖਾਲਸਾ ਜੋ ਦੁਸ਼ਟ ਕੋ ਗਾਲੇ।'

ਪੰਥ ਦੀ ਅਜ਼ਮਤ ਰੁੱਲਦੀ ਵੇਖ ਕੇ ਵਫ਼ਾਦਾਰ ਖ਼ੂਨ ਰਗਾਂ ਵਿਚ ਦੌੜਨ ਫਿਰਨ ਦਾ ਕਾਇਲ ਨਹੀਂ ਰਹਿੰਦਾ, ਉਹ ਤਾਂ ਅੱਖਾਂ ਤੋਂ ਟਪਕਣ ਲੱਗਦਾ ਹੈ,

"ਰਗੋਂ ਮੇਂ ਦੌੜਨੇ ਫਿਰਨੇ ਕੇ, ਹਮ ਨਹੀਂ ਕਾਇਲ,
ਵੋ ਲਹੂ ਹੀ ਕਿਆ ਜੋ ਆਂਖ ਸੇ ਨ ਟਪਕੇ।"

ਇਸੇ ਲਈ ਜਿੰਨਾਂ ਦੀਆਂ ਰਗਾਂ ਵਿਚ ਅਣਖ ਦਾ ਲਹੂ ਦੌੜਦਾ ਏ, ਉਥੇ ਅਖਾਂ ਰਾਹੀਂ ਟੱਪਕਦਾ ਬਾਗੀ ਰੂਪ ਧਾਰਨ ਕਰ ਜਾਂਦਾ ਹੈ।'ਭਾਈ ਮਹਿੰਦਰ ਸਿੰਘ ਦੀ ਅੱਖੀਆਂ ਵਿਚ ਵੀ ਕੁਝ ਇਹੋ ਜਿਹਾ ਲਹੂ ਟਪਕਿਆ ਕਿ ਉਹ ਗੁਰਸਿੱਖ ਜੀਵਨ ਵਾਲਾ ਵੀਰ ਹਕੂਮਤ-ਏ-ਹਿੰਦੁਸਤਾਨ ਦਾ ਬਾਗੀ ਹੋ ਗਿਆ। 11 ਅਪ੍ਰੈਲ 1969 ਨੂੰ ਸਿੰਬਲ ਮੌੜ ਜੰਮੂ ਦੇ ਰਹਿਣ ਵਾਲੇ ਪਾਕਿਸਤਾਨ ਤੋਂ ਉੱਜੜ ਕੇ ਆਏ। ਇਕ ਰਫਿਊਜ਼ੀ ਪਰਿਵਾਰ ਦੇ ਸ੍ਰ. ਮਾਨ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਜਨਮਿਆ ਇਹ ਨੌਜਵਾਨ ਸੱਤਾਂ ਭੈਣਾਂ ਭਰਾਵਾਂ ਵਿਚੋਂ ਸਭ ਤੋਂ ਹੁਸ਼ਿਆਰ ਤੇ ਪੰਥਕ ਸੋਚ ਵਾਲਾ ਸੀ। ਆਪਣੇ ਕਿਰਤੀ ਪਿਤਾ ਦਾ ਇਹ ਪੁੱਤਰ ਪੜ੍ਹਾਈ ਦੇ ਨਾਲ-ਨਾਲ ਪਿਤਾ ਦਾ ਵੀ ਹੱਥ ਵਟਾਉਂਦਾ ਰਹਿੰਦਾ ਸੀ। ਇਤਿਹਾਸ ਨਾਲ ਬਹੁਤ ਲਗਾਵ ਸੀ, ਸਮਾਂ ਕੱਢ ਕੇ ਗੁਰਮਤਿ ਸਮਾਗਮਾਂ, ਕਲਾਸਾਂ, ਫੈਡਰੇਸ਼ਨ ਦੇ ਪ੍ਰੋਗਰਾਮਾਂ ਵਿਚ ਹਾਜ਼ਰੀ ਭਰਦਾ, ਪੰਥਕ ਗਤੀਵਿਧੀਆਂ ਦਾ ਹਿੱਸਾ ਵੀ ਬਣਿਆ ਰਹਿੰਦਾ।

ਜੂਨ 1984 ਨਵੰਬਰ ਦਾ ਭਾਈ ਫੌਜੀ ਤੇ ਡੂੰਘਾ ਅਸਰ ਹੋਇਆ ਸੀ, ਉਹ ਮੌਕੇ ਦੀ

ਭਾਲ ਵਿਚ ਕਈ ਵੇਰਾਂ ਪੰਜਾਬ ਵੀ ਗੇੜੇ ਲਾਉਂਦਾ ਰਿਹਾ, ਪਰ ਕੋਈ ਖਾੜਕੂ ਸਿੰਘ ਨਾ ਟਕਰਿਆ, ਫਿਰ ਉਸ ਦੀ ਜੰਮੂ ਦੇ ਕਿਸੇ ਸਿੰਘ ਨੇ ਪੰਜਾਬ ਦੇ ਕੇ. ਐਨ.ਏ. ਦੇ ਭਾਈ ਇਕਬਾਲ ਸਿੰਘ ਫੌਜੀ ਤੇ ਭਾਈ ਬਲਦੇਵ ਸਿੰਘ ਨਾਲ ਮੁਲਾਕਾਤ ਕਰਵਾਈ, ਇਹ ਸਿੰਘ ਜੰਮੂ ਕਿਸੇ ਨੂੰ ਮਿਲਨ ਆਏ ਹੋਏ ਸਨ। ਇਸ ਤੋਂ ਬਾਅਦ ਭਾਈ ਫੰਦੀ ਪਕੇ ਪੈਰੀਂ ਪੰਜਾਬ ਦੇਸ਼ ਦੀ ਧਰਤੀ 'ਤੇ ਬੇਦੋਸ਼ਾਂ ਤੇ ਜ਼ੁਲਮ ਢਾਹ ਰਹੀਂ ਸਰਕਾਰ ਨਾਲ ਮੱਥਾ ਲਾਉਣ ਨਿਕਲ ਤੁਰਿਆ, ਦਿਲ ਤੇ ਲੱਗੇ ਜਖ਼ਮਾਂ ਨੂੰ ਭਰਨ ਤੇ ਆਪਣੇ ਅੰਦਰ ਆਕ੍ਰੋਸ਼ ਦੀ ਬੱਲ ਰਹੀ ਅੱਗ ਨੂੰ ਠੰਡਾ ਕਰਨ ਦੇ ਕਈ ਮੌਕੇ ਮਿਲੇ ਤੇ ਇਸ ਦਾ ਨਾਮ ਜੰਮੂ-ਪੰਜਾਬ ਦੀਆਂ ਫੋਰਸਾਂ ਦੀ ਹਿੱਟ ਲਿਸਟ ਵਿਚ ਦਰਜ ਹੋ ਗਿਆ। ਇਸ ਤਰ੍ਹਾਂ ਭਾਈ ਫੰਦੀ ਨੇ ਸਾਕਾ ਜੂਨ 84 ਤੋਂ ਬਾਅਦ ਛਾਈ ਹੋਈ ਉਦਾਸੀ ਨੂੰ ਬਰੂਦ ਦੇ ਧਮਾਕਿਆ ਨਾਲ ਦੂਰ ਕੀਤਾ।

13 ਜਨਵਰੀ 1989 ਜੰਮੂ ਕਾਂਡ, ਦੇ ਸਾਕੇ ਨੇ ਭਾਈ ਫੰਦੀ ਨੂੰ ਜੰਮੂ ਵੱਲ ਮੋੜ ਦਿੱਤਾ ਤੇ ਉਸ ਨੇ ਜੰਮੂ ਦੇ ਕੇ.ਜ਼ੈਡ.ਐਫ, ਦੇ ਖਾੜਕੂਆਂ ਨਾਲ ਰਲ ਕੇ ਜੰਮੂ ਵਿਚ ਖਾੜਕੂ ਕਾਰਵਾਈਆਂ ਦੀ ਵਿਉਂਤਬੰਦੀ ਕਰ ਪੰਥ ਦੇ ਦੁਸ਼ਮਣਾਂ ਨੂੰ ਜੋ 'ਸਰਬਤ ਦਾ ਭਲਾ' ਮੰਗਣ ਵਾਲੀ ਕੌਮ ਨੂੰ ਖ਼ਤਮ ਕਰਨ ਦੇ ਸੁਪਨੇ ਵੇਖ ਰਹੇ ਸਨ, ਨੱਥ ਪਾਉਣ ਦੀ ਤਿਆਰੀ ਕਰ ਲਈ, ਕੁਝ ਥਾਵਾਂ 'ਤੇ ਕਾਰਵਾਈਆਂ ਕਰਨ ਤੋਂ ਬਾਅਦ ਉਹ ਮੁੜ ਪੰਜਾਬ ਆਪਣੇ ਜਥੇ ਵਿਚ ਜਾ ਸ਼ਾਮਿਲ ਹੋਇਆ। ਕੁਝ ਸਮੇਂ ਬਾਅਦ ਜਥੇਬੰਦੀ ਦੇ ਸਿੰਘਾਂ ਨੂੰ ਜੋ ਜੰਮੂ ਠਹਿਰੇ ਸਨ, ਲੈਣ ਲਈ ਭਾਈ ਫੰਦੀ ਮੁੜ ਜੰਮੂ ਪੁੱਜ ਗਿਆ, ਸਾਥੀ ਸਿੰਘਾਂ ਨੂੰ ਤਾਂ, ਉਸ ਨੇ ਮਹਿਫੂਜ਼ ਪੰਜਾਬ ਭੇਜ ਦਿੱਤਾ, ਪਰ ਆਪ ਮੁੱਖਬਰਾਂ ਦੇ ਬਿਛਾਏ ਜਾਲ ਦਾ ਸ਼ਿਕਾਰ ਬਣ ਗਿਆ। ਭਾਈ ਫੰਦੀ ਤੇ ਭਾਈ ਬਲਦੇਵ ਸਿੰਘ ਸਕੂਟਰ ਉੱਤੇ ਸਵਾਰ ਨਵਾਂ ਸ਼ਹਿਰ (ਜੰਮੂ) ਵੱਲ ਜਾ ਰਹੇ ਸਨ ਕਿ ਪਿੰਡ ਢੀਂਡਾ, ਵਿਖੇ ਫੋਰਸਾ ਦੀ ਸਖ਼ਤ ਘੇਰਾਬੰਦੀ ਹੋ ਚੁਕੀ ਸੀ, ਇਕ ਨਿੱਕੇ ਹਥਿਆਰਾਂ ਤੋਂ ਇਲਾਵਾਂ ਕੋਲ ਕੁਝ ਨਹੀਂ ਸੀ, ਉਹ ਸ਼ਸ਼ਤਰਾਂ ਦੀ ਖੇਪ ਲੈਣ ਹੀ ਜਾ ਰਹੇ ਸਨ, ਅਚਾਨਕ ਗੋਲੀਆਂ ਦਾ ਮੀਂਹ ਵਰਗਿਆ, ਭਾਈ ਬਲਦੇਵ ਸਿੰਘ ਪਿੱਛੇ ਬੈਠਾ ਸੀ, ਜੋ ਮੌਕੇ ਤੇ ਸ਼ਹੀਦ ਹੋ ਗਿਆ, ਭਾਈ ਫੰਦੀ ਨੇ ਕੁੱਝ ਦੇਰ ਮੌਕਾ ਸਾਂਭਿਆ ਤੇ ਆਖਰ ਮੌਤ ਦਾ ਨਿੱਕਾ ਜਿਹਾ ਰੂਪ ਕੈਪਸੂਲ ਮੂੰਹ ਵਿਚ ਪਾ ਲਿਆ, ਜੋ ਜੀਉਂਦਾ ਦੁਸ਼ਮਣ ਦੇ ਹੱਥ ਨਾ ਆ ਜਾਵੇ।

2 ਦਸੰਬਰ 1992 ਨੂੰ ਸਿੰਘਾਂ ਦੇ ਸ਼ਹੀਦ ਹੋਣ ਦੀ ਖ਼ਬਰ ਨੇ ਸੰਗਤਾਂ ਨੂੰ ਪੁਲਿਸ ਥਾਣੇ ਦੇ ਬਾਹਰ ਸਿੰਘਾਂ ਦੀ ਪੰਜ ਭੂਤਕ ਦੇਹਾਂ ਲੈਣ ਲਈ ਵੱਡੀ-ਭਾਰੀ ਗਿਣਤੀ ਵਿਚ ਇਕੱਠਾ ਕਰ ਦਿੱਤਾ, ਸੰਗਤਾਂ ਦੀ ਵੱਧ ਰਹੀ ਭੀੜ ਜੋਸ਼ ਤੇ ਸਿੰਘਾਂ ਪ੍ਰਤੀ ਪਿਆਰ ਨੂੰ ਵੇਖਦਿਆਂ ਸਰੀਰ ਸੰਗਤਾਂ ਹਵਾਲੇ ਕੀਤੇ ਗਏ। ਹਜ਼ਾਰਾਂ ਦੇ ਵੱਡੇ ਇਕੱਠ ਵਿਚ ਸਿੰਬਲ ਕੈਂਪ ਸ਼ਮਸ਼ਾਨ ਘਾਟ ਵਿਖੇ ਸੰਸਕਾਰ ਦੀ ਤਿਆਰੀ ਕੀਤੀ ਗਈ। ਖਾੜਕੂ ਨੌਜਵਾਨ ਵੀ ਬਿਨਾਂ ਕਿਸੇ ਫੋਰਸ ਦੀ ਪ੍ਰਵਾਹ ਕੀਤਿਆਂ ਆਪਣੀਆਂ ਨਾਹਰਾਂ 'ਚੋਂ ਨਿਕਲ ਆਏ, ਕੇ.ਜ਼ੈਡ. ਐਫ. ਦੇ ਇਨ੍ਹਾਂ ਸਿੰਘਾਂ ਵੱਲੋਂ ਏ.ਕੇ.-ਸੰਤਾਲੀ ਦੇ ਫਾਇਰ ਕੱਢ ਕੇ ਖਾਲਿਸਤਾਨ

ਅਤੇ ਬੋਲੇ ਸੋ ਨਿਹਾਲ ਦੀ ਅਕਾਸ਼ ਗੁੰਜਾਊ ਗੂੰਜਾਂ ਦੇ ਨਾਲ ਸਰੀਰਾਂ ਨੂੰ ਅਗਨ ਭੇਟ ਕੀਤਾ ਗਿਆ ਪੰਜਾਬ ਦੀ ਖਾੜਕੂ ਲਹਿਰ ਵਰਗਾ ਮਾਹੌਲ ਸਰਕਾਰ ਨੂੰ ਚਿੰਤਾ ਵਿਚ ਪਾ ਗਿਆ।

ਜਦ ਭਾਈ ਫੰਦੀ ਦੇ ਪਿਤਾ ਜੀ ਨਾਲ ਗੱਲਬਾਤ ਕੀਤੀ ਗਈ ਤਾਂ, ਉਨ੍ਹਾਂ ਇਕ ਘਟਨਾ ਕ੍ਰਮ ਸੁਣਾਇਆ ਜਿਸ ਤੋਂ ਇਸ ਯੋਧੇ ਦੀ ਨਿਰਭੈਤਾ ਅਤੇ ਦਲੇਰੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪਿਤਾ ਜੀ ਨੇ ਦੱਸਿਆ -ਮੇਰੀ ਅੱਖਾਂ ਦੀ ਰੋਸ਼ਨੀ ਘਟਣ ਲੱਗੀ ਸੀ, ਸਿਹਤ ਢਿੱਲੀ ਸੀ, ਮੇਰੀ ਖ਼ੈਰ-ਸੁੱਖ ਪੁੱਛਣ ਫੰਦੀ ਘਰ ਆ ਗਿਆ, ਵੈਸੇ ਉਹ ਆਉਂਦਾ ਘੱਟ ਹੀ ਹੁੰਦਾ ਸੀ।ਪੁੱਤਰ ਮੇਰਾ ਬੱਬਰ ਸ਼ੇਰ ਸੀ, ਪਤਾ ਨਹੀਂ ਕਿਸ ਘੜੀ ਧੋਖੇ ਦਾ ਸ਼ਿਕਾਰ ਹੋ ਗਿਆ, ਸ਼ਹੀਦੀ ਤੋਂ ਕੁੱਝ ਸਮਾਂ ਪਹਿਲਾਂ ਹੀ ਮਿਲ ਕੇ ਗਿਆ ਸੀ। ਫੰਦੀ ਨੇ ਘਰ ਦੀ ਦਹਿਲੀਜ਼ ਟੱਪੀ ਹੀ ਸੀ, ਕਿ ਉਸਦਾ ਇਕ ਸਾਥੀ ਜੋ ਉਸਨੇ ਦੱਸਿਆ ਕਿ ਨਵਾਂ-ਨਵਾਂ ਸਿੰਘਾਂ 'ਚ ਸ਼ਾਮਿਲ ਹੋਇਆ ਸੀ, ਨਾਲ ਆਇਆ ਹੈ, ਤੇ ਬਾਹਰ ਖੜ੍ਹਾ ਹੈ, ਕੁਝ ਹੀ ਮਿੰਟਾਂ 'ਚ ਉਹ ਬਾਹਰੋਂ ਭੱਜਾ ਆਇਆ ਤੇ ਕਹਿਣ ਲੱਗਾ ਭਾਅ ਜੀ, ਬਾਹਰ ਤਾਂ ਪੁਲਿਸ ਦੀਆਂ ਗੱਡੀਆਂ ਦੀ ਭੀੜ ਲੱਗ ਗਈ ਹੈ, ਸਕੂਟਰ ਵੀ ਘੇਰੇ 'ਚ ਖੜ੍ਹਾ ਹੈ, ਫੰਦੀ ਨੇ ਉਸ ਨੂੰ ਗੁੱਸਾ ਕੀਤਾ ਕਿ ਤੈਨੂੰ ਪਤਾ ਨਹੀਂ ਭਾਈ ਸਾਹਿਬ ਨੂੰ ਛੱਡ ਕੇ ਆਉਣਾ ਹੈ....

ਸ਼ਾਇਦ ਸਕੂਟਰ ਤੇ ਕਿਸੇ ਖਾਸ ਬੰਦੇ ਨੂੰ ਲੈਣ ਜਾਣਾ ਸੀ, ਫੰਦੀ ਨੇ ਸਾਥੀ ਨੂੰ ਠਿਕਾਣੇ ਤੇ ਜਾਣ ਦਾ ਇਸ਼ਾਰਾ ਕੀਤਾ ਤੇ ਕਿਹਾ, ਮੈਂ ਸਕੂਟਰ ਲੈ ਕੇ ਆਉਣਾ, ਉਸ ਮੁੰਡੇ ਦੇ ਮਨ੍ਹਾਂ ਕਰਨ ਤੇ ਵੀ ਉਹ ਰੁਕਿਆ ਨਾ, ਨਾ ਹੀ ਮੇਰੀ ਕੋਈ ਸੁਣੀ, ਫਤਹਿ ਬੁਲਾ ਕੇ ਤੁਰ ਗਿਆ ਅਤੇ ਪਤਾ ਨਹੀਂ ਕਿਵੇਂ ਉਥੋਂ ਸਕੂਟਰ ਲੈ ਕੇ ਨਿਕਲ ਗਿਆ। ਮੈਨੂੰ ਸੜਕ ਤੇ ਖੜ੍ਹੇ ਮੁੰਡਿਆਂ ਨੇ ਦੱਸਿਆ ਸੀ ।...

■■■

ਭਾਈ ਅਵਿਨਾਸ਼ ਸਿੰਘ ਬਿੱਟੂ

ਸ਼ਹਾਦਤਾਂ ਆਉਣ ਵਾਲੀ ਨਸਲਾਂ ਲਈ ਅਣਖ ਨਾਲ ਜੀਉਣ ਦੀ ਪ੍ਰੇਰਨਾ ਬਣਦੀਆਂ ਹਨ, ਹੱਕ-ਸੱਚ ਅਤੇ ਇਨਸਾਫ਼ ਖਾਤਰ ਜੂਝਣ ਦਾ ਸਰੋਤ ਪੈਦਾ ਕਰਦੀਆਂ ਹਨ, ਜਿਵੇਂ ਅਸੀਂ ਬੀਤੇ ਇਤਿਹਾਸ ਤੇ ਫ਼ਖ਼ਰ ਕਰਦੇ ਹਾਂ, ਉਸੇ ਤਰ੍ਹਾਂ ਸੰਗਤਾਂ 20ਵੀਂ ਸਦੀ ਦੇ ਸੰਘਰਸ਼ ਵਿਚ ਸ਼ਹਾਦਤਾਂ ਪ੍ਰਾਪਤ ਕਰ ਚੁੱਕੇ ਸ਼ਹੀਦਾਂ ਅਤੇ ਖਾੜਕੂਆਂ ਉੱਤੇ ਮਾਨ ਪ੍ਰਾਪਤ ਕਰਨਗੀਆਂ। ਸ਼ਹੀਦੀ ਦੇ ਇਸ ਕਾਫਲੇ ਨੂੰ ਅੱਗੇ ਤੋਰਨ ਵਾਲਿਆਂ 'ਚੋਂ ਇਕ ਸੀ, ਭਾਈ ਅਵਿਨਾਸ਼ ਸਿੰਘ ਬਿੱਟੂ ਜੋ ਮਾਤਾ ਮਹਿੰਦਰ ਕੌਰ ਪਿਤਾ ਸ੍ਰ. ਅਮਰ ਸਿੰਘ (ਹਵਲਦਾਰ) ਦੇ ਘਰ ਪਿੰਡ ਗਾਡੀਗੜ੍ਹ ਜੰਮੂ ਵਿਖੇ 13 ਅਪ੍ਰੈਲ 1973 ਖਾਲਸੇ ਦੇ ਜਨਮ ਦਿਹਾੜੇ ਵਾਲੇ ਦਿਨ ਪੈਦਾ ਹੋਇਆ।

ਭਾਈ ਬਿੱਟੂ ਨੇ ਦਸਵੀਂ ਕਲਾਸ ਤਕ ਸਰਕਾਰੀ ਹਾਈ ਸੈਕੰਡਰੀ ਸਕੂਲ ਗਾਂਧੀ ਨਗਰ ਤੋਂ ਪਾਸ ਕੀਤੀ, ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਖਾੜਕੂ ਲਹਿਰ ਸਿੱਖਰਾਂ ਤੇ ਸੀ, ਹਰ ਰੋਜ਼ ਅਖ਼ਬਾਰਾਂ ਵਿਚ ਸਿੱਖਾਂ ਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਦੀਆਂ ਖ਼ਬਰਾਂ ਪੜ੍ਹ-ਪੜ੍ਹ ਕੇ ਭਾਈ ਬਿੱਟੂ ਦੇ ਅੰਦਰ ਦਾ ਖਾੜਕੂ ਖ਼ੂਨ ਖੌਲਣ ਲੱਗ ਪਿਆ। ਇਲਾਕੇ ਦੀ ਸਿੱਖ ਅਬਾਦੀ ਵਿਚ ਪੰਜਾਬ ਦੇ ਸੰਘਰਸ਼ ਅਤੇ ਸਿੱਖਾਂ ਤੇ ਹੋ ਰਹੇ ਜ਼ੁਲਮਾਂ ਦੀ ਚਰਚਾ ਆਮ ਹੁੰਦੀ ਸੀ। ਇਸ ਦਾ ਪ੍ਰਭਾਵ ਨੌਜਵਾਨਾਂ ਦੇ ਮਨਾਂ ਉੱਤੇ ਪੈਣਾ ਸੁਭਾਵਿਕ ਸੀ। ਭਾਈ ਬਿੱਟੂ ਆਪਣੀ ਭੈਣਾਂ ਨੂੰ ਆਮ ਕਹਿੰਦਾ ਰਹਿੰਦਾ ਸੀ, ਅਸੀਂ ਤਾਂ ਸ਼ਹੀਦੀਆਂ ਦੇ ਰਾਹ ਪੈ ਜਾਣਾ ਹੈ, ਅਸੀਂ ਤਾਂ ਬੱਸ ਛੇਤੀ ਹੀ ਮੌਤ ਮਹਿਬੂਬ ਨਾਲ ਮੰਗਣੀ ਕਰ ਲੈਣੀ ਹੈ। ਦੂਜੇ ਸ਼ਬਦਾਂ ਵਿਚ

"ਅਸੀਂ ਵਣਜ ਸ਼ਹੀਦੀ ਕਰਾਂਗੇ, ਦੇ ਸੀਸ ਬਿਆਨੇ, ਹਰ ਹਾਲਤ ਤੈਨੂੰ ਵਰਾਂਗੇ,
ਮੌਤੇ ਪ੍ਰਧਾਨੇ। ਸੱਥਾਂ ਵਿਚ ਢਾਡੀ ਗਾਉਣਗੇ ਸਾਡੇ ਅਫ਼ਸਾਨੇ।"

ਕੌਮੀ ਸੰਘਰਸ਼ ਵਿਚ ਕੁੱਦਣ ਦਾ ਚਾਅ ਇਸ ਹੱਦ ਤੱਕ ਵਧ ਗਿਆ ਕਿ ਭਾਈ ਬਿੱਟੂ ਬੜੀ ਸਰਗਰਮੀ ਨਾਲ ਅਜ਼ਾਦੀ ਦੇ ਪ੍ਰਵਾਨਿਆਂ ਦੇ ਮੇਲ ਦੀ ਚਾਹ ਲੈ ਕੇ ਥਾਂ-ਥਾਂ ਭਟਕਦਾ ਰਿਹਾ। ਦੁਨੀਆਂ ਜੀਣਾ ਲੋਚਦੀ ਹੈ, ਪਰ ਗੁਰੂ ਦਾ ਸਿੰਘ ਮੌਤ ਦਾ ਦਾਮਨ ਥਾਮਣ ਨੂੰ ਉਤਾਵਲਾ ਹੋਇਆ ਫਿਰਦਾ ਸੀ। ਕਿੰਨਾ ਅਨੋਖਾ ਤੇ ਵੱਖਰਾ ਚਾਅ ਹੁੰਦਾ ਹੈ, ਸੂਰਮਿਆਂ ਨੂੰ ਕੌਮ ਲਈ ਸ਼ਹਾਦਤਾਂ ਰਾਹੀਂ ਮਰਨ ਦਾ। ਭਾਈ ਬਿੱਟੂ ਸਿੰਘਾਂ ਦੀ ਤਲਾਸ਼ ਵਿਚ ਅਟਾਰੀ ਬਾਰਡਰ ਤੇ ਤਾਇਨਾਤ ਆਪਣੇ ਵੱਡੇ ਵੀਰ (ਫੌਜੀ) ਨੂੰ ਮਿਲਣ ਦਾ ਬਹਾਨਾ ਕਰ ਕੇ ਘਰੋਂ

ਨਿਕਲ ਗਿਆ, ਦਰਬਾਰ ਸਾਹਿਬ ਮੱਥਾ ਟੇਕਿਆ ਸੇਵਾ ਕਰਨ ਲੱਗ ਪਿਆ, ਹਾਲਾਤ ਵਿਗੜੇ ਤੇ ਬਲੈਕ ਥੰਡਰ, ਬਰਨਾਲਾ ਸਰਕਾਰ ਦੀ ਸਰਪ੍ਰਸਤੀ ਹੇਠ ਹੋਇਆ ਕਈ ਸਿੰਘ ਸ਼ਹੀਦ ਤੇ ਗ੍ਰਿਫ਼ਤਾਰ ਕੀਤੇ ਗਏ, ਸ਼ੱਕ ਦੇ ਆਧਾਰ 'ਤੇ ਭਾਈ ਬਿੱਟੂ ਵੀ ਥਾਣਿਆਂ 'ਚੋਂ ਗੁਜ਼ਰਦਾ ਸੰਗਰੂਰ ਜੇਲ੍ਹ ਜਾ ਪੁੱਜਾ, ਜਿੱਥੇ ਉਸ ਦੀ ਤਲਾਸ਼ ਦਾ ਅੰਤ ਹੋਇਆ। ਜੇਲ੍ਹ ਵਿਚ ਕਈ ਖਾੜਕੂ ਸਿੰਘਾਂ ਨਾਲ ਸਾਂਝ ਪਈ ਪਰ ਯਾਰਾਨਾ ਭਾਈ ਬਲਦੇਵ ਸਿੰਘ, ਹਲਵਾਰਾ, (ਕੇ.ਸੀ. ਐਫ) ਨਾਲ ਪਿਆ ਤੇ ਇਕੱਠਿਆ ਸੇਵਾ ਕਰਨ ਦੀ ਪੱਕੀ ਠਾਣ ਲਈ, ਇੱਥੋਂ ਅਗਲੀ ਮੰਜ਼ਿਲ ਦਾ ਸਫ਼ਰ ਸ਼ੁਰੂ ਹੋਇਆ, ਸੰਘਰਸ਼ ਵਿਚ ਕੁੱਦਣ ਦੀ ਸਾਰੀ ਵਿਉਂਤ ਬੰਦੀ ਤੋਂ ਬਾਅਦ ਭਾਈ ਬਿੱਟੂ ਨੇ ਜੰਮੂ ਆਪਣੇ ਪਰਿਵਾਰ ਨੂੰ ਖ਼ਤ ਭੇਜਿਆ ਕਿ ਮੈਂ ਸੰਗਰੂਰ ਜੇਲ੍ਹ ਵਿਚ ਬੰਦ ਹਾਂ।

ਘਰਦਿਆਂ ਨੇ ਕੁਝ ਪੈਸਿਆਂ ਦਾ ਪ੍ਰਬੰਧ ਕੀਤਾ ਤੇ ਜਮਾਨਤਾਂ ਕਰਵਾ ਕੇ ਪੁੱਤਰ ਨੂੰ ਘਰ ਲੈ ਆਂਦਾ ਪਰ ਪੁੱਤਰ ਤਾਂ ਕੁਝ ਹੋਰ ਹੀ ਸੋਚੀ ਬੈਠਾ ਸੀ। ਜੇਲ੍ਹ ਤੋਂ ਨਿਕਲ ਕੇ ਕੁੱਝ ਖਾਸ ਪਤਿਆਂ ਤੇ ਜੰਮੂ ਵਿਖੇ ਸਿੰਘਾਂ ਨਾਲ ਸੰਪਰਕ ਕੀਤਾ। ਇਕ ਦਿਨ ਅਚਾਨਕ ਸਾਰੇ ਪਰਿਵਾਰ ਨੂੰ ਘੁਟ-ਘੁਟ ਕੇ ਜਫੀਆਂ ਪਾਕੇ ਮਿਲਣ ਲੱਗਾ, ਭੈਣ ਅਮਰਜੀਤ ਕੌਰ ਨੇ ਦੱਸਿਆ ਕਿ ਸਾਨੂੰ ਉਸ ਵਕਤ ਸਮਝ ਨਾ ਆਈ, ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ, ਕਿ ਸਾਡਾ ਵੀਰ ਮੁੜ ਕਦੀ ਵੀ ਨਾ ਆਉਣ ਲਈ ਸਾਨੂੰ ਆਖਰੀ ਵਾਰ ਮਿਲ ਰਿਹਾ ਹੈ। ਇੰਜ ਲੱਗ ਰਿਹਾ ਸੀ, ਵੀਰ ਵੱਲੋਂ ਉਸ ਵੇਲੇ ਮੌਤ ਨੂੰ ਸਾਡੀ ਭਾਬੀ ਬਣਾਉਣ ਦੀਆਂ ਖੁਸ਼ੀਆਂ ਸਨ, ਉਸ ਦੇ ਚਿਹਰੇ ਤੇ ਖੁਸ਼ੀ ਅਤੇ ਇਕ ਅਜੀਬ ਜਿਹੀ ਮਸਤੀ ਸੀ, ਜਿਸ ਵਿਚ ਸ਼ਹੀਦਾਂ ਦੇ ਗੀਤ ਗੁਣ ਗੁਣਾਉਂਦਾ ਰਹਿੰਦਾ ਸੀ।

ਉਸ ਦਿਨ ਕੁਝ ਸਿੰਘ ਪੰਜਾਬ ਤੋਂ ਆਏ ਹੋਏ ਸਨ ਅਤੇ ਉਨ੍ਹਾਂ ਤੇ ਚੜ੍ਹਦੀ ਕਲਾ ਦੇ ਸ਼ਬਦ ਵਰਤਦਿਆ ਸਾਰੇ ਪਰਿਵਾਰ ਨੂੰ ਸਤਿਕਾਰ ਨਾਲ ਪਿਆਰ ਭਰੀ ਫਤਹਿ ਬੁਲਾਈ ਤੇ ਜਾਣ ਲੱਗਿਆ ਵੀਰ ਮੈਨੂੰ (ਭੈਣ ਅਮਰਜੀਤ ਕੌਰ) ਕੁਝ ਕਹਿ ਕੇ ਤੁਰ ਗਿਆ, ਸ਼ਾਇਦ ਇਸੇ ਤਰ੍ਹਾਂ ਦੇ ਸ਼ਬਦ ਸਨ

"ਭੈਣੇਂ ਮੈਂ ਮੁੜ ਨਹੀਂ ਆਉਣਾ, ਅਸੀਂ ਕੌਮ ਲਈ ਮਰ ਜਾਣਾ,
ਨਹੀਂ ਦਾਗ ਸਿੱਖੀ ਨੂੰ ਲਾਉਣਾ।"

ਭਾਈ ਜਗਦੇਵ ਸਿੰਘ ਹਲਵਾਰਾ ਵੀ ਕੁਝ ਮਹੀਨਿਆਂ ਬਾਅਦ ਛੁੱਟ ਕੇ ਸਿੰਘਾਂ ਵਿਚ ਆ ਰਲਿਆ, ਇੰਨੀ ਦੇਰ ਤੱਕ ਨਿੱਕੇ-ਨਿੱਕੇ ਮੁਕਾਬਲਿਆਂ 'ਚੋਂ ਗੁਜ਼ਰ ਕੇ ਭਾਈ ਬਿੱਟੂ ਟਰੇਂਡ ਹੋ ਚੁੱਕਿਆ ਸੀ, ਹੁਣ ਦੋਵੇਂ ਸਾਥੀਆਂ ਤੇ ਪੂਰੇ ਜਥੇ ਨੇ ਭਾਰਤੀ ਫੋਰਸਾਂ ਦਾ ਜੀਣਾ ਮੁਹਾਲ ਕਰ ਦਿੱਤਾ, ਸਿੰਘਾਂ ਨੇ ਆਪਣਾ ਪੱਕਾ ਇਲਾਕਾ ਅੰਮ੍ਰਿਤਸਰ 'ਛੇਹਰਟਾ' ਵਿਚ ਸਥਾਪਿਤ ਕਰ ਲਿਆ। ਸਰਕਾਰੀ ਸੂਹੀਏ ਵੀ ਮੁਸ਼ਕਾਂ ਲੈਣ ਲੱਗ ਪਏ। ਅੰਮ੍ਰਿਤਸਰ ਛੇਹਰਟਾ ਇਲਾਕੇ ਵਿਚ ਸਿੰਘਾਂ ਨੂੰ ਇਕ ਵੱਡੇ ਪੰਥ ਵਿਰੋਧੀ ਨੂੰ ਸੋਧਣ ਜਾਂਦਿਆਂ ਫੋਰਸਾ ਦਾ ਘੇਰਾ ਪੈ ਗਿਆ, ਭਾਈ ਬਿੱਟੂ, ਭਾਈ ਹਲਵਾਰਾ ਅਤੇ ਬਾਬਾ ਸਤਨਾਮ ਸਿੰਘ ਆਦਿ

ਸਿੰਘ ਬੜੀ ਚੁਸਤੀ ਨਾਲ ਨਿਕਲਣ ਵਿਚ ਕਾਮਯਾਬ ਹੋ ਗਏ, ਪਰ ਦੂਜੇ ਜਾਂ ਤੀਜੇ ਦਿਨ, ਫਿਰ ਉਸੇ ਮਿਸ਼ਨ ਤੇ ਜਾਂਦਿਆ ਬਾਬਾ ਸਤਨਾਮ ਸਿੰਘ ਤੇ ਭਾਈ ਬਿੱਟੂ ਘਾਤ ਲਾ ਕੇ ਬੈਠੀਆਂ ਪੁਲਿਸ ਫੋਰਸਾਂ ਦੇ ਨਿਸ਼ਾਨੇ ਹੇਠ ਆ ਗਏ, ਗੋਲੀਆਂ ਦਾ ਮੀਂਹ ਵਰਨਾ ਸ਼ੁਰੂ ਹੋ ਗਿਆ ਸਿੰਘਾਂ ਨੇ ਇਨੀ ਤੇਜ਼ ਗਤੀ ਨਾਲ ਮੋਟਰਸਾਈਕਲ ਨੂੰ ਗੋਲੀਆਂ 'ਚੋਂ ਲੰਘਾਇਆ ਤੇ ਫੋਰਸਾਂ ਇਕ ਵੀ ਗੋਲੀ ਸੀਨੇ ਤੇ ਨਾ ਦਾਗ ਸਕੀਆ, ਪੁਲਿਸ ਨੇ ਆਪਣੀ ਪਰੰਪਰਾ ਅਨੁਸਾਰ ਪਿੱਛੋਂ ਦੀ ਮੁੜ ਅਟੈਕ ਕੀਤਾ ਜਿਸ ਨਾਲ ਦੋਵੇਂ ਸਿੰਘ ਬੁਰੀ ਤਰ੍ਹਾਂ ਨਾਲ ਜਖ਼ਮੀ ਹਾਲਤ ਵਿਚ ਮੋਟਰਸਾਈਕਲ ਤੋਂ ਡਿੱਗ ਪਏ, ਛੇਤੀ ਹੀ ਸੰਭਲਦਿਆਂ ਮੁਕਾਬਲਾ ਆਰੰਭ ਕਰ ਦਿੱਤਾ, ਪਰ ਸੜਕ ਤੇ ਡਿੱਗੇ ਖੁੱਲੇ ਮੈਦਾਨ 'ਚ ਜਖ਼ਮੀਂ ਸ਼ੇਰ ਜ਼ਿਆਦਾ ਦੇਰ ਮੁਕਾਬਲਾ ਨਾ ਕਰ ਸਕੇ, ਚਹੁੰ ਪਾਸਿਉਂ ਆ ਰਹੀ ਗੋਲੀ ਦੀ ਲਪੇਟ ਕਾਰਨ, ਲਹੂ ਲੁਹਾਨ ਹੋਏ ਗ੍ਰਿਫ਼ਤਾਰੀ ਤੇ ਫਿਰ ਸ਼ੁਰੂ ਹੋਈ ਤਸ਼ੱਦਦ ਦੀ ਦਿਲ ਕੰਬਾਊ ਦਾਸਤਾਨ।

ਖਾੜਕੂ ਸਿੰਘਾਂ ਨੂੰ ਜ਼ਾਲਮਾਂ ਦਾ ਜਬਰ ਝੁਲਾ ਨਾ ਸਕਿਆ ਅਤੇ ਅੰਤ ਝੂਠੇ ਮੁਕਾਬਲਿਆਂ ਦੀ ਕੜੀ ਨੂੰ ਅੱਗੇ ਤੋਰਦਿਆ ਦੋਵੇਂ ਸਿੰਘ ਸੂਰਮਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। 13 ਅਕਤੂਬਰ 1989 ਨੂੰ ਹੋਈ ਸ਼ਹਾਦਤ ਨੂੰ ਪੰਥ ਖਾਲਸਾ ਬੜੇ ਮਾਨ ਸਤਿਕਾਰ ਨਾਲ ਸਿੱਖ ਇਤਿਹਾਸ ਵਿਚ ਦਰਜ ਕਰਕੇ ਆਪਣੀ ਆਉਣ ਵਾਲੀ ਪੀੜੀ ਲਈ ਸੰਭਾਲ ਕੇ ਰਖੇਗਾ।

■■■

ਭਾਈ ਗੁਰਮੇਲ ਸਿੰਘ ਜੰਮੂ

1984 ਤੋਂ ਆਰੰਭੀ ਗਈ ਖਾੜਕੂ ਲਹਿਰ ਵਿਚ ਜੰਮੂ ਕਸ਼ਮੀਰ ਦੇ ਸਿੱਖ ਨੌਜਵਾਨ ਵਲੋਂ ਦਿਤੀਆਂ ਸ਼ਹਾਦਤਾਂ ਦਾ ਇਕ ਨਿਵੇਕਲਾ ਸਥਾਨ ਹੈ, ਜੰਮੂ ਦੇ ਨੌਜਵਾਨ ਨੇ ਇਕ ਵਾਰ ਤਾਂ ਪੰਜਾਬ ਵਿਚ ਮੱਠੀ ਪਈ ਜੁਝਾਰੂ ਲਹਿਰ ਨੂੰ ਨਵਾਂ ਜਨਮ ਦੇ ਦਿੱਤਾ ਸੀ, ਜੰਮੂ ਤੋਂ ਬਾਹਰ ਰਹਿੰਦੇ ਖਾੜਕੂਆਂ ਵੱਲੋਂ ਇੱਥੇ (ਜੰਮੂ) ਵਿਚ ਪ੍ਰਚੰਡ ਹੋ ਚੁੱਕੀ ਲਹਿਰ ਦੇ ਯੋਧਿਆਂ ਨੂੰ ਕਿਸੇ ਕਿਸਮ ਦਾ ਸਹਿਯੋਗ ਜਾਂ ਮਦਦ ਨਹੀਂ ਦਿੱਤੀ ਗਈ। ਜਿਸ ਕਾਰਨ ਲਹਿਰ ਬਹੁਤ ਲੰਮੀ ਨਾ ਚਲ ਸਕੀ। ਮਦਦ ਨਾ ਕਰਨ ਦਾ ਵੱਡਾ ਕਾਰਣ ਜੱਟਵਾਦ ਦਾ ਭੂਤ ਪੰਥ ਦੇ ਵੱਡੇ ਹਿੱਸੇ ਨੂੰ ਚਿਮੜਿਆ ਹੋਇਆ ਹੈ, ਜੋ ਬਾਕੀ ਪ੍ਰਾਤਾਂ ਤੇ ਬਰਾਦਰੀਆਂ/ ਜਾਤਾਂ 'ਚੋਂ ਅੰਮ੍ਰਿਤ ਛੱਕ ਕੇ ਸਿੱਖ ਸਜੇ ਖਾਲਸੇ ਨੂੰ ਸਿੰਘ ਨਾ ਕਹਿੰਦਿਆਂ ਵੱਖ-ਵੱਖ ਜਾਤਾਂ, ਗੋਤਾਂ, ਸ਼ਹਿਰਾਂ ਦੇ ਨਾਮ ਨਾਲ ਮੁਖਾਤਿਬ ਹੁੰਦੇ ਹਨ, ਜੋ ਇਕ ਤਰ੍ਹਾਂ ਨਾਲ ਸਿੱਖ ਸਿਧਾਤਾਂ ਦਾ ਮਾਜ਼ਕ ਉਡਾਉਣ ਤੋਂ ਘੱਟ ਗੁਨਾਹ ਨਹੀਂ ਸਮਝਿਆ ਜਾ ਸਕਦਾ।

ਜੰਮੂ ਦੇ ਸਿੰਘਾਂ ਨੇ ਕਸ਼ਮੀਰ ਤੋਂ ਮਹਿੰਗੇ ਭਾਅ ਹਥਿਆਰ ਖਰੀਦ-ਖਰੀਦ ਕੇ ਕੌਮੀਂ ਅਵਾਜ਼ ਨੂੰ ਜੀਉਂਦਾ ਰੱਖਿਆ, ਇਸ ਨਿੱਕੀ ਜਿਹੀ ਪਰ ਭਰਵੀ ਲਹਿਰ ਰਾਹੀਂ ਦੁਨੀਆਂ ਅਤੇ ਹਕੂਮਤ ਨੂੰ ਇਹ ਦੱਸਣ ਵਿਚ ਕਾਮਯਾਬ ਰਹੇ ਕਿ ਗੁਰੂ ਕਾ ਖਾਲਸਾ ਗੁਰੂ ਦੇ ਨਿਰਾਦਰ ਅਤੇ ਪੰਥ ਖਾਲਸਾ ਦੀ ਪੱਗ (ਇੱਜ਼ਤ) ਨੂੰ ਹੱਥ ਪਾਉਣ ਵਾਲੇ ਨੂੰ ਕਦੀ ਵੀ ਬਰਦਾਸ਼ਤ ਨਹੀਂ ਕਰਦਾ ਸਿੱਖ ਭਾਵੇਂ ਜੰਮੂ ਕਸ਼ਮੀਰ, ਯੂ.ਪੀ. ਦਿੱਲੀ, ਪੰਜਾਬ, ਮੁੰਬਈ ... ਕਿੱਥੋਂ ਦਾ ਵੀ ਕਿਉਂ ਨਾ ਹੋਵੇ, ਗੁਰੂ ਤੇ ਪੰਥ ਦੀ ਤੋਹੀਨ ਸਿੱਖ ਨੂੰ ਬਾਗੀ ਬਣਾ ਦਿੰਦੀ ਹੈ।

ਇਸ ਕਥਨੀ ਤੇ ਕਰਨੀ ਦਾ ਜਾਮਾ ਪਾਉਂਦੀ ਗਵਾਹੀ, ਭਾਈ ਤਾਰੂ ਸਿੰਘ ਵਾਂਗ ਖੋਪਰੀ ਤੂੰਬਾ-ਤੂੰਬਾ ਕਰਵਾ ਕੇ ਸ਼ਹੀਦ ਹੋਏ ਭਾਈ ਗੁਰਮੇਲ ਸਿੰਘ ਦੀ ਸ਼ਹਾਦਤ ਤੋਂ ਮਿਲਦੀ ਹੈ। ਭਾਈ ਗੁਰਮੇਲ ਸਿੰਘ ਦਾ ਜਨਮ 11 ਫਰਵਰੀ 1973 ਨੂੰ ਹੋਇਆ ਪੜ੍ਹਾਈ ਦੇ ਨਾਲ-ਨਾਲ ਪੰਥਕ ਸਰਗਰਮੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਵਾਲੇ ਇਸ ਦੋਸਤ ਨੇ ਨਾਲ ਦੀ ਨਾਲ ਗਿਆਨੀ ਦੀ ਪੜ੍ਹਾਈ ਕਰ ਲਈ ਗੁਰਮੇਲ ਸਿੰਘ ਸਾਥੀ ਸਿੰਘਾਂ ਨਾਲ ਰੱਲ ਕੇ (ਜਿਨ੍ਹਾਂ ਵਿਚ ਲੇਖਕ ਵੀ ਸ਼ਾਮਿਲ ਹੈ) ਖਾੜਕੂ ਸਿੰਘਾਂ ਦੇ ਸ਼ਹੀਦੀ ਸਮਾਗਮ ਕਰਵਾਉਂਦੇ ਰਹੇ। ਵੀਰ ਗੁਰਮੇਲ ਸਿੰਘ ਬੋਲਿਆਂ ਵਿਚ ਬੈਠ ਕੇ ਪਿੰਡ ਦੇ ਨੌਜਵਾਨਾਂ ਨੂੰ ਸਿੱਖਾਂ ਤੇ ਹੋ ਰਹੇ ਜ਼ੁਲਮਾਂ ਦੀਆਂ ਦਾਸਤਾਨਾਂ ਮੈਗਜੀਨ ਸੰਤ-ਸਿਪਾਹੀ ਤੇ ਪੰਜਾਬੀ ਅਖ਼ਬਾਰਾਂ 'ਚੋਂ ਸੁਣਾਇਆ ਕਰਦੇ ਸਨ। ਗੁਰਮੇਲ ਸਿੰਘ ਮੇਰੇ ਵੱਡੇ ਵੀਰ ਰਣਜੀਤ ਸਿੰਘ ਨਾਲ ਪੜ੍ਹਦਾ ਸੀ, ਸਕੂਲ ਸਿੰਬਲ ਕੈਂਪ, ਇਕ ਸਾਥੀ ਦੇ ਦੱਸਣ ਮੁਤਾਬਿਕ ਪਿੰਡ ਦੀ

ਗੱਡੀ ਰਾਹੀਂ ਸੰਗਤ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਈ ਹੋਈ ਸੀ। ਜਿਸ ਵਿਚ ਗੁਰਮੇਲ ਸਿੰਘ ਤੇ ਉਸਦਾ ਪਰਿਵਾਰ ਵੀ ਸ਼ਾਮਿਲ ਸੀ। ਸੰਗਤਾ ਅਜਾਇਬ ਘਰ ਵਿਚ ਇਤਿਹਾਸ ਵੇਖ ਰਹੀਆਂ ਸਨ ਕਿ ਭਾਈ ਗੁਰਮੇਲ ਸਿੰਘ, ਭਾਈ ਤਾਰੂ ਸਿੰਘ ਦੀ ਤਸਵੀਰ ਅੱਗੇ ਜਾ ਕੇ ਰੁਕ ਗਿਆ, ਬੜੇ ਧਿਆਨ ਨਾਲ ਇਤਿਹਾਸ ਪੜ੍ਹਕੇ ਕਹਿਣ ਲੱਗਾ, ਵਾਹ-ਵਾਹ ਕਿਆ ਸਿੱਖੀ ਹੈ, ਭਾਈ ਕਮਾਲ ਹੈ, ਕਿਨ੍ਹਾਂ ਆਨੰਦ ਆਇਆ ਹੋਣਾ ਸਿੱਖੀ ਲਈ ਇੰਝ ਸ਼ਹੀਦੀ ਦੇਣ ਦਾ, ਗੁਰੂ ਦੀਆਂ ਬਖ਼ਸ਼ਿਸ਼ਾਂ ਹੋ ਗਈਆਂ ਹੋਣੀਆਂ, ਜੇ ਕਿਧਰੇ ਗੁਰੂ ਨੇ ਕ੍ਰਿਪਾ ਕੀਤੀ ਤਾਂ ਮੈਂ ਵੀ ਮੰਮੀ ਜੀ, ਇਸੇ ਤਰ੍ਹਾਂ ਸ਼ਹੀਦੀ ਦੇਵਾਗਾਂ (ਇਸ ਗੱਲ ਦੀ ਪੁਸ਼ਟੀ ਸ਼ਹੀਦ ਦੀ ਮਾਤਾ ਨੇ ਵੀ ਕੀਤੀ ਹੈ।)

ਬੱਚੇ ਦੀ ਗੱਲ ਆਈ-ਗਈ ਹੋ ਗਈ ਸਮੇਂ ਨੇ ਗੱਲ ਪੱਲੇ ਬੰਨ੍ਹ ਲਈ ਅਤੇ ਗੁਰੂ ਨੂੰ ਵੀ ਕੁਝ ਇੰਝ ਹੀ ਮਨਜ਼ੂਰ ਸੀ, ਇਤਿਹਾਸ ਨੇ ਆਪਣੇ ਆਪ ਨੂੰ ਮੁੜ, ਦੋਹਰਾਇਆ ਅਤੇ ਭਾਈ ਗੁਰਮੇਲ ਸਿੰਘ ਤਾਰੂ ਸਿੰਘ ਦਾ ਹਕੀਕੀ ਵਾਰਸ ਬਣ ਗਿਆ। ਅਜਾਇਬ ਘਰ ਵੇਖਣ ਉਪਰੰਤ ਸੰਗਤਾਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਿਲਨ ਚਲ ਗਈਆਂ, ਉੱਥੇ ਪੁੱਜ ਕੇ ਭੁਝੰਗੀ ਗੁਰਮੇਲ ਸਿੰਘ, ਬਾਬਾ ਭਿੰਡਰਾਂਵਾਲਿਆਂ ਨੂੰ ਫਤਹਿ ਗਜ਼ਾ ਕੇ ਕਹਿਣ ਲੱਗਾ ਬਾਬਾ ਜੀ ਮੈਂ ਵੀ ਪੰਥ ਦੀ ਸੇਵਾ ਕਰਨੀ ਹੈ, ਬਾਬਿਆਂ ਨੇ ਗੌਰ ਨਾਲ ਵੇਖਦਿਆਂ ਕਿਹਾ, "ਭੁਝੰਗੀਆਂ ਤੇਰਾ ਜਜ਼ਬਾ ਦੱਸ ਰਿਹਾ ਹੈ, ਕਿ ਗੁਰੂ ਨੇ ਤੇਰੇ ਤੋਂ ਸੇਵਾ ਲੈਣੀ ਹੈ, ਪਰ ਕਿੱਥੇ ਅਤੇ ਕਦੋਂ ਇਹ ਮੈਂ ਨਹੀਂ ਦੱਸ ਸਕਦਾ। ਦਰਬਾਰ ਸਾਹਿਬ ਤੇ ਭਾਰਤੀ ਫੌਜਾਂ ਦਾ ਹਮਲਾ ਹੋ ਗਿਆ, ਸਮੁੱਚੇ ਦੇਸ਼ ਵਿਚ ਰਹਿੰਦਾ ਸਿੱਖ ਖ਼ੂਨ ਦੇ ਅੱਥਰੂ ਕੇਰਦਾ ਹੋਇਆ, ਸਰਕਾਰ ਨੂੰ ਲਾਨਤਾ ਪਾ ਰਿਹਾ ਸੀ।

ਖਾੜਕੂ ਲਹਿਰ ਦਾ ਜਨਮ ਹੋ ਚੁੱਕਿਆ ਸੀ, ਭਾਈ ਗੁਰਮੇਲ ਸਿੰਘ ਦੇ ਘਰ ਦੇ ਨੇੜੇ-ਤੇੜੇ ਜੰਮੂ ਤੇ ਪੰਜਾਬ ਦੇ ਖਾੜਕੂ ਸਿੰਘਾਂ ਦਾ ਠਿਕਾਣਾ ਸੀ, ਇਕ ਪੁਰਾਣਾ ਕੱਚਾ ਮਕਾਨ (ਜੋ ਸਾਡਾ ਪੁਰਾਣਾ ਕੱਚਾ ਮਕਾਨ ਸੀ) ਜਿੱਥੇ ਭਾਈ ਗੁਰਮੇਲ ਸਿੰਘ ਦਾ ਮੇਲ ਭਾਈ ਧਰਮਵੀਰ ਸਿੰਘ, ਭਾਈ ਮਾਸਟਰ, ਭਾਈ ਪਰਵਿੰਦਰ ਸਿੰਘ, ਭਾਈ ਗੁਰਚਰਨ ਸਿੰਘ, ਅਤੇ ਭਾਈ ਰਣਜੀਤ ਸਿੰਘ, ਨੀਤਾ ਆਦਿ ਸਿੰਘਾਂ ਨਾਲ ਹੋਇਆ। ਇੱਥੇ ਹੀ ਜਥੇਬੰਦੀ ਕੇ. ਜੈਡ. ਐਫ. ਵਿਚ ਦਾਖ਼ਲਾ ਤੇ ਗੁਪਤ ਰਹਿ ਕੇ ਸੇਵਾ ਕਰਨ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ ਭਾਈ ਰਣਜੀਤ ਸਿੰਘ ਤੇ ਸਾਥੀਆਂ ਦਾ ਗੁਰਮੇਲ ਸਿੰਘ ਬਹੁਤ ਭਰੋਸੇਮੰਦ ਸਾਥੀ ਬਣ ਗਿਆ ਸੀ। ਕਾਫ਼ੀ ਸਮਾਂ ਲੰਗਰ ਛਕਾਉਣ ਮੁਖ਼ਬਰਾਂ ਦੇ ਪਤੇ ਇਕੱਠੇ ਕਰਨ ਅਤੇ ਸਿੰਘਾਂ ਲਈ ਠਾਹਰਾਂ ਆਦਿ ਦਾ ਪ੍ਰਬੰਧ ਕਰਨ ਦੀ ਸੇਵਾ ਬਾਖ਼ੂਬ ਨਿਭਾਉਂਦਾ ਰਿਹਾ, ਇਕ ਦਿਨ ਭਾਈ ਗੁਰਮੇਲ ਸਿੰਘ ਨੇ ਉਸ ਬੰਦੇ ਦੀ ਗੱਦਾਰੀ ਦੀ ਸੂਹ ਸਿੰਘਾਂ ਨੂੰ ਦਿੱਤੀ ਜੋ ਸਿੰਘਾਂ ਦਾ ਹਮਦਰਦ ਬਣਿਆ ਹੋਇਆ ਸੀ, ਪੱਕੇ ਸਬੂਤ ਮਿਲਦਿਆਂ ਹੀ ਭਾਈ ਘੁੱਗੀ, ਭਾਈ ਮਿੰਟਾ, ਭਾਈ ਖਾਲਸਾ ਤੇ ਗੁਰਮੇਲ ਸਿੰਘ ਨੇ ਉਸ ਗੱਦਾਰ ਨੂੰ ਆਪਣੀ ਅਸਾਲਟਾਂ ਦੀ ਲਪੇਟ ਵਿਚ ਲੈ ਲਿਆ, ਇਕ ਹੋਰ ਐਕਸ਼ਨ ਵਿਚ ਹਿੱਸਾ ਲੈਣ ਕਰਕੇ ਗੁਰਮੇਲ ਸਿੰਘ ਨੇ ਪਰਿਵਾਰ ਛੱਡ ਕੇ ਆਪਣਾ ਠਿਕਾਣਾ ਸਾਥੀ ਸਿੰਘਾਂ ਵਾਂਗ ਹੀ ਬਣਾ ਲਿਆ। ਗੁਰਮੇਲ

ਸਿੰਘ ਦੇ ਪਿਤਾ (C.I.D.) ਪੁਲਿਸ ਵਿਚ ਸਨ, ਇਸ ਲਈ ਸਾਥੀ ਸਿੰਘਾਂ ਨੇ ਗੁਰਮੇਲ ਸਿੰਘ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਤੇਰਾ ਨਾਮ ਤੇ ਫੋਟੋ ਅਜੇ ਤੱਕ ਲੁਕਿਆ ਹੋਇਆ ਹੈ, ਪਿਤਾ ਜੀ ਦੀ ਮਦਦ ਨਾਲ ਸੇਫ ਹੋ ਜਾਵੇਗਾ, ਅਪਣਾ ਰਾਹ ਬਦਲ ਲੈ, ਪਿਛਾਂਹ ਮੁੜ ਜਾ, ਜੇ ਲੋੜ ਪਈ ਅਤੇ ਸਮਾਂ ਆਉਣ ਤੇ ਤੈਨੂੰ ਮੁੜ ਬੁਲਾ ਲਵਾਂਗੇ। ਜੇ ਸਾਰੇ ਹੀ ਹਕੂਮਤ ਦੀ ਨਜ਼ਰਾਂ ਵਿਚ ਆ ਗਏ, ਤਾਂ ਕੰਮ ਨਹੀਂ ਸਰਨਾ।

ਭਾਈ ਗੁਰਮੇਲ ਸਿੰਘ ਨੇ ਇਕ ਨ ਸੁਣੀ ਤੇ ਸ਼ਹੀਦੀ ਤੱਕ ਡਟੇ ਰਹਿਣ ਲਈ ਕਹਿ ਕੇ ਗੱਲ ਵਿਚੇ ਮੁਕਾ ਦਿੱਤੀ, ਅਤੇ ਉਹ ਸੁਲੱਖਣੀ ਘੜੀ ਵੀ ਆ ਗਈ। ਜਿਸ ਲਈ ਸੂਰਮਾ ਬੇਤਾਬ ਸੀ। ਗਾਡੀਗੜ ਪਿੰਡ ਦੇ ਖੇਤਾਂ ਵਿਚ ਜਥੇਬੰਦੀ ਦੇ ਸਾਰੇ ਨਿੱਕੇ-ਵੱਡੇ ਸਿੰਘਾਂ ਦੀ ਭਰਵੀਂ ਬੈਠਕ ਸੱਦੀ ਗਈ, ਅੰਮ੍ਰਿਤ ਵੇਲਾ ਅਤੇ ਗੁਰਮੇਲ ਸਿੰਘ ਤੇ ਸਾਥੀ ਸਿੰਘ ਨਿਤਨੇਮ ਕਰਕੇ ਹੱਟੇ ਹੀ ਸੀ ਬਾਕੀ ਸਿੰਘਾਂ ਵਾਂਗ ਗੁਰਮੇਲ ਨੇ ਵੀ ਕੇਸ਼ੀ ਇਸ਼ਨਾਨ ਕਰਕੇ ਦਸਤਾਰ ਬੰਨੀ ਹੋਈ ਸੀ, ਪੁਲਿਸ ਦੀ ਸਖ਼ਤੀ ਕਾਰਨ ਲੰਗਰ ਪਾਣੀ ਮਸਤਾਨਾ ਹੋ ਚੁੱਕਿਆ ਸੀ, ਜਿਸ ਕਾਰਣ ਭਾਈ ਗੁਰਮੇਲ ਸਿੰਘ ਕਾਲੇ ਚਣਿਆਂ ਨੂੰ (ਪੁਰਾਤਨ ਸਿੰਘ ਵਾਂਗ) ਸਾਥੀਆਂ ਨਾਲ ਬਦਾਮ ਕਹਿ ਕੇ ਛਕ ਰਿਹਾ ਸੀ।

ਕੇ.ਜੈਡ.ਐਫ ਦੇ ਸਿੰਘਾਂ ਦੀ ਬੈਠਕ ਸ਼ੁਰੂ ਹੋਈ ਨੂੰ ਕੁਝ ਮਿੰਟ ਹੀ ਹੋਏ ਸਨ, ਕਿਸੇ ਝੋਲੀ ਚੁੱਕ ਦੀ ਸੂਹ ਤੇ ਵੱਖ-ਵੱਖ ਪੁਲਿਸ ਤੇ ਫੌਜ ਨੇ ਘੇਰਾ ਪਾ ਲਿਆ, ਸਿੰਘ ਸਖ਼ਤ ਘੇਰਾਬੰਦੀ ਵਿਚ ਬੁਰੀ ਤਰ੍ਹਾਂ ਫੱਸ ਚੁੱਕੇ ਸਨ, ਕੁਝ ਸਿੰਘਾਂ ਨੇ ਡਿਫੈਂਸ ਫਾਇਰ ਕਰਨ ਤੇ ਕੁਝ ਸਿੰਘਾਂ ਨੇ ਫੋਰਸਾਂ ਦਾ ਧਿਆਨ ਆਪਣੇ ਵਲ ਖਿਚ ਕੇ ਚੀਫ਼ ਤੇ ਕਮਾਂਡਰਾਂ ਨੂੰ ਬਚਾਉਣ ਲਈ ਸ਼ਹਾਦਤਾਂ ਦੇਣ ਦਾ ਫੈਸਲਾ ਕਰ ਲਿਆ, ਇਸ ਸ਼ਹਾਦਤ ਦੇ ਫੈਸਲੇ ਵਿਚ ਸ਼ਾਮਿਲ ਸਨ, ਭਾਈ ਗੁਰਮੇਲ ਸਿੰਘ ਤੇ ਭਾਈ ਭੁਪਿੰਦਰ ਸਿੰਘ, ਬਾਕੀ ਸਿੰਘਾਂ ਨੂੰ ਬਚਾਉਣ ਦਾ ਹੋਰ ਕੋਈ ਰਾਹ ਨਹੀਂ ਸੀ ਬਚਿਆ। ਫੋਰਸਾਂ ਨੂੰ ਉਲਝਾਉਣ ਲਈ ਦੋਵੇਂ ਸਿੰਘ ਵੱਖ-ਵੱਖ ਦਿਸ਼ਾਵਾਂ ਵੱਲ ਨਿਕਲ ਗਏ, ਦੋਵੇਂ ਸਿੰਘਾਂ ਨੂੰ ਰੋਕਣ ਲਈ ਫੋਰਸਾਂ ਨੂੰ ਇਨ੍ਹਾਂ ਦਾ ਪਿੱਛਾ ਕਰਨਾ ਪਿਆ ਤੇ ਘੇਰਾਬੰਦੀ ਢਿੱਲੀ ਪੈ ਗਈ, ਬਾਕੀ ਸਿੰਘ ਨਿਕਲਣ ਵਿਚ ਕਾਮਯਾਬ ਹੋ ਗਏ, ਭਾਈ ਭੁਪਿੰਦਰ ਸਿੰਘ ਨੇ ਘੇਰਾਬੰਦੀ ਵਿਚ ਉਲਝ ਜਾਣ ਕਰਕੇ ਸ਼ਹੀਦੀ ਦੇ ਦਿੱਤੀ, ਭਾਈ ਗੁਰਮੇਲ ਸਿੰਘ ਸ਼ਿਕਾਰੀ ਕੁੱਤਿਆਂ ਦੀ ਗ੍ਰਿਫ਼ਤ ਵਿਚੋਂ ਨਿਕਲਣ ਦਾ ਯਤਨ ਕਰਦਾ ਹੋਇਆ, ਕਾਫ਼ੀ ਦੂਰ ਨਿਕਲ ਚੁੱਕਿਆ ਸੀ, ਪਰ ਲੰਮਾ ਸਫ਼ਰ ਜਖ਼ਮੀ ਪੈਰ, ਕਈ ਦਿਨਾਂ ਦਾ ਭੁੱਖਾ ਕਰੜੀ ਅਜਮਾਇਸ਼ ਵਿਚੋਂ ਗੁਜ਼ਰਦਿਆਂ 17 ਦਸੰਬਰ 1993 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਉਸ ਵੇਲੇ ਗੁਰਮੇਲ ਸਿੰਘ ਬੁਖਾਰ ਕਰਕੇ ਬਿਮਾਰ ਸੀ ਅਤੇ ਉਸ ਕੋਲ ਇਕ ਕਿਤਾਬ 'ਜੇਲ੍ਹ ਚਿੱਠੀਆਂ ਭਾਈ ਜਿੰਦਾ, ਭਾਈ ਸੁੱਖਾ,' ਇਕ ਪੈਨਸਲ ਬੰਬ ਸੀ, ਜੋ ਮੌਕੇ ਤੇ ਵਰਤ ਕੇ ਆਪਣੇ ਨਾਲ ਦੇ ਚਾਰਾਂ ਨੂੰ ਲਿਜਾਇਆ ਜਾ ਸਕੇ, ਪਰ ਉਹ ਧੋਖਾ ਦੇ ਗਿਆ। ਜੰਮੂ ਵਿਚ ਸਿੰਘਾਂ ਨੂੰ ਸੰਗਤਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਸੀ, ਜਿਸ ਨੂੰ ਤੋੜਨ ਲਈ ਅਤੇ ਸਿੱਖ ਨੌਜਵਾਨਾਂ ਵਿਚ ਦਹਿਸ਼ਤ ਫੈਲਾਉਣ ਲਈ ਇੰਦਰਾਂ ਨਗਰ, (ਜੰਮੂ) ਦੇ ਖੇਤਾਂ ਦੇ ਕੰਢੇ ਹਜ਼ਾਰਾਂ ਲੋਕਾਂ ਦੇ ਸਾਹਮਣੇ ਸਿੰਘ ਉੱਤੇ

ਅੰਨ੍ਹਾਂ ਤਸ਼ਦੱਤ ਕੀਤਾ ਗਿਆ, ਪੁਲਿਸ ਆਫ਼ਿਸਰਾਂ ਨੇ ਸਰਕਾਰੀ ਗਵਾਹ ਬਨਾਉਣ ਜਾ ਮੌਤ ਕਬੂਲਣ ਦੀ ਪੇਸ਼ਕਸ ਰੱਖੀ, "ਹਿੰਮਤ ਜੋ ਹੈ, ਤੋ ਛੀਨ ਲੋ ਦਸਤ-ਏ-ਜਫ਼ਾ ਸੇ ਤੇਗ। **ਅਹਿਲ-ਏ-ਸਿਤਮ ਸੇ ਰਹਿਮ ਕਾ ਸਵਾਲ ਕਿਆ"।**

ਭਾਈ ਸਾਹਿਬ ਨੂੰ ਫੋਰਸਾਂ ਨੇ ਬੇ ਰਹਿਮੀ ਨਾਲ ਅਸੱਲਟਾਂ ਤੇ ਡਾਗਾਂ ਦੇ ਬਟ ਮਾਰ-ਮਾਰ ਕੇ ਲੱਤਾਂ-ਬਾਵਾਂ ਤੋੜ ਦਿੱਤੀਆਂ, ਪਰ ਸਿੰਘ ਵਾਹਿਗੁਰੂ-ਵਾਹਿਗੁਰੂ ਉਚਾਰਦਾ ਰਿਹਾ, ਫਿਰ ਬੱਲਦੇ ਸਿਗਰਟ ਤੇ ਗੱਡੀਆਂ ਦੀ ਬੈਟਰੀ ਦੇ ਕਰੰਟ ਨਾਲ ਜਖ਼ਮਾਂ ਨੂੰ ਕੁਰੇਦਿਆ ਗਿਆ, ਇਕ ਗੁਰਸਿੱਖ ਡਰਾਇਵਰ ਵੀਰ ਨੇ ਆਫ਼ਿਸਰ ਤੋਂ ਹੁਕਮ ਲੈ ਕੇ ਭਾਈ ਗੁਰਮੇਲ ਸਿੰਘ ਨਾਲ ਗਲ ਕੀਤੀ, ਜੋ ਸਿੰਘਾਂ ਨੂੰ ਜਾਣਦਾ ਸੀ ਤੇ ਪਿੰਡ ਗਾਡੀਗੜ੍ਹ ਦਾ ਹੀ ਰਹਿਣ ਵਾਲਾ ਸੀ, ਉਸ ਡਰਾਇਵਰ ਸਿੱਖ ਦੀ ਮਨਸ਼ਾ ਸੀ ਕਿ "ਸਿੰਘ ਕੁਝ ਦੱਸ ਦੇਵੇ ਤਾਂ ਅਫ਼ਸਰਾਂ ਦੀ ਲੋਕਾਂ ਸਾਹਮਣੇ ਇੱਜ਼ਤ ਰਹਿ ਜਾਵੇ। ਵਰਨਾਂ ਉਨ੍ਹਾਂ ਸਿੰਘ ਨੂੰ ਮਾਰ ਦੇਣਾ ਹੈ।

ਡਰਾਇਵਰ ਨੇ ਸਿੰਘ ਨੂੰ ਕਿਹਾ, ਵੀਰ ਜੀ, ਮੈਥੋਂ ਤੁਹਾਡੀ ਹਾਲਤ ਵੇਖੀ ਨਹੀਂ ਜਾਂਦੀ ਤੁਸੀਂ ਸਿਰਫ਼ ਆਪਣਾ ਨਾ-ਪਤਾ ਹੀ ਦਸ ਦਿਉ।"

"ਗੁਰਮੇਲ ਸਿੰਘ : ਮੈਂ ਗੁਰਮੇਲ ਸਿੰਘ, ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ, ਮਾਤਾ ਸਾਹਿਬ ਕੌਰ, ਭੈਣ-ਭਰਾ ਸੰਬੰਧੀ ਸਮੁੱਚੇ ਕੌਮੀ ਸ਼ਹੀਦ ਅਤੇ ਜੂਝ ਰਹੇ ਜੁਝਾਰੂ ਵੀਰ।" ਇਸ ਤੋਂ ਪਹਿਲਾਂ ਕੀ ਸਾਥੀਆਂ ਟਿਕਾਣਿਆਂ ਅਤੇ ਠਾਹਰਾਂ ਬਾਰੇ ਕੋਈ ਸਵਾਲ ਪੁੱਛਦੇ ਯੋਧੇ ਵੀਰ ਨੇ ਆਪਣੀ ਪੂਰੀ ਸਰੀਰਕ ਤਾਕਤ ਨੂੰ ਇਕੱਠਿਆ ਕਰਕੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ। ਬਸ ਫੇਰ ਕੀ ਸੀ ਜਾਲਮਾਂ ਦੀਆਂ ਛਾਤੀਆਂ ਤੇ ਸੱਪ ਰੀਂਘਣ ਲੱਗ ਪਏ, ਅਤੇ ਬੰਦੂਕਾਂ ਦਿਆਂ ਬੱਟਾਂ ਨਾਲ ਫੇਹ-ਫੇਹ ਕੇ ਸਿੰਘ ਦੇ ਸਿਰ ਦੀ ਮੰਝਾਲੀ (ਮਗਜ਼) ਤੱਕ ਖੋਪੜ ਪਾੜ ਕੇ ਬਾਹਰ ਕੱਢ ਦਿੱਤਾ। ਉਪਰੰਤ ਗੋਲੀਆਂ ਨਾਲ ਸਿਰ ਦੇ ਦੋ ਫਾੜ ਕਰ ਸੁੱਟੇ ਅਤੇ ਭਾਈ ਤਾਰੂ ਸਿੰਘ ਦੀ ਸ਼ਹਾਦਤ ਦੇ ਸੁਨਿਹਰੀ ਪੱਤਰਿਆਂ ਨੂੰ ਯਥਾਰਥ ਦਾ ਰੁੱਖ ਕਰਦਾ ਅਤੇ ਕਲਗੀਧਰ ਪਾਤਸ਼ਾਹ ਦਾ ਸਪੂਤ ਸ਼ਹੀਦ ਪਰੰਪਰਾ ਨੂੰ ਅੱਗੇ ਤੋਰਦਾ ਹੋਇਆ ਪੰਥ ਨੂੰ ਸਦੀਵੀਂ ਫਤਿਹ ਗਜਾ ਗਿਆ। ਚਿੱਟੇ ਦਿਨ ਸ਼ਰੇਆਮ ਮਨੁੱਖੀ ਅਧਿਕਾਰਾਂ ਨੂੰ ਛਿੱਕੇ ਟੰਗ ਕੇ ਕੀਤਾ ਗਿਆ ਕਤਲ, ਹੀਜ਼ੜੀ ਹੋ ਚੁੱਕੀ ਜੰਮੂ-ਕਸ਼ਮੀਰ ਦੀ ਸਿੱਖ ਲੀਡਰਸ਼ਿਪ ਉਧਰ ਘਰਦਿਆਂ ਨੇ ਕੇਸ ਵਾਪਸ ਲੈ ਲਿਆ। ਮਤਲਬ ਪ੍ਰਸਤੀ ਦੇ ਇਨ੍ਹਾਂ ਹਲਾਤਾਂ ਵਿਚ ਉਸ ਦੋਸਤ ਲਈ ਆਹ ਤੋਂ ਵੱਧ ਹੋਰ ਕੀ ਕਰ ਸਕਦੇ ਹਾਂ, ਇਸ ਦੋਸਤ ਦੀ ਕਦੀ ਵੀ ਨਾ ਭੁਲਾਈ ਜਾਣ ਵਾਲੀ ਸ਼ਹਾਦਤ ਤੇ ਸਮੁੱਚੀ ਕੌਮ ਨੂੰ ਹਮੇਸ਼ਾਂ ਫ਼ਖ਼ਰ ਰਹੇਗਾ, ਭਾਈ ਗਜਿੰਦਰ ਸਿੰਘ ਜੀ ਦੀ ਇਨ੍ਹਾਂ ਸੱਤਰਾਂ ਨਾਲ ਮੈਂ ਵੀਰ ਦੀ ਸ਼ਹੀਦੀ ਨੂੰ ਪ੍ਰਣਾਮ ਕਰਦਾ ਹਾਂ।

"ਤੇਰੀ ਕਿਸ ਕਿਸ ਗਲ ਨੂੰ ਭੁਲ ਜਾਵਾਂ,
ਤੇਰੀ ਕਿਸ ਕਿਸ ਗੱਲ ਨੂੰ ਯਾਦ ਕਰਾਂ,
ਇਹ ਸਿਰ ਮੇਰੇ ਤੇ ਕਰਜ਼ਾ ਹੈ,
ਮੇਰੇ ਮਿੱਤਰਾ ਦਸ ਕਿਸ ਥਾਂ ਤੇ ਧਰਾਂ।"

■■■

ਭਾਈ ਮਹਿੰਦਰ ਸਿੰਘ ਖਾਲਸਾ

ਪੰਥ ਨਾਲ ਪਿਆਰ ਤੇ ਦਰਦ ਦਾ ਰਿਸ਼ਤਾ ਰੱਖਣ ਵਾਲਿਆਂ ਦੀ ਸੋਚ ਵਿਚ ਭਾਵੇਂ ਸੇਵਾ ਕਰਨ ਦੇ ਢੰਗ ਵੱਖ-ਵੱਖ ਹੋਣ, ਪਰ ਉਨ੍ਹਾਂ ਦੀ ਸੋਚ ਦੀ ਆਖਰੀ ਮੰਜ਼ਿਲ ਕੌਮ ਦੀ ਚੜ੍ਹਦੀ ਕਲਾ ਲਈ ਸਮਰਪਿਤ ਹੋਣਾ ਹੀ ਹੁੰਦਾ ਹੈ। ਇਸੇ ਤਰ੍ਹਾਂ ਦੇ ਕੁਝ ਵੱਖਰੀ-ਵੱਖਰੀ ਸੋਚ ਦੇ ਮਾਲਕ ਸਨ, ਪਿਤਾ ਸ੍. ਭਗਤ ਸਿੰਘ (ਮਾਸਟਰ) ਦੇ ਪੁੱਤਰ ਮਹਿੰਦਰ ਸਿੰਘ ਖਾਲਸਾ (ਫੋਟੋ ਗ੍ਰਾਫਰ)।

ਮਾਸਟਰ ਭਗਤ ਸਿੰਘ ਇਕ ਨਿਸ਼ਕਾਮ ਪ੍ਰਚਾਰਕ ਵਜੋਂ ਗੁਰਮਤਿ ਚੇਤਨਾ ਲਈ ਸਰਗਰਮ ਤੇ ਵਚਨਬੱਧ ਸਨ, ਉਥੇ ਹੀ ਮਹਿੰਦਰ ਸਿੰਘ ਖਾਲਸਾ ਦੀ ਸੋਚ ਸੀ ਜਦ ਇੱਜ਼ਤ (ਪੱਗ) ਹੀ ਬਜ਼ਾਰਾਂ 'ਚ ਰੁਲ ਜਾਵੇ, ਜ਼ਾਲਮਾਂ ਦਾ ਹੱਥ ਕੇਸਾਂ-ਦਾੜੀਆਂ ਤੇ ਧੀਆਂ-ਭੈਣਾਂ ਦੀ ਆਬਰੂ ਤੇ ਆ ਪਵੇ, ਮੁਹਬੱਤ ਅਤੇ ਏਕਤਾ ਦਾ ਪੈਗਾਮ ਦੇਣ ਵਾਲੇ ਮੁਜੱਸਮੇ ਸ੍ਰੀ ਦਰਬਾਰ ਸਾਹਿਬ ਨੂੰ ਜਦ ਸਿੱਧੇ ਰੂਪ ਵਿਚ ਆਪਣੇ ਹੀ ਦੇਸ਼ ਦੀ ਫੌਜ ਵੱਲੋਂ ਜੰਗ ਦਾ ਖੇਤਰ ਬਣਾ ਦਿੱਤਾ ਜਾਵੇ ਉਸ ਵੇਲੇ ਹਥਿਆਰ ਪਹਿਲੀ ਚੁਆਇਸ (ਪਸੰਦ) ਬੰਨ ਜਾਂਦੇ ਹਨ।

"ਹਮੇਂ ਕਿਰਦਾਰ ਔਰ ਤਲਵਾਰ ਦੋਨੋ ਕੀ ਜ਼ਰੂਰਤ ਹੈ।
ਵਰਨਾ ਖੁਦ ਸੇ ਅਪਨੀ ਸੂਰਤ ਨਾ ਪਛਾਣੀ ਜਾਏਗੀ।"

ਮਹਿੰਦਰ ਸਿੰਘ ਦਾ ਜਨਮ 11 ਮਈ 1971 ਨੂੰ ਸ੍. ਭਗਤ ਸਿੰਘ ਤੇ ਮਾਤਾ ਜਸਵੰਤ ਕੌਰ ਜੀ ਦੇ ਘਰ ਨੌਸ਼ਹਿਰਾ (ਜੰਮੂ) ਵਿਚ ਹੋਇਆ, 13 ਸਾਲ ਦਾ ਮਹਿੰਦਰ ਸਿੰਘ ਆਪਣੀ ਮਾਤਾ ਜੀ ਨਾਲ ਪਿੰਡ ਦੇ ਖੇਤਾਂ ਵਿਚ ਹੱਥ ਵਟਾ ਰਿਹਾ ਸੀ। ਕਿ ਅਚਾਨਕ ਉਸਦੇ ਕੰਨੀ ਮੰਦਰ ਦੇ ਸਪੀਕਰ 'ਚੋਂ ਆਉਂਦੀਆਂ ਅਵਾਜ਼ਾਂ ਪਈਆਂ ਸਿੱਖਾਂ ਦਾ ਭਿੰਡਰਾਂਵਾਲਾ ਮਰ ਗਿਆ- ਮਰ ਗਿਆ ... ਤੋੜ ਦਿੱਤਾ ...। ਮਹਿੰਦਰ ਸਿੰਘ ਨੇ ਮਾਤਾ ਨੂੰ ਪੁੱਛਿਆ, ਮਾਤਾ ਜੀ ਇਹ ਭਿੰਡਰਾਂਵਾਲਾ ਕੌਣ ਹੈ ? ਇਹ ਮੰਦਰ ਵਾਲੇ ਖੁਸ਼ ਕਿਉਂ ਹਨ ? ਸ਼ਾਇਦ ਹਿੰਦੂ ਬਹੁ ਗਿਣਤੀ ਵਿਚ ਰਹਿਣ ਕਰਕੇ ਉਹ ਜਵਾਬ ਨਾ ਦੇ ਪਾਏ। ਪਰ ਮਹਿੰਦਰ ਸਿੰਘ, ਭਿੰਡਰਾਂਵਾਲਾ ਸਿੱਖਾਂ ਦਾ ਅਤੇ ਤੋੜ ਦੀਆਂ ..... ਦੇ ਸੱਚ ਦੇ ਰੂਬਰੋ ਹੋਇਆ ਤਾਂ ਉਸੇ ਦਿਨ ਘਰੋਂ ਜਾ ਕੇ ਉਸ ਮੰਦਰ ਨੇੜੇ, ਭਿੰਡਰਾਂਵਾਲਾ ਜਿੰਦਾਬਾਦ ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਉਮਰ ਛੋਟੀ ਹੋਣ ਦਾ ਤਕਾਜ਼ਾ ਕਰਦਿਆਂ ਵਿਗੜਦਾ ਮਾਹੌਲ ਸੰਭਾਲ ਲਿਆ ਗਿਆ। ਇਸ ਘਟਨਾ ਤੋਂ ਬਾਅਦ ਮਹਿੰਦਰ ਸਿੰਘ ਇਤਿਹਾਸ ਤੇ ਗੁਰਮਤਿ ਪੜ੍ਹਨ ਵੱਲ ਪ੍ਰੇਰਤ ਹੋ ਗਿਆ। ਬਾਰਵੀਂ ਤੱਕ ਪੜ੍ਹਾਈ ਕਰਕੇ ਆਪਣੇ ਪੈਰਾਂ ਤੇ

ਖੜੇ ਹੋਣ ਦਾ ਨਿਸ਼ਚਾ ਕਰਦਿਆਂ ਫੋਟੋ ਗਰਾਫੀ ਦਾ ਕੰਮ ਸਿੱਖਿਆ ਅਤੇ ਸਿੰਬਲ ਮੋੜ (ਜੰਮੂ) ਵਿਖੇ ਆਪਣੀ ਦੁਕਾਨ ਖੋਲ ਲਈ, ਇਸ ਵੇਲੇ ਤੱਕ ਪਰਿਵਾਰ ਨੌਸ਼ਹਿਰ ਤੋਂ ਜੰਮੂ ਗਾਡੀਗੜ੍ਹ ਆਕੇ ਵਸ ਚੁੱਕਿਆ ਸੀ। ਮਹਿੰਦਰ ਸਿੰਘ ਦੀ ਦੁਕਾਨ ਉੱਤੇ ਹਰ ਵੇਲੇ ਜਜ਼ਬਾਤੀ ਗੱਬਰੂਆਂ ਦਾ ਆਉਣ ਜਾਣਾ ਲਗਿਆ ਰਹਿੰਦਾ (ਲੇਖਕ ਦੀ ਉਦੋਂ ਹੀ ਪਹਿਚਾਣ ਹੋਈ) ਮਹਿੰਦਰ ਸਿੰਘ ਜੂਨ 84 ਨੂੰ ਰੋਸ ਵਜੋਂ ਕਾਲੇ ਕੱਪੜੇ ਪਾ ਕੇ ਬਣਾਉਂਦਾ ਅਤੇ ਜਿਆਦਾਤਰ ਉਸ ਨੂੰ ਕਾਲੇ ਕੱਪੜੇ ਪਾਉਣ ਦੀ ਆਦਤ ਹੀ ਪੈ ਗਈ, ਕਾਫੀ ਸਮਾਂ ਪਹਿਲਾਂ ਸੁਣੀ ਅਵਾਜ਼ ਢਾਹ ਦਿੱਤਾ, ਤੋੜ ਦੀਆਂ... ਦੀ ਮੁੱਖ ਦੋਸ਼ੀ ਪ੍ਰਧਾਨ ਮੰਤਰੀ ਇੰਦਰਾਗਾਂਧੀ ਦੇ ਕਤਲ ਦਿਹਾੜੇ ਨੂੰ ਹਰ ਸਾਲ "ਕੌਮੀ ਅਣਖ" ਦਿਹਾੜੇ ਵਜੋਂ ਧੂਮ-ਧਾਮ ਨਾਲ ਮਨਾਉਂਦਾ ਪਟਾਕੇ-ਫਟਾਨੇ ਮਿਠਾਈ ਵੰਡਣੀ ਆਦਿ ਜੱਦ ਤੱਕ ਉਹ ਦੁਕਾਨ ਕਰਦਾ ਰਿਹਾ ਇੰਝ ਹਰ ਸਾਲ ਹੁੰਦਾ ਸੀ।

ਇਕ ਦਿਨ ਕੁਝ ਖਾੜਕੂ ਸਿੰਘ ਮਹਿੰਦਰ ਸਿੰਘ ਕੋਲ ਹਥਿਆਰ ਰੱਖਣ ਲਈ ਛੱਡ ਗਏ, ਉਨ੍ਹਾਂ 'ਚੋਂ ਕੋਈ ਇਕ ਪੁਲਿਸ ਦਾ ਮੁਖਬਰ ਸੀ, ਜਿਸ ਦੀ ਨਿਸ਼ਾਨ ਦੇਹੀ ਤੇ ਪੰਜਾਬ ਦੀ ਬਟਾਲਾ ਪੁਲਿਸ 1993 ਨੂੰ ਮਹਿੰਦਰ ਸਿੰਘ ਨੂੰ ਦੁਕਾਨ ਤੋਂ ਚੁੱਕ ਕੇ ਲੈ ਗਈ। ਚਾਰ-ਪੰਜ ਦਿਨਾਂ ਤੱਕ ਕੁਝ ਵੀ ਬਰਾਮਦ ਨਾ ਹੋਣ ਤੇ ਮਹਿੰਦਰ ਸਿੰਘ ਨੂੰ ਅੱਧੀ ਰਾਤ ਅੱਧਮਰਿਆ ਵਰਗੀ ਹਾਲਤ ਵਿਚ ਦੁਕਾਨ ਦੇ ਬਾਹਰ ਸੁੱਟ ਕੇ ਚਲੇ ਗਏ। ਇਹ ਉਹੋ ਦੌਰ ਸੀ ਜਿਸ ਵੇਲੇ ਮਹਿੰਦਰ ਸਿੰਘ, ਖਾਲਸਾ ਬੰਨਣ ਦੀ ਪਰਕ੍ਰਿਆ ਵਿਚੋਂ ਗੁਜ਼ਰ ਰਿਹਾ ਸੀ, ਉਸ ਨੂੰ ਹੁਣ ਬੱਸ ਇੰਤਜ਼ਾਰ ਸੀ ਆਪਣੇ ਸਿਹਤਯਾਬ ਹੋਣ ਦਾ।

ਜ਼ਖ਼ਮ ਠੀਕ ਹੋਏ ਖਾਲਸਾ ਦੁਕਾਨ ਤੇ ਆਇਆ ਅਤੇ ਉਸ ਨੇ ਆਪਣੀ ਦੁਕਾਨ ਤੇ ਹਮੇਸ਼ਾ ਲਈ ਤਾਲਾ ਲਗਾ ਦਿੱਤਾ ਤੇ ਹਾਜ਼ਰੀ ਜਾ ਲਾਈ "ਖਾਲਿਸਤਾਨ ਜਿੰਦਾਬਾਦ ਫੋਰਸ" ਦੀ ਠਾਹਰ ਤੇ, ਉਥੋਂ ਹੀ ਫਿਰ ਸ਼ੁਰੂ ਹੋਇਆ ਸਫ਼ਰ ਜਿਸ ਨੂੰ ਖਾੜਕੂਵਾਦ ਵੀ ਕਹਿੰਦੇ ਹਨ। ਐਕਸ਼ਨਾਂ ਦੀ ਸ਼ੁਰੂਆਤ, ਆਰ.ਐਸ.ਪੁਰਾ ਵਿਖੇ ਇਕ ਫਿਰਕੂ ਲੰਬੜਦਾਰ, ਇਕ ਗਰੀਬ ਸਿੱਖ ਪਰਿਵਾਰ ਦੀ ਧੀ ਨੂੰ ਗੈਰ-ਵਾਜਬ ਵਡੇਰੀ ਉਮਰ ਦੇ ਬੰਦੇ ਨਾਲ ਜੱਬਰੀ ਵਿਆਹ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ, ਲੰਬੜਦਾਰ ਦਾ ਨੰਬਰ ਲਗਾਇਆ ਗਿਆ ਸਜ਼ਾ ਤੇ ਸੁੱਧਰ ਜਾਣ ਦਾ ਆਖਰੀ ਮੌਕਾ ਦੇਣ ਵਜੋਂ ਗੋਲੀ ਸਿਰ ਦੀ ਥਾਂ ਜਬੜੇ ਦੇ ਵਿਚਕਾਰੋਂ ਕੱਢ ਦਿੱਤੀ, ਹੁਣ ਪਿੰਡ ਵਾਲੇ ਵੀ ਖੁਸ਼ ਸੀ, ਕੁੜੀ ਵਾਲੇ ਵੀ, ਜਾਣ ਬੱਚ ਜਾਣ ਤੇ ਲੰਬੜ ਵੀ ਅਤੇ ਭਾਈ ਖਾਲਸਾ ਵੀ ਕਿਉਂਕਿ ਉਸਨੂੰ ਸਿੱਖ ਸੰਘਰਸ਼ ਵਿਚ ਭਾਈ ਸੁਰਜੀਤ ਸਿੰਘ ਭਾਈ ਹਰਪਾਲ ਸਿੰਘ, ਭਾਈ ਗੁਰਮੇਲ ਸਿੰਘ ਵਰਗੇ ਹਮ ਉਮਰ ਦੋਸਤ ਮਿਲ ਚੁੱਕੇ ਸਨ, ਹੁਣ ਚਾਰੇ ਦੋਸਤ ਬੇਹਤਰ ਹੋਵੇਗਾ ਚਾਰੇ ਭਰਾ ਕਹੀਏ, ਐਕਸ਼ਨਾਂ ਵਾਸਤੇ ਇਕੱਠੇ ਹੀ ਜਾਨ ਲੱਗ ਪਏ ਸਨ। ਇਕ ਵੇਰਾਂ ਇਕ ਸਮਗੱਲਰ ਨਾਲ ਹਥਿਆਰ ਖਰੀਦਣ ਲਈ ਬਿਸ਼ਨਾਹ (ਜੰਮੂ) ਵਿਖੇ ਸਮਾਂ ਨੀਯਤ ਕੀਤਾ ਗਿਆ, ਭਾਈ ਖਾਲਸਾ, ਭਾਈ ਜੱਬਲਪੁਰੀਆ ਤੇ ਭਾਈ ਡਾਕਟਰ, ਠਿਕਾਣੇ ਤੇ ਪੁੱਜੇ ਪਰ ਉਥੇ ਪਹਿਲੋਂ ਹੀ ਪੁਲਿਸ

ਸਮੱਗਲਰ ਨਾਲ ਰਲ ਕੇ ਪੁੱਜੀ ਹੋਈ ਸੀ। ਮੁਕਾਬਲਾ ਆਰੰਭ ਹੋਇਆ, ਤਿੰਨੋਂ ਸਿੰਘ ਜ਼ਖ਼ਮੀ ਹੋ ਗਏ, ਪਰ ਹਥਿਆਰਾਂ ਦੀ ਘਾਟ ਕਾਰਣ, ਮੁਕਾਬਲਾ ਕਰਦਿਆਂ ਨਿਕਲ ਗਏ, ਖਾਲਸੇ ਨੂੰ ਪੱਟ ਤੇ ਗੋਲੀ ਲੱਗੀ ਤੇ ਉਹ ਸਖ਼ਤ ਜ਼ਖ਼ਮੀ ਹੋ ਗਿਆ, ਇਕ ਹੋਰ ਮੁਕਾਬਲੇ ਵਿਚ ਭਾਈ ਗੁਰਮੇਲ ਸਿੰਘ ਤੇ ਕਮਾਂਡਰ ਭਾਈ ਭੁਪਿੰਦਰ ਸਿੰਘ ਸ਼ਹੀਦ ਹੋ ਗਏ, ਪਰ ਖਾਲਸਾ ਉਥੋਂ ਸਾਥੀਆਂ ਨਾਲ ਨਿਕਲ ਗਿਆ। ਸਮਾਂ ਆਇਆ, ਭਾਈ ਡਾਕਟਰ, ਭਾਈ ਖਾਲਸਾ, ਭਾਈ ਮਿੰਟਾ ਤੋਂ ਇਲਾਵਾ ਬਾਕੀ ਸਿੰਘ ਸਾਥੀ ਸ਼ਹੀਦ ਹੋ ਚੁੱਕੇ ਸਨ, ਕੁਝ ਵੱਖ-ਵੱਖ ਜੇਲ੍ਹਾਂ ਵਿਚ ਬੰਦ ਬੈਠੇ ਸਨ, ਸਿੰਘਾਂ ਨੇ ਜੰਮੂ ਦੇ ਇਕ ਆਗੂ ਤੋਂ ਮਦਦ ਲੀਡਰ ਤੋਂ ਮਦਦ ਦੀ ਮੰਗ ਕੀਤੀ। ਉਸ ਆਗੂ ਨੇ ਮਦਦ ਲੈਣ, ਉਥੇ ਪਹਿਲੋਂ ਤੋਂ ਪੁਲਿਸ ਦਾ ਘੇਰਾ ਸੀ, ਫਿਰ ਮੁਕਾਬਲਾ ਆਰੰਭ ਹੋਇਆ ਅਤੇ ਭਾਈ ਡਾਕਟਰ, ਭਾਈ ਖਾਲਸਾ, ਤੇ ਭਾਈ ਮਿੰਟਾ ਨੂੰ ਬਚਾਉਂਦਾ ਤੇ ਮੁਕਾਬਲਾ ਕਰਦਾ ਸ਼ਹੀਦ ਹੋ ਗਿਆ ਤੇ ਦੋਵੇਂ ਸਿੰਘ ਇਕੱਲੇ ਰਹਿ ਗਏ, ਸੰਨ 1994 ਆ ਗਿਆ, ਗਦਾਰਾਂ ਦੀ ਭੀੜ ਵੱਧ ਗਈ, ਦੋਵੇਂ ਸਿੰਘ ਜੰਮੂ ਤੋਂ ਪੰਜਾਬ ਜਾਣਾ ਚਾਹੁੰਦੇ ਸਨ, ਪਰ ਉਥੇ ਵੀ ਆਪਣੇ ਕਾਫ਼ੀ ਸਾਥੀਆਂ ਦੇ ਸ਼ਹੀਦ ਹੋਣ ਦੀ ਯਾਦਾਂ ਨੇ ਉਨ੍ਹਾਂ ਨੂੰ ਨੇਪਾਲ ਦੇਸ਼ ਜਾ ਪਹੁੰਚਾਇਆ।

ਅਚਾਨਕ ਇਕ ਖ਼ਬਰ ਨੇ ਦੋਵੇਂ ਸਿੰਘਾਂ ਨੂੰ ਕੁਝ ਰਾਹਤ ਪ੍ਰਦਾਨ ਕੀਤੀ ਮਹਾਂਰਾਸ਼ਟਰ ਦੀ ਕੋਲਾਂਪੁਰ ਜੇਲ੍ਹ 'ਚੋਂ ਕੇ.ਜੈਡ.ਐਫ ਦੇ ਉੱਘੇ ਆਗੂ ਭਾਈ ਰਣਜੀਤ ਸਿੰਘ, ਨੀਤਾ, ਸਾਥੀਆਂ ਸਣੇ ਫਰਾਰ....। ਆਪਣੇ ਆਗੂ ਨੂੰ ਮਿਲਣ ਲਈ ਦੋਵਾਂ ਨੇ ਆਪਣੀਆਂ ਠਾਹਰਾਂ ਤੇ ਸੁਨੇਹਾ ਛੱਡ ਦਿੱਤਾ ਕੁਝ ਹੀ ਸਮੇਂ ਬਾਅਦ ਮੁਲਾਕਾਤ ਹੋਈ ਤੇ ਭਾਈ ਰਣਜੀਤ ਸਿੰਘ ਭਾਈ ਮਿੰਟੇ ਨੂੰ ਨਾਲ ਲੈ ਕੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਨਿਕਲ ਪਏ ਤੇ ਭਾਈ ਖਾਲਸਾ ਨੂੰ ਕੁਝ ਸਮਾਂ ਨੇਪਾਲ ਰਹਿਣ ਦੀ ਹਦਾਇਤ ਦਿੱਤੀ। ਪਰ ਕੁਝ ਦਿਨਾਂ ਬਾਅਦ ਭਾਈ ਖਾਲਸਾ ਦਿੱਲੀ ਪੁਲਿਸ ਦੀ ਇਕ ਟੀਮ ਦੇ ਹੱਥੇ ਚੜ੍ਹ ਗਿਆ ਅਤੇ ਜੰਮੂ, ਪੰਜਾਬ, ਦਿੱਲੀ ਦੇ ਤਸੀਹੇ ਘਰਾਂ ਦੀ ਸੈਰ ਕਰਨ ਤੋਂ ਬਾਅਦ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਭਾਈ ਖਾਲਸਾ ਦੇ ਪਰਿਵਾਰ ਨੇ ਖਾਲਸੇ ਦੀ ਇਸ ਲਈ ਕੋਈ ਸਾਰ ਨਹੀਂ ਲਈ ਕਿਉਂਕਿ ਉਨ੍ਹਾਂ ਨੇ ਖਾਲਸੇ ਨੂੰ ਪੁਲਿਸ ਅੱਗੇ ਪੇਸ਼ ਹੋ ਜਾਣ ਲਈ ਮਿੰਨਤਾਂ ਕੀਤੀਆਂ ਸਨ। ਪਰਿਵਾਰ ਨੇ ਜੇਲ੍ਹ ਵਿਚ ਵੀ ਮਿਲ ਕੇ ਇਕ ਮੁਲਾਕਾਤ ਦੌਰਾਨ ਖਾਲਸੇ ਨੂੰ ਖਾੜਕੂ ਵਿਚਾਰਧਾਰਾ ਤਿਆਗਨ ਲਈ ਕਿਹਾ ਸੀ ਅਤੇ ਸੋਚਣ ਤੋਂ ਬਾਅਦ ਭਾ. ਖਾਲਸੇ ਦੀ ਚਿੱਠੀ ਦਾ ਜਵਾਬ ਸੀ "ਖਾਲਿਸਤਾਨ ਜਿੰਦਾਬਾਦ" ਭਾਈ ਖਾਲਸੇ ਦੇ ਕਈ ਮੈਗਜ਼ੀਨਾਂ ਵਿਚ ਖ਼ਤ ਛਪੇ ਜਿੰਨਾ ਵਿਚ ਉਸ ਨੇ ਪੰਥ ਨੂੰ ਕਈ ਸਵਾਲ ਕੀਤੇ, ਮੁੱਖ ਸੀ, ਜੇ ਪੰਥ ਨੇ ਖਾੜਕੂ ਸਿੰਘਾਂ, ਦੀ ਸਾਰ ਨਾ ਲਈ ਤਾਂ ਫਿਰ ਕੌਣ ਪੰਥ ਦੇ ਵਿਰੋਧੀਆਂ ਨਾਲ ਜੂਝੇਗਾ ? ਕੌਣ ਲਾਵੇਗਾ ਸਿਰ ਧੜ ਦੀ ਬਾਜੀ ? ਅੱਜ ਵੀ ਏਹ ਸਵਾਲ, ਉਥੇ ਹੀ ਖੜੇ ਜਵਾਬ ਦੀ ਉਡੀਕ ਕਰ ਰਹੇ ਹਨ। "ਜ਼ਿੰਦਗੀ ਕੀ ਰਾਹ ਮੇਂ ਥੇ, ਰਹਿਨੁਮਾ ਸੋਇ ਹੂਏ। ਹਰ ਕਦਮ ਪਰ ਕਾਫਲਾ ਲੁੱਟਤਾ ਹੂਆ ਦੇਖਾ ਗਿਆ।"।

2001 ਵਿਚ ਕਿਸੇ ਡੂੰਘੀ ਵਿਉਂਤ ਅਧੀਨ ਭਾਈ ਖਾਲਸੇ ਨੂੰ ਦਿੱਲੀ ਤਿਹਾੜ ਜੇਲ 'ਚੋਂ ਕੱਢ ਕੇ ਲਾਪਤਾ ਕਰ ਦਿੱਤਾ ਗਿਆ, ਉਨ੍ਹਾਂ ਦਿਨਾਂ ਵਿਚ ਕੇ.ਜੇਡ.ਐਫ, ਦਾ ਦੇਸ਼ ਭਰ ਵਿਚ ਖ਼ਤਰਨਾਕ ਐਲਾਨਿਆ ਖਾੜਕੂ ਮਨਜੀਤ ਸਿੰਘ ਕਾਲਾ, ਉਰਫ 'ਗੌਰ ਮਸੀਹ', ਜੋ ਈਸਾਈਆਂ 'ਚੋਂ ਸਿੰਘ ਸਜਿਆ ਹੋਇਆ ਸੀ, ਇਕ ਮੁਕਾਬਲੇ ਵਿਚ ਜੂਝ ਰਿਹਾ ਸੀ, ਤੇ ਗੋਲੀਆਂ ਮੁਕ ਜਾਣ ਤੇ ਉਸ ਨੇ ਆਖਰੀ ਗੋਲੀ ਆਪਣੇ ਸਿਰ ਤੇ ਮਾਰ ਕੇ ਸ਼ਹੀਦੀ ਦੇ ਦਿੱਤੀ, ਪਰ ਜੀਉਂਦਾ ਹੱਥ ਨਾ ਆਇਆ, ਅਖ਼ਬਾਰਾਂ ਵਿਚ ਖ਼ਬਰ ਸੀ, ਭਾਈ ਮਨਜੀਤ ਸਿੰਘ ਨਾਲ ਭਾਈ ਖਾਲਸਾ ਤੇ ਦੋ ਕਸ਼ਮੀਰੀ-ਸ਼ਾਇਦ ਪਾਕਿਸਤਾਨੀ ਵੀ ਹਲਾਕ ਹੋ ਗਏ, ਨਵਾਂ ਸ਼ਹਿਰ ਪਿੰਡ ਦਿਬਲੈੜ (ਜੰਮੂ) ਦਾ ਇਹ ਮੁਕਾਬਲਾ ਜਿਸ ਦੀ ਹਕੀਕਤ ਹਰ ਕੋਈ ਨਹੀਂ ਸੀ ਜਾਣਦਾ, ਭਾਈ ਖਾਲਸੇ ਨੂੰ ਜੀਪ 'ਚੋਂ ਕੱਢ ਕੇ ਗੋਲੀਆਂ ਮਾਰਦਿਆਂ ਨੂੰ ਕਈ ਪਿੰਡ ਵਾਲਿਆਂ ਅਤੇ ਇਕ ਰਿਟਾਇਰ ਡੀ.ਐਸ.ਪੀ. ਨੇ ਵੀ ਵੇਖਿਆ ਸੀ, ਸਿੰਘਾਂ ਦੀ ਲਾਸ਼ਾਂ ਪਰਿਵਾਰ ਦੇ ਸਪੁਰਦ ਨਾ ਕੀਤੀਆਂ ਗਈਆਂ ਕੇਸ ਰਾਜਨੀਤਕ ਦਬਾਅ ਹੇਠਾਂ ਕੀਤੇ ਗਏ ਝੂਠੇ ਪੁਲਿਸ ਮੁਕਾਬਲੇ ਦਾ ਰੂਪ ਧਾਰਨ ਕਰਨ ਲੱਗਾ ਤਾਂ ਪੁਲਿਸ ਨੇ ਸਾਫ਼ ਸ਼ਬਦਾਂ ਵਿਚ ਅਖ਼ਬਾਰਾਂ ਦੀ ਖ਼ਬਰ ਨੂੰ ਨਕਾਰਦਿਆਂ ਹੋਇਆਂ ਖਾਲਸੇ ਦੀ ਮੌਤ ਤੋਂ ਹੀ ਇਨਕਾਰ ਕਰ ਦਿੱਤਾ। ਖਾਲਸੇ ਦਾ ਭਰਾ ਪੁਲਿਸ ਵਿਚ ਇੰਸਪੈਕਟਰ ਹੈ ਪਰ ਉਹ ਵੀ ਕੁਝ ਨਹੀਂ ਕਰ ਸਕਦਾ ਕਿਉਂਕਿ ਕਾਤਲ ਤੇ ਕਾਤਲਾਂ ਦੇ ਅਕਾਵਾਂ ਦੀ ਪਹੁੰਚ ਦੂਰ ਤੱਕ ਹੈ। ਜਦੋਂ ਹਕੀਕਤ ਸਾਹਮਣੇ ਆਵੇਗੀ ਕਈ ਵੱਡੀਆਂ ਸਨਸਨੀਖੇਜ਼ ਖ਼ਬਰਾਂ ਦਾ ਪਰਦਾਫਾਸ਼ ਹੋਵੇਗਾ। ਸ਼ਾਇਦ ਜਲਦੀ ਹੋ ਜਾਵੇ।

ਆਖਰ ਪਿਉਂ-ਪੁੱਤਰਾਂ ਵਿਚ ਆਖਰੀ ਸਮੇਂ ਤੱਕ ਇਕ ਵੱਡਾ ਫਾਸਲਾ ਬਣਿਆ ਰਿਹਾ। ਫਿਰ ਇਕ ਵਾਰੀ ਅਫਸੋਸ ਕਿ ਇਸ ਕੌਮ ਵਿਚ ਕੋਈ ਵੀ ਅਜਿਹੀਆਂ ਲਾਵਰਸ ਲਾਸ਼ਾਂ ਦਾ ਵਾਰਸ (ਕੌਮੀ ਆਗੂ) ਪੈਦਾ ਨਾ ਹੋਇਆ-ਪੈਦਾ ਨਾ ਹੋਇਆ।

■■■

ਰਣਜੀਤ ਸਿੰਘ ਬੱਬਲੀ

ਘੱਟ ਗਿਣਤੀਆਂ ਨਾਲ ਇਸ ਦੇਸ਼ ਵਿਚ ਜੋ ਕੁੱਝ ਹੁੰਦਾ ਰਿਹਾ ਹੈ ਅਤੇ ਹੋ ਰਿਹਾ ਉਸਦਾ ਸੇਕ ਭਾਰਤ ਵਿਚ ਰਹਿੰਦੇ ਹਰ ਸਿੱਖ ਤੱਕ ਪੁੱਜਿਆ ਹੈ, ਕਿਧਰੇ ਘੱਟ-ਕਿਧਰੇ ਵੱਧ, ਇਹ ਭਾਵੇਂ ਇਕਵੀਂ ਸਦੀ ਹੈ, ਅਠਾਰਵੀਂ ਸਦੀ ਵਿਚ ਵੀ ਸਿੱਖਾਂ ਨਾਲ ਅਜਿਹੇ ਵਤੀਰੇ ਹੁੰਦੇ ਰਹੇ, ਕਿਤੇ ਕਿਕਰਾਂ ਨਾਲ ਉਨ੍ਹਾਂ ਦੇ ਸਿਰ ਟੰਗੇ ਮਿਲਦੇ ਸਨ, ਕਿਤੇ ਰੱਸੀਆਂ ਤੇ ਸੁਕਾਨ ਲਈ ਪਈਆਂ ਖਲ੍ਹਾਂ, ਸਿਰਾਂ ਦੇ ਮੁੱਲ, ਬੱਚਿਆਂ ਦੇ ਸਰੀਰਾਂ ਦੇ ਟੁਕੜਿਆਂ ਦੇ ਹਾਰ, ਮਾਵਾਂ ਦੇ ਗੱਲਾਂ 'ਚ, ਲੱਥਦੀਆਂ ਖੋਪੜੀਆਂ, ਬੰਦ-ਬੰਦ ਕਟੇ ਜਾਂਦੇ, ਆਰੀਆਂ-ਦੇਗਾਂ-ਤਵੀਆਂ ...। ਜ਼ਿੰਦਾ ਕੌਮਾਂ ਨੂੰ ਇਨ੍ਹਾਂ ਨਜ਼ਾਰਿਆਂ ਨਾਲ ਦੋ-ਚਾਰ ਹੋਣ ਤੋਂ ਬਾਅਦ ਹੀ ਚੜ੍ਹਦੀ ਕਲਾ ਦਾ ਜੀਵਨ ਪ੍ਰਾਪਤ ਹੁੰਦਾ ਹੈ। 25 ਸਾਲਾ ਨੌਜਵਾਨ ਰਣਜੀਤ ਸਿੰਘ ਬੱਬਲੀ, ਜਿਸ ਤੇ ਇਲਜ਼ਾਮ ਸੀ ਕਿ ਉਸ ਦੇ ਕੁਝ ਨੌਜਵਾਨ ਦੋਸਤ ਸਰਕਾਰ ਦੀ ਨਜ਼ਰ ਵਿਚ ਅੱਤਵਾਦੀ ਹਨ, ਉਹ ਕਿਵੇਂ ਬਣੇ ? ਕਿਉਂ ਬਣੇ? ਇਸ ਸੁਆਲ ਦਾ ਜਵਾਬ ਸ਼ਾਇਦ ਇਸ ਛੋਟੀ ਜਿਹੀ ਸੱਚੀ ਘਟਨਾ ਤੋਂ ਮਿਲ ਸਕੇ।

ਪਪੀ ਜਿਹੜਾ ਕਿ ਬੱਬਲੀ ਦਾ ਦੋਸਤ ਸੀ, ਜਿਸ ਨੂੰ ਇਕ ਚੋਰੀ ਦੇ ਝੂਠੇ ਕੇਸ ਵਿਚ ਇਕ ਏ-ਐਸ ਆਈ ਨੇ ਮੂੰਹ ਕਾਲਾ ਕਰ ਕੇ ਬਜ਼ਾਰਾਂ 'ਚ ਫੇਰ ਕੇ ਬੜਾ ਜਲੀਲ ਕੀਤਾ ਸੀ। ਪੱਪੀ ਨੇ ਜੇਲ੍ਹ 'ਚੋਂ ਬਾਹਰ ਆ ਕੇ ਉਸ ਆਫ਼ਿਸਰ ਨੂੰ ਉਸ ਦੇ ਕਰਮਾਂ ਦੀ ਸਜ਼ਾ ਦੇ ਦਿੱਤੀ, ਜਿਸ ਵਿਚ ਬੱਬਲੀ ਵੀ ਸ਼ਾਮਿਲ ਸੀ, ਅਤੇ ਉਸ ਨੇ ਇਸ ਸਿਲਸਿਲੇ ਵਿਚ ਦੋ ਸਾਲ ਤੱਕ ਜੇਲ੍ਹ ਵੀ ਕੱਟੀ ਹੋਈ ਸੀ, ਐਸ ਆਈ. ਮਾਰਿਆ ਨਹੀਂ ਬੱਲ ਕਿ ਹੱਥਾਂ-ਪੈਰਾਂ ਤੋਂ ਬੇਕਾਰ ਕੀਤਾ ਸੀ। ਹੁਣ ਬੱਬਲੀ ਆਮ ਨਾਗਰਿਕ ਵਾਂਗ ਗੱਡੀ ਚਲਾ ਕੇ ਆਪਣੇ ਪਰਿਵਾਰ ਨਾਲ ਜੀਵਨ ਬਸਰ ਕਰ ਰਿਹਾ ਸੀ ਅਤੇ ਬੱਬਲੀ ਬੁੱਢੇ ਮਾਂ-ਬਾਪ ਦਾ ਸਹਾਰਾ ਸੀ।

ਪਰ ਪੁਲਿਸ ਨੇ ਆਪਣੇ ਖਾਤੇ 'ਚ ਗਿਣਤੀ ਵਧਾਉਣ ਲਈ ਇਸ ਨੂੰ ਵੀ ਅਤਵਾਦੀ ਕਹਿ ਕੇ ਝੂਠੇ ਮੁਕਾਬਲੇ ਦੀ ਭੇਟ ਚਾੜ ਦਿੱਤਾ। ਇਹ ਕਾਲਾ ਦਿਨ 17 ਮਾਰਚ 1993 ਦਾ ਸੀ, ਦੂਜੇ ਦਿਨ ਅਖ਼ਬਾਰਾਂ 'ਚ ਇਕ ਖੁੰਖਾਰ, ਪੱਪੀ ਗਰੁੱਪ, ਪੱਪੀ ਦਾ ਸਜ਼ਾ ਹੱਥ, ਅੱਤਵਾਦੀ ਬੱਬਲੀ, ਹਲਾਕ ਵਰਗੀਆਂ ਖ਼ਬਰਾਂ ਨਾਲ ਅਖ਼ਬਾਰਾਂ ਭਰੀਆਂ ਹੋਈਆਂ ਸਨ। ਪਰ ਸੱਚ ਤੋਂ ਕੋਹਾਂ ਦੂਰ ਜਦੋਂ ਮੈਨੂੰ ਬੱਬਲੀ ਦੀ ਮਾਤਾ, ਆਗਿਆ ਕੌਰ ਤੇ ਪਿਤਾ ਰਘੁਬੀਰ ਸਿੰਘ ਨੂੰ ਮਿਲਣ ਦਾ ਮੌਕਾ ਮਿਲਿਆ ਤਾਂ ਉਹ ਕੋਈ ਵੀ ਗੱਲ ਕਰਨ ਨੂੰ ਤਿਆਰ ਨਹੀਂ ਸਨ, ਮੈਂ

ਵੀ ਜਿੱਦ ਬੰਨ ਲਈ ਕਿ ਸੁਣੇ ਬਗੈਰ ਉੱਠਣਾ ਨਹੀਂ, ਮਾਤਾ ਜੀ, ਮੈਂ ਇੱਥੇ ਹੀ ਰਹਿੰਦਾ ਹਾਂ, ਬੱਬਲੀ ਵੀਰ ਦੇ ਸੰਸਕਾਰ ਵੇਲੇ ਵੀ ਇੱਥੇ ਤੁਹਾਡੇ ਘਰ ਹੀ ਸੀ ....। ਹੰਝੂਆਂ ਦੇ ਹੜ੍ਹ ਵਿਚ ਰੁੜ੍ਹਦੇ ਹੋਏ ਉਨ੍ਹਾਂ ਦੱਸਿਆ ਕਿ ਉਨ੍ਹਾਂ ਕੇ "ਚਾਰ ਬੱਚਿਆਂ 'ਚੋਂ ਤਿੰਨ ਬੱਚੇ, ਇਕ ਡਾਕਟਰ ਇਕ ਫੌਜੀ ਇਕ ਬੱਬਲੀ ਤਿੰਨੇ ਅਕਾਲ ਚਲਾਣਾ ਕਰ ਚੁੱਕੇ ਹਨ, ਅਤੇ ਚੌਥਾ ਆਪਣਾ ਪਰਿਵਾਰ ਲੈ ਕੇ ਕਿਨਾਰਾ ਕਰ ਗਿਆ ਹੈ, ਇਕੱਲੇ ਦੋਵੇਂ ਬਜ਼ੁਰਗ ਕੱਚੇ ਜਿਹੇ ਮਕਾਨ 'ਚ ਬੈਠੇ ਕਹਿੰਦੇ ਹਨ। ਕੌਮ ਵਰਗੀ ਕੋਈ ਚੀਜ਼ ਨਹੀਂ ਹੁੰਦੀ, ਕੁੱਝ ਗੁੰਡੇ (ਲੀਡਰ) ਹੁੰਦੇ ਹਨ, ਬਾਕੀ ਉਨ੍ਹਾਂ ਪਿੱਛੇ ਲੱਗ ਕੇ ਤੁਰਨ ਵਾਲੇ ਬੇਵਕੂਫ ਲੋਗ ....। (ਸ਼ਾਇਦ)

ਲੇਖਕ : ਬਾਪੂ ਜੀ ਤੁਹਾਨੂੰ ਪਤਾ ਹੈ ਕਿ ਬੱਬਲੀ ਨੂੰ ਮਰਵਾਉਣ ਵਾਲੇ ਮੁਖਬਰ ਨੂੰ ਖਾੜਕੂਆਂ ਨੇ ਮਾਰ ਦਿੱਤਾ ਹੈ, ਬਜ਼ੁਰਗ : ਪਰ ਮੈਂ ਇਸ ਤੋਂ ਵੱਧ ਕੁਝ ਨਹੀਂ ਕਹਿ ਸਕਦਾ, ਜਾ ਕੇ ਪੁੱਛੋਂ ਬੱਬਲੀ ਨੂੰ ਜਾਂ ਉਸ ਪੁਲਿਸ ਵਾਲੇ ਨੂੰ ਜਿੰਨੇ ਉਸ ਨੂੰ ਮਾਰਿਆ ਹੈ, ਜੇ ਪਤਾ ਲੱਗਿਆ ਕੁੱਝ ਤਾਂ ਸਾਨੂੰ ਵੀ ਦੱਸ ਜਾਇਉ, ਸਾਡਾ ਕਸੂਰ ਕੀ ਸੀ ... ਹੁਣ ਤੂੰ ਦੱਸ ਸਰਕਾਰ ਕੁਝ ਦੇਵੇਗੀ, ਸੁਣਿਆ ਹੈ, ਸਰਕਾਰ ਮੁਆਵਜੇ ਦੇ ਰਹੀ ਹੈ .... ਮੇਰਾ ਜਵਾਬ ਸੀ, ਮਾਤਾ ਜੀ ਸਿੱਖ ਲਈ ਨਾ ਕੋਈ ਸਰਕਾਰ ਹੈ, ਨਾ ਦੇਸ਼, ਨਾ ਕਾਨੂੰਨ, ਨਾ ਮੁਆਵਜਾ, ਜੋ ਕੁਝ ਹੈ ਤਾਂ ਬਸ ਗੁਲਾਮੀ ....।

ਬਿਨਾਂ ਵਜਾ ਤੋਂ ਨਹੀਂ ਹੈ ਚਮਨ ਕੀ ਤਬਾਹੀਆਂ,
ਕੁਛ ਬਾਗਵਾਂ ਹੈਂ, ਬਰਕੋ ਸ਼ਰਰ ਸੇ ਮਿਲੇ ਹੂਏ।

■■■

ਪੁਲਿਸ ਹਿਰਾਸਤੀ ਕਤਲ ਸ੍ਰ. ਗੁਰਬਚਨ ਸਿੰਘ (ਡੀ.ਸੀ.)

ਜੂਨ 1984 ਤੋਂ ਬਾਅਦ ਸਿੱਖ ਸੰਘਰਸ਼ ਵਿਚ ਇਕ ਮੁਕਾਮ ਅਜਿਹਾ ਵੀ ਆਇਆ ਜਦੋਂ ਕਿ ਸੰਘਰਸ਼, ਲੋਕ, ਬਨਾਮ ਸਰਕਾਰ ਪੁਲਿਸ ਹੋ ਗਿਆ, ਇਸ ਲੋਕ ਲਹਿਰ ਨੂੰ ਤੋੜਨ ਲਈ ਬੇਇਤਿਹਾਂ ਜ਼ੁਲਮ ਗੁਜ਼ਾਰੇ ਗਏ, ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣ ਚੁੱਕਿਆ ਸੀ, ਕੁਝ ਵੀ ਕਰੋਂ, ਕੋਈ ਵੀ ਜ਼ੁਲਮ ਢਾਹੋ, ਸਿੱਖਾਂ ਦੀ ਕੋਈ ਸੁਣਵਾਈ ਨਹੀਂ ਸੀ, ਕਿਸੇ ਅਦਾਲਤ ਕਿਸੇ ਕਚਿਹਰੀ ਵਿਚ ਕਿਸੇ ਇਨਸਾਫ ਦੀ ਕੋਈ ਵੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ, ਕੀ ਇਸੇ ਦਾ ਨਾਂ ਭਾਰਤੀ ਲੋਕਤੰਤਰ ਹੈ ?

ਗੱਲ ਜੰਮੂ 25 ਜਨਵਰੀ 1993 ਦੀ ਹੈ, ਲਿੰਕ ਰੋਡ ਸਿੰਬਲ ਕੈਂਪ. ਆਰ.ਐਸ.ਪੁਰਾ ਬਾਰਡਰ ਦੀ ਮੁੱਖ ਸੜਕ ਉੱਤੇ ਭਾਰੀ ਜਾਮ ਲੱਗਾ ਹੋਇਆ ਸੀ, ਬੇਹਿਸਾਬ ਸਿੱਖ ਬੀਬੀਆਂ, ਬੱਚੇ, ਬਜ਼ੁਰਗ, ਨੌਜਵਾਨ ਇਕੱਠੇ ਹੋਏ ਪਏ ਸਨ ਸਰਕਾਰ ਤੇ ਪੁਲਿਸ ਹਾਏ-ਹਾਏ ਦੇ ਨਾਹਰੇ ਗੂੰਜ ਰਹੇ ਸਨ। ਪੁਲਿਸ ਵੱਲੋਂ ਛੱਡੇ ਜਾ ਰਹੇ ਟੀਅਰ ਗੈਸ ਦੇ ਸੈਲਾਂ ਦਾ ਜਵਾਬ ਭੀੜ ਵਿਚ ਸ਼ਾਮਿਲ ਨੌਜਵਾਨ ਇੱਟਾਂ ਪੱਥਰਾਂ ਨਾਲ ਦਿੰਦੇ ਹੋਏ, ਹੱਥਾਂ ਵਿਚ ਕਿਰਪਾਨਾਂ ਲਹਿਰਾਂ ਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਦੇ ਰਹੇ ਸਨ। ਪੁਲਿਸ ਵੱਲੋਂ ਗੋਲੀ ਚਲਾਉਣ ਦੀ ਸੂਰਤ 'ਚ ਬੁਕੱਲਾਂ ਮਾਰ ਹੱਥਾਂ ਵਿਚ ਅੱਗ ਉੱਗਲਦੇ ਹਥਿਆਰ ਲੈ ਕੇ ਜਵਾਬ ਦੇਣ ਲਈ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਦੇ ਨੌਜਵਾਨ ਖਾੜਕੂ ਵੀ ਵਿਚਰ ਰਹੇ ਸਨ, ਖਾੜਕੂਆਂ ਨਾਲ ਪ੍ਰਚੰਡ ਲੋਕ ਲਹਿਰ ਉੱਠਦੀ ਦੇਖ ਕੇ ਸਰਕਾਰ ਕੰਬ ਚੁੱਕੀ ਸੀ, ਅਤੇ ਉਸ ਨੇ ਫੋਰਨ ਸਾਰੀਆਂ ਮੰਗਾਂ ਬਿਨਾਂ ਕਿਸੇ ਢਿੱਲ ਤੋਂ ਮੰਨਦਿਆਂ ਸੜਕ ਤੇ ਪਈ ਲਾਸ਼ ਨੂੰ ਚੁੱਕਣ ਦੀ ਅਰਜ਼ ਕੀਤੀ, ਕਤਲ ਦੇ ਦੋਸ਼ੀ ਡੀ.ਐਸ.ਪੀ. ਸੈਣੀ ਨੂੰ ਸਜ਼ਾ (ਦਿਖਾਵੇ ਮਾਤਰ) ਮਿਰਤਕ ਦੇ ਬੱਚੇ ਨੂੰ ਨੌਕਰੀ, ਲਿੰਕ ਰੋਡ ਦਾ ਨਾਮ ਡੀ.ਸੀ. ਚੌਂਕ ਰੱਖਣਾ, ਮੰਨ ਕੇ ਮੋਰਚਾ ਕਈ ਦਿਨਾਂ ਬਾਅਦ ਸਮਾਪਤ ਹੋਇਆ।

ਇਹ ਜੰਮੂ ਦੇ ਸਿੱਖਾਂ ਦੀ ਪਹਿਲੀ ਸਮੂਹਿਕ ਜਿਤ ਸੀ, ਜਿਸਦਾ ਸੂਤਰਧਾਰ 45 ਵਰ੍ਹਿਆਂ ਦਾ ਪੀ.ਡਬਲੀਊ.ਡੀ ਮਹਿਕਮੇ ਦਾ ਇਕ ਮੁਲਾਜ਼ਮ ਗੁਰਬਚਣ ਸਿੰਘ ਡੀ.ਸੀ. ਆਪਣੀ ਜਾਣ ਦੇ ਕੇ ਬਣਿਆ ਉਸ ਨੂੰ ਸ਼ੱਕ ਦੇ ਆਧਾਰ ਉੱਤੇ ਆਰ.ਐਸ.ਪੁਰਾ ਪੁਲਿਸ ਨੇ ਗ੍ਰਿਫਤਾਰ ਕਰਕੇ ਤੀਜੇ ਦਰਜੇ ਦਾ ਤਸ਼ੱਦਦ ਕਰਦਿਆਂ ਉਸਤੋਂ "ਖਾਲਿਸਤਾਨੀ ਸਿੰਘਾਂ" ਬਾਰੇ ਜਾਣਕਾਰੀ ਹਾਸਿਲ ਕਰਨੀ ਚਾਹੀ, ਜੇ ਕੁੱਝ ਜਾਣਦਾ ਹੋਵੇ ਤਾਂ ਬੋਲੇ, ਅਨਜਾਣ ਬੰਦੇ ਨੂੰ ਜਾਣਕਾਰ ਬਣਾਉਣ ਲਈ ਗਰਮ ਪ੍ਰੈਸਾਂ, ਘੋਟਣੇ, ਚੱਡੇ ਪਾੜਨੇ ...। ਸ਼ਰਾਬ ਦੇ ਨਸ਼ੇ ਵਿਚ ਪਾਗਲਾਂ ਵਾਂਗ ਇਸ ਬੇਗੁਨਾਹ, ਸਰਕਾਰੀ ਮੁਲਾਜ਼ਮ ਨੂੰ ਆਖਿਰ,

ਪੁਲਿਸ ਨੇ ਆਪਣੀ ਹੈਵਾਨੀਅਤ ਅਤੇ ਆਤੰਕ ਦਾ ਸ਼ਿਕਾਰ ਬਣਾ ਦਿੱਤਾ, ਇਹ ਤੋਹਫਾ ਸਿੱਖਾਂ ਨੂੰ ਕੁਰਬਾਨੀਆਂ ਦੇ ਕੇ ਅਜ਼ਾਦ ਕਰਵਾਏ ਗਏ ਹਿੰਦੁਸਤਾਨ ਦੀ ਗਣਤੰਤਰ ਦਿਵਸ 26 ਜਨਵਰੀ ਨੂੰ ਭੇਂਟ ਕੀਤਾ ਗਿਆ ਅਤੇ ਸਿੱਖਾਂ ਨੂੰ ਅਹਿਸਾਸ ਕਰਵਾਇਆ ਗਿਆ ਕਿ ਤੁਸੀਂ ਪੰਜਾਬ 'ਚ ਹੋਵੋਂ, ਭਾਵੇਂ, ਯੂ.ਪੀ., ਕਾਨਪੁਰ, ਦਿੱਲੀ ਜਾਂ ਜੰਮੂ ਵਿਚ ਹੋਂ ਤਾਂ ਤੁਸੀਂ ਭਾਰਤ ਦੇ ਗੁਲਾਮ ਸ਼ਹਿਰੀ, ਪਰ ਸਿੱਖਾਂ ਦਾ ਇਕ ਵੱਡਾ ਹਿੱਸਾ, ਇਸ ਦੇਸ਼ ਵਿਚ ਅਜਿਹੀ ਦੁਰਗਤੀ ਦੀ ਉਮੀਦ ਕਦੀ ਵੀ ਨਹੀਂ ਸੀ ਰੱਖਦਾ।

ਵਕਤ ਬਦਲ ਗਏ ਨੇ, ਢੰਗ ਬਦਲ ਗਏ ਨੇ।
ਨਾਂਦਰਾਂ ਦੇ ਚਿਹਰੇ ਮੋਹਰੇ, ਰੰਗ ਬਦਲ ਗਏ।

■■■

ਵੀਰ ਚਰਨਜੀਤ ਸਿੰਘ ਅਜ਼ਾਦ ਤੇ ਵੀਰ ਰਾਜਿੰਦਰ ਸਿੰਘ

ਇਕ ਮਾਂ ਜਿਸਦੇ ਦੋ ਪੁੱਤਰ ਖਾਕੀ ਵਰਦੀ ਨੇ ਪੰਜਿਆਂ ਵਿਚ ਦਬੋਚੇ ਹੋਣ, ਇਕ ਜੇਲ੍ਹ, ਇਕ ਥਾਣੇ, ਜਿਸ ਦਾ ਪਤੀ ਕਈ ਵਾਰ ਪੁਲਿਸ ਵੱਲੋਂ ਮਾਨਸਿਕ ਤਸੀਹੇ ਝੱਲਦਾ ਹੋਇਆ ਅਕਾਲ ਚਲਾਣਾ ਕਰ ਚੁੱਕਿਆ ਹੋਵੇ, ਪੁਲਿਸ ਰੋਜ਼ ਘਰ 'ਚ ਦਹਿਸ਼ਤ ਮਚਾਉਣ ਆਉਂਦੀ ਹੋਵੇ, ਅਤੇ ਡਾਕਟਰ ਉਸ ਮਾਂ ਨੂੰ ਵੀ ਉਸਦੀ ਆਪਣੀ ਜ਼ਿੰਦਗੀ ਦੇ ਲੰਮੇਰੇ ਦਿਨਾਂ ਲਈ ਆਈ.ਐਮ.ਸਾਰੀ ਕਹਿ ਚੁੱਕਿਆ ਹੋਵੇ, ਉਸ ਦੇ ਮਰਹੂਮ ਪਤੀ ਸ੍ਰ. ਹਰਦਿੱਤ ਸਿੰਘ ਦੀ ਬਰਸੀ ਦਾ ਪਾਠ ਰਖਾਨਾ ਹੋਵੇ, ਭਲਾ ਉਸਦਾ ਤੀਜਾ ਪੁੱਤਰ ਜਿਹੜਾ ਬਾਹਰ ਹੈ, ਉਹ ਕੀ ਕਰੇ ?

ਇਮਾਨ ਕਹਿੰਦਾ ਹੈ, ਮਾਂ ਦੀ ਸੇਵਾ ਕਰੇ, ਮਾਂ ਕਹਿੰਦੀ ਹੈ, ਪਿਉ ਦੀ ਬਰਸੀ ਮਨਾਏ, ਇਨਸਾਫ਼ ਕਹਿੰਦਾ ਹੈ, ਭਰਾਵਾਂ-ਭੈਣਾਂ (ਦੋ ਆਪਣੇ ਭਰਾ ਦੋ ਭੂਆ ਜੀ ਦੀ ਬੇਟੀਆਂ) ਰਵਿੰਦਰ ਕੌਰ ਜੋ ਉਸ ਵੇਲੇ ਗੁਰਦਾਸਪੁਰ ਜੇਲ੍ਹ 'ਚ ਮਨੁੱਖੀ ਬੰਬ ਦੱਸਕੇ ਬੰਦ ਕੀਤੀ ਹੋਈ ਸੀ। ਦੂਜੀ ਤਿਹਾੜ ਜੇਲ ਦਿੱਲੀ ਸਿੰਘਾਂ ਦੇ ਸਹਿਯੋਗੀ ਵਜੋਂ ਦੋਸ਼ ਤਹਿਤ ਬੰਦ ਸੀ ਨੂੰ ਮਦਦ ਦੇ ਕੇ ਰਿਹਾਅ ਕਰਾਏ ਅਤੇ ਭਾਰਤੀ ਪੁਲਿਸ ਕਹਿੰਦੀ ਹੈ, ਸਿਰਫ ਮੁੱਖਬਰੀ ਕਰੇ, ਜੇ ਨਹੀਂ ਤਾਂ ਫਿਰ ਆਪਣੇ ਸੰਸਕਾਰ ਤੇ ਦਸਵੇਂ ਲਈ ਤਿਆਰ ਰਹੇ, ਕਾਸ਼ ਅਸੀਂ ਉਸਦਾ ਸੰਸਕਾਰ ਤੇ ਦਸਵਾਂ ਕਰਵਾ ਸਕਦੇ, ਵੀਰ ਦੀ ਤਾਂ ਨਾਂ ਲੋਥ ਮਿਲੀ ਨਾ ਮਰਨ ਦੀ ਖ਼ਬਰ, ਨਾ ਹੀ ਰਾਖ, ਨਾ ਹੀ ਨਿਸ਼ਾਨੀ। ਮਾਂ ਨੂੰ ਝੂਠੀਆਂ ਤਸੱਲੀਆਂ ਦਿੰਦੇ ਬੱਚੇ, ਉਸਦੇ ਜ਼ਿੰਦਗੀ ਦੇ ਦਿਨਾਂ ਦੀ ਗਿਣਤੀ ਵਧਾਉਣ ਲਈ ਕੋਸ਼ਿਸ਼ ਕਰਦੇ ਰਹਿੰਦੇ, ਮਾਤਾ ਜੀ, ਨੂੰ ਆਖਦੇ ਵੀਰਾ ਠੀਕ ਹੈ, ਨੇਪਾਲ ਹੈ, ਕੁਝ ਮਜਬੂਰੀ ਹੈ, ਪੁਲਿਸ ਤੰਗ ਕਰਦੀ ਹੈ, ਕਦੀ ਵੀਰ ਬਾਹਰ ਚਲਾ ਗਿਆ ਹੈ ਆਦਿ-ਆਦਿ ਝੂਠ ਮਾਰਨਾ ਪੈਂਦਾ।

ਅਜਿਹੇ ਮਾਮਲਿਆਂ ਵਿਚ ਮਤਾਵਾਂ ਅਕਸਰ ਮੋਹ ਦੀ ਗ੍ਰਿਫ਼ਤ 'ਚ ਕੈਦ ਹੋਈਆਂ, ਬੇਵਕੂਫ ਬਣ ਜਾਂਦੀਆਂ ਹਨ, ਜਾਂ ਪੁੱਤਾਂ ਦੇ ਮੋਹ 'ਚ ਹਮੇਸ਼ਾਂ ਬੇਵਕੂਫ ਬਣਨ ਲਈ ਤਿਆਰ ਰਹਿੰਦੀਆਂ ਹਨ, ਪਰ ਸਾਡੇ ਪੂਰੇ ਪਰਿਵਾਰ ਨੂੰ ਮੌਤ ਦੇ ਮੰਜੇ ਉੱਤੇ ਲੇਟੀ ਮਾਂ ਨਾਲ ਇਕ ਤੋਂ ਇਕ ਵੱਡੇ ਝੂਠ ਬੋਲਣ ਦਾ ਪੂਰਾ-ਪੂਰਾ ਦੁੱਖ ਹੈ, ਕਦੀ ਇਹ ਸੋਚ ਕੇ ਮਨ ਨੂੰ ਸਹਾਰਾ ਦਿੰਦੇ ਹਾਂ, ਕਿ ਅਸੀਂ ਝੂਠ ਕਿਸੇ ਮਾੜੀ ਨੀਅਤ ਨਾਲ ਨਹੀਂ ਸੀ ਬੋਲਿਆ, ਚੱਲੋ ਖ਼ੈਰ, ਅਸੀਂ ਤਾਂ ਭਾਵੇਂ ਪੁਲਿਸ ਦੀ ਨਜ਼ਰਾਂ ਵਿਚ ਗੁਨਾਹਗਾਰ ਸਹੀ, ਚਰਨਜੀਤ ਸਿੰਘ ਵੀਰ ਤਾਂ ਮਾਂਪਿਆ ਦਾ ਸਾਊ ਪੁੱਤਰ ਸੀ ਪਰ ਉਸਨੂੰ ਕਿਉਂ ਕੋਹਿਆ ਗਿਆ ? ਵੀਰ

ਚਰਨਜੀਤ ਸਿੰਘ ਪਿਤਾ ਜੀ ਦੇ ਪਾਠ ਲਈ ਪਾਠੀ ਸਿੰਘਾਂ ਨੂੰ ਮਿਲਨ ਤੇ ਮੱਥਾਂ ਟੇਕਣ ਲਈ, ਗੁਰਦੁਆਰਾ ਡਿਗਿਆਨਾ ਆਸ਼ਰਮ ਸਕੂਟਰ ਬਾਹਰ ਖੜਾ ਕਰਕੇ ਗਿਆ ਸੀ ਚਰਨਜੀਤ ਵੀਰ ਤਾਂ ਨਾ ਮੁੜਿਆ, ਸਕੂਟਰ ਤੇ ਟਮਾਂਟਰ, ਗੋਭੀ, ਭਿੰਡੇ ਆਦਿ ਸਬਜ਼ੀ ਪਈ ਰਹੀ। ਇਕ ਬੱਚੇ ਨੇ ਦੱਸਿਆ ਸੀ, ਕਿ ਤਿੰਨ ਚਾਰ ਜਿਪਸੀ ਵਾਲਿਆਂ ਨੇ ਬੱਚੇ ਨੂੰ ਭੇਜ ਕੇ ਗੁਰਦੁਆਰਾ ਡਿਗਿਆਨਾ ਆਸ਼ਰਮ 'ਚ ਅੰਦਰ ਬੈਠਿਆਂ ਨੂੰ ਬਾਹਰ ਬੁਲਾਇਆ ਸੀ, ਉਸ ਤੋਂ ਬਾਅਦ ਦਾ ਸੱਚ ਤਿੰਨ ਹੀ ਲੋਕ ਜਾਣਦੇ ਹਨ, ਅਕਾਲਪੁਰਖ, ਪੁਲਿਸ ਵਾਲੇ ਜਾਂ ਚਰਨਜੀਤ ਸਿੰਘ ਵੀਰ ਆਪ। ਚਰਨਜੀਤ ਸਿੰਘ ਇਸ ਕਰਕੇ ਮਹਾਂਕਸੂਰ ਵਾਰ ਸੀ, ਕਿ ਉਹ ਸਾਨੂੰ ਅਤੇ ਸਾਡੀ ਭੂਆ ਜੀ ਦੀ ਬੇਟੀਆਂ ਨੂੰ ਮਿਲਨ ਜੇਲ੍ਹਾਂ 'ਚ ਪੰਜਾਬ, ਦਿੱਲੀ, ਜੰਮੂ ਜਾਂਦਾ ਰਿਹਾ ਸੀ, ਇਹ ਉਹੀ ਗੁਨਾਹ ਸੀ, ਜਿਹੜਾ ਯੂ.ਐਨ.ਓ. ਦੀ ਟੀਮ ਅਕਸਰ ਕਰਦੀ ਹੈ। ਫਿਰ ਚਰਨਜੀਤ ਨੂੰ ਡਰਾਵਾ ਪਾਇਆ ਗਿਆ ਕਿ ਤੇਰੇ ਭਰਾਵਾਂ ਦਾ ਝੂਠਾ ਮੁਕਾਬਲਾ ਬਣਾ ਦਿੱਤਾ ਜਾਵੇਗਾ, ਤੂੰ ਸਾਨੂੰ ਉਨ੍ਹਾਂ ਦੇ ਦੋਸਤਾਂ ਅਤੇ ਉਨ੍ਹਾਂ ਨਾਲ ਮਿਲ ਬੈਠਣ ਵਾਲਿਆਂ ਬਾਰੇ ਜੇ ਜਾਣਕਾਰੀ ਨਹੀਂ ਦਿੱਤੀ।

ਵੀਰ 28 ਜੁਲਾਈ 1998 ਨੂੰ ਸ਼ਾਮ ਸਾਡੇ ਸਤ ਵਜੇ ਗੁਰਦੁਆਰਾ ਸੰਤ ਮੇਲਾ ਸਿੰਘ ਆਸ਼ਰਮ ਵਿਖੇ ਮੱਥਾ ਟੇਕਣ ਗਏ ਨੂੰ ਪੁਲਿਸ ਵੱਲੋਂ ਲਿਜਾਇਆ ਗਿਆ ਸੀ, ਉਸ ਦੇ ਕੁਝ ਦਿਨਾਂ ਮਗਰੋਂ, ਇਕ ਰਾਤ, ਇਕ ਸਬ ਇਸਪੈਕਟਰ ਮੁਸਤਾਕ ਅਹਿਮਦ ਚੌਕੀ ਡਿਗਿਆਨਾ (ਜੰਮੂ) ਆ ਕੇ ਕਹਿਣ ਲੱਗਾ, ਦਰਵਾਜ਼ਾ ਖੜਕਾਉਂਦਿਆ : ਬੀਬੀ ਥਾਣੇ ਚੱਲ ਕੇ ਪੁੱਤਰ ਦੀ ਸ਼ਨਾਖਤ ਕਰ ਲੈ, ਕਿਸੇ ਚਰਨਜੀਤ ਸਿੰਘ ਨਾਮ ਦੇ ਮੁੰਡੇ ਦਾ ਐਕਸੀਡੈਂਟ ਹੋਇਆ ਹੈ, ਮਾਤਾ ਸਤਨਾਮ ਕੌਰ ਨੇ ਪੁਲਿਸ ਦੀ ਕੋਈ ਮਾੜੀ ਸੋਚ ਨੂੰ ਭਾਂਪਦਿਆਂ ਬੂਹਾ ਖੋਲਣ ਤੋਂ ਇਨਕਾਰ ਕਰ ਦਿੱਤਾ ਤੇ ਸਵੇਰੇ ਮਾਤਾ ਜੀ ਕੁਝ ਰਿਸ਼ਤੇਦਾਰ ਤੇ ਇਲਾਕਾ ਨਿਵਾਸੀ ਜਿਨ੍ਹਾਂ ਵਿਚ ਇਕ ਸਬ ਇੰਸਪੈਕਟਰ ਵੀ ਸੀ ਨੂੰ ਲੈ ਕੇ ਡਿਗਿਆਨਾ ਚੌਕੀ ਪੁੱਜੇ ਚੌਕੀ ਆਫ਼ਿਸਰ ਤਾਂ ਉਹੀ ਸੀ, ਪਰ ਉਸਨੇ ਕਿਸੇ ਵੀ ਘਟਨਾ ਜਾਂ ਐਕਸੀਡੈਂਟ ਅਤੇ ਲਾਸ਼ ਦੀ ਸ਼ਨਾਖਤ ਦੀ ਗਲ ਤੋਂ ਇਨਕਾਰ ਕਰ ਦਿੱਤਾ।

"ਸਬ ਕੋ ਯੇ ਖਬਰ ਹੈ, ਕਿ ਯਹਾਂ ਕਤਲ ਹੂਆ ਹੈ,
ਦਾਨਿਸ਼ਤਾਂ ਮਗਰ ਲੋਗ ਸ਼ਹਾਦਤ ਨਹੀਂ ਦੇਤੇ।"

ਮਾਤਾ ਜੀ ਤੇ ਹੋਰਾਂ ਨੇ ਚਰਨਜੀਤ ਸਿੰਘ ਦੇ ਗੁੰਮਸ਼ੁਦਾ ਹੋਣ ਦੀ ਰਿਪੋਰਟ ਲਿਖਣ ਨੂੰ ਕਿਹਾ ਤਾਂ ਉਨ੍ਹਾਂ ਦਾ ਜਵਾਬ ਸੀ ਉਪਰੋਂ ਆਰਡਰ ਨਹੀਂ ਹੈ, ਅਸੀਂ ਨਹੀਂ ਲਿਖ ਸਕਦੇ, ਮਾਤਾ ਜੀ, ਡੀ. ਐਸ.ਪੀ., ਐਸ.ਪੀ. ਐਸ. ਐਸ.ਪੀ. ਤੇ ਡੀ.ਜੀ. ਤੱਕ ਆਪਰੋਚ ਕੀਤੀ, ਪਰ ਉਨ੍ਹਾਂ ਉਲਟਾ ਮਾਤਾ ਜੀ ਨੂੰ ਹੀ ਦੋਸ਼ੀ ਕਹਿਣਾ ਸ਼ੁਰੂ ਕਰ ਕਿਤਾ, ਤੂੰ ਅੱਤਵਾਦੀਆਂ ਦੀ ਮਾਂ ਹੈ, ਤੇਰਾ ਪੁੱਤਰ ਪਾਕਿਸਤਾਨ ਹੈ ਤੇ ਅੱਤਵਾਦੀ ਨਾਲ ਬੈਠਾ ਹੈ .... ਉਸ ਨੂੰ ਪੇਸ਼ ਕਰਾਵੋ, ਪਰ ਭੋਲੀ ਮਾਂ ਖਾਕੀ ਵਰਦੀ ਵਿਚ ਛੁਪੇ ਬੈਠੇ ਜਲਾਦਾਂ ਨੂੰ ਨਹੀਂ ਸੀ ਜਾਣਦੀ, ਉਸ ਨੂੰ ਕੀ ਪਤਾ ਸੀ, ਕਿ ਉਸ ਦਾ ਪੁੱਤਰ ਕਿੰਨਾ ਦਰਿਆਵਾਂ ਦੀ ਭੁੱਖੀ ਮੱਛੀਆਂ ਦਾ

ਸ਼ਿਕਾਰ ਬਣਿਆ, ਜਾਂ ਕਿਸੇ ਸ਼ਮਸ਼ਾਨਘਾਟ ਵਿਚ ਲਾਵਾਰਿਸ ਕਹਿ ਕੇ ਸਾੜਿਆ ਗਿਆ। ਪਿਤਾ ਜੀ, ਸ੍. ਹਰਦਿੱਤ ਸਿੰਘ ਦੀ ਮੌਤ ਹੋਈ ਉਸ ਵੇਲੇ ਅਸੀਂ ਦੋਵੇਂ ਭਰਾ ਮੈਂ 'ਮਨਮੋਹਨ ਸਿੰਘ (ਲੇਖਕ) ਜੇਲ੍ਹ ਵਿਚ ਸੀ ਅਤੇ ਰਣਜੀਤ ਸਿੰਘ ਥਾਣੇ ਵਿਚ, ਜਿਸ ਨੂੰ ਪੈਰੋਲ ਦਿੱਤੀ ਗਈ ਤੇ ਉਹ ਸੰਸਕਾਰ ਤੇ ਪੁੱਜ ਗਿਆ, ਪਰ ਮੈਨੂੰ (ਲੇਖਕ ਨੂੰ) ਪੈਰੋਲ ਨਾ ਦਿੱਤੀ ਗਈ, ਸਾਲਾਂ ਬਦੀ ਥਾਣੇ-ਜੇਲ੍ਹਾਂ, ਤਸੀਏ ਘਰਾਂ 'ਚ ਸਮਾਂ ਕੱਟਣ ਤੋਂ ਬਾਅਦ ਜਦੋਂ ਘਰ ਪੁੱਜੇ ਹਾਂ ਤਾਂ ਵੀ ਪੁਲਿਸ ਦਾ ਕੋਈ ਨਾ ਕੋਈ ਬਹਾਨਾ ਤੇ ਸਾਨੂੰ ਥਾਣਿਆਂ 'ਚ ਬੁਲਾਉਣਾ, ਮੇਰਾ ਜਨਵਰੀ 2005 'ਚ ਅੰਨਦਕਾਰਜ ਸੀ, ਜਿਸ ਤੋਂ ਛੇਹ ਦਿਨ ਪਹਿਲਾਂ ਮੈਨੂੰ ਬੇਵਜਾਹ ਗ੍ਰਿਫ਼ਤਾਰ ਕਰ ਲਿਆ ਗਿਆ, ਮਾਤਾ ਜੀ ਮੰਜੇ ਤੇ ਬਿਮਾਰ ਸਨ, ਉਨ੍ਹਾਂ ਨੂੰ ਪਤਾ ਨਾ ਲੱਗੇ ਫਿਰ ਝੂਠ ਮਾਰੇ ਗਏ ਤੇ ਅਨੰਦਕਾਰਜ ਦਾ ਦਿਨ-ਤਰੀਕ ਨਿਕਲ ਜਾਣ ਤੇ ਮੈਨੂੰ ਰਿਹਾਅ ਕਰ ਦਿੱਤਾ ਗਿਆ, ਹੁਣ 2007 'ਚ ਪੰਜਾਬ ਵਿਚ ਬੰਬ ਧਮਾਕੇ ਹੋਏ ਤੇ ਜੰਮੂ 'ਚ ਸਾਨੂੰ ਬੇਵਜਾਹ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ...।

ਆਖਰ ਵੀਰ ਚਰਨਜੀਤ ਸਿੰਘ ਨੂੰ ਉਡੀਕਦੀ ਆਪਣੀ ਜ਼ਿੰਦਗੀ ਦੇ ਅਣਗਿਣਤ ਜਖ਼ਮਾਂ ਨੂੰ ਲੈਕੇ ਸਾਡੇ ਮਾਤਾ ਸਤਨਾਮ ਕੌਰ ਜੀ 1 ਮਾਰਚ 2006 ਨੂੰ ਦੁਨੀਆਂ ਨੂੰ ਅਲਵਿਦਾ ਕਹਿ ਗਏ, ਇਕ ਬੇਗੁਨਾਹ ਦੀ ਮਾਂ। ਇਸੇ ਤਰ੍ਹਾਂ ਸਾਡੀ ਭੂਆ ਜੀ ਦਾ ਬੇਟਾ ਰਾਜਿੰਦਰ ਸਿੰਘ (ਵੀਰ) ਤਰਕੀਬਣ ਦੱਸ ਸਾਲ ਘਰੋਂ ਬਾਹਰ ਸੌਂਦਾ ਰਿਹਾ। ਆਪਣੀ ਛੋਟੀ ਭੈਣਾਂ ਦੇ ਖਾੜਕੂ ਸਿੰਘਾਂ ਨਾਲ ਸਬੰਧ ਹੋਣ ਕਰਕੇ ਪੁਲਿਸ ਦਾ ਅਣਮਨੁੱਖੀ ਤਸ਼ੱਦਦ ਸਹਿੰਦਾ ਰਿਹਾ ਤੇ ਆਖਰ ਅੰਦਰੂਨੀ ਜਖ਼ਮਾਂ ਕਾਰਨ ਇਕ ਦਿਨ ਖ਼ੂਨ ਦੀਆਂ ਉਲਟੀਆਂ ਆਉਣ ਤੇ ਪਰਿਵਾਰ ਨੂੰ ਆਖਰੀ ਫਤਹਿ ਕਹਿ ਗਿਆ, ਭੂਆ ਨਾਨਕੀ ਕੌਰ ਨੂੰ ਵੀ ਪੰਜਾਬ ਪੁਲਿਸ ਦਾ ਕਈ ਵਾਰ ਕਹਿਰ ਬਰਦਾਸ਼ਤ ਕਰਨਾ ਪਿਆ, ਅਤੇ ਸ਼ਾਇਦ ਜਦ ਤੱਕ ਕੌਮ ਦੇ ਧੀ-ਪੁੱਤਾਂ ਦੀ ਅਣਖ ਜੀਉਂਦੀ ਹੈ, ਮਾਂਪਿਆਂ ਨੂੰ ਇਝ ਹੀ ਸਹਿਣਾ ਪਵੇਗਾ।

ਦੌਰ ਵੋ ਆਇਆ ਹੈ, ਕਾਤਲ ਕੀ ਸਜਾ ਕੋਈ ਨਹੀਂ
ਹਰ ਸਜ਼ਾ ਉਸ ਕੇ ਲੀਏ ਹੈ, ਜਿਸ ਕੀ ਖਤਾ ਕੋਈ ਨਹੀਂ।

■■■

ਸਰਬਜੀਤ ਸਿੰਘ ਸਾਬੀ

ਸਰਬਜੀਤ ਸਿੰਘ, ਸਾਭੀ ਪਿੰਡ ਦੇਵਲੀ (ਜੰਮੂ) ਦਾ ਰਹਿਣ ਵਾਲਾ ਸੀ, ਉਹ ਮਰਨ ਮਰਾਉਨ ਵਿਚ ਯਕੀਨ ਨਹੀਂ ਸੀ ਰੱਖਦਾ, ਫਿਰ ਵੀ ਜੰਮੂ-ਪੰਜਾਬ ਦੇ ਖਾੜਕੂਆਂ ਨੂੰ ਪਨਾਹ ਦੇਣੀ ਲੰਗਰ-ਪਾਣੀ ਛਕਾਣਾ ਅਤੇ ਰਾਤ ਵਸੇਰਾ ਕਰਵਾਉਣਾ ਸੇਵਾ ਸਮਝਦਾ ਸੀ। ਅਕਸਰ ਸਿੰਘਾਂ ਨੂੰ ਰਾਤ ਵਸੇਰਾ ਕਰਵਾ ਕੇ ਉਨ੍ਹਾਂ ਨੂੰ ਆਪਣੀ ਮੰਜ਼ਿਲ ਵੱਲ ਤੋਰਦਾ ਰਹਿੰਦਾ, ਇਕ ਵੇਰਾਂ ਪੰਜਾਬ ਤੋਂ ਭਾਈ ਬਿਕਰਮਜੀਤ ਸਿੰਘ ਕੰਮੋਕੇ ਤੇ ਭਾਈ ਮਨਮੋਹਨ ਸਿੰਘ ਕੰਮੋਕੇ, ਬੀ.ਟੀ. ਐਫ. ਦੋਵੇਂ ਸਿੰਘ ਭਾਈ ਸਾਬੀ ਕੋਲ ਰਾਤ ਠਹਿਰਣ ਤੋਂ ਬਾਅਦ ਜਦ ਆਪਣੀ ਮੰਜ਼ਿਲ ਵੱਲ ਤੁਰਨ ਲੱਗੇ ਤਾਂ ਸਾਬੀ ਕਹਿਣ ਲੱਗਾ, ਮੈਂ ਸਿਬਲ ਕੈਂਪ (ਪਿੰਡ) ਆਪਣੀ ਭੈਣ ਦੇ ਘਰ ਜਾਣਾ ਹੈ, ਮੈਨੂੰ ਉੱਥੇ ਉਤਾਰ ਕੇ ਤੁਸੀਂ ਅਗੇ ਨਿਕਲ ਜਾਇਉ। ਰਾਹ ਵਿਚ ਗਾਡੀਗੜ ਲਾਗੇ ਉਦੋਂ ਸਾਰਿਆਂ ਦੇ ਜਹਿਣ ਵਿਚ ਬਿਜਲੀ ਜਿਹੀ ਕੜਕੀ, ਰਾਹ ਵਿਚ ਸਖ਼ਤ ਨਾਕਾਬੰਦੀ ਸੀ ਸ਼ਾਇਦ ਮੁੱਖਬਰੀ ਹੋ ਚੁੱਕੀ ਸੀ, ਐਸ.ਐਚ.ਓ. ਜਗਜੀਤ ਜੱਗਾ, ਆਪਣੀ ਟੀਮ ਨਾਲ ਸਿੰਘਾਂ ਨੂੰ ਖ਼ਤਮ ਕਰਨ ਦੀ ਤਿਆਰੀ ਕਰੀ ਬੈਠਾ ਸੀ।

ਸਿੰਘਾਂ ਦੀ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਸਿੰਘਾਂ ਨੇ ਵੀ ਨਾਕਾ ਤੋੜ ਕੇ ਨਿਕਲ ਜਾਣ ਦਾ ਫੈਸਲਾ ਕੀਤਾ ਤੇ ਗੱਡੀ ਤੇਜ਼ ਕਰ ਲਈ, ਪੁਲਿਸ ਦੀ ਬੰਦੂਕਾਂ ਨੇ ਗੱਡੀ ਉੱਤੇ ਗੋਲੀਆਂ ਦੀ ਬੋਛਾੜ ਸ਼ੁਰੂ ਕਰ ਦਿੱਤੀ, ਭਾਈ ਬਿਕਰਮਜੀਤ ਸਿੰਘ ਦੀ ਲੱਤ ਤੇ ਗੋਲੀ ਲੱਗਣ ਤੇ ਸਖ਼ਤ ਜਖ਼ਮੀ ਹੋ ਗਏ, ਫਿਰ ਵੀ ਦੋਵੇਂ ਸਿੰਘ ਮੁਕਾਬਲੇ ਵਿਚ ਛੋਟੇ ਹਥਿਆਰਾਂ ਨਾਲ ਜਵਾਬ ਦਿੰਦੇ ਹੋਏ ਨਿਕਲਣ ਵਿਚ ਸਫ਼ਲ ਹੋ ਗਏ। ਪਰ ਭਾਈ ਸਾਬੀ ਪੁਲਿਸ ਦੇ ਵਹਿਸ਼ੀ ਪੰਜਿਆਂ ਵਿਚ ਫਸ ਗਿਆ ਤੇ ਨਤੀਜਾ, ਅਣਗਿਣਤ, ਤਸੀਹੇ ਇਸ ਦੇ ਨਾਲ ਹੀ ਡੀ.ਐਸ.ਪੀ. ਇੰਦਰ ਮੋਹਨ ਬਕਸ਼ੀ ਵੱਲੋਂ ਸਾਬੀ ਦਾ ਸੋਹਣਾ ਸਡੌਲ ਸ਼ਰੀਰ, 1992 ਨੂੰ ਠੰਡੀ ਲਾਸ਼ ਬਣਾ ਕੇ ਸੁੱਟ ਦਿੱਤਾ ਗਿਆ।

ਇਸ ਦੌਰ ਮੇਂ ਬਸ ਇਤਨਾ ਸਾ ਸਾਮਾਨੇ ਸਫ਼ਰ ਰਖੇਂ
ਏਕ ਹਾਥ ਮੇਂ ਦਿਲ ਰਖੇਂ, ਏਕ ਹਾਥ ਮੇਂ ਸਿਰ ਰਖੇਂ।

■■■

ਸੰਘਰਸ਼ ਦੇ ਗੁੰਮਨਾਮ ਨੌਜਵਾਨ

ਭਾਈ ਇੰਦਰਜੀਤ ਸਿੰਘ, ਚਰਨਜੀਤ ਸਿੰਘ, ਪ੍ਰੀਤਮ ਸਿੰਘ

ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਇਹ ਵਚਨ "ਜੇ ਦਰਬਾਰ ਸਾਹਿਬ ਤੇ ਹਮਲਾ ਹੋਇਆ ਤਾਂ ਘਰਾਂ 'ਚ ਨ ਬੈਠੇ ਰਹਿਓ" ਦਰਬਾਰ ਸਾਹਿਬ ਉਤੇ ਭਾਰਤੀ ਫੌਜ ਦੇ ਹਮਲੇ ਨੇ ਤਾਂ ਕੌਮ ਨੂੰ ਝੰਜੋੜਿਆ ਹੀ ਸੀ, ਪਰ ਜਿਵੇਂ-ਜਿਵੇਂ ਹਿੰਦੂ ਫਿਰਕੂ ਸੰਸਥਾਵਾਂ ਵੱਲੋਂ ਸਿੱਖਾਂ ਤੇ ਸਰਕਾਰੀ ਸ਼ੈਹ ਤੇ ਹਮਲੇ ਤੇਜ਼ ਹੋਏ ਤਾਂ ਹਾਲਾਤ ਬਦ ਤੋਂ ਬਦਤਰ ਹੋ ਗਏ, ਨੌਜਵਾਨ ਸਿੱਖ ਗੱਭਰੂ ਦੁਨੀਆਂ ਭਰ 'ਚੋਂ ਪੰਜਾਬ ਵੱਲ ਹੋ ਤੁਰੇ, ਜਿਨ੍ਹਾਂ ਵਿਚ ਜੰਮੂ ਦੇ ਵੀ ਬਹੁਤ ਸਾਰੇ ਨੌਜਵਾਨ ਸ਼ਾਮਿਲ ਸਨ।

1. ਇੰਦਰਜੀਤ ਸਿੰਘ ਸਿੰਬਲ ਕੈਂਪ, ਪਿਤਾ ਸ੍ਰ. ਸ਼ੇਰ ਸਿੰਘ ਤੇ ਮਾਤਾ ਸੁਰਜੀਤ ਕੌਰ, ਇਹ ਨੌਜਵਾਨ 1989 ਵਿਚ ਸਿੱਖ ਸੰਘਰਸ਼ ਵਿਚ ਜਾ ਸ਼ਾਮਿਲ ਹੋਇਆ ਅਤੇ ਭਾਈ ਮਹਿੰਦਰ ਸਿੰਘ ਫੰਦੀ, ਨਾਲ ਸੰਪਰਕ ਤੋਂ ਬਾਅਦ ਉਨ੍ਹਾਂ ਨਾਲ ਪੰਜਾਬ ਚਲਾ ਗਿਆ, ਪਰਿਵਾਰ ਨੂੰ ਬੱਸ ਇਨ੍ਹਾਂ ਹੀ ਦੱਸਿਆ ਕਿ ਦਰਬਾਰ ਸਾਹਿਬ ਦਰਸ਼ਨਾਂ ਨੂੰ ਚਲਿਆ ਹਾਂ, ਇੰਦਰਜੀਤ ਸਿੰਘ ਨਾਲ ਇਕ ਚਰਨਜੀਤ ਸਿੰਘ ਨਾਮ ਦਾ ਨੌਜਵਾਨ ਵੀ ਖਾੜਕੂ ਲਹਿਰ ਵਿਚ ਜਾ ਸ਼ਾਮਿਲ ਹੋਇਆ, ਇਨ੍ਹਾਂ ਦਾ ਅੱਜ ਤੱਕ ਕੋਈ ਥਾਉ ਪਤਾ ਨਹੀਂ ਲੱਗਾ। ਭਾਈ ਫੰਦੀ ਇਕ ਸਾਥੀ ਸਿੰਘ ਨਾਲ ਜੰਮੂ ਵਿਚ ਸ਼ਹੀਦ ਹੋ ਗਿਆ ਸੀ ਪਰ ਇਨ੍ਹਾਂ ਦੀ ਕੋਈ ਖ਼ਬਰ ਨਹੀਂ, ਇੰਦਰਜੀਤ ਸਿੰਘ ਦੇ ਮਾਤਾ-ਪਿਤਾ ਚੜਾਈ ਕਰ ਚੁੱਕੇ ਹਨ, ਮਕਾਨ ਖੰਡਰ ਬਣਿਆ ਹੋਇਆ ਹੈ, ਭੈਣਾਂ ਨੂੰ ਅਜੇ ਵੀ ਆਪਣੇ ਭਰਾ ਦੇ ਮੁੜ ਆਉਣ ਦੀ ਉਡੀਕ ਹੈ।

2. ਚਰਨਜੀਤ ਸਿੰਘ ਚੰਨੀ। ਜਿਸ ਦੀ ਮਾਤਾ ਜੀ ਤੇ ਭੈਣ ਰੋਜ ਮਰਾ ਦੀ ਜ਼ਿੰਦਗੀ 'ਚ ਦੋ ਵੇਲੇ ਨਿਤਨੇਮ 'ਚ ਚੰਨੀ ਦੀ ਚੜਦੀ ਕਲਾ ਲਈ ਅਰਦਾਸ ਕਰਦੀਆਂ ਹਨ, ਜਦ ਵੀ ਕੋਈ ਗਮੀ ਖੁਸ਼ੀ ਦਾ ਦਿਨ ਹੋਵੇ ਪੁੱਤਰ ਦੀ ਫੋਟੋ ਲੈ ਕੇ ਦੁੱਖ-ਸੁੱਖ ਵੰਡਣ ਬੈਠ ਜਾਣਾ, ਇਨ੍ਹਾਂ ਦੇ ਜੀਵਨ ਦਾ ਹਿੱਸਾ ਬਣ ਗਿਆ ਹੈ, ਚੰਨੀ ਦੇ ਨਾ ਹੋਣ ਦੀ ਤਾਂ ਭੈਣ ਤੇ ਮਾਤਾ ਜੀ, ਗੱਲ ਵੀ ਨਹੀਂ ਕਰਦੇ 15 ਸਾਲਾ ਤੋਂ ਬੱਸ ਇਕ ਉਮੀਦ ਲੈ ਕੇ ਇੰਤਜ਼ਾਰ ਕੀਤਾ ਜਾ ਰਿਹਾ ਹੈ, ਕਿ ਚੰਨੀ ਜੀਉਂਦਾ ਹੀ ਹੋਵੇਗਾ, ਜਿਕਰਯੋਗ ਹੈ ਕਿ ਚੰਨੀ ਵੀ ਇੰਦਰਜੀਤ ਸਿੰਘ ਨਾਲ ਭਾਈ ਫੰਦੀ ਦੇ ਕੇ.ਐਨ. ਏ, ਜਥੇਬੰਦੀ 'ਚ ਸੇਵਾ ਕਰਨ ਨਿਕਲੇ ਸਨ, ਪੰਜਾਬ ਗਏ ਜੰਮੂ ਦੇ ਇਨ੍ਹਾਂ ਨੌਜਵਾਨਾਂ ਦਾ ਕੀ ਪਤਾ, 70,000 ਲਾਵਾਰਿਸ ਕਹਿ ਕੇ ਸਾੜੀਆਂ ਲਾਸ਼ਾਂ 'ਚੋਂ ਹੀ ਕੋਈ ਨਾਮ ਸ਼ਾਮਿਲ ਹੋਵੇ।

3. ਪ੍ਰੀਤਮ ਸਿੰਘ ਬਿੱਟੂ, ਜੰਮੂ ਰਿਆਸਤ ਦੇ ਇਲਾਕੇ ਡੋਡਾ ਦੇ ਪਹਾੜੀ ਖੇਤਰ ਤੋਂ ਪਰਿਵਾਰ ਸਮੇਤ ਜੰਮੂ ਸ਼ਹਿਰ ਦੇ ਸ਼ਕਤੀ ਨਗਰ ਇਲਾਕੇ ਵਿਚ ਆਪਣੇ ਪਰਿਵਾਰ ਤਿੰਨ

ਭੈਣਾ ਅਤੇ ਮਾਤਾ ਜੱਸਵੰਤ ਕੌਰ ਤੇ ਪਿਤਾ ਸ੍ਰ. ਅਨੰਦ ਸਿੰਘ ਨਾਲ ਰਹਿ ਰਿਹਾ ਸੀ, ਪਿਤਾ ਜੀ ਲੱਕੜ ਦਾ ਕੰਮ ਕਰਦੇ ਸਨ ਤੇ ਪ੍ਰੀਮਤ ਸਿੰਘ ਉਨ੍ਹਾਂ ਦਾ ਕੰਮਕਾਜ਼ ਵਿਚ ਹੱਥ ਵਟਾਉਂਦਾ ਸੀ, 1984 ਨਵੰਬਰ ਨੂੰ ਇਨ੍ਹਾਂ ਦੇ ਘਰ ਸ਼ਿਵ ਸੈਣੀਆਂ ਤੇ ਹੋਰ ਫਿਰਕੂ ਅਤੱਵਾਦੀਆਂ ਨੇ ਹਲਾ ਬੋਲਿਆ, ਪ੍ਰੀਮਤ ਸਿੰਘ ਘਰ ਆਪਣੀ ਤਿੰਨ ਭੈਣਾਂ ਨਾਲ ਬੈਠਾ ਲੰਗਰ ਛੱਕ ਰਿਹਾ ਸੀ, ਜਿਸ ਵੇਲੇ ਉਨ੍ਹਾਂ ਬੂਹਾ ਖੜਕਾਉਣਾ ਤੇ ਗਾਲੀਆਂ-ਧਮਕੀਆਂ ਦੇਣੀਆਂ ਸ਼ੁਰੂ ਕੀਤੀਆ। ਸਰਦਾਰੋਂ ਬਾਹਰ ਨਿਕਲੋ, ਤੁਹਾਡੇ ਜੂੜੇ ਕੱਟ ਕੇ ਹਿੰਦੂ ਬਨਾਉਣਾ ਹੈ, ਦੇਸ਼ ਵਿਚ ਕੋਈ ਸਿੱਖ ਨਹੀਂ ਰਹਿਣ ਦੇਣਾ, ਬਾਹਰ ਨਿੱਕਲੋਂ...।

ਪ੍ਰੀਮਤ ਸਿੰਘ ਉਠਿਆ ਤੇ ਬਾਹਰ ਨਿਕਲ ਕੇ ਉਨ੍ਹਾਂ ਨਾਲ ਉਲਝ ਪਿਆ, ਗੁੰਡਿਆਂ ਦੀ ਗਿਣਤੀ ਵੱਧਦੀ ਗਈ, ਕੁਝ ਪੜੋਸੀ ਇਨਸਾਨੀ ਫਰਜ਼ ਸਮਝ ਕੇ ਬਾਹਰ ਆਏ ਤੇ ਉਨ੍ਹਾਂ ਨੇ ਪਰਿਵਾਰ ਨੂੰ ਬਚਾਇਆ, ਪਰ ਉਥੇ ਵਰਤੇ ਗਏ ਫਿਰਕੂਆਂ ਦੇ ਬੋਲ, ਪ੍ਰੀਤਮ ਦੀ ਰੂਹ ਤੱਕ ਨਸੂਰ ਬਣ ਕੇ ਉੱਤਰ ਗਏ, ਉਥੋਂ ਕੁੱਝ ਦਿਨਾਂ ਬਾਅਦ ਪਰਿਵਾਰ ਜੰਮੂ ਦੇ ਬਕਸ਼ੀ ਨਗਰ ਆ ਕੇ ਕਿਰਾਏ ਤੇ ਰਹਿਣ ਲੱਗ ਪਏ, ਪ੍ਰੀਮਤ ਸਿੰਘ ਨੂੰ ਪਿਤਾ ਜੀ ਨੇ ਅੰਮ੍ਰਿਤਸਰ, ਕਮ ਕਰਨ ਲਈ ਭੇਜ ਦਿੱਤਾ, ਤੇ ਆਪ ਪਰਿਵਾਰ ਪੰਜਾਬ ਡੇਰਾ ਬਾਬਾ ਨਾਨਕ ਚਲਾ ਗਿਆ ਤੇ ਉਥੇ ਹੀ ਮਕਾਨ ਲਿਆ, ਉਧਰ ਪ੍ਰੀਤਮ ਸਿੰਘ ਕੁਝ ਟਕਸਾਲੀ ਸਿੰਘਾਂ ਨਾਲ ਕੌਮੀਂ ਸੇਵਾ ਦੀ ਗੱਲ ਕਰਨ ਲੱਗਾ ਤੇ ਆਪਣੇ ਕੰਮ ਤੋਂ ਇਕ ਦਿਨ ਟਕਸਾਲੀ ਸਿੰਘਾਂ ਨਾਲ 1985-86 'ਚ ਸਿੰਘਾਂ ਨਾਲ ਗਿਆ ਤੇ ਮੁੜ ਕਦੀ ਘਰ ਨਾ ਪਰਤਿਆ। ਇਸ ਦੌਰਾਨ ਇਕ ਵਾਰੀ ਪਰਿਵਾਰ ਨੂੰ ਪਤਾ ਲੱਗਾ ਸੀ, ਕਿ ਪ੍ਰੀਤਮ ਸਿੰਘ ਬਾਬਾ ਠਾਕਰ ਸਿੰਘ (ਦਮਦਮੀ ਟਕਸਾਲ) ਤੇ ਬਾਬਾ ਜੋਗਿੰਦਰ ਸਿੰਘ (ਪਿਤਾ ਬਾਬਾ ਭਿੰਡਰਾਂਵਾਲੇ) ਨਾਲ ਵਿਚਰ ਰਿਹਾ ਹੈ।

25 ਸਾਲਾਂ ਤੋਂ ਇਹ ਉਡੀਕ ਹੈ ਜੱਦ ਲੋਕੀ ਕਹਿੰਦੇ ਨੇ, "ਨਹੀਉਂ ਲਭਣੇ ਲਾਲ ਗਵਾਚੇ" ਤਾਂ ਪਰਿਵਾਰ ਦੇ ਸਦੱਸੀਏ ਡੂੰਘੀ ਸੋਚ ਵਿਚ ਡੁੱਬ ਜਾਂਦੇ ਹਨ, ਅੱਖਾਂ 'ਚ ਪਾਣੀ ਤੇ ਇਕ ਦਰਦ ਪੀੜਾ ਹੈ, ਜੋ ਸ਼ਾਇਦ ਉਹੀ ਜਾਣਦੇ ਹਨ, ਪ੍ਰੀਤਮ ਸਿੰਘ ਦੀ ਮਾਤਾ ਹਰ ਨੌਜਵਾਨ ਨੂੰ ਆਪਣਾ ਪ੍ਰੀਤਮ ਹੀ ਸਮਝਦੀ ਹੈ, ਤੇ ਹਰ ਨੌਜਵਾਨ ਦਾ ਮੱਥਾ ਚੁੰਮ ਕੇ ਆਪਣੇ ਪ੍ਰੀਤਮ ਦੇ ਵਿਛੋੜੇ ਦੇ ਦਰਦ ਨੂੰ ਲੁਕੋਣ ਦਾ ਯਤਨ ਕਰਦੀ ਹੈ, ਮਾਤਾ ਤੇ ਭੈਣਾਂ ਨੂੰ ਕਿਵੇਂ ਕੋਈ ਸਮਝਾਵੇ, ਉਹ ਕਿਹੜੀ ਮੰਜ਼ਿਲ ਦੇ ਮੁਜਾਫਰ ਸਨ ਤੇ ਕਿੱਥੇ ਗਏ ਹਨ ?

"ਬੜਾ ਦੁਸ਼ਵਾਰ ਹੈ ਇਹ ਰਾਹ ਕੋਈ ਅਣਜਾਣ ਕੀ ਜਾਣੇ,
ਅਸੀਂ ਉਸ ਰਾਹ ਦੇ ਰਾਹੀ ਹਾਂ...।
ਤੇਰੀ ਸ਼ਹਾਦਤ ਦੇਖ ਕੇ, ਇਹ ਸੋਚ ਸੋਚੀ ਹੈ,
ਇਕ ਤਹੀਆ ਕੀਤਾ ਹੈ, ਹੁਣ ਸਿਰ ਕਟਵਾਉਣ ਦਾ
ਇਕ ਨਿਸ਼ਚਾ ਕੀਤਾ ਹੈ, ਹੁਣ ਘਰ ਬਨਾਉਣ ਦਾ
ਅਸੀਂ ਉਠ ਚੁਕੇ ਹਾਂ ਦਬਾਇ ਜਾ ਨਹੀਂ ਸਕਦੇ
ਜੂਝਣ ਲਈ ਨਿਕਲੇ ਹਾਂ, ਹੁਣ ਰੋਕੇ ਜਾ ਨਹੀਂ ਸਕਤੇ। (ਭਾਈ ਗਜਿੰਦਰ ਸਿੰਘ)

ਭਾਈ ਕੁਲਵੀਰ ਸਿੰਘ ਫੌਜੀ

ਜੰਮੂ-ਕਸ਼ਮੀਰ ਦੇ ਸਿੱਖਾਂ ਦਾ ਭਾਵੇਂ ਸਫ਼ਰ-ਏ-ਸ਼ਹਾਦਤ ਲਿਖਣ ਦਾ ਯਤਨ ਕੀਤਾ ਗਿਆ ਹੈ ਪਰ ਅਜੇ ਵੀ ਕਈ ਸ਼ਹੀਦਾਂ ਦੀ ਜੀਵਨ ਗਾਥਾਵਾਂ ਇਸ ਸਫ਼ਰਨਾਮੇ 'ਚੋਂ ਗੈਰ ਹਾਜ਼ਰ ਹਨ। ਜਿਸ ਦੀ ਕੋਈ ਗੰਭੀਰ ਵਜਾਹ ਹੈ। ਜਿਵੇਂ ਕਈ ਸਹੀਦਾਂ ਦੇ ਪਰਿਵਾਰਾਂ ਨੇ ਕੌਮ ਦੀ ਲੀਡਰਸ਼ਿਪ ਵਲੋਂ ਉਨ੍ਹਾਂ ਨਾਲ ਦੁਸ਼ਮਣਾਂ ਵਰਗਾ ਵਰਤਾਓ ਕਰਣ ਅਤੇ ਹਰ ਪੱਖੋਂ ਅਣਗੌਲਿਆਂ ਕਰਨ ਕਰਕੇ ਉਨ੍ਹਾਂ ਦੀ ਇਹ ਧਾਰਨਾ ਬਣ ਗਈ ਕਿ ਜੋ ਹੋ ਗਿਆ ਸੋ ਹੋ ਗਿਆ ਉਸ ਨੂੰ ਚੇਤੇ ਕਰਕੇ ਕੀ ਕਰਨਾ। ਕੁਝ ਖਾਕੀ ਵਰਦੀ ਦੀ ਦਹਿਸ਼ਤ ਲੰਮਾ ਸਮਾਂ ਬਤੀਤ ਕਰਣ ਤੋਂ ਬਾਅਦ ਸਭ ਕੁਝ ਭੁੱਲ ਜਾਣਾ ਚਾਹੁੰਦੇ ਹਨ ਅਤੇ ਉਹ ਮੁੜਕੇ ਇਸ ਦੌਰ ਨੂੰ ਜਾਂ ਆਪਣੇ ਪੁੱਤ ਜਾਂ ਭਰਾ ਨੂੰ ਯਾਦ ਹੀ ਨਹੀਂ ਕਰਨਾ ਚਾਹੁੰਦੇ।

ਕੁਝ ਪਰਿਵਾਰਾਂ ਨੇ ਸਰਕਾਰ ਨਾਲ ਸਮਝੌਤਾ ਕਰਕੇ ਕੁਝ ਲੈ ਦੇ ਕੇ ਕਹਾਣੀ ਹੀ ਸਮਾਪਤ ਕਰ ਦਿੱਤੀ, ਭਾਵੇਂ ਉਨ੍ਹਾਂ ਇਕ ਪੱਖੋਂ ਸ਼ਹੀਦ ਦੀ ਕੁਰਬਾਨੀ ਦਾ ਮੁੱਲ ਵੱਟਿਆ ਹੈ, ਪਰ ਦੂਜੇ ਪਾਸੇ ਇਸ ਲਈ ਅਖੌਤੀ ਪੰਥਕ ਲੀਡਰਸ਼ਿਪ ਵੀ ਪੂਰੀ ਤਰ੍ਹਾਂ ਦੋਸ਼ੀ ਹੈ। ਇਥੇ ਮੈਂ ਜੰਮੂ ਦੇ ਇਕ ਅੱਖੀਂ ਵੇਖੀ ਹਕੀਕਤ ਦੱਸਣਾ ਜ਼ਰੂਰ ਸਮਝਦਾ ਹਾਂ ਤਾਂ ਜੋ ਲੋਕਾਂ ਦੀ ਮਾਨਸਿਕਤਾ ਨੂੰ ਸਮਝ ਸਕੀਏ। ਪੁਣਛ ਵਿਚ ਇਕ ਸਿੱਖ ਨੂੰ ਭਾਰਤੀ ਫੋਰਸ ਵੱਲੋਂ ਕਤਲ ਕਰਕੇ ਉਸ ਦਾ ਕਤਲ ਮੁਸਲਮਾਨ ਮੁਜਾਹਿਦਾਂ ਦੇ ਮੱਥੇ ਮੜ੍ਹ ਦਿੱਤਾ ਗਿਆ।

ਸਿੱਖਾਂ ਨੂੰ ਤਾਂ ਸਪੱਸ਼ਟ ਹੋ ਚੁੱਕਿਆ ਸੀ ਕਿ ਕਤਲ ਕਿਸ ਨੇ ਕੀਤਾ ਹੈ। ਪਰ ਕੁਝ ਸਿਆਣੇ ਸਿੱਖਾਂ ਵੱਲੋਂ ਪਰਿਵਾਰ ਦੀ ਗਰੀਬੀ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਨੂੰ ਵੇਖਦਿਆਂ ਫੈਸਲਾ ਕੀਤਾ ਗਿਆ ਕਿ ਇਸ ਕਤਲ ਨੂੰ ਅੱਤਵਾਦੀਆਂ ਦੇ ਖਾਤੇ ਹੀ ਪਾ ਦੇਵੀਏ ਤਾਂ ਠੀਕ ਰਹੇਗਾ ਤਾਂ ਜੋ ਪਰਿਵਾਰ ਨੂੰ ਸਰਕਾਰ ਪਾਸੋਂ ਕੁਝ ਨੌਕਰੀ ਤੇ ਮੁਆਵਜ਼ਾ ਤਾਂ ਮਿਲ ਜਾਵੇਗਾ। ਜੇ ਕਤਲ ਫੋਰਸ ਦੇ ਮਥੇ ਮੜਿਆ ਤਾਂ ਇਨਸਾਫ ਦੀ ਕੋਈ ਉਮੀਦ ਨਹੀਂ ਅਤੇ ਪਹਿਲਾਂ ਕਿੰਨਿਆਂ ਕੁ ਨੂੰ ਇਨਸਾਫ ਮਿਲਿਆ ਹੈ? ਨਾਲੇ ਪਰਿਵਾਰ ਦੀ ਆਰਥਿਕਤਾ ਦਾ ਹਲ ਕਿਸੇ ਆਗੂ ਨੇ ਤਾਂ ਕਰਨਾ ਨਹੀਂ। ਇਸੇ ਤਰ੍ਹਾਂ ਇਹ ਕਤਲ ਖਾੜਕੂ ਮੁਸਲਮਾਨਾਂ ਦੇ ਜ਼ੁੰਮੇ ਪਿਆ ਹੀ ਰਹਿਣ ਦਿੱਤੇ ਤੇ ਪਰਿਵਾਰ ਦੀ ਮਦਦ ਹੋ ਗਈ।

ਭਾਈ ਕੁਲਵੀਰ ਸਿੰਘ ਫੌਜੀ ਜੋ 1971 'ਚ ਸ਼ਹੀਦ ਹੋਏ ਭਾਰਤੀ ਫੌਜੀ ਦਾ ਬੇਟਾ ਸੀ। ਪੰਜਾਬ ਰਜਮੈਂਟ ਦਾ ਸਿਪਾਹੀ ਜੋ 16-5-1985 'ਚ ਆਰ.ਐਸ ਪੁਰਾ ਜੰਮੂ 'ਚ ਪੈਦਾ ਹੋਇਆ। ਭਾਈ ਕੁਲਵੀਰ ਸਿੰਘ ਇਕ ਪੰਥਕ ਨੌਜਵਾਨ ਸੀ ਪਿੰਡ 'ਚ ਬੱਚਿਆਂ ਨੂੰ

ਸਿਖੀ 'ਚ ਪਰਪੱਕ ਰਹਿਣ ਦੀ ਹਰ ਵੇਲੇ ਪ੍ਰੇਰਣਾ ਕਰਦਾ, ਉਸਦੀਆਂ ਛੁੱਟੀਆਂ ਵੀ ਇਸੇ ਕੌਮ 'ਚ ਬੀਤ ਜਾਂਦੀਆਂ। ਕੌਮ ਉਤੇ ਝੁਲ ਰਹੇ ਜ਼ੁਲਮੀਂ ਝੱਖੜ ਨੂੰ ਉਹ ਸੀਨੇ ਤੇ ਪੱਥਰ ਧਰਕੇ ਜਰ ਰਿਹਾ ਸੀ। ਤਿੰਨ ਸਾਲ ਭਾਰਤੀ ਫੌਜ ਦੀ ਨੌਕਰੀ ਕਰਨ ਤੋਂ ਬਾਅਦ 20 ਨਵੰਬਰ 1990 ਨੂੰ ਘਰੋਂ ਛੁੱਟੀ ਕੱਟ ਕੇ ਗਿਆ ਭਾਈ ਕੁਲਵੀਰ ਸਿੰਘ ਗੁਰਦਾਸਪੁਰ ਆਪਣੀ ਯੂਨਿਟ ਤੋਂ ਅਲੱਗ ਹੋ ਗਿਆ। ਅਫ਼ਸਰਾਂ ਨੇ ਕੁਲਵੀਰ ਸਿੰਘ ਦੇ ਸਿੱਖ ਖਾੜਕੂਆਂ ਨਾਲ ਮਿਲ ਜਾਣ ਦੇ ਦਾਅਵੇ ਕਰਕੇ ਪਰਿਵਾਰ ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਕਿਉਂਕਿ ਕੁਲਵੀਰ ਸਿੰਘ ਦਾ ਵੱਡਾ ਵੀਰ ਕੇਵਲ ਸਿੰਘ ਵੀ ਧਰਮੀ ਫੌਜੀ ਸੀ ਜੋ 1984 'ਚ ਪੂਨਾ ਤੋਂ ਆਪਣੀ ਸਿੱਖ ਪਲਟਨ ਨਾਲ ਭਗੌੜਾ ਹੋ ਗਿਆ ਸੀ ਅਤੇ ਸੂਤ 'ਚ ਇਨ੍ਹਾਂ ਫੌਜੀਆਂ ਨੂੰ ਇਕ ਵੱਡੇ ਹਮਲੇ ਤੋਂ ਬਾਅਦ ਵੱਡੀ ਗਿਣਤੀ ਵਿਚ ਸ਼ਹੀਦ ਤੇ ਕਈਆਂ ਨੂੰ ਫੱਟੜ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਜਿਨ੍ਹਾਂ ਵਿਚ ਕੇਵਲ ਸਿੰਘ ਵੀ ਸ਼ਾਮਲ ਸੀ ਜਿਸ ਦੇ ਗੋਡਿਆਂ ਦੀਆਂ ਚੱਪਣੀਆਂ ਕੱਢ ਦਿੱਤੀਆਂ ਗਈਆਂ ਅਤੇ ਜਿਨ੍ਹਾਂ ਤੇ ਬਗਾਵਤ ਦਾ ਕੇਸ ਪਾ ਕੇ ਤਿੰਨ ਸਾਲ ਲਈ ਜੇਲ ਭੇਜ ਦਿੱਤਾ ਗਿਆ ਸੀ। ਪਰਿਵਾਰ ਨੇ ਵੀ ਭਾਰਤੀ ਫੌਜ ਉਤੇ ਕੁਲਵੀਰ ਸਿੰਘ ਦੇ ਕਤਲ ਦਾ ਦੋਸ਼ ਲਗਾ ਕੇ ਕੇਸ ਅਦਾਲਤ ਵਿਚ ਭੇਜ ਦਿੱਤਾ ਅਤੇ ਇਸ ਕੇਸ ਦਾ ਫੈਸਲਾ ਪਰਿਵਾਰ ਦੇ ਹੱਕ ਵਿਚ ਹੋਇਆ। ਜਿਸ ਲਈ ਭਾਈ ਕੁਲਵੀਰ ਸਿੰਘ ਦੀ ਸ਼ਹੀਦੀ ਬਾਰੇ ਬਹੁਤਾ ਕੁਝ ਨਹੀਂ ਲਿਖ ਸਕੇ।

ਇਸ ਪਰਿਵਾਰ ਨੂੰ ਇਸ ਗੱਲ ਦਾ ਭਾਰੀ ਰੋਸ ਹੈ ਕਿ ਪੰਜਾਬ ਅੰਦਰ ਸਿਰਫ਼ ਪੰਜਾਬ ਦੇ ਵਸਨੀਕਾਂ ਨੂੰ ਹੀ ਧਰਮੀ ਫੌਜੀ ਦਸ ਕੇ ਮੁਆਵਜੇ-ਸਹਾਇਤਾ, ਐਸ.ਜੀ.ਪੀ.ਸੀ. 'ਚ ਨੌਕਰੀਆਂ ਦਿੱਤੀਆਂ ਗਈਆਂ ਪਰ ਪੰਜਾਬ ਤੋਂ ਬਾਹਰ ਦੇ ਸਿੱਖਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ ਜਿਵੇਂ ਕਿ ਅਸੀਂ ਸਿੱਖ ਹੀ ਨਾ ਹੋਈਏ, ਅਤੇ ਸਾਡੀ ਕੁਰਬਾਨੀ ਕੁਰਬਾਨੀ ਨਾ ਹੋਵੇ। ਸ਼ਹੀਦ ਭਾਈ ਕੁਲਵੀਰ ਸਿੰਘ ਦੀ ਮਾਤਾ ਨੂੰ ਉਸ ਦੀ ਸਰਕਾਰ ਵੱਲੋਂ ਪੈਨਸ਼ਨ ਮਿਲ ਰਹੀ ਹੈ। ਭਾਈ ਕੁਲਵੀਰ ਸਿੰਘ ਦੇ ਭਰਾਤਾ ਧਰਮੀ ਫੌਜੀ 1981 ਦੇ ਬੀ.ਐਸ.ਸੀ. ਪਾਸ ਹਨ। ਉਮੀਦ ਹੈ ਕੌਮ ਆਪਣੇ ਗਿਰੇਬਾਨ ਅੰਦਰ ਝਾਕ ਕੇ ਇਨ੍ਹਾਂ ਕੁਤਾਹੀਆਂ 'ਤੇ ਗੌਰ ਜ਼ਰੂਰ ਕਰੇਗੀ ਤਾਂ ਜੋ ਭਵਿੱਖ ਦੇ ਸ਼ਹੀਦ ਦੀ ਸ਼ਹਾਦਤ ਨੂੰ ਵੇਚਣਾ ਨਾ ਪਵੇ।

■■■

ਭਾਈ ਹਰਪਾਲ ਸਿੰਘ, ਜੱਬਲਪੁਰੀਆ

ਮੌਤ ਕੁਦਰਤ ਦਾ ਅਟਲ ਨਿਯਮ ਹੈ, ਮੌਤ ਕਦੋਂ ਆ ਜਾਵੇ ਇਹ ਉਹ ਅਕਾਲ ਪੁਰਖ ਤੋਂ ਇਲਾਵਾ ਕੋਈ ਨਹੀਂ ਜਾਣਦਾ, ਪਰ ਕੁਝ ਐਸੇ ਵੀ ਮਨੁੱਖ ਹੁੰਦੇ ਨੇ ਜੋ ਇਹ ਤੈਅ ਕਰਕੇ ਤੁਰਦੇ ਨੇ ਕਿ ਅਸੀਂ ਮਕਤਲ ਵਿਚ ਪੈਰ ਧਰ ਰਹੇ ਹਾਂ ਅਤੇ ਇਹ ਰਾਹ ਸਾਡੀ ਗਲਵੱਕੜੀ ਸਿੱਧੀ ਮੌਤ ਨਾਲ ਹੀ ਪੁਆਵੇਗਾ। ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਸ਼ੁਰੂ ਹੋ ਕੇ ਅੱਜ ਤੱਕ ਦੇ ਸਿੱਖ ਇਤਿਹਾਸ ਦੇ ਸਾਰੇ ਹੀ ਸ਼ਹੀਦ ਹੱਕ-ਸੱਚ ਤੇ ਇਨਸਾਫ਼ ਲਈ ਜੂਝਦਿਆਂ ਖਿੜੇ ਮੱਥੇ ਮੌਤ ਨੂੰ ਸਵੀਕਾਰ ਕਰਦੇ ਆ ਰਹੇ ਹਨ, "ਜਾਮ-ਏ-ਸ਼ਹਾਦਤ ਵੋ ਪੀ ਗਏ, ਰਹਿਮਤ ਜਿਨ ਪਰ ਖੁਦਾ ਨੇ ਕੀ।" ਇਸੇ ਲੜੀ ਵਿਚ ਜੰਮੂ ਦੇ ਇਕ ਹੋਰ ਸੰਘਰਸ਼ੀ ਨੂੰ ਪਰੋਇਆ ਜਾ ਰਿਹਾ ਹੈ।

ਭਾਰਤੀ ਫੌਜਾਂ ਦਾ ਦਰਬਾਰ ਸਾਹਿਬ ਤੇ ਹਮਲਾ ਅਤੇ ਦੇਸ਼ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਸਿੱਖ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਝੰਜੋੜਨ ਵਾਲੀ ਕਾਰਵਾਈ ਸੀ, ਜਿਸ ਨੇ ਸਿੱਖ ਜਾਂਬਾਜ਼ਾਂ ਦੀ ਕਈ ਖਾੜਕੂ ਜਥੇਬੰਦੀਆਂ ਨੂੰ ਜਨਮ ਦਿੱਤਾ, ਇਨ੍ਹਾਂ ਵਿਚੋਂ ਇਕ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਨਾਲ ਸੰਬੰਧਿਤ ਭਾਈ ਹਰਪਾਲ ਸਿੰਘ ਜੱਬਲਪੁਰੀਆ ਸੀ। ਜਿਸ ਨੇ ਭਾਰਤੀ ਹਕੂਮਤ ਦੇ ਸਿੱਖਾਂ ਪ੍ਰਤੀ ਅਪਨਾਏ ਜ਼ਾਲਮ ਰਵੀਏ ਵਿਰੁੱਧ ਬਗਾਵਤ ਦਾ ਬਿਗਲ ਵਜਾਇਆ। 1974 ਵਿਚ ਪਿਤਾ ਸ੍ਰ. ਮੱਖਣ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਦੇ ਘਰ ਸਿੰਬਲ ਕੈਂਪ ਵਿਖੇ ਜਨਮ ਲੈਣ ਵਾਲੇ ਇਸ ਬੱਚੇ ਬਾਬਤ ਘਰਦਿਆਂ ਨੇ ਪਤਾ ਨਹੀਂ ਕੀ-ਕੀ ਸੁਪਨੇ ਵੇਖੇ ਸਨ, ਪਰ ਕੌਮ ਦੀ ਸ਼ਮਾਂ 'ਤੇ ਮਰ ਮਿਟਣ ਦਾ ਚਾਅ ਇਸ ਦੇ ਜੀਵਨ ਦਾ ਹਿੱਸਾ ਬਣੇਗਾ, ਕਿਸੇ ਨੇ ਸੋਚਿਆ ਤੱਕ ਨਹੀਂ ਸੀ। ਛੇ ਭੈਣ ਭਰਾਵਾਂ 'ਚੋਂ ਸਭ ਤੋਂ ਛੋਟਾ ਬੱਬਲੂ ਆਪਣੇ ਪਿਤਾ ਜੀ ਨਾਲ ਜੋ ਰੋਟੀ ਰੋਜ਼ੀ ਲਈ ਜੱਬਲਪੁਰ ਕਾਫੀ ਸਮਾਂ ਪਰਿਵਾਰ ਸਮੇਤ ਰਹੇ ਅਤੇ ਮੁੜ ਜੰਮੂ ਆਏ ਤੇ ਬੱਬਲੂ, ਸਕੂਲ ਪੜ੍ਹਨ ਲੱਗਾ, ਨੌਵੀਂ ਕਲਾਸ ਵਿਚ ਪੜ੍ਹਦਿਆਂ ਕੌਮੀ ਸੰਘਰਸ਼ ਦੌਰਾਨ ਸਿੱਖੀ ਸਪਿਰਟ ਨਾਲ ਜੂਝ ਕੇ ਸ਼ਹੀਦ ਹੋਏ ਵੀਰਾਂ ਦੀ ਗਾਥਾਵਾਂ ਅਤੇ ਪੁਲਿਸ ਵੱਲੋਂ ਨਿਭਾਏ ਜਾ ਰਹੇ ਵਹਿਸ਼ੀ ਰੋਲ ਕਾਰਨ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਕੈਸਟਾਂ ਵਿਚ ਦਿੱਤੇ ਸੁਨੇਹਿਆਂ ਨੇ ਹਰਪਾਲ ਸਿੰਘ ਨੂੰ ਕੇ.ਜ਼ੈਡ.ਐਫ. ਦੇ ਨੇੜੇ ਲੈ ਆਂਦਾ ਸੀ।

ਦਸਵੀਂ ਕਲਾਸ ਵਿਚ ਪੜ੍ਹਦਿਆਂ ਇਕ ਦਿਨ ਕੁੱਝ ਹਿੰਦੂ (ਗੁੰਡਿਆਂ) ਅਤੇ ਇਕ ਫਿਰਕਾਪ੍ਰਸਤ ਮਾਸਟਰ ਨੇ ਸਿੱਖ ਮੁੰਡਿਆਂ ਨੂੰ ਜਲੀਲ ਕਰਨ ਲਈ ਅਤੇ ਸਿੱਖ ਜਜ਼ਬਿਆਂ ਦੀ ਪ੍ਰਵਾਹ ਨ ਕਰਦਿਆਂ ਬਾਬਾ ਭਿੰਡਰਾਂਵਾਲਿਆ ਵਿਰੁੱਧ ਅਪਸ਼ਬਦ ਬੋਲੇ, 12 ਵੱਜ

ਗਏ ਤੇ ਹੋਰ ਛੇੜਾਂ ਵਾਲੀ ਸ਼ਬਦਾਵਲੀ ਵਰਤੀ। ਬਸ ਫੇਰ ਕੀ ਸੀ, ਬੱਬਲੂ ਜੋ ਉਸ ਸਮੇਂ ਵੀ ਸ਼ਸ਼ਤਰਬਧ ਸੀ ਨੇ ਪਿਸਤੌਲ ਕੱਢ ਲਿਆ, ਗਿੱਦੜ ਭੱਬਕੀਆਂ ਮਾਰਨ ਵਾਲੇ ਨਕਲੀ ਸ਼ੇਰ ਮਾਸਟਰ ਅਤੇ ਮਾਸਟਰ ਦੀ ਸ਼ਹਿ ਤੇ ਗੁੰਮਰਾਹ ਹੋਏ ਮੁੰਡਿਆਂ ਦੇ ਸਾਹ ਸੁੱਕ ਗਏ। ਪਰ ਜਥੇਬੰਦੀ ਤੇ ਸਿਧਾਂਤ ਸ਼ਸਤਰ ਦਾ ਸੀਮਿਤ ਉਪਯੋਗ ਸਮੇਂ ਮੁਤਾਬਿਕ ਕੀਤਾ, ਸਾਰਿਆਂ ਦੀਆਂ ਦੌੜਾਂ ਲਗਵਾ ਕੇ ਇਕੱਲੇ ਬੱਬਲੂ ਨੇ ਸਕੂਲ ਦੇ ਸਿੱਖ ਮੁੰਡਿਆਂ ਨੂੰ ਹਿੰਮਤ ਬਖ਼ਸ਼ੀ, ਹੌਸਲੇ ਮੁੜ ਚੜ੍ਹਦੀਕਲਾ ਵਿਚ ਹੋ ਗਏ, ਬੱਬਲੂ ਨੂੰ ਪੁਲਿਸ ਲੱਭਣ ਲੱਗੀ, ਅਨਜਾਣਪੁਣਾ ਅਤੇ ਕਨੂੰਨ ਦਾ ਪਤਾ ਨਾ ਹੋਣ ਕਾਰਨ ਦਸਵੀਂ ਦੇ ਪੇਪਰਾਂ 'ਚ ਬੈਠੇ ਦੀ ਗ੍ਰਿਫ਼ਤਾਰੀ ਹੋ ਗਈ ਤੇ ਬੱਬਲੂ ਨੂੰ ਪੁਲਿਸ ਨੇ ਭਾਈ ਜਬਲਪੁਰੀਆਂ ਬਣਾ ਦਿੱਤਾ।

ਕਾਨੂੰਨੀ ਕਾਰਵਾਈ, ਕਾਨੂੰਨ ਦੀ ਧੱਜੀਆਂ ਉਡਾਂਦਿਆਂ ਜੋ ਨਿੱਕੀ ਉਮਰ ਦੇ ਸਿੱਖ ਨੌਜਵਾਨ ਨਾਲ ਕਰ ਸਕਦੇ ਸਨ ਕੀਤਾ ਗਿਆ, 2 ਸਾਲ ਦਾ P.S.A. ਲਗਾ ਕੇ ਜੰਮੂ ਦੀ ਸੈਂਟਰ ਜੇਲ੍ਹ ਭੇਜ ਦਿੱਤਾ ਗਿਆ, ਜੇਲ੍ਹ ਵਿਚ ਕਈ ਚੋਟੀ ਦੇ ਖਾੜਕੂ ਸਿੰਘਾਂ ਨਾਲ ਮੁਲਾਕਾਤ ਹੋਈ ਸੰਘਰਸ਼ ਲਈ ਵਰਤੀ ਜਾਣ ਵਾਲੀ ਨੀਤੀ ਵਿਚ ਨਿਖਾਰ ਆਇਆ ਭਾਈ ਜੱਬਲਪੁਰੀਆ ਦੇ ਤਾਏ ਦੇ ਪੁੱਤਰ ਭਾਈ ਧਰਮਵੀਰ ਸਿੰਘ ਐਡਵੋਕੇਟ (ਫੈਡਰੇਸ਼ਨ) ਮਨਮੋਹਨ ਸਿੰਘ ਕੰਮੋਕੇ, (B.T.F.) ਅਤੇ ਭੂਆ ਦੇ ਪੁੱਤਰ ਪਰਵਿੰਦਰ ਸਿੰਘ ਹੈਪੀ, ਕੇ.ਜੈਡ.ਐਫ. ਪਹਿਲੋਂ ਹੀ ਸੰਘਰਸ਼ ਵਿਚ ਸਰਗਰਮ ਸਨ ਅਤੇ ਭਾਈ ਧਰਮਵੀਰ ਸਿੰਘ ਉਸ ਵੇਲੇ ਜੰਮੂ ਜੇਲ੍ਹ ਵਿਚ ਬੰਦ ਸਨ।

ਜਮਾਨਤ ਤੇ ਰਿਹਾ ਹੋਕੇ ਆਇਆ "ਜੱਬਲਪੁਰੀਆ" ਮੁੜ ਸਕੂਲ ਨਾ ਗਿਆ ਤੇ ਪਰਿਵਾਰ ਨੂੰ ਹਮੇਸ਼ਾਂ ਲਈ ਫਤਹਿ ਬੁਲਾਕੇ (ਕੇ.ਜੈਡ.ਐਫ.) ਵਾਲੇ ਜਥੇ ਵਿਚ ਜਾਂ ਸ਼ਾਮਿਲ ਹੋਇਆ, ਜਥੇਬੰਦੀ ਵੱਲੋਂ ਭਾਈ ਜੱਬਲਪੁਰੀਆ, ਭਾਈ ਸੁਰਜੀਤ ਸਿੰਘ ਮਿੰਟਾ, ਭਾਈ ਗੁਰਮੇਲ ਸਿੰਘ, ਭਾਈ ਮਹਿੰਦਰ ਸਿੰਘ ਖਾਲਸਾ ਦਾ ਵੱਖਰਾ ਗਰੁੱਪ ਬਣਾ ਕੇ ਦੋਖੀਆਂ ਦੀ ਹਿੱਟ ਲਿਸਟ ਸੌਂਪ ਦਿੱਤੀ ਗਈ। ਐਕਸ਼ਨ ਦਰ ਐਕਸ਼ਨ ਤੋਂ ਬਾਅਦ ਹਕੂਮਤ ਜੰਮੂ ਕਸ਼ਮੀਰ ਵੱਲੋਂ ਇਨ੍ਹਾਂ ਦੇ ਜਥੇ ਨੂੰ (ਇਨਾਮੀ ਮੁਜ਼ਰਮ) ਐਲਾਨ ਦਿੱਤਾ ਗਿਆ, ਕਾਫੀ ਸਮਾਂ ਬੰਬੀਆਂ, ਨਹਿਰਾਂ, ਖੇਤਾਂ ਵਿਚ ਕੱਟਣ ਤੋਂ ਬਾਅਦ ਜਥੇਬੰਦੀ ਵੱਲੋਂ ਇਕ ਬੈਠਕ ਕਰਕੇ ਪੰਜਾਬ ਵਿਚਲੀ ਲਹਿਰ ਨੂੰ ਮੁੜ ਜ਼ਿੰਦਾ ਕਰਨ ਲਈ ਜਥੇ ਦੀ ਸੇਵਾ ਲਾਈ ਗਈ, ਪੰਜਾਬ ਦੇ ਕੁਝ ਖਾੜਕੂ ਸਿੰਘ ਜੋ ਜੇਲ੍ਹਾਂ 'ਚੋਂ ਛੁੱਟ ਕੇ ਆਏ ਸਨ ਅਤੇ ਕਾਫ਼ੀ ਸਮੇਂ ਤੋਂ ਜਥੇਬੰਦੀ ਦਾ ਸਹਿਯੋਗ ਮੰਗ ਰਹੇ ਸਨ, ਉਨ੍ਹਾਂ ਦੀ ਮੁਲਾਕਾਤ ਲਈ ਭਾਈ ਜੱਬਲਪੁਰੀਆ ਦੀ ਡਿਊਟੀ ਲਾਈ ਗਈ। ਭਾਈ ਜੱਬਲਪੁਰੀਆ ਮੁਕੇਰੀਆ ਜਾ ਪੁੱਜਾ ਜਿੱਥੇ ਮਿਲਨ ਦਾ ਟਾਇਮ ਦਿੱਤਾ ਗਿਆ ਸੀ, ਮੁਲਾਕਾਤ ਹੋਈ, ਵਿਚਾਰਾ ਤੋਂ ਬਾਅਦ ਭਾਈ ਜੱਬਲਪੁਰੀਏ ਦੇ ਗੁਰਦੁਆਰਾ ਸਾਹਿਬ ਵਿਖੇ ਸੌਣ ਲਈ ਥਾਂ ਤਿਆਰ ਕੀਤਾ ਗਿਆ, ਮੁਕੇਰੀਆ ਦਾ 'ਜੱਗਾ' ਨਾਮ ਦੇ ਸ਼ਖ਼ਸ ਨੇ ਭਾਈ ਜੱਬਲਪੁਰੀਏ ਦੇ ਸ਼ਸਤਰ ਲਏ ਤੇ ਆਪ ਲੰਗਰ ਲੈਣ ਤੁਰ ਗਿਆ, ਅਸਲ ਵਿਚ ਜੱਗਾ ਪੁਲਿਸ ਦਾ ਕੈਟ ਸੀ ਅਤੇ ਲੰਮੇ ਸਮੇਂ ਤੋਂ ਖਾੜਕੂ ਸਿੰਘਾਂ

ਨੂੰ ਧੋਖਾ ਦਿੰਦਾ ਅਤੇ ਸ਼ਹੀਦ ਕਰਵਾਈ ਜਾ ਰਿਹਾ ਸੀ। ਭਾਈ ਜੱਬਲਪੁਰੀਆ ਵੀ ਪੁਲਿਸ ਦੀ ਘੇਰਾਬੰਦੀ 'ਚ ਆ ਗਿਆ, ਜੱਦ ਜੱਗੇ ਨੇ ਬੂਹਾ ਆ ਖੁਲਵਾਇਆ ਅਤੇ ਭਾਈ ਜੱਬਲਪੁਰੀ ਨਿਹੱਥਾ ਪੁਲਿਸ ਦੇ ਕਾਬੂ ਆ ਗਿਆ।

ਭਾਈ ਜੱਬਲਪੁਰੀਏ ਤੋਂ ਸਾਥੀਆਂ ਦੇ ਠਿਕਾਣੇ, ਹਥਿਆਰ, ਐਕਸ਼ਨਾਂ ਦਾ ਪ੍ਰੋਗਰਾਮ ਪੁੱਛ ਪੜਤਾਲ ਵਿਚ ਜਦ ਕੁਝ ਵੀ ਹੱਥ ਨਾ ਲੱਗਾ ਤਾਂ ਜੱਬਲਪੁਰੀਏ ਨੂੰ ਮਜ਼ਬੂਰ ਕਰਨ ਲਈ ਉਸਦੀ ਮੁਕੇਰੀਆਂ ਵਿਹਾਈ ਹੋਈ ਭੈਣ ਤੇ ਜੀਜਾ ਅਤੇ ਨਿੱਕੀ ਜਿਹੀ ਭਾਣਜੀ ਨੂੰ ਬਟਾਲੇ ਥਾਣੇ ਲਿਆਉਂਦਾ ਗਿਆ, ਜਲਾਲਤ ਭਰੇ ਮਾਹੌਲ ਤੋਂ ਇਲਾਵਾ ਜੱਬਲਪੁਰੀਏ ਨੂੰ ਅਣ ਮਨੁੱਖੀ ਤਸੀਹੇ ਦਿੱਤੇ ਗਏ। ਪੱਟ ਚੀਰ ਕੇ ਲੂਣ ਮਿਰਚ ਭਰਿਆ ਗਿਆ, ਨਾਮੋਸ਼ੀ ਦੀ ਹਾਲਤ ਵਿਚ ਮੁੱਖਬਰਾਂ ਦੀ ਦਗਾਬਾਜੀਆਂ ਦਾ ਸ਼ਿਕਾਰ ਹੋਏ, ਭਾਈ ਮਾਸਟਰ, ਭਾਈ ਗੁਰਦੀਪ ਸਿੰਘ ਨੇਪਾਲੀ, ਅਤੇ ਭਾਈ ਜੱਬਲਪੁਰੀਏ ਨੂੰ ਦੋ ਕਸ਼ਮੀਰੀ ਮੁਸਲਮਾਨ ਨੌਜਵਾਨਾਂ ਸਮੇਤ 13 ਮਈ 1994 ਨੂੰ ਇਕ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਬਣਾ ਕੇ ਬਟਾਲਾ (ਪੰਜਾਬ) ਵਿਖੇ ਸ਼ਹੀਦ ਕਰ ਦਿੱਤਾ ਗਿਆ। ਪਰਿਵਾਰ ਵੱਲੋਂ ਲਾਸ਼ਾ ਮੰਗਣ ਤੇ ਮੁੜ ਭਾਰਤੀ ਸਿਸਟਮ ਦਾ ਭ੍ਰਿਸ਼ਟ ਚਿਹਰਾ ਵੇਖਣ ਨੂੰ ਮਿਲਿਆ ਤੇ ਉਹ ਨਿਰਾਸ਼ਾ ਅਤੇ ਗੁਲਾਮੀ ਦਾ ਅਹਿਸਾਸ ਲੈ ਕੇ ਘਰਾਂ ਨੂੰ ਪਰਤ ਆਏ।....

"ਰਾਹ ਖ਼ੁਦਾਰੀ ਸੇ ਮਰ ਕਰ ਭੀ ਭਟਕ ਸਕਤੇ ਨਹੀਂ
ਟੂਟ ਤੋ ਸਕਤੇ ਹੈਂ ਹਮ, ਲੇਕਿਨ ਲਚਕ ਸਕਤੇ ਨਹੀਂ।"

■■■

ਭਾਈ ਅੰਮ੍ਰਿਤਪਾਲ ਸਿੰਘ ਰੋਮੀ

ਜਿਵੇਂ ਅੱਜਕੱਲ ਭਾਰਤੀ ਫ਼ਿਲਮ ਇੰਡਸਟਰੀ ਦੇਸ਼ ਅੰਦਰ ਚੱਲ ਰਹੀਆਂ ਅੱਡੋ-ਅੱਡ ਖਾੜਕੂ ਲਹਿਰਾਂ ਨੂੰ ਲੈਕੇ ਮਸਾਲਾ ਕਿਸਮ ਦੀਆਂ ਫ਼ਿਲਮਾਂ ਪੇਸ਼ ਕਰ ਰਹੀ ਹੈ, ਇਸੇ ਦੀ ਕੜੀ 'ਚ ਪੰਜਾਬ ਦੀ ਖਾੜਕੂ ਲਹਿਰ ਨੂੰ ਲੈ ਕੇ ਮਾਚਿਸ, ਬਾਦਲ, ਹਵਾਏਂ ਅਤੇ ਦੇਸ਼ ਹੋਇਆ ਪ੍ਰਦੇਸ ਨੂੰ ਤਿਆਰ ਕੀਤਾ ਗਿਆ ਹੈ। ਭਾਵੇਂ ਇਹ ਫ਼ਿਲਮਾਂ ਲਹਿਰਾਂ ਦੇ ਹਨੇਰੇ ਪੱਖਾਂ ਅਤੇ ਕੰਮਜ਼ੋਰੀਆਂ ਨੂੰ ਹੀ ਉਜਾਗਰ ਕਰਦੀਆਂ, ਸਿਸਟਮ ਵੱਲ ਝੁਕਾਵ ਰੱਖਦੀਆਂ ਨਜ਼ਰ ਆਉਂਦੀਆਂ ਹਨ, ਪਰ ਫਿਰ ਵੀਕੁਝ ਜਾਣੇ-ਅਣਜਾਣੇ ਸਾਡੀਆਂ ਅੱਖਾਂ ਖੋਲਣ ਤਾਈਂ ਸਾਡੇ ਪੱਲੇ ਕੁੱਝ ਪਾ ਹੀ ਜਾਂਦੀਆਂ ਹਨ। ਜੇ ਅਸੀਂ ਇਨ੍ਹਾਂ ਚੰਦ ਪਰਦੇ ਦੀਆਂ ਕਹਾਣੀਆਂ ਤੇ ਇਕ ਬਿਨਾਂ ਪੱਖਪਾਤ ਦ੍ਰਿਸ਼ਟੀ ਪਾਈਏ ਤਾਂ ਅੰਤਮ ਨਤੀਜਾ ਸਰਕਾਰ ਜਾਂ ਸਿਸਟਮ ਵਿਚ ਮੌਜੂਦ ਉਣਤਾਈਆਂ ਵੱਲ ਹੀ ਨਿਗਾਹ ਜਾਵੇਗੀ, ਅਤੇ ਕਦੇ ਤਾਂ ਕੁਝ ਘਟਨਾਵਾਂ ਸੰਜੋਗ ਵਸ ਹੀ ਸਾਡੀ ਜ਼ਿੰਦਗੀ ਅਤੇ ਪਰਦੇ ਵਿਚਾਲੀ ਖੇਡ ਨੂੰ ਪੂਰਦੀਆਂ ਸਾਡੇ ਸਾਹਮਣੇ ਆ ਖਲੋਂਦੀਆਂ ਹਨ, ਫ਼ਿਲਮ 'ਦੇਸ ਹੋਇਆ ਪ੍ਰਦੇਸ' ਵੇਖ ਰਹੇ ਸੀ, ਇਹ ਮੇਰਾ ਪੰਜਾਬ ਨਹੀਂ, ਨੀ ਮਾਏ ਇਹ ਮੇਰਾ ਪੰਜਾਬ ਨਹੀਂ... (ਗਾਨਾ ਫ਼ਿਲਮ) ਫ਼ਿਲਮ ਦਾ ਨਾਇਕ ਗੁਰਸ਼ਾਂਤਗੁਰੀ (ਗੁਰਦਾਸਮਾਨ) ਆਪਣੀ ਭੈਣ ਦੇ ਵਿਆਹ 'ਚ ਨੇਪਾਲ ਰਾਹੀਂ ਘਰ "ਪੰਜਾਬ" ਪਰਤਨ ਦੀ ਚਾਹ ਪਿੱਛੇ ਪੁਲਿਸ ਦੇ ਜਬੜਿਆਂ ਵਿਚ ਇਕ ਚਬਾਈ ਹੋਈ ਬੋਟੀ ਬੰਨਕੇ ਰਹਿ ਜਾਂਦਾ ਹੈ, ਸੀਨ ਹਕੀਕਤ ਵਾਲੇ ਪਾਸੇ ਮੁੜਦਾ ਹੈ।

ਮੇਰਾ ਸੰਘਰਸ਼ੀ ਦੋਸਤ, ਮੇਰੀ ਭੈਣਾਂ ਦਾ ਧਰਮੀਂ ਭਰਾ ਜੋ ਸੰਘਰਸ਼ ਦੇ ਹਰ ਪੜਾਅ ਅਤੇ ਹਰ ਔਖੀ ਘੜੀ 'ਚ ਹਮਰਾਜ ਬਣਿਆ ਰਿਹਾ, ਮੈਂ ਉਸਨੂੰ ਹਮੇਸ਼ਾ ਹੱਸਦਿਆਂ ਹੀ ਵੇਖਿਆ ਸੀ, ਖ਼ੂਬਸੂਰਤ ਬੇਹੱਦ ਸੋਹਣਾ, ਮਿੱਠ ਬੋਲੜਾ, ਸਮਝਦਾਰ ਅਤੇ ਭਾਵੁਕ ਚਰਿੱਤਰ ਦਾ ਮਾਲਕ, ਗੋਲੀਆਂ ਦੀ ਭੇਟ ਚਾੜ ਦਿੱਤਾ ਗਿਆ, ਪਰ ਕਿਉਂ ? ਸੋਚਣ ਲਈ ਮੇਰੇ ਜ਼ੇਹਨ ਦੇ ਸਾਰੇ ਦਰਵਾਜ਼ੇ ਹਨੇਰੇ ਨਾਲ ਬੰਦ ਹੋ ਜਾਂਦੇ ਹਨ, ਛੱਡੋ...। **"ਮੇਰੀ ਸੋਚ ਕੀ ਰਾਹੇਂ ਜਾਕਰ ਮਕੱਤਲ ਸੇ ਮਿਲ ਜਾਤੀ ਹੈ,। ਅਬ ਸੋਚਤਾ ਜੋ ਹੂੰ ਕਿਆ ਸੋਚੂ ਔਰ ਕਿਆ ਲਿਖੂੰ। ਜੰਮੂ ਤੋਂ ਸ਼ੁਰੂ ਕਰਦੇ ਹਾਂ,** ਭਾਈ ਰੋਮੀ, ਯਾਨੀ ਅੰਮ੍ਰਿਤਪਾਲ ਸਿੰਘ, ਇੰਜੀਨੀਅਰ ਦਾ ਜਨਮ 1971 ਵਿਚ ਪਿਤਾ ਸ੍. ਭੁਪਿੰਦਰ ਸਿੰਘ (ਸਰਵਸਮੇਨ ਮਹਿਕਮਾਂ ਦੂਰ ਸੰਸਾਰ) ਅਤੇ ਮਾਤਾ ਜੋਗਿੰਦਰ ਕੌਰ ਦੇ ਘਰ ਬਸਤੀ ਗੋਬਿੰਦਪੁਰਾਂ (ਸਿੰਬਲ ਮੋੜ) ਜੰਮੂ ਵਿਖੇ ਹੋਇਆ। ਰੋਮੀ ਤਿੰਨ ਭਰਾ ਤਿੰਨ ਭੈਣਾਂ 'ਚੋਂ ਸਭ ਤੋਂ ਵੱਡਾ ਸੀ, ਅਤੇ ਪਿਤਾ ਜੀ ਦੀ ਮੌਤ ਤੋਂ ਬਾਅਦ ਘਰ ਦੀ ਸਾਰੀ ਜ਼ਿੰਮੇਵਾਰੀ ਭਾਈ ਰੋਮੀ ਸਿਰ ਆ ਗਈ ਸੀ, ਪਰ ਉਸ ਦੇ ਕੋਮਲ ਮਨ ਨੇ ਭਾਰਤ ਦੀਆਂ ਘੱਟ ਗਿਣਤੀਆਂ ਖਾਸ ਕਰ, ਸਿੱਖਾਂ ਤੇ ਬਹੁ ਗਿਣਤੀ ਵੱਲੋਂ ਕੀਤੇ ਜਾ ਰਹੇ ਅਤਿਆਚਾਰਾਂ ਅਤੇ ਬੇ ਪੱਤੀਆਂ ਨੇ ਭਾਈ ਰੋਮੀ ਨੂੰ ਇਕ ਅਜਿਹਾ ਭਰਾ ਬਣਾ ਦਿੱਤਾ ਸੀ, ਜਿਹੜਾ ਸਾਰੀਆਂ ਹੀ ਬੇਪੱਤ ਤੇ

ਮਜ਼ਲੂਮ ਕੁੜੀਆਂ ਨੂੰ ਆਪਣੀ ਮਾਂ ਦੇ ਪੇਟੋਂ ਪੈਦਾ ਹੋਈਆਂ ਭੈਣਾਂ ਦੇ ਬਰਾਬਰ ਅਲਬਤਾ ਇਕ ਕਦਮ ਵੱਧ ਕੇ ਵੇਖਣ ਲੱਗ ਪਿਆ ਸੀ, ਫਿਰ ਜਾਹਿਰ ਸੀ ਜਾਲਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦਾ ਜਵਾਬ, ਇੱਟ ਦੇ ਜਵਾਬ ਵਿਚ ਫੁੱਲਾਂ ਨਾਲ ਨਹੀਂ ਸੀ ਦਿੱਤਾ ਜਾ ਸਕਦਾ, ਜੇ ਕੋਈ ਦੇਣ ਦੀ ਕੋਸ਼ਿਸ਼ ਵੀ ਕਰੇ ਤਾਂ ਨਤੀਜਾ ਫਿਰ ਗੁਲਾਮੀ ਹੀ ਹੁੰਦੀ ਹੈ, ਇਸ ਕਰਕੇ ਭਾਈ ਰੋਮੀ ਨੇ ਇਕ ਕਦਮ ਅੱਗੇ, ਵੱਧਦਿਆਂ ਇੱਟ ਦਾ ਜਵਾਬ ਪੱਥਰ ਨਾਲ ਨਾਂ ਦੇ ਕੇ ਗੋਲੀ ਨਾਲ ਦੇਣਾ ਸ਼ੁਰੂ ਕਰ ਦਿੱਤਾ ਸੀ, ਤੇ ਆਪ ਸਾਰੇ ਐਕਸ਼ਨ ਚੋਂਦਰ ਦੀ ਭੁੱਖ ਤੋਂ ਦੂਰ ਗੁੰਮਨਾਮ ਪੂਣੇ 'ਚ ਹੀ ਕਰਦਾ ਰਿਹਾ।

ਜਦੋਂ ਕਿ ਉਸ ਨੂੰ ਪੁਲਿਸ ਅਤੇ ਖਾੜਕੂ ਹਲਕਿਆਂ ਵਿਚ ਸਿਰਫ਼ ਭਾਈ ਰਣਜੀਤ ਸਿੰਘ, ਨੀਤੇ ਦੇ ਦੋਸਤ ਵਜੋਂ ਹੀ ਜਾਣਿਆਂ ਪਹਿਚਾਣਿਆ ਜਾਂਦਾ ਸੀ, 1988 ਵਿਚ ਇਕ ਸਿਪਾਹੀ ਵਾਂਗੂ ਜਿੰਦਾਬਾਦ ਫੋਰਸ (ਕੇ.ਜ਼ੈਡ.ਆਫ) ਵਿਚ ਭਰਤੀ ਹੋਣ ਸੇਵਾਦਾਰਾਂ ਵੱਲੋਂ ਦਿੱਤੀਆਂ ਸੇਵਾਵਾਂ ਇਕੱਲਿਆਂ ਹੀ ਨਿਭਾਉਣਾ ਅਤੇ ਘਰਦਿਆਂ ਦੀਆਂ ਆਸਾਂ ਪੂਰਦਾ ਇੰਜਨੀਅਰਿੰਗ ਦਾ ਡਿਪਲੋਮਾ ਵੀ ਨਾਲ-ਨਾਲ ਕਰਦਾ ਰਿਹਾ, ਨਤੀਜੇ ਵਜੋਂ ਪਿਤਾ ਦੀ ਥਾਂ ਤੇ ਨੌਕਰੀ ਦਾ ਆਰਡਰ ਵੀ ਅਪੜ ਗਿਆ ਸੀ, ਭਾਣਾ ਤਾਂ ਭਾਣਾ ਹੀ ਸੀ, ਕਿਸੇ ਐਕਸ਼ਨ ਮਗਰੋਂ ਫੜੇ ਗਏ ਇਕ ਨੌਜਵਾਨ ਨੇ ਭਾਈ ਰੋਮੀ ਦਾ ਨਾਮ ਵੀ ਪੁਲਿਸ ਅੱਗੇ ਉਗਲ ਦਿੱਤਾ ਨਤੀਜਾ ਗ੍ਰਿਫ਼ਤਾਰੀ ਅਤੇ ਦੋ ਸਾਲ ਦੀ ਜੇਲ੍ਹ।

ਪੜ੍ਹੇ-ਲਿਖੇ ਹੋਣ ਕਰਕੇ ਆਪਣੇ ਕੇਸ ਦੀ ਪੈਰਵੀ ਆਪ ਹੀ ਕਰਦਿਆਂ ਹੋਮ ਸੈਕਟਰੀ ਨੂੰ ਚਿੱਠੀ ਲਿਖ ਕੇ ਭੇਜੀ, ਜਿਸ ਤੇ ਹੋਮ ਸੈਕਟਰੀ ਨੇ ਅਮਲ ਕਰਦਿਆ, ਭਾਈਂ ਰੋਮੀ ਦਾ ਦੋ ਸਾਲ ਦਾ ਪੀ.ਐਸ.ਏ. ਕਰੈਸ ਕਰ (ਤੋੜ) ਦਿੱਤਾ, ਕਈ ਵੇਰਾਂ ਅੰਦਰ-ਬਾਹਰ ਲੱਗਾ ਰਿਹਾ, ਪਰ ਭਾਈ ਰੋਮੀਂ ਤੋਂ ਕਦੀ ਵੀ ਕੁਝ ਬਰਾਮਦ ਨਾ ਹੋਇਆ, ਜਿਸ ਕਰਕੇ ਭਾਈ ਰੋਮੀ ਪੁਲਿਸ ਦੀ ਅੱਖਾਂ 'ਚ ਕੰਡੇ ਵਾਂਗ ਰੜਕਣ ਲੱਗ ਪਿਆ ਸੀ। 1997 ਪੰਜਾਬ ਵਿਚ ਇਕ ਖਾੜਕੂ ਨੌਜਵਾਨ ਦੀ ਗ੍ਰਿਫ਼ਤਾਰੀ ਤੋਂ ਭਾਈ ਰੋਮੀ ਦੇ ਨਾਮ ਦਾ ਜ਼ਿਕਰ ਹੋਣ ਤੇ ਟਾਡਾ ਅਧੀਨ ਗ੍ਰਿਫ਼ਤਾਰੀ ਮੁੜ ਸਲਾਖਾਂ, ਨਾਲੇ, ਪੀ.ਐਸ.ਏ. ਲਗਾ ਦਿੱਤਾ ਗਿਆ, ਇਸ ਵੇਰਾਂ ਅਸੀਂ (ਲੇਖਕ) ਇਕੱਠੇ ਜੇਲ੍ਹ ਵਿਚ ਸਮਾਂ ਬਿਤਾਇਆ। ਹੁਣ ਬਾਹਰ ਆਉਣ ਤੇ ਭਾਈ ਰੋਮੀ ਤੇ ਜ਼ਿੰਮੇਵਾਰੀਆਂ ਦੀ ਪੰਡ ਬਹੁਤ ਭਾਰੀ ਹੋ ਚੁੱਕੀ ਸੀ, ਨੌਕਰੀ ਵੀ ਹੱਥੋਂ ਨਿਕਲ ਚੁੱਕੀ ਸੀ, ਕੁਝ ਸਾਥੀ ਸਿੰਘਾਂ ਦੀ ਮਦਦ ਨਾਲ ਭਾਈ ਰੋਮੀ ਸਿੰਘਾਪੁਰ ਦੇ ਜਹਾਜ਼ ਦੇ ਚੜ੍ਹ ਗਿਆ। ਉਥੇ ਵੀ ਕੁਝ ਮਸਲਾ ਬਣ ਜਾਣ ਤੇ ਮੁੜ ਜੰਮੂ ਆ ਗਿਆ, ਆਉਣ ਤੇ ਇਕ ਭੈਣ ਦਾ ਵਿਆਹ (ਅਨੰਦਕਾਰਜ) ਕਰਵਾਇਆ ਪੁਲਿਸ ਨੂੰ 'ਸਿੰਘਾਪੁਰ' ਜਾਨ ਦੀ ਖ਼ਬਰ ਤੇ ਹੋਰ ਕੇਸਾਂ ਵਿਚ ਮੁੜ ਗ੍ਰਿਫ਼ਤਾਰੀ 'ਤਸੀਹੇ ਕੇਂਦਰ' ਤੇ ਲਾਲ ਇੱਟਾਂ ਦਾ ਘਰ ਸੀਖਾਂ ਦੇ ਦਰਵਾਜਿਆਂ ਪਿੱਛੇ ਘੱਲ ਦਿੱਤਾ ਗਿਆ, ਕੁਝ ਵੀ ਬਰਾਮਦ ਨਾ ਹੋਣ ਤੇ ਕੇਸ ਹਲਕਾ ਬਣਿਆ ਤੇ ਜ਼ਮਾਨਤਾਂ ਹੋ ਗਈਆਂ, ਪੁਲਿਸ ਦਾ ਮਾੜੀ ਨੀਅਤ ਨਾਲ ਭਾਈ ਰੋਮੀ ਨੂੰ ਜੇਲ੍ਹ ਦੇ ਬਾਹਰੋਂ ਚੁੱਕ ਕੇ ਠਿਕਾਣੇ ਲਾਉਣ ਦਾ ਪ੍ਰੋਗਰਾਮ ਸੀ ਅਸੀਂ ਰੋਮੀ ਤੇ ਲੇਖਕ ਜੇਲ੍ਹ ਵਿਚ ਇਕੱਠੇ ਸੀ, ਜਿਸ ਵੇਲੇ ਜ਼ਮਾਨਤਾਂ ਦੀ ਖਬਰ ਆਈ ਸੀ, ਭਾਈ ਰੋਮੀ ਨੇ ਸਾਫ਼ ਕਹਿ ਦਿੱਤਾ ਸੀ, ਵੀਰੇ (ਮਨਮੋਹਨ) ਜੇ ਜੀਉਂਦਾ ਰਹੇ ਤਾਂ ਸੰਘਰਸ਼ ਵਿਚ ਹੁਣ ਤਬਦੀਲੀ ਲਿਆਵਾਂਗੇ ਜੇ ਇਨ੍ਹਾਂ ਨੇ ਜੀਣ ਨਹੀਂ ਦਿੱਤਾ ਤਾਂ, ਐਤਕੀ ਇਨ੍ਹਾਂ ਨੂੰ ...। ਭਾਈ ਰੋਮੀ ਜੇਲ੍ਹ ਦੇ ਬਾਹਰੋਂ ਪੁਲਿਸ ਨੂੰ ਧੋਖਾ ਦੇ ਕੇ

ਨਿਕਲਣ ਵਿਚ ਕਾਮਯਾਬ ਹੋ ਗਿਆ।

ਭਾਈ ਰੋਮੀ ਤੇ 'ਖਾਲਿਸਤਾਨ ਜਿੰਦਾਬਾਦ ਫੋਰਸ' ਦਾ ਚੀਫ ਦੋਵੇਂ ਕਿਸੇ ਨਵੀਂ ਦਿਸ਼ਾ ਵੱਲ ਨਿਕਲ ਗਏ, ਭਾਈ ਰੋਮੀ ਮੁੜ ਇਕ ਵਾਰ ਦੁਬੱਈ ਨਿਕਲ ਗਿਆ, ਕੁਝ ਸਮੇਂ ਬਾਅਦ ਜਥੇਬੰਦੀ ਦੇ ਜ਼ਰੂਰੀ ਕੰਮ ਅਤੇ ਭੈਣਾਂ ਦੇ ਅਨੰਦ ਕਾਰਜ ਲਈ ਨੇਪਾਲ ਰਾਹੀਂ ਪਰਤਦਿਆਂ ਇਕ ਨੇਪਾਲੀ ਮੁਖਬਰ ਦੀ ਸੂਹ ਤੇ ਦਿੱਲੀ ਪੁਲਿਸ ਦੇ ਅੜਿੱਕੇ ਚੜ੍ਹ ਗਿਆ 'ਫਿਰ ਕਿਆ ਸੋਚੇ, ਔਰ ਕਿਆ ਲਿਖੇ, ਵੀਰ ਰੋਮੀ, ਮਕੱਤਲ ਦੇ ਰਾਹ ਤੋਰਿਆ ਗਿਆ, ਦਿੱਲੀ, ਪੰਜਾਬ, ਜੰਮੂ-ਕਸ਼ਮੀਰ ਬੁੱਚੜ ਖਾਣੇ ਕੇਸਾਂ ਦੀ ਲੰਮੀ ਫਾਈਲ ਤਿਆਰ ਕੀਤੀ ਗਈ ਜੱਜਾਂ ਸਾਹਮਣੇ ਪੇਸ਼ ਕੀਤਾ ਗਿਆ, ਰਿਮਾਂਡ ਮੰਗਣ ਤੇ ਪੁਲਿਸ ਦੇ ਸਾਹਮਣੇ ਰੋਮੀ ਵੀਰ ਨੇ ਜੱਜਾਂ ਨੂੰ ਆਪਣੀ ਨੇਪਾਲ ਤੋਂ ਹੋਈ ਗ੍ਰਿਫਤਾਰੀ ਤੋਂ ਇਨਕਾਰ ਕਰ ਦਿੱਤਾ ਕਿਸੇ ਵੀ ਸਟੇਟ 'ਚੋਂ ਰਿਮਾਂਡ ਪ੍ਰਾਪਤ ਨਾ ਹੋਇਆ, ਪੁਲਿਸ ਦੇ ਪੋਲ ਖੁੱਲਦੇ ਗਏ, ਖਾਕੀ ਵਰਦੀ ਨੂੰ ਰਜ ਕੇ ਫੱਟਕਾਰਾਂ ਪੈਂਦੀਆਂ ਰਹੀਆਂ ਇਹ ਜਿੱਲਤ ਖਾਕੀ ਵਰਦੀ ਨੂੰ ਬਰਦਾਸ਼ਤ ਕਿਵੇਂ ਹੁੰਦੀ ਆਖਰ ਭਾਈ ਰੋਮੀ ਨੂੰ 19-11-2000 ਜੰਮੂ ਦੇ ਕਠੂਆਂ ਬਾਰਡਰ ਉੱਤੇ, ਹੱਥ ਪਿੱਛੇ ਬਣ ਕੇ ਗੋਲੀਆਂ ਮਾਰ ਦਿੱਤੀਆਂ ਗਈਆਂ ਜੱਦ ਮੈਂ ਗੁ. ਬਕਸ਼ੀ ਨਗਰ ਹੈਡਗ੍ਰੰਥੀ ਹੁੰਦਿਆਂ ਰੋਮੀ ਦੀ ਗ੍ਰਿਫਤਾਰੀ ਵਾਰੇ ਲੀਡਰਾਂ ਤੱਕ ਪਹੁੰਚ ਅਤੇ ਇਸ ਦਾ ਵਿਰੋਧ ਕਰਨਾ ਚਾਹਿਆ ਤਾਂ ਮੈਨੂੰ ਵੀ ਝੂਠੇ ਕੇਸਾਂ ਵਿਚ ਗ੍ਰਿਫਤਾਰ ਕਰ ਲਿਆ ਗਿਆ, ਜਿਸ ਤੋਂ ਬਾਅਦ ਇੰਨਟੈਰੋਗੇਸ਼ਨ ਸੇਫ ਹਾਊਸ (ਜੋ ਹਾਰਡਕੋਰ ਮਿਲੀਟੈਂਟਾਂ ਲਈ ਬੰਨਿਆ ਹੋਇਆ ਹੈ) ਪੁਜਿਆ ਤਾਂ ਉੱਥੇ ਇਕ ਪਾਕਿਸਤਾਨੀ ਨਿਆਜੂ ਦੀਨ ਜੋ ਮੇਰੇ ਨਾਲ ਹੀ ਟੰਗਿਆ ਹੋਇਆ ਸੀ, ਨੇ ਦੱਸਿਆ ਕਿ 'ਪੁਲਿਸ ਦਾ ਪ੍ਰੋਗਰਾਮ ਤਿੰਨ ਜਣਿਆ ਨੂੰ ਇਕੱਠਾ ਮਾਰਣ ਦਾ ਸੀ, ਜਿਸ ਵਿਚ ਰੋਮੀ, ਨਿਆਜੂ (ਉਹ ਖੁਦ) ਤੇ ਮਨਮੋਹਨ (ਲੇਖਕ) ਸ਼ਾਮਿਲ ਸਨ, ਪਰ ਰੋਮੀ ਦੀ ਗ੍ਰਿਫਤਾਰੀ ਦਾ ਰੋਲਾ ਪੈ ਜਾਣ ਅਤੇ ਤੇਰੀ (ਭਾਵ ਮੇਰੀ) ਗ੍ਰਿਫਤਾਰੀ ਦੇਰ ਨਾਲ ਹੋਣ ਕਰਕੇ ਰੋਮੀ ਤਾਂ ਪਹਿਲਾਂ ਹੀ ਅੱਲਹਾ ਨੂੰ ਪਿਆਰਾ ਹੋ ਗਿਆ, ਮੇਰਾ ਨੰਬਰ (ਝੂਠਾ ਮੁਕਾਬਲਾ) ਅੱਜ ਜਾਂ ਕਲ ਹੋ ਜਾਣਾ ਹੈ, ਤੇਰਾ ਰੱਬ ਰਾਖਾ, ਉਹੀ ਹੋਇਆ, ਜੋ ਕੁਝ ਨਿਆਜੂ ਦੀਨ ਨੇ ਦੱਸਿਆ ਸੀ, ਉਹੀ ਕੁਝ ਇਕ ਰਾਜਪੂਤ ਆਫਿਸਰ ਨੇ ਸ਼ਰਾਬ ਦੇ ਨਸ਼ੇ ਵਿਚ ਮੈਨੂੰ ਮੂੰਹ ਤੇ ਸਿਗਰਟ ਲਾਉਂਦਿਆਂ ਦੱਸ ਦਿੱਤਾ ਤੇ ਨਿਆਜੂ ਦੀ ਖ਼ਬਰ ਸਾਡੇ ਕੋਲ ਜੇਲ੍ਹ ਵਿਚ ਅਖ਼ਬਾਰ ਰਾਹੀ ਪੁੱਜੀ ਜਿਸ ਦੀ ਹੈਡ ਲਾਈ ਨੇ ਸੀ ਬਾਰਡਰ-ਕਰਾਸ ਕਰਦਾ ਖਾੜਕੂਆਂ ਦਾ ਮਦਦਗਾਰ ਅੱਤਵਾਦੀ ਹਲਾਕ...।

ਜੇਲ੍ਹ 'ਚੋ ਰਿਹਾਅ ਹੋਏ ਤਾਂ ਖ਼ਬਰ ਮਿਲੀ ਕਿ ਇਕ ਸਿੱਖ ਨੌਜਵਾਨ ਸਭਾ, ਨੇ ਸ਼ਹੀਦੀ ਸਮਾਗਮ ਵਿਚ ਸਿੰਘਾਂ ਨੂੰ ਸ਼ਹੀਦ ਕਰਨ ਅਤੇ ਤਸੀਹੇ ਦੇਣ ਵਾਲੇ ਉਸੇ ਅਫ਼ਸਰ ਨੂੰ ਸਨਮਾਨਿਤ ਕੀਤਾ ਹੈ ਜੋ ਰੋਮੀ ਦੇ ਕਤਲ ਵਿਚ ਵੀ ਸ਼ਾਮਲ ਸੀ। ਅਫ਼ਸੋਸ ਸੌ ਵਾਰ। ਵੀਰ ਰੋਮੀ ਦੀ ਸ਼ਹਾਦਤ, ਉਸ ਦੇ ਸੁਪਨੇ, ਉਸ ਦੀ ਯਾਦਾਂ ਜੋ ਹਮੇਸ਼ਾਂ ਸਾਡੇ ਨਾਲ ਰਹਿਣਗੀਆਂ, ਸਾਡੀ ਤਾਕਤ, ਸਾਡੀ ਪ੍ਰੇਰਨਾ ਬੰਨਕੇ।

ਜਿਥੇ ਗਏ ਹੋ ਦੋਸਤੋ, ਅਸੀਂ ਵੀ ਆਏ ਸਮਝ,
ਬਲਦੀ ਚਿਖਾ ਸ਼ਹੀਦਾਂ ਦੀ ਠੰਡੀ ਨੀ ਹੋਣ ਦੇਣੀ।
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ ਯਾਰੋ,
ਲਹਿਰ ਹੱਕਾਂ ਦੀ ਰੰਡੀ ਨੀ ਹੋਣ ਦੇਣੀ। ਆਮੀਨ।

■■■

ਭਾਈ ਜਗਜੀਤ ਸਿੰਘ ਬੱਬਰ ਜੰਮੂ

ਜੰਮੂ ਕਸ਼ਮੀਰ ਦੇ ਜਿਲ੍ਹਾ ਪੁੱਣਛ ਦੀ ਤਹਿਸੀਲ, ਮੈਂਡਰ ਦਾ ਇਕ ਛੋਟਾ ਜਿਹਾ ਪਿੰਡ ਹੈ, ਮਨਕੋਟ ਕਿਸੇ ਵੇਲੇ ਇਹ ਪਿੰਡ ਪੂਰੀ ਤਹਿਸੀਲ ਵਿਚ ਡਰੰਮਾਂ ਮੋਈ ਕੱਢੀ ਜਾਂਦੀ ਰੂੜੀ ਮਾਰਕਾ (ਸ਼ਰਾਬ) ਕਰ ਕੇ ਜਾਣਿਆ ਜਾਂਦਾ ਸੀ, ਇਸ ਪਿੰਡ ਵਿਚ ਕੁੱਝ ਸਿੱਖ ਪਰਿਵਾਰ ਵੀ ਰਹਿੰਦੇ ਸਨ, ਜਿਵੇਂ ਕਿ ਭਾਈ ਜਗਜੀਤ ਸਿੰਘ ਦਾ ਪਰਿਵਾਰ। ਅਜਿਹੇ ਵਾਤਾਵਰਨ ਵਿਚ ਪੁੱਣਛ ਦਾ ਇਕ ਸਿੱਖ ਨੌਜਵਾਨ ਮਾਸਟਰ ਲੱਗ ਕੇ ਪਿੰਡ ਪੁੱਜਦਾ ਹੈ ਅਤੇ ਹਾਈ ਸਕੂਲ ਦੇ ਬੱਚਿਆਂ ਨੂੰ ਸ਼ਰਾਬ ਪੀਂਦੇ ਵੇਖਦਾ ਹੈ, ਤਾਂ ਤਹੱਈਆ ਕਰ ਲੈਂਦਾ ਹੈ, ਕਿ ਉਹ ਇਕ ਟੀਚਰ ਦਾ ਫਰਜ਼ ਨਿਭਾਉਂਦਿਆਂ ਪਿੰਡ 'ਚੋਂ ਇਹ ਬਿਮਾਰੀ ਦੂਰ ਕਰੇਗਾ। ਪਰ ਕਿਵੇਂ ?

ਹੁਣ ਸਕੂਲ ਤੋਂ ਬਾਅਦ ਬੱਚਿਆਂ ਨੂੰ ਪੰਜਾਬੀ ਪੜ੍ਹਾ ਰਿਹਾ ਹੈ, ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਦੀ ਸੈਰ ਕਰਵਾ ਰਿਹਾ ਹੈ ਅਤੇ ਆਪਣੇ ਵਾਤਾਵਰਨ ਨੂੰ ਬੇਹਤਰ ਬਣਾਉਣ ਲਈ ਸ਼ਰਾਬ ਵਰਗੀ ਬਿਮਾਰੀ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਿਹਾ ਹੈ, ਉਸ ਮਾਸਟਰ ਦਾ ਜੀਵਨ ਹੁਣ ਸਿਰਫ਼ ਲੋਕ ਸੇਵਾ ਹੈ। ਮਿਹਨਤ ਰੰਗ ਲਿਆਈ ਹੈ, ਕੁਝ ਸਾਲਾਂ ਬਾਅਦ, ਬੇ ਐਬ ਕਿਰਤੀ-ਕੀਰਤਨੀਏ ਵਜੋ ਪੜ੍ਹੇ ਲਿਖੇ ਨੌਜਵਾਨ ਨਿਤਰ ਕੇ ਸਾਹਮਣੇ ਆਉਂਦੇ ਹਨ। ਇਹ ਉਹ ਦੌਰ ਹੈ, ਜਦ ਸਾਡੇ ਬਹੁਤੇ ਆਗੂ ਜਾਂ ਧਰਮ ਦੇ ਨਾਮ ਤੇ ਅੱਗ ਦੇ ਭਾਂਮੜ ਮਚਾ ਕੇ ਸਿਆਸੀ ਰੋਟੀਆਂ ਸੇਕ ਰਹੇ ਹਨ, ਜਾਂ ਫਿਰ ਮਰੋ-ਮਾਰੋ ਹੀ ਸੁਣਾਈ ਦੇ ਰਿਹਾ ਹੈ। ਬਾਬਾ ਭਿੰਡਰਾਂਵਾਲਿਆਂ ਤੋਂ ਇਲਾਵਾ ਕੋਈ ਹੋਰ ਐਸੇ ਸਮਾਜਿਕ-ਧਾਰਮਿਕ ਕਾਰਜਾਂ ਵਿਚ ਵਿਚਰਦਾ ਨਜ਼ਰ ਨਹੀਂ ਆ ਰਿਹਾ। ਉਧਰ ਪੰਜਾਬ ਵਿਚ ਸਾਕਾ ਨੀਲਾਤਾਰਾ ਅਪ੍ਰੇਸ਼ਨ ਹੋ ਚੁੱਕਿਆ ਹੈ, ਅਤੇ ਉਸ ਤੋਂ ਬਾਅਦ ਵੀ ਸਿੱਖਾਂ ਨੂੰ ਕੋਹਿਆ ਜਾ ਰਿਹਾ ਹੈ। ਮਾਸਟਰ ਜੀ ਗੁਰਪੁਰਬ ਵਾਲੇ ਦਿਨ ਇਕ ਸਟੇਜ਼ ਸੱਕਤਰ ਹਨ ਅਤੇ ਭਾਵਨਾਤਮਕ ਗੋਦ ਲਏ ਪਿੰਡ ਵਾਸੀਆ ਨੂੰ ਕਹਿੰਦੇ ਹਨ ਸਿੱਖ ਕਦੀ ਵੀ ਜ਼ਬਰ ਨਾਲ ਨਹੀਂ ਮੁਕੇਗਾ, ਜਦ ਵੀ ਮੁਕੇਗਾ, ਨੈਤਿਕ (ਜਮੀਰ ਦੇ ਮਰਜਾਣ) ਪੱਤਣ ਨਾਲ ਮੁਕੇਗਾ। ਕੀ ਉਸੇ ਵੇਲੇ ਇਕ ਦਸਵੀਂ ਕਲਾਸ ਦਾ ਬੱਚਾ ਉਸੇ ਸਕੱਤਰ ਯਾਨਿ ਮਾਸਟਰ ਬਲਬੀਰ ਸਿੰਘ ਪੁੱਣਛ ਕੋਲੋਂ ਸੰਗਤਾਂ ਸਾਹਮਣੇ ਇਕ ਕਵਿਤਾ ਪੜ੍ਹਨ ਦਾ ਸਮਾਂ ਮੰਗਦਾ ਹੈ। ਸਕੱਤਰ, ਜਾਣਦਾ ਹੈ, ਇਹ ਨੌਜਵਾਨ ਕੱਚੀ ਉਮਰ ਦਾ ਹੈ, ਅਤੇ ਅਕਸਰ ਆਪਣੇ ਦਿਲ ਦੇ ਉਬਾਲ ਕੱਢਦਾ ਦੂਜਿਆਂ ਨੂੰ ਠੇਸ ਪਹੁੰਚਾਉਣ ਵਾਲੀ ਗੱਲਾਂ ਕਰ ਜਾਂਦਾ ਹੈ, (ਇਹ ਬਹੁ ਗਿਣਤੀ ਹਿੰਦੂ ਪਿੰਡ ਹੈ। ਸੋ ਮਾਸਟਰ ਜੀ (ਸੱਕਤਰ) ਬੱਚੇ ਨੂੰ ਕਵਿਤਾ ਦਾ ਨਮੂਨਾ

(ਵਿਸਾ) ਵਿਖਾਉਣ ਲਈ ਕਹਿੰਦਾ ਹੈ, ਪਰ ਸਟੇਜ਼ ਉੱਤੇ ਨਮੂਨੇ ਦੇ ਠੀਕ ਉਲਟ ਗਰਮ ਖਿਆਲੀ ਖਾੜਕੂਆਂ ਦੀ ਕਵਿਤਾ ਪੜ੍ਹੀ ਜਾਂਦੀ ਹੈ। ਇਹ ਬੱਚਾ ਜਿਹੜਾ ਜੁੱਗਰਾਜ ਸਿੰਘ ਉਰਫ਼ ਬਾਬਾ ਤੂਫ਼ਾਨ ਅਤੇ ਹੋਰ ਸ਼ਹੀਦਾਂ ਸਿੰਘਾਂ ਨੂੰ ਆਪਣਾ ਨਾਇਕ ਮੰਨਦਾ ਹੈ, ਅਤੇ ਅਕਸਰ ਚੌਕਾਂ ਵਿਚ ਖੜੇ ਹੋ ਕੇ ਸਿੱਖਾਂ ਨੂੰ ਟੇਡੀ ਨਜ਼ਰ ਨਾਲ ਵੇਖਣ ਵਾਲਿਆਂ ਨਾਲ ਵਾਕ ਸ਼ਬਦ ਯੁੱਧ ਸ਼ੁਰੂ ਕਰ ਦਿੰਦਾ ਹੈ, ਇਹ ਵਿਦਿਆਰਥੀ ਹੈ ਜਗਜੀਤ ਸਿੰਘ, ਜਿਸ ਦਾ ਜਨਮ 19 ਮਈ 1959 ਨੂੰ ਸ੍. ਗੁਪਾਲ ਸਿੰਘ ਅਤੇ ਮਾਤਾ ਸਤਵੰਤ ਕੌਰ ਜੀ ਦੇ ਘਰ ਪਿੰਡ ਮਨਕੋਟ ਮੈਂਡਰ, ਤਹਿਸੀਲ ਪੁਣੱਛ ਜੰਮੂ ਕਸ਼ਮੀਰ ਵਿਖੇ ਹੋਇਆ ਸੀ।

ਇਹ ਨੌਜਵਾਨ ਬਾਰਵੀਂ ਦੀਆਂ ਕਿਤਾਬਾਂ ਲੈਣ ਜੰਮੂ ਪੁੱਜਾ ਹੋਇਆ ਸੀ ਕਿ ਇਕ ਪੰਜਾਬੀ ਦੀ ਅਖ਼ਬਾਰ ਵਿਚ ਬਾਬਾ ਜੁਗਰਾਜ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਪੜ੍ਹਦਿਆਂ ਹੀ ਕਿਤਾਬਾਂ ਸਮੇਤ ਆਪਣੀ ਰਿਆਸਤ ਨੂੰ ਅਲਵਿਦਾ ਕਹਿੰਦਿਆ ਪੰਜਾਬ ਦੇਸ਼ ਵੱਲ ਚਾਲੇ ਪਾ ਦਿੱਤੇ, ਜੋਸ਼ ਇਨ੍ਹਾਂ ਹੈ ਕਿ ਰਾਹ ਜਾਂਦਾ ਅਤੇ ਬੱਸ ਵਿਚ ਨਾਲ ਬੈਠੇ ਲੋਕਾਂ ਨੂੰ ਖਾੜਕੂਆਂ ਦੇ ਪੱਤੇ ਪੁੱਛਦਾ ਹੈ, ਲੋਕ ਉਸਨੂੰ ਹੈਰਤ ਭਰੀ ਨਿਗਾਂਹ ਨਾਲ ਵੇਖਦੇ ਹਨ, ਕੋਈ ਹੱਸਦਾ ਹੈ, ਕੋਈ ਕਮਲਾ ਕਹਿ ਕੇ ਲਾਂਭੇ ਹੋ ਜਾਂਦਾਹੈ, ਨੌਜਵਾਨ ਜਗਜੀਤ ਸਿੰਘ ਫਿਰ ਆਪਣੇ ਪਿੰਡ ਵੱਲ ਆ ਜਾਂਦਾ ਹੈ। ਅਤੇ ਇਸੇ ਸਮੇਂ ਪੁਣੱਛ ਵਿਖੇ ਪੰਜਾਬ ਤੋਂ ਇਕ ਬਰਾਤ ਪੁੱਜਦੀ ਹੈ, ਜਿਸ ਵਿਚ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਐਡਰੱਸ ਪੁੱਛਦਾ ਮਿਤਰਤਾ ਵੀ ਵਧਾ ਲੈਂਦਾ ਹੈ, ਅਤੇ ਫਿਰ ਉਨ੍ਹਾਂ ਦੇ ਪਿੰਡ ਆਉਣ ਦਾ ਵਾਦਾ (ਨਾਟਕ) ਕਰਦਾ ਆਪਣੇ ਮਕਸਦ ਦੇ ਕੋਲ ਪੁੱਜਣ ਦੀ ਕੋਸ਼ਿਸ਼ ਕਰਦਾ ਹੈ ਅਤੇ ਪਿੰਡ ਦੇ ਲੋਕੀ ਇਹ ਸੋਚਦੇ, ਕਿ ਪੁਲਿਸ ਨੇ ਇਸ ਖ਼ੂਬਸੂਰਤ ਨੌਜਵਾਨ ਨੂੰ ਲਹੂ ਭਿਜਿਆ ਮਾਸ ਦਾ ਲੋਥੜਾ ਹੀ ਬਣਾ ਦੇਣਾ ਹੈ।

ਚੱਲੋ ਮਹਿਤੇ ਭੇਜ ਦਿੰਦੇ ਹਾਂ ਨਾਲੇ ਨਾਮ ਬਾਣੀ ਦਾ ਅਭਿਆਸ ਕਰੇਗਾ, ਕਥਾ-ਕੀਰਤਨ ਸਿਖੇਗਾ, ਜੇ ਕੁੱਝ ਵੀ ਨਾ ਹੋਇਆ, ਜੀਉਂਦਾ ਤਾਂ ਰਹੇਗਾ, ਪਰ ਮੌਤ ਦੇ ਰਹਿਮੋ ਕਰਮ ਤੇ ਜੀਣਾ ਜਗਜੀਤ ਸਿੰਘ ਨੂੰ ਗਵਾਰਾ ਨਹੀਂ ਸੀ, ਆਪਣੀ ਟਕਸਾਲ ਪਰਵਾਜ਼ ਦੌਰਾਨ ਭਾਈ ਕੁਲਦੀਪ ਸਿੰਘ ਫੌਜੀ ਬੱਬਰ ਨਾਲ ਜਾ ਮਿਲਿਆ ਅਤੇ ਬੱਬਰ ਹੀ ਹੋ ਗਿਆ ਫਿਰ ਉਸ ਦੇ ਬਾਅਦ ਦੇ ਤਿੰਨ-ਚਾਰ ਸਾਲਾਂ ਬਾਰੇ ਜੇ ਕੋਈ ਜੀਉਂਦਾ ਸਾਥੀ ਜਾਣਦਾ ਹੈ, ਤਾਂ ਦੱਸਣ ਦੀ ਕ੍ਰਿਪਾ ਕਰੇ ਧੰਨਵਾਦੀ ਰਹਾਂਗੇ। ਭਾਈ ਜਗਜੀਤ ਸਿੰਘ 1989 ਨੂੰ ਜੰਮੂ ਵਿਚ ਪੁੱਜਿਆ, ਜਿੱਥੇ ਇਸਨੇ ਆਪਣੇ ਸਕੂਲੀ (ਯਾਰ) ਭਾਈ ਅਮਰਪਾਲ ਸਿੰਘ ਨਾਲ ਮੁਲਾਕਾਤ ਕੀਤੀ, ਜੋ ਉਸ ਵੇਲੇ 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਦਾ ਸਰਗਰਮ ਮੈਂਬਰ ਸੀ, ਜਿਸ ਨੂੰ ਮਿਲ ਕੇ ਭਾਈ ਜਗਜੀਤ ਬਾਗੋ-ਬਾਗ ਹੋ ਉੱਠਿਆ ਅਤੇ ਜੰਮੂ ਦੇ ਹਲਾਤਾਂ ਤੇ ਉੱਠ ਰਹੀ ਲਹਿਰ ਬਾਰੇ ਗੱਲਬਾਤ ਕੀਤੀ, ਕਈ ਵਿਉਂਤਾਂ ਤੇ ਪ੍ਰੋਗਰਾਮ ਘੜਨ ਤੋਂ ਬਾਅਦ ਫਿਰ ਪੰਜਾਬ ਦੇਸ਼ ਪਰਤ ਗਿਆ, ਫਿਰ ਅਚਾਨਕ ਇਕ ਦਿਨ 1991 ਵਿਚ ਅਖ਼ਬਾਰਾਂ ਰਾਹੀਂ ਖ਼ਬਰ ਮਿਲੀ ਭਾਈ ਜਗਜੀਤ ਸਿੰਘ ਬੱਬਰ ਜੰਮੂ ਸ਼ਹੀਦੀ ਬਾਣਾ ਪਾ ਕੇ

ਲੰਮੀਆਂ ਵਾਟਾਂ ਦਾ ਰਾਹੀਂ ਹੋ ਤੁਰਿਆ ਹੈ।

ਪਰਿਵਾਰ ਅਖ਼ਬਾਰ ਵਿਚੋਂ ਹੀ ਪਿੰਡ ਕਾਦੀਆਂ ਗੁੰਥੀਆਂ ਨਾਮ (ਮੁਕਾਬਲੇ ਦੀ ਥਾਂ) ਪੜ੍ਹਕੇ ਉਥੇ ਜਾ ਪੁੱਜਿਆ ਜਿਥੇ ਪਿੰਡ ਵਾਲਿਆਂ ਦੀ ਅੱਖਾਂ ਵਿਚ ਅੱਥਰੂ ਸਨ ਅਤੇ ਹਰ ਬੰਦੇ ਕੋਲ ਭਾਈ ਜਗਜੀਤ ਸਿੰਘ ਬੱਬਰ, ਦੀ ਸਿਫ਼ਤ ਵਿਚ ਕੁੱਝ ਨਾ ਕੁਝ ਦੱਸਣ ਨੂੰ ਸੀ, ਲੋਕਾਂ ਨੇ ਦੱਸਿਆ ਕਿ ਪਿੰਡ ਅਤੇ ਇਲਾਕੇ ਵਿਚ ਆਇਆਂ ਭਾਈ ਸਾਹਿਬ ਨੂੰ ਕੁਝ ਮਹੀਨੇ ਹੀ ਹੋਏ ਸਨ, ਇਲਾਕੇ ਵਿਚ ਜਗਜੀਤ ਸਿੰਘ ਦਾ ਸਾਰੇ ਬਜ਼ੁਰਗਾਂ ਵਾਂਗ ਸਤਿਕਾਰ ਕਰਦੇ ਸਨ, ਅਤੇ ਉਸਨੇ ਇਕ ਨਹੀਂ, ਕਈ ਵੇਰਾਂ ਖਾਲਸਾਈ ਵਰਤਾਰੇ ਨੂੰ ਮੁੱਖ ਰੱਖਦਿਆਂ ਸਿੱਖ ਮਸਲੇ ਖਾਲਸਾਈ ਪੰਚਾਇਤਾਂ ਵਿਚ ਨਿਪਟਾਉਂਦਿਆਂ ਲੋਕਾਂ ਨੂੰ ਕਿਹਾ ਸੀ, ਅਸੀਂ ਭੋਲੇ-ਭਾਲੇ ਅਤੇ ਗਰੀਬ ਲੋਕ ਹਾਂ, ਜੇ ਅਦਾਲਤਾਂ-ਵਕੀਲਾਂ, ਮਗਰ ਤੁਰਦੇ ਰਹਾਂਗੇ ਤਾਂ, ਮਾਇਆ ਵੀ ਖੁਆਰ ਕਰਾਂਗੇ ਤੇ ਇੱਜ਼ਤ ਵੀ, ਨਾਲੇ ਇਸ ਮੁਲਕ ਵਿਚ ਇਨਸਾਫ ਅਜੇ ਤੱਕ ਸਾਡੇ (ਸਿੱਖਾਂ) ਲਈ ਨਹੀਂ ਬਣਿਆ। ਅਜਿਹੇ ਪੁੱਤ ਦੀ ਮਾਤਾ ਹੋਣ ਕਰਕੇ ਪਿੰਡ ਵਾਸੀਆਂ ਵੱਲੋਂ ਗੁਰਦੁਆਰੇ ਵਿਚ ਮਾਤਾ ਜੀ ਨੂੰ ਸਨਮਾਨਿਤ ਕੀਤਾ ਗਿਆ, ਭਾਈ ਸਾਹਿਬ ਜਿਥੇ ਵੀ ਰਹੇ ਗੁਰਮਤਿ ਪ੍ਰਚਾਰ ਨੂੰ ਸੰਘਰਸ਼ ਦਾ ਹਿੱਸਾ ਬਣਾਈ ਰੱਖਿਆ, ਸ਼ਾਇਦ ਇਹ ਸਕੂਲੀ ਵਿਰਸੇ ਵਿਚ ਮਿਲੀ ਸੰਗਤ ਦਾ ਹੀ ਅਸਰ ਸੀ, ਕਾਸ਼ ਹਰ ਸਿੱਖ ਟੀਚਰ ਇਹ ਫਰਜ਼ ਪਛਾਣਨ ਤੇ ਅਮਲ 'ਚ ਲਿਆਉਣ ਦੇ ਕਾਬਲ ਬੰਨ ਜਾਵੇ।

ਸ਼ਹਿਦਾਨ ਵਤਨ ਕੇ ਖ਼ੂਨ ਸੇ ਐ ਹਮ ਨਸ਼ੀ ਅਕਸਰ
ਲਿਖੇ ਜਾਤੇ ਹੈ ਜੀਤੀ ਜਾਗਤੀ ਕੌਮੋਂ ਕੇ ਅਫਸਾਨੇ।

■■■

ਭਾਈ ਮਨਜੀਤ ਸਿੰਘ

ਇਕ ਸੁਤੰਤਰਤਾ, ਸੰਗਰਾਮ ਬਾਰੇ ਲਿਖੀ ਕਿਤਾਬ ਵਿਚ ਜ਼ਿਕਰ ਆਇਆ ਹੈ, ਬਗਾਵਤਾਂ ਦੇ ਸੰਬੰਧੀ ਬਰਤਾਨਵੀ ਕਾਨੂੰਨ ਦਾ ਜਿਸ ਵਿਚ ਇਹ ਹਵਾਲਾ ਦਿੱਤਾ ਗਿਆ ਹੈ, ਜਦੋਂ ਕੌਮ ਆਪਣੇ-ਆਪ ਨੂੰ ਕਿਸੇ ਵਧੇਰੇ ਤਾਕਤਵਰ ਕੌਮ ਦੀ ਰੱਖਿਆ ਵਿਚ ਦੇ ਦਿੰਦੀ ਹੈ, ਅਤੇ ਅਜਿਹੀ ਹਾਲਤ ਪੈਦਾ ਹੋ ਜਾਂਦੀ ਹੈ, ਕਿ ਤਾਕਤਵਰ ਕੌਮ ਦੂਜੀ ਕੌਮ ਦੀ ਰੱਖਿਆ ਨਹੀਂ ਕਰ ਸਕਦੀ ਤਾਂ ਕਮਜ਼ੋਰ (ਘੱਟ ਗਿਣਤੀ) ਕੌਮ ਨੂੰ ਆਪਣੀ ਅਜ਼ਾਦੀ ਵਾਪਸ ਲੈਣ ਦਾ ਹੱਕ ਹਾਸਿਲ ਹੈ। ਅਮਰੀਕੀ ਨੌਆਬਾਦੀਆਂ ਨੇ ਵੀ 4 ਜੁਲਾਈ 1776 ਨੂੰ ਅਜ਼ਾਦੀ ਦਾ ਐਲਾਨ ਕਰਕੇ ਅਜਿਹਾ ਹੀ ਕੀਤਾ ਸੀ। ਭਾਰਤੀ ਸ਼ਾਸਕਾਂ ਨੇ ਆਜ਼ਾਦੀ ਵੇਲੇ, ਇਹ ਮਿਸਾਲ ਬਰਤਾਨੀਆ ਹਕੂਮਤ ਦੇ ਟੇਬਲ ਤੇ ਰੱਖੀ ਸੀ, ਹੁਣ ਇਹੀ ਗੱਲ ਅਸੀਂ (ਸਿੱਖ) ਦੁਨੀਆਂ ਦੀ ਅਦਾਲਤ 'ਚ ਰੱਖਦੇ ਹਾਂ, ਤਾਂ ਭਾਰਤੀ ਹਕੂਮਤ ਸਾਨੂੰ ਅੱਤਵਾਦੀ ਦਸਦੀ ਹੈ।

1947 ਵਿਚ ਭਾਵੇਂ ਸਾਡੇ ਲੀਡਰ ਸਿੱਖਾਂ ਨੂੰ ਭਾਰਤ ਦੇ ਰਹਿਮੋਂ ਕਰਮ ਤੇ ਕੁਝ ਧੋਖੇ, ਕੁਝ ਲਾਲਚ, ਦਾ ਸ਼ਿਕਾਰ ਹੋ ਕੇ ਛੱਡ ਬੈਠੇ, ਪਰ ਅੱਜ ਸਾਡੇ ਘਰ-ਘਾਟ ਧਰਮ ਅਸਥਾਨ, ਸਭਿਆਚਾਰ, ਬੋਲੀ, ਧਰਮ ਗ੍ਰੰਥ, ਇਤਿਹਾਸ...। ਭਾਰਤ ਵਿਚ ਅਸੁਰੱਖਿਅਤ ਹੀ ਨਹੀਂ ਬਲਕਿ ਸਾਡਾ ਦੁਸ਼ਮਣ ਹੀ ਕੱਟੜਵਾਦੀ ਫਿਰਕੂ ਸਾਮਰਾਜ ਬਣਿਆ ਹੋਇਆ ਹੈ।

ਜਿੱਥੇ ਅਜਿਹੀ ਸਥਿਤੀ ਬਣ ਜਾਵੇ ਕਿ 'ਦੇਸ਼ ਦੇ ਮਰਨ ਨਾਲ ਧਰਮ ਮਰਦਾ ਹੋਵੇ ਉੱਥੇ ਧਰਮ ਦੀ ਖਾਤਰ ਦੇਸ਼ ਬਚਾਉ, ਪਰ ਜਿੱਥੇ ਧਰਮ ਬਚਾਉਣ ਦੀ ਖਾਤਰ ਦੇਸ਼ ਛੱਡਣਾ ਪੈਂਦਾ ਹੋਵੇ, ਉੱਥੇ ਦੇਸ਼ ਨੂੰ ਛੱਡ ਆਉ (ਸਿੱਖ ਵਿਦਵਾਨ) ਇਨ੍ਹਾਂ ਨਾਜ਼ੁਕ ਹਲਾਤਾਂ ਵਿਚ ਧਰਮ ਦੀ ਹਿਫਾਜ਼ਤ ਲਈ ਸਿੱਖਾਂ ਦਾ ਖ਼ਾਲਿਸਤਾਨ ਲਈ ਨਾਅਰਾ ਬੁਲੰਦ ਕਰਨਾ ਕਦਾਚਿਤ ਗਲਤ ਨਹੀਂ ਕਿਹਾ ਜਾ ਸਕਦਾ। "ਬਾਪੂ ਬੱਚਿਆਂ ਨੂੰ ਤੂੰ ਹੀ ਦੱਸ ਕਿਸ ਅੱਗੇ ਝੋਲੀ ਜਾ ਅੱਡੀਏ, ਜਾਂ ਮੁੜ ਜੰਗਲਾਂ ਨੂੰ ਮੁੜ ਪਈਏ, ਤਲਵਾਰ ਮਿਆਨੋਂ ਮੁੜ ਕੱਢੀਏ ਬਾਪੂ ਮਰਨਾਂ ਕਬੂਲ ਸਾਨੂੰ ਹਥਿਆਰ ਨਹੀਂ ਸੁੱਟੇ ਜਾਂਦੇ।

ਇਹ ਦਿੱਲੀ ਸਾਡੀ ਵੈਰੀ ਹੈ, ਸਾਨੂੰ ਅੱਜ ਤੱਕ ਰੋਲਦੀ ਆਈ ਹੈ।
ਅੱਜ ਹੱਕ ਖਾਤਰ ਸੁਣ ਦਿੱਲੀ ਅਸਾਂ ਜ਼ਿੰਦਗੀ ਦਾਅ ਤੇ ਲਾਈ ਹੈ।

(ਭਾਈ ਗਜਿੰਦਰ ਸਿੰਘ)

ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਸ਼ਹਾਦਤ ਤੋਂ ਪਹਿਲਾਂ ਦਿੱਲੀ ਹਕੂਮਤ ਤੇ ਸਿੱਖ ਸੰਗਤ ਨੂੰ ਸੰਦੇਸ਼ ਵਿਚ ਕਿਹਾ ਸੀ, "ਜੇ ਦਰਬਾਰ ਸਾਹਿਬ ਤੇ ਹਮਲਾ ਹੋਇਆ ਤਾਂ

ਉਸੇ ਦਿਨ ਖਾਲਿਸਤਾਨ ਦਾ ਨੀਂਹ ਪੱਥਰ ਧਰਿਆ ਜਾਣਾ ਹੈ।" ਇਸ ਮਿਸ਼ਨ ਦੀ ਪੂਰਤੀ ਲਈ ਦੁਨੀਆਂ ਦੇ ਕੌਨੇ-ਕੌਨੇ ਤੋਂ ਸਿੱਖ ਜੰਗਜੂ ਦੇਸ਼ ਪੰਜਾਬ ਦੀ ਅਜ਼ਾਦੀ ਲਈ ਸ਼ਹਾਦਤਾਂ ਦੇਣ ਤੁਰ ਪਏ, ਜਿਨ੍ਹਾਂ 'ਚੋਂ ਇਕ ਸੀ, ਭਾਈ ਮਨਜੀਤ ਸਿੰਘ ਬੱਬਲੂ, ਜੋ ਪਿੰਗਲਵਾੜਾ ਅੰਮ੍ਰਿਤਸਰ ਭਗਤ ਪੂਰਨ ਸਿੰਘ ਜੀ ਪਾਸ ਆਪਣੇ ਪਿਤਾ ਸ੍ਰ. ਮੀਆਂ ਸਿੰਘ ਜੀ ਨਾਲ ਲੂਲੇ-ਲੰਗੜੇ ਤੇ ਹੋਰ ਰੋਗੀਆਂ ਦੀ ਸੇਵਾ ਕਰਨ ਵਿਚ ਲੱਗਾ ਹੋਇਆ ਸੀ, ਜਿਸ ਦੇ ਹੱਥਾਂ 'ਚੋਂ ਅਜੇ ਸਕੂਲ ਦੀ ਕਲਮ-ਕਾਪੀ ਵੀ ਨਹੀਂ ਸੀ, ਛੁੱਟੀ ਕੇ ਇਨ੍ਹਾਂ ਕੋਮਲ ਹੱਥਾਂ ਨੇ ਅਸੌਲਟਾਂ ਤੇ ਜਾ ਹੱਥ ਧਰਿਆ।

ਭਾਈ ਮਨਜੀਤ ਸਿੰਘ ਦਾ ਜਨਮ 10 ਫਰਵਰੀ 1969 ਨੂੰ ਪਿਤਾ ਸ੍ਰ. ਮੀਆ ਸਿੰਘ ਜੀ ਤੇ ਮਾਤਾ ਪ੍ਰੀਤਮ ਕੌਰ ਜੀ ਦੇ ਘਰ ਸਿਬਲ ਕੈਂਪ ਜੰਮੂ ਵਿਖੇ ਹੋਇਆ। 1984 ਵਿਚ ਗੁਰੂ ਅਮਰਦਾਸ ਸਕੂਲ ਅੰਮ੍ਰਿਤਸਰ ਤੋਂ ਦਸਵੀਂ ਪਾਸ ਕੀਤੀ, ਆਈ.ਟੀ.ਆਈ (ਇਲੈਕਟ੍ਰੇਸ਼ਨ) ਡਿਪਲੋਮਾ ਕੀਤਾ, ਤੇ ਨਾਲ-ਨਾਲ ਧਾਰਮਿਕ ਪੜ੍ਹਾਈ ਵੀ ਕਰਦਾ ਰਿਹਾ। ਛੇ ਭਰਾਵਾਂ 'ਚੋਂ ਸਭ ਤੋਂ ਛੋਟਾ, ਸਭ ਦਾ ਲਾਡਲਾ, ਕਦੋਂ ਦਾ ਪੰਥ ਦਾ ਲਾਡਲਾ ਹੋ ਕੇ ਸੰਘਰਸ਼ ਵਿਚ ਵਿਚਰਦਾ ਰਿਹਾ, ਪਰਿਵਾਰ ਤੇ ਇਲਾਕੇ 'ਚ ਖ਼ਬਰ ਤੱਕ ਨਹੀਂ ਹੋਈ, ਪੰਥ ਪ੍ਰਸਤੀ ਦੀ ਵਿਚਾਰਧਾਰਾ ਤਾਂ ਹਰ ਵੇਲੇ ਬੋਲਾਂ 'ਚੋਂ ਫੁਰਦੀ ਸੀ, ਅਜ਼ਾਦੀ ਦੇ ਗੀਤ ਵੀ ਗਾਏ ਜਾਂਦੇ ਰਹੇ, ਪਰ ਇਹ ਨੌਜਵਾਨ ਉਨ੍ਹਾਂ ਗੀਤਾਂ ਨੂੰ ਅਮਲੀ ਜਾਮਾ ਪੁਆ ਦੇਵੇਗਾ, ਕਿਸੇ ਨੂੰ ਚਿੱਤ ਚੇਤਾ ਤੱਕ ਨਹੀਂ ਸੀ, ਮਨਜੀਤ ਸਿੰਘ ਕੇ.ਜ਼ੈਡ.ਐਫ. ਦੇ ਭਾਈ ਜਸਵੀਰ ਸਿੰਘ ਡਾਕਟਰ, ਭਾਈ ਖਾਲਸਾ ਤੋਂ ਇਲਾਵਾ ਭਾਈ ਮਹਿੰਦਰ ਸਿੰਘ ਫੰਦੀ, ਦੀ ਸਜੀ ਬਾਂਹ ਬਣ ਕੇ ਸੇਵਾ ਕਰਦਾ ਰਿਹਾ, ਭਾਈ ਸਾਹਿਬ ਵਾਰੇ ਉਦੋਂ ਹੀ ਜਾਣਕਾਰੀ ਹਾਸਿਲ ਹੋਈ ਜਦੋਂ ਆਰ.ਐਸ.ਪੁਰਾ, ਬਾਰਡਰ ਵਿਖੇ ਬੀ.ਐਸ. ਐਫ ਅਤੇ ਹੋਰ ਫੋਰਸਾਂ ਨੇ ਸਖ਼ਤ ਘੇਰਾਬੰਦੀ ਕਰਕੇ ਭਾਈ ਸਾਹਿਬ ਨੂੰ ਸਾਥੀਆਂ ਸਣੇ ਘੇਰੇ 'ਚ ਲੈ ਲਿਆ ਅਤੇ ਮੌਤ ਨੂੰ ਸਖਿਆਤ ਵੇਖਦੇ ਅਤੇ ਮਾਣਦੇ ਹੋਏ, ਭਾਈ ਸਾਹਿਬ ਨੇ ਬਾਕੀ ਸਾਥੀਆਂ ਨੂੰ ਆਪਣੇ ਵੱਲੋਂ ਦਿੱਤੇ ਜਾਣ ਵਾਲੇ ਕੰਵਰ ਫਾਇਰ ਦਾ ਸਹਾਰਾ ਲੈਂਦਿਆ ਨਿਕਲ ਜਾਣ ਲਈ ਕਿਹਾ, ਅਜਿਹਾ ਹੋਇਆ ਵੀ, ਇਕ ਜੰਮੂ ਤੇ ਕੁੱਝ ਪੰਜਾਬ ਦੇ ਸਾਥੀ ਸਿੰਘ ਨਿਕਲ ਗਏ ਅਤੇ ਇਹ ਗੁਰੂ ਕਾ ਲਾਲ ਸਾਰਿਆਂ ਦੀ ਹੋਣੀ ਆਪਣੀ ਹਿੱਕ ਤੇ ਲੈ ਕੇ ਸ਼ਹਾਦਤ ਦੇ ਸਫ਼ਰ ਨੂੰ ਤੁਰ ਪਿਆ, ਫਿਰ ਫੱਟੜ ਹਾਲਤ ਵਿਚ ਫੜੇ ਜਾਣ ਦੇ ਬਾਵਜੂਦ ਵੀ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਤੇ 14 ਫਰਵਰੀ 1991 ਨੂੰ ਨਵਾਂ ਸ਼ਹਿਰ (ਜੰਮੂ) ਵਿਖੇ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ, ਇਸੇ ਤਰ੍ਹਾਂ ਭਾਈ ਮਨਜੀਤ ਸਿੰਘ ਬੱਬਲੂ, ਆਪਣੀ ਸ਼ਹੀਦੀ ਨਾਲ ਜੰਮੂ-ਕਸ਼ਮੀਰ ਦੇ ਸ਼ਹੀਦਾਂ ਦੀ ਕਤਾਰ ਨੂੰ ਹੋਰ ਲੰਮੇਰਾਂ ਕਰ ਗਿਆ। ਭਾਈ ਸਾਹਿਬ ਦੇ ਵੱਡੇ ਭਰਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜਿਸ ਦਿਨ ਭਾਈ ਸਾਹਿਬ ਦਾ ਪਾਠ ਦਾ ਭੋਗ ਸੀ, ਉਸੇ ਦਿਨ ਭਾਈ ਸਾਹਿਬ ਦੀ ਸਰਕਾਰੀ ਨੌਕਰੀ ਦਾ ਆਰਡਰ ਘਰ ਪੁੱਜਾ, ਜੋ ਉਸਨੇ ਪਰਿਵਾਰ ਦੇ ਕਹਿਣ ਤੇ ਫਾਰਮ ਭਰੇ ਸਨ। ਪਰ ਮਨਜੀਤ ਸਿੰਘ ਜਿਸ ਨੌਕਰੀ ਦੌਰਾਨ ਸਾਨੂੰ ਫਤਹਿ ਕਹਿ ਗਿਆ ਹੈ, ਉਸ ਨੌਕਰੀ ਦੀ ਬਦੌਲਤ ਹੀ ਉਹ ਇਤਿਹਾਸ ਦਾ ਇਕ ਹੀਰੋ ਬਣ ਕੇ ਉਭਰਿਆ ਹੈ, ਜੋ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ। ■■■

ਸ੍ਰ. ਦਰਸ਼ਨ ਸਿੰਘ, ਸਿੰਘੀ, ਰਟੌਲਕਾਂਡ, ਪੰਜਾਬ

ਪੰਜਾਬ ਦੇਸ਼ ਦੀ ਧਰਤੀ ਤੇ ਜੋ 1978 ਤੋਂ ਅੱਜ ਤੱਕ ਹੋਈਆਂ ਸ਼ਹਾਦਤਾਂ ਹਨ ਅਸੀਂ ਅੱਜ ਤੱਕ ਦੁਨੀਆਂ ਤਾਂ ਕੀ ਆਪਣੇ ਸਿੱਖ ਜਗਤ ਨੂੰ ਵੀ ਨਹੀਂ ਦਰਸਾ ਸਕੇ। ਇਸ ਕੀਮਤੀ ਮਾਨਮੱਤੇ ਇਤਿਹਾਸ ਨੂੰ ਅਜੋਕੀ ਪੀੜ੍ਹੀ ਲਈ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨ ਦੇ ਯਤਨ ਵਜੋਂ ਸਾਂਭਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ 'ਚ ਘੱਟੋ-ਘੱਟ ਜੰਮੂ ਦੇ ਨੌਜਵਾਨਾਂ ਦਾ ਸਮਰੱਥਾ ਯੋਗ ਦਿੱਤਾ ਗਿਆ ਯੋਗਦਾਨ ਕੌਮ ਦੀ ਜਵਾਨੀ ਦੇ ਸਾਹਮਣੇ ਲਿਆ ਕੇ ਰੱਖ ਸਕੀਏ।

ਗੱਲ ਕਰੀਏ "ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ" ਦੇ ਉਸ ਮੁਕਾਬਲੇ ਦੀ ਜਿਸ ਦੀਆਂ ਧੁੰਮਾਂ ਸੱਤ ਸਮੁੰਦਰ ਪਾਰ ਤੱਕ ਗੂੰਜੀਆਂ ਸਨ, ਪੰਜਾਬ ਦੇ ਰਟੌਲ ਪਿੰਡ ਦੇ ਇਸ ਮੁਕਾਬਲੇ ਦਾ ਆਪਣਾ ਇਕ ਵੱਖਰਾ ਹੀ ਇਤਿਹਾਸ ਹੈ, ਜਿਸ ਵਿਚ ਜੰਮੂ ਦਾ ਇਕ ਤੇ ਪੰਜਾਬ ਦੇ ਕੁਝ ਸਿੰਘ ਸ਼ਹੀਦ ਹੋਏ ਪਰ ਭਾਰਤੀ ਪੁਲਿਸ ਦੇ ਕਈ ਉੱਚ ਅਧਿਕਾਰੀ, ਗੱਡੀਆਂ ਦਰਜਨਾਂ ਸਿਪਾਹੀ, ਵੱਡਾ ਅਸਲਾ ਭੰਡਾਰ ਬਰਬਾਦ ਹੋ ਗਿਆ, ਜਿਸ ਕਰਕੇ ਭਾਰਤੀ ਫੋਰਸਾਂ ਨੂੰ ਭਾਰੀ ਸ਼ਰਮਿੰਦਗੀ ਹੰਡਾਣੀ ਪਈ, ਤੇ ਸਿੰਘਾਂ ਦੀ ਬਹਾਦਰੀ ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਜਰਨੈਲੀ ਦੇ ਥਾਂ-ਥਾਂ ਸੋਹਿਲੇ ਗਾਏ ਗਏ। ਆਓ ਇਸ ਮੁਕਾਬਲੇ ਵਿਚ ਵੀਰਗਤੀ ਨੂੰ ਪ੍ਰਾਪਤ ਹੋਏ ਜੰਮੂ ਦੇ ਦਰਸ਼ਨ ਸਿੰਘ ਸਿੰਘੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰੀਏ।

ਸਿੰਘੀ ਦਾ ਜਨਮ ਸੰਨ 1969 ਵਿਚ ਆਰ.ਐਸ. ਪੁਰਾ, ਜੰਮੂ ਦੇ ਬਾਰਡਰ ਨੇੜਲੇ ਪਿੰਡ ਫਿੰਦੜ ਦੇ ਰਹਿਣ ਵਾਲੇ ਸ੍ਰ. ਮਾਨ ਸਿੰਘ ਫੌਜੀ ਦੇ ਘਰ ਮਾਤਾ ਅਜੀਤ ਕੌਰ ਜੀ ਦੀ ਕੁੱਖ 'ਚੋਂ ਹੋਇਆ ਛੇ ਭਰਾਵਾਂ 'ਚੋਂ ਸਭ ਤੋਂ ਛੋਟਾ, ਬਚਪਨ ਤੋਂ ਹੀ ਲੜਾਕੂ ਸੁਭਾਅ ਵਾਲਾ ਇਹ ਨੌਜਵਾਨ ਗੁਰਮਤਿ ਤੋਂ ਦੂਰ ਸੰਘਰਸ਼ ਤੋਂ ਨਾ ਵਾਕਫ, ਬੱਸ ਆਪਣੇ ਸੁਭਾਅ ਕਾਰਨ ਸਿੰਘਾਂ ਨਾਲ ਉੱਠਦਾ-ਬੈਠਦਾ ਇਸ ਦੇ ਇਸੇ ਸੁਭਾਅ ਕਾਰਣ ਕਈ ਵਾਰ ਮਾੜੇ ਤੇ ਮਜ਼ਬੂਰ ਬੰਦੇ ਵੀ ਪ੍ਰੇਸ਼ਾਨੀਆਂ 'ਚੋਂ ਗੁਜਰਦੇ ਰਹੇ। ਪਰ ਜਿਸ ਤੇ ਮਾਲਕ ਦੀ ਨਦਿਰ ਹੋ ਜਾਵੇ, ਕਹਿੰਦੇ ਨੇ ਇਤਿਹਾਸ ਵਿਚ ਪ੍ਰਵਾਨ ਹੋ ਜਾਂਦਾ ਹੈ। ਇਹੀ ਕਾਰਣ ਸੀ ਕਿ ਸਿੰਘੀ ਹੌਲੀ-ਹੌਲੀ ਸੰਘਰਸ਼ ਤੋਂ ਵਾਕਫ ਹੋਣ ਲੱਗਾ ਤੇ ਸ਼ੌਕ ਤੇ ਪੈਸਿਆਂ ਦੀ ਥਾਂ ਹੁਣ ਉਹ ਸੇਵਾ ਦੀ ਭਾਵਨਾ ਨਾਲ ਸਿੰਘਾਂ ਨਾਲ ਵਿਚਰਨ ਲਗ ਪਿਆ ਸੀ, ਸਿੰਘੀ ਦੇ ਮਾਮਾ ਜੀ ਦਾ ਪੁੱਤਰ ਭਾਈ ਮਨਜੀਤ ਸਿੰਘ ਇਕ ਜੀਵਨ ਵਾਲਾ ਖਾੜਕੂ ਨੌਜਵਾਨ ਸੀ, ਜਿਸ ਦੀ

ਸ਼ਹੀਦੀ ਨੇ ਵੀ ਸਿੰਘੀ ਤੇ ਅਸਰ ਪਾਇਆ।

ਮਈ 1992 ਨੂੰ ਜਦ ਬਾਬਾ ਗੁਰਬਚਨ ਸਿੰਘ ਜੀ ਮਾਨੋਚਾਲ, ਦਾ ਭਾਰਤੀ ਫੋਰਸਾਂ ਨਾਲ ਰਟੋਲਕਾਂਡ, ਵਾਲਾ ਮੁਕਾਬਲਾ ਹੋਇਆ ਤਾਂ ਭਾਈ ਸਿੰਘੀ ਵੀ ਜੰਮੂ ਦੇ ਕੁੱਝ ਨੌਜਵਾਨਾਂ ਨਾਲ ਹਥਿਆਰਾਂ ਦੀ ਖੇਪ ਲੈ ਕੇ, ਬਾਬਿਆਂ ਕੋਲ ਪੰਜਾਬ ਪੁੱਜਾ ਹੋਇਆ ਸੀ, ਤੇ ਬੈਠਕ ਵਿਚ ਸ਼ਾਮਿਲ ਸੀ। ਇਸ ਮੁਕਾਬਲੇ ਵਿਚ ਸਿੰਘੀ ਸਮੇਤ ਪੰਜ-ਛੇ ਸਿੰਘ ਸ਼ਹੀਦ ਹੋਏ ਸਨ ਅਤੇ ਭਾਰਤੀ ਪੁਲਿਸ ਦੇ ਸਿਪਾਹੀ ਅਤੇ ਐਸ.ਐਚ.ਓ. ਤੋਂ ਆਈ.ਜੀ. ਰੈਂਕ ਵਾਲੇ ਕਈ ਆਫ਼ਿਸਰ ਮਾਰੇ ਗਏ ਸਨ, ਬਖੱਤਰ ਬੰਦ ਭਾਰਤੀ ਗੱਡੀਆਂ ਦੇ ਸਿੰਘਾਂ ਨੇ ਚਿੱਥੜੇ ਤੱਕ ਉਡਾਅ ਦਿੱਤੇ ਸਨ। ਭਾਈ ਸਿੰਘੀ ਇਸ ਵੱਡੇ ਮੁਕਾਬਲੇ ਤੋਂ ਅਲਾਵਾ ਵੀ ਕਈ ਵੱਡੇ ਐਕਸ਼ਨਾਂ ਵਿਚ ਹਿੱਸਾ ਲੈ ਚੁੱਕਿਆ ਸੀ, ਜਿਵੇਂ ਕਿ ਜੰਮੂ ਦੇ ਨੌਜਵਾਨਾਂ ਵੱਲੋਂ ਬਦਨਾਮ ਆਫ਼ਿਸਰ 'ਮੱਖਣ ਜਲਾਦ' ਪੰਜਾਬ ਪੁਲਿਸ ਉੱਤੇ ਦਿਲ ਦਹਲਿਾ ਦੇਣ ਵਾਲੇ ਹਮਲੇ ਕੀਤੇ ਗਏ ਜੰਮੂ 'ਚ ਕਈ ਮੁੱਖਬਰਾਂ ਨੂੰ ਸ਼ਰੇਆਮ ਫਾਹ ਲਾ ਕੇ ਟੰਗਿਆ ਗਿਆ, ਜੋ ਬਾਕੀ ਦੇ ਝੋਲੀ ਚੁੱਕਾ ਨੂੰ ਸਬਕ ਮਿਲ ਸਕੇ।

ਭਾਈ ਸਿੰਘੀ ਦੀ ਚੁੱਲ ਬੁਲੀ ਹਰਕਤਾਂ ਵੇਖਦਿਆਂ ਕਿਸੇ ਨੇ ਸੋਚਿਆ ਤੱਕ ਨਹੀਂ ਸੀ ਕਿ, ਭਾਈ ਸਿੰਘੀ ਕਦੀ ਅਜਿਹੀ ਮੌਤ ... ਸਿੱਖ ਸੰਘਰਸ਼ ਦੇ ਇਤਿਹਾਸਕ ਮੁਕਾਬਲਿਆਂ 'ਚੋਂ ਇਕ ਵਿਚ ਮਰਕੇ, ਇਤਿਹਾਸ ਵਿਚ ਅਮਰ ਹੋ ਜਾਵੇਗਾ।

"ਮਰਨੇ ਸੇ ਹਮੇਂ ਇਨਕਾਰ ਨਹੀਂ, ਜੀਤੇ ਹੈ ਇਕ ਹਸਰਤ ਮੇਂ,
ਭੂਲੇ ਸੇ ਹਮਾਰਾਂ ਨਾਮ ਕਹੀਂ, ਆ ਜਾਏ ਤੇਰੇ ਅਫਸਾਨੋਂ ਮੇਂ।"

■■■

ਭਾਈ ਮਹਿੰਦਰ ਸਿੰਘ ਪੱਪੀ ਜੰਮੂ

ਜਦੋਂ ਵੀ ਕੋਈ ਮਾਸੂਮ ਆਪਣੇ ਹੱਕਾਂ ਦੀ ਖਾਤਿਰ ਹਥਿਆਰ ਚੁੱਕਣ ਲਈ ਮਜ਼ਬੂਰ ਹੁੰਦਾ ਹੈ, ਤਾਂ ਇਸ ਦੀ ਮਜ਼ਬੂਰੀ ਦਾ ਤਾਣਾ-ਬਾਣਾ ਵਿਵਸਥਾ (ਸਿਸਟਮ) ਨੂੰ ਖਰਾਬ ਕਰ ਰਹੇ ਕੁਝ ਬੰਦਿਆਂ ਵੱਲੋਂ ਬੁਣਿਆ ਗਿਆ ਹੁੰਦਾ ਹੈ। ਕਿਸੇ ਮਜ਼ਬੂਰ ਮਨੁੱਖ ਦਾ ਹਥਿਆਰ ਚੁੱਕਣ ਦਾ ਮਤਲਬ ਹੁੰਦਾ ਹੈ, ਉਹ ਇਨਸਾਫ ਹਾਸਿਲ ਨਾ ਕਰ ਪਾਇਆ, ਜਾਂ ਉਸ ਨੂੰ ਦਿੱਤਾ ਹੀ ਨਹੀਂ ਗਿਆ, ਅਤੇ ਉਹ ਹੁਣ ਇਨਸਾਫ ਖੋਹ ਕਿ ਲੈਣਾ ਚਾਹੁੰਦਾ ਹੈ, ਇਹ ਵੱਖਰੀ ਗੱਲ ਹੈ, ਕਿ ਕਈ ਵਾਰ ਇਸ ਛੀਨਾਂ ਝੱਪਟੀ ਵਿਚ ਲਾਸ਼ਾ ਦੇ ਅੰਬਾਰ ਵੀ ਲੱਗ ਜਾਉਂਦੇ ਹਨ, ਐਸੀ ਹੀ ਇਕ ਕਹਾਣੀ ਨੂੰ ਸੱਚ ਦਾ ਜਾਮਾਂ ਪੁਆਉਂਦਾ ਇਕ ਡਰਾਇਵਰ ਸਿੱਖ ਮਹਿੰਦਰ ਸਿੰਘ ਪੱਪੀ ਦਾ ਜੀਵਨ।

ਸ੍ਰ. ਭਜਨ ਸਿੰਘ ਤੇ ਮਾਤਾ ਆਗਿਆ ਕੌਰ ਦੇ ਘਰ ਸਿੰਬਲ ਕੈਂਪ, ਜੰਮੂ ਵਿਖੇ ਪੱਪੀ ਜਨਮਿਆਂ ਤੇ ਜਵਾਨ ਹੋਇਆ। ਪੱਪੀ ਦੇ ਜੀਵਨ ਦੀ ਅਸਲ ਕਹਾਣੀ ਉਦੋਂ ਸ਼ੁਰੂ ਹੋਈ ਜਦ ਸਿੰਬਲ ਟੇਕਰੀ ਤੇ ਇਕ ਫਤਹਿ ਸ਼ਰਮਾਂ, ਨਾਮ ਦੇ ਬੰਦੇ ਕੋਲ ਇੱਟਾ ਦੇ ਭੱਠੇ ਉੱਪਰ ਪੱਪੀ ਮਕਾਨ ਲਈ ਇੱਟਾਂ ਲੈਣ ਪੁੱਜਾ, ਭੱਠਾ ਮਾਲਕ ਕੱਟਰ ਹਿੰਦੂਤਵ ਸੋਚ ਦਾ ਫਿਰਕੂ ਸੀ ਅਤੇ ਇਹ ਸਿੱਖਾਂ ਨੂੰ ਇੱਟਾ ਮਹਿੰਗੀਆਂ ਤੇ ਹਿੰਦੂਆਂ ਨੂੰ ਘੱਟ ਭਾਅ ਤੇ ਸੱਸਤੀਆਂ ਦਿੰਦਾ ਸੀ, ਪੱਪੀ ਵੀ ਉਸੇ ਰੇਟ ਤੇ ਇੱਟਾ ਮੰਗਣ ਲੱਗਾ, ਅਤੇ ਇਸ ਨੂੰ ਫਿਰਕਾਪ੍ਰਸਤੀ ਆਖਿਆ ਤਾਂ ਮਾਲਕ ਸ਼ਰਮਾਂ ਨੇ ਇਸ ਅਵਾਜ਼ ਨੂੰ ਬੰਦ ਕਰਨ ਲਈ ਆਪਣੀ ਬਰਾਦਰੀ ਦੇ ਥਾਣੇਦਾਰ ਨੂੰ ਜੋ ਉਸੇ ਇਲਾਕੇ ਵਿਚ ਤੈਨਾਤ ਸੀ, ਜਾਂ ਝੂਠੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਝੂਠੀਆਂ ਕਹਾਣੀਆਂ ਦੇ ਆਧਾਰ ਉੱਤੇ ਨੌਜਵਾਨ ਪੱਪੀ ਨੂੰ ਮਾਰ-ਕੁਟਾਈ ਤੋਂ ਬਾਅਦ ਮੂੰਹ ਕਾਲਾ ਕਰਕੇ ਬਾਜ਼ਾਰ 'ਮੀਰਾ ਸਾਹਿਬ' ਵਿਚ ਘੁਮਾਇਆ ਗਿਆ ਇਸ ਘਟਨਾ ਨੇ ਸਿੱਖ ਨੌਜਵਾਨ ਨੂੰ ਉੱਥੇ ਹੀ ਸਾਰੇ ਬਜ਼ਾਰ ਦੀ ਹੱਸੀ ਤੇ ਤੜ ਤੜਾਉਂਦੀਆਂ ਤਾੜੀਆਂ ਸਾਹਮਣੇ ਕਠੋਰ ਫੈਸਲਾ ਲੈਣ ਲਈ ਮਜ਼ਬੂਰ ਕਰ ਦਿੱਤਾ।

ਆਪਣੇ ਫੈਸਲੇ ਦੀ ਜਾਣਕਾਰੀ ਐਸ.ਐਸ.ਓ. ਇਸ਼ਰਦਾਸ ਦੱਤਾ ਨੂੰ ਇਹ ਕਹਿੰਦਿਆ ਦਿੱਤੀ "ਹੁਣ ਇਸ ਜਿੱਲਤ ਤੋਂ ਬਾਅਦ ਮੈਂ ਜੀਉਣਾ ਨਹੀਂ ਚਾਹੁੰਦਾ ਬੇਹਤਰ ਹੈ ਤੂੰ ਹੀ ਮੈਨੂੰ ਗੋਲੀ ਮਾਰਦੇ, ਨਹੀਂ ਤਾਂ ਮੈਂ ਤੇਰਾ ਨੰਬਰ ਲਗਾ ਦਿਆਂਗਾ।" ਝੂਠੇ ਕੇਸਾਂ ਦੀ ਫ਼ਾਈਲ ਤਿਆਰ ਕੀਤੀ ਗਈ ਤੇ ਪੱਪੀ ਇਕ ਸਾਲ ਲਈ ਪੀ.ਐਸ.ਏ. ਐਕਟ ਅਧੀਨ ਜੰਮੂ ਸੈਂਟਰ ਜੇਲ੍ਹ ਭੇਜ ਦਿੱਤਾ ਗਿਆ। ਸਾਲ ਤੋਂ ਪਹਿਲਾਂ ਹੀ ਜ਼ਮਾਨਤ ਹੋ ਜਾਨ ਤੇ ਪੱਪੀ ਘਰ ਪਰਤ ਆਇਆ ਅਤੇ ਇਸ਼ਰਦਾਸ ਵੱਲੋਂ ਕੀਤੀ ਗਈ ਨਿਰਾਦਰੀ ਦੀ ਅੱਗ ਵਿਚ ਜਲਦਾ ਹੋਇਆ, ਉਸ ਘਟੀਆ ਮਾਨਸਿਕਤਾ ਵਾਲੇ ਪੁਲਿਸ ਆਫਿਸਰ ਦੀ ਤਲਾਸ਼ ਵਿਚ ਆਪਣੇ

ਜੇਲ੍ਹ ਵਿਚ ਬਣੇ ਸਾਥੀਆਂ ਤੇ ਸਕੂਲੀ ਦੋਸਤ ਨਾਲ ਨਿਕਲ ਪਿਆ। ਆਖਰ ਇਕ ਦਿਨ ਪੱਪੀ ਨੂੰ ਖ਼ਬਰ ਮਿਲੀ ਤੇ ਪੱਪੀ ਆਪਣੇ ਸਾਥੀਆਂ ਰਣਜੀਤ ਸਿੰਘ ਬੱਬਲੀ, (ਸਕੂਲੀ ਦੋਸਤ) ਸਵਰਨ ਸਿੰਘ ਜੇਲ੍ਹ ਦਾ ਸਾਥੀ, ਦਰਸ਼ਨ ਸਿੰਘ ਸਿੱਧੀ ਡਰਾਇਵਰੀ ਲਾਈਨ ਦਾ ਸਾਥੀ ਨੂੰ ਲੈ ਕੇ ਦੱਤਾ ਦੇ ਸਾਹਮਣੇ ਜਾ ਖੜ੍ਹਾ ਹੋਇਆ, ਇਸ਼ਰਦਾਸ ਦੱਤਾ ਨੂੰ ਭਿਆਨਕ ਢੰਗ ਨਾਲ ਚਿਥੜੇ-ਚਿੱਥੜੇ ਕੀਤਾ ਗਿਆ, ਸਜ਼ਾ ਮੌਤ ਨਹੀਂ ਸੀ, ਪਰ ਸਾਰੀ ਉਮਰ ਮੰਜੇ ਤੇ ਹੀ ਕੱਟਣ ਕਾਰਨ ਉਹ ਹਰ ਰੋਜ਼ ਮੌਤ ਮੰਗਦਾ ਰਿਹਾ।

ਇਸ ਘਟਨਾ ਨੇ ਪੱਪੀ ਨਾਮ ਦੇ ਇਕ ਗੁੰਮਨਾਮ ਨੌਜਵਾਨ ਨੂੰ "ਰਾਬਿਨ ਹੁਡ ਵਰਗੀ ਛੱਵੀ ਪ੍ਰਦਾਨ ਕਰ ਦਿੱਤੀ ਅਤੇ ਪੁਲਿਸ ਜਾਤੀਆਂ ਤੋਂ ਪ੍ਰੇਸ਼ਾਨ ਹਰ ਸ਼ਖ਼ਸ ਨੇ ਇਸ ਐਕਸ਼ਨ ਦੀ ਵਾਹ-ਵਾਹ ਕੀਤੀ, ਪਰ ਕੁੱਝ ਲੋਕਾਂ ਲਈ ਪੱਪੀ ... 1985 ਦੀ ਗੱਲ ਹੈ, ਸਜ਼ਾ ਸੁਭਾਵਿਕ ਸੀ, ਚਾਰੇ ਨੌਜਵਾਨ ਜੰਮੂ ਜੇਲ੍ਹ ਪੁੱਜੇ, ਜਿਥੇ ਇਨ੍ਹਾਂ ਨੂੰ ਭਾਈ ਅਵਤਾਰ ਸਿੰਘ ਖਾਲਸਾ (ਫੈਡਰੇਸ਼ਨ ਆਗੂ) ਅਤੇ ਹੋਰ ਦੂਜੇ ਕੌਮਾਂਤਰੀ ਖਾੜਕੂ ਆਗੂਆਂ ਦਾ ਸਾਥ ਪ੍ਰਾਪਤ ਹੋਇਆ, ਪੱਪੀ ਦੇ ਅੰਦਰ ਦਾ ਬਾਗੀ ਸਹੀ ਦਿਸ਼ਾ ਵੱਲ ਮੁੜਨ ਲੱਗਾ, ਸਿੱਖ ਹਿੱਤਾਂ ਦੀ ਰੱਖਿਆ ਵਾਸਤੇ ਜੂਝਣ ਦੀ ਸੋਚ ਉਭਰਨ ਲੱਗੀ, ਜਿਸ ਦਾ ਅੰਤ ਜੇਲ੍ਹ 'ਚੋਂ ਨਿਕਲਣ ਤੋਂ ਬਾਅਦ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਦੇ ਸਿੰਘਾਂ ਤੋਂ ਹਥਿਆਰ ਲੈ ਕੇ ਸਰਕਾਰ ਵੱਲੋਂ ਸਤਾਏ ਦੂਜੇ ਨੌਜਵਾਨਾਂ ਨੂੰ ਨਾਲ ਲੈ ਕੇ ਹਕੂਮਤ ਵਿਰੁੱਧ ਲੜਾਈ ਲੜਨ ਲਈ ਤਿਆਰ ਹੋ ਗਿਆ।

ਉਸ ਦਿਨ ਤੋਂ ਬਾਅਦ ਜੰਮੂ ਵਿਚ ਚੱਲਣ ਵਾਲੀ ਹਰ ਗੋਲੀਬਾਰੀ ਦਾ ਜ਼ਿੰਮਾ ਪੱਪੀ ਦੇ ਸਿਰ ਮੜ੍ਹ ਦਿੱਤਾ ਜਾਂਦਾ ਰਿਹਾ। ਇਸ ਤੋਂ ਪਹਿਲੇ ਕਿ ਉਹ ਮੁੜ ਪਰਤਨ ਦੇ ਸਾਰੇ ਰਸਤੇ ਬੰਦ ਕਰ ਦਿੰਦਾ, ਜੰਮੂ ਵਿਖੇ ਬਦਲੀ ਹੋ ਕੇ ਆਇਆ ਐਸ.ਪੀ.ਪੀ.ਐਸ. ਗਿੱਲ ਨੇ ਪੱਪੀ ਦੇ ਭਰਾ ਰਾਜਾ ਸਿੰਘ 'ਸਰਪੰਚ' ਰਾਹੀਂ ਗੱਲਬਾਤ ਦੀ ਪੇਸ਼ਕਸ਼ ਰੱਖੀ ਅਤੇ ਮੁੜ ਆਉਣ ਦੀ ਸਲਾਹ ਦਿੱਤੀ, ਮਾਮਲਾ ਸਿਰੇ ਚੜ੍ਹ ਗਿਆ ਅਤੇ ਪੱਪੀ ਕੁੱਝ ਦਿਨਾਂ ਲਈ ਫਿਰ ਜੇਲ੍ਹ ਪੁੱਜ ਗਿਆ, ਬਾਹਰ ਆਉਣ ਤੋਂ ਬਾਅਦ ਉਸ ਨੂੰ ਮੁੜ ਪੁਲਿਸ ਵੱਲੋਂ ਪ੍ਰੇਸ਼ਾਨ ਕੀਤਾ ਜਾਣ ਲੱਗ ਪਿਆ, ਪਰਿਵਾਰ ਵੀ ਪੁਲਿਸ ਤੋਂ ਤੰਗ ਆ ਚੁੱਕਾ ਸੀ, ਐਸ.ਐਸ.ਪੀ. (ਪਹਿਲਾਂ ਐਸ.ਪੀ.) ਸਰਦਾਰ ਗਿੱਲ ਦੀ ਵੀ ਕੋਈ ਪੇਸ਼ ਨਾ ਚਲਦੀ ਵੇਖ, ਹੈਰਾਨੀ ਦਾ ਆਲਮ ਸੀ ਉਧਰ 13 ਜਨਵਰੀ 1989 ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਤੇ ਕੱਢੇ ਜਾਂਦੇ ਨਗਰ ਕੀਰਤਨ ਤੇ ਅੱਤਵਾਦੀਆਂ (ਸ਼ਿਵ ਸੈਨਾ ਆਰ.ਐਸ.ਐਸ ਕਾਂਗਰਸ) ਅਤੇ ਜੰਮੂ ਦੇ ਨਾਮੀ ਹਿੰਦੂ ਬਦਮਾਸ਼ਾਂ ਨੇ ਹਮਲਾ ਕਰਕੇ 13 ਸਿੱਖ ਕਤਲ ਕਰ ਦਿੱਤੇ। ਹੁਣ ਪੱਪੀ ਪੂਰੀ ਤਰ੍ਹਾਂ ਬਾਗੀ ਹੋਣ ਦੀ ਕਸਮ ਖਾ ਚੁੱਕਿਆ ਸੀ, ਇਸੇ ਸਿਲਸਿਲੇ ਦੀ ਕੜੀ ਦੇ ਇਕ ਰੂਪ ਵਿਚ ਉਸ ਨੇ ਜੰਮੂ ਦੇ ਨਾਮੀ ਗਰਾਮੀ ਬਦਮਾਸ਼ਾਂ ਦਾ ਜੰਮੂ 'ਚੋਂ ਸਫ਼ਾਇਆ ਕਰਨਾ ਸ਼ੁਰੂ ਕਰ ਦਿੱਤਾ, ਜਿਸ ਵਿਚ "ਬਦਮਾਸ਼ ਬਾਵਾ" ਰਾਜੂ ਕਬੂਤਰਬਾਜ, ਗੁੱਡੋ (ਕਾਂਗਰਸੀ ਲੀਡਰ. ਆਦਿ ਬਹੁਤ ਸਾਰਿਆਂ ਨੂੰ ਮੌਤ ਦੇ ਦਰ ਭੇਜ ਦਿੱਤਾ ਗਿਆ, ਮੁਖ਼ਬਰਾਂ ਦੀ ਲਾਸ਼ਾਂ ਦਰੱਖ਼ਤਾਂ ਤੇ ਟੰਗੀਆਂ ਮਿਲਨ ਲੱਗੀਆਂ, ਜ਼ਿੰਦਾਬਾਦ ਫੋਰਸ, ਵੱਲੋਂ ਕੀਤੇ ਜਾਂਦੇ ਐਕਸ਼ਨ

ਵੀ ਪੱਪੀ ਦੇ ਜ਼ੁੰਮੇ ਹੀ ਲੱਗ ਜਾਂਦੇ ਰਹੇ।

ਹੁਣ ਨਜ਼ਦੀਕੀਆਂ ਪੰਜਾਬ ਦੇ ਖਾੜਕੂਆਂ ਨਾਲ ਵੀ ਵੱਧਣ ਲੱਗੀਆਂ, ਭਾਈ ਗੁਰਦੀਪ ਸਿੰਘ ਨੇਪਾਲੀ, ਭਾਈ ਅਵਤਾਰ ਸਿੰਘ ਖਾਲਸਾ, ਰਾਹੀਂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਵੀ ਨੇੜਤਾ ਵੱਧ ਗਈ, ਇਸ ਦੌਰਾਨ ਪੰਜਾਬ ਦੇ ਜ਼ਾਲਮ ਡੀ.ਐਸ.ਪੀ. ਮੱਖਣ ਜੱਲਾਦ ਨੇ ਜੰਮੂ ਦੇ ਪਿੰਡ ਸਿੰਬਲ ਕੈਂਪ ਵਿਖੇ ਇਕ ਸਕੂਲ ਨੇੜੇ ਲੋਕਾਂ ਨੂੰ ਇਕੱਠਿਆਂ ਕਰਕੇ ਕਿਹਾ ਸੀ, "ਮੈਂ ਪੰਜਾਬ ਵਿਚ ਖਾੜਕੂਵਾਦ ਦੀ ਕਮਰ ਤੋੜ ਆਇਆ ਹਾਂ ਅਤੇ ਇਹ ਜੰਮੂ ਦੇ ਖ਼ਾਲਿਸਤਾਨੀ ਛੋਕਰੇ ਕਿਹੜੇ ਬਾਗ ਦੇ ਜੰਮਪਲ ਹਨ। ਇਨ੍ਹਾਂ ਨੂੰ ਤਾਂ ਮੈਂ ਮੂਲੀਆਂ ਵਾਂਗ ਪੁੱਟ ਸੁੱਟਣਾ ਹੈ।"

ਕੁੱਝ ਹੀ ਦਿਨਾਂ ਬਾਅਦ ਮੱਖਣ ਜਲਾਦ, ਉੱਤੇ ਹਮਲੇ ਹੋਏ, ਇਹ ਹਮਲੇ ਜੰਮੂ ਦੇ ਨੌਜਵਾਨਾਂ ਵੱਲੋਂ ਮੱਖਣ ਜਲਾਦ ਦੇ ਘਰ ਪੰਜਾਬ ਜਾ ਕੇ ਕੀਤੇ ਗਏ ਸਨ। ਇਨ੍ਹਾਂ ਐਕਸ਼ਨਾਂ ਨਾਲ ਭਾਰਤੀ ਫੋਰਸਾਂ ਨੂੰ ਅਹਿਸਾਸ ਹੋ ਗਿਆ, ਕਿ ਦਸ਼ਮੇਸ਼ ਦੇ ਸ਼ੇਰ, ਸ਼ੇਰ ਹੀ ਹਨ, ਭਾਵੇਂ ਉਹ ਰਾਜਿਸਥਾਨ ਦੇ ਜੰਗਲਾਂ ਦੇ ਹੋਣ ਭਾਵੇਂ ਜੰਮੂ ਦੇ ਪਹਾੜੀ ਖੇਤਰ ਵਿਚ ...।

ਪੱਪੀ ਉੱਤੇ ਇਕ ਸੌ ਪੰਜਾਹ (150) ਕੱਤਲਾਂ ਦਾ ਦੋਸ਼ ਲਾ ਕੇ ਜੰਮੂ-ਕਸ਼ਮੀਰ, ਪੰਜਾਬ, ਮੁੰਬਈ, ਤੱਕ ਦੀ ਪੁਲਿਸ ਵੱਲੋਂ ਤਲਾਸ਼ ਜ਼ੋਰਾਂ ਨਾਲ ਕੀਤੀ ਜਾ ਰਹੀ ਸੀ। ਜੰਮੂ ਦੇ ਸਿੰਘਾਂ ਵੱਲੋਂ ਲਹਿਰ ਪਰਚੰਡ ਕਰਨ ਲਈ ਅੰਨੇਵਾਹ ਭਰਤੀ ਸ਼ੁਰੂ ਕਰ ਦਿੱਤੀ ਗਈ, ਪੱਪੀ ਦੇ ਇਸ ਫੈਸਲੇ ਕਾਰਨ ਭਾਈ ਰਣਜੀਤ ਸਿੰਘ ਨੀਤਾ ਤੇ ਪੱਪੀ 'ਚ ਦੂਰੀਆਂ ਵੱਧ ਗਈਆਂ, ਸਿੰਬਲ ਕੈਂਪ ਵਿਖੇ ਜੰਮੂ ਤੋਂ ਅਲਾਵਾ ਗੁਰਦਾਸਪੁਰ, ਬਟਾਲਾ, ਮੁਕੇਰੀਆਂ, ਪਠਾਨਕੋਟ ਆਦਿ ਥਾਵਾਂ ਤੋਂ ਵੀ ਸਿੱਖ ਨੌਜਵਾਨ ਪੁੱਜਣ ਲੱਗ ਪਏ ਸਨ, ਭਾਵੇਂ ਜੰਮੂ ਦੇ ਸਿੰਘਾਂ ਦੇ ਦੋ ਗਰੁੱਪ ਬਣ ਗਏ ਸਨ, ਪਰ ਇਨ੍ਹਾਂ ਨੇ ਕਦੀ ਵੀ ਆਪਸ ਵਿਚ ਗੋਲੀ ਨਹੀਂ ਸੀ ਚਲਾਈ ਤੇ ਇਨ੍ਹਾਂ ਦਾ ਠਿਕਾਣਾ, ਸਿੰਬਲ ਕੈਂਪ, ਗਾਡੀਗੜ੍ਹ ਡਿਗਿਆਨਾ, ਆਦਿ ਥਾਵਾਂ ਤੇ ਸੀ, ਜਿੱਥੇ ਪੁਲਿਸ ਡਰਦੀ ਪੈਰ ਨਹੀਂ ਸੀ ਧਰਦੀ, ਜਦ ਧਰਦੀ ਤਾਂ ਵੱਡੀਆਂ ਫੋਜਾਂ ਲੈ ਕੇ ਧਰਦੀ। ਇਸ ਦੇ ਨਾਲ ਹੀ ਬੇ ਸੋਚੀ ਸਮਝੀ ਨੀਤੀ ਨਾਲ ਕੀਤੀ ਗਈ ਭਰਤੀ ਦੌਰਾਨ ਕਈ ਕੱਚੇ, ਕੇਟੀਏ (ਸਰਕਾਰੀ) ਅਤੇ ਜਰਾਇਮ ਪੇਸ਼ਾ ਵੀ ਸਿੰਘਾਂ ਨਾਲ (ਪੱਪੀ ਗਰੁੱਪ 'ਚ) ਸ਼ਾਮਿਲ ਹੋ ਗਏ, ਜਿਨ੍ਹਾਂ ਕਾਰਣ ਸੰਘਰਸ਼ ਨੂੰ ਬੁਰੀ ਤਰ੍ਹਾਂ ਢਾਹ ਲੱਗੀ, ਲੋਕਾਂ ਦੇ ਮਨਾਂ 'ਚੋਂ ਖਾੜਕੂਆਂ ਪ੍ਰਤੀ ਸਤਿਕਾਰ ਮਨਫ਼ੀ ਹੁੰਦਾ ਗਿਆ।

ਭਾਈ ਪੱਪੀ ਨੂੰ ਬਾਬਾ ਮਾਨੋਚਾਹਲ ਵੱਲੋਂ ਕੁੱਝ ਸਮੇਂ ਲਈ ਤਰਨਤਾਰਨ ਦਾ ਬੀ.ਟੀ.ਐਫ.ਕੇ, ਦਾ ਏਰੀਆ ਕਮਾਂਡਰ ਵੀ ਨਿਯੁਕਤ ਕੀਤਾ ਗਿਆ। ਭਾਈ ਪੱਪੀ ਵੱਲੋਂ ਜੰਮੂ ਵਿਚ ਨਸ਼ਿਆਂ ਤੇ ਸਖ਼ਤ ਪਾਬੰਦੀ ਕਰਨ ਅਤੇ ਗਰੀਬ ਸਿੱਖ ਪਰਿਵਾਰਾਂ ਦੀ ਮਦਦ ਕਰਨ ਕਰਕੇ ਲੋਕਾਂ ਵੱਲੋਂ ਅਥਾਹ ਸਤਿਕਾਰ ਤੇ ਸਹਿਯੋਗ ਮਿਲਦਾ ਰਿਹਾ, ਕਈ ਸਖ਼ਤ ਘੇਰਿਆਂ 'ਚੋਂ ਬਚਾਉਣ ਲਈ ਲੋਕਾਂ ਨੇ ਆਪਣੇ ਘਰਾਂ 'ਚ ਪਨਾਹ ਦਿੱਤੀ। ਪੱਪੀ ਗਰੁੱਪ 'ਚ ਸ਼ਾਮਿਲ ਬਿੱਟੂ ਪਠਾਨਕੋਟੀਆ ਅਸਲ ਵਿਚ ਪੁਲਿਸ ਦਾ ਕੈਟ ਅਤੇ ਇਕ ਨੌਜਵਾਨ ਸਿੱਧੂ ਵੱਲੋਂ ਆਪਣੇ ਹੀ ਇਕ ਸਾਥੀ ਕੀਰਤ ਸਿੰਘ ਉੱਤੇ ਮੁੱਖਬਰੀ ਦਾ ਦੋਸ਼ ਲਾ ਕੇ ਉਸ ਦੇ

ਘਰ ਅਟੈਕ ਕਰ ਦਿੱਤਾ ਜਿਸ ਵਿਚ ਕਿਰਤਾ ਤਾਂ ਬੱਚ ਗਿਆ, ਪਰ ਉਸ ਦੇ ਪਰਿਵਾਰ ਦੇ ਤਿੰਨ ਮੈਂਬਰ ਮਾਰੇ ਗਏ, ਜਿਸ ਕਾਰਣ ਲੋਕਾਂ ਦਾ ਸਤਿਕਾਰ ਭਾਰੀ ਰੋਸ 'ਚ ਤਬਦੀਲ ਹੋ ਗਿਆ। ਇਸੇ ਬਿੱਟੂ ਪਠਾਨਕੋਟੀਏ ਨੇ ਪੁਲਿਸ ਪੰਜਾਬ ਨੂੰ ਸੂਹ ਦਿੱਤੀ ਕਿ ਭਾਈ ਪੱਪੀ ਐਪੰਡੀਕਸ ਦੇ ਅਪ੍ਰੇਸ਼ਨ ਤੋਂ ਬਾਅਦ ਖੰਨਾ (ਪੰਜਾਬ) ਵਿਖੇ ਆਪਣੀ ਪਤਨੀ ਤੇ ਬੱਚੇ ਨਾਲ ਇਕ ਠਾਹਰ ਤੇ ਬੈਠਾ ਹੈ, ਤੇ ਮੈਂ ਬਿੱਟੂ ਉਸਨੂੰ ਨਿਹੱਥਾਂ ਕਰ ਕੇ ਆਇਆ ਹਾਂ।

ਬਗਾਵਤ ਦਾ ਮੁਜ਼ਸਮਾਂ ਬਿਨਾਂ ਕਿਸੇ ਸੰਘਰਸ਼ ਤੋਂ ਪੁਲਿਸ ਦੇ ਹੱਥੇ ਚੜ੍ਹ ਗਿਆ, ਅਤਿ ਦੇ ਤਸੀਹਿਆ ਦਾ ਦੌਰ ਆਰੰਭ ਹੋਇਆ, ਗਰਮ ਸਲਾਖਾਂ ਨੂੰ ਜਿਸਮ ਵਿਚੋਂ ਆਰ-ਪਾਰ ਕਰਨਾ, ਘੋਟਣੇ, ਕਰੰਟ, ਆਖਰ ਦੋ ਜੀਪਾਂ ਨਾਲ ਬੰਨ ਕੇ ਲੱਤਾਂ ਪਾੜ ਦਿੱਤੀਆਂ ਗਈਆਂ। 29 ਮਈ 1993 ਤੋਂ 10 ਜੂਨ 1993 ਤੱਕ ਅਖ਼ਬਾਰਾਂ ਵਿਚ ਭਾਈ ਪੱਪੀ ਮਹਾਂਰਾਸ਼ਟਰ ਤੋਂ ਕਸ਼ਮੀਰ ਤੱਕ ਸਰਗਰਮ, ਖਾੜਕੂ ਦੀ ਗ੍ਰਿਫ਼ਤਾਰੀ ਦੀਆਂ ਖ਼ਬਰਾਂ ਜੰਮੂ ਦੇ ਹਿੰਦੂਤਵ ਬਦਮਾਸ਼ਾ ਨੇ ਪੁਲਿਸ ਨੂੰ ਮੋਟੀਆਂ ਰਕਮਾਂ ਦੇ ਕੇ ਭਾਈ ਪੱਪੀ ਨੂੰ ਜੰਮੂ ਪੁਲਿਸ ਦੇ ਸਪੁਰਦ ਹੋਣ ਤੋਂ ਪਹਿਲਾਂ ਖਤਮ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ, ਮੁਖਬਰਾਂ ਵਿਚ ਖੁਸ਼ੀ ਦੀ ਲਹਿਰ ਸੀ, ਇਹ ਉਹ ਮੁਖਬਰ ਸਨ, ਜੋ ਭਾਈ ਪੱਪੀ ਦੇ ਜੰਮੂ ਆਉਣ ਤੇ ਥਾਣਿਆਂ ਦੀ ਹਵਾਲਾਤਾਂ 'ਚ ਜਾ ਛੁੱਪਦੇ ਸਨ। ਸਿੱਖਾਂ ਦੀ ਦੁਸ਼ਮਣ ਜਮਾਤਾਂ ਮਿਠਾਈਆਂ ਵੰਡ ਕੇ ਖੁਸ਼ੀਆਂ ਮਨਾ ਰਹੀਆਂ ਸਨ।

ਭਾਈ ਪੱਪੀ ਨੂੰ ਖੰਨਾਂ ਪੁਲਿਸ ਨੇ ਟਿਕਾਣੇ ਲਗਾ ਦਿੱਤਾ ਅਤੇ ਮਿਰਤਕ ਸ਼ਰੀਰ ਦੀਆਂ ਫੋਟੋਆਂ ਸਿੱਖ ਦੁਸ਼ਮਣਾਂ, ਜਿਨ੍ਹਾਂ ਨੇ ਪੈਸੇ ਚੜਾਏ ਸਨ ਨੂੰ ਦਿੱਤੀਆਂ ਗਈਆਂ ਉਹ ਸਿੱਖਾਂ ਨੂੰ ਵਿਖਾ-ਵਿਖਾ ਕੇ ਚਿੜਾਉਂਦੇ ਰਹੇ, ਅਜੇ ਤੱਕ ਭਾਈ ਪੱਪੀ ਦੇ ਜੀਉਂਦਾ ਹੋਣ ਦੀਆਂ ਖ਼ਬਰਾਂ -ਅਫਵਾਹਾਂ ਫੈਲਦੀਆਂ ਰਹਿੰਦੀਆਂ ਹਨ। ਕੱਟੜ ਪੁਲਿਸ ਆਫ਼ਿਸਰਾਂ ਨੇ ਆਪਣੇ ਗੁੱਸੇ ਤੇ ਨਫ਼ਰਤ ਦਾ ਪ੍ਰਗਟਾਵਾ ਕਰਨ ਲਈ ਭਾਈ ਪੱਪੀ ਦੇ ਨਿੱਕੇ ਭਰਾ, ਕੁਲਵੀਰ ਸਿੰਘ (ਜਿਸ ਦੇ ਛੋਟੇ-ਮੋਟੇ ਕੇਸ ਸਨ) ਨੂੰ ਸ੍ਰੀਨਗਰ ਤੋਂ ਫੜ ਕੇ 19 ਜੁਲਾਈ 1996 ਨੂੰ ਜੰਮੂ ਦੇ ਬਡਿਆਲ ਪਿੰਡ ਦੀ ਨਹਿਰ ਦੇ ਕੰਡੇ ਝੂਠੇ ਮੁਕਾਬਲੇ ਦੀ ਭੇਟ ਚਾੜ ਦਿੱਤਾ। ਭਾਈ ਪੱਪੀ ਦੇ ਵੱਡੇ ਭਰਾ ਸਰਪੰਚ ਰਾਜਾ ਸਿੰਘ ਜੋ ਇਕ ਨੇਕ ਸਮਾਜ ਸੇਵਕ ਤੇ ਸ਼ਰੀਫ ਇਨਸਾਨ ਹੈ ਉੱਤੇ (ਐਸ.ਐਚ.ਓ. ਗਿਆਨ ਸ਼ਰਮਾ ਤੇ ਚਲਾਈ ਗੋਲੀ ਜਿਸ ਵਿਚ ਕਈ ਬੰਦੇ ਮਾਰੇ ਗਏ ਸਨ ਤੇ ਹਮਲਾ ਕੇ. ਜੈਡ.ਐਫ ਦੇ ਖਾੜਕੂਆਂ ਨੇ ਕੀਤਾ ਸੀ) ਝੂਠੇ ਕੇਸ ਪਾ ਦਿੱਤੇ ਗਏ, ਪਰ ਇੱਥੇ ਇਕ ਅਹਿਮ ਸੁਆਲ ਉੱਠਦਾ ਹੈ।

ਭਾਈ ਪੱਪੀ ਵਾਂਗ ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾ ਪੁਲਿਸ ਨੇ ਕਿੱਥੇ ਛੱਡੀਆਂ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਅਖਵਾਉਂਦੇ ਮੁਲੱਖ ਦੇ ਮੂੰਹ ਉੱਤੇ ਇਹ ਸਵਾਲ ਹਮੇਸ਼ਾ ਚਪੇੜਾਂ ਮਾਰਦਾ ਰਹੇਗਾ।

"ਅਬ ਦੋ ਹੀ ਤਰ੍ਹਾਂ ਜੀ ਸਕਤੇ ਹੋ ਯਾਰੋ, ਇਸ ਰਾਮ ਰਹੀਮ ਕੀ ਦੁਨੀਆਂ ਮੇਂ।
ਜਾਂ ਤੋ ਸੀਨਾ ਤਾਣ ਲੋ ਅਪਨਾ, ਜਾਂ ਫਿਰ ਪੱਥਰ ਕੇ ਬਣ ਜਾਓ।

■■■

ਧਾਰਮਿਕ ਜਜ਼ਬਾਤਾਂ ਦਾ ਪ੍ਰਗਟਾਵਾਂ ਨਤੀਜਾ, ਗੋਲੀ...

ਭਾਈ ਸਤਨਾਮ ਸਿੰਘ ਵਕੀਲ

ਸਿੱਖਾਂ ਦੇ ਹੱਕਾਂ ਨੂੰ ਲੈ ਕੇ ਸਮੇਂ-ਸਮੇਂ ਤੇ ਮੋਰਚੇ ਲਹਿਰਾਂ ਆਰੰਭ ਹੁੰਦੀਆਂ ਰਹੀਆਂ ਹਨ, ਜਦ ਮੋਰਚੇ ਤੇ ਲਹਿਰਾਂ ਕੁਰਬਾਨੀਆਂ ਸ਼ਹਾਦਤਾਂ ਸਦਕਾਂ, ਸਫ਼ਲਤਾਂ ਦੇ ਬੂਹੇ ਪੁੱਜੀਆਂ ਤਾਂ ਸਿੱਖ ਆਗੂਆਂ ਵੱਲੋਂ ਹਮੇਸ਼ਾਂ ਹੀ ਚੂਕ ਹੋ ਜਾਂਦੀ ਰਹੀ ਹੈ, "ਰਾਜ ਖਾਲਸਾ" ਦੇ ਪਤਨ ਬਾਰੇ ਵਿਦਵਾਨ "ਫੌਰਸਟਰ" ਤਿੰਨ ਮੁੱਖ ਕਾਰਨ ਦੱਸਦਾ ਹੈ, ਜੋ ਕਾਫੀ ਹੱਦ ਤੱਕ ਅਜੋਕੇ ਵਰਤਮਾਨ ਖਾੜਕੂ ਤੇ ਰਾਜਨੀਤਿਕ ਸੰਘਰਸ਼ ਦੀ ਢਹਿਦੀ ਕਲਾ ਲਈ ਵੀ ਮੁੱਖ ਦੋਸ਼ੀ ਵੇਖੇ ਜਾ ਸਕਦੇ ਹਨ। 1. ਅਨੁਸ਼ਾਸ਼ਨ ਦੀ ਘਾਟ 2. ਲਾਹੌਰ ਦੇ ਵੱਡੇ-ਵੱਡੇ ਸਰਦਾਰਾਂ ਦੀ ਦਗੇਬਾਜ਼ੀ, 3. ਸਿੱਖ ਸਰਦਾਰਾਂ ਦੀ ਆਪਸੀ ਫੁੱਟ।" ਇਹੀ ਕਾਰਣ ਸਨ ਕਿ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਬਾਅਦ ਕਿਸੇ ਵੀ ਜੁਝਾਰੂ ਨੇਤਾ ਨੇ ਸੰਘਰਸ਼ ਵਿਚ ਅਨੁਸ਼ਾਸਨ ਕਾਇਮ ਰੱਖਣ ਵਿਚ ਸਫਲਤਾ ਹਾਸਿਲ ਨਾ ਕੀਤੀ ਇੰਝ ਹੀ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਹੋਇਆ ਸੀ।

ਜਿਸ ਨੂੰ ਜਿਹੜੀ ਡੱਫਲੀ ਮਿਲੀ ਉਸਨੇ ਉਸਤੇ ਹੀ ਆਪਣਾ-ਆਪਣਾ ਰਾਗ ਸ਼ੁਰੂ ਕਰ ਦਿੱਤਾ। ਵੱਡੀ ਘਾਟ ਇਹ ਵੀ ਨਜ਼ਰ ਆਈ ਕਿ ਕਿਸੇ ਖਾੜਕੂ ਜਾਂ ਧਾਰਮਿਕ ਰਾਜਨੀਤਿਕ ਲੀਡਰ ਨੇ ਵੀ ਕੌਮ ਦਾ ਅਨਮੋਲ ਸਰਮਾਇਆ ਸਾਬਕਾ ਸਿੱਖ ਫੌਜੀ ਆਫਿਸਰ, ਪ੍ਰੋਫੈਸਰ, ਡਾਕਟਰ, ਜੱਜ, ਵਕੀਲ, ਇੰਜੀਨੀਅਰ, ਪ੍ਰਚਾਰਕ, ਵਿਦਵਾਨ, ਲਿਖਾਰੀਆਂ ਨੂੰ ਕਿਸੇ ਵੀ ਪੈਨਲ-ਪ੍ਰੋਗਰਾਮ ਵਿਚ ਪ੍ਰੋਣ ਦਾ ਉਪਰਾਲਾ ਨਾ ਕੀਤਾ ਅਤੇ ਨਾ ਹੀ ਸੰਘਰਸ਼ ਨੂੰ ਵਿਉਂਤਬੰਦ ਢੰਗ ਨਾਲ ਰਹਿਨੁਮਾਈ ਦੇ ਸਕੇ। ਜਿਸ ਕਾਰਨ ਸਾਡੇ ਬਹੁਤ ਸਾਰੇ ਵਿਦਵਾਨ, ਵਕੀਲ ਆਦਿ ਪੰਥਕ ਜਜ਼ਬਾ ਦਿਲਾਂ ਵਿਚ ਲੈ ਕੇ ਸੰਘਰਸ਼ ਤੇ ਪੰਥ ਲਈ ਕੁਝ ਕਰ ਗੁਜਰਨ ਦੀ ਲੋਚਦੇ ਸਨ, ਅਸੀਂ ਉਨ੍ਹਾਂ ਨੂੰ ਸਿੱਧੇ ਰੂਪ ਵਿਚ ਹਥਿਆਰ ਬੰਦ ਸੰਘਰਸ਼ ਵਿਚ ਸ਼ਾਮਿਲ ਕਰਕੇ ਪੰਥ ਦਾ ਵੱਡਾ ਨੁਕਸਾਨ ਕਰਵਾਇਆ। ਇਸ ਪੂੰਜੀ ਦੇ ਖਜ਼ਾਨੇ 'ਚੋਂ ਦੋ ਵੱਡ ਮੂਲ ਰਤਨ ਸਨ, ਭਾਈ ਧਰਮਵੀਰ ਸਿੰਘ ਵਕੀਲ, ਭਾਈ ਸਤਨਾਮ ਸਿੰਘ ਵਕੀਲ ਜੰਮੂ ਹਾਈਕੋਰਟ। ਇੱਥੇ ਗੱਲ ਕਰ ਰਹੇ ਹਾਂ ਭਾਈ ਸਤਨਾਮ ਸਿੰਘ ਦੀ ਜਿਨ੍ਹਾਂ ਬਾਰੇ ਅਕਸਰ ਕਿਹਾ ਜਾਂਦਾ ਸੀ ਕਿ ਉਹ ਮਜਬੂਰ ਲੋੜ ਬੰਦ ਅਤੇ ਦੂਜੀਆਂ ਸਟੇਟਾਂ ਤੋਂ ਇੱਥੇ ਫਸੇ ਬੇਦੋਸ਼ੇ ਜਾਂ ਫਿਰ ਜਿਨ੍ਹਾਂ ਦੀ ਮੁਲਾਕਾਤ ਜਾ ਕੋਈ ਹੋਰ ਸਹਾਰਾ ਨਾ ਹੋਵੇ, ਉਨ੍ਹਾਂ ਦੀ ਆਖ਼ਰੀ ਉਮੀਦ ਭਾਈ ਸਾਹਿਬ ਹੀ ਹੋਇਆ ਕਰਦੇ ਸਨ, ਇਸ ਦੇ ਨਾਲ ਹੀ ਪੰਥ ਲਈ ਸਿਰਧੜ ਦੀ ਬਾਜ਼ੀ ਲਾਉਣ ਨਿਕਲੇ ਖਾੜਕੂ ਸਿੰਘਾਂ ਦੇ ਹਮਦਰਦ ਤੇ

ਉਨ੍ਹਾਂ ਦਾ ਰਾਜ਼ਦਾਰ ਸਨ, ਭਾਈ ਸਤਨਾਮ ਸਿੰਘ ਜੀ। ਪਰ ਭਾਰਤੀ ਪੁਲਿਸ (ਕੁਝ ਕੁ ਮਨੁੱਖਾਂ ਨੂੰ ਛੱਡ ਕੇ) ਜਿਸ ਲਈ ਮਨੁੱਖਤਾ ਸ਼ਬਦ ਵੀ ਬੇਵਾਜਿਬ ਹੈ ਅਤੇ ਮਨੁੱਖਤਾ ਦੇ ਪੈਰੋਕਾਰ ਵੀ ਫਿਰ ਉਹ ਭਲਾ ਸਤਨਾਮ ਸਿੰਘ ਨੂੰ ਆਪਣੇ ਵੱਲੋਂ ਸਤਾਏ ਹੋਏ ਲੋਕਾਂ ਦੇ ਕੇਸ ਲੜਨ ਤੋਂ ਬਾਅਦ ਬਰਦਾਸ਼ਤ ਕਿਉਂ ਕਰਦੇ ?

ਮਨੁੱਖਤਾ ਦੇ ਇਸ ਦਰਦੀ ਦਾ 1963 ਦੇ ਵਰੇ ਵਿਚ ਡਿਗਿਆਨਾਂ ਵਿਖੇ ਆਉਣਾ ਹੋਇਆ। ਇਸ ਨੇ 31 ਸਾਲ ਦੀ ਉਮਰ ਵਿਚ 25 ਵਾਰ ਲੋੜਵੰਦਾਂ ਨੂੰ ਆਪਣਾ ਖ਼ੂਨ ਦੇ ਕੇ ਮੁੜ ਜੀਵਨ ਦੀ ਰਾਹ ਦੱਸੀ ਸੀ, ਅਤੇ ਹੋਰ ਵੀ ਬਹੁਤ ਕੁੱਝ ....। ਇਸ ਨੌਜਵਾਨ ਸਿੱਖ ਦਾ ਸਰਕਾਰ ਦੀ ਨਜ਼ਰਾਂ ਵਿਚ ਵੱਡਾ ਗੁਨਾਹ ਇਹੀ ਸੀ ਕਿ ਇਹ ਪੁਲਿਸ ਵੱਲੋਂ ਨਾਮ ਜਦ ਖਾੜਕੂਆਂ ਦੇ ਕੇਸ ਮੁਫ਼ਤ ਲੜਦਾ ਸੀ, ਉਨ੍ਹਾਂ ਨੂੰ ਜੇਲ੍ਹਾਂ ਵਿਚ ਮਿਲਣ ਜਾਂਦਾ ਦਸਤਾਰਾਂ, ਕਛਿਹਰੇ ਅਤੇ ਹੋਰ ਸਾਧਨ ਉਪਲੱਬਦ ਕਰਵਾਉਂਦਾ, ਇਸ ਲਈ ਉਸ ਨੂੰ ਕਿਸੇ ਜਥੇਬੰਦੀ ਜਾਂ ਸੰਸਥਾਂ ਦਾ ਸਹਿਯੋਗ ਨਹੀਂ ਸੀ, ਉਹ ਆਪਣੇ ਵੱਲੋਂ ਹੀ ਸਭ ਕੁੱਝ ਕਰਦਾ ਸੀ। ਪੰਜਾਬ ਪੁਲਿਸ ਦੇ ਨਾਲ-ਨਾਲ ਕਸ਼ਮੀਰੀ ਖਾੜਕੂਆਂ ਲਈ ਵੀ ਉਹ ਇਹੀ ਹਮਦਰਦੀ ਭਰਿਆ ਰੋਲ ਨਿਭਾਉਂਦਾ ਸੀ। ਜਿਸ ਕਰਕੇ ਇਕ ਵਾਰ ਕਸ਼ਮੀਰ ਤੋਂ ਪੰਜਾਬ ਜਾ ਰਹੇ ਹਥਿਆਰਾਂ ਦੇ ਜਖੀਰੇ ਦੇ ਫੜੇ ਜਾਣ ਤੇ, ਇਹ ਕੇਸ ਆਪ ਜੀ ਸਿਰ ਮੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਠੋਸ ਤੇ ਤਰਕ ਭਰਪੂਰ ਦਲੀਲਾਂ ਦੇਣ ਕਾਰਨ ਆਪ ਜੀ ਅਣਛੂਹੇ ਰਹਿ ਗਏ ਤੇ ਨਿਸ਼ਾਨਾਂ ਇਕ ਹੋਰ ਵਕੀਲ ਜੋ ਜੰਮੂ ਤੋਂ ਪੰਜਾਬ ਜਾ ਕੇ ਵਸਿਆ ਹੋਇਆ ਅਤੇ ਖਾੜਕੂ ਲਹਿਰ ਵਿਚ ਇਕ ਆਗੂ ਵਜੋਂ ਵਿਚਰ ਰਿਹਾ ਸੀ, ਭਾਈ ਧਰਮਵੀਰ ਸਿੰਘ ਕੰਮੋਕੇ, ਨੂੰ ਬਣਾਇਆ ਗਿਆ।

ਜਿਨ੍ਹਾਂ ਦਾ ਕੇਸ ਵੀ ਭਾਈ ਸਤਨਾਮ ਸਿੰਘ ਨੇ ਹੀ ਲੜਨਾ ਕੀਤਾ ਅਤੇ ਇਨ੍ਹਾਂ ਕੇਸਾਂ ਦੀ ਪੈਰਵ੍ਹੀ ਕਰਦਿਆਂ....। ਆਪ ਜੀ ਦੀਆਂ ਦਲੀਲਾਂ ਸਦਕਾਂ ਟਾਡਾ ਕੋਰਟ ਵਾਸਤੇ ਖਾਸ ਨਿਯੁਕਤ ਕੀਤੇ ਗਏ ਜੱਜ ਸ੍ਰ. ਮਹਿੰਦਰ ਸਿੰਘ ਜੀ ਨੇ ਵੀ ਕਈ ਵਾਰ ਪੰਜਾਬ ਪੁਲਿਸ ਨੂੰ ਲਾਨਤਾਂ ਪਾਉਂਦੇ ਕਿਹਾ ਸੀ, ਕਿ ਤੁਹਾਡੇ ਹਵਾਲੇ ਸਿੱਖ ਨੌਜਵਾਨ ਨਹੀਂ ਕੀਤੇ ਜਾ ਸਕਦੇ ਕਿਉਂਕਿ ਤੁਸੀਂ ਉਨ੍ਹਾਂ ਨੂੰ ਲਾਸ਼ਾ ਵਿਚ ਤਬਦੀਲ ਕਰ ਦੇਣਾ ਹੈ, ਕਿਸੇ ਵੀ ਰਾਜ ਦੀ ਪੁਲਿਸ ਦੇ ਮੂੰਹ ਤੇ ਇਸ ਤੋਂ ਵੱਡੀ ਚਪੇੜ ਹੋਰ ਕੀ ਹੋ ਸਕਦੀ ਹੈ, ਖਾਸ ਕਰ ਕੇ ਉਸ ਪੁਲਿਸ ਲਈ ਜਿਸ ਵਾਸਤੇ ਆਦਮੀ ਮੁਰਗੀਆਂ ਅਤੇ ਅਵਾਰਾਂ ਕੁੱਤਿਆਂ ਵਿਚ ਕੋਈ ਫ਼ਰਕ ਨਾ ਹੋਵੇ। ਫਿਰ ਭਲਾ ਅਜਿਹੇ ਜਰਵਾਣਿਆਂ ਤੋਂ ਇਕ ਸ਼ਰੀਫ ਤੇ ਨੇਕ ਵਕੀਲ ਕਿਵੇਂ ਬੱਚ ਸਕਦਾ ਸੀ, "ਭਾਰਤ ਅੰਦਰਲੀ ਹਕੀਕਤ ਕਿ ਜਿਸਨੇ ਵੀ ਆਪਣੇ ਧਾਰਮਿਕ ਜਜ਼ਬਾਤਾਂ ਦਾ ਪ੍ਰਗਟਾਵਾਂ ਕੀਤਾ, ਨਤੀਜਾ ਗੋਲੀ ਨਿਕਲਿਆ ਇਹੀ ਹੈ ਭਾਰਤੀ ਲੋਕਤੰਤਰ ਦਾ ਆਖਰੀ ਸੱਚ, 1994 ਨੂੰ 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਦੇ ਦੋ ਖਾੜਕੂ ਭਾਈ ਗੁਰਚਰਨ ਸਿੰਘ ਥਾਰੂ ਤੇ ਭਾਈ ਪਰਵਿੰਦਰ ਸਿੰਘ ਹੈਪੀ (ਜੰਮੂ) ਪੰਜਾਬ ਦੇ ਕਿਸੇ ਗਦਾਰ ਵੱਲੋਂ ਧੋਖਾ ਦੇਣ ਤੇ ਜਲੰਧਰ ਤੋਂ ਫੜੇ ਗਏ ਅਤੇ ਉਨ੍ਹਾਂ ਦਿਨਾਂ ਵਿਚ ਹੀ 30

ਅਕਤੂਬਰ 1994 ਦੇ ਦਿਹਾੜੇ ਭਾਈ ਧਰਮਵੀਰ ਸਿੰਘ ਦੇ ਕੇਸ ਦੇ ਸਿਲਸਿਲੇ ਵਿਚ ਭਾਈ ਸਤਨਾਮ ਸਿੰਘ ਮੋਹਾਲੀ (ਪੰਜਾਬ) ਠਹਿਰੇ ਹੋਏ ਸਨ, ਕਿਉਂਕਿ ਭਾਈ ਧਰਮਵੀਰ ਸਿੰਘ ਦੇ ਚੰਡੀਗੜ੍ਹ ਵੀ ਕੇਸ ਚੱਲਦੇ ਸਨ।

ਭਾਈ ਸਤਨਾਮ ਸਿੰਘ ਨੇ ਭਈ ਗੁਰਚਰਨ ਸਿੰਘ ਬਾਰੂ ਜੰਮੂ ਤੇ ਭਾਈ ਪਰਵਿੰਦਰ ਸਿੰਘ ਹੈਪੀ ਜੰਮੂ ਦੇ ਕੇਸ ਵੀ ਲੜੇ ਸਨ, ਤੇ ਇਹ ਸਿੰਘ ਕਈ ਵੱਡੇ ਕੇਸਾਂ ਵਿਚ ਜਮਾਨਤਾਂ ਹੋਣ ਤੋਂ ਬਾਅਦ ਮੁੜ ਭਗੌੜੇ ਹੋ ਚੁੱਕੇ ਸਨ। ਉਧਰ ਭਾਈ ਸਤਨਾਮ ਸਿੰਘ ਨੂੰ ਉਨ੍ਹਾਂ ਦੇ ਟਿਕਾਣੇ-ਰਿਹਾਇਸ਼ ਤੋਂ ਕੁੱਝ ਬੰਦੇ (ਪੁਲਿਸ ਸਿਵਲ ਕੱਪੜਿਆਂ 'ਚ) ਜ਼ਬਰੀ ਵੈਨ (ਗੱਡੀ) 'ਚ ਬਿਠਾਅ ਕੇ ਲੈ ਗਏ, ਕੁੱਝ ਸਮੇਂ ਬਾਅਦ ਉਥੋਂ ਭਾਈ ਸਤਨਾਮ ਸਿੰਘ ਦਾ ਸਮਾਨ, ਫਾਈਲਾਂ, ਟੈਚੀ, ਕੱਪੜੇ ਆਦਿ ਲੈ ਗਏ, ਉਸ ਤੋਂ ਬਾਅਦ ਅੱਜ ਤੱਕ ਭਾਈ ਸਤਨਾਮ ਸਿੰਘ ਲਾਪਤਾ (ਗੁੰਮਨਾਮ) ਹੈ ਅਤੇ ਦੋਵੇਂ ਸਿੰਘ ਵੀ। ਕੁੱਝ ਸਿੰਘਾਂ ਨੇ ਜੇਲ੍ਹ ਵਿਚ ਆਪਣੇ ਗੁਪਤਚਰਾਂ ਤੋਂ ਪਤਾ ਲਗਵਾ ਕੇ ਦੱਸਿਆ ਸੀ ਕਿ ਭਾਈ ਸਤਨਾਮ ਸਿੰਘ ਭਾਈ ਗੁਰਚਰਨ ਸਿੰਘ ਭਾਈ ਪਰਵਿੰਦਰ ਸਿੰਘ ਤਿੰਨਾਂ ਨੂੰ ਜਲੰਧਰ ਪੁਲਿਸ ਵੱਲੋਂ ਸ਼ਹੀਦ ਕਰ ਕੇ ਟਿਕਾਣੇ ਲਾ ਦਿੱਤਾ ਗਿਆ ਹੈ। ਭਾਈ ਸਤਨਾਮ ਸਿੰਘ ਦੇ ਨੇੜਲੇ ਵਕੀਲ ਦੋਸਤ ਮਿਸਟਰ ਭਾਰਗਵ ਨੇ ਦੱਸਿਆ "ਕਿ ਸਤਨਾਮ ਬੜੀ ਜਲਦੀ ਉੱਚ ਚੋਟੀ ਦੇ ਵਕੀਲਾਂ ਦੇ ਬਰਾਬਰ ਜਾ ਖੜਾ ਹੋਇਆ ਸੀ, ਉਸਦਾ ਸਿੰਘਾਂ ਪ੍ਰਤੀ ਜ਼ਿਆਦਾ ਚਿੰਤਤ ਹੋਣਾ, ਮੈਨੂੰ ਕਈ ਵਾਰ ਲੱਗਿਆ ਸੀ ਕਿ ਸਤਨਾਮ ਨਾਲ ਕੁੱਝ ਅਜਿਹਾ ਹੀ ਹੋਣਾ ਹੈ, ਉਸ ਵਰਗੇ ਸਾਥੀ ਦੀ ਕਮੀਂ ਉਸ ਵੇਲੇ ਬੜੀ ਰੜਕਦੀ ਹੈ ਜਦੋਂ ਕਿਸੇ ਮਜ਼ਬੂਰ ਜਾਂ ਸਿੱਖ ਨੌਜਵਾਨ ਨੂੰ ਕੜੀਆਂ ਵਿਚ ਦੇਖਦਾ ਹਾਂ।

ਭਾਈ ਸਾਹਿਬ ਦਾ ਉਨ੍ਹਾਂ ਦੀ ਆਗਿਆਕਾਰ ਤੇ ਨੇਕ ਧਰਮ ਸੁਪਤਨੀ ਬੀਬੀ ਜਗਜੀਤ ਕੌਰ ਅੱਜ ਤੱਕ ਰੋਜ਼ ਸ਼ਾਮ ਨੂੰ ਵਿਹੜੇ 'ਚ ਬੈਠੀ ਆਪਣੇ ਸਿਰਦਾਰ ਜੀ ਦੇ ਮੁੜ ਆਉਣ ਦਾ ਇੰਤਜ਼ਾਰ ਕਰਦੀ ਹੈ, ਇਸ ਆਸ ਨਾਲ ਕਿ ਸਤਨਾਮ ਸਿੰਘ ਕਦੀ ਝੂਠ ਨਹੀਂ ਸੀ ਬੋਲਦਾ ਉਹ ਮੈਨੂੰ ਪਰਤ ਆਉਣ ਲਈ ਕਹਿ ਕੇ ਗਏ ਸਨ, ਅਤੇ ਉਸ ਵੇਲੇ ਸਾਡੀ ਬੱਚੀ ਤਨਵੀਰ ਕੌਰ ਚੰਦ ਦਿਨਾਂ ਦੀ ਸੀ ਤੇ ਉਨ੍ਹਾਂ ਜਲਦੀ ਆਉਣ ਦਾ ਵਾਅਦਾ ਕੀਤਾ ਸੀ, ਉਹ ਜ਼ਰੂਰ ਪਰਤ ਆਉਣਗੇ... ਆਮੀਨ...। ਪਰ ਕੁਦਰਤ ਨੂੰ ਸ਼ਾਇਦ ਇਹ ਇੰਤਜ਼ਾਰ ਹੀ ਮਨਜ਼ੂਰ ਹੈ।

"ਗੈਰਤ ਕੇ ਪਾਸਦਾਰ ਥੇ, ਗੈਰਤ ਸੇ ਮਰ ਗਏ,
ਬੇ ਗੈਰਤ ਕਾ ਜੀਨਾ, ਗਵਾਰਾ ਹੋ ਨਾ ਸਕਾ।

ਕਾਸ਼! ਹਰ ਸਿੱਖ ਵਕੀਲ ਦੀ ਗੈਰਤ ਇਸੇ ਤਰ੍ਹਾਂ ਜਾਗੇ ਤੇ ਉਹ ਕਸ਼ਮੀਰੀ ਵਕੀਲਾਂ ਦੀ "ਕਸ਼ਮੀਰ ਬਾਰ ਐਸੋਸੀਏਸ਼ਨ" ਵਾਂਗ ਕਿਸੇ ਆਰਗੇਨਾਇਜ਼ੇਸ਼ਨ (ਜੋ ਸਿਰਫ਼ ਵਕੀਲਾਂ ਤੇ ਜੱਜਾਂ ਦੀ ਹੋਵੇ) ਦਾ ਗਠਨ ਕਰਕੇ ਪੰਜਾਬ ਦੇਸ਼ ਸਮੇਤ ਸਮੁੱਚੀ ਕੌਮ ਦੇ ਹੱਕਾਂ ਲਈ ਕਾਨੂੰਨੀ ਲੜਾਈ ਲੜ ਸਕਣ।

■■■

ਜੂਨ 1984 ਹਿੰਦ ਪੰਜਾਬ ਜੰਗ ਦਾ ਗੁੰਮਨਾਮ ਸ਼ਹੀਦ

ਭਾਈ ਜਸਵੰਤ ਸਿੰਘ ਜੀ ਊਧਮਪੁਰ ਜੰਮੂ

ਜਿਸ ਵੇਲੇ ਕੇਸਗੜ੍ਹ ਦੇ ਮੈਦਾਨ ਵਿਚ ਦਸਮ ਪਿਤਾ ਸੀਸ ਦੀ ਮੰਗ ਕਰਦੇ ਹਨ, ਤਾਂ ਸਭ ਤੋਂ ਪਹਿਲਾਂ ਉੱਠਣ ਵਾਲਿਆਂ ਵਿਚੋਂ ਉਨ੍ਹਾਂ ਜਾਤਾਂ ਦੇ ਮਰਜੀਵੜੇ ਹਨ, ਜਿਨ੍ਹਾਂ ਨੂੰ ਉਸ ਵੇਲੇ ਦਾ ਅਖੌਤੀ ਸਮਾਜ ਨੀਵੀਆਂ, ਜਾਤਾਂ ਦੇ ਮੰਨਦਾ ਹੈ। ਪਰ ਸਾਨੂੰ ਤਾਂ ਗੁਰੂ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਸੀ, "ਜਿਥੈ ਨੀਚ ਸਮਾਲੀਅਨ, ਤਿਥੈ ਨਦਰਿ ਤੇਰੀ ਬਖਸ਼ੀਸ਼" ਸਹਿਬਾਂ ਦੇ ਇਸ ਹੁਕਮ ਤੇ ਫਿਰ ਇਕ ਵੇਰਾਂ ਫੁੱਲ ਚੜ੍ਹਦੇ ਹਨ, ਜਦੋਂ ਊਧਮਪੁਰ ਦੇ ਪਿੰਡ ਰਾਮਨਗਰ, ਪਹਾੜੀ ਤੇ ਜੰਗਲ ਆਬਾਦੀ ਖੇਤਰ 'ਚੋਂ ਇਸੇ ਤਰ੍ਹਾਂ ਦੀ 'ਬਲਾਦਾਰੀ (ਜਾਤ)' ਵਿਚੋਂ ਜਸਵੰਤ ਖੰਡੇ ਦੀ ਪਉਲ ਲੈ ਕੇ ਸਿੰਘ ਸੱਜਦਾ ਹੈ ਅਤੇ ਸ਼ਹਿਰ ਜੰਮੂ ਇਲਾਕੇ ਵਿਚ ਵਿਚਰਦਿਆਂ ਨੂੰ ਪੰਜਾਬ ਦੇ ਹਲਾਤਾਂ ਤੇ ਸਿੱਖਾਂ ਨਾਲ ਹੁੰਦੀ ਨਾ ਇਨਸਾਫ਼ੀ ਦਾ ਪਤਾ ਲੱਗਦਾ ਹੈ, ਤਾਂ ਉਹ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਜਾ ਫਤਹਿ ਗਜਾਉਂਦਾ ਹੋਇਆ ਇਤਿਹਾਸ ਦਾ ਪੰਨਾਂ ਬੰਨ ਕੇ ਉੱਭਰਦਾ ਹੈ।

"ਇਤੁ ਮਾਰਗੁ ਪੈਰ ਧਰੀਜੈ, ਸਿਰ ਦੀਜੈ ਕਾਨ ਨਾ ਕੀਜੈ॥"

ਜੂਨ 1984 ਦਾ ਦਿਨ ਚਮਕੌਰ ਗੜ੍ਹੀ, ਗੁਰਦਾਸ ਨੰਗਲ, ਖਿੱਧਰਾਣੇ ਦੀ ਢਾਹਬ, ਸਾਰਾ ਗੜ੍ਹੀ, ਗੰਗਸਰ- ਜੈਤੋ ਮੋਰਚਾ, ਨਾਨਕਾਣਾ ਸਾਹਿਬ, ਸਾਕਾ ਜਲ੍ਹਿਆਂ ਵਾਲਾ ਕਾਂਡ, ਇਤਿਹਾਸ ਦੇ ਪੰਨਿਆਂ ਤੇ ਆਪਣੀ ਅਮਿੱਟ ਛਾਪ ਛੱਡਣ ਵਾਲਿਆਂ ਇਨ੍ਹਾਂ ਸਾਕਿਆਂ ਵਾਂਗ ਜੂਨ 84, ਹਿੰਦ-ਸਿੱਖ ਜੰਗ ਦੇ ਦਿਨ ਵਜੋਂ ਜਾਣਿਆ ਜਾਂਦਾ ਰਹੇਗਾ। ਇਹ ਦਿਨ ਜਦੋਂ 200 ਦੇ ਕਰੀਬ ਖਾੜਕੂ ਸਿੰਘਾਂ ਦਾ ਟਾਕਰਾ 30,000 ਤੋਂ ਵੱਧ ਭਾਰਤੀ ਫੌਜਾਂ ਨਾਲ ਹੋਇਆ ਅਤੇ ਦਰਬਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਜ਼ਾਰਾਂ ਸੰਗਤਾਂ ਨੂੰ ਕਤਲ ਕਰਨ ਲਈ ਚੜ੍ਹਕੇ ਆਈ ਹਿੰਦੂਸਤਾਨੀ ਫੌਜ ਦੇ ਖਾੜਕੂ ਸਿੰਘਾਂ ਨੇ ਨਿੱਬੂਆਂ ਵਾਂਗ ਫੜ ਲਹੂ ਨਿਚੋੜ ਸੁੱਟੇ, ਅਤੇ ਆਪ ਵੀ ਸਿੰਘ ਸ਼ਹਾਦਤਾਂ ਪਾ ਗਏ, ਇਨ੍ਹਾਂ ਜੰਗੀ ਸਿੱਖ ਸ਼ਹੀਦਾਂ ਵਿਚੋਂ ਇਕ ਸਿੱਖ ਸ਼ਹੀਦ ਦੇ ਜੀਵਨ ਦੇ ਨਾਲ ਹੀ ਇਸ ਜੰਗ ਦੇ ਦੋ ਅਹਿਮ ਨੁਕਤਿਆਂ ਦੀ ਜਾਣਕਾਰੀ ਸੰਗਤ ਲਈ ਜ਼ਰੂਰੀ ਹੈ, ਜਿਸ ਨੂੰ ਅਸੀਂ ਅਕਾਲ ਤਖ਼ਤ ਦੀ ਛਤਰ ਛਾਇਆ ਤੇ (ਗੁਰੂ) ਸ਼ਬਦ ਗੁਰੂ ਦੀ ਟੇਕ ਲੈ ਕੇ ਜੂਝੇ ਸਿੰਘਾਂ ਦੀ ਗਜ਼ਬ ਦੀ ਦ੍ਰਿੜ੍ਹਤਾ ਅਤੇ ਸ਼ਹਾਦਤ ਨੂੰ ਸਮਝ ਸਕੀਏ, ਉਸ ਵੇਲੇ ਖਾੜਕੂ ਸਿੰਘਾਂ ਕੋਲ ਮਾਮੂਲੀ ਹਥਿਆਰ ਤੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਆਦਿ ਜਰਨੈਲ ਮੌਜੂਦ ਸਨ ਤੇ ਦੂਜੇ ਪਾਸੇ ਦਿੱਲੀ ਤਖ਼ਤ ਦੇ ਹੁਕਮ ਤੇ ਚੜ੍ਹ

ਕੇ ਆਈ ਹਿੰਦ ਫੌਜਾਂ ਕੋਲ ਕੀ ਸੀ ? ਸਰੂਪ ਸਿੰਘ ਜੀ ਨਾਰੰਗ, ਆਪਣੀ ਕਿਤਾਬ ਚੌਰਾਸੀ ਦੇ ਘਲੂਘਾਰੇ ਵਿਚ ਲਿਖਦੇ ਹਨ; ਸਿੱਖ ਧਰਮ ਦੇ ਰਾਖਿਆਂ ਕੋਲ ਬਿਲਕੁਲ ਸਾਧਾਰਨ ਤੇ ਰਵਾਇਤੀ ਹਥਿਆਰ ਸਨ, ਅਤੇ ਐਲ.ਐਮ.ਜੀ. ਤੋਂ ਵਧੀਆ ਕੋਈ ਹਥਿਆਰ ਨਹੀਂ ਸੀ, ਗਿਣਤੀ ਦੀਆਂ ਸਟੇਨਗੰਨਾਂ, 30 ਬੋਰ ਦੀਆਂ ਕਾਰਬਾਈਨਾਂ 303 ਬੋਰ ਦੀਆਂ ਰਾਈਫ਼ਲਾਂ, ਵੱਖ-ਵੱਖ ਬੋਰਾਂ ਦੇ ਪਿਸਤੌਲ, ਰਿਵਾਲਵਰ ਅਤੇ ਕੁਝ ਗਿਣਤੀ ਦੇ ਹੱਥ ਗੋਲੇ ਸਨ।

ਦੂਜੇ ਪਾਸੇ ਭਾਰਤੀ ਫੌਜਾਂ ਕੋਲ ਹਰ ਕਿਸਮ ਦੇ ਵਿਗਿਆਨਿਕ ਹਥਿਆਰਾਂ ਦੇ ਅਸੀਮਤ ਭੰਡਾਰ ਸਨ। ਵਿਜੇਤਾ ਟੈਂਕ, ਭਾਰੀ ਹਵਿਟਜ਼ਰ ਤੋਪਾਂ, ਬੋਫੋਰਸ ਤੋਪਾਂ ਅਵਲ ਗੰਨ੍ਹਾਂ ਜਿਨ੍ਹਾਂ ਨਾਲ 20 ਪਾਊਡਰ ਗੋਲੇ ਦਾਗੇ ਜਾ ਸਕਦੇ ਸਨ, ਮਸ਼ੀਨ ਗੰਨ੍ਹਾਂ ਲਾਈਟ ਮਸ਼ੀਨ ਗੰਨ੍ਹਾਂ ਤੋਪ ਖਾਨੇ, ਅੱਗ ਲਾਊ ਬੰਬ, ਭਾਰੀ ਵਿਸਫੋਟਕ, ਜਹਿਰੀਲੇ ਗੋਲੇ, ਗੈਸ ਬੰਬ, ਬੱਖਤਰ ਬੰਦ ਗੱਡੀਆਂ, ਹੈਲੀਕਾਪਟਰ ਆਦਿ ਹਰ ਕਿਸਮ ਦਾ ਨਵੀਨ ਤੇ ਮਾਰੂ ਜੰਗੀ ਸਮਾਨ ਮਜੂਦ ਸੀ, ਭਾਰਤੀ ਫੌਜ ਨੂੰ ਲੋੜ ਪੈਣ ਤੇ ਬਾਰ-ਬਾਰ ਨਵੀਨ ਕੁਮਕ ਮਿਲਦੀ ਰਹੀ ਸੀ। ਫਿਰ ਇਨ੍ਹਾਂ ਹਿੰਦ ਫੌਜੀਆਂ ਨੂੰ ਨਸ਼ੇ ਵਿਚ ਮਦਹੋਸ਼ ਕਰਕੇ, ਖਾੜਕੂ ਸਿੰਘਾਂ ਦੇ ਜੁਝਾਰੂ ਜਥੇ ਦੇ ਸਾਹਮਣੇ ਖੜੇ ਹੋਣ ਦੀ ਹਿੰਮਤ ਦੇਣ ਲਈ, ਜੋ ਇਹ ਡਰਕੇ ਭੱਜਣ ਨਾ, ਇਨ੍ਹਾਂ ਲਈ ਪਹਾੜੀ ਰਾਜਿਆਂ ਵਾਂਗ, ਸ਼ਰਾਬ ਦਾ ਬੰਦੋਬਸਤ ਕੀਤਾ ਗਿਆ ਸੀ, ਜਿਸ ਦਾ ਕੁਝ ਵੇਰਵਾ ਇਸ ਪ੍ਰਕਾਰ ਹੈ। "ਮਾਰਕ.ਟੱਲੀ, ਸ਼ਤੀਸ਼ ਜੇਕਬ, (ਬੀ.ਬੀ.ਸੀ) ਆਪਣੀ ਕਿਤਾਬ "ਸ੍ਰੀ ਮਤੀ ਗਾਂਧੀ ਦੀ ਅੰਤਲੀ ਲੜਾਈ ਸਫਾ 185 ਵਿਚ ਲਿਖਦਾ ਹੈ ਭਾਰਤੀ ਫੌਜੀਆਂ ਲਈ ਹੇਠ ਲਿਖੇ ਅਨੁਸਾਰ ਸ਼ਰਾਬ ਦਾ ਪ੍ਰਬੰਧ ਕੀਤਾ ਗਿਆ ਸੀ

ਰੰਮ ਦੀਆਂ ਬੋਤਲਾਂ, 70,000
ਵਿਸਕੀ ਦੇ ਅਧੀਏ, 30,000
ਬਰਾਂਡੀ ਦੇ ਅਧੀਏ, 60,000
ਬੀਅਰ ਦੀ ਬੋਤਲਾਂ, 60,000

ਨਸ਼ੇ ਵਿਚ ਵਹਿਸ਼ੀ ਹੋਏ ਫੌਜੀਆਂ ਵੱਲੋ ਢਾਹੇ ਗਏ ਜ਼ੁਲਮਾਂ ਦੀ ਲੰਮੀ ਚੋੜੀ ਦਾਸਤਾਂ ਨੂੰ ਮਹਿਸੂਸ ਕਰਨ ਲਈ ਨਿੱਕੀ-ਜਿਹੀ ਝਲਕ, "ਏ.ਆਰ. ਦਰਸੀ" ਦੀ ਪੁਸਤਕ "ਜਾਂਬਾਜ ਰਾਖਾ" ਦੇ ਸਫਾ 112-113 ਤੇ ਖੁਲਾਸਾ ਹੈ "ਖਾਲਸਾ ਸਕੂਲ ਪਾਉਂਟਾਂ ਸਾਹਿਬ ਦੀ ਇਕ ਸਿੱਖ ਅਧਿਆਪਕਾਂ ਦੀ ਹੱਡ ਬੀਤੀ ਦਾ ਜ਼ਿਕਰ ਕੀਤਾ ਹੈ, ਜਿਸ ਨੇ ਅਰਸ਼ੀ ਜੀ ਨੂੰ ਦੱਸਿਆ ਕਿ ਉਹ ਤੇ ਉਸ ਦੇ ਦੋ ਅਧਿਆਪਕ ਸਾਥੀ ਇਕ ਮਰਦ ਤੇ ਇਕ ਔਰਤ ਛੇ ਤੋਂ ਚੌਦਾਂ ਸਾਲ ਤੱਕ ਦੀ ਉਮਰ ਦੇ 65 ਬੱਚੇ ਲੈ ਕੇ ਬੱਸ ਰਾਹੀਂ 2 ਜੂਨ 1984 ਨੂੰ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਦਰਬਾਰ ਸਾਹਿਬ ਪਹੁੰਚੇ ਹੋਏ ਸਨ, ਫੌਜ (ਹਿੰਦ) ਵੱਲੋਂ ਸਖਤ ਕਰਫਿਊ ਕਾਰਨ ਉਹ ਉਥੇ ਘਿਰ ਗਏ ਅਤੇ ਗੁਰੂ ਰਾਮਦਾਸ ਸਰਾਂ ਦੇ ਹਾਲ-ਕਮਰੇ 'ਚ ਸੁੰਗੜ ਕੇ ਟਿਕ ਗਏ। ਖੂਨ ਦੇ ਤਿਹਾਏ ਫੌਜੀ ਆਏ

ਅਤੇ ਮਰਦ ਅਧਿਆਪਕ ਤੇ, 33 ਬੱਚਿਆਂ ਨੂੰ 5-6 ਦੀ ਵਿਚਕਾਰਲੀ ਰਾਤ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ, ਜੇਲ੍ਹ 'ਚ ਬੰਦ ਉਸ ਅਧਿਆਪਕਾਂ ਨੇ ਦੱਸਿਆ ਕਿ ਫੌਜੀਆਂ ਨੇ ਉਸ ਨਾਲ ਮੂੰਹ ਕਾਲਾ (ਬਲਾਤਕਾਰ) ਕੀਤਾ ਅਤੇ ਉਸ ਦੇ ਨਾਲ ਦੀ ਅਧਿਆਪਕ ਨੂੰ ਅਣਦਸੀ ਥਾਂ 'ਤੇ ਲੈ ਗਏ। ਜਿੰਦਾਂ ਬੱਚ ਗਏ ਬਾਕੀ ਦੇ 32 ਬੱਚਿਆਂ ਨੂੰ ਵੀ ਦਰਸ਼ੀ ਜੀ ਜੇਲ੍ਹ 'ਚ ਮਿਲੇ ਜੋ ਫੌਜੀਆਂ ਦੀ ਦਹਿਸ਼ਤ ਨਾਲ ਸਹਿਮੇਂ ਪਏ ਸਨ, ਫੌਜੀਆਂ ਦੀ ਦਹਿਸ਼ਤ (ਆਤੰਕ) ਬਾਰੇ ਦਰਸ਼ੀ ਜੀ ਲਿਖਦੇ ਹਨ। "ਮੈਂ ਦਹਿਸ਼ਤ ਦੀ ਇਹ ਭਿਆਂਕਰ ਤੇ ਹੋਲਨਾਕ ਕਹਾਣੀ ਸੁਣ ਕੇ ਹੱਕਾ-ਬੱਕਾ ਰਹਿ ਗਿਆ।

ਮੈਂ ਕਦੇ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਭਾਰਤੀ ਫੌਜ ਇੰਨੀ ਚਰਿੱਤਰ ਹੀਣ ਹੋ ਸਕਦੀ ਹੈ। ਦੂਜੇ ਪਾਸੇ ਸਨ ਖੁਦਾਈ ਆਸਰੇ ਜੂਝਣ ਵਾਲੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਾਥੀ, ਜਿਨ੍ਹਾਂ ਨੇ ਕਈ ਵਾਰੀ ਹਿੰਦੂ ਧੀ-ਭੈਣਾਂ ਦੀ ਆਬਰੂ ਬਚਾਈ, ਮਨੁੱਖਤਾ ਦੇ ਭਲੇ ਲਈ ਕਈ ਕਾਰਜ ਕੀਤੇ, 'ਸਰਬਤ ਦਾ ਭਲਾ' ਉਨ੍ਹਾਂ ਦੇ ਹਿਰਦੇ ਦੀ ਅਵਾਜ਼ ਸੀ ਅਤੇ ਇਨ੍ਹਾਂ ਦੇ ਇਕ ਜਰਨੈਲ ਭਾਈ ਅਮਰੀਕ ਸਿੰਘ ਤੇ ਭਾਈ ਅਵਤਾਰ ਸਿੰਘ ਖਾਲਸਾ (ਜੰਮੂ) ਨੇ ਜੇਲ੍ਹਾਂ ਅੰਦਰ ਹਿੰਦੂ ਵੀਰਾਂ ਦੀ ਬੇਨਤੀ ਤੇ ਗੁਰਦਾਸਪੁਰ ਤੇ ਜੰਮੂ ਜੇਲ੍ਹ 'ਚ ਮੰਦਰ ਉਸਾਰ ਕੇ ਦਿੱਤੇ ਸਨ, ਅਤੇ ਇਹ ਸਾਰੇ ਨਾਮ ਬਾਣੀ ਦੇ ਰਸੀਏ ਤੇ ਹਰ ਪ੍ਰਕਾਰ ਦੇ ਨਸ਼ੇ ਤੋਂ ਸਦਾ ਦੂਰ ਰਹਿਣ ਵਾਲੇ ਸੰਤ-ਸਿਪਾਹੀਆਂ ਵਿਚੋਂ ਹੀ ਇਕ ਸੀ, ਭਾਈ ਜਸਵੰਤ ਸਿੰਘ ਜੰਮੂ।

ਭਾਈ ਜਸਵੰਤ ਸਿੰਘ 1975 ਦੇ ਦਾਹਕੇ ਵਿਚ ਖੰਡੇ ਦੀ ਪਾਹੁਲ ਲੈ ਕੇ ਹਿੰਦੂ ਦਲਿਤ ਪਰਿਵਾਰ 'ਚੋਂ ਸਿੰਘ ਸਜਿਆ, ਜਿਸ ਤੋਂ ਬਾਅਦ ਹਰ ਵੇਲੇ ਗੁਰੂ ਬਾਣੀ ਅਭਿਆਸ ਇਤਿਹਾਸ ਦੀ ਪੜਚੋਲ ਨੇ ਉਨ੍ਹਾਂ ਨੂੰ ਭਗਤੀ ਰੰਗਤ ਵਿਚ ਰੰਗ ਦਿੱਤਾ, ਉਸ ਵੇਲੇ ਉਹ ਇਕ ਫੈਕਟਰੀ ਵਿਚ ਮੁਲਾਜਮ, ਵਜੋਂ ਕੰਮ-ਕਿਰਤ ਕਰਦੇ ਸਨ ਅਤੇ ਰਾਤ ਵੇਲੇ ਗੁ. ਸਿੰਘ ਸਭਾ ਉਧਮਪੁਰ, ਜੰਮੂ ਵਿਖੇ ਰਹਿੰਦੇ ਰਹੇ ਗ੍ਰੰਥੀ ਸਿੰਘ ਵੀ ਹਰ ਯੋਗ ਮੱਦਦ ਕਰਦੇ ਰਹਿੰਦੇ ਸਨ। ਪਰ ਪਰਿਵਾਰ ਵੱਲੋਂ ਮੁੜ ਪਤੱਤ ਹੋਣ ਲਈ ਦਬਾਬ ਪਾਇਆ ਜਾਣ ਲੱਗਾ ਤਾਂ ਆਪ ਜੀ ਨੇ ਫੈਕਟਰੀ ਅਤੇ ਉਧਮਪੁਰ ਇਲਾਕਾ, ਦੋਵੇਂ ਹੀ ਛੱਡ ਦਿੱਤੇ ਤੇ ਗੁਰੂਦਵਾਰਾ ਕਲਗੀਧਰ ਰਿਹਾੜੀ ਜੰਮੂ ਵਿਚ ਸੇਵਾਦਾਰ ਵਜੋਂ ਸੇਵਾ ਕਰਨ ਲੱਗ ਪਏ, ਜਿੱਥੇ ਜਾਤ ਅਭਿਮਾਨੀ ਪ੍ਰਬੰਧਕਾਂ ਨਾਲ (ਅਜੋਕੇ ਮਸੰਦਾਂ ਨਾਲ) ਮੱਥਾ ਲੱਗਦਾ ਰਹਿੰਦਾ ਸੀ। ਆਪ ਜੀ ਅੰਦਰ ਬੀਰ ਰਸੀ ਸੁਭਾਅ ਤੇ ਪੰਥ ਪ੍ਰਤੀ ਡੂੰਘਾ ਚਾਅ ਵੇਖਦਿਆਂ ਕਥਾਵਾਚਕ ਭਾਈ ਕੁਲਵੰਤ ਸਿੰਘ ਜੀ ਨੇ, ਉਨ੍ਹਾਂ ਨੂੰ "ਦਮਦਮੀ ਟਕਸਾਲ ਮਹਿਤੇ" ਚਲੇ ਜਾਣ ਦੀ ਸਲਾਹ ਦਿੱਤੀ 1977 'ਚ ਭਾਈ ਸਾਹਿਬ ਮਹਿਤੇ ਚਲੇ ਗਏ, ਅਤੇ ਉਥੇ ਹੀ ਨਾਮ ਸਿਮਰਨ ਤੇ ਸੇਵਾ ਵਿਚ ਲੀਨ ਹੋ ਗਏ। 1978 ਦੇ ਨਿਰੰਕਾਰੀ ਕਾਂਡ ਤੋਂ ਬਾਅਦ ਆਪ ਜੀ ਬਾਬਾ ਜਰਨੈਲ ਸਿੰਘ ਜੀ ਦੀਆਂ ਨਜ਼ਰਾਂ 'ਚ ਪ੍ਰਵਾਨ ਚੜ੍ਹੇ ਤੇ ਮੌਕਾ ਪੈਣ ਤੇ ਆਪ ਜੀ ਨੂੰ ਕੋਈ ਨਾ ਕੋਈ ਸੇਵਾ ਮਿਲਦੀ ਰਹਿੰਦੀ ਸੀ, ਉਧਮਪੁਰ ਦੇ ਗ੍ਰੰਥੀ ਸਿੰਘ ਭਾਈ ਮਹਿੰਦਰ ਸਿੰਘ ਤੇ

ਭਾਈ ਕੁਲਵੰਤ ਸਿੰਘ ਨੇ ਦੱਸਿਆ ਕਿ ਭਾਈ ਸਾਹਿਬ 1983 ਤੱਕ ਜੰਮੂ ਫੇਰੀ ਮਾਰਦੇ ਰਹੇ ਕੁਝ ਹੋਰ ਸੇਵਾਦਾਰਾਂ ਨੇ ਦੱਸਿਆ ਕਿ 1984 ਵਿਚ ਭਾਈ ਸਾਹਿਬ ਆਪਣੇ ਨਾਲ ਗੰਨ ਫੈਕਟਰੀ ਵਿਚ ਕੰਮ ਕਰਨ ਵਾਲੇ ਕਾਰੀਗਰਾਂ ਦੀ ਤਲਾਸ਼ ਵਿਚ ਜੰਮੂ ਆਏ ਸਨ। ਕੁਝ ਹਥਿਆਰ ਇਕੱਠੇ ਕਰਨ ਆਦਿ ਜਿਹੀਆਂ ਗੱਲਾਂ ਦਾ ਅਭਾਸ ਹੋਇਆ ਸੀ।

ਪ੍ਰਚਾਰਕ ਵੀਰ ਨੇ ਦੱਸਿਆ ਕਿ ਉਹ ਕਹਿੰਦੇ ਸਨ ਸਾਡੀਆਂ ਪੱਕੀਆਂ ਅਰਦਾਸਾਂ ਹੋ ਚੁੱਕੀਆਂ ਹਨ, ਜੇ ਦਰਬਾਰ ਸਾਹਿਬ ਤੇ ਹਿੰਦ ਫੌਜ ਦਾ ਹਮਲਾ ਹੋਇਆ ਤਾਂ ਅਸੀਂ ਸਿਰ ਧੜ ਦੀ ਬਾਜੀ ਲਾ ਦੇਣੀ ਹੈ, ਫਿਰ ਜਿਊਂਦੇ ਰਹਿਣ ਦਾ ਤਾਂ ਸੁਆਲ ਹੀ ਨਹੀਂ ਹੁੰਦਾ ...। ਜਦ ਅਸੀਂ ਮਜ਼ਾਕ ਵਿਚ ਪੁੱਛਿਆ ਕਿ ਅਨੰਦਕਾਰਜ ਨਹੀਂ ਕਰਵਾਉਣਾ ? ਤਾਂ ਕਹਿਣ ਲੱਗੇ, "ਮੰਗਣੀ ਤਾਂ ਹੋ ਗਈ ਹੈ, ਵੇਖੋ ਬਾਬੇ (ਜਰਨੈਲ ਸਿੰਘ ਜੀ) ਅਨੰਦਕਾਰਜ ਦੀ ਅਰਦਾਸ ਕਦੋਂ ਕਰਦੇ ਹਨ" ਭਾਈ ਸਾਹਿਬ ਨੇ ਜਾਣ ਵੇਲੇ ਮੰਗਣ ਤੇ ਇਕ ਫੋਟੋ ਵੀ ਦਿੱਤੀ ਅਤੇ ਦੱਸਿਆ ਕਿ ਹੁਣ ਸ਼ਾਇਦ ਮੁੜ ਨਾ ਆ ਸਕਾਂ ...।

ਭਾਈ ਮਹਿੰਦਰ ਸਿੰਘ ਗੰਥੀ ਨੇ ਦੱਸਿਆ ਕਿ ਦਰਬਾਰ ਸਾਹਿਬ ਤੇ ਹੋਏ ਹਮਲੇ ਤੋਂ ਕੁਝ ਸਮਾਂ ਬਾਅਦ ਹੀ ਕੁਝ ਸਿੰਘ ਗੁਰਦੁਆਰਾ ਕਲਗੀਧਰ ਤੇ ਉਧਮਪੁਰ, ਵਿਖੇ ਸੁਨੇਹਾ ਦੇਣ ਆਏ ਸਨ ਕਿ ਭਾਈ ਜਸਵੰਤ ਸਿੰਘ ਜੀ ਜੰਮੂ ਦਰਬਾਰ ਸਾਹਿਬ ਤੇ ਚੜ੍ਹ ਕੇ ਆਈ ਹਿੰਦ ਫੌਜਾ ਵਿਰੁੱਧ ਲੜਦੇ ਸ਼ਹੀਦੀ ਚੋਲਾ ਪਾ ਗਏ ਹਨ, ਤੇ ਕਿਸੇ ਕੋਲ ਉਨ੍ਹਾਂ ਦੇ ਪਰਿਵਾਰ ਦਾ ਪਤਾ ਹੋਵੇ ਤਾਂ ਉਨ੍ਹਾਂ ਨੂੰ ਦੱਸ ਦਿੱਤਾ ਜਾਵੇ, ਪਰ ਪਰਿਵਾਰ ਦਾ ਅੱਜ ਤੱਕ ਕੋਈ ਥਾਊ ਪਤਾ ਨਹੀਂ ਲੱਗ ਸਕਿਆ, ਕੋਸ਼ਿਸ਼ ਜਾਰੀ ਹੈ।

ਇਸ ਤਰ੍ਹਾਂ ਹੋਰ ਕਿੰਨੇ ਹੀ ਸ਼ਹੀਦ ਹੋਣਗੇ ਜਿਨ੍ਹਾਂ ਵਾਰੇ ਨਾ ਤੇ ਆਮ ਸਿੱਖ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਬਾਰੇ ਵੱਧ ਪੜਚੋਲ ਕਰਨ ਦੀ ਕੋਸ਼ਿਸ ਕੀਤੀ ਜਾਂਦੀ ਹੈ, ਅਜਿਹਾਂ ਤੇ ਨਹੀਂ, ਕਿ ਅਸੀਂ ਵੀ ਉਚ-ਜਾਤ ਵਾਲੀ ਹਾਉਮੈਂ ਭਰੀ ਮਾਨਸਿਕਤਾ ਦਾ ਸ਼ਿਕਾਰ ਹਾਂ ? ਜਾਂ ਫਿਰ ਉਸ ਥਾਂ ਜਾਣ ਦੀ ਕੋਸ਼ਿਸ਼ ਨਹੀਂ ਕਰਦੇ ਜਿੱਥੇ ਸਾਡਾ ਬਾਬਾ ਨਾਨਕ ਸਾਹਿਬ ਕੋਹਾਂ ਦੂਰ, ਤੁਰ ਕੇ ਦੁੱਖੀਆਂ-ਰੋਗੀਆਂ ਨੂੰ ਨਾਮ ਦਾ ਦਾਰੂ ਦੇਣ ਅਤੇ ਆਪ ਸੁੱਕੀਆਂ ਰੋਟੀਆਂ ਖਾਣ ਪੁੱਜ ਗਿਆ ਸੀ ?

ਬੰਨਣੀ ਹੈ ਗਲ ਪੱਲੇ ਸਿੰਘ ਦਸ਼ਮੇਸ਼ ਦੇ,
ਨਾ ਅਣਖਾਂ ਦੇ ਕਰਦੇ ਵਪਾਰ।
ਸੰਤਾਂ ਨੂੰ ਉਬਾਰਨਾ ਤੇ ਦੁਸ਼ਟਾਂ ਨੂੰ ਸੰਘਾਰਣਾ ਹੈ
ਖਾਲਸੇ ਦਾ ਸੁੱਚਾ ਕਿਰਦਾਰ।

■■■

ਸ. ਰਣਜੀਤ ਸਿੰਘ (ਆਟਾ ਚੱਕੀ ਵਾਲਾ)

ਜਿਸ ਵੇਲੇ ਸਮੁੱਚੇ ਭਾਰਤ ਅੰਦਰ ਸਿੰਘਾਂ ਉੱਤੇ ਹਿੰਦੂਤਵ ਦੇ ਆਦਮਖੋਰ ਡਾਇਨਾਂ ਸੋਰ ਕਹਿਰਾਂ ਦੀ ਅੱਗ ਮਚਾ ਰਹੇ ਸਨ, ਕੌਮ ਦੀ ਜਵਾਨੀ ਲਹੂ ਦੇ ਦਰਿਆ ਉਲ੍ਹਾਗ ਰਹੀ ਸੀ, ਅਤੇ ਗੁਲਾਮ ਮਾਨਸਿਕਤਾ ਵਾਲੇ ਅਖੌਤੀ ਆਗੂ ਤੇ ਸਿੱਖ ਤਮਾਸ਼ਾ ਵੇਖ ਰਹੇ ਸਨ। ਦਸਮ ਪਾਤਸ਼ਾਹ ਵੱਲੋਂ ਦਿੱਤੀ ਗਈ, ਉਪਾਧੀ, **"ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁੱਤ ਚਾਰ"** ਨੂੰ ਚੇਤੇ ਰੱਖ ਗੁਰੂ ਕੇ ਲਾਲ ਆਪਣਾ ਫਰਜ਼ ਸਮਝਦਿਆਂ ਪੰਥ ਵਿਰੁੱਧ ਝੁੱਲ ਰਹੇ ਜ਼ੁਲਮੀਂ ਝੱਖੜਾਂ ਨੂੰ ਕਾਬੂ ਕਰਨ ਲਈ ਵਿਚਾਰਾਂ ਕਰ ਰਹੇ ਸਨ, ਬੇਸ਼ੱਕ ਹਲਾਤ ਇਨੇ ਮਾੜੇ ਸਨ ਕਿ ਹਰ ਫੈਸਲਾ ਕਿਸੇ ਮਾੜੇ ਅੰਜਾਮ ਤੱਕ ਜਾ ਰੁਕਦਾ ਸੀ।

ਹਰ ਫੈਸਲੇ ਤੇ ਪ੍ਰਸ਼ਨ ਚਿੰਨ ਲੱਗ ਜਾਇਆ ਕਰਦੇ ਸਨ, ਇਸ ਲਈ ਸਿੱਖ ਵਿਦਵਾਨਾਂ ਦੇ ਵਿਚਾਰ ਹਨ -ਅਜਿਹਾ ਸਮਾਂ ਆਇਆ ਕਰਦਾ ਹੈ, ਜਦ ਕੋਈ ਫੈਸਲਾ ਨਾ ਕਰਨਾ, ਗਲਤ ਫੈਸਲਾ ਕਰਨ ਨਾਲੋਂ ਵੀ ਮਾੜਾ ਹੁੰਦਾ ਹੈ ....। ਅਤੇ ਫੈਸਲਾ ਤਾਂ ਗਲਤ ਵੀ ਹੋ ਸਕਦਾ ਹੈ ਤੇ ਦਰੁਸਤ ਵੀ ਪਰ ਹੂੰ ਹੂੰ ... ਹਾਂ ਹਾਂ... ਹੀਂਹੀਂ.... ਵਿਚ ਹੀ ਫਸਿਆ ਦਾਉ ਹੱਥੋਂ ਗੁਆ ਬਹਿਣਾ ਤਾਂ ਸਦਾ ਹੀ ਗਲਤ ਹੁੰਦਾ ਹੈ, ਇਨ੍ਹਾਂ ਵਿਚਾਰਾਂ ਦੇ ਮੱਦੇ ਨਜਰ ਹੀ ਜੰਮੂ ਦੇ ਜੋ ਨੌਜਵਾਨ ਅਜੇ ਤੱਕ ਪੰਜਾਬ ਵਿਚ ਚੱਲ ਰਹੇ ਧਰਮਯੁੱਧ ਵਿਚ ਅਸਿੱਧੇ ਢੰਗ ਨਾਲ ਸ਼ਾਮਿਲ ਸਨ, ਉਨ੍ਹਾਂ 1984 ਨੂੰ ਆਪਣੇ ਉਸ ਨਾਹਰੇ ਨੂੰ ਜੋ ਦਰਬਾਰ ਸਾਹਿਬ ਤੇ ਭਾਰਤੀ ਹਮਲੇ ਤੋਂ ਬਾਅਦ ਪੂਰਨ ਤੌਰ 'ਤੇ ਹੋਂਦ ਵਿਚ ਆਇਆ ਸੀ, ਨੂੰ ਜਥੇਬੰਦੀ ਦਾ ਰੂਪ ਦੇ ਦਿੱਤਾ ਗਿਆ ਸੀ। 1989 ਤੱਕ ਖੁੱਲ੍ਹੇ ਤੌਰ 'ਤੇ ਹਰ ਖਾੜਕੂ ਜਥੇਬੰਦੀ ਨਾਲ ਇਸ ਦਾ ਤਾਲ-ਮੇਲ ਰਿਹਾ ਤੇ ਇਹ ਇਹ ਜਥੇਬੰਦੀ ਕੇ.ਜ਼ੈਡ.ਐਫ. ਦੂਰ ਦੇਰਾਡੀ ਥਾਵਾਂ ਤੇ ਸ਼ਸ਼ਤਰਾਂ ਦੀ ਸਪਲਾਈ ਕਰਨ ਦੀ ਸੇਵਾ ਬਾਖੂਬੀ ਨਿਭਾਉਂਦੀ ਰਹੀ, ਪਰ ਜੰਮੂ ਵਿਚ ਨਗਰ ਕੀਰਤਨ ਤੇ ਹੋਏ ਫਿਰਕੂਵਾਦੀ ਦਹਿਸ਼ਤ ਗਰਦਾਂ ਦੇ ਹਮਲੇ ਤੋਂ ਬਾਅਦ ਆਰ-ਐਸ-ਪੁਰਾ ਦੇਇਕ ਖੇਤ ਵਿਚ "ਖਾਲਿਸਤਾਨ ਜਿੰਦਾਬਾਦ ਫੋਰਸ" ਦੇ ਖਾੜਕੂ ਸਿੰਘ ਜਥੇਬੰਦੀ ਦੇ ਦਿਸ਼ਾ-ਨਿਰਦੇਸ਼-ਉਦੇਸ਼ ਉਲੀਕਣ ਲਈ ਇਕੱਤਰ ਹੋਏ ਬੈਠੇ ਸਨ, ਇਸ ਬੈਠਕ ਵਿਚ ਜਿੱਥੇ ਦਰਜਨ ਤੋਂ ਵੱਧ ਸਿੰਘ ਸ਼ਾਮਿਲ ਸਨ ਉਨ੍ਹਾਂ ਮੁੱਖ ਮੋਢੀਆਂ ਵਿਚੋਂ ਇਕ ਸੀ, ਭਾਈ ਰਣਜੀਤ ਸਿੰਘ 'ਆਟਾ ਚੱਕੀ ਵਾਲੇ' ਜਿਸ ਨੇ ਉਸ ਮੀਟਿੰਗ ਵਿਚ ਸਲਾਹਕਾਰ ਵਜੋਂ ਸੇਵਾ ਨਿਭਾਈ ਤੇ ਇਹੀ ਅਹੁਦਾ ਉਸਨੂੰ ਸੌਂਪਿਆ ਗਿਆ। ਬੈਠਕ ਵਿਚ ਇਕ ਗਦਾਰ ਪੰਥਕ ਮਖੌਟਾ ਧਾਰਕੇ ਸ਼ਾਮਿਲ ਹੋਇਆ, ਜਿਸ ਦੀ ਸੂਹ ਤੇ 'ਗੱਦਰ 1920'

ਵਾਲਾ ਵਾਂਗ, ਅਰੰਭਤਾ ਤੋਂ ਪਹਿਲਾਂ ਹੀ ਭੇਗ ਪੈ ਜਾਣ ਦੇ ਅਸਾਰ ਪੈਦਾ ਹੋ ਗਏ, ਜਿਸ ਦਾ ਮੁਕਾਬਲਾ ਸਿੰਘਾਂ ਨੇ ਜੋਸ਼ ਅਤੇ ਹੋਸ਼ ਨਾਲ ਕੀਤਾ ਕੁੱਝ ਛੋਟੇ-ਮੋਟੇ ਹਥਿਆਰ ਫੜੇ ਗਏ ਪਰ ਸਿੰਘ ਸਾਰੇ ਹੀ ਮਹਿਫੂਜ਼ ਨਿਕਲ ਜਾਣ ਵਿਚ ਸਫ਼ਲ ਰਹੇ, ਜਿਸ ਲਈ ਭਾਈ ਰਣਜੀਤ ਸਿੰਘ ਨੀਤਾ, ਤੇ ਭਾਈ ਰਣਜੀਤ ਸਿੰਘ ਚੱਕੀ ਵਾਲਾ ਦੀ ਮੁੱਖ ਭੂਮਿਕਾ ਰਹੀ।

ਆਪ ਜੀ ਆਪਣੇ ਪਿਤਾ ਜੀ ਨਾਲ ਆਟਾ ਚੱਕੀ ਵਿਚ ਹੱਥ ਵਟਾਉਂਦੇ ਨਾਲ ਹੀ ਹੋਰ ਕੰਮਕਾਜਾਂ ਤੋਂ ਇਲਾਵਾ ਸਿੰਘਾਂ ਦੀ ਹਰ ਪ੍ਰਕਾਰ ਮਦਦ ਵੀ ਕਰਦੇ ਰਹਿੰਦੇ। ਜਿਸ ਕਾਰਣ ਕਈ ਵਾਰ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋਏ, ਪਰ ਸੇਵਾ ਤੋਂ ਕਦੀ ਮੁੱਖ ਨਹੀਂ ਮੋੜਿਆ, ਇਨ੍ਹਾਂ ਤਸੀਹਿਆਂ ਕਾਰਣ ਦਿਮਾਗੀ ਹਾਲਤ ਨਾਜ਼ੁਕ ਹੁੰਦੀ ਜਾ ਰਹੀ ਸੀ 1997 ਵਿਚ ਟਾਡਾ ਤਹਿਤ ਹਥਿਆਰਾਂ ਦੇ ਕੇਸ ਵਿਚ ਗ੍ਰਿਫਤਾਰ ਕੀਤੇ ਗਏ, ਦਿਮਾਗੀ ਤੌਰ 'ਤੇ ਉਹ ਬਿਮਾਰ ਹੋ ਚੁੱਕੇ ਸਨ, ਹਾਲਤ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਚੁੱਕੇ ਸਨ, ਉਹ ਇਸ ਹਾਲਤ ਵਿਚ ਥਾਣੇ 'ਚ ਬੰਦ "ਖਾਲਿਸਤਾਨ ਜਿੰਦਾਬਾਦ ਅਤੇ ਭਿੰਡਰਾਂਵਾਲਾ ਬਾਬਾ ਆ ਗਿਆ... ਆਦਿ ਕਹਿਣਾ (ਨਾਹਰੇ ਲਾਉਨੇ) ਸ਼ੁਰੂ ਕਰ ਦਿੰਦੇ ਸਨ।

ਇੱਥੇ ਮੈਂ ਭਾਈ ਸਾਹਿਬ ਨਾਲ ਇਕੱਠਿਆਂ ਤਸੀਹਿਆ ਘਰ (ਇੰਟੈਰੋਗੇਸ਼ਨ ਸੈਂਟਰ ਜੰਮੂ) ਵਿਖੇ ਬਿਤਾਏ ਦਿਨਾਂ ਦੀ ਯਾਦਾਂ ਵਿਚੋਂ ਇਕ ਯਾਦਗਾਰ ਪਲ ਦੱਸਣਾ ਜ਼ਰੂਰੀ ਸਮਝਦਾ ਹਾਂ, ਜੋ ਆਉਣ ਵਾਲੇ ਸਮੇਂ ਵਿਚ ਇਹ ਸੇਧ ਦੇ ਸਕੇ "1997 ਜੂਨ ਮਹੀਨੇ ਜੰਮੂ ਤੇ ਪੰਜਾਬ ਪੁਲਿਸ ਨੇ ਮੇਰੇ (ਲੇਖਕ) ਸ਼ਰੀਰ ਤੇ ਕੰਨਾਂ ਤੋਂ ਪੈਰਾਂ ਤੱਕ ਅਤੇ ਗੁਪਤ ਥਾਂ 'ਤੇ ਤਾਰਾਂ ਲਪੇਟੀਆਂ ਸਨ ਤੇ ਭਾਈ ਸਾਹਿਬ ਨੂੰ ਮੇਰੇ ਸਾਹਮਣੇ ਟੰਗਿਆ ਹੋਇਆ ਸੀ, ਜਿਨ੍ਹਾਂ ਨੂੰ ਖੋਲ ਕੇ ਮੈਨੂੰ ਕਰੰਟ ਲਗਵਾਉਣ ਲਈ ਬਟਨ ਦਬਾਉਣ ਦਾ ਹੁਕਮ ਕੀਤਾ ਗਿਆ, ਜੋ ਉਨ੍ਹਾਂ ਨੇ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਇਸੇ ਤਰ੍ਹਾਂ ਮੈਨੂੰ ਕਿਹਾ ਗਿਆ ਤੇ ਮੈਂ ਵੀ ਇਨਕਾਰ ਕਰ ਦਿੱਤਾ, ਨਤੀਜੇ ਵਜੋਂ ਉਨ੍ਹਾਂ ਨੂੰ ਵੀ ਮੇਰੇ ਨਾਲ .....। ਉਸ ਵੇਲੇ ਭਾਈ ਸਾਹਿਬ, ਮੇਰੀ ਨਿੱਕੀ ਉਮਰ ਵੇਖਕੇ ਕਹਿ ਰਹੇ ਸਨ "ਸਰਕਾਰ ਭਰਾਂ ਤੋਂ ਭਰਾ ਨੂੰ ਮਰਵਾਉਣਾ ਚਾਹੁੰਦੀ ਹੈ, ਅਸੀਂ ਇਸ ਨਫ਼ਰਤ ਦੇ ਬੀਜ ਨੂੰ ਆਪਣੀ ਜ਼ਮੀਨ ਖਾਲਿਸਤਾਨ ਵਿਚ ਪੈਣ ਹੀ ਨਹੀਂ ਦੇਣਾ ਅਤੇ ਹਵਾ ਵਿਚ ਕਦੇ ਵੀ ਕੋਈ ਬੀਜ ਪੁੰਗਰਕੇ ਵੱਡਾ ਰੁੱਖ ਨਹੀਂ ਬਣਿਆ ਕਰਦਾ, ਭਾਈ ਸਾਹਿਬ ਦਾ ਮਾਨਸਿਕ ਤਸੀਹਿਆਂ ਕਾਰਨ ਸਰੀਰ ਤੇ ਦਿਮਾਗ ਜਵਾਬ ਦੇ ਚੁੱਕਿਆ ਸੀ, ਪਰ ਜਥੇਬੰਦੀ ਵੱਲੋਂ ਉਲੀਕੇ ਨਿਸ਼ਾਨੇ ਤੇ ਆਖਰੀ ਪਲਾਂ ਤੱਕ ਅਡੋਲ ਰਹੇ ਤੇ ਜਮਾਨਤਾਂ ਤੇ ਰਿਹਾਅ ਹੋਣ ਤੋਂ ਬਾਅਦ ਦਿਮਾਗੀ ਤੇ ਸਰੀਰਿਕ ਜ਼ਖਮਾਂ ਦੀ ਤਾਬ ਨਾ ਸਹਿੰਦਿਆਂ ਸੰਨ 2001 ਵਿਚ ਸਾਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਏ।

ਚਿਰਾਗ ਜਿੰਦਗੀ ਹੋਗਾ ਰੋਸ਼ਨ ਹਮ ਨਹੀਂ ਹੋਂਗੇ।
ਚਮਨ ਮੇਂ ਆਏਗੀ ਫਸਲੇ ਬਹਾਰ ਹਮ ਨਹੀਂ ਹੋਂਗੇ।

■ ■ ■

ਭਾਈ ਅਜੀਤ ਸਿੰਘ ਨੇਪਾਲੀ (ਜੰਮੂ)

ਸਾਡੇ ਬਜ਼ੁਰਗ ਜਦ ਵੀ ਪਾਕਿਸਤਾਨ ਦਾ ਨਾਂ ਕਿਸੇ ਗਲ-ਬਾਤ ਦੌਰਾਨ ਸੁਣਦੇ ਹਨ, ਤਾਂ ਅੱਗ ਬਬੂਲੇ ਹੋ ਉਠਦੇ ਹਨ, ਫਿਰ ਉਨ੍ਹਾਂ ਦੀ ਜ਼ੁਬਾਂ ਤੇ ਹੁੰਦੇ ਹਨ, 1947 ਦੇ ਕਬਾਈਲੀ (ਪਾਕਿਸਤਾਨੀ ਤੇ ਅਫ਼ਗਾਨੀ ਗੁੰਡਾਂ ਅਨਸਰਾਂ) ਦੇ ਜ਼ੁਲਮਾਂ ਦੀ ਦਰਦਨਾਕ ਕਹਾਣੀਆਂ ਜੋ ਉਨ੍ਹਾਂ ਨੇ ਹੱਢੀ ਹੰਢਾਈਆਂ ਹਨ ਦਸਨ ਲਗ ਪੈਂਦੇ ਹਨ। ਪਰ ਇਹ ਕਹਾਣੀਆਂ ਉਸ ਵੇਲੇ ਸਾਰੀਆਂ ਹੀ ਫਿੱਕੀਆਂ (ਮਾਮੂਲੀ) ਜਾਪਦੀਆਂ ਹਨ, ਜਿਸ ਵੇਲੇ ਅਜੋਕੇ 1978 ਤੋਂ 2009 ਤੱਕ ਦੇ ਭਾਰਤੀ ਫੋਰਸਾਂ ਅਤੇ ਫਿਰਕੂ ਪਾਰਟੀਆਂ ਵੱਲੋਂ ਸਿੱਖਾਂ, ਮੁਸਲਮਾਨਾਂ, ਈਸਾਈਆਂ, ਦਲਿਤਾਂ, ਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਅਤਿਆਚਾਰਾਂ ਦੀ ਗੱਲ ਤੁਰਦੀ ਹੈ।

"ਇਹ ਲਾਸ਼ਾਂ ਕਿੰਨ੍ਹਾਂ ਦੀਆਂ ਪਈਆਂ ਨੇ ?
ਇਹ ਮਾਵਾਂ ਕਿਉਂ ਰੋ ਰਹੀਆਂ ਨੇ ?
ਗਲਾਂ 'ਚ ਟਾਇਰ ਪਾ ਕੇ ਕਿਉਂ ਸਾੜੇ ਗਏ ਏ?
ਬੇਗੁਨਾਹ ਲੋਕ ਕਿਉਂਮਾਰੇ ਗਏ ਏ?
ਇਹ ਹਮਲਾ ਕਿਉਂ ਕਰਵਾਇਆ ਗਿਆ ?
ਸਾਡਾ ਅਕਾਲ ਤਖਤ ਕਿਉਂ ਢਾਹਿਆ ਗਿਆ?
ਸਾਡੇ ਕਿੰਨੇ ਗੱਭਰੂ ਮਾਰੇ ਗਏ ?
ਕਿੰਨੇ ਨਹਿਰਾਂ ਦੇ ਵਿਚ ਰੋੜ੍ਹੇ ਗਏ ?
ਕਿੰਨੇ ਜੇਲ੍ਹਾਂ ਦੇ ਵਿਚ ਤਾੜੇ ਗਏ ?
ਇਨ੍ਹਾਂ ਕੀਮਤੀ ਜਾਨਾਂ ਦਾ, ਹੁਣ ਕਿਹੜਾ ਦਊ ਹਿਸਾਬ ? (ਗੁਰਜੀਤ ਸਿੰਘ ਵੈਰੋਂਵਾਲ)

ਸ. ਭਗਤ ਸਿੰਘ ਦੇ ਦੇਸ਼ ਤੋਂ ਕੁਰਬਾਨ ਹੋਣ ਦੀ ਗਲ ਕਰਦਿਆਂ ਸਾਡੇ ਬਜ਼ੁਰਗ ਅਤੇ ਨੌਜਵਾਨ ਭਗਤ ਸਿੰਘ ਦੇ ਸੁਪਨਿਆਂ ਅਤੇ ਅੰਗਰੇਜ਼ ਵਿਰੁੱਧ ਉਠਾਈ ਅਵਾਜ਼ ਦੀ ਗਲ ਤਾਂ ਕਰਦੇ ਰਹੇ, ਪਰ ਇਸੇ ਦੇਸ਼ ਵਿਚ ਭਗਤ ਸਿੰਘ ਦੇ ਪਰਿਵਾਰ ਉੱਤੇ ਹੋਏ ਪੁਲਿਸ ਦੇ ਜ਼ੁਲਮਾਂ ਦੀ ਗਲ ਨਹੀਂ ਕਰਦੇ. ਇਹ ਵੀ ਜ਼ਿਕਰਯੋਗ ਹੈ ਕਿ ਅੰਗਰੇਜ਼ ਹਕੂਮਤ ਜਿਨ੍ਹਾਂ ਦਾ ਭਗਤ ਸਿੰਘ ਅੱਤਵਾਦੀ ਸੀ, ਉਨ੍ਹਾਂ ਵੀ ਇਸ ਦੇ ਪਰਿਵਾਰ ਤੇ ਇੰਨੇ ਜ਼ੁਲਮ ਨਹੀਂ ਕੀਤੇ. ਨਾ ਹੀ ਕਿਸੇ ਮੁਗਲ ਹਕੂਮਤ ਨੇ ਹੀ ਕਿਸੇ ਬਾਗੀ-ਜੁਝਾਰੂ ਦੇ ਪਰਿਵਾਰ ਤੇ ਇੰਨੇ

ਜ਼ੁਲਮ ਕੀਤੇ ਹੋਣੇ, ਜਿੰਨੇ ਕਿ ਇਸ ਅਜ਼ਾਦ ਦੇਸ਼ ਦੇ ਗੁਲਾਮ ਸਿੱਖਾਂ ਅਤੇ ਘੱਟ ਗਿਣਤੀ ਕੌਮਾਂ ਉੱਤੇ ਇਥੇ ਦੀ ਹਿੰਦੂ ਫੋਰਸਾਂ ਨੇ ਕੀਤੇ ਹਨ, ਅਸੀਂ ਡਾ. ਇਕਵਾਲ ਦਾ ਗੀਤ ਹਮ ਬੁਲਬੁਲੇਂ ਹੈ, ਇਸ ਕੀ ਯੇ ਗੁਲਸਿਤਾਂ ਹਮਾਰਾਂ, ਸਾਰੇ ਜਹਾਂ ਸੇ ਅੱਛਾ ਜੇ ਹਿੰਦੁਸਤਾਨ ਹਮਾਰਾ ਤਾਂ ਗਾਉਂਦੇ ਹਾਂ, ਪਰ ਡਾ. ਇਕਵਾਲ ਦਾ ਹੀ ਲਿਖਿਆ ਹੋਇਆ "ਮੁਦੱਤੇ ਗੁਜਰੀ" ਹੈ ਜ਼ੁਲਮੋਂ ਸਿਤਮ ਸਹਿਤੇ ਹੂਏ, ਸ਼ਰਮ ਸੀ ਆਤੀ ਹੈ, ਇਸ ਵਤਨ ਕੋ ਵਤਨ ਕਹਿਤੇ ਹੂਏ॥ ਅਕਸਰ ਭੁਲ ਹੀ ਜਾਂਦੇ ਹਾਂ ਅਤੇ ਇਹ ਕਬੂਤਰ ਵੱਲੋਂ ਅੱਖਾਂ ਮੇਟਨ ਵਾਲੀ ਗੱਲ ਹੁੰਦੀ ਹੈ। ਅਸੀਂ ਸ. ਕਰਤਾਰ ਸਿੰਘ ਸਰਾਭਾ (ਸ਼ਹੀਦ) ਸ. ਭਗਤ ਸਿੰਘ (ਸ਼ਹੀਦ) ਸ. ਊਧਮ ਸਿੰਘ (ਸ਼ਹੀਦ) ਸ. ਕਿਸ਼ਨ ਸਿੰਘ ਗੜਗਜ (ਸ਼ਹੀਦ) ਸ. ਧੰਨਾਂ ਸਿੰਘ (ਸ਼ਹੀਦ) ਆਦਿ ਨੂੰ ਤਾਂ ਕ੍ਰਾਂਤੀਕਾਰੀ ਸ਼ਹੀਦ ਮੰਨ ਲੈਂਦੇ ਹਾਂ, ਸ਼ਾਇਦ ਇਸ ਕਰਕੇ ਕੇ ਇਸ ਨਾਲ ਦੇਸ਼ ਦੀ ਬਹੁ ਗਿਣਤੀ ਨੂੰ ਕੋਈ ਇਤਰਾਜ ਨਹੀਂ ਹੁੰਦਾ, ਪਰ ਅਜੇਕੇ ਕ੍ਰਾਂਤੀਕਾਰੀ ਹੱਸਦੇ ਹੋਏ ਫਾਂਸੀ ਦੇ ਫੰਦੇ ਦੇ ਝੂਲਣ ਵਾਲੇ ਭਾਈ ਸਤਵੰਤ ਸਿੰਘ ਭਾਈ ਬੇਅੰਤ ਸਿੰਘ, ਭਾਈ ਹਰਜਿੰਦਰ ਸਿੰਘ, ਭਾਈ ਸੁਖਦੇਵ ਸਿੰਘ ਅਤੇ ਹੋਰ ਤਖ਼ਤੇ-ਏ-ਫਾਂਸੀ ਤੇ ਚੜ੍ਹਨ ਲਈ ਤਿਹਾੜ-ਬੁੜੇਲ ਜੇਲ੍ਹਾਂ ਵਿਚ ਬੰਦ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾਂ, ਭਾਈ ਜਗਤਾਰ ਸਿੰਘ ਹਵਾਰਾ, ਆਦਿ ਨੂੰ ਸਵੀਕਾਰ ਕਰਨ ਤੋਂ ਡਰਦੇ ਹਾਂ, ਇਹ ਸਾਡੀ ਮਾਨਸਿਕ ਗੁਲਾਮੀ ਦੇ ਲੱਛਣ ਅਤੇ ਕੰਮਜ਼ੋਰੀ ਹੈ। ਅਸੀਂ ਸ਼ਹੀਦਾਂ ਦੇ ਵਾਰਿਸ ਅਖਵਾਉਣ ਦਾ ਹੱਕ ਵੀ ਨਹੀਂ ਰੱਖਦੇ, ਸਾਡੀ ਇਸ ਹਾਲਤ ਲਈ ਸਿੱਧੇ ਰੂਪ ਵਿਚ ਸਾਡੇ ਬਜ਼ੁਰਗ ਜ਼ਿੰਮੇਵਾਰ ਹਨ ਅਤੇ ਜੇ ਅੱਜ ਅਸੀਂ ਜ਼ੁੰਮੇਵਾਰੀ ਨਹੀਂ ਸਾਂਭੀ ਤਾਂ ਆਉਣ ਵਾਲੀ ਪੀੜੀ ਦੀ ਨਜ਼ਰਾਂ (ਕਟਿਹਰੇ) ਵਿਚ ਅਸੀਂ ਪੂਰਨ ਤੌਰ 'ਤੇ ਜ਼ਿੰਮੇਵਾਰ ਦੋਸ਼ੀ ਬਣਕੇ ਖੜੇ ਹੋਵਾਂਗੇ, ਜਿਵੇਂ ਅੱਜ ਬਜ਼ੁਰਗ ਹਨ, ਕੱਲ ਅਸੀਂ ਨੌਜਵਾਨਾਂ ਦੇ ਸਾਹਮਣੇ ਬਜ਼ੁਰਗ ਹੋਵਾਂਗੇ, ਯਾਦ ਰੱਖੋ ਸਾਡੇ ਬਜ਼ੁਰਗ 1947 ਦਾ ਰੋਣਾਂ ਹੀ ਰੋਂਦੇ ਰਹੇ ਅਤੇ ਉਨ੍ਹਾਂ ਭਵਿੱਖ ਦੇ ਖਤਰਿਆਂ ਤੋਂ ਅੱਖਾਂ ਮੀਟ ਲਈਆਂ ਪਹਿਲਾਂ ਤਾਂ ਬਜ਼ੁਰਗ (ਕੁੱਝ ਆਈ.ਸੀ. ਐਸ. ਸ. ਕਪੂਰ ਸਿੰਘ ਜੀ ਵਰਗਿਆਂ ਨੂੰ ਛੱਡ ਕੇ) ਨੌਜਵਾਨਾਂ ਨਾਲ ਕਿਸੇ ਕਿਸਮ ਦੀ ਸਾਂਝ ਰੱਖਣੀ ਪਸੰਦ ਨਹੀਂ ਕਰਦੇ ਜੇ ਕਿਧਰੇ ਰੱਖਦੇ ਵੀ ਹਨ ਤਾਂ ਉਨ੍ਹਾਂ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਇਸ ਉਬਾਲੇ ਖਾਂਦੀ ਅਸੀਮ ਤਾਕਤ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤ ਲਿਆ ਜਾਵੇ, ਜਿਸ ਕਰਕੇ ਉਹ ਨੌਜਵਾਨਾਂ ਦਾ ਧਾਰਮਿਕ ਰਾਜਨੀਤਿਕ ਸਮਾਜਿਕ ਅਤੇ ਆਰਥਿਕ, ਸਾਰਿਆਂ ਪੱਖਾਂ ਤੋਂ ਭਰਪੂਰ ਸ਼ੋਸ਼ਣ ਕਰਨ ਦੀ ਵਿਉਂਤਬੰਦੀ ਕਰਕੇ ਚਲਦੇ ਹਨ। ਤਾਂ ਜੋ ਆਪੇ ਉਨ੍ਹਾਂ ਦੇ ਸਿਰਾਂ ਤੇ ਕੁਰਸੀ ਡਾਹ ਕੇ ਰਾਜ ਭਾਗ ਭੋਗ ਸਕਣ (ਪ੍ਰਮਾਣ ਵਜੋਂ ਬਾਦਲ, ਟੋਹੜਾ, ਤਲਵੰਡੀ, ਮਹਿਤਾ, ਚਾਵਲਾ, ਰੋਡੇ) ਅਜਿਹੀ ਇਕ ਕੋਸ਼ਿਸ਼ ਨੇਪਾਲ ਵਿਖੇ ਨਾਨਕ ਸਿੰਘ ਨਾ ਦੇ ਛੋਟੇ-ਮੋਟੇ ਲੀਡਰ ਨੇ ਪੰਥਕ ਹਲਕਿਆਂ ਵਿਚ ਆਪਣੀ ਧਾਂਕ ਪੈਦਾ ਕਰਨ ਲਈ ਕੀਤੀ, ਪਰ ਇਕ ਨੌਜਵਾਨ ਵੱਲੋਂ ਉਸਦੀ ਪਹਿਚਾਣ ਕਰ ਲਈ ਗਈ।

ਇਹ ਉਹ ਨੌਜਵਾਨ ਹੈ, ਜਿਸ ਨੂੰ ਨਾਨਕ ਸਿੰਘ ਨੇ ਬਾਕੀ ਸਾਰੇ ਲੋਕਾਂ ਸਮੇਤ, ਦਰਬਾਰ ਸਾਹਿਬ ਉੱਤੇ ਹਮਲਾ ਹੋਣ ਦੀ ਸੂਰਤ ਵਿਚ ਸੰਤਾ (ਬਾਬਾ ਭਿੰਡਰਾਂਵਾਲਿਆਂ) ਦੀ ਮਦਦ ਲਈ ਨੇਪਾਲ ਤੋਂ ਜੱਥਾ ਬਣਾ ਕਿ ਦਰਬਾਰ ਸਾਹਿਬ ਪੁੱਜਣ ਅਤੇ ਸੀਸ ਭੇਟ ਕਰਨ ਦਾ ਪ੍ਰਣ ਕੀਤਾ ਸੀ, ਜਿਸ ਸਦਕਾ ਅਜ ਨਾਨਕ ਸਿੰਘ ਅਮਰੀਕਾ ਵਿਖੇ ਮੌਜਾਂ ਮਾਣ ਰਿਹਾ ਹੈ, ਤੇ ਪ੍ਰਣ (ਅਰਦਾਸ) ਨੂੰ ਨਿਭਾਉਣ ਵਾਲਾ ਇਕ ਆਮ ਸਧਾਰਣ ਸਿੱਖ ਸ਼ਹਾਦਤ ਦੀ ਸੀੜੀਆਂ ਚੜ੍ਹਦਾ ਗੁਰੂ ਕੋਲ ਜਾ ਬਿਰਾਜਿਆ ਹੈ (ਇੱਥੇ ਸੰਤ ਫਤਹਿ ਸਿੰਘ ਦੇ ਢੌਂਗ ਅਤੇ ਸ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਦੀ ਯਾਦ ਤਾਜ਼ਾ ਹੁੰਦੀ ਹੈ)।

"ਜੋ ਪ੍ਰਣ ਅਸਾਂ ਨੇ ਕੀਤਾ ਸੀ, ਸਿਰ ਦੇ ਨਾਲ ਨਿਭਾਅ ਚੱਲੇ" ਪੇਸ਼ ਹੈ, ਉਸ ਨੌਜਵਾਨ ਵੱਲੋਂ ਆਪਣੇ ਘਾੜੇ, ਨਾਨਕ ਸਿੰਘ ਅਤੇ ਦੋਸਤਾਂ ਨੂੰ ਭੇਜੇ ਗਏ ਖੱਤ ਦੇ ਕੁੱਝ ਅੰਸ਼ ਅਤੇ ਉਸਦੇ ਜੀਵਨ ਗਾਥਾਂ ਦੇ ਰੂਪ ਵਿਚ ਕੁੱਝ ਅੱਖਰ।

ਭਾਈ ਅਜੀਤ ਸਿੰਘ ਦਾ ਜਨਮ ਜੰਮੂ ਦੇ ਰਹਿਣ ਵਾਲੇ ਸ. ਮੀਆਂ ਸਿੰਘ ਜੀ ਤੇ ਬੀਬੀ ਸੁਰਜੀਤ ਕੌਰ ਜੀ ਦੇ ਘਰ 8 ਜੁਲਾਈ 1970 ਨੂੰ ਹੋਇਆ। ਭਾਈ ਅਜੀਤ ਸਿੰਘ ਦੇ ਪਿਤਾ ਸ੍ਰ. ਮੀਆਂ ਸਿੰਘ, ਬੀ.ਐਸ.ਐਫ. ਵਿਚ ਬਤੌਰ ਸਿਪਾਹੀ ਸਨ, ਕੁੱਝ ਸਾਲ ਨੌਕਰੀ ਕਰਨ ਤੋਂ ਬਾਅਦ ਉਹ ਜੰਮੂ ਤੋਂ ਬਿਹਾਰ ਦੇ ਫਿਰ ਨੇਪਾਲ ਚਲਾ ਗਏ, ਭਾਈ ਅਜੀਤ ਸਿੰਘ ਨੇ ਬਿਹਾਰ ਦੇ ਇਕ ਸਕੂਲ "ਸੰਤ ਮੇਰੀ ਜੂਨੀਅਰ ਹਾਈ ਸੈਕੰਡਰੀ ਸਕੂਲ" ਰੱਕਸੂਲ ਇਸਟ ਚਮਧਾਰਨ (ਬਿਹਾਰ) ਤੋਂ ਦਸਵੀਂ ਪਾਸ ਕੀਤੀ, ਜਿਸ ਤੋਂ ਬਾਅਦ ਇਨ੍ਹਾਂ ਦਾ ਪਰਿਵਾਰ ਬੀਰ ਗੰਜ ਨੇਪਾਲ ਚਲਾ ਗਿਆ। ਕਾਫ਼ੀ ਤਰਲੇ-ਮਿੰਨਤਾ ਕਰਨ ਤੋਂ ਬਾਅਦ ਪਰਿਵਾਰ ਨੇ ਭਾਈ ਸਾਹਿਬ ਦੀਆਂ ਚਿੱਠੀਆਂ ਤੇ ਫੋਟੋ ਵਿਖਾਏ ਅਤੇ ਚੱਲੋਂ ਫਿਰ ਵੀ ਉਨ੍ਹਾਂ ਦਾ ਧੰਨਵਾਦ ਜਿਨ੍ਹਾਂ ਨੇ ਇਤਿਹਾਸਕ ਦਸਤਾਵੇਜ਼ ਵਾਂਗ ਸਾਂਭਣਯੋਗ ਚਿੱਠੀਆਂ ਸਾਨੂੰ ਦੱਸੀਆਂ ਤੇ ਅਸੀਂ ਭਾਈ ਸਾਹਿਬ ਨੂੰ ਪੰਥ ਦੇ ਰੂ-ਬ-ਰੂ ਕਰਾ ਸਕੇ, ਇਸ ਖਾੜਕੂ ਸਿੰਘ ਦੀ ਸ਼ਹੀਦੀ ਤਰੀਕ ਦਾ ਕੋਈ ਪਤਾ ਨਹੀਂ ਚਲ ਸਕਿਆ ਪੇਸ਼ ਹਨ ਚਿੱਠੀਆਂ 'ਚੋਂ ਜ਼ਰੂਰੀ ਅੰਸ਼-

ੴ ਸਤਿਗੁਰੂ ਪ੍ਰਸਾਦਿ॥ 9-1-87

ਜਥੇਦਾਰ ਨਾਨਕ ਸਿੰਘ ਜੀ ਨੇਪਾਲ ਬੀਰ ਗੰਜ ਜਥੇਦਾਰ ਜੀ, ਸਤ ਸ੍ਰੀ ਅਕਾਲ। ਅੱਗੇ ਸੇਵਾ ਵਿਖੇ ਮੈਂ ਇੱਥੇ ਚੜ੍ਹਦੀਕਲਾਂ ਵਿਚ ਹਾਂ, ਉਮੀਦ ਕਰਦਾ ਹਾਂ ਤੁਸੀਂ ਵੀ ਚੜ੍ਹਦੀਕਲਾ ਵਿਚ ਹੋਵੋਗੇ। ਮੈਂ ਇੱਥੇ ਅੰਮ੍ਰਿਤਸਰ ਵਿਚ ਹਾਂ ਅਤੇ ਫੈਡਰੇਸ਼ਨ (A.I.S.S.F.) ਨਾਲ ਸੇਵਾ ਕਰ ਰਿਹਾ ਹਾਂ ਸਾਨੂੰ ਜਿਸਦੀ ਤਲਾਸ਼ ਸੀ, ਉਹ ਠਿਕਾਣਾ ਮਿਲ ਗਿਆ ਹੈ, ਤੇ ਮੈਂ ਹੁਣ ਪੰਥ ਦੀ ਸੇਵਾ ਵਿਚ ਲੱਗ ਗਿਆ ਹਾਂ। ਜਥੇਦਾਰ ਜੀ ਤੁਹਾਨੂੰ ਯਾਦ ਹੋਵੇਗਾ, ਬਲੀਊ ਸਟਾਰ ਉਪਰੇਸ਼ਨ ਵੇਲੇ ਤੁਸੀਂ ਕਿਹਾ ਸੀ ਕਿ ਮੈਂ ਇਕ ਵੱਡਾ ਸ਼ਹੀਦੀ ਜੱਥਾ ਲੈ ਕੇ ਬਾਬਾ ਭਿੰਡਰਾਂਵਾਲਿਆਂ ਕੋਲ ਜਾਵਾਂਗਾ ਅਤੇ ਆਪ ਵੀ ਸ਼ਹੀਦੀ ਦੇਵਾਂਗਾ, ਤੁਸੀਂ ਐਲਾਨ ਕੀਤਾ ਸੀ. ਪਰ ਸ਼ਾਇਦ ਤੁਸੀਂ ਮੌਤ ਤੋਂ ਡਰ ਗਏ, ਪਰ ਅਸੀਂ ਨਹੀਂ ਡਰੇ, ਮੈਨੂੰ ਉਸ ਵੇਲੇ

ਬੜਾ ਦੁੱਖ ਹੋਇਆ ਸੀ ਕਿ ਅਸੀਂ ਸ਼ਹੀਦੀ ਤੋਂ ਵਾਂਝੇ ਰਹਿ ਜਾਵਾਂਗੇ, ਸ਼ਹੀਦੀ ਸਾਡੀ ਕਿਸਮਤ ਵਿਚ ਨਹੀਂ ਹੈ, ਮੈਂ ਹੌਸਲਾਂ ਨਾ ਹਾਰਿਆ...। ਜਥੇਦਾਰ ਜੀ ਇਕ ਅਸੀਂ ਲੋਕ ਹਾਂ ਜੋ ਮਾਇਆ ਤੇ ਐਸ਼ ਪ੍ਰਸਤੀ ਵਿਚ ਲੱਗੇ ਹੋਏ ਹਾਂ ਤੇ ਇਕ ਪੰਜਾਬ ਦੇ ਲੋਕ ਹਨ, ਜਿਨ੍ਹਾਂ ਦੇ ਹਰ ਇਕ ਘਰ 'ਚੋਂ ਸ਼ਹੀਦੀਆਂ ਹੋਈਆਂ ਤੇ ਹੋ ਰਹੀਆਂ ਹਨ, ਬਹੁਤ ਸਾਰੇ ਜੇਲ੍ਹਾਂ 'ਚ ਬੰਦ ਹਨ, ਅਸੀਂ ਨੇਪਾਲ 'ਚ (ਜੰਮੂ) ਵਾਲਿਆਂ ਨੇ ਇਕ ਵੀ ਸ਼ਹੀਦੀ ਨਹੀਂ ਦਿੱਤੀ ਬੜੇ ਦੁੱਖ ਦੀ ਗੱਲ ਹੈ, ਮੈਂ ਤੁਹਾਨੂੰ ਸੁਚੇਤ ਕਰਦਾ ਹਾਂ, ਵੱਡੀ ਜੰਗ ਲੱਗਣ ਵਾਲੀ ਹੈ, ਤੁਸੀਂ ਸਹਾਇਤਾ ਲਈ ਤਿਆਰ ਰਹੋ, ਹਥਿਆਰ ਰੱਖੋ, ਅਸਲਾ ਵੱਧ ਤੋਂ ਵੱਧ ਰੱਖਣਾ...।

ਅੱਜ ਇਥੇ ਇਕ (ਆਈ ਜੀ) ਖਾੜਕੂਆਂ ਨੇ ਮਾਰ ਦਿੱਤਾ ਹੈ। ... ਪੰਜਾਬ 'ਚ 10 ਸਾਲ ਦਾ ਬੱਚਾ ਵੀ ਮਰਨ ਨੂੰ ਤਿਆਰ ਹੈ। ਮੈਂ ਵੀ ਪੂਰੀ ਟ੍ਰੇਨਿੰਗ ਲੈ ਕੇ ਤਿਆਰ-ਬਰ-ਤਿਆਰ ਹਾਂ...। ਕੋਈ ਫ਼ਿਕਰ ਨਹੀਂ ਕਰਨੀ ਮੇਰੇ ਘਰਦਿਆਂ ਨੂੰ ਕਹਿ ਦੇਣਾ ਕਿ ਮੈਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕਰਨੀ, ਜੇ ਮੈਂ ਸ਼ਹੀਦ ਹੋ ਗਿਆ ਤਾਂ ਸਿਰ ਉੱਚਾ ਕਰਕੇ ਤੁਰਨਾ ਲੋਕਾਂ ਨੂੰ ਦੱਸਣਾ ਮੇਰਾ ਪੁੱਤਰ ਕੌਮ ਲਈ ਸ਼ਹੀਦ ਹੋਇਆ ਹੈ ..।

ਜਥੇਦਾਰ ਜੀ ! ਚਿੱਠੀ ਸੰਗਤ ਨੂੰ ਪੜ੍ਹ ਕੇ ਸੁਣਾ ਦੇਣਾ ਕੋਈ ਨਸ਼ਾ ਨਾ ਕਰਨਾ, ਅੰਮ੍ਰਿਤਧਾਰੀ ਤੇ ਸ਼ਸ਼ਤਰਧਾਰੀ ਹੋ ਕੇ ਜੀਨਾ, ਮੈਂ ਪੰਜਾਬੀ ਵੀ ਸਿੱਖ ਲਈ ਹੈ...।
ਭਿੰਡਰਾਂਵਾਲਾ ਸੰਤ ਸਿਪਾਹੀ, ਜਿੰਨੇ ਸੁਤੀ ਕੌਮ ਜਗਾਈ

ਖਾਲਿਸਤਾਨ ਜਿੰਦਾਬਾਦ। ਦਾਸ-ਅਜੀਤ ਸਿੰਘ। (ਸਮਾਪਤ)

ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਰਿਵਾਰ ਨੇ ਭਾਰਤ ਸਰਕਾਰ ਕੋਲ ਕੇਸ ਦਰਜ ਕਰਵਾਇਆ ਹੈ ਕਿ ਸਾਡਾ ਪੁੱਤਰ ਦਰਬਾਰ ਸਾਹਿਬ ਮੱਥਾ ਟੇਕਣ ਗਿਆ ਸੀ ਪਰ ਮੁੜ ਨਾ ਆਇਆ। ਇਸ ਅਪੀਲ ਨਾਲ ਸ਼ਹੀਦ ਦੀ ਸ਼ਹਾਦਤ ਮਿੱਟੀ ਵਿਚ ਰੁਲਦੀ ਹੈ ਭਾਈ ਸਾਹਿਬ ਬਾਰੇ ਲਿਖਣ ਤੇ ਪਰਿਵਾਰ ਨੇ ਕੇਸ ਖਰਾਬ ਹੋਣ ਦੀ ਗੱਲ ਕਹੀ ਤਾਂ ਮੈਨੂੰ ਕਹਿਣਾ ਪਿਆ ਕਿ ਸਰਕਾਰ ਨੇ ਤੁਹਾਨੂੰ ਦੱਸ ਸਾਲ ਤੋਂ ਕੁਝ ਨਹੀਂ ਦਿੱਤਾ, ਪਤਾ ਨਹੀਂ ਤੁਹਾਨੂੰ ਅੱਗੇ ਵੀ ਕੁਝ ਮਿਲਦਾ ਹੈ ਜਾਂ ਨਹੀਂ, ਪਰ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਨੂੰ ਸ਼ਹੀਦ ਦੀ ਨਿਸ਼ਾਨੀਆਂ ਦੇ ਦਿਉ ਤੁਹਾਡੇ ਫਰਜ ਦਾ ਖਰਚ ਜੋ ਅਜੀਤ ਸਿੰਘ ਨੂੰ ਪੜਾਨ ਲਿਖਾਣ ਦਾ ਹੋਇਆ ਸੀ ਪੰਥ ਵੱਲੋਂ ਸੇਵਾ ਕਰਕੇ ਮੋੜ ਦਿੱਤਾ ਜਾਵੇਗਾ, ਹੁਣ ਕੌਮ ਨੂੰ ਅਪੀਲ ਹੈ ਕਿ ਪਰਿਵਾਰ ਦੀ ਕੁੱਝ ਮਦਦ ਕਰਕੇ ਆਪਣਾ ਫਰਜ਼ ਨਿਭਾਇਆ ਜਾਵੇ, ਪਰਿਵਾਰ ਦੀ ਮਰਜੀ ਹੈ, ਉਹ ਚਿੱਠੀ 'ਚ ਲਿਖੇ ਸ਼ਬਦ ਯਾਦ ਰੱਖੇ ਜਾਂ ਭੁੱਲ ਜਾਵੇ, ਪਰ ਪੰਥ ਨੂੰ ਪੰਥ ਦੇ ਇਸ ਸ਼ਹੀਦ ਦੀ ਕਦਰ ਕਰਨੀ ਚਾਹੀਦੀ ਹੈ। ਆਉ ਅਗਲੀ ਦੋਸਤਾਂ ਨੂੰ ਲਿਖੀ ਚਿੱਠੀ 'ਚੋਂ ਕੁੱਝ ਸ਼ਬਦ ਪੜ੍ਹੀਏ।

ਦੂਜੀ ਚਿੱਠੀ-੧ੴ ਸਤਿਗੁਰ ਪ੍ਰਸਾਦਿ।

ਦੋਸਤ ਦੇ ਨਾਮ..। ਤੁਹਾਡੀ ਹਰ ਰੋਜ਼ ਹੀ ਯਾਦ ਆਉਂਦੀ ਹੈ ਬਾਕੀ ਸਮਾਚਾਰ ਇਸ ਪ੍ਰਕਾਰ ਹੈ, ਮੈਂ 28 ਮਾਰਚ ਨੂੰ ਬਿਰਾਟ ਨਗਰ ਤੋਂ ਚਲਿਆ ਸੀ, ਮੇਰੇ ਕੋਲ ਮਾਮਾ ਜੀ ਦੇ

680 ਰੁ. ਸਨ, ਮੇਰੇ ਨਾਲ 'ਖਾਲਿਸਤਾਨ ਕਮਾਂਡੋ ਫੋਰਸ' ਦੇ ਲੈਫਟੀਨੈਂਟ ਜਰਨਲ ਸਨ, 29 ਨੂੰ ਅਸੀਂ ਪਟਨਾ ਸਾਹਿਬ ਸਤ ਦਿਨ ਰਹੇ ਫਿਰ ਸੀਲੀਗੁੜੀ ਪੁੱਜੇ ਵਿਸਾਖੀ ਉੱਥੇ ਹੀ ਮਨਾਈ ਤੇ ਹੋਟਲ 'ਚ ਰਹੇ, ਇਸ ਤੋਂ ਬਾਅਦ ਕਲਕੱਤਾ ਤੋਂ ਪੰਜਾਬ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ, ਜਿੱਥੇ 28 ਅਪ੍ਰੈਲ ਨੂੰ ਅਸੀਂ ਅੰਮ੍ਰਿਤਸਰ ਦਰਬਾਰ ਸਹਿਬ ਪੁੱਜੇ, ਜਿੱਥੇ ਪੰਥਕ ਕਮੇਟੀ ਵੱਲੋਂ ਖਾਲਿਸਤਾਨ ਲਈ ਜੰਗ ਦਾ ਐਲਾਨ ਕਰ ਦਿੱਤਾ ਗਿਆ, ਹਾਲਾਤ ਬਿਗੜ ਗਏ (ਬਲੈਕ ਥੰਡਰ) ਉਥੇ ਮੈਂ ਵੀ ਫੜਿਆ ਗਿਆ ਤੇ ਤਿੰਨ ਮਹੀਨਿਆਂ ਬਾਅਦ ਰਿਹਾਅ ਕਰ ਦਿੱਤਾ ਗਿਆ। (ਸ਼ਾਇਦ ਨੇਪਾਲ ਦਾ ਵਸਨੀਕ ਹੋਣ ਕਰਕੇ) ਇੱਥੇ ਪੰਜਾਬ ਦਾ ਬੱਚਾ-ਬੱਚਾ ਖਾਲਿਸਤਾਨ ਚਾਹੁੰਦਾ ਹੈ, ਤੁਸੀਂ ਵੀ ਨਾਲ ਹੁੰਦੇ ਤਾਂ ਚੰਗਾ ਹੋਣਾ ਸੀ...। ਸਾਰਿਆਂ ਨੂੰ ਸਤ ਸ੍ਰੀ ਅਕਾਲ ਕਹਿ ਦੇਣਾ, ਮਾਮਾ ਜੀ ਨੂੰ ਕਹਿ ਦੇਣਾ ਕੇ ਤੁਹਾਡੇ ਪੈਸੇ ਜਲਦੀ ਭੇਜ ਦੇਵਾਂਗਾ, ਸਾਰਿਆਂ ਦੋਸਤਾਂ ਨੂੰ ਸਤ ਸ੍ਰੀ ਅਕਾਲ..।

ਸੰਤ ਭਿੰਡਰਾਂਵਾਲੇ ਜਿੰਦਾਬਾਦ

ਖਾਲਿਸਤਾਨ ਜਿੰਦਾਬਾਦ-ਦਾਸ ਅਜੀਤ ਸਿੰਘ। (ਸਮਾਪਤ)

"ਜਿੰਦਗੀ ਕੀ ਰਾਹ ਮੇਂ ਥੇ ਰਹਿਨੁਮਾਂ ਸੋਇ ਹੂਏ,
ਹਰ ਕਦਮ ਪਰ ਕਾਫਲਾ ਲੂਟਤਾ ਹੂਆ ਦੇਖਾ ਗਯਾ।"

■■■

ਦੋ ਸ਼ਹੀਦ ਦੋਸਤਾਂ ਦੀ ਕਹਾਣੀ ਜੋ ਇਕੱਠੇ ਖੇਡੇ-ਪੜ੍ਹੇ ਜੂਝੇ ਤੇ

ਭਾਈ ਗੁਰਚਰਨ ਸਿੰਘ, ਭਾਈ ਪਰਵਿੰਦਰ ਸਿੰਘ

ਦਸਮ ਪਾਤਸ਼ਾਹ ਨੇ ਖਾਲਸੇ ਨੂੰ ਅਨਮੋਲ ਵਿਰਸੇ ਦੀ ਦਾਤ ਬਖਸ਼ੀ ਹੈ, ਜਿਸ ਦੀ ਹਿਫਾਜ਼ਤ ਕਰਨ ਲਈ ਗੁਰੂ ਸਾਹਿਬਾਨ ਦਾ ਖਾਲਸਾ, ਕਾਫਲੇ ਦੀ ਸ਼ਕਲ ਵਿਚ ਸਮੇਂ-ਸਮੇਂ ਦੀ ਹਕੂਮਤਾਂ ਨਾਲ ਟਕਰਾਉਂਦਾ ਆ ਰਿਹਾ ਹੈ।

"ਮੇਰੇ ਅਜ਼ਦਾਦ ਸੇ ਮੁਝ ਕੋ ਮਿਲਾ ਵਿਰਸਾ ਸ਼ਹਾਦਤ ਕਾ,
ਮੇਰੀ ਔਲਾਦ ਕੋ ਜਾਗੀ ਹੈ, ਰੋ ਜਾਮ-ਏ-ਸ਼ਹਾਦਤ ਕੀ।"

ਅੱਜ ਸਿੱਖ ਗੁਰਧਾਮਾਂ ਤੇ ਕਾਬਜ਼ ਸਿੱਖ ਸਿਧਾਂਤਾਂ ਦੇ ਕਾਤਲ ਅਖੌਤੀ ਰਹਿਬਰਾਂ ਵੱਲੋਂ ਕੀਤੀ ਜਾ ਰਹੀ ਸਿੱਖੀ ਦੀ ਪਰਿਭਾਸ਼ਾ ਨੇ ਜਿਥੇ ਸਿੱਖਾਂ ਦੀਆਂ ਸ਼ਹਾਦਤਾਂ ਨੂੰ ਰੋਲਿਆ ਹੈ ਉੱਥੇ ਹੀ ਸਿੱਖੀ ਨੂੰ ਹਜ਼ਾਰਾਂ ਜਾਤੀਆਂ, ਇਲਾਕਿਆਂ, ਧੜਿਆਂ, ਡੇਰਿਆਂ ਵਿਚ ਵੰਡ ਕੇ ਤੇਜ ਹਨੇਰੀ ਵਿਚ ਖਿਲਰੇ ਦਰਖ਼ਤ ਦੇ ਪੱਤਿਆਂ ਵਾਂਗ ਬਣਾ ਕੇ ਰੱਖ ਦਿੱਤਾ ਹੈ।

ਅਜੋਕੇ ਇਤਿਹਾਸ ਵਿਚ, ਸਮੁੱਚੇ ਭਾਰਤ ਅੰਦਰ ਵੱਸਣ ਵਾਲੇ ਸਿੱਖਾਂ ਨੂੰ ਆਪਣੀ ਵਿਲੱਖਣ ਹੋਂਦ ਬਰਕਰਾਰ ਰੱਖਣ ਲਈ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਸੰਘਰਸ਼ ਵਿੱਢਣਾ ਪਿਆ, 1984 ਨੇ ਇਕ ਨਵੇਂ ਵਿਦਰੋਹ ਨੂੰ ਜਨਮ ਦਿੱਤਾ, ਇਸੇ ਵਿਦਰੋਹ 'ਚੋ ਦੋ ਬਾਗੀਆਂ ਦੀ ਗੱਲ ਕਰਨ ਲੱਗੇ ਹਾਂ, ਭਾਈ ਗੁਰਚਰਨ ਸਿੰਘ ਥਾਰੂ ਤੇ ਭਾਈ ਪਰਵਿੰਦਰ ਸਿੰਘ ਹੈਪੀ। ਗੁਰਚਰਨ ਸਿੰਘ ਦਾ ਜਨਮ 30 ਅਗਸਤ 1972 ਨੂੰ ਪਿਤਾ ਸ.ਅਵਤਾਰ ਸਿੰਘ ਤੇ ਮਾਤਾ ਇੰਦਰ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ, ਜੋ ਜੰਮੂ ਸ਼ਹਿਰ ਦੇ ਨਵੀਂ ਬਸਤੀ ਬਜ਼ਾਰ ਦੇ ਰਹਿਣ ਵਾਲੇ ਸਨ, ਸ. ਅਵਤਾਰ ਸਿੰਘ ਜੀ ਭਾਰਤ ਦੀ ਫੌਜ ਵਿਚ ਰਹਿ ਕੇ ਹਿੰਦ ਦੀ ਆਬਰੂ ਤੇ ਜਾਨਮਾਲ ਦੀ ਰਾਖੀ ਲਈ ਜੂਝੇ ਤੇ ਰਿਟਾਇਰ ਹੋਏ, ਪੁੱਤਰ ਸਿੱਖੀ ਇਮਾਨ, ਗੈਰਤ ਤੇ ਗੁਰਮਤਿ ਸਿਧਾਂਤ ਦੀ ਹਿਫਾਜ਼ਤ ਲਈ ਮਰਜੀਵੜਿਆ ਦੀ ਫੌਜ ਵਿਚ ਭਰਤੀ ਹੋ ਕੇ ਲੜਿਆ ਅਤੇ ਆਖਰ...।

13 ਜਨਵਰੀ 1989 ਨੂੰ ਜੰਮੂ 'ਚ 13 ਸਿੱਖਾਂ ਦਾ ਕਤਲ ਕਾਂਡ, ਹੋਇਆ ਜਿਸ ਵਿਚ ਗੁਰਚਰਨ ਸਿੰਘ ਵੀ ਜ਼ਖ਼ਮੀ ਹੋਇਆ, ਫਿਰਕੂਵਾਦੀਆਂ ਦਾ ਇਹ ਹਮਲਾ ਗੁਰਚਰਨ ਸਿੰਘ ਨੂੰ ਨਵੇਂ ਰਾਹਾਂ ਵੱਲ ਪਾਉਣ ਲਈ ਸਹਾਈ ਹੋਇਆ, ਇਸ ਹਮਲੇ ਤੋਂ ਬਾਅਦ ਜੰਮੂ ਸ਼ਹਿਰ ਵਿਚ ਖਰੀਦਾਰੀ ਕਰਨ ਜਾਂਦੇ ਸਿੱਖਾਂ ਦਾ ਮਜ਼ਾਕ ਉਡਾਇਆ ਜਾਂਦਾ ਰਿਹਾ, ਰਾਹ ਜਾਂਦੇ ਸਿੱਖਾਂ ਤੋਂ ਜਾਣ ਬੁੱਝ ਕੇ ਬੀੜੀਆਂ ਸਿਗਰਟ ਮੰਗੇ ਜਾਂਦੇ, ਜਾਂ ਫਿਰ ਸਰਦਾਰ ਜੀ

ਮਾਚਿਸ ਹੈ, ਵਰਗੇ ਕਈ ਜ਼ਹਿਰੀ ਬੋਲਾਂ ਨਾਲ ਸਿੱਖਾਂ ਦੀ ਖਿੱਲੀ ਉਡਾਈ ਜਾਂਦੀ ਰਹੀ। ਆਖਰ ਫਿਰਕੂ ਬੁਰਛਾਗਰਦੀ ਨੇ ਸਿੱਖ ਨੌਜਵਾਨਾਂ ਨੂੰ ਸ਼ਾਂਤਮਈ ਨੀਤੀ ਨੂੰ ਤਿਆਗਣ ਅਤੇ ਸ਼ਸ਼ਤਰ ਉਠਾਉਣ ਲਈ ਮਜ਼ਬੂਰ ਕਰ ਦਿੱਤਾ, ਨਗਰ ਕੀਰਤਨ ਹਮਲੇ ਵਿਚ ਦੋਸ਼ੀ ਪਾਰਟੀਆਂ ਉੱਤੇ ਸਿੱਖ ਨੌਜਵਾਨਾਂ ਨੇ ਜਵਾਬੀ ਹਮਲੇ ਅਰੰਭ ਕਰ ਦਿੱਤੇ।

ਗੁਰਚਰਨ ਸਿੰਘ ਤੇ ਪਰਵਿੰਦਰ ਸਿੰਘ ਦੋਵੇਂ ਕੇ.ਜੈਡ.ਐਫ ਦੇ ਭਾਈ ਰਣਜੀਤ ਸਿੰਘ ਨੀਤਾ, ਭਾਈ ਅਮਰਪਾਲ ਸਿੰਘ ਮਾਸਟਰ ਆਦਿ ਸਿੰਘਾਂ ਦੇ ਸੰਪਰਕ ਵਿਚ ਆ ਕੇ ਖਾੜਕੂ ਫੋਰਸ ਵਿਚ ਸ਼ਾਮਿਲ ਹੋ ਗਏ, ਜੰਮੂ ਤੋਂ ਪੰਜਾਬ ਜਾ ਕੇ ਬਸੇ ਪਰਿਵਾਰਾਂ 'ਚੋਂ ਭਾਈ ਧਰਮਵੀਰ ਸਿੰਘ ਐਡਵੋਕੇਟ ਤੇ ਭਾਈ ਹਰਭਜਨ ਸਿੰਘ ਫਤੇਵਾਲ, ਜੰਮੂ ਪੁੱਜੇ ਅਤੇ ਨਵੇਂ ਸਿੰਘਾਂ ਨੂੰ ਤਿਆਰ ਕੀਤਾ ਗਿਆ, ਉਨ੍ਹਾਂ ਦਿਨਾਂ ਵਿਚ ਇਕ ਐਕਸ਼ਨ ਵਿਚ 30 ਬੰਦੇ ਮਾਰਦਿੱਤੇ ਗਏ ਤੇ 50 ਤੋਂ ਵੱਧ ਜਖ਼ਮੀ ਹੋਏ (ਅਪਸਰਾ ਸਿਨੇਮਾ ਗੋਲੀ ਕਾਂਡ) ਸਰਕਾਰ ਨੇ ਇਸ ਕੇਸ ਵਿਚ ਭਾਈ ਗੁਰਚਰਨ ਸਿੰਘ ਥਾਰੂ ਤੇ ਭਾਈ ਹਰਭਜਨ ਸਿੰਘ ਫਤੇਵਾਲ, ਨੂੰ ਜ਼ੁੰਮੇਵਾਰ ਦੱਸਿਆ ਅਤੇ ਇਹ ਐਕਸ਼ਨ ਨਗਰ ਕੀਰਤਨ ਤੇ ਹੋਏ ਹਮਲੇ ਦਾ ਪ੍ਰਤੀਕਰਮ ਮੰਨਿਆ ਜਾਣ ਲੱਗਾ। ਇਕ ਹੋਰ ਥਾਂ ਬਰੂਦ ਬਣਾਉਂਦੇ ਭਾਈ ਨੀਤਾ ਤੇ ਸਾਥੀ ਫੱਟੜ ਹੋ ਗਏ, ਫਿਰਕੂ ਹਿੰਦੂ ਪਾਰਟੀਆਂ ਨੂੰ ਅਹਿਸਾਸ ਹੋ ਗਿਆ ਕਿ, ਅਸੀਂ ਇਨ੍ਹਾਂ ਸੁੱਤੇ ਸ਼ੇਰਾਂ ਨੂੰ ਜੱਗਾ ਕਿ, ਕਿਨੀ ਵੱਡੀ ਗਲਤੀ ਕਰ ਲਈ ਹੈ, ਸਿੱਖਾਂ ਨੂੰ ਦਬਾਈ ਰੱਖਣ ਲਈ ਕੀਤੀ ਗਈ ਕਾਰਵਾਈ (13 ਜਨਵਰੀ ਕਾਂਡ) ਸਰਕਾਰ ਤੇ ਫਿਰਕੂਪਾਰਟੀਆਂ ਨੂੰ ਮਹਿੰਗੇ ਭਾਅ ਪੈ ਗਿਆ।

ਉਧਰ ਭਾਈ ਗੁਰਚਰਨ ਸਿੰਘ, ਭਾਈ ਹਰਭਜਨ ਸਿੰਘ ਤੇ ਭਾਈ ਪਰਵਿੰਦਰ ਸਿੰਘ ਹੈਪੀ ਜੰਮੂ 'ਚ ਕੁਝ ਐਕਸ਼ਨ ਕਰਕੇ ਪੰਜਾਬ ਚਲਾ ਗਏ ਤੇ ਉੱਥੇ ਭਾਈ ਹਰਭਜਨ ਸਿੰਘ ਦੇ ਬੀ.ਟੀ.ਐਫ.ਕੇ ਗਰੁੱਪ 'ਚ ਕੁੱਝ ਸਮਾਂ ਇਕੱਠੇ ਸੇਵਾ ਕਰਦੇ ਰਹੇ ਤੇ ਮੁੜ ਨੇਪਾਲ ਜਾਂਦੇ ਭਾਈ ਗੁਰਚਰਨ ਸਿੰਘ ਪਟਨਾ ਬਿਹਾਰ ਤੋਂ ਗ੍ਰਿਫਤਾਰ ਕਰ ਲਏ ਗਏ। ਭਾਈ ਗੁਰਚਰਨ ਸਿੰਘ ਨੂੰ ਹਿਰਾਸਤ 'ਚੋਂ ਛਡਾਉਣ ਲਈ ਥਾਣੇ ਤੇ ਹਮਲੇ ਦੀ ਤਿਆਰੀ ਕੀਤੀ ਗਈ, ਪਰ ਕੇ.ਜੈਡ.ਐਫ ਦੇ ਸਿੰਘਾਂ ਦੀ ਚਿੱਠੀ ਪੁਲਿਸ ਹੱਥ ਲੱਗ ਜਾਣ ਕਾਰਣ ਇਹ ਪ੍ਰੋਗਰਾਮ ਫੇਲ ਹੋ ਗਿਆ। ਤਿਨ ਸਾਲ ਜੇਲ੍ਹ 'ਚ ਰਹਿਣ ਤੋਂ ਬਾਅਦ ਜਮਾਂਨਤਾ ਹੋਈਆਂ ਤੇ ਭਾਈ ਗੁਰਚਰਨ ਸਿੰਘ ਮੁੜ ਬਾਗੀ ਜੀਵਨ ਦਾ ਹਿੱਸਾ ਬਣ ਗਿਆ।

■■■

ਭਾਈ ਪਰਵਿੰਦਰ ਸਿੰਘ

(ਭਾਈ ਪਰਵਿੰਦਰ ਸਿੰਘ ਹੈਪੀ) ਦਾ ਜਨਮ ਸ. ਦਿਆਲ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਜੀ ਦੀ ਕੁੱਖ 'ਚੋ ਸੰਨ 1970 ਵਿਚ ਹੋਇਆ, ਸ. ਦਿਆਲ ਸਿੰਘ ਦੇ ਸਤ ਬੱਚੇਸਨ, ਚਾਰ ਧੀਆਂ ਤੇ ਤਿੰਨ ਪੁੱਤਰ, ਸਾਰਾ ਪਰਿਵਾਰ ਧਾਰਮਿਕ ਜੀਵਨ ਵਾਲਾ ਸੀ। ਪਰਵਿੰਦਰ ਸਿੰਘ ਤੇ ਗੁਰਚਰਨਸਿੰਘ ਨੇ ਗੁਰਸਿੱਖੀ ਜੀਵਨ ਵਿਚਰਦਿਆ 12 ਵੀਂ ਤੱਕ ਪੜ੍ਹਾਈ ਹਾਈ ਸੈਕੰਡਰੀ ਜੰਮੂ ਤੋਂ ਕੀਤੀ ਤੇ ਫਿਰ ਪਰਵਿੰਦਰ ਸਿੰਘ ਇੰਜੀਨੀਅਰਿੰਗ ਕਰਨ ਲਈ ਬਿੱਦਰ, ਚਲਾ ਗਿਆ, ਤੇ ਗੁਰਚਰਨ ਸਿੰਘ ਨੇ ਜੰਮੂ 'ਚ ਹੀ ਬੀ.ਏ. ਪਾਸ ਕੀਤੀ। ਦੇਸ਼ ਅੰਦਰ ਹਾਲਾਤ ਵਿਗੜਦੇ ਜਾ ਰਹੇ ਸਨ, ਕਰਨਾਟਕਾਂ ਵਿਚ ਵੀ ਸਿੱਖ ਵਿਰੋਧੀ ਕਤਲੇਆਮ ਦੀ ਅੱਗ ਭੜਕ ਗਈ, ਜਿਸ ਵਿਚ ਪਰਵਿੰਦਰ ਸਿੰਘ ਦੇ ਨਾਲ ਪੜ੍ਹਦੇ ਇਕ ਸਿੱਖ ਦੋਸਤ ਦਾ ਹਿੰਦੂ ਭੀੜ ਹਥੋਂ ਕਤਲ ਹੋ ਗਿਆ, ਹਲਾਤਾਂ ਨੂੰ ਵੇਖਦਿਆਂ ਪਰਿਵਾਰ ਨੇ ਪਰਵਿੰਦਰ ਸਿੰਘ ਨੂੰ ਜੰਮੂ ਬੁਲਾ ਲਿਆ।

ਕੁਝ ਸਮੇਂ ਬਾਅਦ ਦੋਵੇਂ ਦੋਸਤ ਫਿਰ ਇਕੱਠੇ ਹੋਏ ਖਾਲਸਾਈ ਜਜ਼ਬਾ ਜਾਗਿਆ ਤੇ ਦੋਵੇਂ ਗੁਪਤ ਰਹਿ ਕੇ ਪੰਜਾਬ ਦੇ ਸੰਘਰਸ਼ 'ਚ ਕੁੱਝ ਸਾਥੀਆਂ ਨਾਲ ਰਲ ਕੇ ਸੇਵਾ ਕਰਨ ਲੱਗੇ, 1989 ਨੂੰ 13 ਜਨਵਰੀ ਕਾਂਡ, ਹੋਣ ਤੋਂ ਬਾਅਦ ਭਾਈ ਪਰਵਿੰਦਰ ਸਿੰਘ ਤੇ ਗੁਰਚਰਨ ਸਿੰਘ ਜਥੇਬੰਦੀ ਖਾਲਿਸਤਾਨ ਜਿੰਦਾਬਾਦ ਫੋਰਸ (ਕੇ.ਜੈਡ.ਐਫ) ਦਾ ਹਿੱਸਾ ਬਣ ਗਏ ਤੇ ਹੁਣ ਜੰਮੂ 'ਚ ਹੀ ਸੰਘਰਸ਼ ਅਰੰਭ ਕਰ ਦਿੱਤਾ ਗਿਆ। ਇਕ ਸਾਥੀ ਨੱਥਾ ਸਿੰਘ ਨੂੰ ਨਾਲ ਲੈ ਕੇ ਜਥੇਬੰਦੀ ਲਈ ਹਥਿਆਰਾਂ ਦੀ ਖੇਪ ਲੈਣ ਗਏ ਭਾਈ ਪਰਵਿੰਦਰ ਸਿੰਘ ਭਾਰਤੀ ਫੌਜ, ਦੇ ਘੇਰੇ 'ਚ ਆ ਗਏ, ਉਸ ਵੇਲੇ ਉਨ੍ਹਾਂ ਕੋਲ ਲੈਟਰਪੇਡ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ, ਦੋਵਾਂ ਨੂੰ ਲੰਮੀ ਤਫਤੀਸ਼ ਉਪਰੰਤ ਜੰਮੂ ਦੀ ਸੈਂਟਰ ਜੇਲ ਭੇਜ ਦਿੱਤਾ ਗਿਆ, ਜਿਥੇ ਪਰਵਿੰਦਰ ਸਿੰਘ ਨੇ ਮੁੜ ਅੱਗੇ ਪੜ੍ਹਾਈ ਸ਼ੁਰੂ ਕਰ ਦਿੱਤੀ ਅਤੇ ਬੀ.ਏ. ਪਾਸ ਕੀਤੀ, ਸਿੰਘਾਂ ਤੇ ਟਾਡਾ ਐਕਟ ਲਾ ਦਿੱਤਾ ਗਿਆ। ਤਿੰਨ ਸਾਲਾਂ ਬਾਅਦ ਕੋਟ ਨੇ ਜਮਾਨਤਾਂ ਦੇ ਦਿੱਤੀਆਂ, ਕੁਝ ਦਿਨ ਘਰ ਬਿਤਾਉਣ ਤੋਂ ਬਾਅਦ ਪਰਵਿੰਦਰ ਸਿੰਘ ਆਪਣੇ ਸਾਥੀ ਗੁਰਚਰਨ ਸਿੰਘ ਨਾਲ ਆਪਣੀ ਅਸਲ ਰਾਹ ਵੱਲ ਤੁਰ ਗਿਆ।

(ਇਨ੍ਹਾਂ ਦਿਨਾਂ 'ਚ ਭਾਈ ਪਰਵਿੰਦਰ ਸਿੰਘ ਭਾਈ ਗੁਰਚਰਨ ਸਿੰਘ ਤੇ ਭਾਈ ਗੁਰਮੇਲ ਸਿੰਘ ਆਦਿ ਵੀਰਾਂ ਦੀ ਪ੍ਰੇਰਨਾ ਤੇ ਮਦਦ ਨਾਲ ਅਸੀਂ (ਲੇਖਕ ਤੇ ਸਾਥੀ) ਸਮੂਹ ਸ਼ਹੀਦਾਂ ਤੇ 1984 ਦੇ ਘੱਲੂਘਾਰੇ ਦੀ ਯਾਦ ਵਿਚ ਜੰਮੂ 'ਚ ਸ਼ਹੀਦੀ ਸਮਾਗਮ ਆਰੰਭ ਕੀਤਾ ਜੋ ਅੱਜ ਤੱਕ ਚੱਲਦਾ ਆ ਰਿਹਾ ਹੈ। ਉਨ੍ਹਾਂ ਦਿਨਾਂ 'ਚ ਅਸੀਂ ਬੈਨਰ ਤੇ ਇਸ਼ਤਿਹਾਰਾਂ

ਤੇ ਸਮਾਗਮ ਦਾ ਸਥਾਨ ਨਹੀਂ ਸੀ ਲਿਖਿਆ ਕਰਦੇ) 1994 ਵਿਚ ਦੋਵੇਂ ਸਾਥੀ ਸਿੰਘਾਂ ਦਾ ਭਾਈ ਭੁਪਿੰਦਰ ਸਿੰਘ ਘੁੱਗੀ ਨਾਲ ਕੁੱਝ ਗੱਲਾਂ ਤੇ ਮਤਭੇਦ ਹੋ ਜਾਣ ਕਾਰਨ ਜਥੇਬੰਦੀ ਦੀ ਬੈਠਕ 'ਚ ਫੈਸਲਾ ਲੈ ਕੇ ਦੋਵੇਂ ਸਾਥੀ ਪੰਜਾਬ ਦੇਸ਼ 'ਚ ਜਥੇਬੰਦੀ ਦੀ ਗਤੀਵਿਧੀਆਂ ਚਲਾਉਣ ਤੇ ਸੰਘਰਸ਼ ਵਿੱਢਣ ਨਿਕਲ ਪਏ। ਥਾਂ-ਥਾਂ ਸਿੰਘਾਂ ਨਾਲ ਬੈਠਕਾਂ 'ਚ ਵਿਚਾਰਾਂ ਕੀਤੀਆ ਗਈਆਂ ਇਸੇ ਦੌਰਾਨ ਜਲੰਧਰ ਦੇ ਇਲਾਕੇ ਵਿਚ ਕਿਸੇ ਸਾਬਕਾ ਅਖੌਤੀ ਖਾੜਕੂ ਜੋ ਜੇਲ ਕੱਟ ਕੇ ਆਇਆ ਹੋਇਆ ਸੀ, ਦੇ ਅਖੌਤੀ ਸਿੱਖ ਸਰੂਪ ਦੇ ਭਰਮਜਾਲ 'ਚ ਫਸ ਕੇ ਪੁਲਿਸ ਦੇ ਢਾਹੇ ਚੜ੍ਹ ਗਏ, ਤਸ਼ੱਦਤ ਦੀ ਲੰਮੀ ਕਹਾਣੀ ਤੋਂ ਬਾਅਦ, ਜੋ ਇਕੱਠੇ ਖੇਡੇ ਇਕੱਠੇ ਪੜ੍ਹੇ, ਇਕੱਠੇ ਜੁਝੇ ਤੇ ਇਕੱਠੇ ਹੀ ਦੋਵੇਂ ਸਿੰਘਾਂ ਤੇ ਭਾਈ ਸਤਨਾਮ ਸਿੰਘ ਜੀ ਵਕੀਲ ਜੰਮੂ ਜੋ ਮੋਹਾਲੀ ਚੰਡੀਗੜ੍ਹ ਭਾਈ ਧਰਮਵੀਰ ਸਿੰਘ (ਵਕੀਲ) ਦੇ ਕਿਸੇ ਪੁਰਾਣੇ ਕੇਸ ਅਤੇ ਹੋਰ ਵੀ ਕੰਮ ਤੋਂ ਪੰਜਾਬ ਆਏ ਹੋਏ ਸਨ, ਜਿਨ੍ਹਾਂ ਨੂੰ ਸਿਵਲ ਕੱਪੜਿਆਂ 'ਚ ਮੋਹਾਲੀ ਤੋਂ ਉਠਾਇਆ ਸੀ ਤਿਨਾਂ ਸਿੱਖ ਭਰਾਵਾਂ ਨੂੰ ਲਾ ਪਤਾ, ਝੂਠਾ ਮੁਕਾਬਲਾ, ਕੋਈ ਦਰਿਆ ਜਾ ਸ਼ਮਸ਼ਾਨਘਾਟ ਕੋਈ ਕਬਰ...। ਇਸ ਦਾ ਕੁਝ ਪਤਾ ਨਹੀਂ ਲੱਗਾ ਅਕਤੂਬਰ 1994 ਤੋਂ ਬਾਅਦ 1999 ਤੱਕ ਦੋਵੇਂ ਸਿੰਘਾਂ ਦੇ ਘਰਾਂ ਵਿਚ ਜੰਮੂ ਪੁਲਿਸ ਛਾਪੇ ਮਾਰਦੀ ਰਹੀ, ਸ਼ਾਇਦ ਕਿਸੇ ਭੁਲੇਖੇ ਵਿਚ ਜਾਂ ਭੁਲੇਖੇ ਪਾਉਣ ਲਈ।

ਪਰਿਵਾਰਾਂ ਨੂੰ ਇਨ੍ਹਾਂ ਦੇ ਪਰਤ ਆਉਣ ਦੀ ਪੂਰੀ ਉਮੀਦ ਹੈ, ਪਰ ਪਰਿਵਾਰ ਵਾਲੇ ਸ਼ਾਇਦ ਇਹ ਨਹੀਂ ਜਾਣਦੇ ਕਿ ਇਨ੍ਹਾਂ ਸੰਘਰਸ਼ਸ਼ੀਲ ਰਾਹਾਂ ਦੇ ਮੁਸਾਫਰਾਂ ਦਾ ਆਖਰ ਟਿਕਾਣਾ ਮਕੱਤਲ ਜਾ ਮਿਦਾਨ-ਏ-ਜੰਗ ਹੀ ਹੁੰਦਾ ਹੈ।

ਹਮ ਸ਼ਮ੍ਹਾਂ ਯਕੀਂ ਕੇ ਪ੍ਰਵਾਨੇ ਹੈਂ, ਸ਼ੋਲੋਂ ਸੇ ਮੁਹਬਤ ਕਰਤੇ ਹੈਂ,
ਐ ਜ਼ਿੰਦਗੀ ਹਮਾਰੀ ਰਹਾ ਸੇ ਹੱਟ, ਹਮ ਮੌਤ ਕੀ ਇੱਜ਼ਤ ਕਰਤੇ ਹੈਂ।

■■■

ਜੂਨ 84 'ਚ ਸ਼ਹੀਦ ਹੋਣ ਵਾਲਾ 17 ਸਾਲਾਂ ਦਾ ਯੋਧਾ।

ਭਾਈ ਇੰਦਰਜੀਤ ਸਿੰਘ

26 ਜਨਵਰੀ 'ਭਾਰਤੀ ਸੰਵਿਧਾਨ' ਦੇ ਲਾਗੂ ਹੋਣ ਵਾਲਾ ਦਿਨ ਭਾਰਤੀਆਂ ਲਈ ਜਸ਼ਨਮਈ ਹੋ ਗੁਜਰਦਾ ਹੈ, ਜਦਕਿ ਇਸ ਦਿਨ ਸਿੱਖ ਜਗਤ ਆਪਣੇ ਸਿੱਖ ਲੀਡਰਾਂ ਨੂੰ ਕੋਸਦਾ ਹੋਇਆ ਕਿਸੇ ਬੰਦਾ ਸਿੰਘ ਬਹਾਦਰ ਦੇ ਮੁੜ ਆਉਣ ਦੀ ਅਰਦਾਸ ਕਰਦਾ ਹੈ, 1947 ਨੂੰ ਸਿੱਖਾਂ ਦੇ ਗੱਲ 'ਚ ਪਾਈ ਗਈ ਗੁਲਾਮੀਂ ਤੋਂ ਪੰਥ ਨੂੰ ਅਜ਼ਾਦ ਕਰਵਾਉਣ ਲਈ ਅਤੇ ਸਿੱਖੀ ਆਨ-ਸ਼ਾਨ ਲਈ ਮਰ ਮਿਟਣ ਵਾਲੇ ਭੁਝੰਗੀ ਜੁਝਾਰੂ ਭਾਈ ਇੰਦਰਜੀਤ ਸਿੰਘ ਦਾ ਜਨਮ ਵੀ ਸਿੱਖਾਂ ਨੂੰ ਨਾ ਭੁੱਲਣ ਵਾਲੇ ਦਿਨ 26 ਜਨਵਰੀ 1967 ਨੂੰ ਗੁਰਮੁਖ ਪਿਆਰੇ ਭਾਈ ਗੁਰਚਰਨ ਸਿੰਘ ਫੌਜੀ ਦੇ ਗ੍ਰਹਿ ਬੀਬੀ ਅਮਰਜੀਤ ਕੌਰ ਜੀ ਦੀ ਕੁੱਖ 'ਚੋ ਹੋਇਆ।

ਬਚਪਨ ਵਿਚ ਹੀ ਭਾਈ ਸਾਹਿਬ ਉਤੇ ਪਰਿਵਾਰ ਦੇ ਸਿੱਖੀ ਮਾਹੌਲ ਨੇ ਇਕ ਡੂੰਘਾ ਅਸਰ ਕੀਤਾ ਤੇ ਗੁਰਮਤਿ ਗੁਰਬਾਣੀ ਦੀ ਲਗਨ ਲੱਗੀ, ਅਕਾਲ ਪੁਰਖ ਦੀ ਐਸੀ ਕ੍ਰਿਪਾ ਹੋਈ ਕਿ 10 ਸਾਲ ਦੀ ਉਮਰ ਵਿਚ ਗੁਰਦੁਆਰਾ ਸਾਹਿਬ ਦੀ ਸਟੇਜਾਂ ਤੋ ਪੰਥ ਦੀ ਗੱਲ ਕਰਨ ਲੱਗ ਪਿਆ।

'ਯੇ ਵੋ ਹੀਰੇ ਹੈ ਜੋ ਹਰ ਖਾਣ ਸੇ ਨਿਕਲਾ ਨਹੀਂ ਕਰਤੇ....।'

ਇਹ ਹੀਰਾ ਜੰਮੂ ਕਸ਼ਮੀਰ ਦੇ ਪਹਾੜੀ ਖੇਤਰ ਬਟੋਟ ਦੇ ਪਿੰਡ ਗੋਹਾੜੀ ਵਿਖੇ ਧਰਤੀ ਤੇ ਉਤਰਿਆ, ਅੱਜਕਲ ਇਨ੍ਹਾਂ ਦਾ ਪਰਿਵਾਰ ਜੰਮੂ ਵਿਖੇ ਰਹਿ ਰਿਹਾ ਹੈ। ਛੇ ਭੈਣ-ਭਰਾਵਾਂ, ਬੀਬੀ ਨਰੀਦਰ ਕੌਰ, ਬੀਬੀ ਸੁਖਵੰਤ ਕੌਰ, ਇਕਵਾਲ ਕੌਰ, ਭਾਈ ਜਤਿੰਦਰ ਸਿੰਘ, ਤੇਜਪਾਲ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਜੋ ਸਾਰਿਆਂ ਤੋਂ ਵੱਡੇ ਸਨ। ਭਾਈ ਸਾਹਿਬ ਨੇ ਹਾਈ ਸਕੂਲ ਸੱਤਵਾਰੀ ਤੋਂ 10ਵੀਂ ਤੱਕ ਪੜ੍ਹਾਈ ਕੀਤੀ ਤੇ ਆਈ.ਟੀ.ਆਈ. (ਇਲੈਕਟ੍ਰੀਕਲ) ਵਿਚ ਦਾਖਲਾ ਲੈ ਲਿਆ, ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਸਮਾਗਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਅਤੇ ਸਟੇਜਾਂ ਤੋਂ ਬੀਰ-ਰਸੀ ਕਵਿਤਾਵਾਂ ਨਾਲ ਸੰਗਤਾਂ ਵਿਚ ਜਾਗਰੁਕਤਾ ਭਰਨ ਲੱਗੇ। ਪਰਿਵਾਰ ਨੇ ਭਾਈ ਸਾਹਿਬ ਦੀ ਰਹਿਣੀ ਬਹਿਣੀ ਵੇਖਦਿਆਂ, ਵੇਲੇ-ਕੁਵੇਲੇ ਘਰੋਂ ਬਾਹਰ ਨਿਕਲਣ ਤੇ ਰੋਕ ਲਗਾ ਦਿੱਤੀ,ਦਿਲ ਦੀ ਗੱਲ ਕਿਸੇ ਨੂੰ ਸਮਝ ਨਹੀਂ ਸੀ ਆ ਰਹੀ। ਇਕ ਵਾਰੀ ਆਪਣੀ ਮਾਤਾ ਜੀ ਨੂੰ ਭਾਈ ਸਾਹਿਬ ਕਹਿਣ ਲੱਗੇ, ਮੈਂ ਕੋਈ ਚੋਰੀ ਜਾ ਹੋਰ ਮਾੜੀ ਗੱਲ ਨਹੀਂ ਕਰਾਂਗਾ ਜਿਸ ਨਾਲ ਤੁਹਾਨੂੰ ਸ਼ਰਮਿੰਦਾ ਹੋਣਾ ਪਵੇ, ਜੋ ਵੀ ਕਰਾਂਗਾ, ਤੁਸੀਂ ਪੁੱਤਰ ਤੇ ਫਖਰ ਮਹਿਸੂਸ ਕਰੋਗੇ।

ਭਾਈ ਸਾਹਿਬ ਦਾ ਧਿਆਨ ਪੜ੍ਹਾਈ ਤੋਂ ਹੱਟ ਕੇ ਪੰਜਾਬ ਦੇ ਹਲਾਤਾਂ ਵੱਲ ਜ਼ਿਆਦਾ ਲੱਗਣ ਲੱਗਾ, 1978 ਦੇ ਸਾਕੇ ਨੇ ਪੰਥ ਨੂੰ ਚਿੰਤਾ ਵਿਚ ਪਾ ਦਿੱਤਾ ਸੀ। ਇਕ ਦਿਨ ਡੂੰਘੀ ਸੋਚ ਤੋਂ ਬਾਅਦ ਘਰੋਂ ਪੜ੍ਹਨ ਗਏ ਤੇ ਮੁੜ ਕੇ ਘਰ ਵਾਪਸ ਨਾ ਆਏ, ਉਹ ਅੰਮ੍ਰਿਤਸਰ ਪੁੱਜੇ, ਜਿੱਥੇ ਉਨ੍ਹਾਂ ਦੀ ਕਿਸੇ ਨੇ ਅਜਨਾਲੇ ਦੇ ਸਿੰਘਾਂ ਨਾਲ ਮੁਲਾਕਾਤ ਕਰਵਾਈ (ਪਰਿਵਾਰ ਨੂੰ ਭੇਜੇ ਖ਼ਤ 'ਚ ਜਿਕਰ ਸੀ) ਇਨ੍ਹਾਂ ਸਿੰਘਾਂ ਨਾਲ ਕੁਝ ਸਮਾਂ ਸੰਤ ਦਿਆਲ ਸਿੰਘ, ਲਛਮਣਸਰ, ਵਾਲਿਆਂ ਕੋਲ ਡੇਰੇ 'ਚ ਰਹੇ, ਪਰ ਉਨ੍ਹਾਂ ਨੂੰ ਕਿਸੇ ਹੋਰ ਹੀ ਸਕੂਲ ਦੀ ਤਲਾਸ਼ ਸੀ, 1983 ਦਾ ਉਹ ਦਿਨ ਸਿੰਘਾਂ ਲਈ ਵੱਡਭਾਗਾ ਸੀ, ਜਿਸ ਵੇਲੇ ਉਨ੍ਹਾਂ ਨੂੰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆ ਦੇ ਦਿਦਾਰ ਨਸੀਬ ਹੋਏ ਅਤੇ ਇਕ ਤਲਾਸ਼ ਦਾ ਅੰਤ ਹੋਇਆ।

ਸੰਤ ਦਿਆਲ ਸਿੰਘ ਨੇ ਪਰਿਵਾਰ ਨੂੰ ਦੱਸਿਆ ਸੀ ਕਿ ਬਾਬਿਆਂ ਨੇ ਡੂੰਘੀ ਨਜ਼ਰ ਨਾਲ ਇੰਦਰਜੀਤ ਸਿੰਘ ਨੂੰ ਵੇਖਿਆ ਤੇ ਇੰਦਰਜੀਤ ਵੀ ਕਾਫ਼ੀ ਸਮਾਂ ਮੰਤਰ ਮੁੱਗਧ ਹੋਇਆ ਵੇਖਦਾ ਰਿਹਾ ਸੀ, ਦ੍ਰਿਸ਼ ਕੁਝ ਇਝ ਖਿਚਿਆ ਗਿਆ ਸੀ।

"ਨਜ਼ਰ-ਨਜ਼ਰ ਮੇਂ ਉਤਰਨਾ ਕਮਲਾ ਹੋਤਾ ਹੈ,
ਨਫਸ-ਨਫਸ ਮੇਂ ਬਿਖਰਾ ਨਾ ਕਮਾਲ ਹੋਤਾ ਹੈ।"

ਇੰਦਰਜੀਤ ਸਿੰਘ ਨੇ ਬਾਬਾ ਜੀ ਨੂੰ ਬੇਨਤੀ ਕੀਤੀ "ਮਹਾਪੁਰਖੋ ਮੈਂ ਆਪ ਜੀ ਦੇ ਜਥੇ 'ਚ ਰਹਿਣਾ ਚਾਹੁੰਦਾ ਹਾਂ...। ਬਾਬਾ ਜੀ ਦਾ ਜਵਾਬ ਸੀ। ਇੱਥੇ ਦੇ ਹਾਲਾਤ ਠੀਕ ਨਹੀਂ ਕਿਸੇ ਵੇਲੇ ਵੀ ਕੋਈ ਭਾਣਾ ਵਰਤ ਸਕਦਾ ਹੈ..। ਤੇ ਨਾਲੇ ਭੁਝੰਗੀਆਂ ਇੱਥੇ ਮਾਮੇ-ਤਾਏ ਦੇ ਵਿਆਹ ਲਈ ਛੁੱਟੀ ਵੀ ਨਹੀਂ ਮਿਲਣੀ... ਅਜੇ ਤੂੰ ਨਿੱਕਾ ਏ, ਘਰ ਪਰਿਵਾਰ ਦਾ ਮੋਹ ਨਹੀਂ ਛੱਡਿਆ ਜਾਣਾ...। ਇੰਦਰਜੀਤ - ਬਾਬਾ ਜੀ ਘਰ ਤਾਂ ਮੈਂ ਪਹਿਲਾਂ ਹੀ ਛੱਡ ਆਇਆ ਹਾਂ ਅਤੇ ਸੰਤ ਦਿਆਲ ਸਿੰਘ ਦੇ ਡੇਰੇ 'ਚ ਰਹਿੰਦਾ ਹਾਂ...। ਬਾਬਾ ਜੀ - ਘਰ ਕਿੱਥੇ ਆ ਤੇਰਾ ? ਬਾਬਾ ਜੀ ਜੰਮੂ 'ਚ। ਬਾਬਾ ਜੀ - ਚੰਗਾ ਫਿਰ ਸੰਤ ਬਾਬਾ ਦਿਆਲ ਸਿੰਘ ਜੀ ਨੂੰ ਪੁੱਛ ਕੇ ਆ ਜਾਵੀ। ਬਾਬਿਆਂ ਨੇ ਗੱਲ ਮੁਕਾ ਦਿੱਤੀ। ਕਵੀ ਦੇ ਇਹ ਵਿਚਾਰ ਇਨ੍ਹਾਂ ਦਿਨਾਂ ਲਈ ਹੀ ਲਿਖੇ ਜਾਪਦੇ ਹਨ।

"ਕਲਗੀ ਵਾਲਿਆ ਤੇਰੇ ਸਕੂਲ ਅੰਦਰ, ਅੱਜ ਵੀ ਸਿਰਾਂ ਦੀ ਪੜ੍ਹਾਈ ਹੋਵੇ,
ਦਾਖਲਾ ਲੈਣ ਇਸ ਸਕੂਲ ਵਿਚ ਉਹੀ, ਬਾਜੀ ਸਿਰ ਧੜ ਦੀ ਜਿਨ੍ਹਾਂ ਨੇ ਲਾਈ ਹੋਵੇ
ਇੱਥੇ ਗਰਮੀਆਂ ਦੀ ਛੁੱਟੀ ਨਹੀਂ ਮਿਲਦੀ, ਭਾਵੇ ਜੂਨ ਹੋਵੇ ਜਾਂ ਜੁਲਾਈ ਹੋਵੇ।"

ਭਾਈ ਸਾਹਿਬ ਸਾਥੀਆਂ ਸਣੇ ਸੰਤ ਦਿਆਲ ਸਿੰਘ ਜੀ ਪਾਸ ਪੁੱਜੇ ਤੇ ਦਿਲ ਦੀ ਭਾਵਨਾਂ ਤੇ ਆਪਣੇ ਨੇਕ ਇਰਾਦਿਆਂ ਤੋਂ ਜਾਣੂ ਕਰਵਾਇਆ, ਸੰਤਾਂ ਨੇ ਮਨਾਉਣ ਤੇ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਿੰਘ ਆਪਣੇ ਇਰਾਦਿਆਂ ਨੂੰ ਪੱਥਰ ਦੀ ਲੀਕ ਬਣਾ ਚੁੱਕੇ ਸਨ। ਆਖਰ ਸੰਤਾ ਨੇ ਆਗਿਆ ਦੇਂਦਿਆ ਕਿਹਾ ਬਾਬਾ ਜੀ ਪਾਸ ਜਾਣ ਤੋ ਪਹਿਲਾ ਇਕ ਵੇਰਾ ਘਰ ਜੰਮੂ ਤੋਂ ਹੋ ਆਵੇ। ਭਾਈ ਸਾਹਿਬ ਆਪਣੇ ਇਕ ਸਾਥੀ ਨੂੰ ਨਾਲ

ਲੈ ਕੇ ਬਟੋਟ ਜੰਮੂ ਆਪਣੇ ਦਾਦਾ ਜੀ ਤੇ ਦਾਦੀ ਜੀ ਨੂੰ ਮਿਲ ਕੇ ਮੁੜ ਅੰਮ੍ਰਿਤਸਰ ਆ ਗਏ ਤੇ ਘਰ ਕਿਸੇ ਨੂੰ ਖ਼ਬਰ ਤੱਕ ਨਾ ਹੋਈ। ਭਾਈ ਸਾਹਿਬ ਕੁਝ ਸਮੇਂ ਵਿਚ ਹੀ ਬਾਬਾ ਭਿੰਡਰਾਂਵਾਲਿਆਂ ਦੇ ਵਿਸ਼ਵਾਸ ਪਾਤਰ ਬਣ ਕੇ ਮੋਹਰਲੀਆਂ ਕਤਾਰਾਂ ਵਿਚ ਵਿਚਰਦਿਆਂ ਆਪਣੇ ਜ਼ਿੰਮੇ ਲੱਗੀ ਹਰ ਸੇਵਾ ਦਿਲੋਂ ਜਾਨ ਨਾਲ ਨਿਭਾਉਂਦੇ ਰਹੇ। ਦਾਦਾ ਜੀ ਪਾਸੋਂ ਖ਼ਬਰ ਜੰਮੂ ਵਿਖੇ ਪਰਿਵਾਰ ਨੂੰ ਮਿਲੀ ਤਾਂ ਉਹ ਅੰਮ੍ਰਿਤਸਰ ਸੰਤ ਦਿਆਲ ਸਿੰਘ ਜੀ ਦੇ ਡੇਰੇ ਜਾ ਪੁੱਜੇ। ਸੰਤ ਦਿਆਲ ਸਿੰਘ ਨੇ ਭਾਈ ਸਾਹਿਬ ਦੇ ਪਰਿਵਾਰ ਨੂੰ ਸਾਰੀ ਕਹਾਣੀ ਦੱਸ ਦਿੱਤੀ, ਨਾਲੇ ਦੱਸਿਆ ਕਿ ਹੁਣ ਉਹ ਬੱਚੇ ਚੰਮਕੌਰ ਦੇ ਰਾਹ ਨਿਕਲ ਚੁੱਕੇ ਹਨ, ਅਤੇ ਉਮੀਦ ਰੱਖਣੀ ਉਹ ਵਾਪਸ ਮੁੜ ਆਉਣਗੇ, ਬਿਅਰਥ ਹੋਵੇਗੀ।

ਪਰਿਵਾਰ ਨੇ ਫਿਰ ਵੀ ਮਿਲਨ ਦਾ ਯਤਨ ਕੀਤਾ ਤਾਂ ਆਪ ਜੀ ਨੇ ਸਾਥੀ ਸਿੰਘ ਹੱਥ ਡੇਰੇ ਸੁਨੇਹਾ ਭੇਜਿਆ -ਮੈਨੂੰ ਮਿਲਣ ਦੀ ਕੋਸ਼ਿਸ਼ ਨਾ ਕੀਤੀ ਜਾਵੇ..। ਸਾਡੀਆਂ ਫੋਟੋਆਂ ਤੇ ਨਾਮ ਪੁਲਿਸ ਤੇ ਫੌਜ ਦੀ ਲਿਸਟ ਵਿਚ ਆ ਚੁੱਕੇ ਹਨ, ਤੁਸੀਂ ਵੀ ਪ੍ਰੇਸ਼ਾਨੀ ਵਿਚ ਪੈ ਸਕਦੇ ਹੋ... ਇਸ ਲਈ ਇਥੋਂ ਹੀ ਘਰ ਮੁੜ ਜਾਉ.... ਪਰਿਵਾਰ ਵੱਲੋਂ ਇਕ ਯਤਨ ਹੋਰ ਕੀਤਾ ਗਿਆ। ਭਾਈ ਸਾਹਿਬ ਦਾ ਸਕੂਲ ਦਾ ਜਿਗਰੀ ਦੋਸਤ 'ਸੁਖਦੇਵ ਸਿੰਘ' ਉਨ੍ਹਾਂ ਨੂੰ ਮਿਲਨ ਅੰਮ੍ਰਿਤਸਰ ਆਇਆ, ਉਸ ਵੇਲੇ ਬਾਬਾ ਜਨਰੈਲ ਸਿੰਘ ਜੀ ਤਕਰੀਰ ਕਰ ਰਹੇ ਸਨ ਤੇ ਇੰਦਰਜੀਤ ਸਿੰਘ ਬਾਹਰ ਪਹਿਰੇ ਤੇ ਖੜਾ ਸੀ, ਮਿਲਨ ਪਿੱਛੋਂ ਇੰਦਰਜੀਤ ਸਿੰਘ ਨੇ ਆਪਣੇ ਦੋਸਤ ਨੂੰ ਦੱਸਿਆ। ਅਸੀ ਸ਼ਾਮ ਨੂੰ ਜੰਡਿਆਲੇ ਗੁਰੂ 'ਚ ਇਕ ਪੰਥ ਦੋਖੀ ਨੂੰ ਸੋਧਣ ਜਾਣੈਂ ਹੈ, ਸਾਡਾ ਯਾਰ ਕੋਈ ਪਤਾ ਨਹੀਂ...। ਕਿਸ ਘੜੀ...। ਅਸੀਂ ਤਾਂ ਪੰਥ ਲਈ ਜੂਝ ਮਰਨ ਦੀਆਂ ਅਰਦਾਸਾਂ ਵੀ ਕਰ ਚੁੱਕੇ ਹਾਂ, ਹੁਣ ਘਰ ਵਾਪਸੀ ਦਾ ਰਾਹ ਗੁਰੂ ਨੂੰ ਬੇਦਾਵਾ ਦੇਣ ਵਰਗਾ ਹੋਵੇਗਾ। ਪਰਿਵਾਰ ਨੂੰ ਕਹਿਣਾ ਮੇਰੀ ਉਡੀਕ ਨਾ ਕਰਨ ਅਤੇ ਭਾਣੇ ਵਿਚ ਰਹਿਣ...।

ਭਾਈ ਸਾਹਿਬ ਨੇ ਜੂਨ 1984 ਦੇ ਆਰੰਭ ਵਿਚ ਆਪਣੇ ਮਾਤਾ-ਪਿਤਾ ਨੂੰ ਆਖਰੀ ਖ਼ਤ ਭੇਜਿਆ, ਜਿਸ ਨਾਲ ਇਕ ਪੁਰਾਣੀ ਤਸਵੀਰ ਵੀ ਭੇਜੀ ਜਿਸ ਵਿਚ ਇਕ ਸਾਥੀ ਵੀ ਨਾਲ ਖੜਾ ਹੈ। ਜੂਨ 1984 ਦੇ ਚੜ੍ਹਦਿਆਂ ਹੀ ਭਾਰਤੀ ਫੌਜ ਨੇ ਹਰਮੰਦਰ ਸਾਹਿਬ ਦੀ ਸਖ਼ਤ ਘੇਰਾਬੰਦੀ ਕਰਵਾ ਕੇ ਦਿੱਲੀ ਤੋਂ ਹਰੀ ਝੰਡੀ ਆਉਣ ਤੇ ਹਮਲਾ ਬੋਲ ਦਿੱਤਾ। ਦੂਜੇ ਪਾਸੇ ਸਿੰਘਾਂ ਨੇ ਵੀ ਕਮਰ ਕਸੇ ਕਰਕੇ ਮੋਰਚੇ ਸਾਂਭ ਲਏ, ਭਾਈ ਸਾਹਿਬ ਨੂੰ ਪਹਿਲਾਂ ਪਾਣੀ ਵਾਲੀ ਟੈਂਕੀ (ਨੇੜੇ ਦਰਬਾਰ ਸਾਹਿਬ) ਤੇ ਤੈਨਾਤ ਕੀਤਾ ਗਿਆ, ਮੁੜ ਉਨ੍ਹਾਂ ਨੂੰ ਸਰਦਾਰ ਜਨਰਲ ਸੁਬੇਗ ਸਿੰਘ ਜੀ ਨੇ ਟੈਂਕੀ ਤੋਂ ਹਟਾ ਕੇ ਬਾਬਾ ਸ਼ਾਮ ਸਿੰਘ ਦੇ ਡੇਰੇ ਦੀ ਉੱਚੀ ਮੰਜ਼ਿਲ ਤੇ ਮੋਰਚਾ ਸੰਭਾਲਣ ਦਾ ਹੁਕਮ ਦਿੱਤਾ, ਸਰਦਾਰ ਸਾਹਿਬ ਦੇ ਹੁਕਮ ਦਾ ਪਾਲਣ ਹੋਇਆ ਤੇ ਭਾਈ ਸਾਹਿਬ ਅਪਣਾ ਜੱਥਾ ਲੈ ਕੇ ਦੂਜੇ ਮੋਰਚੇ ਤੇ ਜਾ ਪੁੱਜੇ, ਇਹ ਮੰਜ਼ਲ ਅੰਮ੍ਰਿਤਸਰ ਆਟਾ ਮੰਡੀ ਵਾਲੀ ਸਾਈਡ ਤੇ ਹੈ, ਇੱਥੋਂ ਗੋਲੀ ਸਿੱਧੇ ਫੌਜੀਆਂ ਦੇ ਮੋਰਚਿਆਂ ਨੂੰ ਨਿਸ਼ਾਨਾਂ ਬਣਾਉਂਦੀ ਸੀ, ਉਹ ਦਿਨ ਵੀ ਚੜ੍ਹ ਗਿਆ, ਜਦ ਇਨ੍ਹਾਂ

ਸਿਰਲੱਥ ਸਿੰਘਾਂ ਦੇ ਇਮਤਿਹਾਨ ਹੋਣੇ ਸਨ ਤੇ ਚਮਕੌਰ ਦੀਆਂ ਜੁਝਾਰੂ ਰਵਾਇਤਾਂ ਮੁੜ ਦੁਹਰਾਈਆਂ ਜਾਣੀਆਂ ਸਨ।

ਧਰਮਯੁੱਧ ਆਰੰਭ ਹੋਇਆ ਜਿਸ ਵਿਚ ਸਿੱਖ ਮਰਜੀਵੜਿਆਂ ਨੇ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆ ਦੀ ਕਮਾਨ ਹੇਠ ਅਨੋਖਾ ਇਤਿਹਾਸ ਸਿਰਜਿਆ, 4 ਜੂਨ ਤੋਂ ਲੈ ਕੇ 6 ਜੂਨ ਤੱਕ ਇਹ ਸਿੰਘ ਪੂਰੀ ਸੂਰਮਗਤੀ ਨਾਲ ਜੂਝਦੇ ਰਹੇ, 6 ਜੂਨ ਤੋਂ ਬਾਅਦ ਗੋਲੀ ਚੱਲਣੀ ਘੱਟ ਗਈ, ਜਿਸ ਕਰਕੇ ਇਨ੍ਹਾਂ ਸਿੰਘਾਂ ਦੇ ਮੋਰਚੇ 'ਚੋਂ ਨਿਕਲ ਰਹੀਆਂ ਅੱਗ ਵਰ੍ਹਾਉਂਦੀਆਂ ਗੋਲੀਆਂ ਤੋਂ ਇਨ੍ਹਾਂ ਸਿੰਘਾਂ ਦੇ ਮੋਰਚੇ ਦੀ ਨਿਸ਼ਾਨ ਦੇਹੀ ਕੀਤੀ ਗਈ, ਭਾਈ ਸਾਹਿਬ ਅਤੇ ਸਾਥੀ ਸਿੰਘਾਂ ਨੇ ਹਿੰਦ ਫੌਜ ਦੀਆਂ ਸੱਥਰਾਂ ਵਿਛਾ ਦਿੱਤੀਆਂ।

7 ਜੂਨ ਨੂੰ ਅੰਮ੍ਰਿਤ ਵੇਲੇ ਇਸ ਮੋਰਚੇ 'ਚੋਂ ਭਾਈ ਸਾਹਿਬ ਤੇ ਹੋਰ ਸਾਰੇ ਸਿੰਘਾਂ ਨੇ "ਗੁਰਮਤਾ ਕਰਕੇ" ਦੋ ਸਿੰਘਾਂ ਨੂੰ ਨਿਕਲ ਜਾਣ ਦਾ ਹੁਕਮ ਕੀਤਾ, ਕਿਉਂਕਿ ਉਹ ਦੋ ਸਿੰਘ ਸ਼ਹੀਦੀ (ਪ੍ਰਣ) ਵਾਲੀ ਅਰਦਾਸ ਵਿਚ ਸ਼ਾਮਿਲ ਨਹੀਂ ਸਨ, ਮੋਰਚੇ ਵਿਚ ਸਿੰਘਾਂ ਕੋਲ ਗੋਲੀ ਸਿੱਕਾ ਵੀ ਖ਼ਤਮ ਹੋਣ ਦੀ ਕਗਾਰ ਤੇ ਸੀ, ਉਕਤ ਦੋਵੇਂ ਸਿੰਘਾਂ ਨੇ ਆਖਰੀ ਫਤਹਿ ਗਜਾ ਕੇ ਘੇਰੇਬੰਦੀ 'ਚੋਂ ਨਿਕਲ ਕੇ ਸੰਤ ਬਾਬਾ ਦਿਆਲ ਸਿੰਘ ਜੀ ਡੇਰੇ 'ਚ ਜਾ ਫਤਹਿ ਬੁਲਾਈ ਤੇ ਸਿੰਘਾਂ ਦੀ ਫਤਹਿ ਦਿੱਤੀ ਅਤੇ ਜੰਗ ਦਾ ਸਾਰਾ ਹਾਲ ਘਟਨਾਵਾਂ ਦੱਸੀਆ। ਸੰਤ ਦਿਆਲ ਸਿੰਘ ਜੀ ਤੋਂ ਮਿਲੀ ਜਾਣਕਾਰੀ ਮੁਤਾਬਕ 7 ਜੂਨ ਸਵੇਰੇ 11 ਵਜੇ ਭਾਰਤੀ ਫੌਜ ਵੱਲੋਂ ਸ਼ਾਮ ਸਿੰਘ ਵਾਲੇ ਮੋਰਚੇ ਉਤੇ ਭਾਰਤੀ ਫੌਜ ਵੱਲੋਂ ਜ਼ੋਰਦਾਰ ਹਮਲਾ ਕੀਤਾ ਗਿਆ, ਸਿੰਘ ਆਖਰੀ ਗੋਲੀ ਤੱਕ ਜੂਝਦੇ ਰਹੇ, ਆਖਰ ਦੁਸ਼ਮਣ ਦੇ ਵੱਡੀ ਤੋਪ ਦੇ ਗੋਲੇ ਨੇ ਸਿੰਘਾਂ ਨੂੰ ਫੱਟੜ ਕਰ ਦਿੱਤਾ ਤੇ ਭਾਈ ਸਾਹਿਬ ਦੀ ਸਾਥੀਆਂ ਸਣੇ ਗ੍ਰਿਫ਼ਤਾਰੀ ਹੋਈ। ਕਈ ਦਿਨਾਂ ਦੇ ਭੁੱਖਣ ਭਾਣੇ ਜਖ਼ਮੀ ਸ਼ੇਰਾਂ ਤੇ ਤਸੀਹਿਆਂ ਦਾ ਦੌਰ ਆਇਆ। ਪਰ ਕਲਗੀਧਰ ਪਾਤਸ਼ਾਹ ਦੇ ਸਕੂਲ ਤੇ ਅਧਿਆਪਕ ਬਾਬਾ ਭਿੰਡਰਾਂਵਾਲਿਆਂ ਤੋਂ ਮਿਲੀ ਪਿਆਰ ਦੀ ਨਿੱਘ ਨੂੰ ਸਿੰਘਾਂ ਨੇ ਆਪਣੀ ਤਾਕਤ ਬਣਾ ਲਿਆ ਸੀ, ਸਿੰਘਾਂ ਨੇ ਧਰਮ ਯੁੱਧ ਵਿਚ ਸ਼ਸਤਰਾਂ ਦੀ ਜੰਗ ਤੋਂ ਬਾਅਦ ਸਬਰ ਸੰਤੋਖ ਦੀ ਜੰਗ ਵਿਚ ਵੀ ਸਫਲਤਾ ਹਾਸਿਲ ਕੀਤੀ, ਤਸ਼ੱਦਦ ਕਰ-ਕਰ ਕੇ ਹੰਭ ਜਾਣ ਪਿੱਛੋਂ ਹਿੰਦ ਫੌਜ ਨੇ ਸਮੇਤ ਭਾਈ ਸਾਹਿਬ ਦੇ 21 ਸਿੰਘਾਂ ਨੂੰ ਗੋਲੀਆਂ ਨਾਲ ਛੱਲਣੀ-ਛੱਲਣੀ ਕਰ ਕੇ ਸ਼ਹੀਦ ਕਰ ਦਿੱਤਾ ਅਤੇ ਇਨ੍ਹਾਂ ਮਹਾਨ ਸ਼ਹੀਦ ਸੂਰਮਿਆਂ ਦੀ ਦੇਹਾਂ ਨੂੰ ਇਕੱਠਿਆਂ ਹੀ ਪੰਜਾਬ ਪੁਲਿਸ ਵੱਲੋਂ ਅੱਗ ਦੀਆਂ ਲਪਟਾਂ ਹਵਾਲੇ ਕਰ ਦਿੱਤਾ ਗਿਆ।

ਸੰਤ ਦਿਆਲ ਸਿੰਘ ਜੀ ਵੱਲੋਂ ਸਿੰਘਾਂ ਨੂੰ ਭੇਜ ਕੇ ਭਾਈ ਇੰਦਰਜੀਤ ਸਿੰਘ ਜੀ ਦੀ ਸ਼ਹੀਦੀ ਦੀ ਖ਼ਬਰ ਉਨ੍ਹਾਂ ਦੇ ਮਾਤਾ ਪਿਤਾ ਨੂੰ ਜੰਮੂ ਭੇਜੀ ਗਈ, ਖ਼ਬਰ ਸੁਣਦਿਆ ਹੀ ਜੰਮੂ ਦੀਆਂ ਸੰਗਤਾਂ ਸ਼ਹੀਦੀ ਸਮਾਗਮ ਵਿਚ ਪੁੱਜਣੀਆਂ ਆਰੰਭ ਹੋ ਗਈਆਂ, ਕੁਝ ਲੋਕੀ ਪਰਿਵਾਰ ਨਾਲ ਅਫਸੋਸ ਕਰਨ ਲੱਗੇ, ਤਾਂ ਮਾਤਾ ਜੀ ਕਹਿਣ ਲੱਗੇ। ਮੇਰੇ ਪਾਤਸ਼ਾਹ ਨੇ ਮੇਰੇ ਪੁੱਤਰਾਂ 'ਚੋ ਦਸਵੰਦ ਲਿਆ ਹੈ, ਸ਼ਾਇਦ ਮੈਂ ਉਸ ਨੂੰ ਆਪ ਨਹੀਂ ਸੀ ਤੋਰ ਸਕਦੀ,

ਇਸ ਲਈ ਪਾਤਸ਼ਾਹ ਨੇ ਆਪ ਹੀ ਇੰਦਰਜੀਤ ਨੂੰ ਆਪਣੇ ਹੁਕਮ ਵਿਚ ਟੋਰ ਲਿਆ ਤੇ ਮੇਰੀ ਕੁੱਖ ਨੂੰ ਸਫਲ ਕਰ ਦਿੱਤੀ। ਭਾਈ ਸਾਹਿਬ ਦੇ ਪਿਤਾ ਜੀ ਭਾਰਤੀ ਫੌਜੀ ਰਹੇ ਤੇ ਨਾਨਾ ਜੀ ਸਰੂਪ ਸਿੰਘ ਨੇ ਭਾਰਤੀ ਫੌਜ 'ਚ ਮਹਾਂਵੀਰ ਚੱਕਰ, ਹਾਸਿਲ ਕੀਤਾ ਸੀ, ਪਰ ਜੋ ਸ਼ਹਾਦਤ ਭਾਈ ਸਾਹਿਬ ਨੇ ਨਿਕੀ ਜਿਹੀ ਉਮਰ 17 ਸਾਲ, ਅਕਾਲਪੁਰਖ ਦੀ ਫੌਜ ਵਿਚ ਭਰਤੀ ਹੋ ਕੇ ਦਿੱਤੀ ਹੈ, ਉਹ ਸਭ ਤੋਂ ਮਹਾਨ ਤੇ ਗੌਰਵਮਈ ਸਿੱਖ ਇਤਿਹਾਸ ਦਾ ਹਿੱਸਾ ਹੈ, ਜਿਸ ਤੇ ਪਰਿਵਾਰ ਤੇ ਸਮੁੱਚੀ ਕੌਮ ਨੂੰ ਫਖ਼ਰ ਹੈ। "ਯੇ ਵੋਹ ਰੌਸ਼ਨ ਸਿਤਾਰੇ ਹੈ, ਜੋ ਕਿਆਮਤ ਤੱਕ ਚਮਕੇਂਗੇ।"

ਇਲਾਹੀ ਵੋਹ ਵੀ ਦਿਨ ਹੋਗਾ ਜਬ ਅਪਨਾ ਰਾਜ ਦੇਖੇਂਗੇ,
ਜਬ ਅਪਨੀ ਜ਼ਮੀਂ ਹੋਗੀ ਔਰ ਆਸਮਾਂ ਰਾਜ ਹੋਗਾ।

■■■

ਭਾਈ ਸੁਰਜੀਤ ਸਿੰਘ ਮਿੰਟਾ

ਜਦੋ ਵੀ ਕਿਤੇ ਕੋਈ ਘੱਟ ਗਿਣਤੀ ਕੌਮ ਅਗਾਹਾਂ ਵੱਧਣ ਲਈ ਜਾ ਆਪਣੇ ਹੱਕਾਂ ਦੀ ਰਾਖੀ ਲਈ ਉਸਾਰੂ ਭੂਮਿਕਾ ਨਿਭਾਉਂਦੀ ਹੋਈ ਇਤਿਹਾਸ ਵਿਚ ਆਪਣੀ ਥਾਂ ਸੁਰੱਖਿਅਤ ਕਰਨ ਲੱਗਦੀ ਹੈ, ਤਾਂ ਇਹ ਉਹੀ ਵੇਲਾ ਹੁੰਦਾ ਹੈ, ਜਦੋਂ ਬਹੁ ਗਿਣਤੀ ਉਸਦੇ ਨਾਮ ਨਿਸ਼ਾਨ ਨੂੰ ਮੇਟਨ ਲਈ ਆਪਣੇ ਸਾਰੇ ਸਾਧਣ ਝੋਕ ਦਿੰਦੀ ਹੈ। ਸ਼ਾਮ, ਧਾਮ, ਡੰਡ, ਭੇਤ, ਇਸੇ ਹੀ ਨਿਤੀ ਨੂੰ ਅਧਾਰ ਬਣਾ ਕੇ...। ਸਿੱਖਾਂ ਨਾਲ ਵੀ ਹੋਇਆ ਅਤੇ ਹੋ ਰਿਹਾ ਹੈ, ਸਿਰ ਕੱਢ ਯੋਧਿਆਂ ਨੂੰ ਡਾਕੂਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਅਤੇ ਡਾਕੂਆਂ ਬਲਾਤਕਾਰੀਆਂ ਨੂੰ ਰਾਮ ਰਹੀਮ ਬਣਾ ਕੇ ...। ਅਜਿਹੇ ਹਲਾਤਾਂ ਵਿਚ ਘੱਟ ਗਿਣਤੀ ਕੌਮ ਦੇ ਹਰ ਫਰਦ ਦੀ ਜ਼ੁੰਮੇਵਾਰੀ ਬਣਦੀ ਹੈ, ਕਿ ਉਹ ਆਪਣੇ ਇਤਿਹਾਸ ਦੀ ਸਾਂਭ ਕਰੇ ਜਦੋਂ ਅਸੀਂ ਦੂਜੇ ਪਾਸੇ ਇਨ੍ਹਾਂ ਮਾਰੂ ਨੀਤੀਆਂ ਦਾ ਵਿਆਪਕ ਅਸਰ ਵੇਖਦੇ ਹਾਂ ਤਾਂ ਪ੍ਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਅੱਖਾਂ ਸਾਹਮਣੇ ਬਦਲਾਂ ਵਾਂਗ ਤੈਰਦੀਆਂ ਦਿਸਣ ਲੱਗਦੀਆਂ ਹਨ, ਇਕ ਪਿੰਡ ਵਿਚੋਂ ਜਾ ਰਿਹਾ ਸੀ, ਕੌਮ ਅਤੇ ਦੇਸ਼ ਦਾ ਸਰਮਾਇਆ ਗੁਰਦੁਆਰੇ ਲਾਗੇ ਤਾਸ਼ ਖੇਡ ਰਿਹਾ ਸੀ, ਜਿਣਾਂ ਵਿਚੋਂ ਇਕ ਭੁਝੰਗੀ ਗੰਥੀ ਸਿੰਘਾ ਦਾ ਵੀ ਹੈ, (ਬੇਸ਼ੱਕ ਜੂਆ ਬੁਰੀ ਗੱਲ ਹੈ ਤਾਸ਼ ਨਹੀਂ, ਪਰ ਪੜ੍ਹਨ ਵਾਲੇ ਬੱਚਿਆਂ ਲਈ ਜ਼ਰੂਰ ਇਕ ਬੁਰੀ ਅਲਾਹਮਤ ਹੈ) ਤਾਂ ਮੈਂ ਸਹਿ ਸੁਭਾਅ ਹੀ ਉਸ ਨੂੰ ਪੁੱਛ ਲਿਆ, ਦੱਸੋਂ ਵਈ ਗੁਰੂ ਗੋਬਿੰਦ ਸਿੰਘ ਜੀ ਕੌਣ ਸਨ ? ਤਾਂ ਉਸ ਨੇ ਅੱਖਾਂ ਤਾਸ਼ ਤੋਂ ਹਟਾਏ ਬਗੈਰ ਜਬਾਬ ਦਿੱਤਾ ਕਿ, ਸਾਡੇ ਪਿੰਡ ਕੋਈ ਗੁਰੂ ਗੋਬਿੰਦ ਸਿੰਘ ਨਹੀਂ ਰਹਿੰਦਾ। ਫਿਰ ਸੁਆਲ ਕੀਤਾ - ਤੁਹਾਡੇ ਪਿੰਡ ਦਾ ਨਾਂ ਸਹੀ ਤੂੰ ਜਾਣਦਾ ਤਾਂ ਹੋਵੇਗਾ, ਤੈਨੂੰ ਪਤਾ ਤਾਂ ਹੋਣਾ ਚਾਹੀਦਾ ਹੈ ? ਹਾਂ ਹੋਵੇਗਾ ਕੋਈ ਸਿੱਖ ਮੁੱਖ ...। ਬਈ ਉਹ ਕਿਵੇਂ ? ਨਾਂ ਦੇ ਨਾਲ ਸਿੰਘ ਜੋ ਲੱਗਾ ਹੈ। ਪਤਾ ਨਹੀਂ ਉਸ ਨੂੰ ਜਾਣਕਾਰੀ ਨਹੀਂ ਸੀ ਜਾ ਉਸ ਨੇ ਮਜ਼ਾਕ ਕੀਤਾ, ਪਰ ਦੋਵੇਂ ਹੀ ਸੂਰਤਾਂ ਮਾੜੀਆਂ ਨੇ, ਅਸੀਂ ਇਸ ਦਾ ਜ਼ਿੰਮੇਵਾਰ ਗੰਥੀ ਸਿੰਘ ਨੂੰ ਮੰਨਦੇ ਹੋਏ ਉਸ ਨੂੰ ਮਿਲਣਾ ਚਾਹਿਆ ਤਾਂ ਸਾਹਿਬ ਬੋਹੜ ਥੱਲੇ ਬੈਠੀ ਜੁੰਡਲੀ (ਪਿੰਡ ਧਾਰੀਵਾਲ) 'ਚ ਉੱਚੀ-ਉੱਚੀ ਰੌਲਾ ਪਾਈ ਜਾ ਰਿਹਾ ਸੀ, ਸ਼ਾਇਦ ਉਹ ਤਾਸ਼ ਦੀ ਖੇਡ ਵਿਚ ਜਿੱਤ ਹਾਸਿਲ ਕਰ ਰਿਹਾ ਸੀ, ਫਿਰ ਜੇ ਕੌਮ ਰੂਪੀ ਮਹਿਲ ਤਾਸ਼ ਦੇ ਪੱਤਿਆਂ ਵਾਂਗ ਖਿਲਰਨ ਲੱਗਦਾ ਹੈ, ਤਾਂ ਦੋਸ਼ ਕਿਸ ਨੂੰ ਦਿੱਤਾ ਜਾਵੇ ਅਤੇ ਕਿਉਂ ਦਿੱਤਾ ਜਾਵੇ ?

ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਯਤਨ ਵਜੋਂ ਜੰਮੂ ਦੇ ਖਾੜਕੂ ਵੀਰਾਂ ਦੀ ਜੀਵਨ ਗਾਥਾਵਾਂ ਨੂੰ ਸਾਂਭਣ ਦਾ ਉਪਰਾਲਾ ਹੈ। ਇਨ੍ਹਾਂ ਖਾੜਕੂਆਂ 'ਚੋਂ ਇਕ ਨਾਮ ਭਾਈ

ਸੁਰਜੀਤ ਸਿੰਘ ਮਿੰਟਾ। ਮਿੰਟਾ ਨਾਮ ਜੰਮੂ ਦੇ ਉਸ ਭੁਝੰਗੀ ਖਾੜਕੂ ਦਾ ਹੈ, ਜਿਸ ਦੀ ਦਲੇਰੀ, ਫੁਰਤੀ ਤੇ ਚਲਾਕੀ ਦਾ ਪੁਲਿਸ ਵੀ ਲੋਹਾ ਮੰਨਦੀ ਸੀ। ਉਹ ਭੋਲਾ ਜਿਹਾ ਬਣ ਕੇ ਅਕਸਰ ਪੁਲਿਸ ਨਾਕਿਆਂ ਵਿਚੋਂ ਲੰਘ ਜਾਇਆ ਕਰਦਾ ਸੀ, ਮਿੰਟੇ ਦੇ ਜਿਉਂਦਿਆਂ-ਜੀਅ ਪੁਲਿਸ ਨੂੰ ਉਸ ਦੀ ਫੋਟੋ ਨਾ ਮਿਲ ਸਕੀ, ਇਸ ਲਈ ਉਸ ਦੀ ਪਛਾਣ ਮੁਸ਼ਕਿਲ ਬਣੀ ਰਹੀ, ਮਿੰਟਾਂ ਜੰਮੂ-ਪੰਜਾਬ ਦੇ ਕਈ ਇਲਾਕਿਆਂ ਵਿਚ ਹੋਏ ਪੁਲਿਸ ਘੇਰਿਆਂ ਨੂੰ ਚੀਰ ਕੇ ਕਈ ਹੋਰ ਮੁਕਾਬਲਿਆਂ ਨੂੰ ਜੀ ਆਇਆ ਨੂੰ ਕਹਿ ਚੁੱਕਿਆ ਸੀ।

ਉਸ ਦੀ ਪਛਾਣ ਯਕੀਨੀ ਬਣਾਉਣ ਲਈ ਪੁਲਿਸ ਉਸ ਦੇ ਹਮਸ਼ਕਲ ਵੱਡੇ ਵੀਰ ਦੀ ਫੋਟੋ ਦਾ ਸਹਾਰਾ ਲੈਂਦੀ ਰਹੀ, ਇਕ ਵਾਰੀ ਪੁਲਿਸ ਨੇ ਪਿੰਡ ਗਾਡੀਗੜ ਵਿਖੇ ਘੇਰਾਬੰਦੀ ਕਰ ਰੱਖੀ ਸੀ, ਮਿੰਟਾ ਤੇ ਉਸ ਦੇ ਸਾਥੀ ਪਿੰਡ ਆਏ ਹੋਏ ਸਨ, ਜਿਸ ਲਈ ਤਲਾਸ਼ੀ ਕੀਤੀ ਜਾ ਰਹੀ ਸੀ, ਅਚਾਨਕ ਮਿੰਟਾਂ ਗੱਲੀ ਰਾਹੀਂ ਨਿਕਲ ਕੇ ਸਾਹਮਣੇ ਆ ਗਿਆ, ਨਿੱਕਾ ਜਿਹਾ ਬੱਚਾ ਸਮਝ ਕੇ ਪੁਲਿਸ ਵਾਲਿਆਂ ਨੇ ਉਸ ਨੂੰ ਪੁੱਛਿਆ...। "ਤੂੰ ਕਿਧਰੇ ਮਿੰਟਾ (ਸੁਰਜੀਤ ਸਿੰਘ) ਖਾਲਸਾ, (ਮਹਿੰਦਰ ਸਿੰਘ) ਡਾਕਟਰ, (ਜਸਵੀਰ ਸਿੰਘ) ਤਾਂ ਨਹੀਂ ਵੇਖੇ ? ਜਨਾਬ- ਵੇਖੇ ਹਨ, ਉਹ ਤਾਂ ਗੁਰਦੁਆਰੇ ਵਾਲੀ ਗਲੀ 'ਚ ਫਿਰਦੇ ਨੇ...। ਪੁਲਿਸ ਨੂੰ ਕੀ ਪਤਾ ਸੀ, ਅਸੀ ਮਿੰਟੇ ਨਾਲ ਹੀ ਗਲ ਕਰ ਰਹੇ ਹਾਂ। ਜੰਮੂ ਦੇ ਇਸ ਨਿੱਕੀ ਉਮਰੇ ਨਾਮਣਾ ਖੱਟਣ ਵਾਲੇ ਖਾੜਕੂ ਦਾਂ ਜਨਮ ਸ. ਜਗਤ ਸਿੰਘ ਜੀ ਦੇ ਘਰ ਪਿੰਡ ਗਾਡੀਗੜ, (ਏਅਰਪੋਰਟ ਨੇੜੇ) ਜੰਮੂ, ਮਾਤਾ ਬੇਅੰਤ ਕੌਰ ਜੀ ਦੀ ਕੁੱਖ 'ਚੋਂ 1977 ਵਿਚ ਹੋਇਆ, ਮਿੰਟਾਂ ਹੁਰੀ ਪੰਜ ਭੈਣ ਭਰਾ ਸਨ, ਦੋ ਭਰਾ ਤੇ ਤਿੰਨ ਭੈਣਾ, ਸੁਰਜੀਤ ਸਿੰਘ ਮਿੰਟਾ, ਦੇ ਪਿਤਾ ਜੀ, ਗੋਇੰਦਵਾਲ ਸਾਹਿਬ (ਪੰਜਾਬ) ਵਿਖੇ ਗ੍ਰੰਥੀ ਸਿੰਘ ਦੀ ਸੇਵਾ ਨਿਭਾਅ ਰਹੇ ਸਨ।

ਸੁਰਜੀਤ ਸਿੰਘ ਮਿੰਟਾਂ 8ਵੀਂ ਕਲਾਸ ਵਿਚ ਪੜ੍ਹਦਾ ਸੀ, ਜਿਸ ਸਮੇਂ ਜੰਮੂ ਵਿਖੇ 13 ਜਨਵਰੀ 1989 ਨੂੰ ਨਗਰ ਕੀਰਤਨ ਤੇ ਫਿਰਕੂ ਹਿੰਦੂ ਪਾਰਟੀਆਂ ਵੱਲੋਂ ਧੋਖੇ ਨਾਲ ਹਮਲਾ ਕਰਕੇ 13 ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਅਤੇ ਬਹੁਤ ਸਾਰੀਆਂ ਸਿੱਖ ਵਿਰੋਧੀ ਕਹਾਣੀਆਂ ਦੀ ਸਕੂਲਾਂ, ਗਲੀਆਂ, ਗੁਰਦੁਆਰਿਆਂ 'ਚ ਚਰਚਾ ਹੁੰਦੀ ਰਹਿੰਦੀ ਸੀ। ਮਿੰਟਾਂ ਵੀ ਉਨ੍ਹਾਂ ਦਾ ਹਿਸਾ ਬੰਣਦਾ ਹੋਇਆ ਆਪ ਉਨ੍ਹਾਂ ਕਹਾਣੀਆਂ ਦਾ ਇਕ ਪਾਤਰ ਬਣਨ ਲਈ ਮੌਕੇ ਦੀ ਭਾਲ ਵਿਚ ਰਹਿਣ ਲੱਗ ਪਿਆ ਸੀ। ਇਕ ਦਿਨ ਭਾਈ ਰਣਜੀਤ ਸਿੰਘ ਨੀਤਾ ਆਪਣੇ ਅੱਠ-ਦੱਸ ਸਾਥੀਆਂ ਨਾਲ ਪਿੰਡ ਗਾਡੀਗੜ ਕਿਸੇ ਜ਼ਰੂਰੀ ਕੰਮ ਤੋਂ ਪੁੱਜਿਆ ਹੋਇਆ ਸੀ, ਕਿ ਮਿੰਟਾਂ ਵੀ ਉਨ੍ਹਾਂ ਨੂੰ ਮਿਲਨ ਠਾਹਰ ਤੇ ਪੁੱਜ ਗਿਆ, ਬੈਠਕ ਤੋਂ ਬਾਅਦ ਮਿੰਟਾ, ਸਿੰਘਾਂ ਨੂੰ ਮਿਲ ਕੇ ਕਹਿਣ ਲੱਗਾ ਮੈਂ ਵੀ ਪੰਥ ਦੀ ਸੇਵਾ ਕਰਨੀ ਹੈ, ਮੈਨੂੰ ਵੀ ਨਾਲ ਸ਼ਾਮਿਲ ਕਰੋ। ਪਹਿਲੋਂ ਪਹਿਲ ਤਾਂ ਸਾਰਿਆਂ ਨੇ ਇਸ ਨੂੰ ਨਾਲ ਰੱਖਣ ਤੋਂ ਇਹ ਕਹਿ ਕੇ ਨਾ ਕਰ ਦਿੱਤੀ ਕਿ ਤੇਰੀ ਉਮਰ ਅਜੇ ਨਿੱਕੀ ਹੈ, ਪਰ ਜਦ ਉਹ ਸਿੰਘਾਂ ਦੇ ਪਿੱਛੇ ਹੀ ਪੈ ਗਿਆ ਤੇ ਹਰ ਠਾਹਰ ਤੇ ਜਾ ਪੁੱਜਦਾ ਤਾਂ ਕੁੱਝ ਇਮਤਿਹਾਨ

ਲੈਣ ਤੋਂ ਬਾਅਦ ਮਜ਼ਬੂਰਨ ਨਾਲ ਸ਼ਾਮਿਲ ਕਰਨਾ ਪਿਆ, ਅਜਿਹੇ ਹੌਂਸਲਿਆਂ ਪ੍ਰਤੀ ਕਵੀ ਦੇ ਸ਼ਬਦ ਹਨ।

"ਇਰਾਦੇ ਜਿਨ ਕੇ ਪੁਖਤਾ ਹੋਂ, ਨਜ਼ਰ ਜਿਨਕੀ ਖੁਦਾ ਪਰ ਹੋ,
ਤਲਾਤਲ ਖੋਜ਼ ਮੌਜੋਂ ਸੇ, ਘਬਰਾਇਆ ਨਹੀਂ ਕਰਤੇ।"

ਨਿੱਕੀ-ਨਿੱਕੀ ਪਿੜ ਨੱਪਦਾ ਸੁਰਜੀਤ ਸਿੰਘ ਮਿੰਟਾ ਇਕ ਦਿਨ ਇਕ ਮੁੱਖਬਰਾਂ ਦੀ ਜਾਂ ਰਹੀ ਟੋਲੀ ਉੱਤੇ ਸ਼ਸ਼ਤਰ ਅਭਿਆਸ ਕਰਨ ਲਈ ਕੀਤੇ ਹਮਲੇ ਤੋਂ ਬਾਅਦ ਮਿੰਟਾ, ਕਈ ਮੁਕਾਬਲਿਆਂ ਚੋਂ ਗੁਜਰ ਕੇ ਜੰਗਜੂ ਗੁਰੀਲਾ ਬਣ ਚੁੱਕਿਆ ਸੀ। ਭਾਈ ਖਾਲਸਾ, ਭਾਈ ਭੁਪਿੰਦਰ ਸਿੰਘ, ਭਾਈ ਗੁਰਮੇਲ ਸਿੰਘ ਦੀ ਜੀਵਨੀ ਵਿਚ ਇਨ੍ਹਾਂ ਮੁਕਾਬਲਿਆਂ ਦਾ ਜ਼ਿਕਰ ਆ ਚੁੱਕਿਆ ਹੈ। ਉਸ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਕਦੀ ਉਸ ਦੇ ਪਿਤਾ ਜੀ ਨੂੰ ਗੋਇੰਦਵਾਲ ਤੋਂ ਪੰਜਾਬ ਪੁਲਿਸ ਉਠਾ ਲੈਂਦੀ ਤੇ ਕਦੀ ਉਸ ਦੇ ਭਰਾ ਨੂੰ ਜੰਮੂ ਵਿਖੇ ਜੰਮੂ ਪੁਲਿਸ ਹਿਰਾਸਤ ਵਿਚ ਲੈਂਹ ਲੈਂਦੀ ਰਹੀ, ਪਰ ਉਹ ਹੱਥ ਨਾਂ ਆਇਆ ਤੇ ਅੱਗੋਂ ਨਾਲੋਂ ਵੀ ਤਿੱਖੀ ਗਤੀਵਿਧੀਆਂ ਕਰਣ ਲੱਗ ਪਿਆ। 1992 ਤੱਕ ਪੰਜਾਬ ਅੰਦਰ ਖਾੜਕੂ ਲਹਿਰ ਨੂੰ ਵੱਡੀ ਢਾਹ ਲੱਗ ਚੁੱਕੀ ਸੀ ਤੇ 1993 ਦੇ ਸਾਲ ਵਿਚ ਸਰਕਾਰ ਨੇ ਆਪਣੇ ਹਰ ਸਾਧਨ ਤੇ ਤਾਕਤ ਨੂੰ ਜੰਮੂ ਦੇ ਸਿੱਖ ਖਾੜਕੂਆਂ ਨੂੰ ਖ਼ਤਮ ਕਰਨ ਵਿਚ ਝੋਕ ਦਿੱਤਾ ਸੀ, ਇਕੋ ਸਾਲ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਤੇ ਗ੍ਰਿਫਤਾਰ ਹੋ ਚੁੱਕੇ ਸਨ, ਮਿੰਟਾ ਤੇ ਮਹਿੰਦਰਪਾਲ ਸਿੰਘ ਖਾਲਸਾ ਦੋਵੇਂ ਇਕੱਲੇ ਰਹਿ ਗਏ ਤੇ ਮੌਕੇ ਦਾ ਇੰਤਜ਼ਾਰ ਕਰਨ ਲੱਗੇ ਅਚਾਨਕ ਇਕ ਖ਼ਬਰ "ਮਹਾਂਰਾਸ਼ਟਰ (ਮੁੰਬਈ) ਦੀ ਜੇਲ੍ਹ 'ਚੋਂ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਦੇ ਭਾਈ ਰਣਜੀਤ ਸਿੰਘ ਨੀਤਾ ਸਾਥੀਆਂ ਸਣੇ ਫਰਾਰ" ਕੁੱਝ ਹੀ ਦਿਨਾਂ 'ਚ ਭਾਈ ਨੀਤਾ ਤੇ ਭਾਈ ਮਿੰਟਾ, ਭਾਈ ਖਾਲਸਾ ਦੀ ਨੇਪਾਲ 'ਚ ਮੁਲਾਕਾਤ ਹੋਈ ਤੇ ਉਹ ਨਵੀਂ ਦਿਸ਼ਾ ਵੱਲ ਨਿਕਲ ਪਏ। ਅਗਲੇ ਪ੍ਰੋਗਰਾਮ 'ਚ ਭਾਈ ਖਾਲਸਾ ਨੂੰ ਕੁਝ ਸਮਾਂ ਨੇਪਾਲ 'ਚ ਰਹਿਣ ਲਈ ਕਹਿ ਕੇ ਭਾਈ ਮਿੰਟਾ, ਭਾਈ ਨੀਤੇ ਨਾਲ ਦੇਸ਼ 'ਚੋਂ ਬਹਾਰ ਚਲਾ ਗਏ ਤੇ ਜਥੇਬੰਦੀ ਨੂੰ ਮੁੜ ਮਜ਼ਬੂਤ ਕਰਨ ਦੀ ਤਿਆਰੀ ਵਿਚ ਜੁੱਟ ਗਏ।

ਕੁਝ ਸਮੇਂ ਬਾਅਦ ਜਦ ਮਹਿੰਦਰ ਸਿੰਘ ਖਾਲਸਾ ਦਿੱਲੀ ਪੁਲਿਸ ਦੇ ਵਿਛਾਏ ਜਾਲ ਵਿਚ ਫਸ ਗਿਆ ਤਾਂ ਭਾਈ ਮਿੰਟਾਂ ਨੇ ਸੇਵਾ ਸਾਂਭ ਕੇ ਮੈਦਾਨ ਵਿਚ ਉਤਰਨ ਦਾ ਐਲਾਨ ਕੀਤਾ ਤੇ ਉਹ ਭਾਰਤ ਪਰਤ ਆਇਆ, ਅਜੋਕਾ ਸਮਾਂ ਚਮਕੌਰ ਦੀ ਗੜ੍ਹੀ ਤੋਂ ਵੀ ਤੰਗ ਬਣਿਆ ਹੋਇਆ ਸੀ, ਹੁਣ ਚਾਰ ਜਾਂ ਪੰਜ ਸਿੰਘਾਂ ਦੇ ਜਥੇ ਦੀ ਥਾਂ ਇਕੱਲੇ-ਇਕੱਲੇ ਸਿੰਘ ਨੂੰ ਜੱਥੇ ਦੇ ਰੂਪ ਵਿਚ ਦੁਨੀਆਂ ਦੀ ਵੱਡੀ ਤਾਕਤ ਹਿੰਦ ਹਕੂਮਤ ਨਾਲ ਟਕਰਾਉਣ ਤੇ ਸਿੱਖ ਹੱਕਾਂ ਦੀ ਮੰਗ ਲਈ ਜੂਝਣਾ ਪੈ ਰਿਹਾ ਸੀ।

ਭਾਈ ਮਿੰਟੇ ਨਾਲ ਰਹੇ ਇਕ ਸਿੰਘ ਨੇ ਜੇਲ੍ਹ ਵਿਚ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਭਾਈ ਮਿੰਟਾ ਵੱਡੀ ਤਿਆਰੀ ਕਰਨ ਤੋਂ ਬਾਅਦ ਪਰਤਿਆ ਸੀ ਅਤੇ ਕਿਸੇ ਬੱਬਰ

ਖਾਲਸਾ ਦੇ ਸਹਿਯੋਗੀ ਤੋਂ ਕੁੱਝ ਮਦਦ ਲੈਣ ਮੋਹਾਲੀ ਪੁੱਜਿਆ ਸੀ, ਜਿਸ ਨੇ ਮੌਕੇ ਤੇ ਦਗਾ ਕਰ ਦਿੱਤਾ ਤੇ ਭਾਈ ਸਾਹਿਬ ਗ੍ਰਿਫਤਾਰ ਕਰਵਾ ਦਿੱਤੇ ਗਏ, ਭਾਈ ਮਿੰਟਾ ਨੂੰ ਸਰਹੰਦ ਥਾਣੇ 'ਚ ਇਕ ਮਹੀਨੇ ਤੱਕ ਪੁੱਛ ਪੜਤਾਲ ਲਈ ਰੱਖਿਆ ਗਿਆ, ਅਤੇ 1996 ਤੋਂ ਬਾਅਦ ਭਾਈ ਮਿੰਟੇ ਦਾ ਕੋਈ ਅਤਾ-ਪਤਾ ਨਹੀਂ ਲੱਗਿਆ, ਕੁੱਝ ਵੀਰਾਂ ਨੇ ਆਪਣੀ ਜਾਣਕਾਰੀ ਨਾਲ ਇਹ ਦੱਸਿਆ ਹੈ, ਕਿ ਭਾਈ ਮਿੰਟੇ ਨੂੰ ਸਰਹੰਦ 'ਚ ਗੋਲੀਆਂ ਮਾਰ ਸ਼ਹੀਦ ਕਰ ਦਿੱਤਾ ਗਿਆ ਸੀ। ਕੁਝ ਸਾਲ ਜੰਮੂ ਪੁਲਿਸ ਵੱਲੋਂ ਭਾਈ ਮਿੰਟੇ ਦੀ ਭਾਲ 'ਚ ਜੰਮੂ ਵਿਚ ਛਾਪੇ ਮਾਰੇ ਜਾਂਦੇ ਰਹੇ ਹਨ। ਇਸ ਭੁਝੰਗੀ ਦੇ ਗੁਮਨਾਮ ਜੀਵਨ ਨੂੰ ਹੁਣ ਹੋਰ ਹਨੇਰੇ 'ਚ ਨਹੀਂ ਰੱਖਿਆ ਜਾਣਾ ਚਾਹੀਦਾ, ਕਿਉਂਕਿ ਅਜੋਕੀ ਸਿੱਖ ਜਵਾਨੀ ਨੂੰ ਐਸੇ ਅਣਖੀ ਜਾਂਬਾਜ ਸਿੱਖ ਨੌਜਵਾਨਾਂ ਦੇ ਜੀਵਨ ਤੋਂ ਅੱਜ ਪ੍ਰੇਰਨਾ ਲੈਣ ਦੀ ਸਖ਼ਤ ਲੋੜ ਹੈ।

■ ■ ■

ਸਿਰਦਾਰ ਗੁਰਮੇਜ਼ ਸਿੰਘ ਗੇੜਾ

ਅਜ ਪੱਤਤਪੁਣਾ ਅਤੇ ਨਸ਼ਿਆਂ ਵਿਚ ਗਰਕਦੀ ਸਿੱਖ ਜਵਾਨੀ ਨੂੰ ਵੇਖ ਕੇ ਹਰ ਕੋਈ ਚਿੰਤਤ ਹੈ, ਬੱਸ ਅਕਾਲੀ ਆਗੂਆਂ ਨੂੰ ਛੱਡ ਕੇ ਅਖੌਤੀ ਪ੍ਰਧਾਨਾਂ ਜਥੇਦਾਰਾਂ ਦੀ ਵਿਕਾਊ ਮਾਨਸਿਕਤਾ ਤੇ ਹਰ ਚੌਂਕ 'ਚ ਵਿਕਦੀ ਉਨ੍ਹਾਂ ਦੀ ਜ਼ਮੀਰ ਜੋ ਕਦੀ ਭਿਹੋਵੇ ਵਾਲੇ, ਕਦੀ ਜੰਗੇੜਾ, ਨਾਨਕਸਰੀਏ, ਨੂਰਮਹਿਲੀਏ, ਭਨਿਆਰੇ, ਨਾਮਧਾਰੀਏ, ਨਿਰੰਕਾਰੀਏ, ਸਿਰਸੇ ਵਾਲੇ ਦੇ ਦਰ ਨੀਲਾਮ ਹੁੰਦੀ ਨੂੰ ਵੇਖ ਕੇ ਸਿੱਖ ਤੜਫ ਉਠਦਾ ਹੈ, ਏਹੀ ਮੁਖ ਵਜਾਹ ਹੈ ਕਿ ਸਿੱਖ ਧੜਕਣ ਉਤੇ ਬਾਬਾ ਭਿੰਡਰਾਂਵਾਲਿਆਂ ਤੋਂ ਬਾਅਦ ਕੋਈ ਵੀ ਕੌਮੀ ਆਗੂ ਜਾਂ ਸੰਤ ਰਾਜ ਨਹੀਂ ਕਰ ਸਕਿਆ। ਨੌਜਵਾਨਾਂ ਪ੍ਰਤੀ ਬਾਬਾ ਭਿੰਡਰਾਂਵਾਲਿਆਂ ਦੀ ਭੂਮਿਕਾ, ਨੌਜਵਾਨਾਂ ਦੀ ਬਾਬਿਆਂ ਪ੍ਰਤੀ ਖਿਚ ਅਤੇ ਅਜੋਕੇ ਆਗੂਆਂ ਦੀ ਹਾਲਤ ਬਿਆਨ ਕਰਦੀ ਕਹਾਣੀ ਹੈ, ਗੁਰਮੇਜ ਸਿੰਘ ਗੇੜੇ ਦਾ ਜੀਵਨ। ਭਾਈ ਗੇੜੇ ਦਾ ਪਰਿਵਾਰ ਜੰਮੂ ਤੋਂ ਪੰਜਾਬ ਜਾ ਕੇ ਵਸਿਆ ਸੀ। 1982 ਦੀ ਗੱਲ ਹੈ ਏਸ਼ੀਅਨ ਖੇਡਾਂ ਹੋਣ ਵਾਲੀਆਂ ਸਨ, ਸਿੱਖਾਂ ਦੀ ਹੱਕੀ ਮੰਗਾਂ ਨੂੰ ਹਕੂਮਤ ਤੇ ਮੀਡੀਆ ਵੱਲੋਂ ਅਣਗੌਲਿਆਂ ਕੀਤਾ ਜਾ ਰਿਹਾ ਸੀ, ਜਿਸ ਲਈ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਐਲਾਨ ਕਰ ਦਿੱਤਾ ਕਿ ਸਿੱਖਾਂ ਵੱਲੋਂ ਏਸ਼ੀਅਨ 'ਗੇਮਾਂ' ਦੌਰਾਨ ਇੰਟਰਨੈਸ਼ਨਲ ਪ੍ਰੈਸ ਮੀਡੀਆ ਅਤੇ ਵਿਦੇਸ਼ੀ ਡੈਲੀਗੇਟਾਂ ਸਾਹਮਣੇ ਆਪਣੀ ਅਵਾਜ਼ ਚੁੱਕੀ ਜਾਵੇਗੀ, ਜੋ ਦੁਨੀਆਂ ਭਰ ਨੂੰ ਸਾਡੇ ਨਾਲ ਦੇਸ਼ ਅੰਦਰ ਕੀਤੇ ਜਾ ਰਹੇ ਵਿਤਕਰੇ ਅਤੇ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਹਨਨ ਦਾ ਪਤਾ ਲੱਗ ਸਕੇ, ਕੌਮੀ ਜਰਨੈਲ ਦੇ ਬਿਆਨ ਮਗਰੋਂ ਹਿੰਦ ਹਕੂਮਤ ਦੀ ਹੁਕਮਰਾਨ ਇੰਦਰਾ ਗਾਂਧੀ ਵੱਲੋਂ ਇਸ ਐਲਾਨਨਾਮੇ ਨੂੰ ਨਾਕਾਮ ਕਰਨ ਲਈ ਇਨੀ ਸਖ਼ਤੀ ਕਰ ਦਿੱਤੀ ਕਿ ਦਿੱਲੀ ਵਿਚ ਚਿੜੀ ਵੀ ਹਕੂਮਤ ਦੇ ਹੁਕਮ ਬਗੈਰ ਉਡਾਰੀ ਨਹੀਂ ਸੀ ਮਾਰ ਸਕਦੀ। ਦਿੱਲੀ ਵਿਚ ਕਿਸੇ ਵੀ ਸਿੱਖ ਦੇ ਦਾਖਲ ਹੋਣ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਗਈ, ਹਰਿਆਣਾ ਸਰਕਾਰ ਨੇ ਤਾਂ ਹਰ ਹੱਦ ਨੂੰ ਲੰਘਦਿਆਂ ਹਰਿਆਣੇ ਵਿਚੋਂ ਸਿੱਖਾਂ ਨੂੰ ਲੰਗਣ ਤੋਂ ਵਰਜ ਦਿੱਤਾ ਅਤੇ ਹਰਿਆਣੇ ਅੰਦਰ ਸਿੰਘਾਂ ਦੀਆਂ ਪੱਗਾਂ ਲਾਹੀਆਂ ਗਈਆਂ, ਮੁੱਖ ਮੰਤਰੀ ਭਜਨ ਲਾਲ ਦੇ ਹੁਕਮਾਂ ਤੇ ਭਾਰਤੀ ਫੌਜ ਦੇ ਵੱਡੇ ਸਿੱਖ ਅਫ਼ਸਰਾਂ ਨੂੰ ਵੀ ਨਾ ਬਖਸ਼ਿਆ ਗਿਆ ਤੇ ਉਨ੍ਹਾਂ ਨੂੰ ਵੀ ਪਰਿਵਾਰ ਸਮੇਤ ਸ਼ਰਮਿੰਦਗੀ ਉਠਾਉਣੀ ਪਈ, ਹਕੂਮਤ ਦੇ ਇਸ ਗਰੂਰੀ ਪ੍ਰਬੰਧ ਨੂੰ ਤਾਰ-ਤਾਰ ਕਰਕੇ ਸੁੱਟਣ ਲਈ ਬਾਬਾ ਭਿੰਡਰਾਂਵਾਲਿਆਂ ਦੇ ਗੁਰੀਲਿਆਂ ਨੇ ਕਮਰਕੱਸੇ ਕਰ ਲਏ, ਇਸ ਐਕਸ਼ਨ ਵਿਚ ਗਏ ਜਥਿਆਂ ਵਿਚੋਂ ਦੋ ਸਿੰਘ ਤੇ ਦੋ ਸਿੰਘਣੀਆਂ ਹੀ ਲਟ੍ਰੇਚਰ (ਪਾਫਲੇਟ

ਪ੍ਰੈਸ ਨੋਟ) ਲੈ ਕੇ ਹਕੂਮਤ-ਏ-ਹਿੰਦ ਦੀ ਨਾਕਾਬੰਦੀ ਨੂੰ ਚੀਰਕੇ ਸਟੇਡੀਅਮ ਵਿਚ ਦਾਖਲ ਹੋਣ 'ਚ ਸਫ਼ਲ ਹੋਏ, ਦੋ ਸਿੰਘਣੀਆਂ ਜੋ ਦਸਤਾਰਾਂ ਉਤਾਰ ਕੇ ਤੇ ਭੇਸ ਵਟਾਨ ਲਈ ਮੇਕਅਪ ਕਰਕੇ ਗਈਆਂ ਸਨ (ਜੇ ਕਿਸੇ ਵੀਰ ਕੋਲ ਇਨ੍ਹਾਂ ਸਿੰਘਣੀਆਂ ਦੇ ਨਾਮ ਪਤੇ ਹੋਣ ਤਾਂ ਦੱਸਣ ਦੀ ਕ੍ਰਿਪਾ ਕਰੇ ਧੰਨਵਾਦੀ ਹੋਵਾਂਗੇ) ਅਤੇ ਦੋ ਸਿੰਘ ਸਨ, ਭਾਈ ਅਵਤਾਰ ਸਿੰਘ ਖ਼ਾਲਸਾ (ਜੰਮੂ) ਤੇ ਭਾਈ ਗੁਰਮੇਜ ਸਿੰਘ ਗੇਜੇ ਨੇ ਖੁਲੇ ਗਰਾਊਂਡ ਵਿਚ ਉਤਰ ਕੇ ਵਿਸ਼ਵ ਭਰ ਦੇ ਲੋਕਾਂ ਨੂੰ ਹਿੰਦੁਸਤਾਨ ਵਿਚ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲੇ ਸਲੂਕ, ਪੁਲਿਸ ਫੋਰਸਾਂ ਦੇ ਜ਼ਬਰ ਅਤੇ ਸਮਾਜਕ, ਆਰਥਿਕ ਅਤੇ ਸਭਿਆਚਾਰਕ ਪੱਖੋਂ ਹੋ ਰਹੇ ਵਿਤਕਰੇ (ਜ਼ੁਲਮਾਂ) ਤੋਂ ਜਾਣੂ ਕਰਵਾਉਣ ਲਈ ਰੋਸ ਵਿਖਾਵੇ ਤੋਂ ਇਲਾਵਾ ਆਪਣੇ ਪੱਟ ਨਾਲ ਬੰਨ੍ਹੇ ਹੋਏ ਪੋਸਟਰਾਂ (ਲਿਟ੍ਰੇਚਰ) ਨੂੰ ਵੰਡਦਿਆਂ ਤੇ ਜੈਕਾਰੇ ਲਾਉਂਦਿਆਂ ਨਾਲ ਹੀ ਨਾਅਰੇ ਲਾਏ। ਬਾਬਾ ਭਿੰਡਰਾਂਵਾਲੇ ਜ਼ਿੰਦਾਬਾਦ... ਸਤ ਸ੍ਰੀ ਅਕਾਲ...।

ਦਿੱਲੀ ਗੂੰਜ ਉਠੀ, ਗੇਜੇ ਦੀ ਜ਼ੁਬਾਨ ਬੰਦ ਕਰਨ ਲਈ ਉਸ ਦੀ ਜੀਭ ਖਿਚਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦੀ ਫੋਟੋ ਉਸ ਵੇਲੇ ਦੀ ਹਰ ਅਖ਼ਬਾਰ ਤੇ ਉਸ ਵੇਲੇ ਦੇ ਫੈਡਰੇਸ਼ਨ ਦੇ ਮੈਗਜ਼ੀਨ "ਸ਼ਮਸ਼ੀਰ-ਏ-ਦਸਤ" ਵਿਚ 20 ਕੁ ਸਾਲਾਂ ਦੇ ਨੌਜਵਾਨ ਦਾ ਹਕੂਮਤ ਨੂੰ ਚਿੜਾਉਂਦਾ ਫੋਟੋ ਇਨ੍ਹਾਂ ਸਤਰਾਂ ਹੇਠ ਛਾਪਿਆ ਗਿਆ ਸੀ :

"ਕਿਸ ਕੀ ਜ਼ੁਬਾਂ ਖੁਲੇਗੀ, ਹਮ ਨਾ ਅਗਰ ਸੁਨਾ ਸਕੇ।"

ਉਸ ਵੇਲੇ ਸਟੇਡੀਅਮ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਪੰਜਾਬ ਦਾ ਮੰਤਰੀ ਰਘੁਨੰਦਨ ਲਾਲ ਭਾਟੀਆ ਬੈਠੇ ਹੋਏ, ਬਾਬਾ ਭਿੰਡਰਾਂਵਾਲਿਆਂ ਵੱਲੋਂ ਭੇਜੇ ਨੌਜਵਾਨਾਂ ਨੂੰ ਵੇਖ ਕੇ, 'ਜਿਨ੍ਹਾਂ ਨੇ ਸਰਕਾਰ ਦੇ ਸਾਰੇ ਠੋਸ ਦਾਅਵਿਆਂ ਨੂੰ ਮਿੱਟੀ ਵਿਚ ਰੋਲ ਦਿੱਤਾ ਸੀ, ਦੰਦੀਆਂ ਵੱਟ ਰਹੇ ਸਨ। ਦੂਜੇ ਦਿਨ ਮੰਜੀ ਸਾਹਿਬ ਹਾਲ ਵਿਚ ਵੱਡੇ ਇਕੱਠ ਵਿਚ ਬੁਲਾਰੇ, ਗੇਜੇ ਦੀ ਛਪੀ ਫੋਟੋ ਵਾਲੀ ਅਖ਼ਬਾਰ ਫੜਕੇ ਕਹਿ ਰਹੇ ਸਨ "ਭਜਨ ਲਾਲ ਇਹ ਵੇਖ, ਸ਼ੀਣੀ ਮਾਂ ਦੇ ਸੂਰਮੇ, ਪੰਜਾਬ ਦੇ ਮਾਣ, ਜਿਨ੍ਹਾਂ ਨੇ ਤੁਹਾਡੇ ਮੂੰਹ ਤੇ ਚਪੇੜਾਂ ਮਾਰੀਆਂ, ਤੁਸੀਂ ਤਾਂ ਕਹਿੰਦੇ ਸੀ, ਚਿੜੀ ਨੀ ਫੜਕਨ ਦੇਣੀ....।" ਭਾਈ ਗੇਜੇ ਦਾ ਪਿਤਾ ਹਰਪਾਲ ਸਿੰਘ ਜਾ ਕੇ ਬਾਬਾ ਜਰਨੈਲ ਸਿੰਘ ਜੀ ਨੂੰ ਮਿਲਿਆ ਤੇ ਗੇਜੇ ਨੂੰ ਛੁਡਾਉਣ ਦੀ ਬੇਨਤੀ ਕੀਤੀ, ਤਾਂ ਬਾਬਿਆਂ ਨੇ ਕਹਿਆ : "ਗਿਆਨੀ ਜੀ ਪੁੱਤਰ ਤੇ ਮਾਣ ਮਹਿਸੂਸ ਕਰੋ, ਕੌਮ ਦੀਆਂ ਅਸੀਸਾਂ ਦਾ ਪਾਤਰ ਬਣੇਗਾ, ਪੁੱਤਰ ਤੁਹਾਡਾ, ਤੁਸੀਂ ਘਾਬਰੋ ਨਾ, ਅਸੀਂ ਸਾਂਭ ਲਵਾਂਗੇ...। ਇਕ ਸਿੰਘ ਨੂੰ ਕਹਿੰਦੇ ਹੋਏ ਬਈ ਉਨ੍ਹਾਂ ਦਿੱਲੀ ਵਾਲੇ ਬੰਦੀ ਸਿੰਘਾਂ ਦੀ ਮੁਲਾਕਾਤ ਕਰਕੇ ਆਉ, ਪੰਜ-ਪੰਜ ਕਿਲੋ ਦੇਸੀ ਘੀ ਤੇ ਕਪੜੇ ਦਸਤਾਰਾਂ, ਲੈ ਜਾਣੀਆਂ.....।ਮਹੀਨੇ ਤੋਂ ਬਾਅਦ ਗੁਰਮੇਜ ਸਿੰਘ ਗੇਜਾ ਘਰ ਪਰਤਿਆ, ਮੂੰਹ ਤੇ ਅਜੇ ਦਾੜ੍ਹੀ ਫੁੱਟ ਹੀ ਰਹੀ ਸੀ, ਮਾਤਾ-ਪਿਤਾ ਨੇ ਗੱਲ ਨਾਲ ਲਾਇਆ ਉਪਰੰਤ ਪਿਤਾ ਨੇ ਜਿਨ੍ਹਾਂ ਸ਼ਬਦਾਂ ਨਾਲ ਗੇਜੇ ਨੂੰ ਤਾੜਨਾ ਕੀਤੀ , ਉਸ ਤੋਂ ਕੌਮ ਦੀ ਮਾਨਸਿਕ ਦਸ਼ਾ ਨੂੰ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਪਰਿਵਾਰ ਤੋਂ ਮਿਲੀ ਜਾਣਕਾਰੀ ਮੁਤਾਬਕ "ਪਿਤਾ

ਗੇਜੇ ਪੁੱਤਰ ਅਸੀਂ ਗਰੀਬ ਬੰਦੇ ਹਾਂ, ਅਸੀਂ ਅਜਿਹੇ ਪੰਗਿਆਂ ਵਿਚ ਨਹੀਂ ਪੈਣ ਜੋਗੇ, ਅਸੀਂ ਤਾਂ ਜੰਮੂ ਦੇ ਸਿੱਖ ਹੋਣ ਕਰਕੇ ਇਥੇ ਹਮੇਸ਼ਾ ਭਾਪੇ ਹੀ ਕਹੇ ਜਾਂਦੇ ਹਾਂ, ਮੈਨੂੰ ਕਾਫ਼ੀ ਸਮਾਂ ਹੋਇਆ ਹੈ ਦਰਬਾਰ ਸਾਹਿਬ ਸੇਵਾ (ਗ੍ਰੰਥੀ) ਕਰਦਿਆਂ, ਇਹ ਸਾਬਤ ਸੂਰਤ ਅੰਮ੍ਰਿਤਧਾਰੀ ਪੰਥਕ ਬੰਦੇ ਨੂੰ, ਜੇ ਉਹ ਜੱਟ ਨਾ ਹੋਵੇ ਤਾਂ ਸਿੱਖ ਹੀ ਨਹੀਂ ਸਮਝਦੇ ਤੇ ਜੱਟ ਭਾਵੇਂ ਦਾੜ੍ਹੀ-ਸਿਰ ਮੁੰਨਿਆ ਹੋਵੇ, ਉਹ ਸਰਦਾਰ ਹੈ, ਸ਼ੁੱਕਰ ਕਰ ਛੁੱਟ ਕੇ ਆ ਗਿਆਂ ਹੈਂ, ਮੈਂ ਤਾਂ ਸੋਚਿਆ ਸੀ, ਭਿੰਡਰਾਂਵਾਲੇ ਨੇ ਮੇਰਾ ਪੁੱਤਰ ਮਰਵਾ ਕੇ ਹੀ ਸਾਹ ਲੈਣਾ ਹੈ।

ਭਾਈ ਗੇਜਾ : ਪਿਤਾ ਜੀ ਤੁਸੀਂ ਐਵੇਂ ਪੁਰਾਣੀਆਂ ਬੀਤੀਆਂ ਗੱਲਾਂ ਕਰਦੇ ਹੋ, ਹੁਣ ਕੌਮ ਜਾਗ ਚੁਕੀ ਹੈ, ਹੁਣ ਉਹ ਗੱਲਾਂ ਨਹੀਂ ਰਹੀਆਂ... ਬਾਕੀ ਮਰਨਾ ਤਾਂ ਇਕ ਦਿਨ ਜ਼ਰੂਰ ਹੈ, ਜੇ ਪੰਥ ਲਈ ਕੁਝ ਕਰਕੇ ਮਰਿਆ ਤਾਂ ਜੀਵਨ ਮੇਰੇ ਨਾਲ ਤੁਹਾਡਾ ਵੀ ਸਫ਼ਲਾ ਹੋ ਜਾਣਾ ਹੈ।

ਪਿਤਾ : ਤੈਨੂੰ ਨਿੱਕੇ ਜੇ ਨੂੰ ਉਥੇ ਇੰਦਰਾ ਗਾਂਧੀ ਅਗੇ ਮਰਨ ਨੂੰ ਭੇਜ ਦਿੱਤਾ, ਇਨ੍ਹਾਂ ਨੂੰ ਹੋਰ ਕੋਈ ਨਹੀਂ ਸੀ ਮਿਲਿਆ?

ਗੇਜਾ : ਪਿਤਾ ਜੀ ਉਥੇ ਤਾਂ ਸੇਵਾ ਲੈਣ ਵਾਲਿਆਂ ਦੀਆਂ ਕਤਾਰਾਂ ਲੱਗ ਜਾਂਦੀਆਂ ਹਨ, ਤੁਸੀਂ ਕਮਲੀਆਂ ਗੱਲਾਂ ਕਰਦੇ ਹੋ, ਮੇਰੇ ਕੋਲ ਤਾਂ ਕੁਝ ਪੇਪਰ ਹੀ ਸਨ, ਸੁੱਟਣ ਲਈ, ਜੇ ਸੰਤ ਭਿੰਡਰਾਂਵਾਲੇ ਮੈਨੂੰ ਬੰਬ ਸੁੱਟਣ ਨੂੰ ਕਹਿੰਦੇ, ਮੈਂ ਤਾਂ ਉਹ ਵੀ ਇੰਦਰਾ ਗਾਂਧੀ ਉਤੇ ਸੁੱਟ ਆਉਣਾ ਸੀ...."

ਚੰਦੋ ਕਲਾ ਅਤੇ ਮਹਿਤਾ ਗੋਲੀਕਾਂਡ ਤੋਂ ਬਾਅਦ ਸਰਕਾਰ ਵੱਲੋਂ ਸਖ਼ਤ ਹਦਾਇਤਾਂ ਤੇ ਗ੍ਰਿਫ਼ਤਾਰੀਆਂ ਆਰੰਭ ਕਰ ਦਿੱਤੀਆਂ ਗਈਆਂ, ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਵੱਲੋਂ 46 ਖਾੜਕੂ ਸਿੰਘਾਂ ਦੀ ਲਿਸਟ ਤਿਆਰ ਕੀਤੀ ਗਈ, ਇਹ ਸਾਰੇ ਸਿੰਘ ਬਾਬਾ ਜਰਨੈਲ ਸਿੰਘ ਜੀ ਦੇ ਵਿਸ਼ਵਾਸ਼ ਪਾਤਰ ਦਸੇ ਜਾਂਦੇ ਸਨ, ਇਨ੍ਹਾਂ ਵਿਚ ਭਾਈ ਗੇਜੇ ਦਾ ਨਾਮ ਵੀ ਸ਼ਾਮਲ ਸੀ। ਭਾਈ ਹਰਮਿੰਦਰ ਸਿੰਘ ਸੰਧੂ, ਭਾਈ ਅਮਰੀਕ ਸਿੰਘ ਜੀ ਤੇ ਹੋਰ ਸੀਨੀਅਰ ਆਗੂਆਂ ਵੱਲੋਂ ਇਨ੍ਹਾਂ ਸਿੰਘਾਂ ਦੇ ਬਚਾਅ ਦੇ ਯਤਨ ਕੀਤੇ ਜਾ ਰਹੇ ਸਨ ਕਿ, ਭਾਈ ਗੇਜਾ, ਦਰਬਾਰ ਸਾਹਿਬ ਅੰਦਰ ਦਾਖਲ ਹੁੰਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ, ਕੁਝ ਬੰਬ ਧਮਾਕੇ ਤੇ ਨਰਕਧਾਰੀਆਂ ਦੇ ਕਤਲ ਅਤੇ ਦੇਸ਼ ਧ੍ਰੋਹ ਕੇਸਾਂ ਅਧੀਨ ਜੇਲ੍ਹ ਭੇਜ ਦਿੱਤਾ ਗਿਆ, 1984 ਦੇ ਫੌਜੀ ਹਮਲੇ ਦੌਰਾਨ ਭਾਈ ਗੇਜਾ ਜੇਲ੍ਹ ਵਿਚ ਹੀ ਸੀ, 1986 'ਚ ਭਾਈ ਗੇਜੇ ਦੀਆਂ ਜ਼ਮਾਨਤਾਂ ਹੋਈਆਂ, ਭਾਈ ਗੇਜ਼ਾ ਮੁੜ ਖਾੜਕੂ ਸਿੰਘਾਂ ਨਾਲ ਗੁੱਪਤ ਰਹਿ ਕੇ ਸੇਵਾ ਕਰਦਾ ਰਿਹਾ, ਭਾਈ ਪੈਂਟਾ ਆਦਿ ਸਿੰਘਾਂ ਨਾਲ ਉਸ ਦੀ ਨੇੜਤਾ ਸੀ, ਉਥੇ ਹੀ ਭਾਈ ਗੇਜੇ ਨਾਲ ਜੇਲ੍ਹ ਵਿਚ ਰਿਹਾ, ਕਾਲਾ ਸੰਤੋਖਾ, ਛੁੱਟਣ ਤੋਂ ਬਾਅਦ ਪੰਜਾਬ ਦੀ ਸਭ ਤੋਂ ਬਦਨਾਮ ਲੁੱਟਾਂ-ਖੋਹਾਂ, ਕਤਲ, ਬਲਤਕਾਰ ਕਰਨ ਵਾਲੀ ਸਰਕਾਰੀ ਕੈਟਾਂ ਦੀ ਫੌਜ 'ਅਲੀ ਸੈਨਾ' ਖਾੜਕੂ ਸਿੰਘਾਂ ਨੂੰ ਬਦਨਾਮ ਕਰਨ ਤੇ ਲੋਕਾਂ ਦੀਆਂ ਨਜ਼ਰਾਂ ਵਿਚ ਡੇਗਣ ਲਈ ਅਹਿਮ ਭੂਮਿਕਾ ਨਿਭਾਅ ਰਹੀ ਸੀ, ਭਾਈ

ਗੇਜੇ ਨਾਲ ਉਸ ਦੀ ਜੇਲ੍ਹ ਵਾਕਫੀਅਤ, ਜਾਣ-ਪਛਾਣ ਹੋਣ ਕਰਕੇ ਗੱਲਬਾਤ ਹੋ ਜਾਂਦੀ ਸੀ, ਭਾਈ ਗੇਜ਼ੇ ਦੀ ਜਜ਼ਬਾਤੀ ਗੱਲਾਂ ਤੋਂ ਡਰਕੇ ਪਿਤਾ ਹਰਪਾਲ ਸਿੰਘ ਨੇ ਸੰਤ ਲੌਂਗੋਵਾਲ ਨੂੰ ਕਹਿਕੇ ਗੇਜ਼ੇ ਨੂੰ ਸ਼੍ਰੋਮਣੀ ਕਮੇਟੀ ਵਿਚ ਕਲਰਕ ਲੁਆ ਦਿੱਤਾ।

ਉਧਰ ਖਾੜਕੂ ਸਿੰਘਾਂ ਨਾਲ ਰਲ ਕੇ ਭਾਈ ਗੇਜਾ, ਭਾਈ ਪੈਂਟਾ ਆਦਿ ਕਾਲੇ ਸੰਤੋਖੇ ਨੂੰ ਗੱਡੀ ਚਾੜਨ ਦੀ ਵਿਉਂਤ ਬਣਾ ਰਹੇ ਸਨ, ਭਾਈ ਗੇਜਾ ਮੌਕੇ ਦੀ ਭਾਲ 'ਚ ਸੰਤੋਖੇ ਨਾਲ ਨਜ਼ਦੀਕੀ ਵਧਾਉਣ ਲੱਗ ਗਿਆ। ਐਸ.ਐਸ.ਪੀ. ਇਜ਼ਹਾਰ ਆਲਮ ਦੇ ਕੈਟ, ਕਾਲੇ ਸੰਤੋਖੇ ਨੇ ਆਪਣੀ ਨਿੱਜੀ ਡਾਇਰੀ ਵਿਚ ਜਿਨ੍ਹਾਂ ਸਿੰਘਾਂ ਨੂੰ ਮਰਵਾਉਣ ਲਈ ਨਾਮ ਪਤੇ ਲਿਖੇ ਸਨ, ਉਨ੍ਹਾਂ ਵਿਚ ਗੁਰਮੇਜ ਸਿੰਘ ਦਾ ਨਾਮ ਸਾਰਿਆਂ ਤੋਂ ਉਤੇ ਸੀ, "ਗੇਜ਼ਾ ਆਪਣੇ ਸਾਥੀਆਂ ਨਾਲ ਗੁਪਤ ਤੌਰ 'ਤੇ ਮੈਨੂੰ ਮਰਵਾਉਣਾ ਚਾਹੁੰਦਾ ਹੈ।" ਜਿਸ ਨਾਲ ਇਹ ਸੱਤਰਾਂ ਲਿਖੀਆਂ ਹੋਈਆਂ ਸਨ

ਜਿਸ ਦਿਨ ਭਾਈ ਪੈਂਟਾਂ ਆਦਿ ਸਿੰਘਾਂ ਨੇ ਸੰਤੋਖੇ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ, ਉਸ ਦਿਨ ਉਹ ਗੇਜੇ ਤੇ ਉਸ ਦੇ ਕਰੀਬੀ ਸਾਥੀਆਂ ਨੂੰ ਮਾਰਨ (ਮਰਵਾਉਣ) ਲਈ ਨਿਕਲਿਆ ਹੋਇਆ ਸੀ (ਸੰਤੋਖੇ ਦੀ ਡਾਇਰੀ ਤੇ ਪਰਿਵਾਰ ਨਾਲ ਗੱਲ ਕਰਨ ਵਾਲੇ ਪੁਲਿਸ ਅਫ਼ਸਰਾਂ ਦੀ ਮੁਲਾਕਤ ਦੇ ਅਧਾਰ 'ਤੇ) ਜਦ ਡਾਇਰੀ ਪੁਲਿਸ ਅਫ਼ਸਰਾਂ ਤਕ ਪੁੱਜੀ ਤਾਂ ਉਸੇ ਦਿਨ ਕਾਲੀ ਭੇਡ ਦਾ ਬਦਲਾ ਲੈਣ ਲਈ ਭਾਈ ਗੇਜੇ ਦੀ ਮੌਤ ਦੇ ਵਰੰਟ ਕੱਢ ਦਿੱਤੇ ਗਏ, 21 ਮਈ 1989 ਨੂੰ ਅੰਮ੍ਰਿਤਸਰ ਦੇ ਚਾਟੀਵਿੰਡ ਦਰਵਾਜੇ ਤੋਂ ਐਸ.ਐਚ.ਓ. ਗੁਰਦੇਵ ਸਿੰਘ ਦੀ ਪੁਲਿਸ ਪਾਰਟੀ ਨੇ ਭਾਈ ਗੇਜੇ ਨੂੰ ਗ੍ਰਿਫ਼ਤਾਰ ਕਰ ਲਿਆ ਉਸ ਵੇਲੇ ਭਾਈ ਗੇਜੇ ਦੇ ਪਿਤਾ ਸ. ਹਰਪਾਲ ਸਿੰਘ ਅਮਰੀਕਾ ਗਏ ਹੋਏ ਸਨ, ਉਥੋਂ ਪਰਤਨ ਤੇ ਸ. ਹਰਪਾਲ ਸਿੰਘ ਐਸ.ਪੀ. ਬਾਜਵਾ ਅਤੇ ਹੋਰ ਅਫ਼ਸਰਾਂ ਤੱਕ ਪੁੱਜੇ, ਪਰ ਕੋਈ ਉਘ-ਸੁੱਘ ਨਾ ਲੱਗੀ। ਹਰਪਾਲ ਸਿੰਘ ਨੇ ਦੱਸਿਆ ਕਿ ਕੁਝ ਅਫ਼ਸਰਾਂ ਨੇ ਨਾਮ ਗੁਪਤ ਰੱਖਣ ਦੀ ਸੂਰਤ 'ਚ ਬੱਸ ਇਨਾ ਹੀ ਦੱਸਿਆ ਕਿ ਭਾਈ ਗੇਜੇ ਨੇ ਸਰਕਾਰ ਦਾ ਬਹੁਤ ਖਾਸ ਤੇ ਅਹਿਮ ਬੰਦਾ ਸੰਤੋਖਾ ਮਰਵਾਇਆ ਸੀ, ਇਸੇ ਸਿਲਸਿਲੇ ਵਿਚ ਗੇਜੇ ਨੂੰ ਮਾਰਣ ਦੇ ਆਰਡਰ (ਹੁਕਮ) ਸਿੱਧੇ ਉਪਰੋਂ ਹਾਈ ਕਮਾਂਡ ਤੋਂ ਆਏ ਸਨ, ਗੇਜੇ ਨੂੰ 21 ਤੋਂ 26 ਮਈ ਤਕ ਤਸੀਹੇ ਦਿੱਤੇ ਗਏ ਤੇ ਕਿਸੇ ਵੀ ਸਾਥੀ ਬਾਰੇ ਨਾਂ ਦੱਸਣ ਤੇ ਆਖਰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ। ਅਫ਼ਸਰਾਂ ਅੱਗੇ ਹੱਥ ਜੋੜਨ ਤੇ ਭਾਈ ਗੇਜੇ ਦੀ ਮੌਤ ਦੇ ਸਬੂਤ ਦੁਰਗਿਆਣਾ ਮੰਦਰ ਦੇ ਸ਼ਮਸ਼ਾਨ ਘਾਟ ਤੋਂ ਕੱਢਵਾ ਕੇ ਦਿੱਤੇ ਗਏ।

ਜਿਸ ਨੂੰ ਅਧਾਰ ਬਣਾਕੇ ਪਰਿਵਾਰ ਨੇ ਕੇਸ ਹਿਉਮਨ ਰਾਈਟਸ ਕਮਿਸ਼ਨ ਕੋਲ ਦਰਜ ਕਰਵਾ ਦਿੱਤਾ, ਜਿਸ ਕਾਰਣ ਪੁਲਿਸ ਵੱਲੋਂ ਪਰਿਵਾਰ ਨੂੰ ਧਮਕੀਆਂ ਤੇ ਲਾਲਚ ਦੇ ਕੇ ਪ੍ਰੇਸ਼ਾਨ ਕੀਤਾ ਜਾਣ ਲੱਗਾ, ਕਿਸੇ ਸੰਸਥਾ ਜਾਂ ਲੀਡਰ ਨੇ ਮਦਦ ਨਾ ਕੀਤੀ, ਤੇ ਕੇਸ ਫਾਇਲ ਬੰਦ ਹੀ ਰਹਿ ਗਈ। ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਵੱਲੋਂ 101 ਡਾਲਰ ਤੇ ਸਿਰੋਪਾ ਦੇ ਕੇ ਸ. ਹਰਪਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਕੁਝ ਲੋਕੀ

ਕਹਿੰਦੇ ਨੇ ਗੇਜਾ ਮੁਖਬਰ ਸੀ। ਪਰ ਜੇ ਉਨ੍ਹਾਂ ਲੋਕਾਂ ਨੂੰ ਪੁੱਛੋ ਕਿਵੇਂ? ਤਾਂ ਉਹ ਕਹਿੰਦੇ ਹਨ, ਗੇਜਾ ਸੰਤੋਖੇ ਨਾਲ ਕਈ ਵਾਰ ਵੇਖਿਆ ਗਿਆ, ਇਸ ਤੋਂ ਵੱਧ ਇਨ੍ਹਾਂ ਲੋਕਾਂ ਕੋਲ ਕੋਈ ਪੁਖਤਾ ਸਬੂਤ ਨਹੀਂ ਹਨ, ਜੇ ਕਿਸੇ ਕੋਲ ਹੈ ਤਾਂ ਉਹ ਦੱਸਣ ਦੀ ਕ੍ਰਿਪਾ ਕਰੇ, ਕੇਵਲ ਸ਼ੱਕ ਦੇ ਅਧਾਰ ਜਾਂ ਸੰਘਰਸ਼ ਤੋਂ ਕੋਹਾਂ ਦੂਰ ਹੀ ਨਹੀਂ ਬਲਕਿ ਨਫ਼ਰਤ ਕਰਨ ਵਾਲੇ ਗਪੋੜੀ ਲੋਕਾਂ ਦੀਆਂ ਗੱਲਾਂ ਸੁਣ ਕੇ ਕਿਸੇ ਨੌਜਵਾਨ ਦੀ ਕੁਰਬਾਨੀ ਨੂੰ ਕਲੰਕਿਤ ਕਰ ਦੇਣਾ ਇਤਿਹਾਸਕ ਗੁਨਾਹ ਹੋਵੇਗਾ, ਗੇਜੇ ਦੀ ਮੁਖ਼ਬਰੀ ਦੇ ਜਾਂ ਕਿਸੇ ਕੌਮੀ ਨੁਕਸਾਨ ਕਰਵਾਉਣ ਦੇ ਸਬੂਤ ਪ੍ਰਾਪਤ ਹੁੰਦੇ ਹਨ ਤਾਂ ਗੇਜੇ ਦੀ ਕੁਰਬਾਨੀ ਕੋਈ ਅਰਥ ਨਹੀਂ ਰਖਦੀ, ਜੇ ਕੋਈ ਸਬੂਤ ਨਹੀਂ ਮਿਲਦੇ ਤਾਂ ਉਹ ਵੀ ਬਾਕੀ ਸਿੰਘਾਂ ਵਾਂਗ ਕੌਮੀ ਸੰਘਰਸ਼ ਦਾ ਸ਼ਹੀਦ ਮੰਨਿਆ ਜਾਵੇਗਾ। ਆਖਰੀ ਫੈਸਲਾ ਪੰਥ ਪੰਚਾਇਤ ਕਰੇ।

ਜਬ ਖੂਨ ਕੀ ਜ਼ਰੂਰਤ ਥੀ ਗੁਲਿਸਤਾਂ ਮੇਂ ਤੋ ਮੈਂ ਥਾ,
ਜਬ ਫਸਲੇ ਗੁਲ ਆਈ ਤੋ ਮੇਰਾ ਨਾਮ ਨਹੀਂ?

■■■

ਭਾਈ ਹਰਭਜਨ ਸਿੰਘ ਫੱਤੇਵਾਲ

ਹਕ, ਇਨਸਾਫ਼, ਅਣਖ, ਲਈ ਸੰਘਰਸ਼ ਕਰਨ ਨਿਕਲੇ ਜੁਝਾਰੂਆਂ ਦੇ ਕਾਫਲੇ ਨੂੰ, ਜਰ-ਜੋਰੂ ਜ਼ਮੀਨ ਅਤੇ ਕਿਸੇ ਵੀ ਦੁਨਿਆਵੀ ਸੁਆਰਥ ਲਈ ਜ਼ਿੰਦਗੀ ਦੀ ਬਾਜ਼ੀ ਖੇਡਣ ਵਾਲੇ ਲੱਖ ਯਤਨ ਕਰਨ ਦੇ ਬਾਵਜੂਦ ਵੀ ਨਹੀਂ ਜਾਣ ਸਕਦੇ ਆਖਰ ਜੁਝਾਰੂ ਨੂੰ ਮੌਤ ਨਾਲ ਪਿਆਰ ਕਿਉਂ ਹੁੰਦਾ ਹੈ। ਇਹ ਵਿਚਾਰ ਸੰਘਰਸ਼ ਤੋਂ ਕੋਹਾਂ ਦੂਰ ਬੈਠੇ ਲੋਕਾਂ ਲਈ ਫਜ਼ੂਲ ਦੀਆਂ ਗੱਲ੍ਹਾਂ ਵੀ ਹੋ ਸਕਦੀਆਂ ਹਨ ਅਤੇ ਬੇ ਹੁਦਰੀਆਂ ਵੀ, ਇਸੇ ਲਈ ਜੋ ਤਉ ਪ੍ਰੇਮ ਖੇਲਨ ਕਾ ਚਾਉ ਦੇ ਉਤਰ ਵਿਚ 'ਬਿਨ ਸਿਰ ਸੇਵ ਕਰੀਜੈ' ਦੀ ਅਵਸਥਾ 'ਚ ਪੁੱਜ ਚੁੱਕੇ ਲੋਕਾਂ ਨੂੰ ਆਮ ਦੁਨੀਆਦਾਰ ਜਾਂ ਉਸ ਦੀਆਂ ਅਗਲੀਆਂ ਪਿਛਲੀਆਂ ਪੀੜ੍ਹੀਆਂ ਪੁਰਜ਼ੋਰ ਹੌਕੇ ਵੀ ਸਮਝਣ ਦੀ ਅਵਸਥਾ ਵਿਚ ਨਹੀਂ ਆ ਸਕਦੀਆਂ।

ਇਸ ਲਈ ਸਾਨੂੰ ਹਰ ਕਿਸੇ ਤੋਂ ਇਨ੍ਹਾਂ ਸਿੱਖ ਨੌਜਵਾਨਾਂ ਦੀ ਸ਼ਹਾਦਤ ਪ੍ਰਤੀ ਸਤਿਕਾਰ ਰੱਖਣ ਦੀ ਉਮੀਦ ਨਹੀਂ ਕੀਤੀ ਜਾਣੀ ਚਾਹੀਦੀ, ਇਹ ਤਾਂ ਬਸ ਇਤਿਹਾਸ ਦੀ ਸੂਝ ਰੱਖਣ ਵਾਲੇ ਹੀ ਜਾਣਦੇ ਹਨ ਇਨ੍ਹਾਂ ਦੀ ਕੀ ਥਾਂਹ ਹੈ....।1984 ਤੋਂ ਬਾਅਦ ਦੇਸ਼ ਭਰ 'ਚ ਅਤੇ ਇਸੇ ਤਰ੍ਹਾਂ 1989 ਤੋਂ ਬਾਅਦ ਜੰਮੂ ਵਿਚ ਜੇ ਸਿੱਖ ਨੌਜਵਾਨ ਹਥਿਆਰ ਬੰਦ ਸੰਘਰਸ਼ ਨਾਂ ਵਿੱਢਦੇ ਤਾਂ ਜੰਮੂ ਵਿਚ ਸਿੱਖਾਂ ਨਾਲ ਬਦਸਲੂਕੀ ਦੀਆਂ ਘਟਨਾਵਾਂ ਵਿਚ ਵਾਧਾ ਹੀ ਹੋਣਾ ਸੀ, ਕਿਉਂਕਿ ਜੰਮੂ (ਸ਼ਹਿਰ) ਵਿਚ ਸਿੱਖ ਧੀ-ਭੈਣਾਂ ਦਾ ਜਾਣਾ ਮਹਿਫੂਜ਼ ਨਹੀਂ ਸੀ ਰਿਹਾ, ਹਰ ਵੇਲੇ ਇਕ ਡਰ....। ਸਿੱਖ ਰੋਜ਼ ਕਈ-ਕਈ ਵੇਰਾਂ ਆਤਮਕ ਮੌਤ ਮਰ ਰਹੇ ਸਨ ਤੇ ਆਪਣੇ ਆਪ ਦੇ ਜਾਨ ਮਾਲ ਦੀ ਰਾਖੀ ਲਈ ਸਿੱਖੀ ਤੋਂ ਉਲਟ ਕਰਮਕਾਂਡ ਤੇ ਦੇਸ਼ ਭਗਤ ਬਣਨ ਦਾ ਢੋਂਗ ਕਰਨਾ ਉਹਨਾਂ ਦੀ ਮਜ਼ਬੂਰੀ ਬਣਨ ਲਗ ਪਿਆ ਸੀ।ਅੰਦਰੋਂ-ਅੰਦਰ ਉਨ੍ਹਾਂ ਨੂੰ ਦੇਸ਼ ਅੰਦਰ ਗੁਲਾਮ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਸੀ। ਜੇ ਅਜ ਜੰਮੂ ਵਿਚ ਸਿੱਖਾਂ ਨੂੰ ਮੜ੍ਹਕ ਨਾਲ ਟੁਰਨ ਦਾ ਮਾਣ ਪ੍ਰਾਪਤ ਹੋਇਆ ਹੈ, ਤਾਂ ਬੱਸ ਇਨ੍ਹਾਂ ਮਰਜੀਵੜੇ ਨੌਜਵਾਨਾਂ ਦੀ ਬਦੌਲਤ, ਇਸ ਲਈ ਇਨ੍ਹਾਂ ਦਾ ਸਿੱਖ ਇਤਿਹਾਸ ਵਿਚ ਇਕ ਸਤਿਕਾਰਯੋਗ ਸਥਾਨ ਬਣਦਾ ਹੈ। ਜੰਮੂ ਦੇ ਗੜ੍ਹਦੀਵਾਲ ਇਲਾਕੇ 'ਚ ਰਹਿਣ ਵਾਲੇ ਗੁੰਥੀ ਸਿੰਘ ਭਾਈ ਤੇਜਾ ਸਿੰਘ ਜੀ ਆਪਣੇ ਬੱਚਿਆਂ ਨੂੰ ਲੈ ਕੇ 1978 ਦੇ ਦਹਾਕੇ 'ਚ ਜੰਮੂ ਤੋਂ ਪੰਜਾਬ ਚਲੇ ਗਏ, ਇਸ ਪਰਿਵਾਰ 'ਚ ਮਾਤਾ ਮਾਇਆ ਕੌਰ ਦੇ ਬੱਚਿਆਂ 'ਚੋਂ ਇਕ ਪਿਆਰ ਨਾਲ ਕਹਿ ਜਾਂਦੇ, ਭੱਜੇ ਨੂੰ ਕੌਮ ਨੇ ਆਪਣਾ ਸਪੂਤ ਹੋਣ ਦਾ ਮਾਣ ਬਖਸ਼ਿਆ ਹੈ। ਭਾਈ ਭੱਜਾ, ਸਿਰਹਾਲੀ, ਫੱਤੇਵਾਲ, ਰਈਆ, ਆਦਿ ਸਕੂਲਾਂ 'ਚ ਪੜ੍ਹਦਾ ਖਾਲਸਾ ਕਾਲਜ ਅੰਮ੍ਰਿਤਸਰ ਪੁੱਜਿਆ ਤੇ ਉਥੇ ਹੀ

ਉਹ ਸਿਖ ਸਟੂਡੈਂਟ ਫੈਡਰੇਸ਼ਨ ਦੇ ਮੈਂਬਰ ਵਜੋਂ ਸਾਥੀ ਸਿੰਘਾਂ ਨਾਲ ਰਲ ਕੇ ਪੰਥ ਸਰਗਰਮੀਆਂ ਵਿਚ ਹਿਸਾ ਲੈਣ ਲਗ ਪਿਆ। ਹੱਸਮੁਖ ਤੇ ਸ਼ਰਾਰਤੀ ਸੁਭਾਅ ਵਾਲੇ, ਭੱਜੇ ਨੂੰ 1984 ਨੇ ਗੰਭੀਰਤਾ ਭਰੇ ਮਾਹੌਲ ਵਿਚ ਧਕੇਲ ਦਿੱਤਾ ਸੀ।

ਹੁਣ ਭਾਈ ਭੱਜਾ, ਪਹਿਲਾਂ ਸਿਖ ਸਟੂਡੈਂਟ ਫੈਡਰੇਸ਼ਨ, ਫਿਰ ਭਿੰਡਰਾਂਵਾਲਾ ਟਾਈਗਰ ਫੋਰਸ ਤੇ ਖਾਲਿਸਤਾਨ ਜਿੰਦਾਬਾਦ ਫੋਰਸ ਆਦਿ ਜਥੇਬੰਦੀਆਂ ਦਾ ਸਹਿਯੋਗੀ ਖਾੜਕੂ ਸਿੰਘ ਬਣ ਕੇ, ਪਿੰਡ ਟੌਅ, ਰਈਏ, ਲਿੰਦੜ ਫਤੋਵਾਲ, ਬਾਬਾ ਬਕਾਲਾ, ਅੰਮ੍ਰਿਤਸਰ, ਤਰਨਤਾਰਨ, ਜੰਮੂ-ਕਸ਼ਮੀਰ ਆਦਿ ਥਾਵਾਂ ਤਕ ਖਾੜਕੂ ਸਰਗਰਮੀਆਂ ਤੇ ਐਕਸ਼ਨਾਂ ਕਰਕੇ, ਭੱਜੇ ਦੀ ਥਾਂ ਭਾਈ ਹਰਭਜਨ ਸਿੰਘ ਫੱਤੋਵਾਲ ਕਰਕੇ ਜਾਣਿਆ ਜਾਣ ਲੱਗ ਪਿਆ ਸੀ। ਭਾਈ ਫੱਤੋਵਾਲ, ਸੰਘਰਸ਼ੀ ਸਾਥੀਆਂ 'ਚੋਂ ਭਾਈ ਧਰਮਵੀਰ ਸਿੰਘ ਚੰਡੀਗੜ੍ਹੀਆ (ਫੈਡਰੇਸ਼ਨ ਆਗੂ) ਭਾਈ ਬਿਕਰਮਜੀਤ ਸਿੰਘ ਕੰਮੋਕੇ, ਆਦਿ ਸਿੰਘਾਂ ਦਾ ਕਰੀਬੀ ਰਿਹਾ।

13 ਜਨਵਰੀ 1989, ਜੰਮੂ ਕਾਂਡ ਤੋਂ ਬਾਅਦ ਭਾਈ ਫੱਤੋਵਾਲ ਜੰਮੂ ਦੇ ਹਲਾਤਾਂ ਦਾ ਜਾਇਜ਼ਾ ਲੈਣ ਰਿਆਸਤ 'ਚ ਦਾਖਲ ਹੋਇਆ, ਜਿਥੇ ਉਸ ਦੇ ਪੁਰਾਣੇ ਦੋਸਤ, ਖਾਲਿਸਤਾਨ ਜ਼ਿੰਦਾਬਾਦ ਫੋਰਸ, ਬਣਾ ਕੇ ਵਿਚਰ ਰਹੇ ਸਨ, ਭਾਈ ਗੁਰਚਰਨ ਸਿੰਘ ਥਾਰੂ ਤੇ ਭਾਈ ਪਰਵਿੰਦਰ ਸਿੰਘ ਹੈਪੀ, ਜੰਮੂ 'ਚ ਭਾਈ ਫੱਤੋਵਾਲ ਦੇ ਸਾਥੀ ਬਣੇ ਅਤੇ ਇਨਾਂ ਨੇ ਰਲ ਕੇ ਜੰਮੂ ਵਿਚ ਜਨਵਰੀ ਕਾਂਡ, ਦੇ ਰੋਸ ਵਜੋਂ ਕਈ ਕਾਰਨਾਮੇ ਕੀਤੇ ਤੇ ਮੁੜ ਤਿੰਨੇ ਪੰਜਾਬ, ਚਲੇ ਗਏ, ਜਿਥੇ ਉਹ ਅਪਨੇ ਇਕ ਦੋਸਤ ਕੋਲ ਰਾਤ ਠਹਿਰੇ ਤੇ ਮੁੜ ਆਪਣੀ ਮੰਜ਼ਿਲ ਵਲ ਨਿਕਲ ਗਏ, ਇਸ ਪਰਿਵਾਰ ਦੇ ਮੈਂਬਰ ਨੇ ਦੱਸਿਆ ਕਿ ਸਾਨੂੰ ਪਤਾ ਨਹੀਂ ਸੀ, ਇਹ ਸਿੰਘ ਕਿਥੋਂ ਆਏ ਤੇ ਕਿਥੇ ਜਾ ਰਹੇ ਹਨ, ਪਰ ਉਨ੍ਹਾਂ 'ਚੋਂ ਭੱਜੇ ਨੇ, ਕਿਸੇ ਵੀ ਗੱਲ ਦਾ ਜਵਾਬ ਨਾ ਦਿੱਤਾ, ਬਸ ਇੰਨਾ ਹੀ ਬੋਲ ਕੇ ਸਵੇਰੇ ਟੁਰ ਗਿਆ "ਮੁਦਤੇਂ ਗੁਜ਼ਰੀ ਹੈਂ, ਜ਼ੁਲਮੋਂ ਸਿਤਮ ਸਹਿਤੇ ਹੂਏ ਸ਼ਰਮ ਸੀ ਆਤੀ ਹੈ, ਇਸ ਵਤਨ ਕੋ ਵਤਨ ਕਹਿਤੇ ਹੂਏ।"

ਇਸ ਤੋਂ ਬਾਅਦ ਉਹ ਐਸਾ ਗਿਆ ਕਿ ਮੁੜ ਕਦੀ ਨਾ ਪਰਤਿਆ ਉਥੋਂ ਨਿਕਲਦਿਆਂ ਹੀ "ਭਾਈ ਹੈਪੀ ਤੇ ਭਾਈ ਗੁਰਚਰਨ ਸਿੰਘ ਨੂੰ ਭਾਈ ਫੱਤੋਵਾਲ ਕਿਸੇ ਬੱਸ ਤੇ ਚਾੜ੍ਹ ਕੇ ਆਪ ਕਿਸੇ ਹੋਰ ਬੱਸ ਤੇ ਜਾਣ ਲਈ ਟੁਰ ਗਿਆ, ਉਥੇ ਹੀ ਫਿਰ ਰਹੇ ਕਿਸੇ ਕੈਟ, ਨੇ ਭਾਈ ਫੱਤੋਵਾਲ ਦੀ ਨਿਸ਼ਾਨਦੇਹੀ ਕਰਕੇ ਪੁਲਿਸ ਨੂੰ ਮੁਖਬਰੀ ਕਰ ਦਿੱਤੀ ਤੇ ਭਾਈ ਸਾਹਿਬ ਅੰਮ੍ਰਿਤਸਰ ਬੱਸ ਅੱਡੇ ਤੋਂ ਗ੍ਰਿਫ਼ਤਾਰ ਕਰਕੇ ਥਾਣਾਮੰਡੀ, ਤਸੀਹਾ ਘਰ ਭੇਜ ਦਿੱਤੇ ਗਏ, ਉਸ ਤੋਂ ਬਾਅਦ ਉਹ ਕਿਵੇਂ ਤਸ਼ੱਦਦ ਦਾ ਸ਼ਿਕਾਰ ਹੋਏ, ਕਿਸੇ ਤੇ ਕਿਸੇ ਨੇ ਸ਼ਹੀਦ ਕੀਤਾ, ਉਸ ਬਾਰੇ ਕੁਝ ਪਤਾ ਨਹੀਂ ਚਲ ਸਕਿਆ ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਕ੍ਰਿਪਾ ਕਰਕੇ ਦੱਸਣ ਦੀ ਸੇਵਾ ਕਰੇ ਜੋ ਉਹ ਇਤਿਹਾਸ ਦਾ ਹਿੱਸਾ ਬਣ ਸਕੇ। ■■■

ਭਾਈ ਧਰਮਵੀਰ ਸਿੰਘ ਕੰਮੋਕੇ, ਐਡਵੋਕੇਟ

ਵੀਰ ਧਰਮਵੀਰ ਸਿੰਘ ਨੂੰ ਕਈ ਸਾਲ ਹੋ ਗਏ ਹਨ, ਜੰਮੂ ਦੀ ਸੈਂਟਰ ਜੇਲ੍ਹ ਅਤੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਕੇ ਗਇਆਂ ਨੂੰ, ਪਰ ਉਨ੍ਹਾਂ ਦੀ ਸ਼ਖਸੀਅਤ ਦਾ ਪ੍ਰਭਾਵ, ਕਿਸੇ ਨਾ ਕਿਸੇ ਯਾਦਗਾਰ ਲਮਹੇ ਵਜੋਂ ਜੇਲ੍ਹ 'ਚ ਰਹੇ ਸਾਥੀਆਂ ਅਤੇ ਜੰਮੂ-ਪੰਜਾਬ ਦੀ ਸੰਗਤ ਵਿਚੋਂ ਦਿਸ ਪੈਂਦਾ ਹੈ। ਜਿਨ੍ਹਾਂ ਕਦੀ ਭਾਈ ਸਾਹਿਬ ਨੂੰ ਵੇਖਿਆ, ਸੁਨਿਆ, ਸਮਝਿਆ ਅਤੇ ਉਨ੍ਹਾਂ ਦਾ ਸਮਾਜ, ਪੰਥ, ਪੰਜਾਬ ਪ੍ਰਤੀ ਫਰਜ਼ ਨਿਭਾਉਣ ਦਾ ਢੰਗ, ਉਹ ਜੋਸ਼, ਉਮੰਗ, ਦੂਰ ਅੰਦੇਸ਼ ਗਲ੍ਹਾਂ ਲੋਕਾਂ ਤੋਂ ਕਈ ਸਿਫਤਾਂ ਸੁਣਨ ਨੂੰ ਮਿਲਦੀਆਂ ਹਨ।

ਭਾਈ ਸਾਹਿਬ ਜਿਥੇ ਫੈਡਰੇਸ਼ਨ ਆਗੂ ਵਜੋਂ ਇਕ ਵਧੀਆ ਚੇਤੰਨ ਰਾਜਨੀਤਕ ਸਨ, ਉਥੇ ਹੀ ਉਹ ਕੌਮੀ ਹੱਕਾਂ ਲਈ ਚਲ ਰਹੇ "ਗੁਰੀਲਾ ਸੰਘਰਸ਼" ਦੇ ਇਕ ਉਗੇ ਜਰਨੈਲ ਵੀ ਸਨ। ਭਾਈ ਸਾਹਿਬ ਦੀ ਉਚੀ ਇਖਲਾਕੀ ਸੋਚ ਦਾ ਇਥੇ ਹੀ ਪਤਾ ਚਲ ਜਾਂਦਾ ਹੈ। ਜਦੋਂ ਉਹ ਫੈਡਰੇਸ਼ਨ ਦੇ ਜਮਹੂਰੀ ਜਥੇ ਤੋਂ ਇਲਾਵਾ ਭਿੰਡਰਾਂਵਾਲਾ ਟਾਈਗਰ ਫੋਰਸ, ਬੱਬਰ ਖਾਲਸਾ ਅਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ, (ਕੇ.ਜੈਡ.ਐਫ.) ਨਾਲ ਵੀ ਭਰਾਵਾਂ ਵਾਂਗ ਪੰਥ ਦੇ ਭਵਿੱਖ ਲਈ ਵਿਚਾਰਾਂ ਕਰਦੇ ਦੇਖਿਆ-ਸੁਣਿਆ ਆਮ ਦੱਸਿਆ ਜਾਂਦਾ ਹੈ। ਸ਼ਾਇਦ ਇਨ੍ਹਾਂ ਗੁਣਾਂ ਕਰਕੇ ਹੀ ਇਸ ਦੂਰਦਰਸ਼ੀ ਆਗੂ ਨੂੰ ਧੜੇਬਾਜ਼ੀ ਦੇ ਇਸ ਦੌਰ ਵਿਚ ਅਣਗੌਲਿਆਂ ਕੀਤਾ ਗਿਆ ਹੈ। ਕੇਸ ਬੰਦ ਹੈ ਅਤੇ ਕਾਤਲ ਅਫ਼ਸਰ ਅਜ਼ਾਦ ਹਨ? ਕੁਝ ਆਪਣੀ ਮੌਤ ਆਪ ਮਰ ਚੁੱਕੇ ਹਨ।

ਭਾਈ ਸਾਹਿਬ ਦਾ ਜਨਮ 1960 ਦੇ ਦਹਾਕੇ ਵਿਚ ਜੰਮੂ ਦੇ ਪਿੰਡ ਸਿੰਬਲਕੈਂਪ, (ਆਰ.ਐਸ. ਪੁਰਾ) ਵਿਖੇ ਪਿਤਾ ਬਾਬਾ ਹਰਨਾਮ ਸਿੰਘ ਜੀ ਦੇ ਗ੍ਰਹਿ, ਮਾਤਾ ਬੀਬੀ ਨੈਣ ਕੌਰ ਜੀ ਦੀ ਕੁੱਖ 'ਚੋਂ ਹੋਇਆ। ਆਪ ਜੀ ਪੰਜ ਭੈਣ-ਭਰਾ ਸਨ, ਭੈਣ ਤ੍ਰਿਪਤ ਕੌਰ (ਅਨੰਦ ਕਾਰਜ ਪੰਜਾਬ) ਭੈਣ ਦਵਿੰਦਰ ਕੌਰ (ਅਨੰਦ ਕਾਰਜ ਜੰਮੂ) ਭਰਾ ਮਨਮੋਹਨ ਸਿੰਘ, ਤੇ ਸੁਰਜੀਤ ਸਿੰਘ, ਪਿਤਾ ਜੀ ਬਾਬਾ ਬਕਾਲਾ ਦੇ ਪਿੰਡ ਕੰਮੋਕੇ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਕਰਨ ਲੱਗੇ ਤਾਂ ਕੁਝ ਸਮੇਂ ਬਾਅਦ ਪਰਿਵਾਰ ਵੀ ਪੰਜਾਬ ਹੀ ਲੈ ਆਏ, ਇਹ ਵੇਲਾ 1965 ਦੇ ਜੰਗੀ ਹਲਾਤਾਂ ਦਾ ਸੀ। ਭਾਈ ਸਾਹਿਬ ਜੀ ਨੇ ਕੰਮੋਕੇ ਦੇ ਸਕੂਲ ਤੇ ਸਠਿਆਲੇ ਦੇ ਕਾਲਜ ਤੋਂ ਪੜ੍ਹਾਈ ਕਰਦਿਆਂ ਹੀ ਚੰਡੀਗੜ੍ਹ ਰਿਹਾਇਸ਼ ਠਿਕਾਣਾ ਕੀਤਾ ਅਤੇ ਇਸੇ ਦੌਰਾਨ ਆਪ ਜੀ ਫੈਡਰੇਸ਼ਨ ਦੇ ਕੌਮੀ ਕਾਰਜਾਂ ਦਾ ਹਿਸਾ ਬਣ ਚੁਕੇ ਸਨ। ਚੰਡੀਗੜ੍ਹ ਹੀ ਆਪ ਜੀ ਦਾ ਮਿਲਾਪ ਕੌਮ ਦੀ ਮਹਾਨ ਹਸਤੀ ਬਾਬਾ ਜਰਨੈਲ ਸਿੰਘ ਜੀ

ਭਿੰਡਰਾਂਵਾਲਿਆਂ ਨਾਲ ਹੋਇਆ, ਗੁਰਮਤਿ ਅਤੇ ਸਿੱਖੀ ਜੀਵਨ ਦੀ ਦਾਤ ਵਿਰਾਸਤ ਵਿਚ ਹੀ ਮਾਤਾ-ਪਿਤਾ ਜੀ ਤੋਂ ਪ੍ਰਾਪਤ ਹੋਈ। ਭਾਈ ਸਾਹਿਬ ਵੱਲੋਂ ਚੰਡੀਗੜ੍ਹ ਤੋਂ ਪੰਥਕ ਸਰਗਰਮੀਆਂ ਤੇ ਗ੍ਰਿਫਤਾਰੀਆਂ ਹੋਣ ਕਾਰਣ ਹੀ ਆਪ ਜੀ ਨੂੰ ਧਰਮਵੀਰ ਚੰਡੀਗੜ੍ਹੀਆ ਕਹਿਆ ਜਾਣ ਲੱਗ ਪਿਆ, ਕਈ ਵਾਰ ਚੰਡੀਗੜ੍ਹ ਜੇਲ੍ਹ ਦੀ ਸੈਰ ਕੀਤੀ ਅਤੇ ਰਿਹਾਈ ਉਪਰੰਤ ਮੁੜ ਆਪਣੇ ਲਕਸ਼ ਵਲ ਤੁਰ ਪੈਣਾ ਜੀਵਨ ਦਾ ਮਕਸਦ ਬਣ ਚੁੱਕਿਆ ਸੀ।

ਉਹ ਸਮਾਂ ਵੀ ਆ ਗਿਆ ਜਦੋਂ ਜੂਨ 1984 ਨੂੰ ਕਾਲੇ ਅੱਖਰਾਂ ਨਾਲ ਲਿਖਿਆ ਗਿਆ ਤੇ ਪੰਜਾਬ ਹੀ ਨਹੀਂ ਦੇਸ਼ ਭਰ ਦੇ ਜੰਮੂ-ਕਸ਼ਮੀਰ ਆਦਿ ਥਾਵਾਂ ਤੇ ਵੀ ਪੰਥਕ ਤਰਾਨੇ ਗੁਣਗੁਣਾਉਣ ਵਾਲੇ ਕੌਮੀ ਪ੍ਰਵਾਨਿਆਂ ਨੂੰ ਨਜ਼ਰਬੰਦ ਕੀਤਾ ਜਾਣ ਲੱਗਾ। ਉਸ ਵੇਲੇ, ਭਾਈ ਸਾਹਿਬ ਨੂੰ ਵੀ ਫੜਨ ਲਈ ਚੰਡੀਗੜ੍ਹ ਘੇਰਾ ਪਾਇਆ ਗਿਆ, ਪੁਲਿਸ ਤੇ ਫੌਜ ਨੂੰ ਬੇਰੰਗ ਪਰਤਨਾ ਪਿਆ, ਉਥੋਂ ਨਿਕਲ ਕੇ ਭਾਈ ਸਾਹਿਬ ਸ਼ਿਮਲਾ ਜਾ ਪੁੱਜੇ, ਉਥੇ ਕੁਝ ਮਹੀਨਿਆਂ ਬਾਅਦ ਗ੍ਰਿਫਤਾਰੀ ਹੋ ਗਈ, ਜੇਲ੍ਹ 'ਚ ਕੁਝ ਸਮਾਂ ਬੰਦਗੀ ਤੇ ਸਟੱਡੀ ਲਈ ਮਿਲਿਆ, ਸਾਲ ਬਾਅਦ ਜ਼ਮਾਨਤਾ ਹੋਈਆਂ ਅਤੇ ਮੁੜ ਚਮਕੌਰ ਸਰਹੰਦ ਅਤੇ ਜੂਨ 84 ਦੀ ਯਾਦ ਸੀਨੇ ਵਿਚ ਲੈ ਕੇ ਸੰਘਰਸ਼ੀ ਸਫਰ ਆਰੰਭ ਕਰ ਦਿੱਤਾ। ਕੁਝ ਹੀ ਮਹੀਨਿਆਂ ਬਾਅਦ ਦਿੱਲੀ ਵਿਚ ਸਿੱਖਾਂ ਨੂੰ ਭੜਕਾਉਣ, ਦੇਸ਼ ਵਿਰੁੱਧ ਬਗਾਵਤ ਅਤੇ ਅਲਗਾਵਵਾਦੀ ਕੇਸ ਪਾ ਕੇ ਫਿਰ ਗ੍ਰਿਫਤਾਰੀ ਤੇ ਦਿਲੀ ਦੀ ਤਿਹਾੜ ਅਤੇ ਚੰਡੀਗੜ੍ਹ ਦੀ ਬੁੜੈਲ ਜੇਲ ਦੀਆਂ ਉਚੀਆਂ ਲਾਲ ਦੀਵਾਰਾਂ ਤੇ ਮੋਟੀਆਂ ਸਲਾਖਾਂ ਪਿਛੇ ਭੇਜ ਦਿੱਤਾ ਗਿਆ, ਪਰ ਸਿੰਘ ਸੂਰਮੇ ਦੀ ਸੁਰਤ ਤੇ ਸੋਚ ਦੀ ਪਰਵਾਜ਼ ਨੂੰ ਕੋਈ ਰੋਕ ਨਾ ਸਕਿਆ....।

ਚੰਡੀਗੜ੍ਹ ਤੇ ਦਿੱਲੀ ਤੋਂ ਜ਼ਮਾਨਤਾਂ ਤੇ ਰਿਹਾਈ ਹੋਈ, ਫਿਰ ਓਹੀ ਰਾਹ, ਉਹੀ ਸਾਥੀ, ਉਹੀ ਪਾਂਧੀ ਤੇ ਓਹੀ ਹਕੂਮਤ ਇਝ ਲੱਗਦਾ ਕਿ ਸਾਹਿਬਜ਼ਾਦਿਆਂ ਦੇ ਵਾਰਸ ਓਹੀ ਇਤਿਹਾਸ ਦੁਹਰਾ ਰਹੇ ਹਨ। "ਜਦ ਮੁਗਲ ਹਕੂਮਤ ਦੀ ਅਦਾਲਤ (ਕਚਹਿਰੀ) ਵਿਚ, ਸਾਹਿਬਜ਼ਾਦਿਆਂ ਦੀ ਪੇਸ਼ੀ (ਤਰੀਕ) ਤੇ ਸਰਕਾਰੀ ਵਕੀਲ (ਸੁੱਚਾ ਨੰਦ) ਵਜ਼ੀਰ ਖਾਨ (ਹਾਕਮ ਜੱਜ) ਦੇ ਸਾਹਮਣੇ ਪੁੱਛਦਾ ਹੈ, ਸਰਕਾਰੀ ਵਕੀਲ : ਜੇ ਤੁਹਾਨੂੰ ਛੋੜ ਦਈਏ ਤਾਂ ਕੀ ਕਰੋਗੇ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ : ਸਿੰਘ ਨੂੰ ਇਕੱਠਾ ਕਰਾਂਗੇ, ਤੁਹਾਡੇ ਜ਼ੁਲਮਾਂ ਵਿਰੁੱਧ ਲੜਾਂਗੇ। ਵਕੀਲ : ਜੇ ਫਿਰ ਫੜੇ ਗਏ ਤਾਂ? ਸਾਹਿਬਜ਼ਾਦੇ : ਜੋ ਤੁਸੀਂ ਚਾਹੇ ਕਰ ਲੈਣਾ। ਵਕੀਲ : ਜੇ ਫਿਰ ਛੱਡ ਦਈਏ? ਸਾਹਿਬਜ਼ਾਦੇ : ਜੰਗਲਾਂ 'ਚ ਜਾਵਾਂਗੇ ਸਿੰਘਾਂ ਨੂੰ ਇਕੱਠਾ ਕਰਾਂਗੇ ਮਜ਼ਲੂਮ ਅਤੇ ਅਜ਼ਾਦੀ ਲਈ ਲੜਾਂਗੇ....।" ਜਦ ਤਕ ਜ਼ੁਲਮ ਮੁਕ ਨਹੀਂ ਜਾਂਦਾ ਅਸੀਂ ਸ਼ਹੀਦ ਨਹੀਂ ਹੋ ਜਾਂਦੇ, ਜਾਂ ਫਿਰ ਜ਼ਾਲਮ ਹਕੂਮਤ ਸੁਧਰ ਨਾ ਜਾਵੇ ਤੱਦ ਤਕ ਸੰਘਰਸ਼ ਇਸੇ ਤਰ੍ਹਾਂ ਚਲਦਾ ਰਹੇਗਾ।"

ਸੰਨ 1992 ਵਿਚ ਜੰਮੂ ਕਸ਼ਮੀਰ ਦੇ ਨਵੀ ਬਸਤੀ ਬਜ਼ਾਰ ਦਾ ਇਕ ਵਪਾਰੀ ਲਾਲਾ ਚੁਕਿਆ ਗਿਆ ਤੇ ਕੁਝ ਪੈਸਿਆਂ ਦੀ ਮੰਗ ਹੋਈ, ਕੁਝ ਰਕਮ ਲੈ ਕੇ ਲਾਲਾ ਰਿਹਾ ਕੀਤਾ ਗਿਆ, ਕੁਝ ਦਿਨਾਂ ਬਾਅਦ ਇਕ ਹਥਿਆਰਾਂ ਦੀ ਵੱਡੀ ਖੇਪ ਪਠਾਨਕੋਟ ਲਾਗੇ ਤੋਂ ਫੜੀ

ਗਈ, ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਕਿ ਇਹ ਉਨ੍ਹਾਂ ਹੀ (ਕਿਡਨੈਪਿੰਗ ਕਾਂਡ ਵਾਲੇ) ਪੈਸਿਆਂ ਨਾਲ ਕਸ਼ਮੀਰ ਤੋਂ ਹਥਿਆਰ ਖਰੀਦੇ ਗਏ ਹਨ, ਸਿੱਖ ਸੰਘਰਸ਼ ਨੂੰ ਚਲਦਾ ਰੱਖਣ ਲਈ। ਇਹ ਕੇਸ ਜੰਮੂ ਦੇ ਇਕ ਵਕੀਲ ਭਾਈ ਸਤਿਨਾਮ ਸਿੰਘ ਉਤੇ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਤਫਤੀਸ਼ ਤੋਂ ਬਾਅਦ ਇਹ ਕੇਸ ਭਾਈ ਸਾਹਿਬ ਉਤੇ ਪਾ ਦਿੱਤਾ ਗਿਆ।

ਹੁਣ ਤੱਕ ਭਾਈ ਸਾਹਿਬ ਨੇ ਵੱਖ-ਵੱਖ ਜੇਲ੍ਹਾਂ ਦੇ ਸਫਰ ਦੌਰਾਨ, ਐਲ.ਐਲ.ਬੀ ਤੇ ਪੀ.ਐਚ.ਡੀ. ਤਕ ਦੀ ਪੜ੍ਹਾਈ ਪੂਰੀ ਕਰਕੇ ਸਾਰਿਆਂ ਨੂੰ ਚੌਂਕਾ ਦਿੱਤਾ ਸੀ। ਜੰਮੂ ਜੇਲ੍ਹ ਵਿਚ ਭਾਈ ਸਾਹਿਬ ਨਾਲ ਰਹੇ ਕਸ਼ਮੀਰ ਅਜ਼ਾਦੀ ਲਹਿਰ ਦੇ ਖਾੜਕੂ ਆਗੂਆਂ (ਮੈਨੂੰ ਮੇਰੇ ਜੇਲ੍ਹ ਸਫਰ 1997 ਦੌਰਾਨ ਭਾਈ ਸਾਹਿਬ ਬਾਰੇ ਜੋ ਕੀਮਤੀ ਜਾਣਕਾਰੀ ਦਿੱਤੀ ਉਨ੍ਹਾਂ 'ਚੋਂ ਟੂਕ ਮਾਤਰ ਇਥੇ ਬਿਆਨ ਕਰ ਦਈਏ)

"ਧਰਮਵੀਰ ਸਿੰਘ ਵਹਾਂ ਸੇ ਸੋਚਨਾ ਸ਼ੁਰੂ ਕਰਤਾ ਥਾ, ਜਹਾਂ ਆਜ ਕੇ ਮੁਜਾਹਿਦ ਸੋਚਨਾ ਬੰਦ ਕਰ ਦੇਤੇ ਹੈਂ.... (ਮੰਜ਼ੂਰ ਅਹਿਮਦ, ਜੇ.ਕੇ.ਐਲ.ਐਫ. ਕਮਾਂਡਰ, ਹੁਣ ਸ਼ਹੀਦ) "ਹਮ ਜਬ ਬੀ ਉਸ ਸੇ ਕਸ਼ਮੀਰੀ ਔਰ ਖਾਲਸਾਈ ਜਹਾਦ ਕੇ ਸਿਲਸਿਲੇ ਮੇਂ ਕੁਛ ਪੂਛਤੇ ਥੇ, ਤੋ ਵੋ ਜਮਹੂਰੀ ਔਰ ਗੁਰੀਲਾ ਲੜਾਈ ਕੇ ਐਸੇ-ਐਸੇ ਹੁਨਰ ਬਤਾਤਾ ਥਾ ਕਿ ਹਮ ਹੈਰਾਨ ਰਹਿ ਜਾਤੇ ਥੇ...।(ਮੁਹੰਮਦ ਡਾਰ ਉਰਫ ਬਿੱਟਾ ਕਰਾਟਾ ਚੀਫ ਜੇ.ਕੇ. ਐਲ. ਐਫ, ਕੁਝ ਮਹੀਨੇ ਪਹਿਲਾਂ 17 ਸਾਲ ਬਾਅਦ ਰਿਹਾ ਹੋਇਆ) "ਧਰਮਵੀਰ ਸੇ ਪੰਜਾਬ ਔਰ ਜੰਮੂ ਕੇ ਸਿੱਖ ਮੁਜ਼ਾਹਿਦ ਇਕ ਬੜੀ ਤਬਦੀਲੀ ਕ੍ਰਿਸ਼ਮੇ ਕੀ ਉਮੀਦ ਕਰ ਸਕਤੇ ਥੇ, ਹਮ ਵੀ ਯਹੀ ਸੋਚਤੇ ਥੇ ਔਰ ਸ਼ਾਇਦ ਸਰਕਾਰ ਨੇ ਵੀ, (ਸ਼ੌਕਤ ਬਖਸ਼ੀ ਐਚ.ਐਮ.ਕਮਾਂਡਰ ਹੁਣ ਕੋਈ ਜਾਣਕਾਰੀ ਨਹੀਂ।"

ਭਾਈ ਸਾਹਿਬ ਦੀ ਜੰਮੂ ਜੇਲ੍ਹ 'ਚੋਂ ਸਾਲ ਬਾਅਦ ਮੁੜ ਜਮਾਨਤਾਂ ਤੇ ਰਿਹਾਈ ਹੋਈ, ਇਸ ਸਮੇਂ 'ਚ ਉਨ੍ਹਾਂ ਨੂੰ ਆਪਣੇ ਵਕੀਲ ਦੋਸਤ ਭਾਈ ਸਤਿਨਾਮ ਸਿੰਘ ਜੰਮੂ ਦਾ ਸਾਥ ਮਿਲਦਾ ਰਿਹਾ। ਰਿਹਾਈ ਤੋਂ ਬਾਅਦ ਉਨ੍ਹਾਂ ਨੇ ਜੰਮੂ-ਪੰਜਾਬ ਦੇ ਸਿੰਘਾਂ ਨਾਲ ਕਈ ਬੈਠਕਾਂ ਕੀਤੀਆਂ, ਇਕ ਸ਼ਹੀਦ ਸਾਥੀ ਦੇ ਦੱਸਣ ਮੁਤਾਬਕ ਉਨ੍ਹਾਂ ਜੰਮੂ 'ਚ ਭਾਈ ਤਲਵਿੰਦਰ ਸਿੰਘ ਪਰਮਾਰ ਅਤੇ ਕੇ.ਜੈਡ.ਐਫ ਦੇ ਸਿੰਘਾਂ ਨਾਲ ਜੋ ਜੰਮੂ ਠਹਿਰੇ ਹੋਏ ਸਨ ਡੂੰਘੀ ਵਿਚਾਰਾਂ ਕੀਤੀਆਂ ਤੇ ਨਵੇਂ ਪ੍ਰੋਗਰਾਮ ਉਲੀਕੇ ਗਏ। ਦੋਵੇਂ ਆਗੂਆਂ ਤੇ ਹੋਰ ਸਿੰਘਾਂ ਨੇ ਸੰਘਰਸ਼ ਦਾ ਕੇਂਦਰ ਜੰਮੂ ਕਸ਼ਮੀਰ 'ਚ ਰੱਖਣ ਦਾ ਵੀ ਮਤਾ ਰੱਖਿਆ...ਪਰ...।

ਭਾਈ ਸਾਹਿਬ ਨੇ ਪੰਜਾਬ ਵਿਚ ਜਮਹੂਰੀਅਤ ਦੀ ਲੜਾਈ ਲਈ ਮਜ਼ਬੂਤ ਆਧਾਰ ਪੈਦਾ ਕਰ ਲਿਆ ਸੀ, ਉਸ ਵੇਲੇ ਕੌਮ ਨੂੰ ਅਜਿਹੇ ਆਗੂਆਂ ਦੀ ਸਭ ਤੋਂ ਵੱਧ ਲੋੜ ਸੀ, ਜਿਸ ਕਾਰਨ ਜੰਮੂ ਕੇਸ ਦੇ ਵਰੰਟਾਂ ਦਾ ਬਹਾਨਾਂ ਕਰਕੇ ਪੰਜਾਬ ਦਾ ਨੈਸ਼ਨਲ ਸਕਿਉਰਿਟੀ ਐਕਟ (N.S.A.) ਅਤੇ ਜੰਮੂ ਸਟੇਟ ਦਾ ਪਬਲਿਕ ਸੇਫਟੀ ਐਕਟ (P.S.A.) ਵਰਗੇ ਕਾਨੂੰਨਾਂ ਤਹਿਤ ਭਾਈ ਧਰਮਵੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਰਾਜਸਥਾਨ ਦੀ ਜੋਧਪੁਰ

ਜੇਲ੍ਹ ਭੇਜ ਦਿੱਤਾ ਗਿਆ, ਇਕ ਸਾਲ ਬਾਅਦ ਮੁੜ, ਜੰਮੂ ਦੀ ਸੈਂਟਰ ਜੇਲ੍ਹ ਅੰਬ ਫਲਾ 'ਚ ਭੇਜ ਦਿੱਤਾ ਗਿਆ।

ਜੰਮੂ ਜੇਲ੍ਹ ਵਿਚ ਮੇਰੇ (ਲੇਖਕ) ਨਾਲ ਰਹੇ ਬਾਬਾ ਬਲਵੀਰ ਸਿੰਘ ਭੂਤਨਾ, ਭਾਈ ਕੁਲਦੀਪ ਸਿੰਘ ਉਰਫ ਦਿਲਾਵਰ ਸਿੰਘ, ਬਚਨ ਲਾਲ ਆਦਿ ਸਾਥੀਆਂ ਨੇ ਦਸਿਆ ਕਿ ਭਾਈ ਸਾਹਿਬ ਜੀ ਦੇ ਮਾਤਾ ਜੀ, ਜਦ ਵੀ ਜੇਲ੍ਹ ਵਿਖੇ ਮਿਲਣ ਆਉਂਦੇ ਤਾਂ ਸਾਨੂੰ ਵੀ ਬੜੇ ਪਿਆਰ ਨਾਲ ਮਿਲਦੇ ਤੇ ਸਾਨੂੰ ਸਾਰਿਆਂ ਨੂੰ ਚੜ੍ਹਦੀ ਕਲਾ ਅਤੇ ਰੱਬੀ ਭਾਣੇ ਵਿਚ ਰਹਿਣ ਲਈ ਕਹਿੰਦੇ, ਜੇਲ੍ਹ ਪੁਲਿਸ ਨਾਲ ਝਗੜੇ ਹੋਣੇ ਆਮ ਗੱਲ ਹੈ, ਇਕ ਦਿਨ ਮਾਤਾ ਜੀ, ਜੇਲ੍ਹ ਮੁਲਾਕਾਤ ਤੇ ਕਹਿਣ ਲੱਗੇ, ਪੁੱਤਰੋ ਜੇਲ੍ਹ 'ਚ ਕਿਰਪਾਨ ਤਾਂ ਨਹੀਂ ਰੱਖੀ ਜਾ ਸਕਦੀ, ਪਰ ਕੜੇ ਤਾਂ ਮੋਟੇ ਪਾਏ ਜਾ ਸਕਦੇ ਹਨ...।

ਭਾਈ ਸਾਹਿਬ ਦੀ ਆਖਰੀ ਜ਼ਮਾਨਤ ਤੇ ਰਿਹਾਈ 13 ਮਈ 1992 ਨੂੰ ਪਰਵਾਰ ਵੱਲੋਂ ਕਰਵਾਈ ਗਈ, ਜੇਲ੍ਹ 'ਚੋਂ ਬਹਾਰ ਨਿਕਲਦਿਆਂ ਹੀ ਡਿਓੜੀ ਉਤੇ ਜੰਮੂ ਦਾ ਬਦਨਾਮ ਅਫ਼ਸਰ ਪੁਲਿਸ ਟੁਕੜੀ ਨਾਲ ਖੜ੍ਹਾ ਸੀ, ਜਿਸ ਨੇ ਭਾਈ ਸਾਹਿਬ ਨੂੰ ਜੀਪ 'ਚ ਬਿਠਾ ਕੇ ਨਵਾਂਸ਼ਹਿਰ ਜੰਮੂ ਦੇ ਸਰਹੱਦੀ ਇਲਾਕੇ ਦੇ ਥਾਣੇ 'ਚ ਡੱਕ ਦਿੱਤਾ। ਜਿਥੇ ਕੌਮ ਦੇ ਇਸ ਰੌਸ਼ਨ ਦਿਮਾਗ ਆਗੂ ਦੀ ਸੋਹਣੀ ਦੇਹ ਨੂੰ ਹਕੂਮਤ ਦੇ ਆਦਮਖੋਰ ਜਾਨਵਰਾਂ ਨੇ ਨੋਚ-ਨੋਚ ਕੇ ਅਧਮੋਇਆ ਕਰ ਦਿੱਤਾ, ਤਾਰ-ਤਾਰ ਹੋਏ ਸਰੀਰ ਅਗੇ ਬੇਬੱਸ ਹੋਈ ਹਕੂਮਤ ਨੇ, ਝੂਠੇ ਮੁਕਾਬਲੇ ਨੂੰ ਅੰਜ਼ਾਮ ਦੇ ਦਿੱਤਾ, ਭਾਈ ਸਾਹਿਬ ਤੋਂ ਇਲਾਵਾ ਉਨ੍ਹਾਂ ਦੇ ਛੋਟੇ ਭਰਾਵਾਂ ਨੂੰ ਵੀ ਰੂਪੋਸ਼ ਹੋਣਾ ਪਿਆ, ਵੀਰ ਸੁਰਜੀਤ ਸਿੰਘ ਬਿੱਟੂ ਅੰਮ੍ਰਿਤਸਰ ਜੇਲ੍ਹ ਤੇ ਵੀਰ ਮਨਮੋਹਨ ਸਿੰਘ ਜੰਮੂ ਜੇਲ੍ਹ ਰਹੇ, ਭਾਈ ਮਨਮੋਹਨ ਸਿੰਘ ਨੂੰ ਤਾਂ ਜੰਮੂ ਜੇਲ੍ਹ 'ਚੋਂ ਕੱਢਕੇ ਖਤਮ ਕਰਨ ਦੀ ਪੰਜਾਬ ਪੁਲਿਸ ਨੇ ਕਈ ਵਾਰੀ ਕੋਸ਼ਿਸ਼ ਕੀਤੀ, ਇਸ ਮਾੜੇ ਉਦੇਸ਼ ਲਈ ਪੰਜਾਬ ਪੁਲਿਸ ਤਾਂ ਇਕ ਵਾਰੀ ਜ਼ਬਰੀ ਹਥਿਆਰ ਲੈ ਕੇ ਗੈਰ ਕਾਨੂੰਨੀ ਢੰਗ ਨਾਲ ਜੰਮੂ ਜੇਲ੍ਹ ਅੰਦਰ ਵੀ ਦਾਖਲ ਹੋ ਗਈ ਸੀ, ਜਿਸ ਨੂੰ ਜੇਲ ਅੰਦਰ ਬੈਠੇ, ਮਨਮੋਹਨ ਸਿੰਘ ਕੰਮੋਕੇ, ਬਲਵੀਰ ਸਿੰਘ ਭੂਤਨਾ, ਕੁਲਦੀਪ ਸਿੰਘ ਤਾਇਆ, ਧਰਮ ਸਿੰਘ ਯੂ.ਪੀ, ਮਨਜੀਤ ਸਿੰਘ ਬੰਬ ਆਦਿ ਗੁਰੂ ਕੇ ਲਾਲਾਂ ਹੱਥੋਂ ਸਖ਼ਤ ਫੱਟੜ ਹੋ ਕੇ ਵਾਪਸ ਖਾਲੀ ਹੱਥ ਪਰਤਣਾ ਪਿਆ। ਭਾਈ ਮਨਮੋਹਨ ਸਿੰਘ ਅੱਠ ਸਾਲ ਜੇਲ੍ਹ ਕੱਟਕੇ ਕੇ ਘਰ ਕੰਮੋਕੇ, ਪਰਤੇ ਤਾਂ ਉਨ੍ਹਾਂ ਨੂੰ ਪੰਜਾਬ ਪੁਲਿਸ ਨੇ ਫਿਰ ਝੂਠੇ ਕੇਸਾਂ 'ਚ ਫਸਾਉਣ ਦੀ ਕੋਸ਼ਿਸ਼ ਕੀਤੀ ਅਤੇ ਭਾਈ ਧਰਮਵੀਰ ਸਿੰਘ (ਸ਼ਹੀਦ) ਦੇ ਕਾਤਲ ਅਫ਼ਸਰਾਂ ਵੱਲੋਂ ਵੀ ਕੇਸ ਵਾਪਸ ਲੈਣ ਲਈ ਦਬਾਅ ਪਾਇਆ ਜਾਂਦਾ ਰਿਹਾ, ਪਰ ਪਰਿਵਾਰ ਨੇ ਕੇਸ ਵਾਪਸ ਨਾ ਲਿਆ।

ਨਿੱਕਾ ਭਰਾ ਸੁਰਜੀਤ ਸਿੰਘ ਪੁਲਿਸ ਦਾ ਸਤਾਇਆ ਕਦੀਂ ਜੰਮੂ ਕਦੀ ਪੰਜਾਬ ਦਿਨ ਕੱਟ ਰਿਹਾ ਸੀ, ਜਿਸ ਨੂੰ ਪੰਜਾਬ ਪੁਲਿਸ ਨੇ ਆਪਣਾ ਸ਼ਿਕਾਰ ਬਣਾਉਣ ਲਈ ਪਿੰਡ ਕੰਮੋਕੇ, ਘੇਰਾ ਪਾਇਆ, ਛੱਤ ਤੇ ਸੁੱਤਾ ਸੁਰਜੀਤ ਸਿੰਘ ਤਾਂ ਹੱਥ ਨਾ ਆਇਆ, ਪਰ ਜ਼ਾਲਮ ਹਾਕਮਾਂ ਨੇ ਸੁਰਜੀਤ ਸਿੰਘ ਦੀ ਸਿੰਘਣੀ (ਗਰਭਵਤੀ) ਨੂੰ ਗੋਲੀਆਂ ਮਾਰਕੇ

ਆਪਣੀ ਹੈਵਾਨੀਅਤ ਦਾ ਸਿਕਾਰ ਬਣਾ ਦਿੱਤਾ। ਭਾਈ ਸਾਹਿਬ ਦੇ ਪਿਤਾ ਜੀ, ਭਾਈ ਸਾਹਿਬ ਧਰਮਵੀਰ ਸਿੰਘ ਦੇ ਤਿਹਾੜ ਜੇਲ ਹੁੰਦਿਆਂ ਚੜਾਈ ਕਰ ਗਏ ਅਤੇ ਮਾਤਾ ਜੀ ਆਪਣੇ ਬੱਚਿਆਂ ਨੂੰ ਮੁੜ ਪੈਰਾਂ ਤੇ ਖੜ੍ਹਾ ਕਰਨ ਲਈ ਚੁਣੌਤੀ ਭਰੇ ਸਮੇਂ ਦਾ ਮੁਕਾਬਲਾ ਕਰਦੇ (2005) 'ਚ ਪਰਿਵਾਰ ਨੂੰ ਆਖਰੀ ਅਸੀਸ ਦੇ ਗਏ, ਜੇ ਇਸ ਨੂੰ ਸ਼ਹਾਦਤ ਕਹਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ, ਅਕਾਲ ਪੁਰਖ ਇਸ ਪਰਿਵਾਰ ਨੂੰ ਮੁੜ ਆਪਣੇ ਪੈਰਾਂ ਤੇ ਖੜ੍ਹਾ ਹੋਣ ਦੀ ਸਮਰਥਾ ਬਖਸ਼ੇ।

"ਅਸੀਂ ਪਹੁੰਚਣਾ ਮਿਥੇ ਨਿਸ਼ਾਨਿਆਂ ਤੇ ਤੁਸੀਂ ਕੌਣ ਹੋ ਸਾ ਅਟਕਾਉਣ ਵਾਲੇ।
ਜੱਗ ਜਾਣਦਾ ਅਸੀਂ ਨਹੀਂ ਮੁੱਕ ਸਕਦੇ, ਮੁੱਕ ਜਾਣਗੇ ਸਾਨੂੰ ਮੁਕਾਉਣ ਵਾਲੇ।"

■■■

ਝੂਠੇ ਪੁਲਿਸ ਮੁਕਾਬਲੇ ਜਾਂ ਸਰਕਾਰੀ ਅੱਤਵਾਦ?

ਇਨ੍ਹਾਂ ਲਾਸ਼ਾਂ ਨੂੰ ਵੀ ਕਿਸੇ ਗਿਣਤੀ ਵਿਚ ਪਾਇਆ ਜਾਵੇ

ਭਾਰਤ ਅੰਦਰ ਝੂਠੇ ਪੁਲਿਸ ਮੁਕਾਬਲਿਆਂ ਦੇ ਧੰਦੇ ਵਿਚ ਸਰਕਾਰੀ ਦਲਾਲਾਂ ਨੇ ਰੱਜ ਕੇ ਕੋਠੀਆਂ, ਗੱਡੀਆਂ ਤੇ ਵੱਡੀਆਂ ਜਾਇਦਾਦਾਂ ਇਕੱਠੀਆਂ ਕੀਤੀਆਂ ਹਨ ਅਤੇ ਹੁਣ ਇਹ ਧੰਦਾ ਮੁੜ ਬੜੇ ਜ਼ੋਰ ਨਾਲ ਵੱਧ ਰਿਹਾ ਹੈ, ਅੱਤਵਾਦ ਦੇ ਨਾਂ ਹੇਠ ਮਾਨਤਾ ਪ੍ਰਾਪਤ ਸਰਕਾਰੀ ਅੱਤਵਾਦੀ ਘੱਟ ਗਿਣਤੀ ਕੌਮਾਂ ਦੇ ਨੌਜਵਾਨਾਂ ਦੇ ਸਿਰਾਂ ਦੇ ਮੁੱਲ ਇਵੇਂ ਵੱਟ ਰਹੇ ਹਨ, ਜਿਵੇਂ ਕੋਈ ਝਟਕਈ ਜਾਂ ਕਸਾਈ ਬੱਕਰਿਆਂ ਦੀ ਸਿਰੀ ਵੇਚ ਰਿਹਾ ਹੋਵੇ। ਇਨ੍ਹਾਂ ਕਮਾਈਆਂ 'ਚ ਕੋਈ ਕਿਸੇ ਖਾਸ ਧਰਮ ਜਾਂ ਜਾਤ ਦਾ ਬੰਦਾ ਨਹੀਂ ਹੁੰਦਾ, ਦਲਾਲ ਤਾਂ ਟਕਿਆਂ ਪਿੱਛੇ ਆਪਣੀ ਜ਼ਮੀਰ ਨੂੰ ਗਿਰਵੀ ਰੱਖਕੇ ਹਰ ਉਹ ਮਾੜਾ ਕੰਮ ਕਰ ਜਾਂਦਾ ਹੈ, ਜਿਸ ਨੂੰ ਸਮਾਜ ਵਿਚ ਮਾੜਾ ਕਿਹਾ ਜਾਂਦਾ ਹੋਵੇ। ਇਨ੍ਹਾਂ ਕਸਾਈਆਂ ਦੇ ਰੂਪ ਵੀ ਵੱਖਰੇ-ਵੱਖਰੇ ਹੁੰਦੇ ਹਨ ਤੇ ਤਰੀਕੇ ਵੀ, ਇਨ੍ਹਾਂ ਜਲਾਦਾਂ ਦੀ ਨਿਸ਼ਾਨ ਦੇਹੀ ਕਰਨੀ ਉਨੀ ਹੀ ਔਖੀ ਹੁੰਦੀ ਹੈ, ਜਿਵੇਂ ਕਿ ਕਿਸੇ ਵਿਗੜੇ ਤੇ ਬੇਕਾਬੂ ਹੋਏ ਸਾਂਡ ਨੂੰ ਵੱਸ 'ਚ ਕਰਨਾ ਅਤੇ ਅਜਿਹੇ ਕਾਤਲਾਂ ਨੂੰ ਕਾਨੂੰਨ ਦੀ ਗ੍ਰਿਫ਼ਤ 'ਚ ਕੈਦ ਕਰਨਾ ਕਿਸੇ ਸਿਰਦਾਰ ਜਸਵੰਤ ਸਿੰਘ ਜੀ ਖਾਲੜੇ ਵਰਗੇ ਸੂਰਮੇ ਦੇ ਹਿਸੇ ਹੀ ਆਉਂਦਾ ਹੈ।

ਇਹ ਸਰਕਾਰੀ ਤੇ ਅਖਬਾਰੀ ਸ਼ੇਰ ਕਿਸੇ ਅਸਲ ਮੁਕਾਬਲੇ ਵਿਚ ਅਸਲ ਮੁਜ਼ਾਹਿਦ ਖਾੜਕੂ ਜਾਂ ਨਕਸਲੀ, ਮਾਊਂਵਾਦੀ ਨੂੰ ਮਾਰ ਗਿਰਾਉਣ ਤਾਂ ਫਿਰ ਬਹਾਦਰੀ ਤੇ ਫਰਜ਼ ਮੰਨਿਆ ਜਾ ਸਕਦਾ ਹੈ, ਪਰ ਜਦ ਇਹ ੧੮/ਝੂਠੇ ਮੁਕਾਬਲੇ ਬਣਾਉਣ ਤੋਂ ਬਾਅਦ ਅਖੌਤੀ ਦੇਸ਼ ਭਗਤੀ ਅਤੇ ਜਮਹੂਰੀਅਤ ਦੇ ਮੁਖੌਟੇ ਹੇਠ ਮੀਡੀਆ ਦੀ ਮਦਦ ਨਾਲ ਦੁਨੀਆਂ ਦੇ ਆਮ ਨਾਗਰਿਕ ਨੂੰ ਗੁੰਮਰਾਹ ਤੇ ਮੂਰਖ ਬਨਾਉਣ ਦੇ ਯਤਨ ਕਰਨ ਨਾਲ, ਇਹ ਬਚ ਨਹੀਂ ਸਕਦੇ। ਇਸ ਲਈ ਕਲਮਾਂ ਵਾਲਿਆਂ ਨੂੰ ਇਨ੍ਹਾਂ ਅਖੌਤੀ ਦੇਸ਼ ਭਗਤਾਂ ਨੂੰ ਸਰਕਾਰੀ ਅਤਿਵਾਦ ਦੇ ਖਾਤੇ 'ਚ ਪਾਉਣਾ ਹੀ ਸਰਬੋਤਮ ਫਰਜ਼ ਹੈ, ਤਾਂ ਕਿ ਸੱਚ ਜਿਊਂਦਾ ਰਹਿ ਸਕੇ। ਆਮ ਮਨੁੱਖ ਇਨ੍ਹਾਂ ਵੱਲੋਂ ਖੇਡੇ ਜਾ ਰਹੇ ਲਹੂ ਭਿੱਜੇ ਨਾਟਕਾਂ ਨੂੰ ਸਮਝਣ ਦੀ ਨਾ ਤੇ ਕੋਸ਼ਿਸ਼ ਕਰਦਾ ਹੈ, ਨਾ ਹੀ ਉਸ ਨੂੰ ਅਜਿਹਾ ਕਰਨ ਦੀ ਲੋੜ ਹੀ ਮਹਿਸੂਸ ਹੁੰਦੀ ਹੈ, ਭਲਾ ਹੋਵੇ ਵੀ ਕਿਉਂ? ਕਿਉਂਕਿ ਬੇ ਰਹਿਮੀ ਨਾਲ ਕੋਹ ਕੋਹ ਕੇ ਮਾਰਿਆ ਹੋਇਆ ਬੰਦਾ ਨਾ ਤਾਂ ਉਨ੍ਹਾਂ ਦੇ ਪਰਿਵਾਰ ਦਾ ਹੁੰਦਾ ਹੈ ਅਤੇ ਨਾ ਹੀ ਦੋਸਤ ਜਾਂ ਰਿਸ਼ਤੇਦਾਰ... ਆਂਧਰਾ, ਅਸਾਮ, ਪੰਜਾਬ, ਗੁਜਰਾਤ, ਕਸ਼ਮੀਰ-ਜੰਮੂ, ਆਦਿ ਸਟੇਟਾਂ ਵਿਚ ਪੁਲਿਸ ਤੇ ਫੌਜ ਵੱਲੋਂ ਅਤਵਾਦ ਦੇ ਨਾਂ ਹੇਟ ਬਹੁਤ ਸਾਰੇ ਬੇਗੁਨਾਹ ਗੋਲੀਆਂ ਦੀ ਭੇਟ ਚਾੜੇ ਗਏ ਹਨ, ਪਰ ਇਥੇ ਸਿਰਫ ਉਨ੍ਹਾਂ ਨੌਜਵਾਨਾਂ ਦੀ ਗੱਲ ਕਰ ਰਿਹਾ ਹਾਂ,

ਜਿਨ੍ਹਾਂ ਦੇ ਛੋਟੇ-ਮੋਟੇ ਅਪਰਾਧ (ਗਲਤੀਆਂ) ਦੀ ਸਜ਼ਾ 4-6 ਮਹੀਨੇ ਜਾਂ ਵੱਧ ਤੋਂ ਵੱਧ ਦੋ-ਚਾਰ ਸਾਲ ਤੱਕ ਬਣਦੀ ਸੀ, ਪਰ ਉਨ੍ਹਾਂ ਨੂੰ ਅੱਤਵਾਦੀ ਦੱਸਕੇ ਕਤਲ ਕਰਦਿਆਂ ਮੂਲੀ ਦੇ ਚੋਰ ਨੂੰ ਸੂਲੀ ਦੀ ਸਜ਼ਾ ਵਾਲਾ ਵਰਤਾਰਾ ਸ਼ਰੇਆਮ ਅਤੇ ਮੀਡੀਆ ਦੇ ਭਰਪੂਰ ਇਸਤੇਮਾਲ ਨਾਲ ਵਰਤਾਇਆ ਗਿਆ। ਜਿਵੇਂ ਕਿ ਗੁਜਰਾਤ ਦੇ ਆਈ.ਪੀ.ਐਸ. ਅਫ਼ਸਰ, ਡੀ.ਆਈ.ਜੀ. ਤੇ ਡੀ.ਜੀ. ਵਣਜਾਰਾ ਤੇ ਆਰ.ਕੇ. ਪਾਂਡੀਅਨ ਖੁਫੀਆ ਵਿਭਾਗ ਦੇ ਐਸ.ਪੀ. ਅਤੇ ਰਾਜਸਥਾਨ ਪੁਲਿਸ ਦੇ ਦਿਨੇਸ਼ ਕੁਮਾਰ ਵੱਲੋਂ ਇਕ ਮੁਸਲਿਮ ਨਾਗਰਿਕ ਸੋਹਰਾਬੂਦੀਨ ਸ਼ੇਖ ਅੱਤੇ ਉਸ ਦੀ ਪਤਨੀ ਕੌਸਲ ਨੂੰ ਲਸ਼ਕਰ-ਏ-ਤੋਇਬਾ ਦਾ ਅੱਤਵਾਦੀ ਤੇ ਨਰਿੰਦਰ ਮੋਦੀ ਨੂੰ ਮਾਰਨ ਦਾ ਸਾਜ਼ਿਸ਼ ਕਰਤਾ ਦੱਸਕੇ ਕਤਲ ਕਰ ਦਿੱਤਾ ਗਿਆ, ਜਦੋਂ ਇਨ੍ਹਾਂ ਅਫ਼ਸਰਾਂ ਨੂੰ ਸਿਆਸੀ ਪਿੜ ਵਿਚ ਉਨ੍ਹਾਂ ਦੇ ਅਕਾਵਾਂ ਅਤੇ ਅਕਾਵਾਂ ਦੇ ਵਿਰੋਧੀਆਂ ਵੱਲੋਂ ਸ਼ਤਰੰਜ਼ ਦੀ ਬਿਸਾਤ ਵਾਂਗ ਇਸਤੇਮਾਲ ਕੀਤਾ ਜਾਣ ਲੱਗਾ ਤਾਂ ਹੈਰਾਨਕੁਨ ਕਰਨ ਵਾਲੀਆਂ ਵਾਰਦਾਤਾਂ ਤੋਂ ਪਰਦੇ ਉਠਣੇ ਸ਼ੁਰੂ ਹੋ ਗਏ ਤੇ ਇੰਝ ਜਾਪਣ ਲੱਗਾ ਕਿ ਸਕਾਚ (ਸ਼ਰਾਬ) ਮਾਰਕਾ ਮੀਡੀਆ ਨੂੰ ਥੋੜ੍ਹਾ-ਥੋੜ੍ਹਾ ਹੋਸ਼ ਆਉਣ ਲੱਗ ਪਿਆ ਹੈ।

ਹਿੰਦੀ ਅਖ਼ਬਾਰਾਂ ਇਸ ਵਿਚ ਜੋ ਰੋਲ ਅਦਾ ਕਰ ਰਹੀਆਂ ਹਨ, ਉਹ ਫਿਰਕੂਆਨਾ ਤੇ ਨਿੰਦਣਯੋਗ ਹੈ, 15 ਜੁਲਾਈ 2007 ਨੂੰ "ਅਮਰ ਉਜਾਲਾ" ਵਿਚ ਲੇਖ "ਮੁਕੇਸ਼ ਕੇਜ਼ਰੀਵਾਲ" ਦਾ ਪੜ੍ਹਿਆ ਜਿਸ ਦੀ ਕੁਝ ਲਾਇਨਾਂ ਇਸ ਤਰ੍ਹਾਂ ਸਨ "ਪੂਰੀ ਦੁਨੀਆਂ ਮਾਨਤੀ ਹੈ ਕਿ ਹਮਾਰੀ ਨੀਤੀ ਕਭੀ ਭੀ ਆਤੰਕਵਾਦ ਕੇ ਪ੍ਰਤੀ ਨਰਮ ਨਹੀਂ ਰਹੀ, ਲੇਕਿਨ ਹਮੇਂ ਭੀ ਮਾਨਨਾ ਹੋਗਾ ਕਿ ਹਮਨੇ ਆਪਨੀ ਸਖਤੀਓਂ ਕੇ ਮੁਤਾਬਿਕ ਇਸਕੇ ਖਿਲਾਫ ਜਿਤਨਾ ਸਖਤ ਔਰ ਸਕ੍ਰੀਯ ਰਵੱਈਆ ਆਵੱਸ਼ਕ ਥਾ, ਉਤਨਾ ਹੀ ਅਪਣਾਇਆ। ਨਤੀਜਾ ਯਿਹ ਹੈ ਕਿ ਹਮ ਦੁਨੀਆਂ ਮੇਂ ਸਬਸੇ ਬੜੇ ਅਤਿਵਾਦ ਪ੍ਰਭਾਵਿਤ ਮੁਲਕ ਮੇਂ, ਜਹਾਂ 70,000 ਸੇ ਜ਼ਿਆਦਾ ਲੋਗ ਇਸਕੀ ਭੇਂਟ ਚੜ੍ਹ ਚੁਕੇ ਹੈਂ" ਪਰ ਲੇਖਕ ਨੇ ਇਹ ਨਹੀਂ ਦੱਸਿਆ ਕਿ ਸਰਕਾਰੀ ਅੱਤਵਾਦੀਆਂ (ਅਖੌਤੀ ਦੇਸ਼ ਰਕਸ਼ਕਾਂ) ਨੇ ਜਦ ਭੱਕਸ਼ਕ ਬਣ ਕੇ ਜੋ ਲੱਖਾਂ ਕਤਲ ਕੀਤੇ ਹਨ, ਉਹ ਕਿਸ ਗਿਣਤੀ ਵਿਚ ਸ਼ਾਮਲ ਕੀਤੇ ਜਾਣ। ਕੇਵਲ ਪੰਜਾਬ ਦੇ ਕੁਝ ਇਲਾਕਿਆਂ ਵਿਚੋਂ ਇਕੱਤਰ ਕੀਤੀਆਂ ਗਈਆਂ ਰਿਪੋਰਟਾਂ ਜੋ ਸ. ਜਸਵੰਤ ਸਿੰਘ ਜੀ ਖਾਲੜਾ (ਸ਼ਹੀਦ) ਦੀ ਘਾਲਣਾ ਦਾ ਨਤੀਜਾ ਸੀ, ਪਰ ਜਦ ਸ. ਖਾਲੜਾ ਨੂੰ ਵੀ ਉਨ੍ਹਾਂ ਲਾਸ਼ਾਂ ਵਿਚ ਸ਼ਾਮਲ ਕਰ ਦਿੱਤਾ ਗਿਆ, ਤਾਂ ਉਨ੍ਹਾਂ ਦੀ ਸਿੰਘਣੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਇਹ ਅਧੂਰਾ ਕੰਮ ਅਗੇ ਤੋਰਿਆ ਤੇ ਮੰਜ਼ਿਲ ਵੱਲ 'ਕਦਮ' ਵਧਾਏ ਗਏ, ਇਸ ਤੋਂ ਇਲਾਵਾ ਸਾਬਕਾ ਜੱਜ ਸਰਦਾਰ ਅਜੀਤ ਸਿੰਘ ਜੀ ਬੈਂਸ ਨੇ ਵੀ ਵੱਡੀ ਘਾਲਣਾ ਕੀਤੀ ਤਾਂ ਉਨ੍ਹਾਂ ਨੂੰ ਵੀ ਸੱਚ-ਹੱਕ ਦਾ ਝੰਡਾ ਚੁੱਕਣ ਦੇ ਦੋਸ਼ 'ਚ ਕਈ ਜਾਤੀਆਂ ਤੇ ਕਈ ਵਾਰੀ ਸਲਾਖਾਂ ਦਾ ਸਾਹਮਣਾ ਕਰਨਾ ਪਿਆ, ਸ. ਅਮਰੀਕ ਸਿੰਘ (ਮੁਕਤਸਰ) ਸ. ਹਰਜਿੰਦਰ ਸਿੰਘ ਤੇ ਰਾਮ ਨਰਾਇਣ ਦੀ ਤਾਲਮੇਲ ਕਮੇਟੀ ਵੱਲੋਂ ਜੋ ਰਿਪੋਰਟ ਤਿਆਰ ਕੀਤੀ ਗਈ ਹੈ, ਉਸ ਵਿਚ ਪੂਰੇ ਦੇਸ਼ ਦੀ ਨਹੀਂ , ਨਾਂ ਹੀ ਪੂਰੇ ਪੰਜਾਬ

ਦੀ, ਬਲਕਿ, ਪੰਜਾਬ ਦੇਸ਼ ਦੇ ਕੁਝ ਇਲਾਕਿਆਂ ਦੀ ਰਿਪੋਰਟ ਹੈ ਜਿਸ ਵਿਚ 70,000 ਬੇਗੁਨਾਹਾਂ ਦੇਸ਼ ਪੰਜਾਬ ਦੇ ਨਾਗਰਿਕਾਂ ਨੂੰ ਅੱਤਵਾਦੀ ਦੱਸ ਕੇ ਕਤਲ ਕਰ ਦਿੱਤਾ ਗਿਆ, ਫਿਰ ਉਨ੍ਹਾਂ ਨੂੰ ਲਾਵਾਰਸ ਕਹਿ ਕੇ ਸਾੜ ਦਿੱਤਾ ਗਿਆ।

28,000 ਕਤਲਾਂ ਨੂੰ ਸਰਕਾਰ ਨੇ ਵੀ ਸਵੀਕਾਰ ਕਰ ਲਿਆ ਹੈ ਤੇ ਦੋ ਲੱਖ ਰੁ. ਪ੍ਰਤੀ ਲਾਸ਼ ਸਿੱਖ ਪਰਿਵਾਰਾਂ ਨੂੰ ਪੈਸੇ ਵੀ ਦਿੱਤੇ ਗਏ ਹਨ, ਪਰ ਇਨ੍ਹਾਂ ਦੇ ਕਾਤਲਾਂ ਦੀ ਕੋਈ ਗੱਲ ਤਕ ਨਹੀਂ ਕੀਤੀ ਗਈ, ਕਸ਼ਮੀਰੀਆਂ ਤੋਂ ਪੁਛੋਂ ਤਾਂ ਉਹ ਵੀ ਹਜ਼ਾਰਾਂ ਲਾਸ਼ਾਂ ਦਾ ਹਿਸਾਬ ਤੇ ਇਨਸਾਫ ਮੰਗਣ ਲਈ ਸੰਘਰਸ਼ ਕਰ ਰਹੇ ਹਨ, ਸਿਰਫ ਬਾਰਾਮੁੱਲਾ (ਕਸ਼ਮੀਰ) ਵਿਚ 19 ਸਾਲਾਂ 'ਚ 354 ਤਾਂ ਬਸ ਗਿਣਤੀ (ਤਸੀਹੇ ਦੇਣ ਵੇਲੇ) ਕਤਲ ਕੀਤੇ ਗਏ ਹਨ, ਝੂਠੇ ਮੁਕਾਬਲਿਆਂ ਤੇ ਗੁੰਮ ਕੀਤੇ ਗਏ ਵਿਅਕਤੀਆਂ ਦੀ ਤਾਂ ਲੰਮੀ ਗਿਣਤੀ ਹੈ, ਕਸ਼ਮੀਰ ਵਿਚ ਸੰਨ 2000 ਵਿਚ 37 ਸਿੱਖ ਅਤਿਵਾਦ ਦੀ ਪੁਸ਼ਾਕ ਹੇਠਾਂ ਗੋਲੀਆਂ ਨਾਲ ਭੁੰਨ ਸੁੱਟੇ ਗਏ, ਉਹ ਵੱਖਰੀ ਗਲ ਹੈ ਕਿ ਅਵਾਮ ਨੇ ਇਨਸਾਫ ਮੰਗਿਆ ਤੇ ਸ਼ਿੱਦਤ ਨਾਲ ਮੰਗਿਆ, ਤਾਂ ਮਸਲੇ ਦੇ ਹੱਲ ਲਈ ਅਤੇ ਸਿੱਖਾਂ ਦੀ ਰਖਵਾਲੀ ਦੇ ਦਾਅਵੇ ਅਧੀਨ ਭਾਰਤੀ ਫੌਜ ਨੇ ਸਰਦ ਲਹੂ ਵਿਚ ਪੰਜ ਮੁਸਲਮਾਨ ਨਾਗਰਿਕਾਂ ਨੂੰ ਗੋਲੀਆਂ ਦੀ ਭੇਟ ਚਾੜ੍ਹਕੇ 37 ਸਿੱਖਾਂ ਦੇ ਕਾਤਲ ਮਾਰਨ ਦਾ ਦਾਅਵਾ ਕੀਤਾ , ਪਰ ਇਨਕੁਆਇਰੀ ਵਿਚ ਕਦੀ-ਕਦਾਈ ਵਾਂਗ ਮੁਸਲਮਾਨਾਂ ਨੂੰ ਇਨਸਾਫ਼ ਮਿਲਿਆ ਕਿਉਂਕਿ ਉਨ੍ਹਾਂ ਦੀ ਵੋਟਾਂ ਸਿਆਸੀ ਪਾਰਟੀਆਂ ਦੀ ਜਿੱਤ ਜਾਂ ਹਾਰ ਤੈਅ ਕਰਦੀਆਂ ਹਨ। ਸਿੱਖਾਂ ਦੀਆਂ ਵੋਟਾਂ 'ਚ ਅਜੇ ਗਿਣਤੀ ਦੀ ਪਾਵਰ ਨਹੀਂ, ਇਸ ਲਈ ਪੰਜ ਨਾਗਰਿਕਾਂ ਦੇ ਕਾਤਲ ਕਾਨੂੰਨੀ ਗ੍ਰਿਫ਼ਤ 'ਚ ਹਨ ਪਰ 37 ਸਿੱਖ ਨਾਗਰਿਕਾਂ ਦੇ ਕਾਤਲਾਂ ਦਾ ਅਜ ਤਕ ਪਤਾ ਨਹੀਂ, ਸ਼ਾਇਦ ਏਹੀ ਹੈ "ਭਾਰਤੀ ਡੈਮੋਕਰੇਸੀ ਤੇ ਜਮਹੂਰੀਅਤ" ਆਗੂਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਜਾਣਕਾਰੀ ਲਈ ਕੁਝ ਮਾਮੂਲੀ ਅਪਰਾਧ ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਝੂਠੇ ਮੁਕਾਬਲਿਆਂ ਦੀ ਜਾਣਕਾਰੀ ਹੈ। ਜਿਨ੍ਹਾਂ ਵਿਚ ਕੁਝ ਕਤਲ ਸਿਵਲ ਕੋਟਾਂ ਨੇ ਕੀਤੇ ਤੇ ਜਿੰਮੇਵਾਰੀ ਤੇ ਪਰਮੋਸ਼ਨਾਂ ਪੁਲਿਸ ਅਫ਼ਸਰਾਂ ਨੇ ਲਈਆਂ, ਇਨ੍ਹਾਂ ਚੋਂ ਇਕ ਅੱਧ ਕਤਲ ਡੂੰਘੀ ਨੀਤੀ ਦੇ ਅਧਾਰਤ ਕੀਤੇ ਗਏ ਹਨ। ਬਾਕੀ ਹੋਰ ਜੰਮੂ 'ਚ ਕੀਤੇ ਗਏ ਆਮ ਨਾਗਰਿਕ ਤੇ ਕੌਮੀ ਸੰਘਰਸ਼ ਨਾਲ ਤਾਲੁਕ ਜੰਮੂ ਦੇ ਝੂਠੇ ਮੁਕਾਬਲੇ ਤੇ ਹਿਰਾਸਤੀ ਕਤਲ ਵੀ ਹਨ, ਜਿਨ੍ਹਾਂ ਦੀ ਵੱਖਰੀ ਜਾਣਕਾਰੀ ਲਈ ਲੇਖ ਲਿਖੇ ਗਏ ਹਨ।

1. ਸ. ਹਰਵਿੰਦਰ ਸਿੰਘ ਡੱਬਲੂ ਇਕ ਨਿਮਾਣੇ ਜਿਹੇ ਸਿੱਖ ਸ. ਲਾਭ ਸਿੰਘ ਦਾ ਪੁੱਤਰ ਤੇ ਟੇਲਰ (ਦਰਜੀ) ਦਾ ਕੰਮ ਕਰਦਾ ਅਤੇ ਸ਼ਰਾਰਤ ਵਜੋਂ ਛੋਟਾ-ਮੋਟਾ ਜੁਰਮ ਨਾਂ ਸਹੀ, ਜੁਰਮ ਵਰਗਾ ਹੀ ਕੁਝ ਕਰਦਾ ਰਹਿੰਦਾ, ਜਿਵੇਂ ਕਿ, ਕਿਸੇ ਦਾ ਮੁਰਗਾ ਰਿੰਨ ਕੇ ਦੋਸਤਾਂ ਨਾਲ ਰਲ ਕੇ ਖਾ ਜਾਣਾ, ਕਿਸੇ ਦੇ ਅਮਰੂਦ ਤੇ ਮੂਲੀਆਂ ਤੋੜ ਲੈਣੀਆਂ ਵਗੈਰਾ-ਵਗੈਰਾ....। ਉਸ ਦੀ ਸਭ ਤੋਂ ਚੰਗੀ ਗੱਲ ਕਿਸੇ ਵੀ ਸੌਖੇ ਜਾਂ ਰਸੂਖਦਾਰ ਤਾਕਤਵਾਰ ਬੰਦੇ ਦੀ ਈਨ ਨਾ ਮੰਨਣਾ ਸੀ ਅਤੇ ਉਸ ਦੀ ਚੰਗਿਆਈ ਉਸ ਦੀ ਮੌਤ ਦਾ ਕਾਰਣ ਬਣ

ਕੇ ਸਾਹਮਣੇ ਆਈ, ਇਹ ਨਾ ਫੁਰਮਾਨੀ ਇਸੇ ਪਿੰਡ ਸਿਬਲ ਕੈਂਪ ਦੇ (ਪੰਜਾਬ ਦੇ ਕਾਲੇ ਸੰਤੋਖੇ ਵਰਗੇ) ਇਕ ਕੈਟ ਦੱਲੇ ਨੂੰ ਹਜ਼ਮ ਨਾ ਹੋਈ, ਡਬਲੂ, ਦੱਲੇ ਨੂੰ ਮਾੜੇ ਕੰਮਾਂ (ਮੁਖਬਰੀ ਤੋਂ) ਬਾਜ ਆਉਣ ਦੀ ਤਾਕੀਦ ਵੀ ਕਰਦਾ ਰਹਿੰਦਾ ਸੀ, ਇਸੇ ਤਾਕੀਦ ਦੌਰਾਨ ਉਸ ਕੈਟ ਨੂੰ ਡਬਲੂ ਹੱਥੋਂ ਸੱਟਾਂ ਵੀ ਖਾਣੀਆਂ ਪਈਆਂ ਸਨ, ਬਸ ਬੰਦਾ ਮਾਰਣ ਲਈ ਇਹ ਜ਼ੁਰਮ ਤੇ ਸਬੂਤ ਕਾਫੀ ਸਨ, ਸਵੇਰੇ ਛੇ ਵਜੇ ਹੱਥਾਂ ਨਾਲ ਗੇੜ ਕੇ ਨਹਾਉਣ ਵਾਲੇ ਨਲਕੇ ਉਤੇ ਡਬਲੂ ਨੂੰ ਦੱਲੇ ਨੇ ਇਕ ਪੱਪੂ ਨਾਂ ਦੇ ਪੁਲਸੀਏ ਤੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਨਿਹੱਥੇ ਅੱਖਾਂ ਤੇ ਸਾਬੁਣ ਮਲੇ ਹੋਏ ਦੇ ਸਰੀਰ ਦੇ ਅੰਦਰ ਗੋਲੀਆਂ ਮੌਤ ਦੇ ਪੈਗਾਮ ਅਤੇ ਸਰਕਾਰੀ ਅੱਤਵਾਦ ਦੀ ਨਿਸ਼ਾਨਦੇਹੀ ਵਜੋਂ ਪਾਰ ਕਰ ਦਿੱਤੀਆਂ। ਲਾਸ਼ ਵਿਹੜੇ ਵਿਚ ਲਹੂ ਨਾਲ ਲੱਥ- ਪੱਥ ਪਈ ਰਹੀ, ਪਰਿਵਾਰ ਦੱਲੇ ਵਿਰੁੱਧ ਕੇਸ (ਰਿਪੋਰਟ) ਦਰਜ ਕਰਵਾਉਣ ਥਾਣੇ ਪੁੱਜਿਆ, ਐਸ.ਐਚ.ਓ. ਨੇ ਇਨਕਾਰ ਕਰ ਦਿੱਤਾ, ਕਿਸੇ ਅਖ਼ਬਾਰ ਨੇ ਖ਼ਬਰ ਤਕ ਨਾ ਛਾਪੀ ਫਿਰ ਪਰਿਵਾਰ, ਡੀ.ਐਸ.ਪੀ., ਕੋਲ ਪੁੱਜਾ, ਇਨਸਾਫ ਲਈ ਦੁਹਾਈ ਪਾਈ ਗਈ, ਡੀ.ਐਸ.ਪੀ. ਦਾ ਜਵਾਬ ਸੀ, ਅਤਿਵਾਦੀ ਸੀ ਮਰ ਗਿਆ, ਇਨਸਾਫ ਹੋ ਗਿਆ। ਕੀ ਇਸ ਨੂੰ ਇਨਸਾਫ ਦਾ ਕਤਲ ਨਹੀਂ ਕਹਿਆ ਜਾ ਸਕਦਾ?

2. ਸਵਰਨ ਸਿੰਘ ਸਵਰਨਾ,

ਸਵਰਨਾ ਦਰ ਅਸਲ ਇਕ ਮੁਜਰਮ ਸੀ, ਜਿਸ ਦਾ ਇਨਸਾਫ ਤੇ ਫੈਸਲਾ ਅਦਾਲਤ ਨੇ ਕਰਨਾ ਸੀ, ਪਰ ਸੋਚੀ ਸਮਝੀ ਸਾਜ਼ਿਸ਼ ਤਹਿਤ ਪੁਲਿਸ ਨੇ ਇਨਕਾਊਂਟਰ (ਝੂਠਾ ਮੁਕਾਬਲੇ) ਵਿਚ ਕਤਲ ਕਰ ਦਿੱਤਾ ਅਤੇ ਖਾੜਕੂ ਲਹਿਰ ਨੂੰ ਬਦਨਾਮ ਕਰਨ ਵਾਸਤੇ ਇਸ ਨੂੰ ਖਾੜਕੂ ਲਹਿਰ ਦਾ ਹਿਸਾ ਦਸਕੇ ਪੂਰੀ ਤਰ੍ਹਾਂ ਪ੍ਰਚਾਰਿਆ ਗਿਆ।

3. ਗੁਰਬਚਨ ਸਿੰਘ ਬੱਸੂ

ਬੱਸੂ ਘਰੋਂ ਇਸ ਕਰਕੇ ਮੁੰਬਈ ਗਿਆ ਸੀ ਕਿ ਉਥੇ ਕੋਈ ਵੱਡਾ ਕਾਰੋਬਾਰ ਕਰੇਗਾ ਅਤੇ ਜੰਮੂ ਵਿਚ ਜੋ ਦੁਸ਼ਮਣੀ ਦੇ ਚਲਦਿਆਂ ਪਿਤਾ ਚੈਨ ਸਿੰਘ ਦਾ ਕਤਲ ਹੋਇਆ ਹੈ, ਉਨ੍ਹਾਂ ਹਲਾਤਾਂ ਤੋਂ ਬਚਿਆ ਜਾ ਸਕੇਗਾ। ਬੱਸੂ ਨੇ ਟਰਾਂਸਪੋਰਟ ਦਾ ਕੰਮ ਆਰੰਭ ਕੀਤਾ ਤੇ ਗੱਡੀਆਂ ਦੀ ਹੇਰਾ ਫੇਰੀ ਵੀ ਸ਼ੁਰੂ ਕਰ ਦਿੱਤੀ ਤੇ ਦੁਸ਼ਮਣੀ ਦੇ ਚਲਦਿਆਂ ਇਕ ਗੈਰ ਕਾਨੂੰਨੀ ਪਿਸਤੌਲ ਵੀ ਰੱਖ ਲਿਆ, ਇਕ ਵੇਰਾਂ ਜੰਮੂ ਦਾ ਖਾਲਿਸਤਾਨੀ ਆਗੂ ਭਾਈ ਰਣਜੀਤ ਸਿੰਘ ਨੀਤਾ ਉਸ ਦੀ ਗੱਡੀ ਤੇ ਕੁਝ ਸਫਰ ਤੈਅ ਕਰਨ ਲਈ ਬੈਠ ਗਿਆ ਏਹੀ ਬੱਸੂ ਦਾ ਗੁਨਾਹ ਹੋ ਨਿਬੜਿਆ , ਭਾਈ ਨੀਤੇ ਨਾਲ, ਬੱਸੂ ਤੇ ਕੁਝ ਹੋਰ ਇਸ ਤਰ੍ਹਾਂ ਦੇ ਨੌਜਵਾਨਾਂ ਨੂੰ ਫੜ ਕੇ ਉਨ੍ਹਾਂ ਤੇ ਖਤਰਨਾਕ ਅਤਵਾਦੀ ਵਜੋਂ ਦਰਸਾਉਣ ਤੋਂ ਬਾਅਦ ਕੇਸ ਪਾ ਦਿੱਤੇ ਗਏ, ਜਦ ਭਾਈ ਨੀਤਾ, ਕੋਲਾਪੁਰ (ਮਹਾਰਾਸ਼ਟਰ) ਜੇਲ੍ਹ 'ਚੋਂ ਫਰਾਰ ਹੋਇਆ ਤਾਂ ਨਾਲ ਬੱਸੂ ਵੀ ਸ਼ਾਮਲ ਹੋ ਗਿਆ, ਪਰ ਬਾਅਦ ਵਿਚ ਫੜਿਆ ਗਿਆ, ਛੇ ਸਾਲ ਜੇਲ੍ਹ ਕੱਟਕੇ ਰਿਹਾਅ ਹੋਣ ਦੀ ਵਾਰੀ ਆਈ ਤਾਂ ਜੇਲ ਵਿਚ (ਸਾਥੀਆਂ ਦੇ ਦੱਸਣ ਮੁਤਾਬਕ) ਉਸ ਨੂੰ ਕਿਸੇ ਸਾਜ਼ਿਸ਼ ਅਧੀਨ ਲਾ ਇਲਾਜ਼ ਬਿਮਾਰੀ ਦਾ ਟੀਕਾ, ਕੁਝ ਸਮਾਂ ਪਹਿਲਾਂ ਹੀ ਲਾ ਦਿੱਤਾ ਗਿਆ, ਘਰ ਪੁੱਜੇ ਨੂੰ ਮਹੀਨਾ ਹੀ ਹੋਇਆ ਸੀ ਕਿ ਬੱਸੂ ਮੌਤ ਦੇ

ਜਬਾੜੇ 'ਚ ਜਾ ਪਿਆ ਵੇਖਿਆ ਜਾਵੇ ਤਾਂ ਬਸੂ ਦਾ ਐਸਾ ਗੁਨਾਹ ਨਹੀਂ ਸੀ ਜਿਸ ਬਦਲੇ ਉਸ ਨੂੰ ਇਸ ਭਿਆਨਕ ਬਿਮਾਰੀ ਦਾ ਟੀਕਾ ਲਾ ਕੇ ਮਾਰਿਆ ਜਾ ਸਕਦਾ...।

4. ਸੁਖਦੇਵ ਸਿੰਘ ਸੁੱਖਾ।

ਸੁੱਖਾ, ਇਸੇ ਹੀ ਕਹਾਣੀ ਦਾ ਦੂਜਾ ਕਿਰਦਾਰ ਹੈ, ਉਚਾ ਲੰਮਾ ਕੱਦ ਤਿਖੇ ਨੈਣ ਨਕਸ਼, ਬਿਨਾਂ ਸੋਚਿਆਂ ਸਮਝਿਆਂ ਗੱਲ ਕਰਨ ਵਾਲਾ ਅਤੇ ਅਮੀਰ ਬਣਨ ਦੀ ਲਾਲਸਾ ਲੈ ਕੇ ਜੰਮੂ ਤੋਂ ਮੁੰਬਈ ਜਾ ਪੁੱਜਾ ਤੇ ਬੱਸੂ ਵਾਂਗ ਇਸ ਨੂੰ ਵੀ ਖੂੰਖਾਰ ਅਤਵਾਦੀ ਦੱਸਿਆ ਗਿਆ ਤੇ ਇਹ ਖ਼ਬਰ ਛਾਪੀ ਕਿ ਸੁੱਖਾ ਗੋਲੀ ਚਲਾਉਣ ਤੇ ਬੰਦੇ ਮਾਰਨ ਤੋਂ ਸਿਵਾ ਹੋਰ ਕੁਝ ਨਹੀਂ ਜਾਣਦਾ, ਉਸ ਨੂੰ ਆਪਣੀ ਜਥੇਬੰਦੀ ਦਾ ਵੀ ਪਤਾ ਨਹੀਂ....। ਜਦੋਂ ਸੁੱਖਾ ਬੱਸੂ ਆਦਿ ਮਹਾਰਾਸ਼ਟਰ ਦੀ ਜੇਲ੍ਹਾਂ 'ਚੋਂ ਛੁੱਟ ਕੇ ਆਏ ਤਾਂ, ਉਸ ਵੇਲੇ ਤਕ ਸੁੱਖਾ, ਪੁਲਿਸ ਤੇ ਜੇਲ ਵੱਲੋਂ ਦਿਮਾਗੀ ਤੌਰ 'ਤੇ ਇਨਾ ਕਮਜ਼ੋਰ ਕਰ ਦਿੱਤਾ ਗਿਆ ਸੀ, ਕਿ ਸਚ ਵਿਚ ਹੀ ਉਸ ਨੂੰ ਆਪਣਾ ਨਾਂ ਤੱਕ ਵੀ ਪਤਾ ਨਹੀਂ ਸੀ, ਫਿਰ ਵੀ ਰਿਹਾਈ ਤੋਂ ਕੁਝ ਦਿਨਾਂ ਬਾਅਦ ਘਰੋਂ ਬਾਹਰ ਸੈਰ ਤੇ ਨਿਕਲਿਆ ਤੇ ਮੁੜ ਅਜ ਤਕ ਉਸ ਦੀ ਕੋਈ ਉਘ-ਸੁਘ ਹੀ ਨਹੀਂ ਲੱਗੀ।

5. ਪ੍ਰੀਤ ਸਿੰਘ ਸਿੱਧੂ

ਸਿੱਧੂ ਜਿਸ ਲਈ ਕਤਲ ਕਰਨਾ ਇਕ ਚਾਹ ਦਾ ਕਪ ਪੀਣ ਵਰਗਾ ਅਹਿਸਾਸ ਬਣ ਚੁਕਿਅ ਸੀ ਅਤੇ ਉਹ ਦੱਲਾ ਦਲਜੀਤ, ਗਰੋਹ ਦੇ ਵਿਰੋਧੀ ਗਰੋਹ ਨਾਲ ਤਾਲੁਕ ਰੱਖਦਾ ਸੀ ਜਿਸ ਦੇ ਖਤਰਨਾਕ ਇਰਾਦੇ ਦੀ ਸੂਹ ਦੱਲੇ ਨੂੰ ਲੱਗ ਗਈ, ਪਰ ਉਸ ਤੋਂ ਸਿੱਧੂ ਦਾ ਬਾਲ ਵੀ ਪੁੱਟਣ ਦਾ ਹੀਆ ਨਾ ਹੋਇਆ, ਜ਼ਿਕਰਯੋਗ ਹੈ ਕਿ ਸਿੱਧੂ ਦੀ ਉਮਰ 17 ਸਾਲ ਸੀ ਤੇ ਦੱਲਾ ਚਾਲੀ-ਪੰਜਤਾਲੀ ਸਾਲ ਦਾ ਹੰਢਾਇਆ ਹੋਇਆ ਠੇਕੇਦਾਰ ਤੇ ਪੁਲਿਸ ਦਾ ਖਾਸਮ ਖਾਸ ਸੀ, ਉਸ ਨੇ ਸਿੱਧੂ ਤੋਂ ਖਹਿੜਾ ਛੁਡਾਉਣ ਲਈ ਵਿਉਂਤਾਂ ਬਣਾਉਣੀਆਂ ਆਰੰਭ ਕਰ ਦਿੱਤੀਆਂ, ਕਿਉਂਕਿ ਸਿੱਧੂ ਨੇ ਜੰਮੂ ਦੇ ਸਭ ਤੋਂ ਵੱਡੇ ਗੁੰਡੇ ਤੇ ਸਿੱਖ ਵਿਰੋਧੀ ਮੁਖ਼ਬਰ ਨਾਗਰ ਜੱਟ, ਨੂੰ ਵੀ ਜੰਮੂ ਦੇ ਸ਼ਹਿਰ ਵਿਚ ਸ਼ਰੇਬਜ਼ਾਰ ਗੋਲੀ ਮਾਰਕੇ ਫੱਟੜ ਕਰ ਦਿੱਤਾ ਸੀ। ਸਿੱਧੂ ਦੇ ਖਾਤਮੇ ਲਈ ਨਾਗਰ ਜੱਟ ਤੇ ਦੱਲੇ ਨੇ ਪੁਲਿਸ ਨਾਲ ਰਲ ਕੇ ਸਿੱਧੂ ਦੇ ਦੋਸਤ ਮੰਟੂ, ਨੂੰ ਸਣੇ ਜ਼ਮੀਰ ਖ਼ਰੀਦ ਲਿਆ ਅਤੇ ਸਿੰਬਲ ਕੈਂਪ ਵਿਖੇ ਸੁੱਤੇ ਹੋਏ ਸਿੱਧੂ ਨੂੰ, ਮੰਟੂ ਨੇ ਸਿਰ ਵਿਚ ਦੋਸਤੀ ਦੇ ਪਿਆਰ ਵਜੋਂ ਚਾਰ ਗੋਲੀਆਂ ਭੇਂਟ ਕਰ ਦਿੱਤੀਆਂ ਤੇ ਦੂਜੇ ਦਿਨ ਅਖ਼ਬਾਰ ਵਿਚ ਇਹ ਬਹਾਦਰੀ ਭਰਿਆ ਕਾਰਨਾਮਾ ਇਕ ਐਸ.ਐਚ.ਓ ਦੇ ਖਾਤੇ ਪੈ ਚੁੱਕਿਆ ਸੀ, ਮੰਟੂ ਨੂੰ ਵੀ ਫਿਰ ਰਾਜ਼ ਕੀ ਬਾਤ ਸਮਝੋ ਤੋਂ ਰਾਜ਼ ਕੋ ਰਾਜ਼ ਰਹਿਨੇ ਦੋ, ਦੇ ਚੱਕਰ ਵਿਚ ਮੰਟੂ ਨੂੰ ਵੀ ਦੋਸਤੀ ਨਿਭਾਉਣ ਲਈ ਸਿੱਧੂ ਕੋਲ ਭੇਜ ਦਿੱਤਾ ਗਿਆ।

ਤਖਤੇ ਸ਼ਾਹੀ ਤਖਤ ਨਸ਼ੀ ਪਰ, ਅਪਨਾ ਰੰਗ ਚੜ੍ਹਾ ਦੇਤਾ ਹੈ,
ਰਫਤਾ-ਰਫਤਾ ਹਰ ਹਾਕਮ ਕੋ ਔਰੰਗਜੇਬ ਬੰਨਾਂ ਦੇਹਾ ਹੈ।

■■■

ਜੰਮੂ ਕਸ਼ਮੀਰ 'ਚ ਸਿੱਖਾਂ 'ਤੇ 'ਚੋ ਪਾਸੜ ਹਮਲੇ,

ਕਤਲ ਕਾਂਡ ਚਿੱਠੀ ਸਿੰਘਪੁਰਾ

ਅੱਜ ਸੰਨ 2004 ਦੁਨੀਆਂ ਭਰ ਦੇ ਕੌਮਾਂਤਰੀ ਮਸਲਿਆਂ ਵਿਚ ਦਿਲ ਚਸਪੀ ਰੱਖਣ ਵਾਲੇ ਕੁੱਲ ਦੁਨੀਆਂ ਦੇ ਲੋਕਾਂ ਅਤੇ ਮੀਡੀਆ ਦਾ ਧਿਆਨ ਜੰਮੂ ਕਸ਼ਮੀਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਉੱਤੇ ਟਿਕਿਆ ਹੋਇਆ ਹੈ।

ਇਥੇ ਹੀ 'ਚੋਂ -ਪਾਸੜ ਹਮਲਿਆਂ 'ਚ ਘਿਰਿਆ ਹੋਇਆ। ਖਾਲਸਾ ਪੰਥ ਦਾ ਇਕ ਵੱਡਾ ਹਿੱਸਾ, ਆਪਣੀ ਕੌਮ ਦੇ ਰਹਿਬਰਾਂ ਵੱਲ ਨਜ਼ਰ ਟਿਕਾਈ ਬੈਠਾ ਹੈ, ਇਕ ਨਿੱਕੀ ਜਿਹੀ ਚੰਗਿਆੜੀ ਜੰਮੂ ਕਸ਼ਮੀਰ ਦੀ ਧਰਤੀ ਤੇ ਬਾਬਾ ਨਾਨਕ ਸਾਹਿਬ ਵੱਲੋਂ ਹੱਥੀਂ ਬੀਜੀ ਹੋਈ, ਸਿੱਖ ਫੁੱਲਵਾੜੀ ਨੂੰ ਕਿਸੇ ਵੇਲੇ ਵੀ ਸਾੜ ਕੇ ਸਵਾਹ ਕਰ ਸਕਦੀ ਹੈ, ਪਰ ਸਿੱਖ ਆਗੂਆਂ ਤੇ ਇਸ ਦਾ ਕੋਈ ਅਸਰ ਨਹੀਂ ਦਿਖਾਈ ਦੇ ਰਿਹਾ, ਦਿਖਾਈ ਦੇਵੇ ਤਾਂ ਕਿਵੇਂ ? ਕੌਮ ਦੀ ਸਰਬ ਉੱਚ ਸੰਸਥਾਵਾਂ ਉੱਤੇ, ਸਿੱਖ ਸਿਧਾਂਤ ਦੀ ਥਾਂ ਵਿਧਾਂਤ ਦੀ ਗੱਲ ਕਰਨ ਵਾਲੇ ਮੰਨੂਵਾਦ ਦੇ ਗੁਲਾਮ ਬੈਠੇ ਹਨ, ਜਿਨ੍ਹਾਂ ਦੀ ਅੱਖਾਂ 'ਤੇ ਚੌਧਰਤਾ ਦੀ ਪੱਟੀ ਬੰਨੀ ਹੋਈ ਹੈ। ਸਮੂਹ ਅਕਾਲੀ ਦਲਾਂ ਨੂੰ ਆਪਸੀ ਖਾਨਾ ਜੰਗੀ ਤੋਂ ਵੇਹਲ ਨਹੀਂ, ਅਜੋਕੇ ਆਗੂਆਂ ਨੇ ਕੌਮ ਦੀ ਐਸੀ ਤਰਸਯੋਗ ਹਾਲਤ ਬਣਾ ਦਿੱਤੀ ਹੈ ਕਿ :

"ਰਾਸਤਾ ਹੀ ਨਜ਼ਰ ਨਹੀਂ ਆਤਾ, ਖੂਬ ਰਹਿਬਰ ਨੇ ਰਹਿਬਰੀ ਕੀ ਹੈ"। ਕੁੱਝ ਸਾਲ ਪਹਿਲਾਂ , 16-17 ਅਕਤੂਬਰ 2004 ਚੰਡੀਗੜ੍ਹ ਦੇ ਭਾਈ ਮੱਖਣ ਸ਼ਾਹ ਹਾਲ ਵਿਚ "ਵਿਸ਼ਵ ਸਿੱਖ ਸੰਮੇਲਨ" ਬੁਲਾਇਆ ਗਿਆ। "ਦਸਮੇਸ਼ ਯੂਥ ਆਰਗੇਨਾਇਜੇਸ਼ਨ ਜੰਮੂ ਕਸ਼ਮੀਰ" ਦਾ ਮੁੱਖ ਸੇਵਾਦਾਰ ਹੋਣ ਕਰਕੇ ਮੈਨੂੰ ਵੀ ਸ਼ਮੂਲੀਅਤ ਲਈ ਸੱਦਾ ਪੱਤਰ ਮਿਲਿਆ। ਅਸੀਂ ਵੀ ਸ਼ਾਮਿਲ ਹੋਏ। ਸੰਮੇਲਨ ਵਿਚ ਕਈ ਅਹਿਮ ਮੁੱਦਿਆਂ ਤੋਂ ਇਲਾਵਾ ਇਕ ਖੁੱਲਾ ਸ਼ੈਸ਼ਨ ਵੀ ਰੱਖਿਆ ਗਿਆ, ਜਿਸ ਵਿਚ ਕਿਸੇ ਵੀ ਪੰਥਕ ਮੁੱਦੇ ਤੇ ਵਿਦਵਾਨਾਂ ਤੋਂ ਸੁਆਲ ਪੁੱਛਿਆ ਜਾ ਸਕਦਾ ਸੀ, ਦੁਨੀਆਂ ਭਰ ਦੇ ਸਿੱਖਾਂ ਨੇ ਆਪਣੀਆਂ ਮੁਸ਼ਕਿਲਾਂ ਦੀ ਕਹਾਣੀ ਬਿਆਨ ਕੀਤੀ, ਮੈਂ ਵੀ ਇਕ ਪਰਚੀ ਉੱਤੇ ਜੰਮੂ-ਕਸ਼ਮੀਰ ਦੇ ਸਿੱਖਾਂ ਲਈ, ਭਵਿੱਖ 'ਚ ਵਿਚਾਰ ਵਟਾਂਦਰਾ ਕਰਨ ਦੀ ਅਪੀਲ ਲਿੱਖ ਭੇਜੀ, ਜਿਸ ਨੂੰ ਸਟੇਜ ਤੇ ਬੈਠੇ ਬੁੱਧਜੀਵੀ (ਜਿਨਾਂ ਦੀ ਲਿਖੀ ਕਿਤਾਬਾਂ ਪੜ੍ਹਨ ਕਰਕੇ ਮੇਰੇ ਦਿੱਲ 'ਚ ਬਹੁਤ ਸਤਿਕਾਰ ਸੀ...) ਨੇ ਪੜ੍ਹ ਕੇ ਮੇਜ ਨਾਲ ਪਏ ਰੱਦੀ ਵਾਲੇ ਡੱਬੇ (ਡੱਸਟਬੀਨ) ਵਿਚ ਸੁੱਟ ਦਿੱਤਾ, ਸਮਾਪਤੀ ਭਾਸ਼ਣ ਦੀ ਅਨਾਉਸਮੇਂਟ ਹੋਣ ਤੇ ਮੈਂ ਹਾਲ 'ਚੋਂ ਬਾਹਰ ਚਲਾ ਗਿਆ, ਜਿੱਥੇ ਗੇਟ ਤੇ ਸ਼ਿਕਾਇਤ ਅਤੇ ਸੁਝਾਅ ਲਿਖਣ ਲਈ ਰਜਿਸਟਰ ਰੱਖਿਆ ਹੋਇਆ ਸੀ। ਉਸ

ਉੱਤੇ ਮੈਂ ਸ਼ਿਕਾਇਤ ਨੋਟ ਕਰ ਦਿੱਤੀ, ਤਾਂ ਉੱਥੇ ਬੈਠੇ ਹੋਏ, ਖਾਲਸਾ ਪੰਚਾਇਤ ਦੇ ਕਨਵੀਨਰ ਸ. ਰਾਜਿੰਦਰ ਸਿੰਘ ਦੇ ਬੇਟੇ ਨੇ ਸ਼ਿਕਾਇਤ ਤੇ ਸਰਸਰੀ ਨਜ਼ਰ ਮਾਰਣ ਤੋਂ ਬਾਅਦ ਮੈਨੂੰ ਸਟੇਜ ਤੇ ਇਕ ਮਿੰਟ ਦਾ ਸਮਾਂ ਬੋਲਣ ਲਈ ਦਿਲਾ ਦਿੱਤਾ, ਇਸ ਸਮੇਂ ਵਿਚ ਮੈਂ ਉਹੀ ਸੁਆਲ ਦੁਹਰਾਇਆ, "ਅਸੀਂ ਚਹੁੰ-ਤਰੱਫੀ ਹਮਲਿਆਂ 'ਚ ਫਸੇ ਹੋਏ ਸਮਾਂ ਲੰਘਾ ਰਹੇ ਹਾਂ, ਜੰਮੂ ਵਿਚ ਸਾਨੂੰ "ਖਾਲਿਸਤਾਨੀ ਅੱਤਵਾਦੀ" ਗਰਦਾਨਕੇ ਝੂਠੇ ਮੁਕਾਬਲਿਆਂ ਅਤੇ ਝੂਠੇ ਹਥਿਆਰਾਂ ਦੇ ਕੇਸਾਂ ਵਿਚ ਫਸਾਇਆ ਜਾਂਦਾ ਹੈ, ਕਸ਼ਮੀਰ ਵਿਚ ਸਾਡੇ ਕਤਲ ਮੁਸਲਿਮ ਮੁਜਾਹਿਦਾਂ ਦੇ ਮੱਥੇ ਮੜ ਦਿੱਤੇ ਜਾਂਦੇ ਹਨ। ਅਸੀਂ ਉਸ ਹਾਲਤ ਵਿਚ ਬੈਠੇ ਹਾਂ, ਜਿੱਥੇ ਸਾਡੇ ਉੱਤੇ ਕਿਸੇ ਵੇਲੇ ਵੀ 1947 ਜਾਂ 1984 ਵਰਗੀ ਕਹਿਰ ਹਨ੍ਹੇਰੀ ਝੁੱਲ ਸਕਦੀ ਹੈ, ਅਤੇ ਸਾਨੂੰ ਇਕ ਵਾਰੀ ਮੁੜ ਰਫਿਊਜ਼ੀ ਬਨਣਾ ਪੈ ਸਕਦਾ ਹੈ,

ਇਸ ਔਖੀ ਘੜੀ ਵਿਚ ਸਾਡਾ ਸਾਥ ਦੇਣ ਦੀ ਬਜਾਏ ਸਾਡੀ ਸੁਆਲ ਵਾਲੀ ਪਰਚੀ ਅਣਗੌਲੀ ਕਰ ਦਿੱਤੀ ਗਈ, ਅਫਸੋਸ ਹੈ, ਬੁੱਧੀਜੀਵੀ ਪੰਥ ਲਈ ਇਕੱਤਰ ਹੋਏ ਬੈਠੇ ਸਨ, ਪਰ ਪੰਥ ਦੇ ਇਕ ਵੱਡੇ ਹਿੱਸੇ ਨੂੰ ਦਰਦ ਵਿਚ ਬੇਹਾਲ ਵੇਖ ਕੇ ਅੱਖਾਂ ਬੰਦ ਕਰ ਬੈਠੇ। ਚਲੋ ਫਿਲਹਾਲ ਜੰਮੂ ਕਸ਼ਮੀਰ ਦੇ ਹਲਾਤਾਂ ਅਤੇ ਪਿਛੋਕੜ ਤੇ ਨਜ਼ਰਸਾਨੀ ਕਰ ਲਈਏ। "ਇਕ ਰਾਜਾ ਜਿਸ ਦਾ ਨਾਮ ਇਤਿਹਾਸਕਾਰ, ਰਿਣਛਿਣ, ਲਿਖਦੇ ਹਨ, ਇਹ ਬੁੱਧ ਧਰਮ ਦਾ ਇਕ ਰਾਜਾ ਸੀ, ਜੋ ਪਿਛੋਕੜ, ਤੋਂ ਦਲਿਤ (ਨੀਵੀਂ ਜਾਤ) 'ਚੋਂ ਸੀ, ਜਿਸ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਹਿੰਦੂ ਧਰਮ ਵਿਚ ਸ਼ਾਮਿਲ ਕਰੋ ਪਰ, ਬ੍ਰਾਹਮਣਾ ਨੇ ਉਸ ਦਾ ਸ਼ੂਦਰ-ਵੈਸ਼ ਕਹਿ ਕੇ ਮਖੌਲ ਉਡਾਇਆ, ਤੇ ਸਾਫ਼ ਮਨਾ ਕਰ ਦਿੱਤਾ।

ਇਹੀ ਨੌਜਵਾਨ ਬਾਅਦ ਵਿਚ ਇਕ ਮੁਸਲਿਮ ਫਕੀਰ ਦੀ ਸੰਗਤ ਨਾਲ ਇਸਲਾਮ ਵਿਚ ਸ਼ਾਮਿਲ ਹੋ ਕੇ ਕਸ਼ਮੀਰ ਦਾ ਪਹਿਲਾਂ ਮੁਸਲਿਮ ਬਾਦਸ਼ਾਹ ਸਦਰੋਦੀਨ ਬਣਿਆ ਤੇ ਜਾਤ-ਅਭਿਮਾਨੀ, ਬ੍ਰਾਹਮਣਾਂ ਦੀ ਸੁਦਾਈ ਆਰੰਭ ਹੋਈ। 1315 ਤੋਂ 1819 ਤੱਕ ਲਗਾਤਾਰ ਗ਼ੈਰ ਹਿੰਦੁਸਤਾਨੀ ਹਕੂਮਤ ਨੇ ਜੰਮੂ ਕਸ਼ਮੀਰ ਨੂੰ ਅਤੇ ਇਥੇ ਰਹਿਣ ਵਾਲੇ ਵਸਨੀਕਾਂ ਨੂੰ ਆਪਣੇ ਜ਼ੁਲਮਾਂ ਦਾ ਸ਼ਿਕਾਰ ਅਤੇ ਉਨ੍ਹਾਂ ਦੀਆਂ ਬਹੂ-ਬੇਟੀਆਂ ਨੂੰ ਆਪਣੀ ਅਯਾਸ਼ੀ ਲਈ ਵਰਤਿਆ, ਕਿਸੇ ਵੀ ਹਿੰਦੂ ਨੂੰ ਪੱਗੜੀ ਬੰਨਣ ਤੇ ਪੈਰ ਵਿਚ ਜੁੱਤੀ ਪਾਉਣ ਦੀ ਆਗਿਆ ਨਹੀਂ ਸੀ, ਇਹ ਕਹਾਵਤ ਮਸ਼ਹੂਰ ਸੀ "ਬੂਟਾ ਚੁੱਕ ਕੇ ਖਾਸਾ ਦਿੱਤਾ" ਜਿਸ ਦਾ ਮਤਲਬ ਸੀ: "ਜੇ ਤੂੰ ਹਿੰਦੂ ਹੈ ਤਾਂ ਮੈਂ ਤੇਰੇ ਤੇ ਸਵਾਰ ਹੋਵਾਂਗਾ।" ਕਸ਼ਮੀਰ ਦੇ ਪੰਡਿਤ ਜਿਵੇਂ ਗੁਰੂ ਤੇਗ ਬਹਾਦਰ ਜੀ ਪਾਸ ਫਰਿਆਦ ਲੈ ਕੇ ਪੁੱਜੇ ਸਨ, ਉਸੇ ਤਰ੍ਹਾਂ ਹੀ ਇਨ੍ਹਾਂ ਨੇ ਖਾਲਸਾ ਰਾਜ ਦੇ ਜਰਨੈਲਾਂ ਕੋਲ ਅਪੀਲਾਂ ਭੇਜੀਆਂ ਕਿ ਸਾਨੂੰ ਮੁਗਲਾਂ-ਪਠਾਨਾਂ ਦੇ ਜ਼ੁਲਮਾਂ ਤੋਂ ਨਿਜਾਤ ਦਿਲਾਓ, ਜਿਸ ਦੇ ਮੱਦੇ ਨਜ਼ਰ 20 ਅਪ੍ਰੈਲ 1819 ਨੂੰ ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਬਾਬਾ ਅਕਾਲੀ

ਫੂਲਾ ਸਿੰਘ, ਸ. ਸ਼ਾਮ ਸਿੰਘ ਅਟਾਰੀ ਆਦਿ ਜਰਨੈਲਾਂ ਸਮੇਤ 30,000 ਫੌਜਾਂ ਜੰਮੂ ਕਸ਼ਮੀਰ ਵੱਲ ਰਵਾਨਾ ਹੋ ਗਈਆਂ।

1 ਮਈ 1819 ਨੂੰ ਭਿੰਬਰ ਸੈਦਾਬਾਦ ਰਜੌਰੀ ਆਦਿ ਨੂੰ ਫਤਹਿ ਕਰਕੇ ਕੇਸਰੀ ਨਿਸ਼ਾਨ ਝੁਲਾਏ ਗਏ। ਇਸ ਤੋਂ ਅੱਗੇ "ਬਹਿਰਮ ਤੇ ਕਬਜ਼ਾ ਕਰਕੇ ਮੀਰ ਮੁਹੰਮਦ ਖਾਨ ਤੇ ਮੁਹੰਮਦ ਅੱਲੀ ਖਾਨ ਨੂੰ ਈਨ ਮਨਾਈ, ਪੁਣੱਛ ਦੇ ਹਾਕਮ ਜ਼ਬਰਦਸਤ ਖਾਨ ਨੂੰ ਵੀ ਆਖਰ ਹੱਥ ਖੜੇ ਕਰਨੇ ਪਏ, 3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜੱਬਰ ਖਾਨ ਨਾਲ 'ਸੁਪਈਆਂ' ਦੇ ਮੈਦਾਨ ਵਿਚ ਭਿਆਨਕ ਲਹੂ ਮਿੱਝ ਦੀ ਜੰਗ ਹੋਈ ਤੇ ਮੈਦਾਨ ਖਾਲਸੇ ਨੇ ਮਲਿਆ 4 ਜੁਲਾਈ 1819 ਨੂੰ ਸ੍ਰੀ ਨਗਰ (ਕਸ਼ਮੀਰ) ਖਾਲਸਾ ਰਾਜ ਅਧੀਨ ਕੀਤਾ ਗਿਆ ਦੀਵਾਨ ਮੋਤੀ ਰਾਮ ਨੂੰ ਗਵਰਨਰ ਥਾਪਿਆ ਗਿਆ ਪਰ ਉਸ ਤੋਂ ਹਲਾਤ ਕਾਬੂ ਨਾ ਹੋ ਸਕੇ, ਤਾਂ 25 ਅਗਸਤ 1820 ਨੂੰ ਕੌਮ ਦੇ ਉੱਘੇ ਜਰਨੈਲ ਸਰਦਾਰ ਹਰੀ ਸਿੰਘ ਜੀ ਨਲੂਆ ਨੇ ਚਾਰਜ ਸੰਭਾਲਿਆ ਅਤੇ ਖਾਲਸਾਈ ਕਰੰਸੀ (ਸਿੱਕਾ) ਜੰਮੂ-ਕਸ਼ਮੀਰ ਵਿਚ ਜਾਰੀ ਕੀਤਾ, ਕਸ਼ਮੀਰ ਨੂੰ ਅਫਗਾਨਿਸਤਾਨ ਤੋਂ ਅੱਡ ਕਰਕੇ ਭਾਰਤ ਨਾਲ ਜੋੜਿਆ ਨਾਲ ਹੀ ਪੇਸ਼ਾਵਰ ਵਰਗੇ ਖੇਤਰ ਵੀ ਕਸ਼ਮੀਰ ਨਾਲ ਜੋੜੇ ਗਏ। ਦੋ ਮਹੀਨੇ ਦੀ ਜੰਗ ਤੋਂ ਬਾਅਦ ਆਖਰ ਦਰਗੰਮ-ਲੱਦਾਖ ਨੂੰ ਵੀ ਖਾਲਸਾ ਰਾਜ ਵਿਚ ਸ਼ਾਮਿਲ ਕੀਤਾ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1840 ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਕੀਤੀ ਗਈ ਵੱਡੀ ਭੁੱਲ ਕਿ ਖਾਲਸਾ ਰਾਜ ਦੀ ਬਾਗਡੋਰ ਖਾਲਸਾ ਪੰਚਾਇਤ ਦੇ ਹਵਾਲੇ ਕਰਨ ਦੀ ਥਾਂ, ਡੋਗਰਿਆਂ ਨੂੰ ਰਾਜ ਦੇ ਵੱਡੇ ਵਜੀਰ ਬਣਾ ਕੇ ਚਲੇ ਗਏ ਤੇ ਸਿੱਟਾ ਡੋਗਰੇ ਗਦਾਰਾਂ ਵੱਲੋਂ ਲਗਾਤਾਰ 1840 ਤੋਂ ਬਾਅਦ ਦੇ ਕੁਝ ਦਿਨਾਂ ਮਹੀਨੇ ਤੱਕ, ਮਹਾਰਾਜੇ ਦੇ ਪਰਿਵਾਰ ਦੇ 12-15 ਜੀਵ ਕਤਲ ਕਰਵਾ ਅਤੇ ਕੁਝ ਆਪ ਕਰ ਦਿੱਤੇ ਗਏ, ਇਨ੍ਹਾਂ ਵਿਚ ਨੂਹਾਂ, ਪੋਤਰੇ, ਪਤਨੀ ਪੁੱਤਰ ਸਾਲੇ ਤੇ ਕਈ ਸਿੱਖ ਆਗੂ ਸ਼ਾਮਿਲ ਹਨ। ਸਿੱਖਾਂ ਨਾਲ ਕੀਤੀ ਗਈ ਡੋਗਰਿਆਂ ਪਹਾੜੀ ਰਾਜਿਆਂ ਦੀ ਗੱਦਾਰੀਆਂ ਦਾ ਲੰਮਾ ਇਤਿਹਾਸ ਹੈ। ਇੱਥੇ ਪ੍ਰਮਾਣ ਵਜੋਂ ਚੰਦ ਦਗਾਬਾਜ਼ ਰਾਜਿਆਂ ਦਾ ਹੀ ਜ਼ਿਕਰ ਕਰ ਰਹੇ ਹਾਂ। 10 ਫਰਵਰੀ 1846 ਜਿਸ ਵੇਲੇ ਹਿੰਦ-ਪੰਜਾਬ (ਅੰਗਰੇਜ਼ ਤੇ ਸਿੱਖਾਂ) ਦੀ ਜੰਗ ਹੋਈ ਜੋ ਆਖਰੀ ਜੰਗਾਂ 'ਚ ਗਿਣੀ ਜਾਂਦੀ ਹੈ, ਉਸ ਵੇਲੇ ਵੀ ਡੋਗਰਿਆਂ ਨੇ ਸਿੱਖਾਂ ਦੀ ਖੁਫੀਆ ਰਾਜ (ਸਿਕੱਰਟ) ਅੰਗਰੇਜ਼ਾਂ ਕੋਲ ਵੇਚ ਦਿੱਤੇ ਅਤੇ ਗੋਲਾ-ਬਾਰੂਦ, ਤੋਪਾਂ, ਨਕਾਰਾਂ ਕਰ ਦਿੱਤੀਆਂ ਫਿਰ ਵੀ ਖਾਲਸਾ ਫੌਜ ਵੱਲੋਂ ਫਤਿਹਯਾਬ ਹੋਣ ਤੇ ਇਨ੍ਹਾਂ ਅਖੌਤੀ (ਡੋਗਰਿਆਂ) ਆਗੂਆਂ ਨੇ ਖਾਲੀ ਪਿਆ ਮੈਦਾਨ ਨਾ ਸਾਂਭਿਆ ਅਤੇ ਆਖਰ ਇਕੱਲਾ ਬਚਿਆ ਸਿੱਖ ਜਰਨੈਲ ਸ. ਸ਼ਾਮ ਸਿੰਘ ਜੀ ਅਟਾਰੀ, ਵੀ ਜੰਗ ਵਿਚ ਸ਼ਹੀਦ ਹੋ ਗਿਆ, ਜਿਸ ਬਾਵਤ ਸ਼ਾਹ ਮੁਹੰਮਦ ਲਿਖਦਾ ਹੈ।

"ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ ਸ਼ਸ਼ਤਰ ਜੋੜ ਵਿਛੋੜ ਸੁਟੇ.

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸ. ਸ਼ਾਮ ਸਿੰਘ ਦੇ ਆਖਰੀ ਬਚਨ ਸਨ।

"ਖਾਲਸਾ ਜੀ ! ਸਿੱਖੀ ਨੂੰ ਲਾਜ ਨਾ ਲੱਗੇ। ਸਰਦਾਰ ਰਣਜੀਤ ਸਿੰਘ ਦੇ ਨਾ ਨੂੰ ਵੱਟਾ ਨਾ ਲੱਗੇ। ਗੁਲਾਮੀ ਦੇ ਜੀਵਨ ਨਾਲੋਂ ਬਹਾਦਰਾਂ ਵਾਂਗ ਲੜ ਮਿਟਣਾ ਚੰਗਾ ਹੈ। ਪੰਜਾਬ ਨੂੰ ਗੁਲਾਮੀ ਤੋਂ ਬਚਾਉ ਜਾਂ ਸ਼ਹੀਦ ਹੋ ਜਾਓ।" ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੇ। ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।"

ਇੱਥੇ ਤੁਹਾਨੂੰ ਦੱਸਣਾ ਜ਼ਰੂਰੀ ਹੋਵੇਗਾ ਕਿ ਗੁਲਾਬ ਸਿਹੁੰ, ਲਾਲ ਸਿਹੁੰ ਡੋਗਰਿਆਂ ਵੱਲੋਂ, ਜੋ ਅੰਗਰੇਜ਼ਾਂ ਨੂੰ ਖੱਤ ਲਿਖੇ ਸਨ ਉਨ੍ਹਾਂ ਦੀ ਚੰਦ ਸੱਤਰਾਂ ਡੋਗਰਿਆਂ ਦੀ ਗਦਾਰੀ ਤੇ ਮੋਹਰ ਲਾਉਂਦੀ ਹੈ।

"ਮੈਂ ਤੁਹਾਡੇ ਨਾਲ ਹਾਂ ਅਤੇ ਹਰ ਤਰ੍ਹਾਂ ਸਹਾਇਤਾ ਕਰਾਂਗਾ।" ਉਸ ਨੇ ਇਹ ਵੀ ਕਿਹਾ, "ਤੁਹਾਡਾ ਹੱਲਾ ਹੁੰਦਿਆਂ ਹੀ ਸਿੱਖ ਸੈਨਾਪਤੀ (ਲਾਲ ਸਿਹੁ, ਤੇਜ਼ਾ ਸਿਹੁੰ) ਨੱਸ ਜਾਣਗੇ। ਜੰਗ ਜਿੱਤਣ ਮਗਰੋਂ ਤੁਸੀਂ (ਅੰਗਰੇਜ਼) ਸਿੱਧਾ ਲਾਹੌਰ ਪਹੁੰਚ ਜਾਣਾ, ਤੁਹਾਨੂੰ ਕੋਈ ਨਹੀਂ ਰੋਕੇਗਾ।"। ਇਸ ਤੋਂ ਇਲਾਵਾ ਅੰਗਰੇਜ਼ ਕਮਾਂਡਰ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ "ਸਿੱਖਾਂ ਤੇ ਜ਼ੁਲਮ ਇਕ ਨਿਰਦੈਤਾ ਭਰਿਆ ਕਤਲ ਸੀ, ਪਰ ਆਪਣੀ ਕੌਮ ਤੇ ਦੇਸ਼ ਦੀ ਭਲਾਈ ਖਾਤਰ।" ਅੱਗੇ "ਲਾਡਰ ਗੱਫ" ਇਹੀ ਕਮਾਂਡਰ ਲਿੱਖਦਾ ਹੈ। "ਇਸ ਸਮੇਂ (ਜੰਗ ਵੇਲੇ ਸਿੱਖਾਂ ਦੇ ਆਗੂ ਗੱਦਾਰ ਤੇ ਧੋਖੇ ਬਾਜ਼ ਸਾਬਤ ਨਾ ਹੁੰਦੇ ਤਾਂ ਮੈਨੂੰ ਵਿਸ਼ਵਾਸ ਹੈ, ਕਿ ਪੰਜਾਬ ਦੇ ਜੰਗਾਂ ਦਾ ਸਿੱਟਾ ਕੁਝ ਹੋਰ ਹੀ ਹੁੰਦਾ।" ਇੱਥੇ ਆਗੂ ਤੋਂ ਭਾਵ ਡੋਗਰੇ ਵਜੀਰ ਹੈ। ਜੇ ਡੋਗਰੇ ਸਿੱਖਾਂ ਨਾਲ ਵਿਸਾਹਘਾਤ ਨਾਂ ਕਰਦੇ ਤਾਂ ਭਾਰਤ ਕਦੀ ਵੀ ਅੰਗਰੇਜ਼ਾਂ ਦਾ ਗੁਲਾਮ ਨਾ ਹੁੰਦਾ ਅਤੇ ਅਫ਼ਗਾਨਿਸਤਾਨ ਤੇ ਪਾਕਿਸਤਾਨ ਵੀ ਭਾਰਤ ਦੇ ਅਟੁੱਟ ਅੰਗ ਹੁੰਦੇ। ਇਨ੍ਹਾਂ ਗੱਦਾਰੀਆਂ, ਵਫਾਦਾਰੀਆਂ ਤੋਂ ਖੁਸ਼ ਹੋ ਕੇ ਹੀ ਅੰਗਰੇਜ਼ਾਂ ਨੇ, 11 ਮਾਰਚ 1856 ਨੂੰ ਗੁਲਾਬ ਸਿਹ ਡੋਗਰੇ ਨੂੰ ਜੰਮੂ ਕਸ਼ਮੀਰ, 75 ਲੱਖ ਦੀ ਰਕਮ ਲੈ ਕੇ ਤੋਹਫੇ ਵਜੋਂ ਦੇ ਦਿੱਤਾ, ਇਹ 75 ਲੱਖ ਦੀ ਰਕਮ ਵੀ, ਮਹਾਰਾਣੀ ਜਿੰਦਾਂ ਤੇ ਸ. ਦਲੀਪ ਸਿੰਘ ਵੇਲੇ ਖਾਲਸਾ ਰਾਜ ਦੇ ਖਜ਼ਾਨੇ ਦਾ ਲੁੱਟਿਆ ਹੋਇਆ ਹਿੱਸਾ ਸੀ....।1947 ਵੇਲੇ ਜੰਮੂ ਕਸ਼ਮੀਰ ਦੇ 35 ਹਜ਼ਾਰ ਸਿੱਖਾਂ ਨੇ, ਕਬਾਈਲੀ ਜੋ ਪਾਕਿਸਤਾਨ ਅਫ਼ਗਾਨਿਸਤਾਨ ਦੇ ਲੁਟੇਰੇ ਸਨ, ਜਿਨ੍ਹਾਂ ਨਾਲ ਪਾਕਿ. ਫੌਜ ਵੀ ਸਿਵਲ ਕੱਪੜਿਆਂ 'ਚ ਸ਼ਾਮਿਲ ਸੀ, ਨਾਲ ਮੁਕਾਬਲਾ ਕਰਦਿਆਂ ਸ਼ਹੀਦੀਆਂ ਦਿੱਤੀਆਂ, ਜਿਸ ਕਾਰਨ ਕਸ਼ਮੀਰ ਪਾਕਿਸਤਾਨ ਵਿਚ ਰੱਲਣ ਤੋਂ ਬਚਿਆ ਸੀ। ਇਸੇ ਸਮੇਂ ਦੌਰਾਨ1947 ਭਾਰਤ ਸਰਕਾਰ ਦੀ ਅਖੌਤੀ ਡੋਗਰਾ ਰਾਜਾਂ ਹਰੀ ਸਿਹੰ ਨਾਲ ਹੋਈ ਸੰਧੀ ਸਮੇਂ ਉਸ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ, ਪੰਡਿਤ ਜਵਾਹਰ ਲਾਲ ਨਹਿਰੂ ਵੱਲੋਂ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਕੌਂਸਲ ਨੂੰ ਯਕੀਨ ਦਿਵਾਇਆ ਸੀ, ਕਿ ਕਸ਼ਮੀਰ ਦੇ ਲੋਕਾਂ ਨੂੰ ਰੈਫਰੈਂਡਮ (ਜਨਮਤ) ਦਾ ਅਧਿਕਾਰ ਦੇ ਕੇ ਹੀ

ਆਖਰੀ ਫੈਸਲਾ ਕੀਤਾ ਜਾਵੇਗਾ, 1989 ਨੂੰ ਕਸ਼ਮੀਰ ਵਿਚ ਇਕ ਵੱਡੇ ਬੰਬ ਧਮਾਕੇ ਨਾਲ ਮੁਸਲਮਾਨਾਂ ਨੇ ਕਸ਼ਮੀਰ ਦੀ ਅਜ਼ਾਦੀ ਲਈ ਜੇਹਾਦ ਦਾ ਝੰਡਾ ਗੱਡ ਦਿੱਤਾ। ਇਸ ਵੇਲੇ ਕਸ਼ਮੀਰ 'ਚ 50 ਤੋਂ ਵੱਧ ਹਥਿਆਰਬੰਦ ਕਸ਼ਮੀਰੀ-ਪਾਕਿਸਤਾਨੀ-ਅਫ਼ਗਾਨੀ, ਸੁਡਾਨੀ, ਅਰਬੀ, ਆਦਿ ਦੇਸ਼ਾਂ ਦੇ ਲੋਕ ਕਸ਼ਮੀਰੀਆਂ ਦੀ ਮੱਦਦ ਲਈ ਜੂਝ ਰਹੇ ਹਨ। ਇਨ੍ਹਾਂ ਖਾੜਕੂਆਂ ਦੀ ਇਕ ਸਾਂਝੀ "ਜਹਾਦ-ਏ-ਕੌਂਸਲ" ਸੰਸਥਾ ਹੈ, ਜਿਸ ਦਾ ਪ੍ਰਧਾਨ ਇਨ ਚੀਫ ਸਲਾਊਦੀਨ ਹੈ, ਜੋ ਕਿਸੇ ਵੇਲੇ ਰਾਜਨੀਤਿਕ ਫਰੰਟ ਤੋਂ ਅਜ਼ਾਦੀ ਦੀ ਗੱਲ ਕਰਿਆ ਕਰਦਾ ਸੀ ਅਤੇ ਉਸ ਨੇ ਇਲੈਕਸ਼ਨ ਵੀ ਲੜੇ ਸਨ, ਜਿਸਨੂੰ ਜਿੱਤ ਜਾਣ ਤੇ ਵੀ ਧੋਖੇ ਨਾਲ ਹਾਰਿਆ ਐਲਾਨਿਆ ਗਿਆ। ਆਖਰ ਲੋਕਤੰਤਰ ਦੇ ਅਖੌਤੀ ਸਿਸਟਮ ਨੂੰ ਲੱਤ ਮਾਰਕੇ 1987 ਦੇ ਇਲੈਕਸ਼ਨਾਂ ਤੋਂ ਬਾਅਦ ਉਹ ਖਾੜਕੂ ਬਣ ਗਿਆ।

ਇਸ ਦੇ ਨਾਲ ਹੀ ਤਕਰੀਬਨ 25 ਤੋਂ ਵੱਧ ਪਾਰਟੀਆਂ ਆਜ਼ਾਦੀ ਕਸ਼ਮੀਰ ਲਈ ਸਰਗਰਮ ਹਨ ਅਤੇ ਇਨ੍ਹਾਂ ਦੀ ਵੀ ਸਾਂਝੀ ਜਮਾਤ ਹੈ ਜਿਸ ਨੂੰ ਹੁਰੀਅਤ ਭਾਵ ਅਜ਼ਾਦੀ ਕਿਹਾ ਜਾਂਦਾ ਹੈ। ਸਲਾਊਦੀਨ ਵਾਂਗ ਹੁਰੀਅਤ ਦੇ ਨੌਜਵਾਨ ਨੇਤਾ "ਮੀਰ ਵਾਇਜ਼ ਉਮਰ ਫਰੂਕ ਮੌਲਵੀ" ਹੁਰੀਅਤ ਤੋਂ ਇਲਾਵਾ 56 ਇਸਲਾਮੀਂ (ਮੁਲਕਾਂ) ਦਾ ਸਾਂਝਾ ਪ੍ਰਤੀਨਿਧ ਹੈ, ਜੋ ਇਸਲਾਮੀ ਕੌਮੀਂ, ਮਸਲਿਆਂ ਖਾਸ ਕਰ ਕਸ਼ਮੀਰ ਮਸਲੇ ਤੇ, ਯੂ.ਐਨ.ਓ., ਭਾਰਤ, ਪਾਕਿਸਤਾਨ ਆਦਿ ਨਾਲ ਗੱਲਬਾਤ ਕਰਦਾ ਹੈ। ਜੰਮੂ ਕਸ਼ਮੀਰ 'ਚ ਭਾਰਤੀ ਹਕੂਮਤ ਦੀਆਂ ਭਾਈਵਾਲ ਕੁਝ ਪਾਰਟੀਆਂ ਵੀ ਹਨ, ਜਿਵੇਂ ਕਿ ਡਾ. ਫਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ (ਐਨ ਸੀ) ਅੱਜਕਲ੍ਹ ਕੇਂਦਰ ਵਿਚ ਕਾਂਗਰਸ ਦੀ ਭਾਈਵਾਲ ਹੈ। ਦੂਜੀ ਪਾਰਟੀ ਚੰਦ ਸਾਲ, ਪਹਿਲਾਂ ਹੋਂਦ ਵਿਚ ਆਈ, ਜਾ ਕਹਿ ਲਵੋ ਲਿਆਂਦੀ ਗਈ, ਮੁਫਤੀ ਮੁਹੰਮਦ ਸਈਅਦ ਦੀ 'ਪੀਪਲਸ ਡੈਮੋਕਰੇਟਿਕ ਪਾਰਟੀ' (ਪੀ.ਡੀ.ਪੀ.) ਜੋ ਹੁਰੀਅਤ ਦੀ ਤਾਕਤ ਕੰਮਜ਼ੋਰ ਕਰਨ ਲਈ ਬਣਾਈ ਗਈ ਦੱਸੀ ਜਾਂਦੀ ਹੈ, ਇਸ ਨੇ ਹੁਰੀਅਤ ਦੇ ਚੋਣਾਂ ਦੇ ਬਾਈਕਾਟ ਦਾ ਫਾਇਦਾ ਉਠਾਉਂਦਿਆਂ ਉਨ੍ਹਾਂ ਦੇ ਪ੍ਰੋਗਰਾਮ ਚੋਰੀ ਕਰਨ ਦਾ ਦੋਸ਼ ਸਿਰ ਲਿਆ ਹੈ, ਇਸ ਪਾਰਟੀ ਦੀ ਅਜ (2004) ਕਾਂਗਰਸ ਨਾਲ ਗਠਬੰਧਨ ਸਰਕਾਰ ਚੱਲ ਰਹੀ ਹੈ। ਸਰਕਾਰੀ ਕੈਟਾਂ (ਮੁਖਬਰਾਂ) ਦੀ ਵੀ ਇਕ ਪਾਰਟੀ, ਮੁਹੰਮਦ ਯੂਸਫ ਉਰਫ ਕੂਕਾ ਪੈਰੇ, ਦੀ ਪ੍ਰਧਾਨਗੀ ਥੱਲੇ, ਜੰਮੂ ਕਸ਼ਮੀਰ ਅਵਾਸੀ ਲੀਗ ਲੋਕਾਂ ਵਿਚ ਭੁਲੇਖੇ ਪੈਦਾ ਕਰਨ ਵਾਲੀ ਕਹੀ ਜਾ ਰਹੀ ਹੈ ਕੁਝ ਅਰਸ਼ਾਂ ਪਹਿਲੇ ਕੁਕਾ ਪਰੇ ਨੂੰ ਖਾੜਕੂਆਂ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਜਿਸ ਵੱਲ ਕਸ਼ਮੀਰੀ ਅਵਾਮ ਦਾ ਕੋਈ ਧਿਆਨ ਨਹੀਂ ਹੈ। ਜ਼ਿਕਰਯੋਗ ਹੈ, ਜੰਮੂ ਕਸ਼ਮੀਰ ਵਿਚ ਜਿੰਨੀ ਵੇਰਾਂ ਵੀ ਸਿੱਖਾਂ ਦਾ ਕਤਲੇਆਮ ਕੀਤਾ, ਜਾ ਕਰਵਾਇਆ ਗਿਆ, ਸਰਕਾਰ ਨੈਸ਼ਨਲ ਕਾਨਫਰੰਸ ਦੀ ਹੀ ਸੀ। ਜਿਸ ਵੇਲੇ ਕਾਂਗਰਸ ਦੇ ਲੀਡਰ ਅਤੇ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ 1984 ਦੇ ਕਤਲੇਆਮ ਲਈ ਸਿੱਖ ਜਗਤ ਤੋਂ ਮਾਫੀ ਮੰਗੀ ਸੀ, ਉਨ੍ਹਾਂ ਦਿਨਾਂ ਵਿਚ ਹੀ ਡਾ. ਫਰੂਕ ਅੱਬਦੁੱਲਾ ਨੇ ਵੀ ਇਕ ਪ੍ਰੈਸ ਮਿਲਨੀ ਦੌਰਾਨ ਮਾਫੀ ਮੰਗਦਿਆਂ ਸ਼ਬਦ ਕਹੇ ਸਨ, "... ਮੈਨੂੰ ਅੱਡਵਾਨੀ ਜੀ ਨੇ

37 ਸਿੱਖਾਂ ਦੇ ਕਤਲਾਂ ਦੀ ਇਨਕੁਆਰੀ ਕਰਵਾਉਣ ਤੋਂ ਰੋਕਿਆ ਸੀ।" ਜਿਸ ਲਈ ਮੈਂ ਸਿੱਖਾਂ ਤੋਂ ਮਾਫੀ ਮੰਗਦਾ ਹਾਂ ਮੈਂ ਤੁਹਾਨੂੰ ਇਨਸਾਫ ਨਹੀਂ ਦੁਆ ਸਕਿਆ।

ਇੰਨੀ ਗੱਲ ਤਾਂ ਸਪੱਸ਼ਟ ਹੋ ਗਈ ਕਿ ਬਾਦਲ ਦਲ ਵਾਂਗ ਨੈਸ਼ਨਲ ਕਾਨਫਰੰਸ ਵੀ ਭਾਜਪਾ ਦੀ ਕੱਠਪੁਤਲੀ ਹੈ, ਪਰ ਬਾਦਲ ਤੋਂ ਵੱਧ ਕਿ ਜੋ ਹਿੰਮਤ ਸੱਚ ਕਹਿਣ ਦੀ ਡਾ. ਫਰੂਕ ਅਬਦੁੱਲਾ ਨੇ ਵਿਖਾਈ ਹੈ, ਉਹ ਕਾਬਿਲੇ ਤਾਰੀਫ਼ ਹੈ। ਗੱਲ ਕਰੀਏ ਪੀ.ਡੀ.ਪੀ. ਦੀ ਤਾਂ ਇਸ ਨੇ ਇਕ ਨਿਤੀ ਤਹਿਤ ਕਸ਼ਮੀਰੀ ਅਵਾਮ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਦਿਆਂ ਨੂੰ ਨਿਭਾਉਂਦਿਆਂ ਸੈਂਕੜਿਆਂ ਦੀ ਗਿਣਤੀ ਵਿਚ ਮੁਸਲਿਮ ਖਾੜਕੂਆਂ ਤੇ ਬੇਗੁਨਾਹਾਂ ਨੂੰ "ਹੀਲਿੰਗ ਟੱਚ" ਪ੍ਰੇਮ ਛੂਹ, ਪਾਲਿਸੀ ਅਧੀਨ ਜੇਲ੍ਹਾਂ 'ਚੋਂ ਰਿਹਾ ਕਰਵਾਇਆ, ਨੌਕਰੀਆਂ ਅਤੇ ਸਰਕਾਰੀ ਲੋਨ (ਬੈਂਕ ਕਰਜ਼ਾ) ਜੋ ਬਾਅਦ ਵਿਚ ਮਾਫ ਕਰ ਦਿੱਤੇ ਗਏ,) ਆਦਿ ਸਕੀਮਾਂ ਤਹਿਤ ਬੇਰੁਜ਼ਗਾਰੀ ਖਤਮ ਕਰਨ ਲਈ ਤੇ ਜੇਲ੍ਹਾ 'ਚੋਂ ਆਏ ਲੋਕਾਂ ਲਈ ਸਰਗਰਮੀ ਨਾਲ ਪ੍ਰੋਗਰਾਮ ਉਲੀਕੇ ਜਾਂ ਰਹੇ ਹਨ, ਮਾਰੇ ਜਾ ਚੁੱਕੇ ਬੱਚਿਆਂ ਨੂੰ ਆਸ਼ੀਆਨਾ (ਰਹਿਬਰੇ ਤਾਲੀਮ ਸਕੀਮ) ਪਰਵਰਿਸ਼ ਕੇਂਦਰ ਖੋਲਕੇ ਸਭਾਲਿਆ ਜਾ ਰਿਹਾ ਹੈ, ਬੱਚਿਆਂ ਨੂੰ ਮੁਫਤ 'ਚ ਪੂਰੇ ਦੇਸ਼ ਦੀ ਸੈਰ ਕਰਵਾਈ ਜਾ ਰਹੀ ਹੈ ਜੋ ਬੱਚਿਆਂ ਦੀ ਮਾਨਸਿਕ, ਸੋਚ ਨੂੰ ਤਬਦੀਲ ਕੀਤਾ ਜਾ ਸਕੇ, ਝੂਠੇ ਮੁਕਾਬਲਿਆਂ ਵਿਚ ਸ਼ਾਮਲ ਅਫ਼ਸਰਾਂ ਤੇ ਕੇਸ ਦਰਜ ਕੀਤੇ ਗਏ, ਨੌਕਰੀਆਂ ਤੋਂ ਬੇਦਖਲ ਕੀਤਾ ਗਿਆ, ਬਦਨਾਮ ਪੁਲਿਸ ਫੋਰਸ (ਐਸ.ਓ.ਜੀ.) ਤੇ ਲਗਾਮ ਕੱਸੀ ਗਈ, ਪਰ ਸਿੱਖਾਂ ਨੂੰ ਪੀ.ਡੀ.ਪੀ. ਸਰਕਾਰ ਵੀ "ਹਿਲਿਗ ਟੱਚ" ਦੀ ਥਾ "ਕਿਲਿੰਗ ਟੱਚ" ਖੂਨੀ ਛੂਹ ਨਾਲ ਹੀ ਨਿਵਾਜ਼ ਦੀ ਆ ਰਹੀ ਹੈ, (ਮੈਂ ਜੇਲ੍ਹ 'ਚੋਂ ਛੁੱਟਿਆ ਤਾਂ ਫਿਰ ਜੇਲ ਦੇ ਬਹਾਰੋਂ ਚੁੱਕ ਲਿਆ ਗਿਆ ਤੇ ਗਿਆਰਾਂ ਮਹੀਨੇ ਤੱਕ ਜੰਮੂ ਦੇ ਤਸੀਹਾ ਘਰਾਂ ਤੇ ਥਾਨਿਆਂ 'ਚ ਰੱਖਿਆ ਗਿਆ ਤੇ ਆਖਿਰ, ਕੌਮੀ ਆਗੂ ਸ੍ਰ. ਸਿਮਰਨਜੀਤ ਸਿੰਘ ਮਾਨ, ਵੱਲੋਂ ਸਾਡੇ ਲਈ ਦਿੱਲੀ ਤੱਕ ਪਹੁੰਚ ਕੀਤੀ ਤਾਂ ਸਾਡੀ ਰਿਹਾਈ ਯਕੀਨੀ ਕੀਤੀ ਗਈ। ਇਸੇ ਤਰ੍ਹਾਂ ਕਈ ਹੋਰ ਨੌਜਵਾਨਾਂ ਨੂੰ ਤਿਨ ਮਹੀਨੇ, ਪੰਜ ਮਹੀਨੇ ਰੱਖਿਆ ਗਿਆ। ਕਈ ਸਿੱਖ ਨੌਜਵਾਨ ਇਸ ਸਰਕਾਰ ਵੇਲੇ ਫੋਰਸਾਂ ਵੱਲੋਂ ਝੂਠੇ ਮੁਕਾਬਲੇ ਵਿਚ ਮਾਰੇ ਗਏ, ਕਈ ਸਿੱਖ ਬਜ਼ੁਰਗਾਂ ਤੇ ਹਥਿਆਰਾਂ ਦੇ ਝੂਠੇ ਕੇਸ ਪਾਏ ਗਏ, ਫਿਰ ਵੀ ਪੀ.ਡੀ.ਪੀ. ਸਰਕਾਰ ਨੇ ਜੋ ਆਪਣੇ ਲੋਕਾਂ ਲਈ ਕੀਤਾ ਹੈ ਅਸੀਂ ਉਸ ਦੀ ਸਰਹਾਨਾਂ ਕਰਦੇ ਹਾਂ, ਕਿਉਂਕਿ ਅਸੀਂ ਵੀ ਆਪਣੇ ਅਕਾਲੀਆਂ ਤੋਂ ਇਹੀ ਉਮੀਦ ਰੱਖਦੇ ਸੀ।

ਕਸ਼ਮੀਰ ਦੋਰਾਂ ਕਰਨ ਤੇ ਕਈ ਸਿੱਖ ਲੀਡਰਾਂ ਤੇ ਨੌਜਵਾਨ ਸੰਸਥਾਵਾਂ ਦਸ਼ਮੇਸ਼ ਯੂਥ ਆਰਗੇਨਾਇਜੇਸ਼ਨ ਤੇ ਗੁਰਬਖਸ਼ ਸਿੰਘ ਬਾਵਾ, ਬਾਰਾਮੁੱਲਾ ਆਦਿ ਲੀਡਰਾਂ ਨੇ ਗੱਲਬਾਤ 'ਚ ਦੱਸਿਆ ਕਿ : ਕਸ਼ਮੀਰ ਵਿਚਲੇ ਜੇਹਾਦ ਵਿਚ ਮੁਜਾਹੀਦੀਨਾਂ ਨੇ ਜਾਣ-ਬੁੱਝ ਕੇ ਕਿਸੇ ਸਿੱਖ ਦਾ ਜਾਨੀ-ਮਾਲੀ ਨੁਕਸਾਨ ਨਹੀਂ ਕੀਤਾ, ਛੁੱਟ-ਪੁੱਟ ਘਟਨਾਵਾਂ ਅਣਜਾਣ ਤੇ ਬੇਸਮਝ ਨੌਜਵਾਨਾਂ ਤੋਂ ਹੋ ਹੀ ਜਾਂਦੀਆਂ ਹਨ, ਪਰ ਸੰਨ 2000 ਵਿਚ ਅਚਾਨਕ ਘਟੀਆਂ ਘਟਨਾਵਾਂ ਨੇ ਸਿੱਖਾਂ ਨੂੰ ਭਵਿੱਖ ਲਈ ਗਹਿਰੀ ਚਿੰਤਾਂ ਵਿਚ ਪਾ ਦਿੱਤਾ ਹੈ। 20 ਮਾਰਚ

ਸੰਨ 2000 ਨੂੰ ਅਨੰਤਨਾਗ ਦੇ ਪਿੰਡ ਚਿੱਠੀ ਸਿੰਘਪੁਰਾਂ ਵਿਖੇ 37 ਸਿੱਖਾਂ ਦਾ ਕਤਲ ਹੋਇਆ...(1. ਰਾਜਿੰਦਰ ਸਿੰਘ, 2. ਕਰਨੈਲ ਸਿੰਘ, 3. ਰਾਜਨ ਸਿੰਘ, 4. ਨਿਰੰਜਨ ਸਿੰਘ, 5. ਗੁਰਦੀਪ ਸਿੰਘ, 6. ਅਜੀਤਪਾਲ ਸਿੰਘ, 7. ਜੋਗਿੰਦਰ ਸਿੰਘ, 8. ਗੁਰਬਖਸ਼ ਸਿੰਘ, 9. ਉਤਮ ਸਿੰਘ, 10. ਸੁਰਜੀਤ ਸਿੰਘ, 11. ਮਨਜੀਤ ਸਿੰਘ, 12. ਦਵਿੰਦਰ ਸਿੰਘ, 13. ਰਾਜਿੰਦਰ ਸਿੰਘ, 14. ਰਸ਼ਪਾਲ ਸਿੰਘ, 15. ਗੁਰਮੀਤ ਸਿੰਘ, 16 ਸੁੱਖਾ ਸਿੰਘ, 17. ਰਵੀ ਸਿੰਘ, 18. ਜੰਗ ਬਹਾਦੁਰ ਸਿੰਘ, 19. ਰਾਜਦੀਪ ਸਿੰਘ, 20 ਨਸੀਬ ਸਿੰਘ, 21. ਦਲਬੀਰ ਸਿੰਘ, 22. ਦਰਬਾਨ ਸਿੰਘ, 23. ਦੀਦਾਰ ਸਿੰਘ, 24. ਗੁਰਮੀਤ ਸਿੰਘ,।25. ਉਜਲ ਸਿੰਘ, 26. ਚਰਨ ਸਿੰਘ, 27. ਸਰਤਾਜ ਸਿੰਘ, 28. ਰਾਜਨਾਥ ਸਿੰਘ, 29. ਫਕੀਰ ਸਿੰਘ 30. ਜਰਨੈਲ ਸਿੰਘ ਡਾ. ਸ਼ੀਤਲ ਸਿੰਘ, 32. ਰਵਿੰਦਰ ਸਿੰਘ, 33. ਜਗਦੀਸ਼ ਸਿੰਘ, 34. ਸਾਗਰ ਸਿੰਘ, 35. ਸਰਤਾਜ ਸਿੰਘ, 36. ਗੋਬਿੰਦ ਕੌਰ, 37. ਦਵਿੰਦਰ ਕੌਰ।

ਕਾਤਲ ਨਸ਼ੇ ਵਿਚ ਧੁੱਤ, 'ਭਾਰਤ ਮਾਤਾ ਕੀ ਜੈ, ਅਤੇ ਹੋਲੀ ਐ... ਨਾਹਰੇ ਲਾਉਂਦੇ ਨਿਕਲ ਗਏ। ਉਨ੍ਹਾਂ ਦਿਨਾਂ ਦਸੰਬਰ 2000 'ਚ 5 ਸਿੱਖਾਂ ਨੂੰ ਮਯੂਰ ਨਗਰ ਵਿਖੇ ਕਤਲ ਕਰ ਦਿਤਾ ਗਿਆ, ਫਿਰ 3 ਜਨਵਰੀ 2001 ਨੂੰ 7 ਸਿੱਖਾਂ ਨੂੰ ਸ਼ੇਰ ਬੀਬੀ ਇਲਾਕੇ ਵਿਚ ਗੋਲੀਆਂ ਮਾਰ ਕੇ, ਕਸ਼ਮੀਰ ਜਹਾਦ ਦੀ ਭੇਟ ਚਾੜ ਦਿੱਤਾ ਗਿਆ। ਸਿੱਖ ਕਤਲਾਂ ... ਵਿਰੁੱਧ ਜੰਮੂ 'ਚ ਰੋਸ ਪ੍ਰਗਟ ਕਰ ਰਹੇ ਸਿੱਖਾਂ ਉੱਤੇ ਗੋਲੀ ਚਲਾ ਕੇ ਪੁਲਿਸ ਨੇ ਮਹਿੰਦਰ ਸਿੰਘ ਨਾਮ ਦਾ ਸਿੱਖ ਕਤਲ ਕਰ ਦਿੱਤਾ, ਇਸੇ ਤਰ੍ਹਾਂ 13 ਜਨਵਰੀ ਨੂੰ 13 ਕਤਲਾਂ ਵਿਰੁੱਧ ਰੋਸ ਜਤਾ ਰਹੇ ਲੋਕਾਂ ਤੇ ਗੋਲੀ ਚਲਾ ਕੇ ਗੁਰਦੀਪ ਸਿੰਘ ਡਰਾਇਵਰ ਨੂੰ ਕਤਲ ਕਰ ਦਿੱਤਾ ਗਿਆ ਸੀ। ਇਹ ਸੱਚ ਹੈ।

ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ।
ਔਰ ਵੋਹ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤੀ।

ਆਖਰ ਸ਼ਾਂਤੀਭੰਗ ਹੋਈ ਮਾਰਚ 2000 ਨੂੰ ਜੰਮੂ ਸ਼ਹਿਰ ਵਿਚ ਵੱਖ-ਵੱਖ ਇਲਾਕੇ ਤੋਂ ਇਕੱਠੇ ਹੋਏ 10 ਹਜ਼ਾਰ ਤੋਂ ਵੱਧ ਸਿੱਖਾਂ ਨੇ ਕਰਫਿਊ ਦੀਆਂ ਧੱਜੀਆਂ ਉਡਾ ਕੇ ਰੋਸ ਮਾਰਚ ਕੱਢਿਆ, ਜਿਸ ਵਿਚ ਹਿੰਦੂ ਕੱਟੜਵਾਦੀਆਂ ਨੇ ਸ਼ਾਮਿਲ ਹੋ ਕੇ ਪਾਕਿਸਤਾਨ ਅਤੇ ਮੁਸਲਮਾਨਾਂ ਵਿਰੁੱਧ ਨਾਹਰੇਬਾਜੀ ਕਰਕੇ ਸਿੱਖਾਂ ਦੇ ਜਜਬਾਤ ਮੁਸਲਮਾਨਾਂ ਵਿਰੁੱਧ ਭੜਕਾ ਕੇ ਇਕ ਤੀਰ ਨਾਲ ਦੋ ਸ਼ਿਕਾਰ ਦੀ ਖੇਡ-ਖੇਡੀ ਜਿਸ ਨੂੰ ਸਿੱਖਾਂ ਨੌਜਵਾਨਾਂ ਨੇ ਨਾਕਾਮ ਕਰਕੇ, ਵੱਡਾ ਸਿੱਖ-ਮੁਸਲਿਮ ਫਸਾਦ ਹੋਣ ਤੋਂ ਰੋਕ ਲਿਆ, ਸਿੱਖ ਨੂੰ ਪੁਲਿਸ ਦੀਆਂ ਡਾਂਗਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪਿਆ। ਜਿਸ ਵੇਲੇ ਹਿੰਦੂ ਫਿਰਕੂ ਪਾਰਟੀਆਂ ਦੇ ਲੀਡਰ ਗੁਰਦੁਆਰਾ ਕਲਗੀਧਰ ਰਿਹਾੜੀ ਵਿਚ ਰੋਸ ਮਾਰਚ ਤੋਂ ਪਹਿਲਾਂ ਇਕੱਠ ਨੂੰ ਸਟੇਜਾਂ ਤੋਂ ... "ਖ਼ੂਨ ਕਾ ਬਦਲਾ ਖ਼ੂਨ ਸੇ ਲੇਂ... ਸਿੱਖ ਭਈਓ, ਹਮ ਤੁਮਾਰੇ ਸਾਥ ਹੈ" ਦੇ ਨਾਹਰੇ ਲਾ ਕੇ ਸਿੱਖਾਂ ਨੂੰ ਗੁਮਰਾਹ ਕਰ ਰਹੇ ਸਨ, ਉਸ ਵੇਲੇ ਅਕਾਲੀ

ਲੀਡਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਮੂਕ ਦਰਸ਼ਕ ਬਣੇ ਬੈਠੇ ਸਨ, (ਲੇਖਕ ਦਾ ਅੱਖੀ ਡਿੱਠਾ ਹਾਲ) ਇਸ ਤੋਂ ਪਹਿਲਾਂ 1984 'ਚ ਵੀ ਇਹ ਨਾਰੇ ਮਾਰੇ ਗਏ ਸਨ, ਉਦੋਂ ਇਹ ਸਿੱਖਾਂ ਵਿਰੁੱਧ ਸਨ, ਤੇ ਅੱਜ ਮੁਸਲਮਾਨਾਂ ਵਿਰੁੱਧ (ਕੌਮ ਖਬਰਦਾਰ ਹੋਵੇ)।

ਉਧਰ 37 ਸਿੱਖਾਂ ਦੇ ਕਤਲ ਦੇ ਜ਼ਿੰਮੇਵਾਰ ਦੱਸਦਿਆਂ 15 ਮਾਰਚ 2000 ਨੂੰ ਭਾਰਤੀ ਫੌਜਾਂ ਨੇ 4 ਮੁਸਲਿਮ ਨਾਗਰਿਕਾਂ ਨੂੰ ਗੰਦਰਬਲ ਗੱਡੀ ਤੋਂ ਉਤਾਰ ਕੇ ਝੂਠੇ ਮੁਕਾਬਲੇ ਵਿਚ ਕਤਲ ਕਰਕੇ ਹਥਿਆਰਾਂ ਦੀ ਬਰਾਮਦਗੀ ਦੱਸੀ ਗਈ। ਇਸ ਦਾ ਕਸ਼ਮੀਰੀ ਜਨਤਾ ਨੇ ਭਾਰੀ ਵਿਰੋਧ ਕੀਤਾ, 37 ਸਿੱਖਾਂ ਦੇ ਕਤਲ ਦੇ ਰੋਸ ਵਜੋਂ ਵੀ ਆਰ-ਪਾਰ (ਹਿੰਦ-ਪਾਕਿ) ਦਾ ਕਸ਼ਮੀਰ ਪੂਰੀ ਤਰ੍ਹਾਂ ਬੰਦ ਰੱਖਿਆ ਗਿਆ ਸੀ, ਪਹਿਲੀ ਵਾਰ ਹੋਇਆ ਕਿ ਸਿਆਸੀ, ਖਾੜਕੂ ਪਾਰਟੀਆਂ ਤੋਂ ਇਲਾਵਾ ਵੱਡੀਆਂ 13 ਹਥਿਆਰਬੰਦ ਜਥੇਬੰਦੀਆਂ ਨੇ ਵੀ ਸਿੱਖ ਕਤਲਾਂ ਦਾ ਕਰੜਾ ਵਿਰੋਧ ਕੀਤਾ ਸੀ। ਮੁੱਖ ਮੰਤਰੀ ਡਾ. ਫਰੂਕ ਅਬਦੁਲਾ ਨੇ ਇਕ ਵਾਰੀ ਫਿਰ ਹਿੰਮਤ ਕਰਕੇ ਕਹਿ ਦਿੱਤਾ, ਇਹ ਪੰਜ ਬੰਦੇ ਫੌਜ ਨੇ, ਬੇ ਗੁਨਾਹ ਮਾਰੇ ਹਨ, ਡੀ.ਐਨ.ਏ. ਰਿਪੋਰਟ ਮੰਗਵਾਈ ਗਈ, ਮੁਰਦੇ ਕਬਰਾਂ 'ਚੋਂ ਬਾਹਰ ਕੱਢੇ ਗਏ ਪੰਜੇ ਨੌਜਵਾਨ ਬੇਦੋਸ਼ੇ ਸਾਬਤ ਹੋਏ ਜਾਂਚ ਸੀ.ਬੀ.ਆਈ. ਦੇ ਸਪੁਰਦ ਕੀਤੀ ਗਈ ਤੇ ਹੁਣ ਬ੍ਰਿਗੇਡੀਅਰ ਅਜੇ ਸਕਸੈਨਾ ਲੈਫਟੀਨੈਂਟ ਕਰਨਲ (ਉਸ ਸਮੇਂ ਮੇਜਰ) ਬਰਜਿੰਦਰ ਸਿੰਘ, ਮੇਜਰ ਸੋਰਭ ਸ਼ਰਮਾਂ, ਮੇਜ਼ਰ ਅੰਮ੍ਰਿਤ ਸਕਸੈਨਾ ਅਤੇ ਸੂਬੇਦਾਰ ਇਦਰੀਸ ਖਾਨ (ਰਾਸ਼ਟਰੀ ਰਾਈਫਲਜ਼) ਵਿਰੁੱਧ ਦੋਸ਼ ਪੱਤਰ ਦਾਖਲ ਕਰਕੇ ਕਤਲ ਕੇਸ ਦਾ ਮੁਕੱਦਮਾ ਚਲਾਇਆ ਜਾ ਰਿਹਾ ਹੈ। 37 ਸਿੱਖਾਂ ਦੇ ਕਤਲ ਲਈ "ਅਮਰੀਕੀ ਰਾਸ਼ਟਰਪਤੀ, ਬਿਲ ਕਲਿੰਟਨ ਨੇ ਆਪਣੀ ਕਿਤਾਬ ਵਿਚ ਹਿੰਦੂਤਵ ਪਾਰਟੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ।" ਜਿਨ੍ਹਾਂ ਪੰਜ ਬੰਦਿਆਂ ਤੇ ਭਾਰਤੀ ਫੌਜ ਨੇ 37 ਸਿੱਖਾਂ ਦਾ ਕਤਲ ਕਾਂਡ, ਕੇਸ ਪਾ ਕੇ ਫਾਈਲ ਬੰਦ ਕਰਨ ਦਾ ਯਤਨ ਕੀਤਾ ਹੈ, ਉਹ ਪੰਜ ਤਾਂ ਬੇਗੁਨਾਹ ਨਾਗਰਿਕ ਸਾਬਤ ਹੋਏ, ਪਰ ਸਿੱਖਾਂ ਦਾ ਕਾਤਲ ਕੌਣ ਹੈ ?? ਕੌਣ ਹੈ ?? ਇਹ ਸੁਆਲ ਬਾਦਲ ਪਰਿਵਾਰ ਆਪਣੀ ਭਾਈਵਾਲ ਬੀ.ਜੇ.ਪੀ. ਨੂੰ ਪੁੱਛਣ ਦੀ ਹਿੰਮਤ ਨਾ ਕਰ ਸਕਿਆ।

ਜੰਮੂ ਕਸ਼ਮੀਰ ਵਿਚ 1984 ਤੋਂ ਅੱਜ ਤੱਕ ਝੂਠੇ ਪੁਲਿਸ ਮੁਕਾਬਲਿਆਂ, ਦੰਗਿਆਂ ਦੇ ਨਾਂ ਹੇਠ ਅਤੇ ਅੱਤਵਾਦ ਦਾ ਨਾਮ ਲੈ ਕੇ 200 ਦੇ ਕਰੀਬ ਸਿੱਖਾਂ ਦਾ ਕਤਲ, 1000 ਤੋਂ ਵੱਧ ਸਿੱਖਾਂ ਦੇ ਨੌਜਵਾਨ ਬਚਿਆਂ ਤੇ ਹਥਿਆਰਾਂ ਦੇ ਝੂਠੇ ਕੇਸ, ਜੇਲ੍ਹਾਂ, ਤਸੀਹੇ ਆਦਿ ਬਾਰੇ ਕਿਸੇ ਵੀ ਪਾਰਟੀ-ਲੀਡਰ, ਸੰਸਥਾ ਨੇ ਅੱਜ ਤੱਕ ਨਾ ਅਵਾਜ਼ ਚੁੱਕੀ ਅਤੇ ਨਾ ਹੀ ਕਦੀ ਕੁਝ ਇਸ ਬਾਰੇ ਲਿਖਿਆ, ਅਕਾਲੀ ਦਲ ਸੰਤ-ਡੇਰੇ ਤੇ ਫੈਡਰੇਸ਼ਨਾਂ ਵਾਲੇ ਵੀ ਸਿਰਫ ਬਿਆਨ ਦਾਗਨ ਤੱਕ ਸੀਮਿਤ ਰਹੇ। ਗੱਲ ਇੱਥੇ ਹੀ ਖਤਮ ਨਹੀਂ ਹੁੰਦੀ, ਸਿੱਖਾਂ ਦੇ ਨਸਲਘਾਤ ਲਈ ਨਵੇਂ ਤੋਂ ਨਵੇਂ ਪੈਂਤੜੇ ਵਰਤੇ ਜਾ ਰਹੇ ਹਨ। ਸਿੱਖਾਂ ਨੂੰ ਕੋਟੇ ਤੋਂ ਵੱਧ ਜੰਮੂ-ਕਸ਼ਮੀਰ ਪੁਲਿਸ ਵਿਚ ਭਰਤੀ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਬਾਅਦ ਵਿਚ ਕਸ਼ਮੀਰੀ ਖਾੜਕੂਆਂ ਵਿਰੁੱਧ ਮਰਨ-ਮਾਰਨ ਲਈ ਸਪੈਸ਼ਲ ਅਪਰੇਸ਼ਨ ਗਰੁੱਪ, ਐਸ.ਓ.ਜੀ. ਵਿਚ

ਭੇਜ ਦਿੱਤਾ ਜਾਂਦਾ ਹੈ, ਜਦ ਕਿ ਬਾਕੀ ਦੇ 56 ਵਿਭਾਗਾਂ ਵਿਚ ਸਿੱਖਾਂ ਲਈ ਨੌਕਰੀਆਂ, ਨਾ ਮਾਤਰ ਕਰ ਦਿੱਤੀਆਂ ਗਈਆਂ ਹਨ।

ਕਸ਼ਮੀਰ ਵਿਚਲੇ ਸਾਰੇ ਹੀ ਖਤਰਨਾਕ ਭਾਵ ਖਾੜਕੂਵਾਦ ਤੋਂ ਪ੍ਰਭਾਵਿਤ ਖੇਤਰਾਂ ਵਿਚ ਸਿੱਖ ਪਲਟਨਾਂ 15 ਸਿੱਖ 18 ਸਿੱਖ, ਆਦਿ ਪੱਲਟਨ ਤੇ ਸਿੱਖ ਪੁਲਿਸ ਅਫ਼ਸਰਾਂ ਨੂੰ ਵੀ ਉਥੇ ਹੀ ਤਾਇਨਾਤ ਕੀਤਾ ਗਿਆ ਹੈ, ਮੈਂ ਆਪ ਜਾਕੇ ਕਸ਼ਮੀਰ, ਕੁੱਪਵਾੜਾ, ਬਾਰਾਮੁੱਲਾ, ਆਦਿ ਥਾਵਾਂ ਤੇ ਜਾ ਕੇ ਦੇਖਿਆ ਹੈ। ਪਿਛਲੇ ਕੁੱਝ ਸਮੇਂ ਵਿਚ ਕਾਫੀ ਸਾਰੇ ਸਿੱਖ ਅਫ਼ਸਰ ਤੇ ਫੌਜੀ ਸਿੱਖ ਮਾਰੇ ਜਾ ਚੁੱਕੇ ਹਨ ਅਤੇ ਮਰ ਰਹੇ ਹਨ। ਹੋਰ ਅੱਗੇ ਪੜ੍ਹੋ 60 ਸਾਲ ਬੀਤ ਜਾਣ ਤੇ ਵੀ ਪੁਣੱਛ-ਮੁਜ਼ਫਰਾਬਾਦ, ਬਾਗ, ਮੀਰਪੁਰ, ਆਦਿ ਪਾਕਿਸਤਾਨੀ ਇਲਾਕਿਆਂ ਤੋਂ ਉਜੜ ਕੇ ਆਏ ਸਿੱਖਾਂ ਨੂੰ ਅੱਜ ਤੱਕ ਰਫਿਊਜੀਆਂ ਵਾਲੇ ਅਧਿਕਾਰ ਨਹੀਂ ਮਿਲੇ, ਭਾਵੇ ਉਹ ਲੰਮੇ ਸਮੇਂ ਤੋਂ ਹੱਕਾ ਲਈ ਸੰਘਰਸ਼ ਕਰਦੇ ਆ ਰਹੇ ਹਨ। ਇਸੇ ਦੇਸ਼ ਦੇ ਦੂਜੇ ਨਾਗਰਿਕ, ਕਸ਼ਮੀਰੀ, ਪੰਡਿਤਾਂ, ਜੋ ਕੁਝ ਸਾਲ ਪਹਿਲਾਂ ਉਥੋਂ (ਕਸ਼ਮੀਰ ਤੋਂ) ਉਜੜ ਕੇ ਨਹੀਂ, ਬਲਕੀ ਆਪਣੀ ਮਰਜ਼ੀ ਨਾਲ ਨਿਕਲ ਕੇ ਆਏ ਸਨ, ਉਨ੍ਹਾਂ ਨੂੰ ਸਰਕਾਰੀ ਕੁਆਟਰ, ਮੁਫ਼ਤ ਸਰਕਾਰੀ ਰਾਸ਼ਨ ਚੰਦੀਆਂ (ਸਰਕਾਰੀ ਪੈਨਸ਼ਨ-ਖਰਚ) ਦੇਸ਼ ਭਰ ਵਿਚ ਸਹੂਲਤਾਂ, ਨੌਕਰੀਆਂ 'ਚ ਵੱਧ ਕੋਟੇ ਤੇ ਪਹਿਲ 'ਤੇ ਉਚ ਦਰਜੇ ਦੀਆਂ ਪੋਸਟਾਂ ਆਦਿ ਦੇ ਕੇ ਬ੍ਰਾਹਮਣ ਦੇਵਤੇ ਨੂੰ ਸੇਵਾ ਨਾਲ ਤ੍ਰਿਪਤ ਕੀਤਾ ਜਾ ਰਿਹਾ ਹੈ, ਪਰ 1947 'ਚ ਉਜੜੇ ਪਰਿਵਾਰਾਂ ਦੀ ਅੱਜ ਤੱਕ ਕਿਸੇ ਸਰਕਾਰ ਨੇ ਸਾਰ ਨਹੀਂ ਲਈ ਭਲਾ ਕਿਉਂ ? ਕਿਉਂਕਿ ਸਿੱਖ ਭਾਰਤ 'ਚ ਗੁਲਾਮ ਹਨ। ਸ਼ਿਵ ਖੇੜਾ ਇਸੇ ਲਈ ਲਿਖਦੇ ਹਨ "ਜਿਹੜਾ ਮਨੁੱਖ ਆਪਣੀ ਅਸਥਾਈ ਜਾਂ ਥੋੜੇ ਚਿਰ ਦੀ ਸੁਰੱਖਿਆ ਨੂੰ ਖਰੀਦਣ ਵਾਸਤੇ, ਅਜ਼ਾਦੀ ਛੱਡ ਦਿੰਦਾ ਹੈ, ਉਹ ਅਜ਼ਾਦੀ ਤੇ ਸੁੱਰਖਿਆ ਦੋਹਾਂ ਦੇ ਹੀ ਲਾਇਕ ਨਹੀਂ..."

■■■

ਜੰਮੂ ਕਸ਼ਮੀਰ ਦੇ ਸਿੱਖਾਂ ਅਤੇ ਗੁਰਧਾਮਾਂ ਤੇ

ਡੋਗਰਾਸ਼ਾਹੀ ਵੱਲੋਂ ਢਾਹੇ ਜ਼ੁਲਮਾਂ ਦੀ ਗਾਥਾ

ਜੰਮੂ ਕਸ਼ਮੀਰ ਸਮੇਤ ਹਿੰਦੁਸਤਾਨ 'ਚ ਚਾਰ ਪ੍ਰਮੁੱਖ ਕੌਮਾਂ ਗਿਣਤੀ 'ਚ ਆਉਂਦੀਆਂ ਹਨ, ਹਿੰਦੂ, ਮੁਸਲਿਮ, ਸਿੱਖ, ਈਸਾਈ, ਬੇਸ਼ੱਕ ਪਾਰਸੀ, ਬੋਧੀ, ਜੈਨੀ ਆਦਿ ਕਈ ਧਰਮੀਂ ਸ਼ਾਖਾਵਾਂ ਭਾਰਤ ਅੰਦਰ ਜਿਨ੍ਹਾਂ ਨੇ ਇਕ ਵੱਖਰੇ ਧਰਮ ਵਜੋਂ ਸਥਾਪਿਤ ਹੋਣ ਦਾ ਜਤਨ ਕੀਤਾ, ਪਰ ਮਨੂੰਵਾਦੀ ਤਾਕਤਾਂ ਨੇ ਉਨ੍ਹਾਂ ਦੀ ਕਿਸੇ ਵੀ ਵਿਲੱਖਣ ਤੇ ਅਜ਼ਾਦ ਹਸਤੀ ਦਾ ਨਿਸ਼ਾਨ ਬਾਕੀ ਨਾ ਰਹਿਣ ਦੇਣ ਲਈ ਪੂਰਾ ਬ੍ਰਹਮ ਅਸਤਰ ਤੱਕ ਵਰਤ ਲਿਆ ਅਤੇ ਹੁਣ ਸਿੱਖਾਂ ਪਿੱਛੇ ਪਏ ਹੋਏ ਹਨ। ਇਕ ਹੋਰ ਕਿਸਮ ਦੀ ਕੌਮ ਹੈ, ਕਮਿਊਨਿਸਟ ਜਿਸ ਦਾ ਵੱਡਾ ਪ੍ਰਭਾਵ ਕਦੀ ਦੇਸ਼ ਦੇ ਪੜ੍ਹੇ-ਲਿਖੇ ਤਪਕੇ ਤੇ ਰਿਹਾ, ਜੋ ਅਜੋਕੀ ਨੀਤੀਆਂ ਕਾਰਣ ਘੱਟਦਾ ਜਾ ਰਿਹਾ ਹੈ।

ਬੋਧੀਆਂ ਦੇ ਘਾਣ ਤੋਂ ਬਾਅਦ ਚਾਰਾਂ ਕੌਮਾਂ 'ਚੋਂ ਸਿੱਖ ਕੌਮ ਦੇ ਹਿੱਸੇ ਹੀ ਆਇਆ ਹੈ, ਕਿ ਤਿੰਨਾਂ ਵੱਡੀਆਂ ਹਕੂਮਤਾਂ ਨੇ ਇਸ ਨਿਕੀ ਜਿਹੀ ਪਰ ਬਹਾਦੁਰ/ਜੁਝਾਰੂ ਕੌਮ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਇਸਲਾਮ 'ਚੋਂ ਮੁਗਲ ਤੇ ਪਠਾਨ ਹੁਕਮਰਾਨਾਂ ਵੱਲੋਂ ਸਿੱਖਾਂ ਤੇ ਜ਼ੁਲਮ ਢਾਹੇ ਗਏ, ਲੱਖਾਂ ਸਿੱਖਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ, ਤਸੀਹੇ ਸਹੇ, ਜੰਗਾਂ ਲੜੀਆਂ ਅਤੇ ਬਾਦਸ਼ਾਹੀ ਤੇ ਤਖ਼ਤ ਮਾਣੇ। ਬ੍ਰਿਟਿਸ਼ ਹਕੂਮਤ ਵੇਲੇ ਭਾਰਤ ਅੰਦਰ ਜ਼ਿਆਦਤੀਆਂ ਬਰਦਾਸ਼ਤ ਕੀਤੀਆਂ, ਜੇਲਾਂ-ਕੈਦਾਂ, ਫਾਂਸੀਆਂ, ਕਾਲੇ ਪਾਣੀ ਦੀ ਸਜਾਵਾਂ ਖਿੜੇ ਮੱਥੇ ਕਬੂਲ ਕੀਤੀਆਂ, ਜਿਸ ਦੀ ਬਦੌਲਤ ਭਾਰਤ ਨੂੰ ਅਜ਼ਾਦੀ ਨਸੀਬ ਹੋਈ। ਪਹਾੜੀ ਰਾਜਿਆਂ (ਗੁਰੂ ਕਾਲ) ਤੋਂ ਡੋਗਰਾਖਾਨ ਦਾਨ ਅਤੇ ਫਿਰ ਫਿਰਕਾਪ੍ਰਸਤ ਕੱਟਰਵਾਦੀ ਜ਼ਹਿਨੀਅਤ ਵਾਲੇ ਹੁਕਮਰਾਨਾ ਤੱਕ ਸਿੱਖ ਇਨ੍ਹਾਂ ਦੇ ਜ਼ੁਲਮ ਸਹਿੰਦੇ ਆ ਰਹੇ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕਿਸੇ ਵੀ ਸੱਚੇ ਮਨੁੱਖ ਦੇ ਲੂ-ਕੰਡੇ ਖੜ੍ਹੇ ਹੋ ਸਕਦੇ ਹਨ। ਇਸ ਜਾਲਮ ਸਿਸਟਮ 'ਚ ਕਮਿਊਨਿਸਟਾਂ ਨੇ ਵੀ ਅਪਰਾਧੀ ਵਾਲੀ ਭੂਮਿਕਾ ਨਿਭਾਈ ਜੋ ਆਪਣੇ ਆਪ ਨੂੰ ਧਰਮ ਰਹਿਤ ਸੈਕੂਲਰ ਕੌਮ ਵਜੋਂ ਪ੍ਰਚਾਰਦੇ ਹਨ।

ਜੇ ਇਨ੍ਹਾਂ ਇਤਿਹਾਸਕ ਖ਼ੂਨੀ ਪਤਰਿਆਂ ਨੂੰ ਘੋਖਿਆ, ਪੜਤਾਲਿਆ ਜਾਵੇ ਤਾਂ ਸਭ ਤੋਂ ਵੱਧ ਦਰਦਨਾਕ ਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਜ਼ੁਲਮ ਤੇ ਜ਼ੁਲਮ ਦੇ ਢੰਗ, ਹਿੰਦੂ ਰਾਸ਼ਟਰਵਾਦ ਦੇ ਪੈਰੋਕਾਰਾਂ ਵੱਲੋਂ ਕੀਤੇ ਗਏ ਹਨ. ਜਿਨ੍ਹਾਂ 'ਚੋਂ ਟੂਕ ਮਾਤਰ

ਜੰਮੂ-ਕਸ਼ਮੀਰ ਦੇ ਕੁਝ ਇਕ ਕਾਂਡਾਂ ਨੂੰ ਇਥੇ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਜੰਮੂ ਕਸ਼ਮੀਰ 'ਚ ਸਿੱਖ ਰਾਜ, (ਮਹਾਰਾਜਾ ਰਣਜੀਤ ਸਿੰਘ) ਦੀ ਜੜ੍ਹਾਂ ਖੋਖਲੀਆਂ ਕਰਨ ਲਈ ਡੋਗਰਿਆਂ ਨੇ ਵਿਸ਼ਵਾਸਘਾਤਰ ਦਾ ਭੇਸ ਵਟਾ ਕੇ ਸਿੱਖਾਂ ਦੀ ਪਿੱਠ ਉੱਤੇ ਛੁਰੇ ਘੋਂਪ ਅਤੇ ਅੰਗਰੇਜ਼ਾਂ ਦੇ ਝੋਲੀ ਚੁੱਕ (ਗੁਲਾਮਾਂ) ਦੀ ਭੂਮਿਕਾ ਨਿਭਾਅ ਕੇ ਖੈਰਾਤ 'ਚ ਜੰਮੂ-ਕਸ਼ਮੀਰ ਪ੍ਰਾਪਤ ਕੀਤਾ।

ਇਹ ਗੁਲਾਬ ਸਿਉ ਵਰਗੇ ਉਹ ਡੋਗਰੇ ਸਨ, ਜੋ ਮੁਗਲਾਂ ਦੇ ਤਵੇਲਿਆਂ 'ਚ ਕੰਮ ਕਰਿਆ ਕਰਦੇ ਸਨ, ਜਿਨ੍ਹਾਂ ਤੇ ਤਰਸ ਖਾ ਕੇ ਸਿੱਖ ਮਹਾਰਾਜੇ ਰਣਜੀਤ ਸਿੰਘ ਨੇ, 'ਦਰਬਾਰ ਖਾਲਸਾ 'ਚ ਇਨ੍ਹਾਂ ਨੂੰ ਵਜੀਰੀਆਂ ਦਿੱਤੀਆਂ, ਤਬੇਲਿਆਂ 'ਚੋਂ ਕੱਢ ਕੇ ਤਖ਼ਤਾਂ ਤੇ ਬਿਠਾਇਆ। ਬੇਸ਼ੱਕ ਮਹਾਰਾਜੇ ਨੂੰ ਕਈ ਸਿੱਖ ਜਰਨੈਲਾਂ ਨੇ ਇਨ੍ਹਾਂ ਨੂੰ ਦਰਬਾਰ ਖਾਲਸਾ 'ਚ ਸ਼ਾਮਲ ਕਰਣ ਤੋਂ ਸਖ਼ਤ ਮਨਾ ਕੀਤਾ ਸੀ, ਪਰ ਡੋਗਰਿਆਂ ਨੇ ਮਹਾਰਾਜੇ ਨੂੰ ਧੀਆਂ-ਭੈਣਾਂ ਦੇ ਰਿਸ਼ਤੇ ਵਿਆਹ ਕਰਵਾ ਕੇ ਅਪਨੇ ਵੱਸ ਵਿਚ ਕਰ ਲਿਆ ਸੀ।?

ਪ੍ਰੋ. ਹਿੰਮਤ ਸਿੰਘ ਲਿਖਦੇ ਹਨ : ਡੋਗਰਿਆਂ ਵੱਲੋਂ "ਸਿੱਖ ਰਾਜ ਦਾ ਖੁਫੀਆ ਰਿਕਾਰਡ, ਅੰਗਰੇਜ਼ਾਂ ਕੋਲ ਵੇਚ ਦਿੱਤਾ ਗਿਆ, ਧੋਖੇ ਨਾਲ ਸਿੱਖ ਜਰਨੈਲ ਕਤਲ ਕਰ ਦਿੱਤੇ ਗਏ, ਖਾਲਸਾ ਰਾਜ, ਅੰਗਰੇਜ਼ਾਂ ਅਧੀਨ ਆਨ ਤੇ, ਡੋਗਰਿਆਂ ਨੂੰ ਸਿੱਖਾਂ ਨਾਲ ਗੱਦਾਰੀ ਕਰਨ ਦੇ ਤੋਹਫੇ ਵਜੋਂ ਜੰਮੂ ਕਸ਼ਮੀਰ ਖੈਰਾਤ ਵਿਚ ਪ੍ਰਾਪਤ ਹੋਇਆ, ਜਿਸ ਤੋਂ ਬਾਅਦ ਸਿੱਖ ਫੌਜ ਨੂੰ ਚੁਣ-ਚੁਣ ਕੇ ਤੋਪਾਂ ਨਾਲ ਜਹਿਰ ਦੇ ਕੇ ਪਹਾੜਾਂ ਤੋਂ ਸੁੱਟ ਕੇ ਕੈਦਾਂ (ਜੇਲ੍ਹਾਂ) 'ਚ ਲੂਣ ਵਾਲਾ ਪਾਣੀ ਦੇ-ਦੇ ਕੇ ਪੱਥਰਾਂ ਨਾਲ ਸਿਰ ਫੇਹ ਕੇ ਕਤਲ (ਸ਼ਹੀਦ) ਕੀਤਾ ਗਿਆ। ਜੰਮੂ-ਕਸ਼ਮੀਰ 'ਚ ਗੁਰੂ ਸਾਹਿਬਾਨਾਂ ਦੀ ਇਤਿਹਾਸਕ ਨਿਸ਼ਾਨੀਆਂ (ਗੁਰਧਾਮਾਂ) ਨੂੰ ਮੇਟਨ 'ਚ ਕੋਈ ਕਸਰ ਨਾ ਛੱਡੀ ਗਈ। ਸੱਤਵੀਂ ਪਾਤਸ਼ਾਹੀ ਦੀ ਗੁਰਮਤਿ ਪ੍ਰਚਾਰ ਫੇਰੀ ਦੀ ਯਾਦ 'ਚ ਚਰਨ ਛੋਹ ਪ੍ਰਾਪਤ ਸਥਾਨ (ਦੇਵੀ ਅੰਝਣ ਨੇੜੇ ਕਸ਼ਮੀਰ) ਨੂੰ ਤਬਾਹ ਕੀਤਾ ਗਿਆ, ਗੁਰਦੁਆਰਿਆਂ ਦੇ ਨਾਮ ਲੱਗੀ ਹਜ਼ਾਰਾਂ ਏਕੜ ਜਮੀਨ ਨੂੰ ਗੁਲਾਬ ਸਿਉ ਦੇ ਨਾਮ ਚਾੜ੍ਹ ਦਿੱਤਾ ਗਿਆ, ਇਸੇ ਤਰ੍ਹਾਂ ਬਾਬਾ ਨਾਨਕ ਸਾਹਿਬ ਨਾਲ ਸੰਬੰਧਿਤ, ਅਨੰਤਨਾਗ, ਸੋਪੁਰ, ਮਟਨ, ਬਾਰਾਮੁਲਾ, ਗੁ. ਚਨਾਰ ਬਾਬਾ ਸ਼ਿਰੀ ਚੰਦ, ਆਦਿ ਥਾਵਾਂ ਨੂੰ ਕਸ਼ਮੀਰੀ ਪੰਡਿਤਾਂ ਤੇ ਡੋਗਰਿਆਂ ਦੀ ਫਿਰਕੂ ਨੀਤੀ ਦੀ ਭੇਟ ਚੜ੍ਹਨਾ ਪਿਆ। ਰਾਜਕਾਜ ਦੇ ਲਿਖਤੀ ਕੰਮਕਾਜ ਦੇ ਇੰਚਾਰਜ ਕਸ਼ਮੀਰੀ ਪੰਡਿਤਾਂ ਨੇ ਜੰਮੂ ਕਸ਼ਮੀਰ ਦੇ ਸਰਕਾਰੀ ਰਿਕਾਰਡ 'ਚੋਂ ਸਿੱਖ ਇਤਿਹਾਸਕ ਦਸਤਾਵੇਜ, ਜਗੀਰਾਂ ਦਾ ਵੇਰਵਾ ਇਮਾਰਤਾਂ, ਗੁਰਦੁਆਰਿਆਂ ਦੀ ਨਕਲਾਂ, ਨਕਸ਼ੇ, ਸਿੱਖਾਂ ਦੇ ਨਾਵਾਂ ਤੇ ਉਸਾਰੇ ਗਏ, ਨਗਰ, ਕਿਲਿਆਂ ਨੂੰ ਬਰਬਾਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸਰਦਾਰ ਹਰੀ ਸਿੰਘ ਜੀ ਨਲੂਆ ਸ. ਸ਼ੇਰ ਸਿੰਘ (ਮਹਾਰਾਜਾ) ਆਦਿ ਵੱਲੋਂ ਕਸ਼ਮੀਰ 'ਚ ਜੋ ਇਕ ਵਿਸ਼ਾਲ ਮਿਊਜ਼ੀਅਮ, ਇਕ ਸਰਾਂ (ਰਿਹਾਇਸ਼ੀ) ਮਹਿਲ ਵਜੋਂ ਸੀ, ਜਿਸ ਵਿਚ ਯੂਰਪ

ਅਤੇ ਭਾਰਤ ਪੰਜਾਬ ਤੇ ਸਿੱਖ ਇਤਿਹਾਸ ਨੂੰ ਦਰਸਾਉਂਦੀ ਸੱਭਿਆਚਾਰਕ ਤਸਵੀਰਾਂ ਸਨ, ਜਿਸ ਨੂੰ ਇਨ੍ਹਾਂ ਗੱਦਾਰਾਂ ਨੇ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਮੁਫ਼ਤ 'ਚ ਵੰਡ ਦਿੱਤਾ, ਅੱਜ ਜਿਥੇ ਈਸਾਈ ਮਿਸ਼ਨਰੀ ਸਕੂਲ ਤੇ ਮਿਸ਼ਨ ਹਸਪਤਾਲ ਚੱਲ ਰਹੇ ਹਨ। ਅਮੀਰਾਂ ਕਦਲ ਅਤੇ ਹੋਰ ਕਈ ਥਾਵਾਂ ਜਿਥੇ ਬਾਗਾਂ ਉੱਤੇ ਕਬਜਾ ਕਰਕੇ ਇਸਾਈ ਮਿਸ਼ਨਰੀ ਪ੍ਰਚਾਰਕ ਕੇਂਦਰ ਬਣੇ ਹਨ।"

ਇਨ੍ਹਾਂ ਪੰਥਕ ਜਗੀਰਾਂ ਤੇ ਗੁਰਧਾਮਾਂ ਨੂੰ ਮੁੜ ਵਾਪਸ ਲੈਣ ਲਈ ਸ਼ੇਰ-ਏ-ਪਹਾੜ ਸ. ਸੰਤ ਸਿੰਘ ਤੇਗ, ਕਸ਼ਮੀਰ (ਬਾਰਾਮੂਲਾ) 'ਚ ਵੱਡੇ ਪੰਥਕ ਇਕੱਠ ਕਰਕੇ ਮੰਗ ਕਰਦੇ ਰਹੇ, ਪਰ 50 ਸਾਲ ਬੀਤ ਜਾਣ ਤੇ ਵੀ ਸਰਕਾਰਾਂ ਨੇ ਸਿੱਖਾਂ ਨੂੰ ਕੋਈ ਹੱਕ ਨਹੀਂ ਦਿੱਤੇ। ਉਥੇ ਹੀ ਜਿਕਰਯੋਗ ਹੈ, ਸਿੱਖਾਂ ਨਾਲ ਜ਼ਿਆਦਤੀਆਂ ਕਰਨ ਵਾਲੇ ਕਸ਼ਮੀਰੀ ਪੰਡਤ ਤੇ ਡੋਗਰੇ ਕਸ਼ਮੀਰ 'ਚ ਜਾਨਾਂ ਬਚਾਉਣ ਲਈ ਸਬ ਕੁਝ ਛੱਡ ਕੇ ਭੱਜ ਗਏ ਹਨ, ਅਤੇ ਬਾਬਾ ਨਾਨਕ ਸਾਹਿਬ ਦਾ ਨਿਰਮਲ ਪੰਥ ਅੱਜ ਵੀ ਕਸ਼ਮੀਰ 'ਚ ਬੈਠਾ ਆਪਣੇ ਗੁਰਧਾਮਾਂ ਦੇ ਦੀਦਾਰ ਕਰ ਰਿਹਾ ਹੈ। "ਪ੍ਰੋ : ਸਾਹਿਬ ਅੱਗੇ ਲਿਖਦੇ ਹਨ : ਸਿੱਖ ਇਤਿਹਾਸ ਨਾਲ ਸੰਬੰਧਿਤ, ਬਾਰਾਂ ਮੁੱਲਾਂ 'ਚ ਕਈ ਬਾਰਾਦਰੀਆਂ, ਹਵੇਲੀਆਂ ਛਾਉਣੀਆਂ, ਸਰਾਵਾਂ ਆਦਿ ਨੂੰ ਤੋਪਾਂ ਨਾਲ ਉਡਾ ਕੇ ਧਰਤੀ 'ਚ ਮਲੀਆਮੇਟ ਕਰ ਦਿੱਤਾ ਗਿਆ, ਹਰੀ ਪਰਬਤ ਵਰਗੀਆਂ ਕਈ ਇਮਾਰਤਾਂ ਜਿਥੇ ਗੁਰੂ-ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਨ, ਉਨ੍ਹਾਂ ਸਥਾਨਾਂ ਉੱਤੇ ਮੰਦਰ ਉਸਾਰ ਦਿੱਤੇ ਗਏ, (ਜੋ ਅੱਜ ਵਿਰਾਨ ਅਤੇ ਫੌਜਾਂ ਦੇ ਪਹਿਰੇ ਹੇਠਾਂ ਰੱਖੇ ਹੋਏ ਹਨ, ਜੋ ਕਿੱਧਰੇ ਉਹ ਮੰਦਰ ਤੋਂ ਮਸਜਿਦ ਵਿਚ ਤਬਦੀਲ ਨਾ ਹੋ ਜਾਣ) ਇਸੇ ਕੜੀ 'ਚ ਅੱਗੇ : ਮਟਨ ਦੇ ਗੁ. ਸਾਹਿਬ ਦੀ ਜਮੀਨ ਸੜਕ ਬਣਾ ਕੇ ਤੇ ਰਹਿੰਦੀ ਬੱਚਦੀ ਮੰਦਰ ਦੇ ਨਾਮ ਚਾੜ ਦਿੱਤੀ ਗਈ, ਬਾਰਾਮੁੱਲਾਂ ਦੇ ਸਰਕਾਰੀ ਹਸਪਤਾਲ ਵਾਲੀ ਥਾਂ ਤੇ ਸ਼ੇਰਾ ਗੜੀ ਅਟਾਰੀ ਵਾਲੇ ਸਰਦਾਰਾਂ ਦਾ ਗੁ. ਸਾਹਿਬ ਸੀ, ਜੋ ਰਾਜਾ ਰਣਵੀਰ ਸਿਉ ਦੀ ਮੌਤ ਤੋਂ ਬਾਅਦ ਮੰਦਰ 'ਚ ਤਬਦੀਲ ਕਰ ਦਿੱਤਾ ਗਿਆ,ਕ ਇਸੇ ਤਰ੍ਹਾਂ ਅਕਾਲੀ ਫੂਲਾਂ ਸਿੰਘ ਜੀ ਜਥੇਦਾਰ ਦੀ ਨਿਹੰਗੀ, ਛਾਉਣੀ ਨੂੰ ਡੋਗਰਿਆਂ ਨੇ ਬਦਲੇ ਦੀ ਭਾਵਨਾ। ਕਿਉਂਕਿ ਅਕਾਲੀ ਜੀ ਨੇ ਡੋਗਰਿਆਂ ਨੂੰ ਦਰਬਾਰ ਖਾਲਸਾ 'ਚ ਸ਼ਾਮਿਲ ਕਰਨ ਦਾ ਸਖਤ ਵਿਰੋਧ ਕੀਤਾ ਸੀ) ਤਹਿਤ ਇਸ ਗੁ. ਸਾਹਿਬ ਰੂਪ ਛਾਉਣੀ ਨੂੰ ਇਕ ਮਕਬਰੇ 'ਚ ਬਦਲ ਦਿੱਤਾ, ਜਿਥੇ ਰਾਜਾ ਗੁਲਾਬ ਸਿਉ ਤੇ ਰਣਵੀਰ ਸਿਉ ਦਾ ਸੰਸਕਾਰ ਕੀਤਾ ਗਿਆ, ਇਸ ਛਾਉਣੀ ਨਾਲ ਲੱਗੀ ਹਜ਼ਾਰਾਂ ਏਕੜ ਜਗੀਰ ਨੂੰ ਗੁਲਾਬ ਸਿਉ, ਵਜੀਰ ਨੇ ਆਪਣੇ ਨਾਮ ਚਾੜ ਲਿਆ"। ਇਹ ਕਿਵੇਂ ਹੋ ਸਕਦਾ ਸੀ, ਕਿ ਜੰਮੂ ਕਸ਼ਮੀਰ ਦਾ ਖਾਲਸਾ, ਫੌਜ ਇਹ ਬਰਦਾਸ਼ਤ ਕਰਦੀ, ਸਿੱਖਾਂ ਨੇ ਕਈ ਥਾਵਾਂ ਤੇ ਹਥਿਆਰਬੰਦ ਸੰਘਰਸ਼ ਆਰੰਭਨ ਦਾ ਪ੍ਰੋਗਰਾਮ ਉਲੀਕਿਆ ਜੋ ਸਫ਼ਲ ਨਾ ਹੋ ਸਕਿਆ, ਫਿਰ ਵੀ ਇਕਾ-ਦੁੱਕਾ ਸਿੱਖ ਫੌਜੀ ਡੋਗਰਾ ਰਾਜ ਵਿਰੁੱਧ ਹਥਿਆਰ ਚੁੱਕਦੇ ਰਹੇ, ਅਤੇ ਫੜੇ ਜਾਣ ਤੇ ਉਨ੍ਹਾਂ ਜੁਝਾਰੂਆਂ ਨੂੰ ਡੋਗਰਿਆਂ ਵੱਲੋਂ

ਬੇੜੀਆਂ 'ਚ ਜਕੜ ਕੇ ਕਿਲ੍ਹਿਆਂ 'ਚ ਕੈਦ ਕਰ ਦਿੱਤਾ ਜਾਂਦਾ ਰਿਹਾ, ਪਰ ਉਨ੍ਹਾਂ ਸਿੱਖ ਖਾੜਕੂਆਂ ਦੇ ਅੰਦਰੋਂ ਅੱਣਖ ਤੇ ਅਜ਼ਾਦੀ ਦੇ ਵਿਰਸੇ ਨੂੰ ਖਤਮ ਨਾ ਕੀਤਾ ਜਾ ਸਕਿਆ। ਜੋ ਡੋਗਰੇ ਕਦੀ ਖਾਲਸੇ ਦੇ ਮੁਲਾਜਮ (ਨੌਕਰ) ਹੋਇਆ ਕਰਦੇ ਸਨ, ਅੱਜ ਸਿੱਖਾਂ ਦੇ ਖ਼ੂਨ ਨਾਲ ਆਪਣੇ ਹੱਥ ਰੰਗਣ ਲੱਗ ਪਏ ਸਨ, ਕਈ ਸਿੱਖ ਕੈਦੀਆਂ ਨੂੰ ਕੈਦ 'ਚ ਅੱਖਾਂ ਫੋੜ ਕੇ ਅੰਨਾਂ ਕੀਤਾ ਤੇ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਆਮ ਸਿੱਖ ਜੰਮੂ ਕਸ਼ਮੀਰ ਤੋਂ ਆਪਣੇ ਦੇਸ਼ ਪੰਜਾਬ ਵੱਲ ਰੁੱਖ ਕਰਨ ਲੱਗਾ, ਇਹ ਜ਼ੁਲਮੀ ਹਨ੍ਹੇਰੀ ਗੁਲਾਬ ਸਿਉ ਦੀ ਮੌਤ ਤੋਂ ਬਾਅਦ ਹੀ ਰੁਕੀ।

"ਸੌ ਸਾਖੀਆਂ ਦੇ ਕਰਤੇ ਨੇ ਤਾਂ ਇਥੋਂ ਤੱਕ ਲਿਖਿਆ ਹੈ : ਕਿ ਡੋਗਰਾ ਸਿਪਾਹੀ ਸਿੱਖਾਂ ਦੇ ਜੱਬਰੀ ਕੇਸ ਕਤਲ ਕਰਨ ਲੱਗ ਪਏ ਸਨ, ਜਿਸ ਕਾਰਨ 'ਭਾਈ ਨਰੈਣ ਦਾਸ' ਵਰਗੇ ਸਿੱਖੀ ਦੇ ਪ੍ਰਚਾਰਕਾਂ ਨੂੰ ਜਟਾਵਾਂ ਬਣਾ ਕੇ ਭੇਸ ਵਟਾਨਾ ਪਿਆ, ਭਾਈ ਨਰੈਣ ਦਾਸ ਕੋਲ ਦਸਮ ਪਾਤਸ਼ਾਹ ਵੱਲੋਂ ਬਖਸ਼ਿਆ ਇਕ ਹੁਕਮਨਾਮਾ ਵੀ ਸੀ, ਅਤੇ ਜਿਸ ਨੂੰ ਜੰਮੂ ਕਸ਼ਮੀਰ 'ਚ ਸਿੱਖੀ ਪ੍ਰਚਾਰ ਲਈ ਭੇਜਿਆ ਗਿਆ ਸੀ, ਇਥੇ ਜਿਕਰ ਕਰ ਦਈਏ ਕਿ : ਸਰਦਾਰ ਹਰੀ ਸਿੰਘ ਜੀ ਨਲੂਆਂ, ਜਦ ਕਸ਼ਮੀਰ ਦੇ ਗਵਰਨਰ ਬਣੇ ਅਤੇ ਨਾਨਕਸ਼ਾਹੀ ਸਿੱਕੇ ਦੇ ਨਾਲ ਕਸ਼ਮੀਰ 'ਚ ਸ. ਹਰੀ ਸਿੰਘ ਦੇ ਨਾਂ ਦਾ ਕਸ਼ਮੀਰੀ ਸਿੱਕਾ ਵੀ ਸਰਕਾਰ ਖਾਲਸਾ ਤੋਂ ਮਾਨਤਾ ਪ੍ਰਾਪਤ ਆਰੰਭ ਹੋਇਆ, ਉਸ ਵੇਲੇ ਸ. ਹਰੀ ਸਿੰਘ ਜੀ ਨੇ ਕਸ਼ਮੀਰ 'ਚ ਸਰਕਾਰੀ ਐਲਾਨ ਕੀਤਾ ਸੀ ਕਿ ਕਿਸੇ ਨੂੰ ਵੀ ਜਬਰੀ ਧਰਮ ਪਰਿਵਰਤਨ ਨਹੀਂ ਕਰਵਾਇਆ ਜਾਵੇਗਾ, ਅਤੇ ਜਿਨ੍ਹਾਂ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਗਿਆ ਹੈ, ਉਹ ਮੁੜ ਆਪਣੇ ਧਰਮ 'ਚ ਸ਼ਾਮਲ ਹੋ ਸਕਦੇ ਹਨ। ਪਰ ਪੰਡਤਾਂ ਨੇ ਉਨ੍ਹਾਂ ਨੂੰ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਉਨ੍ਹਾਂ ਬੇ ਆਸਰਿਆਂ ਨੂੰ ਸਰਦਾਰ ਹਰੀ ਸਿੰਘ ਨੇ ਸਿੱਖੀ ਗਾਡੀਰਾਹ 'ਚ ਜੀ ਆਇਆ ਆਖਦਿਆਂ, ਪੰਡਤਾਂ ਪੁਜਾਰੀਆਂ ਨੂੰ ਫਿਰ ਹੋਰ ਕਹਿਆ : ਜੋ ਤੁਹਾਡੇ ਮੰਦਰ ਜਬਰੀ ਪਠਾਨਾਂ ਨੇ ਮਸਜਿਦਾਂ 'ਚ ਤਬਦੀਲ ਕੀਤੇ ਹਨ, ਉਨ੍ਹਾਂ ਦੀ ਨਿਸ਼ਾਨ ਦੇਹੀ ਕਰਕੇ ਦਿਉ ਜੋ ਤੁਹਾਨੂੰ ਵਾਪਸ ਦਿਲਾਏ ਜਾਣ, ਪਰ ਪੰਡਤਾਂ ਨੇ ਇਹ ਕਹਿ ਕੇ ਮਨਾ ਕਰ ਦਿੱਤਾ ਕਿ ਮੁਸਲਮਾਨ ਸਾਡੇ ਦੁਸ਼ਮਣ ਬਣ ਜਾਣਗੇ, ਇਤਿਹਾਸ ਨੂੰ ਕੀ ਪਤਾ ਸੀ ਕਿ ਏਹੀ ਪੰਡਤ ਤੇ ਡੋਗਰੇ ਸਿੱਖਾਂ ਦੇ ਧਰਮ ਸਥਾਨ ਅਤੇ ਸਿੱਖੀ ਦੇ ਕਾਤਲ ਹੋ ਨਿਬੜਨਗੇ। ਕਸ਼ਮੀਰ ਵਾਂਗ ਜੰਮੂ 'ਚ ਵੀ ਕਈ ਧਾਰਮਿਕ (ਪਾਤਸ਼ਾਹੀਆਂ ਦੀ ਚਰਨ ਛੋਹ ਪ੍ਰਾਪਤ ਅਤੇ ਇਤਿਹਾਸਕ ਸਥਾਨ ਸਨ ਹੈਨ) ਬੀਬੀ ਚਾਂਦ ਕੌਰ ਦੀ ਸਮਾਧ ਵਾਲੀ, ਥਾਂ ਹਜ਼ਾਰਾਂ ਏਕੜ ਸੀ ਜੋ ਅੱਜ ਘੱਟਕੇ ਕਨਾਲਾ 'ਚ ਰਹਿ ਗਈ ਹੈ, ਇੱਥੇ ਸਿੱਖ ਵਿਰੋਧੀ ਤਾਕਤਾਂ ਦਾ ਜ਼ਿਕਰ ਤਾਂ ਆਇਆ ਹੈ, ਇਥੇ ਇਹ ਵੀ ਦਸ ਦਈਏ ਕਿ ਅੱਜ ਦੇ ਕਈ ਸੇਵਾ ਵਾਲੇ ਬਾਬਿਆਂ ਨੇ ਜੰਮੂ ਕਸ਼ਮੀਰ ਦੇ ਇਤਿਹਾਸਕ ਸਥਾਨਾਂ ਦੀ ਉਸਾਰੀ ਤਾਂ ਕੀਤੀ ਪਰ ਉਥੇ ਮਜੂਦ ਪੁਰਾਤਨ ਦਰਖ਼ਤਾਂ ਤੇ ਹੋਰ ਨਿਸ਼ਾਨੀਆਂ ਨੂੰ ਸੰਗਮਰਮਰ

ਦੇ ਪੱਥਰਾਂ ਥੱਲੇ ਦਬ ਕੇ ਇਤਿਹਾਸ ਨਾਲ ਹੋਰ ਵੀ ਮਾੜਾ ਸਲੂਕ ਕੀਤਾ ਹੈ। ਇਹ ਸਪੱਸ਼ਟ ਕਰ ਦਈਏ ਕਿ ਜਿਵੇਂ ਅੱਜ ਮੁਸਲਿਮ ਤਾਕਤਾਂ ਘੱਟ ਗਿਣਤੀ ਕੌਮਾਂ ਨੂੰ ਕਸ਼ਮੀਰ 'ਚ ਆਪਣੇ ਦਬਾਬ ਹੇਠਾਂ ਰੱਖਣ ਦੇ ਆਹਰੇ ਲੱਗੀਆਂ ਹਨ, ਏਹੀ ਕੁੱਝ ਡੋਗਰੇ ਕਰਦੇ ਸਨ ਅਤੇ ਜੰਮੂ ਵਿਚ ਅੱਜ ਵੀ ਕਰ ਰਹੇ ਹਨ। ਇਸ ਲਈ ਇਨ੍ਹਾਂ ਦੋਵਾਂ 'ਚ ਹੀ ਕੋਈ ਫਰਕ ਨਹੀਂ, ਦਿਖਾਈ ਦੇ ਰਿਹਾ।

ਜਿਨ ਪਥਰੋਂ ਕੋ ਹਮ ਨੇ ਅੱਤਾ ਕੀ ਥੀ ਧੜ੍ਹਕਨੇ,
ਜਬ ਜ਼ੁਬਾਂ ਮਿਲੀ ਤੋ ਹਮ ਹੀ ਪਰ ਬਰਸ ਪੜੇ।

■■■

ਅਜ਼ਾਦ ਦੇਸ਼ ਦੇ ਗੁਲਾਮ

ਗਲ ਸਿੱਖ ਫੌਜੀਆਂ ਪੁਲਸੀਆਂ ਨਾਲ ਹੋਈ ਨਾ ਇਨਸਾਫੀ ਦੀ

ਹਿੰਦੁਸਤਾਨ ਅੰਦਰ ਸਿੱਖਾਂ ਦੇ ਗਲ ਘੋਟੂ ਕਾਨੂੰਨ ਦੀ ਆਮ ਹੀ ਚਰਚਾ ਹੁੰਦੀ ਰਹਿੰਦੀ ਹੈ ਤੇ ਲੋਕ ਪੜ੍ਹਦੇ ਸੁਣਦੇ ਵੀ ਰਹਿੰਦੇ ਹਨ। ਇਥੇ ਅਸੀਂ ਭਾਰਤੀ ਕਾਨੂੰਨ ਪ੍ਰਣਾਲੀ ਦੇ ਉਸ ਭ੍ਰਿਸ਼ਟ ਸਿਸਟਮ ਦੀ ਗੱਲ ਕਰਨ ਜਾ ਰਹੇ ਹਾਂ ਜਿਸ ਨੇ ਇਸ ਸਿਸਟਮ ਦਾ ਇਕ ਹਿਸਾ ਰਹੇ ਸਿਖਾਂ ਨੂੰ ਵੀ ਨਾ ਬਖਸ਼ਿਆ ਅਤੇ ਆਪਣੇ ਆਪ ਨੂੰ ਸਿੱਖ ਦੀ ਥਾਂ ਹਿੰਦੁਸਤਾਨੀ ਇੰਡੀਅਨ ਅਖਵਾਉਂਦੇ ਰਹੇ ਜਿਨ੍ਹਾਂ ਦੀ ਸੋਚ ਨੇ ਨਵਾਂ ਜਨਮ ਲਿਆ ਤੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਸਿੱਖ, ਸਿੱਖ ਹੁੰਦਾ ਹੈ, ਉਹ ਭਾਵੇਂ ਦੇਸ ਦੀ ਵੱਡੀ ਤੋਂ ਵੱਡੀ ਸਰਕਾਰੀ ਜਾਂ ਰਾਜਨੀਤਕ ਕੁਰਸੀ ਤੇ ਹੀ ਕਿਉਂ ਨਾ ਬੈਠਾ ਹੋਵੇ। ਉਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਦਾ ਸ਼ਿਕਾਰ ਬਣਨਾ ਹੀ ਪਵੇਗਾ ਜਦ ਤਕ ਉਹ ਗੁਲਾਮ ਹੈ, ਜਿਵੇਂ ਰਾਸ਼ਟਰਪਤੀ ਜ਼ੈਲ ਸਿੰਘ ਅਤੇ ਮਸ਼ਹੂਰ ਅਖੌਤੀ ਸਿੱਖ ਪੱਤਰਕਾਰ ਖੁਸ਼ਵੰਤ ਸਿੰਘ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜੀ। ਕੁਝ ਦਿਨ ਪਹਿਲਾਂ ਜੰਮੂ 'ਚ ਹਿੰਦੂ ਪਾਰਟੀਆਂ ਨੇ ਅਮਰਨਾਥ ਜ਼ਮੀਨ ਮਸਲੇ ਤੇ ਲੰਮੀ ਚੌੜੀ ਹੜਤਾਲ ਕੀਤੀ ਅਤੇ ਜਾਂ ਦੇਸ਼ ਦੇ ਬਹੁ ਗਿਣਤੀ ਲੀਡਰ ਅਫ਼ਸਰਾਂ ਦੇ ਬਿਆਨ ਆਉਣੇ ਸ਼ੁਰੂ ਹੋ ਗਏ। ਜਨਰਲ (ਰਿਟਾ.) ਸੁਚੇਤ ਸਿਉਂ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਮੈਂ ਸਭ ਤੋਂ ਪਹਿਲਾਂ ਹਿੰਦੂ ਹਾਂ ਬਾਕੀ ਸਭ ਕੁਝ ਬਾਅਦ ਵਿਚ। ਪਰ ਜੇ ਇਹ ਬਿਆਨ ਘੱਟ ਗਿਣਤੀ ਕੌਮ ਦੇ ਕਿਸੇ ਅਫ਼ਸਰ ਨੇ ਦਿੱਤਾ ਹੁੰਦਾ ਕਿ ਅਸੀਂ ਪਹਿਲਾਂ ਸਿੱਖ ਜਾਂ ਮੁਸਲਮਾਨ, ਈਸਾਈ ਹਾਂ, ਫੌਜੀ ਜਾਂ ਇੰਡੀਅਨ ਬਾਅਦ ਵਿਚ ਤਾਂ ਸਾਰੇ ਭਾਰਤ ਦੇ ਮੀਡੀਏ ਨੇ ਹਾਲ ਦੁਹਾਈ ਪਾ ਦੇਣੀ ਸੀ (2008 ਜੂਨ) ਅਸੀਂ ਜਦੋਂ ਗਲ ਕਰ ਰਹੇ ਹਾਂ ਵਿਤਕਰੇ ਤੇ ਨਾ ਇਨਸਾਫੀ ਦੀ ਤਾਂ ਖਾਕੀ ਤੇ ਗਰੀਨ ਵਰਦੀ ਵਾਲੇ ਸਰਦਾਰਾਂ ਦਾ ਜ਼ਿਕਰ ਨਾ ਕਰਨਾ, ਉਨ੍ਹਾਂ ਨਾਲ ਵੱਡੀ ਨਾ ਇਨਸਾਫੀ ਹੋਵੇਗੀ ਕਿਉਂਕਿ ਉਹ ਹੈ ਤਾਂ ਸਿੱਖੀ ਮਾਲਾ ਦੇ ਮਣਕੇ ਬੇਸ਼ੱਕ ਮਾਲਾ 'ਚੋਂ ਬਿਖਰੇ ਹੀ ਕਿਉਂ ਨਾ ਹੋਣ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਰਤੀ ਫੋਰਸਾ ਚ ਮੁਲਾਜ਼ਮਤ ਕਰਦੇ ਕਈ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਖਾਲਸਾ ਦੀ ਅਜ਼ਮਤ ਤੇ ਕਦੇ ਵੀ ਕੋਈ ਭੀੜ ਬਣ ਆਉਣ ਤੇ ਆਪਣੀ ਨੌਕਰੀ, ਪਰਿਵਾਰ ਦੀ ਜ਼ਿੰਮੇਵਾਰੀ ਆਪਣਾ ਭਵਿੱਖ, ਕੁਰਬਾਨ ਹੀ ਨਹੀਂ ਕੀਤਾ ਬਲਕਿ ਆਪਣੀਆਂ ਸ਼ਹਾਦਤਾਂ ਨਾਲ ਇਤਿਹਾਸ ਦਾ ਰੁਖ ਬਦਲ ਦਿੱਤੇ ਜਿਨ੍ਹਾਂ ਦੀ ਜੀਵਨ ਤੋਂ ਸ਼ਹਾਦਤ ਤਕ ਦੀਆਂ ਗਾਥਾਵਾਂ ਕੌਮ ਦੇ ਵਾਰਸ ਪੜ੍ਹਦੇ ਰਹਿਣਗੇ ਜਿਨ੍ਹਾਂ 'ਚੋਂ

ਕੁਝ ਹਨ ਸ਼ਹੀਦ ਜਨਰਲ ਭਾਈ ਸੁਬੇਗ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ, ਸਮੂਹ ਧਰਮੀ ਫੌਜੀ ਤੇ ਪੁਲਸ ਵਾਲੇ, ਅਣਖੀ ਸਰਦਾਰ ਤੇ ਭਾਈ ਦਿਲਾਵਰ ਸਿੰਘ (ਸ਼ਹੀਦ), ਭਾਈ ਬਲਵੰਤ ਸਿੰਘ ਰਾਜੋਆਣਾ, ਸ਼ਹੀਦ ਜਨਰਲ ਲਾਭ ਸਿੰਘ (ਸੁਖਾ ਸਿਪਾਹੀ), ਸ਼ਹੀਦ ਭਾਈ ਲਛਮਣ ਸਿੰਘ ਉਰਫ ਬਸ਼ੀਰ ਮੁਹੰਮਦ, ਸ. ਸਿਮਰਨਜੀਤ ਸਿੰਘ ਮਾਨ, ਹਰਿੰਦਰ ਸਿੰਘ ਨਾਰਵੇ (ਸਾਬਕਾ ਰਾਜਦੂਤ ਭਾਰਤ) ਕਰਨਲ ਨਰਿੰਦਰ ਸਿੰਘ, ਜਸਟਿਸ ਅਜੀਤ ਸਿੰਘ ਬੈਂਸ (ਹਾਈਕੋਰਟ) (ਰਿਟਾ.) ਜਰਨਲ ਪ੍ਰਤਾਪ ਸਿੰਘ ਆਦਿ ਬਹੁਤ ਸਾਰੇ ਉਚ ਅਧਿਕਾਰੀ ਅਤੇ ਮੁਲਾਜ਼ਮ ਸਿੱਖੀ ਆਨ-ਸ਼ਾਨ ਖਾਤਰ ਅਤੇ ਜ਼ੁਲਮ ਵਿਰੁੱਧ ਅਵਾਜ਼ ਚੁਕਦੇ ਹੋਏ, ਗ੍ਰਿਫਤਾਰ ਹੋਏ ਕੁਝ ਸ਼ਹੀਦ ਅਤੇ ਇਤਿਹਾਸ ਦਾ ਹਿਸਾ ਬਣ ਗਏ। ਇਥੋਂ ਕੁਝ ਕੁ ਉਨ੍ਹਾਂ ਅਫਸਰਾਂ ਤੇ ਸਿਪਾਹੀਆਂ ਬਾਰੇ ਲਿਖ ਰਹਿਆ ਹਾਂ ਜਿਨ੍ਹਾਂ ਨੂੰ ਮੈਂ ਕਰੀਬ ਤੋਂ ਦੇਖਿਆ ਤੇ ਜਾਣਿਆ ਹੈ ਅਤੇ ਜਿਹਨਾਂ ਬਾਰੇ ਪੜ੍ਹਿਆ ਸੁਣਿਆ ਸੀ ਕਿ ਉਹ ਕਾਨੂੰਨ ਦੀ ਅੰਨੀ ਦੇਵੀ ਅਗੇ ਬਲੀ ਚਾੜ ਦਿੱਤੇ ਗਏ।

ਸਨਦੀਪ ਸਿੰਘ (**ਸਬ ਇਸਪੈਕਟਰ**, ਤਾਇਨਾਤ ਥਾਣਾ ਬਖਸ਼ੀ ਨਗਰ ਜੰਮੂ) ਜੋ ਇਕ ਐਸ.ਪੀ. ਦਾ ਬੇਟਾ ਅਤੇ ਇਕ ਐਸ.ਪੀ. ਦਾ ਭਤੀਜਾ ਸੀ। ਸਨਦੀਪ ਸਿੰਘ ਦਾ ਸਾਰਾਹੀ ਪਰਿਵਾਰ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਨਿਭਾਉਂਦਾ ਆ ਰਿਹਾ ਸੀ ਕਿ ਅਚਾਨਕ ਇਕ ਦਿਨ ਡੀ.ਐਸ.ਪੀ...... ਥਾਣਾ ਬਖਸ਼ੀ ਨਗਰ ਨੇ ਇਕ ਸਮਗਲਰ ਤੋਂ ਮੋਟੀ ਰਕਮ ਲੈ ਕੇ ਦੋ ਨੰਬਰ ਦੀ ਲਕੜ ਨਾਕੇ ਤੋਂ ਲੈ ਜਾਣ ਦੀ ਮੰਜ਼ੂਰੀ ਦੇ ਦਿੱਤੀ ਜਦ ਇਸ ਗਲ ਦਾ ਪਤਾ ਨਾਕਾ ਇੰਚਾਰਜ ਸ. ਸੰਦੀਪ ਸਿੰਘ ਨੂੰ ਲੱਗਾ ਤਾਂ ਉਸ ਨੇ ਆਪਣੇ ਸੀਨੀਅਰ ਅਫਸਰ (ਡੀ.ਐਸ.ਪੀ.) ਨੂੰ ਸਾਫ਼ ਕਹਿ ਦਿੱਤਾ ਕਿ ਮੈਂ ਰਿਸ਼ਵਤ ਲੈਂਦਾ ਨਹੀਂ ਅਤੇ ਨਾ ਹੀ ਕਿਸੇ ਨੂੰ ਲੈਣ ਦਿੰਦਾ ਹਾਂ, ਮੈਂ ਲੱਕੜ ਨਾਕੇ ਤੋਂ ਨਹੀਂ ਲਿਜਾਣ ਦਿਆਂਗਾ ਜੇ ਤੁਸੀਂ ਮੇਰੇ ਨਾਲ ਕੋਈ ਜ਼ੋਰ ਜ਼ਬਰਦਸਤੀ ਕੀਤੀ ਤਾਂ ਇਹ ਗਲ ਉਚ ਅਧਿਕਾਰੀਆਂ ਅਤੇ ਮੀਡੀਆ ਤੱਕ ਜਾਵੇਗੀ।

ਆਖਰ ਡੀ.ਐਸ.ਪੀ. ਨੇ ਸੰਦੀਪ ਸਿੰਘ ਨੂੰ ਥਾਣੇ ਹਾਜ਼ਰ ਹੋਣ ਲਈ ਸੁਨੇਹਾ ਭੇਜਿਆ ਤੇ ਹਵਾਲਾਤ ਅੰਦਰ ਸੰਦੀਪ ਸਿੰਘ ਦੀ ਗੋਲੀ ਲਗਣ ਨਾਲ ਮੌਤ ਦਾ ਖੁਲਾਸਾ ਹੋਇਆ। ਇਨਕੁਆਇਰੀ ਵਿਚ ਸੰਦੀਪ ਸਿੰਘ ਦੇ ਕਤਲ ਨੂੰ ਆਤਮ ਹੱਤਿਆ ਦਾ ਰੂਪ ਦੇ ਕੇ ਕੇਸ ਫਾਇਲ ਹਮੇਸ਼ਾ ਲਈ ਬੰਦ ਕਰ ਦਿੱਤੀ ਗਈ। ਸੰਦੀਪ ਸਿੰਘ ਦੇ ਪਿਤਾ ਐਸ.ਪੀ. ਪੁਲਿਸ ਅਤੇ ਚਾਚਾ ਐਸ.ਪੀ. ਪੁਲਿਸ ਵਿਚ ਹੋਣ ਦੇ ਬਾਵਜੂਦ ਵੀ ਆਪਣੇ ਨੌਜਵਾਨ ਬੇਟੇ ਦੇ ਕਾਤਲਾਂ ਨੂੰ ਸਲਾਖਾਂ ਪਿਛੇ ਨਾ ਭੇਜ ਸਕੇ। ਜੇ ਕਿਧਰੇ ਕਤਲ ਇਸੇ ਤਰ੍ਹਾਂ ਕਿਸੇ ਬਹੁਗਿਣਤੀ 'ਚੋਂ ਕਿਸੇ ਦਾ ਹੋਇਆ ਹੁੰਦਾ ਤਾਂ ਅਵਾਜ਼ ਪਾਰਲੀਮੈਂਟ ਤੋਂ ਵਿਸ਼ਵ ਨਿਊਜ਼ ਚੈਨਲਾਂ ਤੱਕ ਗੂੰਜਣੀ ਸੀ। ਪਰ ਸੰਦੀਪ ਸਿੰਘ ਤਾ ਇਕ ਸਿੱਖ ਸੀ, ਇਸੇ ਲਈ ਨਾ ਕੋਈ ਚੈਨਲ ਬੋਲਿਆ ਅਤੇ ਨਾ ਕੋਈ ਮਨੁੱਖੀ ਅਧਿਕਾਰ ਦਾ ਰਾਖਾ ਤੇ ਫਾਈਲ ਅਜ ਤਕ ਬੰਦ ਪਈ ਹੋਈ ਹੈ।

ਐਸ.ਪੀ. ਸੇਵਕ ਸਿੰਘ (ਕੇ.ਐਸ.) ਪੁਲਿਸ ਜੇ.ਕੇ.ਪੀ. ਡਿਊਟੀ ਪੁੰਛ, ਕਸ਼ਮੀਰ ਭਦਰਵਾਰ-ਡੋਡਾ ਆਦਿ ਖਾੜਕੂਵਾਦ ਦੇ ਗੜ੍ਹ ਕਹੇ ਜਾਂਦੇ ਇਲਾਕਿਆਂ ਵਿਚ ਅਪਰੇਸ਼ਨ ਅਫ਼ਸਰ ਸਪੈਸ਼ਲ ਟਾਸਕ ਫੋਰਸ ਵਜੋਂ ਸਰਵਿਸ ਕਰ ਰਿਹਾ ਸੀ, ਜਦੋਂ ਉਸ ਉਤੇ ਇਕ ਜੂਨੀਅਰ ਅਫ਼ਸਰ ਐਸ.ਐਚ.ਓ. ਨੂੰ ਆਪਣੇ ਬਾਡੀਗਾਰਡ ਕਰਣਜੀਤ ਸਿੰਘ ਵਲੋਂ ਗੋਲੀਆਂ ਮਰਵਾ ਕੇ ਮਰਵਾਉਣ ਦਾ ਕੇਸ ਬਣਾਇਆ ਗਿਆ ਪਰ ਹਕੀਕਤ ਕੀ ਹੈ, ਕੁਝ ਪਤਾ ਨਹੀਂ ਕੁਝ ਘੱਲਾਂ ਸਰਕਾਰੀ ਤੇ ਕੁਝ ਅਖ਼ਬਾਰੀ ਵਖੋ ਵੱਖਰੀਆਂ ਨਿਕਲੀਆਂ ਸਨ। ਅਖ਼ਬਾਰ ਦਾ ਕਹਿਣਾ ਹੈ ਕਿ ਰੰਜਿਸ਼ ਦਾ ਨਤੀਜਾ ਹੈ, ਮੁਲਾਜ਼ਮਾਂ ਦਾ ਕਹਿਣਾ ਹੈ ਕਿ ਐਸ.ਐਚ.ਓ. ਗੁਪਤਾ ਨੇ ਐਸ.ਪੀ. ਨਾਲ ਬਦਸਲੂਕੀ ਕੀਤੀ ਸੀ ਨਸ਼ੇ ਵਿਚ ਉਸ ਨੇ ਐਸ.ਪੀ. ਦੀ ਪੱਗ ਨੂੰ ਹੱਥ ਪਾ ਲਿਆ ਤੇ ਨਤੀਜਾ ਸਾਰਿਆਂ ਦੇ ਸਾਹਮਣੇ ਹੈ।

ਐਸ.ਪੀ. ਸੇਵਕ ਸਿੰਘ ਉਤੇ ਮੁਸਲਮਾਨ ਖਾੜਕੂਆਂ ਨੇ ਕਈ ਵਾਰ ਜਾਨ ਲੇਵਾ ਹਮਲੇ ਕੀਤੇ, ਕਈ ਵਾਰ ਤਾਂ ਥਾਣੇ ਨੂੰ ਬਰੂਦ ਨਾਲ ਉਡਾਉਣ ਦਾ ਯਤਨ ਕੀਤਾ ਗਿਆ, ਗੋਲੀਆਂ ਵੀ ਚਲਾਈਆਂ ਗਈਆਂ, ਜੇਲ੍ਹ ਵਿਚ ਵੀ ਸੇਵਕ ਸਿੰਘ ਉਤੇ ਕਈ ਵਾਰ ਜਾਨ ਲੇਵਾ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਿਉਂਕਿ ਐਸ.ਪੀ. ਉਤੇ ਮੁਸਲਮਾਨ ਪਰਿਵਾਰਾਂ, ਨੌਜਵਾਨਾਂ ਉਤੇ ਜ਼ੁਲਮ ਕਰਨ ਝੂਠੇ ਮੁਕਾਬਲੇ ਤੇ ਹੋਰ ਕਈ ਦੋਸ਼ ਖਾੜਕੂਆਂ ਵੱਲੋਂ ਲਾਏ ਜਾਂਦੇ ਹਨ, ਸੇਵਕ ਸਿੰਘ ਨਾਲ ਅਸੀਂ ਵੀ ਕੁਝ ਮਹੀਨੇ ਇਕ ਬੈਰਕ ਵਿਚ ਜੰਮੂ ਸੈਂਟਰ ਜੇਲ੍ਹ ਵਿਚ ਗੁਜ਼ਾਰੇ ਹਨ, ਉਹ ਸਾਨੂੰ ਕਈ ਵਾਰ ਖਾਲਿਸਤਾਨ ਦੀ ਅਰਦਾਸ ਕਰਨ ਤੇ ਟੋਕਦਿਆਂ ਕਹਿ ਦਿੰਦਾ ਸੀ ਕਿ ਤੁਸੀਂ ਐਵੇਂ ਵੱਖਵਾਦ ਕਰਦੇ ਹੋ, ਭਾਰਤ ਅੰਦਰ ਸਿੱਖਾਂ ਨੂੰ ਹਰ ਪ੍ਰਕਾਰ ਦੀ ਸਹੂਲਤਾਂ ਤਾਂ ਮਿਲ ਰਹੀਆਂ ਹਨ? ਸਾਡੇ ਨਾਲ ਉਹ ਕਈ ਵਾਰ ਝੜਪ ਪੈਂਦਾ ਤੇ ਕਈ ਵਾਰ ਸਾਨੂੰ ਗੋਲੀ ਮਾਰਨ ਦੀ ਧਮਕੀ ਵੀ ਦੇ ਦੇਂਦਾ ਬੇਸ਼ਕ ਉਸ ਨੂੰ ਬਾਅਦ ਵਿਚ ਸਾਡੇ ਵੱਲੋਂ ਦਿਤੇ ਗੱਫੇ ਵੀ ਖਾਣੇ ਪੈਂਦੇ ਸਨ। ਪਤਾ ਨਹੀਂ ਕਿਉਂ ਅਸੀਂ, ਮਹਿਸੂਸ ਕਰਦੇ ਸੀ ਕਿ ਜਦੋਂ ਐਸ.ਪੀ. ਨੂੰ ਆਪਣੇ ਭਾਰਤ ਦੇਸ਼ ਦੀ ਅਸਲੀ ਤਸਵੀਰ ਨਜ਼ਰ ਆਵੇਗੀ ਅਤੇ ਇਸ ਗਲ ਦਾ ਅਹਿਸਾਸ ਹੋਵੇਗਾ ਕਿ ਭਾਰਤ ਅੰਦਰ ਹਿੰਦੂਆਂ ਤੋਂ ਸਿਵਾ ਕਾਨੂੰਨ ਨਾਮ ਦੀ ਕਿਤਾਬ ਹੋਰ ਕਿਸੇ ਲਈ ਨਹੀਂ ਖੋਲੀ ਜਾਂਦੀ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਸੰਨ 2000 ਤੋਂ ਅਜ ਤੱਕ ਕਿਤਾਬ ਲਿਖਣ ਤਕ 9 ਸਾਲ ਹੋ ਚੁੱਕੇ ਹਨ, ਐਸ.ਪੀ. ਨੂੰ ਜੇਲ ਵਿਚ ਬਿਨਾਂ ਕਿਸੇ ਪੁਖਤਾ ਸਬੂਤਾਂ ਤੇ ਜੇਲ੍ਹ ਅੰਦਰ ਰਖਿਆ ਹੋਇਆ ਹੈ। ਸੰਦੀਪ ਸਿੰਘ ਦਾ ਕਤਲ ਥਾਣੇ ਦੇ ਅੰਦਰ ਹੋਇਆ ਸੀ ਅਤੇ ਗੁਪਤਾ ਦਾ ਕਤਲ ਜਿਥੇ ਹੋਇਆ ਉਥੇ ਸਿਰਫ਼ ਐਸ.ਪੀ. ਦਾ ਬਾਡੀਗਾਰਡ ਤੇ ਗੁਪਤਾ ਤੋਂ ਇਲਾਵਾ ਜੰਗਲ ਹੀ ਜੰਗਲ ਸਨ। ਅਜ ਐਸ.ਪੀ. ਸੇਵਕ ਸਿੰਘ ਪੇਸ਼ੀ ਤੇ ਆਉਂਦਾ ਹੈ ਤਾਂ ਉਸ ਦੀ ਝੁਕੀ ਹੋਈਆਂ ਅੱਖਾਂ ਆਪਣੀ ਖਮੋਸ਼ੀ ਵਿਚ ਇਹ ਸਵਿਕਾਰ ਕਰਦੀਆਂ ਹਨ ਕਿ ਸਿੱਖਾਂ ਨੂੰ ਸਿਰਫ਼ ਦਸਤੇ ਵਜੋਂ ਵਰਤਿਆ ਜਾਂਦਾ ਹੈ, ਸਿੱਖ ਭਾਵੇਂ ਆਪਣਾ ਸਭ ਕੁਝ ਦੇਸ਼ ਤੋਂ ਕੁਰਬਾਨ ਕਰ ਦੇਵੇ ਫਿਰ ਵੀ ਉਹ ਦੇਸ਼ ਦਾ ਦੂਜੇ ਦਰਜੇ ਦਾ ਨਾਗਰਿਕ ਹੀ ਸਮਝਿਆ

ਜਾਂਦਾ ਰਹੇਗਾ।

ਸ. ਨਰਿੰਦਰ ਸਿੰਘ (ਸੀ.ਆਰ.ਪੀ.ਐਫ) ਵਿਚ ਸਿਪਾਹੀ ਵਜੋਂ ਡਿਊਟੀ ਤੇ ਤਾਇਨਾਤ ਸੀ।1995-96 ਦੀ ਗੱਲ ਹੈ ਜੰਮੂ ਦੇ ਰਾਮਗੜ੍ਹ ਬਾਡਰ ਨੇੜੇ ਦੀ ਹੈ ਨਰਿੰਦਰ ਸਿੰਘ ਦੇ ਕੇਸ ਫਿਰਕੂ ਮਾਨਸਿਕਤਾ ਵਾਲੇ ਹਿੰਦੂ ਅਫ਼ਸਰਾਂ ਦੇ ਹੁਕਮ ਤੇ ਫੋਰਸ ਅੰਦਰ ਜ਼ਬਰਨ ਕਤਲ ਕੀਤੇ ਗਏ ਤੇ ਨਰਿੰਦਰ ਸਿੰਘ ਦਰਜਨਾ ਬਾਹਵਾਂ ਵਿਚ ਜਕੜਿਆ ਬੇਵੱਸ ਮਿੰਨਤਾਂ ਕਰਦਾ ਕਰਦਾ ਬੇਹੋਸ਼ ਹੋ ਚੁਕਿਆ ਸੀ, ਕੁਝ ਦਿਨਾਂ ਬਾਅਦ ਉਸ ਅਫ਼ਸਰ ਨੂੰ ਗੋਲੀਆਂ ਲੱਗੀਆਂ ਤੇ ਇਲਜ਼ਾਮ ਨਰਿੰਦਰ ਸਿੰਘ ਦੇ ਮੱਥੇ ਲੱਗ ਚੁੱਕਿਆ ਸੀ। ਨਰਿੰਦਰ ਸਿੰਘ ਨਾਲ ਜੰਮੂ ਜੇਲ੍ਹ ਵਿਚ ਵੀ ਵਿਤਕਰਾ ਤਸ਼ੱਦਦ ਕੀਤਾ ਜਾਂਦਾ ਰਿਹਾ। ਨਰਿੰਦਰ ਸਿੰਘ ਦੀ ਦਸ ਸਾਲ ਤੱਕ ਅਦਾਲਤ ਨੇ ਫਾਇਲ ਤੱਕ ਨਹੀਂ ਖੋਲੀ ਤੇ ਉਹ ਤਰੀਕ ਤੇ ਤਰੀਕ ਭੁਗਤਦਾ ਰਿਹਾ ਸਾਡੇ ਜੇਲ ਹੁੰਦਿਆਂ ਉਸ ਨੂੰ ਇਕ ਚਿੱਠੀ ਸਿਮਰਨਜੀਤ ਸਿੰਘ ਮਾਨ ਦੀ ਮਿਲੀ ਸੀ ਜਿਸ ਦੀ ਦੂਜੀ ਕਾਪੀ ਜੇਲ੍ਹ ਵਾਲਿਆਂ ਨੂੰ ਉਸ ਤੋਂ ਬਾਅਦ ਉਸ ਦੀ ਕਿਸੇ ਨੇ ਸਾਰ ਨਾ ਲਈ ਨਰਿੰਦਰ ਸਿੰਘ ਦਸ ਸਾਲ ਬਾਅਦ ਜ਼ਮਾਨਤ ਤੇ ਰਿਹਾ ਹੋ ਕੇ ਆਪਣੇ ਘਰ ਫਤਹਿਗੜ੍ਹ ਸਰਹੰਦ ਪੁੱਜ ਗਿਆ ਹੈ ਹੁਣ ਜਦੋਂ ਉਹ ਤਰੀਕਾਂ ਤੇ ਜੰਮੂ ਆਉਂਦਾ ਹੈ ਤਾਂ ਕੁਝ ਮਸਤਾਨੀਆਂ ਕਮਲਿਆਂ ਵਾਲੀਆਂ ਗੱਲਾਂ ਕਰਦਾ ਹੈ। ਇਵੇਂ ਲਗਦਾ ਹੈ ਜਿਵੇਂ ਉਸ ਨੂੰ ਦਿਮਾਗੀ ਤੌਰ 'ਤੇ ਮਰ ਚੁੱਕਿਆ ਸਮਝ ਕੇ ਰਿਹਾਅ ਕੀਤਾ ਗਿਆ ਹੋਵੇ।

ਸੁਖਵਿੰਦਰ ਸਿੰਘ ਕੈਂਪ ਡਿਗਿਆਨਾ ਕਾਂਸਟੇਬਲ (ਡਿਊਟੀ ਸਪੈਸ਼ਲ ਟਾਸਕ ਫੋਰਸ) ਡੋਡਾ ਜ਼ਿਲ੍ਹੇ ਵਿਚ (ਜੰਮੂ) ਸੁਖਵਿੰਦਰ ਸਿੰਘ, ਗਿਆਨੀ ਸਰੂਪ ਸਿੰਘ ਦਾ ਪੁੱਤਰ ਤੇ ਹਵਲਦਾਰ ਰਣਜੀਤ ਸਿੰਘ ਦਾ ਛੋਟਾ ਭਰਾ ਸੀ, 1999 ਨੂੰ ਡਾ. ਜਸਵੀਰ ਸਿੰਘ (ਚੀਫ ਕੇ.ਜ਼ੈਡ.ਐਫ.) ਇਕ ਮੁਕਾਬਲੇ ਵਿਚ ਸ਼ਹੀਦ ਹੋ ਗਿਆ ਤੇ ਪੁਲਿਸ ਨੇ ਲਾਸ਼ ਨੂੰ ਠਿਕਾਣੇ ਲਾਉਣ ਲਈ ਤਿਆਰੀ ਕੀਤੀ ਤਾਂ, ਸੁਖਵਿੰਦਰ ਸਿੰਘ ਨੇ ਇਸ ਕਾਰਵਾਈ ਦਾ ਸਖ਼ਤ ਵਿਰੋਧ ਕੀਤਾ ਅਤੇ ਸੋਹਿਲਾ-ਅਰਦਾਸ ਆਦਿ ਆਪ ਕੀਤੀ ਸੀ, ਉਸ ਦਿਨ ਤੋਂ ਉਹ ਫਿਰਕੂ ਅਫ਼ਸਰਾਂ ਦੀ ਅੱਖ 'ਚ ਕੰਡਾ ਬਣ ਕੇ ਰੜਕਣਾ ਸ਼ੁਰੂ ਹੋ ਗਿਆ ਸੀ। ਸੁਖਵਿੰਦਰ ਸਿੰਘ ਨੂੰ ਡੋਡੇ ਤੋਂ ਇਕ ਮਹੀਨੇ ਦੀ ਛੁਟੀ ਲੈ ਕੇ ਆਪਣੇ ਘਰ ਆਇਆਂ ਹੋਇਆ ਸੀ ਕਿ ਅਚਾਨਕ ਉਸ ਨੂੰ ਐਸ.ਐਚ.ਓ. ਗਾਂਧੀ ਨਗਰ (ਜੰਮੂ) ਤੇ ਸਿਪਾਹੀ ਸੁਰਜੀਤ ਨੇ ਕਿਸੇ ਪੁਰਾਣੀ ਰੰਜਿਸ਼ ਅਧੀਨ ਸੁਖਵਿੰਦਰ ਨੂੰ ਜ਼ਬਰਨ ਉਠਾ ਕੇ ਥਾਣੇ ਲੈ ਆਏ ਜਿਥੇ ਉਸ ਨੂੰ ਇੰਨੀ ਬੇਰਹਿਮੀ ਨਾਲ ਟਾਰਚਰ ਕੀਤਾ ਗਿਆ ਕਿ ਉਸ ਦੀਆਂ ਹੱਡੀਆਂ ਤੱਕ ਟੁਟ ਗਈਆਂ ਪੈਰਾਂ ਦੇ ਨਹੁੰ ਉਖੜ ਗਏ, ਸੁਖਵਿੰਦਰ ਨੇ ਮਾਰ ਤੋਂ ਬਚਨ ਲਈ ਫਾਹ ਲਾ ਕੇ ਮਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਸਾਰੀ ਖ਼ਬਰ ਪਰਿਵਾਰ ਵਾਲਿਆਂ ਤਕ ਪੁਜੀ ਤਾਂ ਲੋਕ ਇਕੱਠੇ ਹੋ ਕੇ ਥਾਣੇ ਪੁਜ ਗਏ ਪੁਲਿਸ ਨੇ ਆਪਣੀ ਸੇਫਟੀ ਲਈ ਸੁਖਵਿੰਦਰ ਉਤੇ ਚੋਰੀ ਦਾ ਕੇਸ ਬਣਾ ਦਿੱਤਾ ਤੇ ਜ਼ਮਾਨਤ ਤੇ ਰਿਹਾਅ ਹੋ ਕੇ ਸੁਖਵਿੰਦਰ ਭਰਾ ਦੇ ਮੋਢਿਆਂ ਦਾ ਸਹਾਰਾ ਲੈ ਕੇ ਘਰ ਪੁੱਜਾ ਤਾਂ ਪਰਿਵਾਰ ਦੀ ਬਦਨਾਮੀ ਦਾ ਹਰ ਪਾਸੇ ਚਰਚਾ ਸੀ,

ਸੁਖਵਿੰਦਰ ਨੇ ਇਕ ਕਾਗਜ਼ ਉਤੇ ਐਸ.ਐਚ.ਓ. ਸੁਰਜੀਤ (ਸਿਪਾਹੀ) ਨੂੰ ਉਸ ਉਤੇ ਤਸ਼ੱਦਦ ਕਰਨ, ਝੂਠਾ ਕੇਸ ਪਾਉਣ ਅਤੇ ਆਪਣੀ ਮੌਤ ਦਾ ਜ਼ਿੰਮੇਵਾਰ ਦਸਦਿਆਂ ਫਾਹਾ ਲਾ ਕੇ ਆਤਮ ਦਾਹ ਕਰ ਲਿਆ। ਸੁਖਵਿੰਦਰ ਦੀ ਲਾਸ਼ ਲੈ ਕੇ ਲੋਕ ਕਈ ਦਿਨ ਧਰਨੇ ਲਾਉਂਦੇ ਰਹੇ ਪਰ ਕੇਸ ਕਿਸੇ ਤੇ ਦਰਜ ਨਾ ਕੀਤਾ ਗਿਆ। ਕਾਸ਼ ਸੁਖਵਿੰਦਰ ਆਪਣੀ ਜਾਨ ਆਪਣੇ ਹੱਥੀਂ ਇਨਸਾਫ਼ ਕਰਕੇ ਗੁਆਉਂਦਾ ਤਾਂ ਇੰਨਾ ਦੁਖ ਤੇ ਪਛਤਾਵਾ ਨਾ ਹੁੰਦਾ। ਇਨ੍ਹਾਂ ਪ੍ਰਮਾਣਾਂ ਤੋਂ ਤੁਸੀਂ ਭਲੀ ਭਾਂਤ ਜਾਣ ਸਕਦੇ ਹੋ ਕਿ ਆਮ ਨਾਗਰਿਕ ਦਾ ਕੀ ਹਸ਼ਰ ਹੁੰਦਾ ਹੋਵੇਗਾ ਇਸ ਦੇਸ਼ ਦੇ ਥਾਣਿਆਂ ਅੰਦਰ।

ਸ਼ੈਲੀ ਸਿੰਘ ਡੀ.ਐਸ.ਪੀ. ਜੋ ਮੁਸਲਮਾਨ ਖਾੜਕੂਆਂ ਵੱਲੋਂ ਕੀਤੇ ਗਏ ਇਕ ਐਕਸ਼ਨ ਵਿਚ ਮਾਰਿਆ ਗਿਆ ਦੱਸਿਆ ਜਾਂਦਾ ਹੈ। ਪਰ ਕਾਤਲ ਦਾ ਕੋਈ ਪਤਾ ਨਹੀਂ ਚਲਿਆ, ਸ਼ੈਲੀ ਸਿੰਘ ਜੰਮੂ ਤੋਂ ਡੋਡਾ ਕਿਉਂ ਭੇਜਿਆ ਗਿਆ? ਜਿਸ ਕੋਠੀ 'ਚੋਂ ਗੋਲੀ ਆਈ ਸੀ ਉਸ ਨੂੰ ਪੁਲਿਸ ਨੇ ਆਪ ਚੱਪੇ-ਚੱਪੇ ਤੋਂ ਤਲਾਸ਼ਿਆ ਸੀ। ਕਈ ਅਖ਼ਬਾਰਾਂ ਅਤੇ ਹਿੰਦੂ ਮੈਗਜ਼ੀਨ ਖਰੀ-ਖਰੀ ਵਰਗਿਆਂ ਨੇ ਤਾਂ ਸ਼ੈਲੀ ਸਿੰਘ ਦੀ ਮੌਤ ਤੇ ਸਿੱਧੇ ਸੁਆਲ ਖੜ੍ਹੇ ਕੀਤੇ ਸਨ। ਸ਼ੈਲੀ ਸਿੰਘ ਦਾ ਪਿਤਾ ਸ. ਉਦੇਵੀਰ ਸਿੰਘ ਜੰਮੂ ਦੇ ਗੁਰੂ ਨਾਨਕ ਨਗਰ ਵਿਚ ਕੇ.ਜੈਡ.ਐਫ. ਦੇ ਭਾਈ ਭੁਪਿੰਦਰ ਸਿੰਘ ਤੇ ਭਾਈ ਅਮਰਪਾਲ ਸਿੰਘ ਹੱਥੋਂ ਇਕ ਮੁਕਾਬਲੇ ਵਿਚ ਹਲਾਕ ਹੋ ਗਿਆ ਸੀ। ਸ਼ੈਲੀ ਦੀ ਦਾਦੀ ਤੇ ਉਦੇਵੀਰ ਦੀ ਮਾਤਾ ਬੀਬੀ ਭਗਵੰਤ ਕੌਰ ਨੇ ਇਕ ਮੁਲਾਕਾਤ ਵਿਚ ਦੱਸਿਆ ਕਿ ਸਿੱਖ ਬੱਚਿਆਂ ਨੂੰ ਇਕ ਸਾਜ਼ਿਸ਼ ਅਧੀਨ ਮੌਤ ਦੇ ਮੂੰਹ ਵਿਚ ਸੁੱਟਿਆ ਜਾ ਰਿਹਾ ਹੈ ਪਰ ਸਿੱਖਾਂ ਨੂੰ ਸਮਝ ਨਹੀਂ ਆ ਰਹੀ ਮੇਰਾ ਸ਼ੈਲੀ ਪੁਲਿਸ ਅਫ਼ਸਰਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਇਆ ਹੈ, ਹੁਣ ਸ਼ੈਲੀ ਦੇ ਛੋਟੇ ਭਰਾ ਨੂੰ ਭਰਤੀ ਕਰ ਲਿਆ ਗਿਆ ਹੈ। ਜੇ ਇਹ ਨਹੀਂ ਸੁਣਦੇ ਤਾਂ ਮੈਂ ਕੀ ਕਰਾਂ?

ਸ. ਪਰਮਜੀਤ ਸਿੰਘ ਖ਼ਾਲਸਾ (ਸੀ.ਆਰ.ਪੀ.ਐਫ.) ਵਿਚ ਡਰਾਇਵਰ ਦੀ ਡਿਊਟੀ ਤੇ ਤਾਇਨਾਤ ਸੀ। ਸੀ.ਆਰ.ਪੀ.ਐਫ ਦੀ ਬਟਾਲੀਅਨ ਜਦੋਂ ਜੰਮੂ ਦੇ ਪਲੋੜਾ ਕੈਂਪ ਵਿਖੇ ਸ਼ਿਫਟ ਹੋਈ ਤਾਂ ਪਰਮਜੀਤ ਸਿੰਘ ਵੀ ਉਥੇ ਪੁੱਜ ਕੇ ਆਪਣੀ ਨੌਕਰੀ ਦੇ ਨਾਲ-ਨਾਲ ਗੁਰਬਾਣੀ ਦਾ ਅਭਿਆਸ ਤੇ ਗੁਰਦੁਆਰੇ ਜਾ ਕੇ ਸੇਵਾ ਕਰਦਿਆਂ ਜੀਵਨ ਬਸਰ ਕਰਨ ਲੱਗਾ ਇਕੰ ਦਨ ਅਚਾਨਕ ਇਕ ਫਿਰਕੂ ਜ਼ਹਿਨੀਅਤ ਵਾਲੇ ਹਿੰਦੂ ਅਫਸਰ ਦੀ ਨਜ਼ਰ ਉਸ ਉਤੇ ਪੈ ਗਈ ਤੇ ਪਰਮਜੀਤ ਸਿੰਘ ਵੱਡੇ ਇਮਤਿਹਾਨਾਂ 'ਚ ਪੈ ਗਿਆ।

ਪਹਿਲਾ ਅਫ਼ਸਰ ਨੇ ਉਸ ਨੂੰ ਦਾੜੀ ਖੁਲ੍ਹੀ ਰੱਖਣ ਤੇ ਕਿਰਪਾਨ ਬਾਹਰੋਂ ਪਾਉਣ ਤੋਂ ਸਖ਼ਤੀ ਨਾਲ ਮਨਾਹੀ ਕੀਤੀ ਤਾਂ ਪਰਮਜੀਤ ਸਿੰਘ ਨੇ ਹੁਕਮ ਮੰਨਣ ਤੋਂ ਇਨਕਾਰ ਕਰਦਿਆਂ ਸੁਆਲ ਕਰ ਦਿੱਤਾ ਗੋਰਖੇ ਫੌਜੀ ਵੀ ਤਾਂ ਖੋਖਰੀ ਬਰਦੀ ਉਤੋਂ ਪਾ ਕੇ ਰਖਦੇ ਹਨ, ਕਿਰਪਾਨ ਦਾ ਤਾਂ ਸਾਨੂੰ ਸੰਵਿਧਾਨਿਕ ਹੱਕ ਹੈ ਅਤੇ ਪਾਕਿਸਤਾਨ ਵਿਚ ਸਿੱਖਾਂ ਤੇ ਐਸੀਆਂ ਪਾਬੰਦੀਆਂ ਨਹੀਂ ਲੱਗੀਆਂ ਉਥੇ ਤਾਂ ਸਿੱਖ ਕਿਰਪਾਨ ਬਾਹਰੋਂ ਅਤੇ ਦਾੜ੍ਹਾ ਖੁਲ੍ਹਾ ਰਖਦੇ ਹਨ, ਫਿਰ ਇਥੇ ਐਸੀਆਂ ਪਾਬੰਦੀਆਂ ਕਿਉਂ? ਕੁਝ ਦਿਨਾਂ ਬਾਅਦ ਪਰਮਜੀਤ

ਸਿੰਘ ਦੀ ਜ਼ਬਰਨ ਕਿਰਪਾਨ ਉਤਾਰਨ ਲਈ ਅਫ਼ਸਰ ਨੇ ਆਰਡਰ ਦੇ ਦਿੱਤਾ ਤੇ ਸੈਂਕੜੇ ਹੱਥ ਪਰਮਜੀਤ ਸਿੰਘ ਦੀ ਕਿਰਪਾਨ ਉਤਾਰਨ ਲਈ ਝਪਟੇ ਪਰ ਇਕੱਲਾ ਸ਼ੇਰ ਸਾਰਿਆਂ ਤੇ ਭਾਰੂ ਹੋ ਗਿਆ ਤੇ ਆਖਰ ਡਾਂਗ ਸਿਰ ਉਤੇ ਲਗਣ ਤੇ ਸੂਰਮਾ ਬੇਹੋਸ਼ ਅਤੇ ਲਹੂ-ਲੁਹਾਨ ਹੋ ਗਿਆ, ਉਸ ਵੇਲੇ ਉਸ ਦੀ ਕਿਰਪਾਨ ਗਾਤਰਾ ਉਤਾਰ ਦਿੱਤੀ ਗਈ। ਜਦ ਸਿੰਘ ਨੂੰ ਹੋਸ਼ ਆਈ ਤਾਂ ਉਹ ਹੱਥ ਆਪਣੀ ਕਿਰਪਾਨ ਵਲ ਮਾਰਨ ਲੱਗਾ, ਕਿਰਪਾਨ ਨਾ ਵੇਖ ਕੇ ਉਹ ਸ਼ੇਰ ਵਾਂਗ ਦਾਹੜਾਂ ਮਾਰਨ ਲੱਗਾ ਜਿਸ ਤੋਂ ਘਬਰਾ ਕੇ ਉਸ ਨੂੰ ਪਾਗਲ ਕਰਾਰ ਦੇ ਕੇ ਨੀਂਦ ਦੇ ਟੀਕੇ ਲਾ ਕੇ 12-12 ਘੰਟੇ ਤੱਕ ਸੁੱਤਾ ਰੱਖਿਆ ਜਾਂਦਾ। ਮੈਨੂੰ ਜਦੋਂ ਇਸ ਸਿੰਘ ਨਾਲ ਹੋਈ ਜ਼ਿਆਦਤੀ ਦਾ ਪਤਾ ਲੱਗਾ ਤਾਂ ਮੈਂ ਕਿਸੇ ਢੰਗ ਨਾਲ ਇਸ ਦਾ ਛੋਟਾ ਭਰਾ ਬਣ ਕੇ ਇਸ ਨੂੰ ਹਸਪਤਾਲ ਮਿਲਣ ਪੁੱਜਿਆ ਤਾਂ ਪਰਮਜੀਤਸਿੰਘ ਕਿਸੇ ਨਾਮੀ ਮੁਜ਼ਰਮ ਵਾਂਗ ਬੇੜੀਆਂ 'ਚ ਜਕੜਿਆ ਹੋਇਆ ਦੂਰੋਂ ਫਤਹਿ ਗਜ਼ਾ ਰਿਹਾ ਸੀ। ਕੁਝ ਹਫਤਿਆਂ ਬਾਅਦ ਇਕ ਨੇਕ ਇਨਸਾਨ ਡਾਕਟਰ ਸ਼ਿਫਟ ਹੋ ਕੇ ਆਇਆ ਜਿਸ ਨੇ ਪਰਮਜੀਤ ਸਿੰਘ ਨੂੰ ਉਥੋਂ ਅਜ਼ਾਦ ਕਰਵਾ ਕੇ ਰਿਪੋਰਟਾਂ ਸਹੀ ਦਸਦਿਆਂ ਡਿਊਟੀ ਜੁਆਇਨ ਕਰਨ ਦੇ ਆਰਡਰ ਦੇ ਦਿੱਤੇ। ਇਕ ਦਿਨ ਪਰਮਜੀਤ ਸਿੰਘ ਦਾ ਆਪਣੇ ਅਫ਼ਸਰਾਂ ਨਾਲ ਝਗੜਾ ਹੋ ਗਿਆ ਤੇ ਉਨ੍ਹਾਂ ਇਸ ਨੂੰ ਪਾਗਲ ਕਰਾਰ ਦੇ ਕੇ ਜ਼ਬਰਨ ਰਿਟਾਇਰ ਕਰ ਦਿੱਤਾ ਹੁਣ ਉਸ ਨੇ ਹਾਈਕੋਰਟ ਵਿਚ ਇਸ ਨਾ ਇਨਸਾਫੀ ਵਿਰੁੱਧ ਮੁਕੱਦਮਾ ਕੀਤਾ ਹੋਇਆ ਹੈ।

ਜੰਮੂ ਦੇ ਕੁਝ ਅੱਖੀਂ ਵੇਖੇ ਪ੍ਰਮਾਣ ਤੇ ਸਿੱਖਾਂ ਨੂੰ ਸਿੱਖਾਂ ਵਿਰੁੱਧ ਅਤੇ ਘੱਟ ਗਿਣਤੀਆਂ ਵਿਰੁੱਧ ਵਰਤ ਕੇ ਕੌਮੀ ਨੁਕਸਾਨ ਨਫ਼ਰਤ ਦੀ ਭਾਵਨਾ ਪੈਦਾ ਕਰਵਾਉਣੀ ਆਦਿ ਹੈ। ਜੰਮੂ ਦੇ ਭਾਈ ਲਖਵੀਰ ਸਿੰਘ ਨੂੰ ਦਾੜ੍ਹਾ ਪ੍ਰਕਾਸ਼ ਕਰਨ ਦੇ ਦੋਸ਼ ਵਿਚ ਕਈ ਸਾਲ ਤਨਖਾਹਾਂ ਤੋਂ ਬਿਨਾਂ ਨੌਕਰੀ ਕਰਨੀ ਪਈ। ਜੰਮੂ ਤੇ ਸਤਵੀਰ ਸਿੰਘ ਸੰਨੀ, ਸਿਪਾਹੀ ਨੂੰ ਸਿੱਖ ਖਾੜਕੂਆਂ ਦੀ ਮਦਦ ਕਰਨ ਦੇ ਸ਼ੱਕ ਵਿਚ ਪੰਜ ਸਾਲ ਸਜ਼ਾ ਸੁਣਾਈ ਤੇਸੱਤ ਸਾਲ ਦਿਲੀ ਤਿਹਾੜ ਜੇਲ ਵਿਚ ਬੰਦ ਰਖਿਆ ਗਿਆ। ਭਾਈ ਰਵਿੰਦਰ ਸਿੰਘ ਉਧਮਪੁਰ, ਫੋਰਸ (ਐਸ.ਐਸ.ਪੀ.) ਮੁਲਾਜ਼ਮ ਨੂੰ ਸਿੱਖ ਖਾੜਕੂਆਂ ਨੂੰ ਪਨਾਹ ਦੇਣ ਦੇ ਝੂਠੇ ਕੇਸ ਵਿਚ ਪੰਜ ਸਾਲ ਜੇਲ ਕਟਾਈ ਗਈ। ਜੰਮੂ-ਕਸ਼ਮੀਰ ਦੇ ਸਾਰੇ ਗੜਬੜੀ ਵਾਲੇ ਇਲਾਕਿਆਂ ਵਿਚ ਸਿੱਖ ਪੁਲਿਸ ਅਫ਼ਸਰਾਂ, ਸਿੱਖ ਫੌਜੀ ਪਲਟਨਾਂ ਨੂੰ ਵਰਤਿਆ ਜਾਂਦਾ ਹੈ। ਜਗਜੀਤ ਸਿੰਘ ਜੱਗਾ, ਡੀ.ਐਸ.ਪੀ. ਜਿਸ ਤੇ ਕਈ ਸਿੱਖ ਨੌਜਵਾਨ ਤੇ ਮੁਸਲਮਾਨਾਂ ਨੂੰ ਕਤਲ ਕਰਨ (ਝੂਠੇ ਮੁਕਾਬਲੇ) ਦਾ ਦੋਸ਼ ਹੈ, ਹੁਣ ਇਸ ਦੀ ਸਰਕਾਰ ਨੇ (ਕੁਰਪਸ਼ਨ) ਰਿਸ਼ਵਤਖੋਰੀ ਦੇ ਦੋਸ਼ ਵਿਚ ਪੁਲਿਸ ਵਿਚੋਂ ਕੱਢ ਦਿੱਤਾ ਹੈ। ਸ਼ਾਇਦ ਹੁਣ ਇਨ੍ਹਾਂ ਦੀ ਉਨ੍ਹਾਂ ਨੂੰ ਲੋੜ ਨਹੀਂ। ਮੈਨੂੰ ਸੰਨ 2000 ਵਿਚ ਐਸ.ਪੀ. ਤੇ ਐਸ.ਐਚ.ਓ. ਨੇ ਇਕ ਐਕਸ਼ਨ ਦੇ ਸਿਲਸਿਲੇ ਵਿਚ ਗਲ ਕਰਦਿਆਂ ਕਿਹਾ ਤੈਨੂੰ ਪਤਾ ਹੈ ਤੇਰੇ ਦੋਸਤ ਰੋਮੀ (ਅੰਮ੍ਰਿਤਪਾਲ) ਨੂੰ ਕਿਸ ਨੇ ਮਾਰਿਆ ਹੈ? ਤੁਹਾਡੇ ਆਪਣੇ ਸਰਦਾਰ ਐਸ.ਪੀ. ਨੇ ਤੁਹਾਨੂੰ ਫੜਾਇਆ ਕਿਸ ਨੇ ਸੀ?

ਤੁਹਾਡੇ ਆਪਣੇ ਸਾਥੀ ਨੇ..। ਪੁਲਿਸ ਨੇ ਜਿਸ ਸਾਥੀ ਨੂੰ ਦੋਸ਼ੀ ਦੱਸਿਆ ਅਸਲ ਵਿਚ ਉਹ ਦੋਸ਼ੀ ਨਹੀਂ ਸੀ ਤੇ ਪੁਲਿਸ ਨੇ ਆਪਣੇ ਮੁਖ਼ਬਰ ਨੂੰ ਬਚਾਉਣ ਲਈ ਸਾਥੀ ਦਾ ਨਾਮ ਲਿਆ ਸੀ, ਨਾਲੇ ਭਾਈ ਅੰਮ੍ਰਿਤਪਾਲ ਸਿੰਘ ਜਿਹਨਾਂ ਪੁਲਸੀਆਂ ਨੇ ਸ਼ਹੀਦ ਕੀਤਾ ਸੀ, ਉਸ ਬਾਰੇ ਮੈਨੂੰ ਇਕ ਮੁਸਲਮਾਨ ਅਫ਼ਸਰ ਤੇ ਇਕ ਮੁਸਲਿਮ ਖਾੜਕੂ ਨੇ ਦਸ ਦਿੱਤਾ ਸੀ ਉਹ ਮੌਕੇ ਦੇ ਗਵਾਹ ਸਨ। ਪਿਛਲੇ ਦਿਨੀਂ ਇਕ ਫਿਲਮ "ਮਿਸ਼ਨ ਕਸ਼ਮੀਰ" ਵਿਚ ਇਕ ਸਿੱਖ ਅਫ਼ਸਰ ਨੂੰ ਬੰਬ ਤੋਂ ਡਰਦਿਆਂ ਪੈਂਟ ਵਿਚ ਪਿਸ਼ਾਬ ਕਰਦਿਆਂ ਵਿਖਾ ਕੇ ਸਮੁੱਚੇ ਸਿੱਖ ਜਗਤ ਵਿਸ਼ੇਸ਼ ਕਰ ਸਿੱਖ ਫੌਜੀਆਂ ਤੇ ਪੁਲਿਸੀਆਂ ਨੂੰ ਜ਼ਲੀਲ ਕੀਤਾ ਗਿਆ ਨਾਲੇ ਉਨ੍ਹਾਂ ਦੇ ਮਾਰਸ਼ਲਪੁਣੇ ਨੂੰ ਹਾਸੇ ਦਾ ਪਾਤਰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਤੋਂ ਬਾਹਰ ਤੇ ਅੰਦਰ ਸਿੱਖ ਫੌਜੀਆਂ ਤੇ ਪੁਲਸੀਆਂ ਨਾਲ ਹੋਈਆਂ ਜ਼ਿਆਦਤੀਆਂ ਦਾ ਲੰਮਾ ਇਤਿਹਾਸ ਹੈ ਜਿਵੇਂ ਕਿ ਸ. ਹਰਿੰਦਰ ਸਿੰਘ ਨੂੰ ਦਾੜੀ ਬਣਨ ਜਾਂ ਕੱਟਣ ਦੇ ਲਿਖਤੀ ਹੁਕਮ ਦਿੱਤੇ ਗਏ ਜਿਨ੍ਹਾਂ ਨੂੰ ਨਾ ਮੰਨਣ ਕਰਕੇ ਏਅਰ ਫੋਰਸ 'ਚੋਂ ਕੱਢ ਦਿੱਤਾ ਗਿਆ ਸੀ। (ਸੰਤ ਸਿਪਾਹੀ ਮਈ 1998) ਲੈਫ. ਜਨਰਲ ਸੁਬੇਗ ਸਿੰਘ ਲੈਫ. ਜਨਰਲ ਬਿਕਰਮ ਸਿੰਘ ਲੈਫ. ਜਨਰਲ ਜਗਜੀਤ ਸਿੰਘ, ਅਰੋੜਾ, ਜਨਰਲ ਹਰਬਖਸ਼ ਸਿੰਘ, ਏਅਰ ਮਾਰਸ਼ਲ ਮਨਜੀਤ ਸਿੰਘ ਵਰਗਿਆਂ ਦੀ ਲੰਬੀ ਕਹਾਣੀ ਹੈ, ਜੋ ਸਾਡੀ ਅਜ਼ਾਦ ਦੇਸ਼ ਦੇ ਗੁਲਾਮ ਵਾਲੀ ਹਾਲਤ ਬਿਆਨ ਕਰਦੀਆਂ ਹਨ।

ਜਨਰਲ ਹਰਬਖਸ਼ ਸਿੰਘ ਜਿਸ ਨੇ ਪਾਕਿਸਤਾਨ ਵਿਰੁੱਧ 1965 ਦੀ ਜੰਗ ਜਿੱਤ ਕੇ ਦਿੱਤੀ ਸੀ ਨੇ ਆਪਣੀ ਮੌਤ ਤੋਂ ਪਹਿਲਾਂ ਲਿਖੀ ਆਪਣੀ ਪੁਸਤਕ ਵਿਚ ਲਿਖਿਆ ਕਿ ਜੋ ਕੁਝ ਉਸ ਨੇ ਦੇਸ਼ ਵਾਸਤੇ ਕੀਤਾ ਸੀ, ਉਸ ਦੇ ਇਵਜ਼ ਵਿਚ ਉਸ ਨੂੰ ਜਨਰਲ ਪੀ.ਪੀ. ਕਮਾਰਾ ਮੰਗਲਮ ਤੋਂ ਬਾਅਦ ਚੀਫ਼ ਆਫ ਆਰਮੀ ਸਟਾਫ਼ ਬਣਾਉਣ ਲਈ ਚੁਣਿਆ ਗਿਆ ਸੀ, ਪਰ ਬਾਅਦ ਵਿਚ ਇੰਦਰਾ ਗਾਂਧੀ ਨੇ ਉਸ ਦੀ ਬਜਾਏ ਸੈਮ ਮਾਨਿਕਸ਼ਾਹ ਨੂੰ ਫੌਜ ਦਾ ਮੁਖੀ ਬਣਾ ਦਿੱਤਾ। 'ਸਾਧਾਰਨ ਇਨਸਾਨ ਦੀ ਗੱਲ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਸ. ਮਨਮੋਹਨ ਸਿੰਘ ਦੀ ਗੱਲ ਕਰਕੇ ਕਲਮ ਰੋਕਦਾ ਹਾਂ। ਨਰਿੰਦਰ ਮੋਦੀ (ਬੀ.ਜੇ.ਪੀ.) ਨੇ ਮਨਮੋਹਨ ਸਿੰਘ ਨੂੰ ਕਿਹਾ ਸੀ - "ਸਿੱਖ ਕੇ ਬਾਰਾਂ ਬਜ ਗਏ ਹੈਂ" ਬੇਸ਼ੱਕ ਇਸ ਦੇ ਵਿਰੁੱਧ ਅਸੀਂ ਮੋਦੀ ਨੂੰ ਲਿਖਕੇ ਭੇਜਿਆ ਸੀ ਬਾਰਾਂ ਕਦੋਂ ਤੇ ਕਿਵੇਂ ਵਜਦੇ ਸਨ ਇਹ ਗੱਲ ਵਖਰੀ ਹੈ। ਪਰ ਯਾਦ ਰੱਖਣਾ ਸਿੱਖ ਇਕ ਆਮ ਨਾਗਰਿਕ ਤੋਂ ਫੌਜ ਦਾ ਮੁਖੀ ਜਾਂ ਦੇਸ਼ ਦਾ ਮੁਖ ਮੰਤਰੀ, ਰਾਸ਼ਟਰਪਤੀ, (ਜਿਵੇਂ ਜ਼ੈਲ ਸਿੰਘ ਨੂੰ 1984 'ਚ ਜ਼ਲੀਲ ਕੀਤਾ ਗਿਆ ਸੀ) ਜਾਂ ਫਿਰ ਪ੍ਰਧਾਨ ਮੰਤਰੀ ਤਕ ਕਿਉਂ ਨਾ ਬਣ ਜਾਵੇ ਉਸ ਨੂੰ ਫਿਰਕੂ ਹਿੰਦੂ ਮਾਨਸਿਕਤਾ ਵੱਲੋਂ ਜ਼ਲਾਲਤ, ਜ਼ੁਲਮ ਅਤੇ ਜੇਲ੍ਹਾਂ ਦਾ ਸ਼ਿਕਾਰ ਬਣਾਇਆ ਜਾਂਦਾ ਰਹੇਗਾ। ਜਦ ਤਕ ਪੱਗ ਅਜ਼ਾਦ ਨਹੀਂ ਹੁੰਦੀ।

ਮਿਟਾ ਦੇ ਅਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੀਏ,
ਕੇ ਕਾਨਾਂ ਖਾਕ ਮੇਂ ਮਿਲ ਕਰ ਗੁਲੇ ਗੁਲਜਾਰ ਹੋਤਾ ਹੈ।

ਸ. ਜਗਜੀਤ ਸਿੰਘ ਜੱਗੀ

ਮਨੁੱਖੀ ਇਤਿਹਾਸ ਵਿਚ ਸਿੱਖ ਧਰਮ ਬਹਾਦਰ ਅਤੇ ਅਣਖੀ ਸਮਾਜ ਦੀ ਉਤਮ ਮਿਸਾਲ ਤੇ ਕਾਰਨਾਮਿਆਂ ਦਾ ਧਰਮ ਹੈ। ਜਿਥੇ ਇਸ ਧਰਮ ਵਿਚ ਸ਼ਹੀਦਾਂ ਕੁਰਬਾਨੀਆਂ ਦੀ ਭਰਮਾਰ ਹੈ ਉਥੇ ਹੀ ਇਸ ਵਿਚ ਗੱਦਾਰਾਂ ਦਾ ਵੀ ਕੋਈ ਘਾਟਾ ਨਹੀਂ ਰਿਹਾ। ਇਹ ਵੀ ਸੱਚ ਹੈ ਲੋਕਾਂ ਦੇ ਦਿਲਾਂ ਉਤੇ ਕੁਰਬਾਨੀਆਂ ਅਤੇ ਹੱਕ ਸੱਚ ਲਈ ਘਾਲਣਾ ਘਾਲਣ ਵਾਲੇ ਹੀ ਰਾਜ਼ ਕਰਦੇ ਰਹੇ ਹਨ ਅਤੇ ਗ਼ੱਦਾਰ ਕਿਸਮ ਦੇ ਲੋਕ ਆਪਣੇ ਹਰ ਮਾੜੇ ਇਰਾਦੇ ਨੂੰ ਪੂਰਾ ਕਰਣ ਲਈ ਹਰ ਸੀਮਾ ਟੱਪ ਜਾਂਦੇ ਹਨ ਅਤੇ ਆਪਣੇ ਰਾਹ ਦੇ ਹਰ ਅੜਕੇ ਇਨਸਾਨ ਨੂੰ ਉਹ ਹਟਾਉਣ ਤੋਂ ਗੁਰੇਜ਼ ਨਹੀਂ ਕਰਦੇ ਕਈ ਵਾਰ ਤਾਂ ਉਹ ਭਰਾਵਾਂ ਹਥੋਂ ਭਰਾ ਮਰਵਾ ਕੇ ਵੀ ਆਪਣੇ ਵਿਰੋਧੀਆਂ ਨੂੰ ਮਾਤ ਦੇ ਜਾਂਦੇ ਹਨ। ਇਨ੍ਹਾਂ ਕੁਝ ਮਨੁੱਖਤਾ ਅਤੇ ਕੌਮ ਦੇ ਵਿਰੁੱਧ ਕਰਣ ਦੇ ਬਾਵਜੂਦ ਉਹ ਗੱਦਾਰ ਆਪਣੀ ਚਾਲ ਚਲਦਿਆਂ ਮਹਾਨ ਬਣਨ ਤੇ ਇਤਿਹਾਸ ਨੂੰ ਆਪਣੇ ਹੱਕ ਵਿਚ ਤੁਰਨ ਲਈ ਮਜਬੂਰ ਕਰਨ ਦਾ ਯਤਨ ਕਰਦੇ ਹਨ, ਪਰ ਇਸ ਤਰ੍ਹਾਂ ਹੁੰਦਾ ਨਹੀਂ। ਬੇਸ਼ੱਕ ਸੱਚ ਦੇ ਪ੍ਰਗਟ ਹੋਣ ਵਿਚ ਕੁਝ ਦੇਰ ਲੱਗ ਹੀ ਜਾਂਦੀ ਹੈ, ਪਰ ਕੂੜ ਦੇ ਹਨੇਰਿਆਂ ਨੂੰ ਚੀਰ ਕੇ ਸੱਚ ਦਾ ਸੂਰਜ ਜ਼ਰੂਰ ਚੜ੍ਹਦਾ ਹੈ। ਇਸੇ ਤਰ੍ਹਾਂ ਦੀ ਇਕ ਚਾਲ ਸ. ਜਗਜੀਤ ਸਿੰਘ ਜੱਗੀ ਨਾਲ ਖੇਡੀ ਗਈ ਤੇ ਉਹ ਕੌਮ ਦੀਆਂ ਨਜ਼ਰਾਂ 'ਚ ਇਕ ਗੁੰਝਲਦਾਰ ਬੁਜ਼ਾਰਤ ਬੰਨਕੇ ਰਹਿ ਗਿਆ.

"ਹਮ ਵਫ਼ਾ ਕਰਕੇ ਵੀ ਬੇਵਫਾ ਰਹਿ ਗਏ" ਸ਼ਾਇਦ ਕੁਝ ਇਸੇ ਤਰ੍ਹਾਂ ਹੀ ਬੀਤੀ ਜਗਜੀਤ ਸਿੰਘ ਜੱਗੀ ਦੇ ਨਾਲ। ਭਾਈ ਜੱਗੀ ਦਾ ਜਨਮ 20 ਜੂਨ 1970 'ਚ ਜੰਮੂ ਦੇ ਰਾਜੌਰੀ ਇਲਾਕੇ ਵਿਚ ਭਾਈ ਹਿੰਮਤ ਸਿੰਘ ਜੀ ਦੇ ਘਰ ਤੇ ਮਾਤਾ ਪ੍ਰਕਾਸ਼ ਕੌਰ ਦੇ ਗਰਭ 'ਚੋਂ ਹੋਇਆ। ਗੁਰਮਤਿ ਦੀ ਦਾਤ ਜੱਗੀ ਨੂੰ ਵਿਰਸੇ ਵਿਚ ਹੀ ਪਰਾਪਤ ਹੋਈ। ਭਾਈ ਜੱਗੀ ਕਾਲਜ ਦੀ ਪੜ੍ਹਾਈ ਕਰਦਾ ਹੀ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ) ਨਾਲ ਜੁੜ ਗਿਆ, 1990 ਵਿਚ ਬਿਭੌਰ ਸਾਹਿਬ ਲਗੇ ਫੈਡਰੇਸ਼ਨ ਦੇ ਕੈਂਪ ਵਿਚ ਜੱਗੀ ਸ਼ਾਮਲ ਹੋਇਆ ਅਤੇ ਫੈਡਰੇਸ਼ਨ ਨਾਲ ਰਲਕੇ ਪੰਥ ਦੀ ਸੇਵਾ ਵਿਚ ਜੁੱਟ ਗਿਆ। ਇਕ ਵਾਰੀ ਭਾਈ ਜੱਗੀ ਚੰਡੀਗੜ੍ਹ ਕਿਸੇ ਕੰਮ ਤੋਂ ਗਿਆ ਹੋਇਆ ਸੀ ਕਿ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਮਹੀਨੇ ਬਾਅਦ ਉਸ ਦੀ ਰਿਹਾਈ ਹੋਈ। ਜੰਮੂ ਵਿਚ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ ਜੈਡ ਐਫ) ਦੇ ਸਿੰਘ ਪੂਰੀ ਤਰ੍ਹਾਂ ਸਰਗਰਮ ਸਨ। ਭਾਈਜੱਗੀ ਗੁਪਤ ਤੌਰ 'ਤੇ ਹੀ ਸਿੰਘਾਂ ਨਾਲ ਵਿਚਰਨ ਲਗ ਪਿਆ. ਭਾਈ ਅਮਰਪਾਲ ਸਿੰਘ ਮਾਸਟਰ ਤੇ ਸਾਥੀ ਸਿੰਘਾਂ (ਕੇ.ਜੈਡ.ਐਫ.) ਦੀ ਪੱਕੀ ਠਾਹਰ ਭਾਈਜੱਗੀ ਦੇ ਘਰ

ਬਣ ਗਈ ਅਤੇ ਸਿੰਘਾਂ ਦਾ ਆਉਣਾ ਜਾਣਾ ਉਸ ਦੇ ਘਰ ਆਮ ਹੋ ਚਲਿਆ ਸੀ। ਜੱਗੀ ਦਾ ਪਰਿਵਾਰ ਹੁਣ ਤੱਕ ਰਾਜੌਰੀ ਤੋਂ ਜੰਮੂ ਵਿਖੇ ਆ ਚੁੱਕਿਆ ਸੀ। ਅਚਾਨਕ ਇਕ ਦਿਨ ਭਾਈ ਮਾਸਟਰ ਨੇ ਫੈਡਰੇਸ਼ਨ ਦੇ ਇਕ ਅਖੌਤੀ ਲੀਡਰ ਨੂੰ ਕੁਝ ਗੱਲਾਂ ਦਾ ਜਵਾਬ ਦੇਣ ਲਈ ਸੁਨੇਹਾ ਭੇਜਿਆ। ਅਗੋਂ ਉਸ ਲੀਡਰ ਨੇ ਭਾਈ ਮਾਸਟਰ ਨੂੰ ਨਾਨਕ ਨਗਰ ਮੁਲਾਕਾਤ ਲਈ ਬੁਲਾਇਆ ਅਤੇ ਭਾਈ ਜੱਗੀ ਨੂੰ ਨਾਲ ਲੈ ਕੇ ਮਾਸਟਰ ਨਾਨਕ ਨਗਰ ਪੁਜਿਆ ਅਤੇ ਦੱਸਿਆ ਜਾਂਦਾ ਹੈ ਕਿ ਭਾਈ ਜੱਗੀ ਨੂੰ ਉਥੇ ਪੁੱਜ ਕੇ ਭਾਈ ਮਾਸਟਰ ਨੇ ਵਾਪਸ ਮੋੜ ਦਿੱਤਾ ਸੀ, ਆਖਰ ਭਾਈ ਮਾਸਟਰ ਨੂੰ ਉਥੋਂ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਕੁਝ ਸਾਥੀਆਂ ਸਮੇਤ ਪੰਜਾਬ ਥਾਣਾ ਬਟਾਲਾ ਵਿਖੇ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਹਕੀਕਤ ਸਾਹਮਣੇ ਆਉਂਦੀ ਭਾਈ ਜੱਗੀ ਦੀ ਕਸ਼ਮੀਰ ਵਿਖੇ ਮਾਰੇ ਜਾਣ ਦੀ ਖ਼ਬਰ ਆ ਗਈ। ਇਸ ਸਾਰੀ ਹਕੀਕਤ ਨੂੰ ਬਿਆਨ ਕਰਦਿਆਂ ਕੇ. ਜੈਡ ਐਫ. ਦੇ ਕਮਾਂਡਰ ਵੱਲੋਂ ਫੈਡਰੇਸ਼ਨ ਦੇ ਸਿੰਘਾਂ ਨੂੰ ਕੁਝ ਖ਼ਤ ਤੇ ਵੀਡੀਓ ਭੇਜੇ ਗਏ ਸਨ ਪਰ ਉਨ੍ਹਾਂ ਨੂੰ ਕੁਝ ਅਖੌਤੀ ਲੀਡਰਾਂ ਨੇ ਅਣਅਧਿਕਾਰਤ ਤੌਰ 'ਤੇ ਆਪਣੇ ਕੋਲ ਜਾਣਬੁੱਝ ਕੇ ਦਬਾ ਰੱਖਿਆ ਹੋਇਆ ਹੈ ਤਾਂ ਕਿ ਸੱਚਾਈ ਉਤੇ ਪਰਦਾ ਪਿਆ ਹੀ ਰਹੇ। ਜੂਨ ਮਹੀਨੇ ਪੈਦਾ ਹੋਇਆ ਭਾਈ ਜੱਗੀ ਜੂਨ 1994 ਨੂੰ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ। ਭਾਈ ਜੱਗੀ ਤਾਂ ਸ਼ਹੀਦ ਹੋ ਚੁੱਕਿਆ ਹੈ ਜੇ ਕਿਸੇ ਜਿੰਦਾ ਜ਼ਮੀਰ ਵਾਲੇ ਇਨਸਾਨ ਕੋਲ ਇਸ ਬਾਰੇ ਪੁਖਤਾ ਸਬੂਤ ਹੋਣ ਤਾਂ ਉਹ ਸਾਡੇ ਤੱਕ ਜ਼ਰੂਰ ਪੁਜਾਵੇ ਉਨ੍ਹਾਂ ਨੂੰ ਅਗਲੇ ਅਡੀਸ਼ਨ ਵਿਚ ਸ਼ਾਮਲ ਕੀਤਾ ਜਾਵੇਗਾ।

"ਕਿਆ ਖ਼ਬਰ ਕਿਤਨੇ ਗੁਨਾਹੋਂ ਸੇ ਪੜਦੇ ਉਠੇਂਗੇ
ਦਿਲ-ਏ-ਰਾਜ਼ ਜਬ ਦੋਸਤੋਂ ਕੀ ਜ਼ੁਬਾਂ ਪਰ ਆਏਗਾ।"

■■■

ਲੇਖਕ ਬਾਰੇ

ਨਾਮ - ਸਿਰਦਾਰ ਮਨਮੋਹਨ ਸਿੰਘ। ਤੱਥਲਸ ਜੰਮੂ ਅਤੇ ਨਿਹੰਗ
ਪਿਤਾ - ਸਿਰਦਾਰ ਹਰਦਿੱਤ ਸਿੰਘ। (ਅੱਜ ਦੁਨੀਆਂ ਵਿਚ ਨਹੀਂ)
ਮਾਤਾ - ਸਿਰਦਾਰਨੀ ਸਤਨਾਮ ਕੌਰ। (ਅੱਜ ਦੁਨੀਆਂ ਵਿਚ ਨਹੀਂ)
ਪਤਨੀ - ਸਿਰਦਾਰਨੀ ਸਰਬਜੀਤ ਕੌਰ।
ਜਨਮ - 1978
ਜਨਮ - ਦੇਹਰਾਦੂਨ (ਯੂ.ਪੀ.)
ਸਕੂਲ - ਦੇਹਰਾਦੂਨ ਤ
ਜੰਮੂ।
ਧਾਰਮਿਕ ਵਿਦਿਆ - ਦਮਦਮੀ ਟਕਸਾਲ ਮਹਿਤਾ (ਅੰਮ੍ਰਿਤਸਰ)
ਕਿੱਤਾ - ਛੋਟਾ ਜਿਹਾ ਬਿਜਨਸ (ਦੁਕਾਨ ਦਸਤਾਰਾਂ ਦੀ)
ਸਲਾਖਾਂ ਪਿਛੇ - ਸਤ ਸਾਲ ਜੰਮੂ
ਜੇਲ੍ਹ - ਪੰਜ ਸਾਲ
ਥਾਣਾ - ਲਗਭਗ ਦੋ ਸਾਲ
ਪਹਿਲਾ ਲੇਖ - ਸਲਾਖਾਂ ਪਿਛੇ ਬੰਦ ਅਵਾਜ਼ (ਮੈਗਜ਼ੀਨ ਖੰਡੇਧਾਰ)
ਹੋਰ ਰਸਾਲਿਆਂ 'ਚ ਛਪਦੇ ਲੇਖ, ਇੰਟਰਵਿਊ ਫੀਚਰ।
ਸਿੱਖ ਸ਼ਹਾਦਤ, ਲਲਕਾਰ, ਸ਼ਮਸ਼ੀਰ-ਏ-ਦਸਤ, ਪੰਜ ਤੀਰ ਹੋਰ, ਦਾ ਖਾਲਸਾ, ਦਾ ਸਿੱਖ, ਸਿੱਖ ਸੰਦੇਸ਼, ਸਪੋਕਸਮੈਨ, ਸ਼ਮਸ਼ੀਰ (ਜੇ.ਐਂਡ ਕੇ)
ਲੜੀਵਾਰ ਲੇਖ - ਖ਼ਾਲਸਾ ਫਤਹਿਨਾਮਾ, ਸ਼ਮਸ਼ੀਰ (ਜੰਮੂ-ਕਸ਼ਮੀਰ) ਸਿੱਖ-ਸ਼ਹਾਦਤ
ਸੰਪਾਦਨ - ਸ਼ਮਸ਼ੀਰ
ਸੰਸਥਾਵਾਂ - ਮੈਂਬਰ ਹਮਦਰਦ ਸੋਸਾਇਟੀ
ਜਨਰਲ ਸਕੱਤਰ ਯੂਨਾਈਟਿਡ ਸਿਖ ਕੌਂਸਲ (ਜੰਮੂ-ਕਸ਼ਮੀਰ)
ਬਾਨੀ - ਦਸ਼ਮੇਸ਼ ਯੂਥ ਆਰਗੇਨਾਈਜੇਸ਼ਨ, ਜੰਮੂ ਕਸ਼ਮੀਰ।
ਪੰਥਕ ਸਰਗਰਮੀਆਂ - ਜਥੇਬੰਦੀ (ਡੀ.ਵਾਈ.ਓ.)

1. ਵਿਰਸਾ ਸੰਭਾਲ ਲਹਿਰ - ਪਿੰਡ ਪੱਧਰ ਤੇ ਸਮਾਗਮ, ਬੈਠਕਾਂ।
2. ਗੁਰਦੁਆਰਾ ਪ੍ਰਬੰਧ ਸੁਧਾਰ ਲਈ - ਲੇਖ, ਬੈਠਕਾਂ, ਖੱਤ।

3. ਦਸਤਾਰ ਮੁਕਾਬਲੇ ਤੇ ਸਿਖਲਾਈ ਕਲਾਸਾਂ।
4. ਬੰਦੀ ਸਿੰਘਾਂ ਦੀ ਰਿਹਾਈ ਲਈ ਕਨਵੈਨਸ਼ਨ ਤੇ ਖ਼ਤ।
5. ਯੂਥ ਚੇਤਨਾ ਲਈ ਕੈਂਪ, ਬੈਠਕਾਂ, ਪਰਚੇ।
6. ਕੌਮੀ ਹੱਕ ਅਤੇ ਹੋਰ ਮਸਲਿਆਂ ਤੇ ਰੈਲੀਆਂ, ਪ੍ਰੈਸ, ਨੋਟ, ਪਰਚੇ, ਲੇਖ, ਬੈਠਕਾਂ।
7. ਸ਼ਹੀਦੀ ਵਿਰਸੇ ਦੀ ਸੰਭਾਲ ਲਈ- ਸਮਾਗਮ, ਲੇਖ, ਪਰਚੇ, ਮੁਲਾਕਾਤਾਂ। ਧਾਰਮਿਕ ਫ਼ਿਲਮਾਂ ਦੇ ਸ਼ੋਅ ਆਦਿ।

ਸਰਗਰਮੀਆਂ ਸਮਾਜਕ, ਜਥੇਬੰਦੀ (ਡੀ.ਵਾਈ.ਓ.)

1. ਖ਼ੂਨਦਾਨ ਕੈਂਪ।
2. ਬਲੱਡ ਹੈਲਪ ਲੈਣ।
3. ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਅਭਿਆਨ।
4. ਫਿਰਕੂਵਾਦ ਤੇ ਨਸਲੀ ਮੱਤਭੇਦ ਖਿਲਾਫ ਲੇਖ, ਲੈਕਚਰ, ਬੈਠਕਾਂ ਪਰਚੇ।
5. ਅਨਾਥ ਤੇ ਅਪਾਹਿਜ਼ ਬੱਚਿਆਂ ਨਾਲ ਅਤੇ ਹਸਪਤਾਲਾਂ ਵਿਚ ਜਾ ਕੇ ਗੁਰਪੁਰਬ ਸੈਲੀਬਰੇਟ ਕਰਨੇ ਆਦਿ....।
6. ਸਰਬੱਤ ਦੇ ਭਲੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਕਰਨਾ।

ਹਰਮੀਤ ਸਿੰਘ ਰੋਮੀ, ਪਰਮਜੀਤ ਸਿੰਘ ਪ੍ਰਿੰਸ ਅਤੇ ਸਮੂਹ ਮੈਂਬਰ
ਦਸ਼ਮੇਸ਼ ਯੂਥ ਆਰਗੇਨਾਈਜੇਸ਼ਨ ਜੰਮੂ ਕਸ਼ਮੀਰ।

■■■

ਬਸ ਇਹੀਓ ਯਾਰ ਗੁਨਾਹ ਸਾਡਾ

ਬਣਿਆ ਇਤਿਹਾਸ ਗਵਾਹ ਸਾਡਾ

ਬਣਿਆ ਇਤਿਹਾਸ ਗਵਾਹ ਸਾਡਾ
ਬੱਸ ਇਹੀਓ ਯਾਰ ਗੁਨਾਹ ਸਾਡਾ
ਸਾਂਝ ਸਿਰਾਂ ਤੋਂ ਤੁਰਦੀ ਹੈ
ਬਖਸ਼ਿਸ਼ ਕੋਈ ਧੁਰ ਦੀ ਹੈ,
ਕਿ ਟੁੱਟਦਾ ਨਹੀਂ ਵਿਸਾਹ ਸਾਡਾ
ਬੱਸ ਇਹੀਓ ਯਾਰ ਗੁਨਾਹ ਸਾਡਾ

ਪਾਣੀਆਂ ਦੀ ਕੁਲ ਜੰਮੇ ਹਾਂ
ਨਾ ਥੰਮਣਾ ਏ ਨਾ ਥੰਮੇਂ ਹਾਂ
ਤੇ ਪੈਂਡਾ ਬੜਾ ਅਥਾਹ ਸਾਡਾ
ਬੱਸ ਇਹੀਓ ਯਾਰ ਗੁਨਾਹ ਸਾਡਾ

ਸਾਡੇ ਕਦਮਾਂ ਦੇ ਵਿਚ ਤਾਲ ਕੋਈ
ਜੋ ਪਲ ਵੀ ਰਲਿਆ ਨਾਲ ਕੋਈ
ਉਹਦੇ ਸਾਹੀਂ ਘੁਲਿਆ ਸਾਹ ਸਾਡਾ
ਬਸ ਇਹੀਓ ਯਾਰ ਗੁਨਾਹ ਸਾਡਾ

ਪੌਣਾਂ ਦੇ ਸੰਗ ਮੁਲਾਕਾਤ ਹੋਈ
ਤਾਰਿਆਂ ਦੇ ਸੰਗ ਝਾਤ ਹੋਈ
ਚੜਿਆ ਸਵੇਰ ਨੂੰ ਪਾਹ ਸਾਡਾ
ਬੱਸ ਇਹੀਓ ਯਾਰ ਗੁਨਾਹ ਸਾਡਾ

ਸਮਾਂ ਤੱਕਦਾ ਸਾਡੀ ਨੁਹਾਰ ਕੋਈ
ਪੋਹਦੀ ਨਹੀਂ ਜਿੱਤ ਹਾਰ ਕੋਈ


ਮਨ ਮੂਲੋਂ ਈ ਬੇ ਪ੍ਰਵਾਹ ਸਾਡਾ
ਬੱਸ ਇਹੀਓ ਯਾਰ ਗੁਨਾਹ ਸਾਡਾ


ਅੰਬਰ ਸਾਡੇ ਵਿਹੜੇ ਦਾ ਟੋਟਾ ਹੈ
ਉੱਝ ਸਾਡੇ ਰਹਿਣ ਲਈ ਛੋਟਾ ਹੈ
ਸੱਚਾ ਸਿਦਕ ਕਰੇ ਨਿਰਬਾਹ ਸਾਡਾ
ਬਸ ਇਹੀਓ ਯਾਰ ਗੁਨਾਹ ਸਾਡਾ

ਬਣਿਆ ਇਤਿਹਾਸ ਗਵਾਹ ਸਾਡਾ
ਬੱਸ ਇਹੀਓ ਯਾਰ ਗੁਨਾਹ ਸਾਡਾ

ਸੇਵਕ ਸਿੰਘ
ਸਾਬਕਾ ਪ੍ਰਧਾਨ
ਸਿੱਖ ਸਟੂਡੈਂਟਸ ਫੈਡਰੇਸ਼ਨ

■■■







ਸਮਰਪਿਤ


ਗੁਰੂ ਗ੍ਰੰਥ ਸਾਹਿਬ ਜੀ
ਵੱਲੋਂ ਦਰਸਾਏ ਗਏ
ਮਨੁੱਖਤਾਵਾਦੀ ਸਿਧਾਂਤ
'ਤੇ ਚਲਦਿਆਂ ਤਸ਼ੱਦਦ,
ਜੇਲ੍ਹਾਂ-ਥਾਣੇ ਹੰਢਾਉਣ ਅਤੇ
ਸ਼ਹੀਦੀਆਂ ਪਾਉਣ ਵਾਲਿਆਂ ਅਤੇ
ਦੁਨੀਆਂ ਭਰ ਵਿਚ ਮਨੁੱਖੀ
ਹੱਕਾਂ ਲਈ ਲੜਨ ਵਾਲੇ
ਮਰਜੀਵੜਿਆਂ ਨੂੰ ਘੱਲੂਘਾਰਾ
1984 ਦੀ
25ਵੀਂ ਸ਼ਹੀਦੀ ਵਰੇਗੰਢ ਤੇ ਸਫਰ-
ਏ-ਸ਼ਹਾਦਤ ਸਮਰਪਿਤ ਹੈ।

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉਤੇ,
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋੜੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨਿਐ ਤੁਸੀਂ ਕਹਾਣੀਆਂ ਦਾ
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ
(ਸੰਤ ਰਾਮ ਉਦਾਸੀ)











ਕਿਲਾ ਹਰੀ ਪਰਬਤ ਕਸ਼ਮੀਰ




ਬਾਬਾ ਦੇਵਾ ਸਿੰਘ ਗੁਫਾ ਵਾਲੇ



ਗੁਰਦੁਆਰਾ ਰਿਆਸੀ
ਜਿਥੇ 17 ਸਿੰਘ ਸ਼ਹੀਦ ਕੀਤੇ ਗਏ




ਘਨੱਈਆ ਸਿੰਘ ਬਾਰਾਮੂਲਾ



ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ



ਬਾਬਾ ਬਚਿੱਤਰ ਸਿੰਘ ਜੀ ਭਾਈ ਅਵਤਾਰ ਸਿੰਘ
ਖ਼ਾਲਸਾ ਨੂੰ ਧਰਮਯੁੱਧ ਮੋਰਚੇ 'ਚ ਜਾਣ
ਤੋਂ ਪਹਿਲਾਂ ਸਿਰੋਪਾਓ ਪਾਉਂਦੇ ਹੋਏ




ਸਿਘ ਸਭਾ ਲਹਿਰ 'ਚ ਜੰਮੂ ਕਸ਼ਮੀਰ ਦੇ ਸਿੱਖਾਂ ਦੀ ਸ਼ਮੂਲੀਅਤ

ਪਹਿਲੀ ਸਿਘ ਸਭਾ ਲਹਿਰ (ਕਸ਼ਮੀਰ) ਦੇ ਮੋਢੀ ਆਗੂ ਤੇ ਸੰਚਾਲਕ ਸ. ਗੰਡਾ ਸਿੰਘ, ਸ. ਮੂਲ ਸਿੰਘ, ਸ. ਅਰਜਨ ਸਿੰਘ, ਸ. ਨੱਥਾ ਸਿੰਘ, ਸ. ਗੋਪਾਲ ਸਿੰਘ, ਬਾਬਾ ਮੱਘਰ ਸਿੰਘ, ਮਾਸਟਰ ਪ੍ਰਤਾਪ ਸਿੰਘ ਸ. ਗੁਰਬਖਸ਼ ਸਿੰਘ, ਸ. ਮੱਖਣ ਸਿੰਘ ਅਤੇ ਸਾਥੀ



ਸਿਘ ਸਭਾ ਲਹਿਰ 'ਚ ਜੰਮੂ ਕਸ਼ਮੀਰ ਦੇ ਸਿੱਖਾਂ ਦੀ ਸ਼ਮੂਲੀਅਤ

ਸਿਘ ਸਭਾ ਲਹਿਰ ਪੁੱਣਛ ਦੇ ਆਗੂ ਸ. ਰੂਪ ਸਿੰਘ, ਸ. ਕਰਤਾਰ ਸਿੰਘ, ਸ. ਕਰਮ ਸਿੰਘ, ਸ. ਸੰਤ ਸਿੰਘ ਸ. ਗੋਸਾਵਾ ਸਿੰਘ, ਸ. ਨੰਦ ਸਿੰਘ, ਸ. ਅਮੀਰ ਸਿੰਘ, ਸ੍ਰ. ਭਗਵਾਨ ਸਿੰਘ ਅਤੇ ਸਾਥੀ



ਪੰਜਾਬੀ ਸੂਬਾ ਮੋਰਚੇ ਵਿਚ ਜੰਮੂ-ਕਸ਼ਮੀਰ ਦੇ ਸਿੰਘ ਅਤੇ ਸਿੰਘਣੀਆਂ ਦੀ ਹਾਜ਼ਰੀ


ਗ੍ਰਿਫ਼ਤਾਰੀ ਦੇਣ ਗਿਆ ਜੰਮੂ ਤੋਂ ਬੀਬੀ ਭਾਗ ਕੌਰ ਜੀ ਦਾ ਜਥਾ



ਗ੍ਰਿਫ਼ਤਾਰੀ ਦੇਣ ਲਈ ਗਿਆ ਕਸ਼ਮੀਰ ਦੇ ਸਿੰਘਾਂ ਦਾ ਜਥਾ

ਗਿਆਨੀ ਸੰਤ ਸਿੰਘ, ਸ. ਕਰਤਾਰ ਸਿੰਘ, ਸ. ਠਾਕਰ ਸਿੰਘ, ਸ. ਆਇਆ ਸਿੰਘ, ਕਾਕਾ ਜੁਗਿੰਦਰ ਸਿੰਘ

ਗਿਆਨੀ ਈਸ਼ਰ ਸਿੰਘ, ਸ. ਪ੍ਰੀਤਮ ਸਿੰਘ ਪੁੰਛ, ਸ. ਕ੍ਰਿਪਾਲ ਸਿੰਘ ਮੁਜੱਫਰਾਬਾਦ, ਸ. ਜੁਗਿੰਦਰ ਸਿੰਘ ਪੁੰਛ।




ਪ੍ਰੀਤਮ ਸਿੰਘ


ਕੁਲਵੀਰ ਸਿੰਘ ਫੌਜੀ


ਸਰਬਜੀਤ ਸਿੰਘ ਸਾਬੀ



ਸੁਖਵਿੰਦਰ ਸਿੰਘ (ਜੇ.ਕੇ.ਪੀ.)


ਰਣਜੀਤ ਸਿੰਘ ਰਣਜੀ


ਇੰਦਰਜੀਤ ਸਿੰਘ ਇੰਦਰੀ



ਗੁਰਚਰਨ ਸਿੰਘ ਡੀ.ਸੀ.



ਜਗਜੀਤ ਸਿੰਘ ਜੱਗੀ



ਮਯੂਰ ਨਗਰ ਕਤਲ ਕਾਂਡ (ਕਸ਼ਮੀਰ)



ਕੁਲਵੀਰ ਸਿੰਘ



ਚਿੱਠੀ ਸਿੰਘਪੁਰਾ ਕਤਲ ਕਾਂਡ


ਮਹਿੰਦਰ ਸਿੰਘ ਖ਼ਾਲਸਾ


ਸੁਰਜੀਤ ਸਿੰਘ ਮਿੰਟਾ


ਅੰਮ੍ਰਿਤਪਾਲ ਸਿੰਘ ਰੋਮੀ


ਜਗਜੀਤ ਸਿੰਘ ਜੱਗੀ


ਜਸਵੀਰ ਸਿੰਘ ਡਾਕਟਰ


ਰਣਜੀਤ ਸਿੰਘ ਬੱਬਲੀ



ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਕੋਲ ਹਾਜ਼ਰੀ ਭਰਦੇ ਹੋਏ ਕੈਬਨਿਟ ਮੰਤਰੀ ਅਤੇ ਸਾਬਕਾ ਮੁੱਖ ਮੰਤਰੀ
ਜੰਮੂ-ਕਸ਼ਮੀਰ ਡਾ. ਫਾਰੂਕ ਅਬਦੁੱਲਾ ਨਾਲ ਹਨ ਸ਼ੇਰੇ ਪਹਾੜ ਸ. ਸੰਤ ਸਿੰਘ ਤੇਗ ਜੰਮੂ



ਗੁਰੂ ਆਸਰਾ ਫਾਊਂਡੇਸ਼ਨ ਕੈਨੇਡਾ ਦੇ ਸੇਵਾਦਾਰ ਸ. ਸੁਰਜੀਤ ਸਿੰਘ ਜੀ ਕੋਹਲੀ
ਮਨਮੋਹਨ ਸਿੰਘ ਆਨੰਦ ਕਾਰਜ ਦੌਰਾਨ ਗੁਰੂ ਆਸਰਾ ਟਰੱਸਟ ਮੁਹਾਲੀ ਵਿਖੇ



13 ਜਨਵਰੀ 1989 ਕਤਲ ਕਾਂਡ (ਜੰਮੂ)














ਗੁਰਚਰਨ ਸਿੰਘ



ਕੁਲਵੀਰ ਸਿੰਘ


ਚਿੱਠੀ ਸਿਘਪੁਰਾ ਕਤਲ ਕਾਂਡ



ਰਿੱਠੀ ਸਿਧਪੁਰਾ ਕਤਲ ਕਾਂਡ



ਚਿੱਠੀ ਸਿੰਘਪੁਰਾ ਕਤਲ ਕਾਂਡ






ਧਰਮ ਯੁੱਧ ਮੋਰਚੇ ਦੌਰਾਨ ਗ੍ਰਿਫ਼ਤਾਰੀ ਲਈ ਜੰਮੂ ਕਸ਼ਮੀਰ ਤੋਂ ਜਥਾ ਲੈ ਕੇ ਅੰਮ੍ਰਿਤਸਰ ਪੁੱਜੇ
ਭਾਈ ਅਵਤਾਰ ਸਿੰਘ ਖ਼ਾਲਸਾ, ਭਾਈ ਹਰਚਰਨ ਸਿੰਘ ਖ਼ਾਲਸਾ ਅਤੇ ਬਾਬਾ ਬਚਿੱਤਰ ਸਿੰਘ ਜੀ ਡੇਰਾ ਨੰਗਾਲੀ ਸਾਹਿਬ।



ਸਿੱਖ ਸਟੂਡੈਂਟਸ ਫੈਡਰੇਸ਼ਨ ਪੁੱਣਛ (ਜੰਮੂ) ਨੌਜਵਾਨਾਂ ਦੀ ਇਕ ਯਾਦਗਾਰੀ ਤਸਵੀਰ



ਬਾਬਾ ਜਰਨੈਲ ਸਿੰਘ ਜੀ ਯੂਨਿਟ ਜੰਮੂ ਫੈਡਰੇਸ਼ਨ ਦੇ ਪ੍ਰਧਾਨ ਭਾਈ ਜਗਜੀਤ ਸਿੰਘ ਪੁੱਣਛ ਨੂੰ ਸਨਮਾਨਿਤ ਕਰਦੇ ਹੋਏ।




ਭਾਈ ਧਰਮਵੀਰ ਸਿੰਘ ਐਡਵੋਕੇਟ ਫੈਡਰੇਸ਼ਨ ਕੈਂਪ ਦੌਰਾਨ ਲੈਕਚਰ ਕਰਦੇ ਹੋਏ




ਭਾਈ ਅਜੀਤ ਸਿੰਘ ਨੇਪਾਲੀ



ਭਾਈ ਜਸਵੰਤ ਸਿੰਘ



ਭਾਈ ਨੇਪਾਲੀ ਦੀ ਹੱਥ ਲਿਖਤ ਚਿੱਠੀ



ਬਾਬਾ ਜਰਨੈਲ ਸਿੰਘ ਨਾਲ ਜੰਮੂ ਫੈਡਰੇਸ਼ਨ ਦੇ ਨੌਜਵਾਨ



ਦਿਲੀ ਸਟੇਡੀਅਮ 'ਚ ਭਾਈ ਗੋਜਾ ਜੈਕਾਰੇ ਲਾਉਂਦਾ ਹੋਇਆ

ਜੰਮੂ 'ਚ ਝੂਠੇ ਪੁਲਿਸ ਮੁਕਾਬਲੇ ਅਖ਼ਬਾਰਾਂ ਦੀ ਜ਼ੁਬਾਨੀ















ਘੱਲੂਘਾਰਾ ਨੀਲਾ ਤਾਰਾ 1984 ਦੀ
25ਵੀਂ ਵਰ੍ਹੇਗੰਢ ਤੇ ਸਮੂਹ ਸ਼ਹੀਦਾਂ ਨੂੰ ਪ੍ਰਣਾਮ







ਬਾਬਾ ਮੇਲਾ ਸਿੰਘ ਜੀ (ਡੇਰਾ ਨੰਗਲੀ ਸਾਹਿਬ)




ਭਾਈ ਅਕਾਲੀ ਕੌਰ ਸਿੰਘ ਜੀ




ਜਥੇਦਾਰ ਕਪੂਰ ਸਿੰਘ ਜੀ



ਬਾਬਾ ਜਰਨੈਲ ਸਿੰਘ ਜੀ ਨਾਲ
ਜਸਪ੍ਰੀਤ ਸਿੰਘ ਜੰਮੂ



ਬਾਬਾ ਬੰਦਾ ਸਿੰਘ ਸ਼ਹੀਦੀ ਦਾ ਦ੍ਰਿਸ਼



ਸ਼ਹੀਦੀ ਦ੍ਰਿਸ਼ ਬਾਬਾ ਜੀ ਦੀ ਸਿੰਘਣੀ ਅਤੇ ਬੇਟਾ



ਰਣਜੀਤ ਸਿੰਘ ਬੱਬਲੀ



ਗੁਰਮੇਲ ਸਿੰਘ



ਅਵਤਾਰ ਸਿੰਘ ਖ਼ਾਲਸਾ




ਮਹਿੰਦਰ ਸਿੰਘ ਫੰਦੀ



ਭਾਈ ਅਵਤਾਰ ਸਿੰਘ ਖਾਲਸਾ



ਧਰਮਵੀਰ ਸਿੰਘ ਐਡਵੋਕੇਟ



ਭਾਈ ਗੁਰਦੀਪ ਸਿੰਘ ਨੇਪਾਲੀ




ਭਾਈ ਇੰਦਰਜੀਤ ਸਿੰਘ




ਭਾਈ ਅਮਰਪਾਲ ਸਿੰਘ (ਮਾਸਟਰ), ਭੁਪਿੰਦਰ ਸਿੰਘ ਘੁੱਗੀ


ਭਾਈ ਕਰਨ ਸਿੰਘ (ਮਾਸਟਰ)


ਭਾਈ ਦਲੀਪ ਸਿੰਘ


ਭਾਈ ਗੁਰਦੀਪ ਸਿੰਘ ਪਰਦੇਸੀ


ਭਾਈ ਹਰਵਿੰਦਰ ਸਿੰਘ ਖ਼ਾਲਸਾ


ਭਾਈ ਜਗਜੀਤ ਸਿੰਘ ਬੱਬਰ



ਭਾਈ ਨਿਰਮਲ ਸਿੰਘ, ਭਾਈ ਸੁਖਦੇਵ ਸਿੰਘ


ਮਹਿੰਦਰ ਸਿੰਘ ਪੱਪੀ



ਦਰਸ਼ਨ ਸਿੰਘ ਸਿਧੀ


ਅਵਿਨਾਸ਼ ਸਿੰਘ



ਸਤਨਾਮ ਸਿੰਘ ਐਡਵੋਕੇਟ


ਹਰਪਾਲ ਸਿੰਘ ਜੱਬਲਪੁਰੀਆ


ਮਨਜੀਤ ਸਿੰਘ



ਭਾਈ ਮਹਿੰਦਰ ਸਿੰਘ ਫੰਦੀ



ਭਾਈ ਗੁਰਮੇਜ ਸਿੰਘ ਗੇਜਾ



ਭਾਈ ਗੁਰਮੇਲ ਸਿੰਘ



ਭਾਈ ਹਰਭਜਨ ਸਿੰਘ ਫੱਤੋਵਾਲ



ਭਾਈ ਗੁਰਚਰਨ ਸਿੰਘ ਥਾਰੂ



ਪਰਵਿੰਦਰ ਸਿੰਘ ਹੈਪੀ



ਸ. ਹਰਦਿੱਤ ਸਿੰਘ



ਬੀਬੀ ਸਤਨਾਮ ਕੌਰ



ਸ. ਚਰਨਜੀਤ ਸਿੰਘ ਅਜ਼ਾਦ



ਪਿਤਾ ਜੀ ਦੀ ਦੇਹ ਨੇੜੇ ਖੜਾ ਸ. ਚਰਨਜੀਤ ਸਿੰਘ



ਸ. ਰਾਜਿੰਦਰ ਸਿੰਘ



ਮਨਮੋਹਨ ਸਿੰਘ ਜੰਮੂ ਦੀ ਰਿਹਾਈ ਲਈ
ਲੋਕਾਂ ਵੱਲੋਂ ਦਿੱਤੇ ਗਏ ਧਰਨੇ ਦਾ ਦ੍ਰਿਸ਼



ਸੰਘਰਸ਼ਸ਼ੀਲ ਨੌਜਵਾਨਾਂ 'ਚੋਂ ਇਕ

ਖ਼ਾਲਸਾ ਪੰਥ ਦੇ ਮੌਜੂਦਾ ਸੰਘਰਸ਼ ਦੌਰਾਨ ਸਰਕਾਰੀ ਅਤੇ ਬਿਕੀ ਹੋਈ ਕਲਮਾਂ ਨੇ ਸੰਘਰਸ਼ ਅਤੇ ਸਿੱਖ ਸ਼ਹੀਦਾਂ ਬਾਰੇ ਬਹੁਤ ਗਲਤ ਇਤਿਹਾਸ ਬਿਆਨ ਕੀਤਾ ਹੈ। ਜੰਮੂ-ਕਸ਼ਮੀਰ ਦੇ ਸਿੱਖ ਨੌਜਵਾਨਾਂ 'ਚੋਂ ਇਕ, ਸੰਘਰਸ਼ ਦਾ ਹਿੱਸਾ ਰਹੇ, ਮਨਮੋਹਨ ਸਿੰਘ ਜੰਮੂ (ਨਿਹੰਗ) ਵੱਲੋਂ ਲਿਖੀ ਗਈ ਸਫ਼ਰ-ਏ-ਸ਼ਹਾਦਤ ਕਿਤਾਬ ਜੰਮੂ-ਕਸ਼ਮੀਰ ਦੇ ਸਿੱਖਾਂ ਦਾ ਸਮੁੱਚਾ ਸ਼ਹੀਦੀ ਇਤਿਹਾਸ ਹੈ।

ਕੌਮ ਲਈ ਵਿਅਕਤੀਗਤ ਅਤੇ ਸੰਸਥਾਗਤ ਰੂਪ 'ਚ ਸੰਘਰਸ਼ਸ਼ੀਲ ਨੌਜਵਾਨਾਂ 'ਚੋਂ ਇਕ ਮਨਮੋਹਨ ਸਿੰਘ ਨੇ ਸੀਮਤ ਵਸੀਲਿਆਂ ਦੇ ਬਾਵਜੂਦ ਵੱਡੀ ਉਪਲਬੱਧੀ ਹਾਸਿਲ ਕੀਤੀ ਹੈ। ਰਿਆਸਤ-ਏ-ਜੰਮੂ ਕਸ਼ਮੀਰ ਵਿਚ ਮੈਨੂੰ ਮਨਮੋਹਨ ਸਿੰਘ ਹੀ ਐਸਾ ਨੌਜਵਾਨ ਵਿਖਾਈ ਦਿੱਤਾ ਹੈ ਜੋ ਜੇਲ੍ਹ 'ਚ ਕਾਫ਼ੀ ਸਮਾਂ ਬਿਤਾਉਣ ਅਤੇ ਪਰਿਵਾਰ ਉੱਤੇ ਝੁੱਲੇ ਜ਼ੁਲਮੀ ਝੱਖੜ ਤੋਂ ਬਾਅਦ ਵੀ ਕੌਮ ਲਈ ਵਿਚਾਰਧਾਰਕ ਅਤੇ ਉਸਾਰੂ ਸੋਚ ਨਾਲ ਸੰਘਰਸ਼ਮਈ ਜੀਵਨ ਜੀ ਰਿਹਾ ਹੈ। ਖ਼ਾਲਸਈ ਸਿਧਾਂਤਾਂ ਦਾ ਪਹਿਰੇਦਾਰ ਇਹ ਨੌਜਵਾਨ ਦਰਦ ਤੇ ਗਰਜ਼ ਭਰੀ ਅਵਾਜ਼ ਨਾਲ ਕੌਮੀ ਹੱਕ ਅਤੇ ਇਤਿਹਾਸਕ ਵਿਸ਼ਿਆਂ ਤੇ ਬੋਲਣ ਵਾਲਾ ਨਿਧੱੜਕ ਬੁਲਾਰਾ ਵੀ ਹੈ।

ਡਾ. ਸੁਖਪ੍ਰੀਤ ਸਿੰਘ ਉਦੋਕੇ
ਸੰਪਾਦਕ
'ਦਾ ਖ਼ਾਲਸਾ (ਕੈਨੇਡਾ)

ਜੀ ਆਇਆਂ ਨੂੰ

ਸ.ਫਰ-ਏ-ਸ਼ਹਾਦਤ

ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫ਼ਰਜ਼ ਬਣਦਾ ਹੈ,
ਲਹੂ ਡੁਲ੍ਹਿਆ ਸ਼ਹੀਦਾਂ ਦਾ ਕੌਮ ਤੇ ਕਰਜ਼ ਬਣਦਾ ਹੈ।
ਲਹੂ ਦੀ ਲਾਜ ਜੋ ਭੁੱਲੇ ਉਹਨੂੰ ਜ਼ਿੰਦਾ ਨਹੀਂ ਕਹਿੰਦੇ,
ਲਹੂ ਦੀ ਲਾਜ ਜੋ ਰੱਖੇ ਲੋਕੀ ਤਾਬ ਨਹੀਂ ਸਹਿੰਦੇ।
ਵਿਰਸਾ ਅਣਮੁੱਲ ਹੁੰਦਾ ਹੈ ਲਹੂ ਦੇ ਕੇ ਜੋ ਮਿਲਦਾ ਹੈ,
ਜ਼ਮਾਨਾ ਮੰਨ ਲੈਂਦਾ ਹੈ ਦੌਰ ਜਦ ਸੱਚ ਦਾ ਚਲਦਾ ਹੈ।
ਲਹੂ ਦੀ ਲਾਜ
ਵਿਰਸਾ ਪਿਆਰਦੇ ਨੇ ਜੋ ਅਣਖੀ ਅਖਵਾਉਂਦੇ ਨੇ,
ਵਿਰਸਾ ਸਾਂਭ ਜੋ ਰੱਖਦੇ ਹਰ ਜੁੱਗ ਵਿੱਚ ਉਹ ਜੀਉਂਦੇ ਨੇ।
ਹਨੇਰੇ ਮੁੱਕ ਜਾਂਦੇ ਨੇ ਸਵੇਰੇ ਜਨਮ ਲੈਂਦੇ ਨੇ
ਸੂਰਜ ਫ਼ੇਰ ਚੜ੍ਹਦੇ ਨੇ ਤੇ ਰਾਹਵਾਂ ਰੌਸ਼ਨ ਕਰਦੇ ਨੇ।
ਲਹੂ ਦੀ ਲਾਜ
ਲਹੂ ਜੋ ਡੁਲ੍ਹਦਾ ਹੱਕ ਖਾਤਰ ਕਦੇ ਜਾਂਦਾ ਅਜਾਈਂ ਨਹੀਂ,
ਲਹੂ ਜੋ ਡੁਲ੍ਹਦਾ ਸੱਚ ਖਾਤਰ ਫਿੱਕਾ ਪੈਂਦਾ ਕਦਾਈਂ ਨਹੀਂ।
ਲਹੂ ਦੀ ਲਾਜ ਜੋ ਰੱਖਦੇ ਜੀਣ ਦੀ ਲਾਜ ਰਖਦੇ ਨੇ,
ਪੁਰਖਿਆਂ ਦਾ ਲਹੂ ਡੁਲ੍ਹਿਆ ਕਰਜ਼ ਵੀ ਵਹੀ 'ਚ ਲਿਖਦੇ ਨੇ।
ਲਹੂ ਦੀ ਲਾਜ ਰੱਖਣੀ
ਲਹੂ ਨਿਸ਼ਕਾਮ ਜੋ ਡੁਲ੍ਹਦਾ ਲਹੂ ਦਾ ਮੁਲ ਪੈਂਦਾ ਹੈ,
ਲਹੂ ਦੀ ਪੈੜ ਬਣਦੀ ਹੈ ਰੰਗ ਲਾਲ ਰਹਿੰਦਾ ਹੈ॥
ਲਹੂ ਦੀ ਲਾਜ ਰੱਖਣੀ

ਸੁਖਵਿੰਦਰ ਕੌਰ
ਲੋਕ ਲਿਖਾਰੀ ਸਾਹਿਤ ਸਭਾ
ਉਤਰੀ (ਅਮਰੀਕਾ) ਅਤੇ
ਸੇਵਾਦਾਰ ਗੁਰੂ ਆਸਰਾ ਫਾਊਂਡੇਸ਼ਨ, ਕੈਨੇਡਾ

ਸਫ਼ਰ ਏ ਸ਼ਹਾਦਤ

ਪੰਥ ਵਿਰੋਧੀਆਂ ਦੇ ਮੂੰਹ 'ਤੇ ਚਪੇੜ

ਸਿੱਖ ਤਵਾਰੀਖ ਦਾ ਮਹਿਲ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਉਸਰਿਆ ਹੈ। ਪਿਛਲੇ 400 ਸਾਲਾਂ ਵਿਚ ਲੱਖਾਂ ਸਿੱਖ ਸ਼ਹੀਦ ਹੋਏ ਅਤੇ ਅੱਜ ਤੱਕ ਹੋ ਰਹੇ ਹਨ। ਮਨਮੋਹਨ ਸਿੰਘ ਵੱਲੋਂ ਲਿਖੀ ਕਿਤਾਬ ਵੀ ਏਹੀ ਗਵਾਹੀ ਭਰਦੀ ਹੈ। ਜੰਮੂ-ਕਸ਼ਮੀਰ ਦੇ ਸ਼ਹੀਦਾਂ 'ਚੋਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਵੇਲੇ ਦੇ ਭਾਈ ਰਾਮ ਸਿੰਘ ਕਸ਼ਮੀਰੀ ਤੇ ਕੁਝ ਹੋਰ ਸ਼ਹੀਦਾਂ ਬਾਰੇ ਤਾਂ ਸਾਨੂੰ ਜਾਣਕਾਰੀ ਸੀ ਅਤੇ ਅਜੋਕੇ ਸੰਘਰਸ਼ ਦੇ ਭਾਈ ਅਵਤਾਰ ਸਿੰਘ ਖ਼ਾਲਸਾ ਨਾਲ ਨੇੜਤਾ ਹੋਣ ਕਰਕੇ ਉਹਨਾਂ ਦੀ ਸ਼ਹੀਦੀ ਦਾ ਵੀ ਜਾਣਕਾਰੀ ਸੀ। ਪਰ ਜਦ ਮੈਂ ਮਨਮੋਹਨ ਸਿੰਘ ਦੀ ਕਿਤਾਬ ਦਾ ਖ਼ਰੜਾ ਪੜ੍ਹਿਆ ਤਾਂ ਅਖਾਂ ਖੁੱਲ੍ਹੀਆਂ ਹੀ ਰਹਿ ਗਈਆਂ ਕਿ ਜੰਮੂ-ਕਸ਼ਮੀਰ ਦੇ ਇੰਨੇ ਸਿੱਖ ਸ਼ਹੀਦ ਹੋਏ ਹਨ ਜਿਨ੍ਹਾਂ ਤੋਂ ਅਸੀਂ ਨਾਵਾਕਿਫ਼ ਹਾਂ ਅਤੇ ਸ਼ਾਇਦ ਨਾ ਵਾਕਿਫ਼ ਹੀ ਰਹਿੰਦੇ। ਜੇ ਸਫ਼ਰ-ਏ-ਸ਼ਹਾਦਤ ਹੋਂਦ ਵਿਚ ਨਾ ਆਉਂਦਾ। ਮਨਮੋਹਨ ਸਿੰਘ ਦੀ ਕਿਤਾਬ ਉਨ੍ਹਾਂ ਪੰਥ ਵਿਰੋਧੀ ਲੋਕਾਂ ਦੇ ਮੂੰਹ ਉਤੇ ਚਪੇੜ ਹੈ ਜੋ ਇਹ ਕੂੜ ਪ੍ਰਚਾਰ ਕਰਦੇ ਹਨ ਕਿ ਸਿੱਖ ਤਵਾਰੀਖ ਬਣਾਉਂਦੇ ਹਨ ਪਰ ਲਿਖਦੇ ਨਹੀਂ। ਮਨਮੋਹਨ ਬਣਾਉਣ ਅਤੇ ਲਿਖਣ ਦੋਹਾਂ ਵਿਚ ਸਫਲ ਹੋਇਆ ਹੈ।

ਸ: ਮਨਮੋਹਨ ਸਿੰਘ ਕੋਈ ਤਵਾਰੀਖਦਾਨ (ਹਿਸਟੋਰੀਅਨ) ਨਹੀਂ, ਉਹ ਤਾਂ ਗੁਰੂ ਦਾ ਪਿਆਰਾ ਇਕ ਸਿੱਖ ਹੈ ਜਿਸ ਦੇ ਮਨ ਦੀ ਤੜਪ ਨੇ ਜੰਮੂ-ਕਸ਼ਮੀਰ ਦੇ ਸਿੱਖ ਸ਼ਹੀਦਾਂ ਦੀ ਤਵਾਰੀਖ ਸੰਭਾਲਣ ਦਾ ਇਹ ਨਿੱਕੀ ਜਿਹੀ ਕੋਸ਼ਿਸ਼ ਕੀਤੀ ਹੈ। ਕਿਸੇ ਹੋਰ ਨੇ ਇਸ ਕੰਮ ਨੂੰ ਹੱਥ ਨਹੀਂ ਪਾਇਆ। ਕਈ ਲੋਕ ਸ਼ਹੀਦਾਂ ਦੇ ਨਾਂ 'ਤੇ ਕਰੋੜਾਂ ਰੁਪਏ ਇਕੱਠੇ ਕਰ ਕੇ ਡਕਾਰ ਗਏ, ਵਜ਼ੀਰੀਆਂ ਤੇ ਅਹੁਦੇ ਲੈ ਕੇ ਸਿੱਖੀ ਤੋਂ ਮੁਨਕਰ ਹੋ ਗਏ। ਪਰ, ਕਿਸੇ ਕੋਲੋਂ ਇਹ ਨਾ ਹੋ ਸਕਿਆ ਕਿ ਉਹ ਸ਼ਹੀਦਾਂ ਦੇ ਜੀਵਨ ਹੀ ਲਿਖਵਾ ਲੈਂਦਾ। ਅਖ਼ੀਰ ਗੁਰੂ ਨੇ ਮਨਮੋਹਨ ਸਿੰਘ ਦੀ ਪਿੱਠ 'ਤੇ ਮਿਹਰ ਭਰਿਆ ਹੱਥ ਰੱਖਿਆ ਤੇ ਉਸ ਤੋਂ ਇਹ ਸੇਵਾ ਲੈ ਲਈ। ਉਸ ਦੀ ਇਹ ਸੇਵਾ ਅਕਾਲ ਪੁਰਖ ਦੀ ਦਰਗਹ ਵਿਚ ਕਬੂਲ ਪਵੇਗੀ, ਇਹ ਮੇਰਾ ਯਕੀਨ ਹੈ। ਸ: ਮਨਮੋਹਨ ਸਿੰਘ ਨੇ ਤਾਂ ਆਪਣਾ ਫ਼ਰਜ਼ ਨਿਭਾ ਲਿਆ ਹੈ ਤੇ ਹੁਣ ਵਾਰੀ ਹੈ ਪਾਠਕਾਂ ਦੀ ਕਿ ਉਹ ਇਸ ਕਿਤਾਬ ਨੂੰ ਵਧ ਤੋਂ ਵਧ ਲੋਕਾਂ ਦੇ ਹੱਥਾਂ ਵਿਚ ਅਤੇ ਲਾਇਬ੍ਰੇਰੀਆਂ ਵਿਚ ਪਹੁੰਚਾਉਣ। ਵਾਹਿਗੁਰੂ ਇਸ ਨਿਮਾਣੇ ਸਿੱਖ ਨੂੰ ਹੋਰ ਵੀ ਸੇਵਾ ਬਖ਼ਸ਼ਣ ਤੇ ਆਪਣੀ ਮਿਹਰ ਨਾਲ ਭਰਪੂਰ ਕਰਨ।

ਡਾਕਟਰ ਹਰਜਿੰਦਰ ਸਿੰਘ ਦਿਲਗੀਰ

ਨੈਸ਼ਨਲ ਪਰੋਫ਼ੈਸਰ ਆਫ਼ ਸਿੱਖ ਹਿਸਟਰੀ

ਸਾਬਕਾ ਡਾਇਰੈਕਟਰ: ਸਿੱਖ ਇਤਿਹਾਸ

ਰੀਸਰਚ ਬੋਰਡ (ਸ਼੍ਰੋਮਣੀ ਕਮੇਟੀ)





* ਮਨਮੋਹਨ ਸਿੰਘ ਨੇ ਇਸ ਕਿਤਾਬ ਨਾਲ ਜੰਮੂ ਕਸ਼ਮੀਰ ਦੇ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਤਿਹਾਸ ਅੰਦਰ ਹਮੇਸ਼ਾ ਲਈ ਜਿਉਂਦਿਆਂ ਕਰ ਦਿੱਤਾ ਹੈ।

ਸੁਰਜੀਤ ਸਿੰਘ ਕੈਨੇਡਾ

* ਵਸੀਲਿਆਂ ਪੱਖੋਂ ਸੱਖਣੇ ਮਨਮੋਹਨ ਨੇ ਜ਼ੋਖਿਮ ਭਰੇ ਹੀਲਿਆਂ ਰਾਹੀਂ ਇਤਿਹਾਸ ਦਾ ਉਹ ਸਚ ਸਾਹਮਣੇ ਲਿਆਉਣ ਦਾ ਸਫ਼ਲ ਉਪਰਾਲਾ ਕੀਤਾ ਹੈ ਜੋ ਸ਼ਾਇਦ ਕੁਝ ਸਮਾਂ ਪਾ ਕੇ ਸਮੇਂ ਦੀ ਧੂੜ ਦੀਆਂ ਤੈਹਾਂ ਥੱਲੇ ਦੱਬ ਜਾਣਾ ਸੀ।

ਪ੍ਰਿ. ਨਰਿੰਦਰ ਸਿੰਘ

* ਮਨਮੋਹਨ ਸਿੰਘ ਉਹਨਾਂ 'ਨੌਜਵਾਨਾਂ' 'ਚੋਂ ਇਕ ਹੈ ਜਿਸ ਨੇ ਆਪਣੀ ਆਵਾਜ਼ ਨੂੰ ਜਮਹੂਰੀ ਅਤੇ ਕਲਮੀ ਢੰਗ ਰਾਹੀਂ ਕਹਿਣਾ ਜਾਰੀ ਰੱਖਿਆ ਹੋਇਆ ਹੈ। ਗਰਮੀ ਨਾਲ ਕਹਿਣ ਦੀ ਅਸਫ਼ਲ ਕੋਸ਼ਿਸ਼ ਤੋਂ ਬਾਅਦ ਆਪਣੇ ਮਕਸਦ ਸਰਬੱਤ ਦਾ ਭਲਾ ਵੱਲ ਵਧ ਰਹੇ ਇਸ ਸਮਝ ਤੇ ਚਿੰਤਨ ਭਰੇ ਪੱਤਰਕਾਰ ਅਤੇ ਸਮਾਜਕ ਕਾਰਜਕਰਤਾ ਨੂੰ ਜੇ ਅਸੀਂ ਸਹਿਯੋਗ ਦੇ ਸਕੀਏ ਤਾਂ ਇਸ ਤੋਂ ਕਿਤੇ ਵੱਧ ਦੀ ਉਮੀਦ ਕੀਤੀ ਜਾ ਸਕਦੀ ਹੈ।

ਸੁਆਮੀ ਅੰਤਰਨੀਰਵ
(ਪੱਤਰਕਾਰ)

* ਇਤਿਹਾਸ ਲਿਖਣ ਵੇਲੇ ਕਮੀਆਂ ਰਹਿ ਜਾਣੀਆਂ ਵੱਡੀ ਗੱਲ ਨਹੀਂ, ਪਰ ਤਵਾਰੀਖ ਨੂੰ ਕਲਮਬੰਦ ਕਰਨਾ ਅਤੇ ਨਿਰਪੱਖ ਤੇ ਨਿਧੜਕ ਲਿਖਣਾ ਬਹੁਤ ਵੱਡੀ ਗੱਲ ਹੈ।

ਨਿਰਮਲ ਸਿੰਘ, ਨਿੰਮਾਂ ਅੰਮ੍ਰਿਤਸਰ।

ਲਹੂ ਦੀ ਲਾਜ ਰੱਖਣੀ

ਜੀ ਆਇਆਂ ਨੂੰ

ਸ.ਫਰ-ਏ-ਸ਼ਹਾਦਤ

ਲਹੂ ਦੀ ਲਾਜ ਰੱਖਣੀ ਵਾਰਸਾਂ ਦਾ ਫ਼ਰਜ਼ ਬਣਦਾ ਹੈ,
ਲਹੂ ਡੁਲ੍ਹਿਆ ਸ਼ਹੀਦਾਂ ਦਾ ਕੌਮ ਤੇ ਕਰਜ਼ ਬਣਦਾ ਹੈ।
ਲਹੂ ਦੀ ਲਾਜ ਜੋ ਭੁੱਲੇ ਉਹਨੂੰ ਜ਼ਿੰਦਾ ਨਹੀਂ ਕਹਿੰਦੇ,
ਲਹੂ ਦੀ ਲਾਜ ਜੋ ਰੱਖੇ ਲੋਕੀ ਤਾਬ ਨਹੀਂ ਸਹਿੰਦੇ।
ਵਿਰਸਾ ਅਣਮੁੱਲ ਹੁੰਦਾ ਹੈ ਲਹੂ ਦੇ ਕੇ ਜੋ ਮਿਲਦਾ ਹੈ,
ਜ਼ਮਾਨਾ ਮੰਨ ਲੈਂਦਾ ਹੈ ਦੌਰ ਜਦ ਸੱਚ ਦਾ ਚਲਦਾ ਹੈ।
ਲਹੂ ਦੀ ਲਾਜ
ਵਿਰਸਾ ਪਿਆਰਦੇ ਨੇ ਜੋ ਅਣਖੀ ਅਖਵਾਉਂਦੇ ਨੇ,
ਵਿਰਸਾ ਸਾਂਭ ਜੋ ਰੱਖਦੇ ਹਰ ਜੁੱਗ ਵਿੱਚ ਉਹ ਜੀਉਂਦੇ ਨੇ।
ਹਨੇਰੇ ਮੁੱਕ ਜਾਂਦੇ ਨੇ ਸਵੇਰੇ ਜਨਮ ਲੈਂਦੇ ਨੇ
ਸੂਰਜ ਫ਼ੇਰ ਚੜ੍ਹਦੇ ਨੇ ਤੇ ਰਾਹਵਾਂ ਰੌਸ਼ਨ ਕਰਦੇ ਨੇ।
ਲਹੂ ਦੀ ਲਾਜ
ਲਹੂ ਜੋ ਡੁਲ੍ਹਦਾ ਹੱਕ ਖਾਤਰ ਕਦੇ ਜਾਂਦਾ ਅਜਾਈਂ ਨਹੀਂ,
ਲਹੂ ਜੋ ਡੁਲ੍ਹਦਾ ਸੱਚ ਖਾਤਰ ਫਿੱਕਾ ਪੈਂਦਾ ਕਦਾਈਂ ਨਹੀਂ।
ਲਹੂ ਦੀ ਲਾਜ ਜੋ ਰੱਖਦੇ ਜੀਣ ਦੀ ਲਾਜ ਰਖਦੇ ਨੇ,
ਪੁਰਖਿਆਂ ਦਾ ਲਹੂ ਡੁਲ੍ਹਿਆ ਕਰਜ਼ ਵੀ ਵਹੀ 'ਚ ਲਿਖਦੇ ਨੇ।
ਲਹੂ ਦੀ ਲਾਜ ਰੱਖਣੀ
ਲਹੂ ਨਿਸ਼ਕਾਮ ਜੋ ਡੁਲ੍ਹਦਾ ਲਹੂ ਦਾ ਮੁਲ ਪੈਂਦਾ ਹੈ,
ਲਹੂ ਦੀ ਪੈੜ ਬਣਦੀ ਹੈ ਰੰਗ ਲਾਲ ਰਹਿੰਦਾ ਹੈ॥
ਲਹੂ ਦੀ ਲਾਜ ਰੱਖਣੀ

ਸੁਖਵਿੰਦਰ ਕੌਰ
ਲੋਕ ਲਿਖਾਰੀ ਸਾਹਿਤ ਸਭਾ
ਉਤਰੀ (ਅਮਰੀਕਾ)